ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ

# ਦਸਮ ਗ੍ਰੰਥ ਸਾਹਿਬ ਬੋਧ

## (ਭਾਗ ਦੂਜਾ)


ਲੇਖਕ

ਸਿੰਘ ਸਾਹਿਬ ਗਿਆਨੀ ਮੱਲ ਸਿੰਘ

ਜਥੇਦਾਰ, ਤਖ਼ਤ ਸ੍ਰੀ ਕੇਸਗੜ ਸਾਹਿਬ, (ਸ੍ਰੀ ਅਨੰਦਪੁਰ ਸਾਹਿਬ)

ਸਾਬਕਾ ਹੈੱਡ ਗ੍ਰੰਥੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ।

ਸ੍ਰੀ ਅੰਮ੍ਰਿਤਸਰ ਸਾਹਿਬ।

WWW.Jathedargianimalsingh.com

ਸੰਪਾਦਕ

ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ, ਗ੍ਰੰਥੀ

(ਐਮ. ਏ. ਧਰਮ ਅਧਿਐਨ)

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ,

ਸ੍ਰੀ ਅੰਮ੍ਰਿਤਸਰ ਸਾਹਿਬ।

WWW.singhsahibgianiamarjitsingh.com



ਪ੍ਰਕਾਸ਼ਕ :-

An ISO 9001:2008 Certified Publishing House No. 101809-A01 Estd. 1880

ਭਾ. ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

© ਲੇਖਕ

ISBN : 978-93-82-989-73-9

**ਪਹਿਲੀ ਐਡੀਸ਼ਨ — ਦਸੰਬਰ 2012**

**ਭੇਟਾ : 250/-**

**ਪ੍ਰਕਾਸ਼ਕ:-**

**ਭਾ. ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। (ਇੰਡੀਆ)

**ਫੋਨ : 91–183–2542346, 2547974, 5011003**

**ਫੈਕਸ : 91–183–5017488**

E.Mail : csjssales@hotmail.com
csjspurchase@yahoo.com
csjsexports@vsnl.com

Web site : www.csjs.com

(Printed in India)

*ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ।*

# ਸਮਰਪਣ

ਅੰਮ੍ਰਿਤ ਦੇ ਦਾਤੇ, ਬੀਰ ਰਸ ਭਰਪੂਰ

ਬਾਣੀ ਦੇ ਰਚਣਹਾਰ

ਅਤੇ

ਖ਼ਾਲਸਾ ਪੰਥ ਦੇ ਸਿਰਜਣਹਾਰ

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ।

—ਲੇਖਕ

## ਇਸ ਕਲਮ ਤੋਂ :

1. ਗੁਰ ਸਾਗਰ ਰਤਨੀ ਭਰਪੂਰੇ
2. ਸਕਲ ਧਰਮ ਮੈ ਗ੍ਰਿਹਸਤ ਪ੍ਰਧਾਨ ਹੈ
3. ਗੁਰਵਾਕ ਵਿਸ਼ਾ ਪ੍ਰਬੋਧ (ਭਾਗ ਪਹਿਲਾ)
4. ਗੁਰਵਾਕ ਵਿਸ਼ਾ ਪ੍ਰਬੋਧ (ਭਾਗ ਦੂਜਾ)
5. ਸ੍ਰੀ ਗੁਰੂ ਨਾਨਕ ਪ੍ਰਕਾਸ਼ ਪ੍ਰਬੋਧ
6. ਦਸ ਗੁਰ ਜੋਤਿ—ਗੁਰ-ਇਤਿਹਾਸ ਦਸ ਪਾਤਿਸ਼ਾਹੀਆਂ
7. ਸਬਦ ਗੁਰੂ ਗੁਰ ਜਾਣੀਐ
8. ਮੁਖਵਾਕ ਪ੍ਰਕਾਸ਼ (ਭਾਗ ਪਹਿਲਾ)
9. ਮੁਖਵਾਕ ਪ੍ਰਕਾਸ਼ (ਭਾਗ ਦੂਜਾ)
10. ਮੁਖਵਾਕ ਪ੍ਰਕਾਸ਼ (ਭਾਗ ਤੀਜਾ)
11. ਕਥਾ ਪ੍ਰਮਾਣ ਸਾਗਰ
12. ਸ੍ਰੀ ਦਸਮ ਗ੍ਰੰਥ ਬੋਧ (ਭਾਗ ਪਹਿਲਾ)
13. ਸ੍ਰੀ ਦਸਮ ਗ੍ਰੰਥ ਬੋਧ (ਭਾਗ ਦੂਜਾ)
14. ਬਾਰਹ ਮਾਹਾ ਕਥਾ ਪ੍ਰਮਾਣ

# ਤਤਕਰਾ


| | |
|---|---|
| ਸ਼ੁਭ ਅਸੀਸਾਂ | 17 |
| ਸ਼ੁਭ ਅਸੀਸਾਂ | 19 |
| ਬਿਨੈ ਅਰੰਭਤਾ | 20 |
| ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਰਚਨਹਾਰ | 23 |
| ਅੰਮ੍ਰਿਤ ਤਿਆਰ ਕਰਨ ਤੇ ਨਿਤਨੇਮ ਦੀਆਂ ਬਾਣੀਆਂ | 25 |
| ਖ਼ਾਲਸਾ ਪੰਥ ਦੀ ਅਰਦਾਸ | 27 |
| ਦਸ ਗੁਰੂ ਸਾਹਿਬਾਨ ਦੀ ਇਕੋ ਜੋਤ ਦਾ ਸਿਧਾਂਤ | 28 |
| ਸ਼ਰਧਾ ਤੇ ਭਰੋਸਾ | 29 |
| ਗੁਰ ਮੰਤ੍ਰ ਵਾਹਿਗੁਰੂ ਜੀ ਅਤੇ ਗੁਰ ਫਤਹ | 30 |
| ਇਤਿਹਾਸਕ ਪੱਖ | 31 |
| ਪਰਉਪਕਾਰੀ ਗੁਰੂ | 33 |
| ਜ਼ੁਲਮ ਦਾ ਨਾਸ਼ ਕਰਨ ਵਾਸਤੇ | 34 |
| ਸਿੱਖ ਕੌਮ ਵਿਚ ਬੀਰ ਰਸ ਭਰਨ ਵਾਸਤੇ | 36 |
| ਚਰਿੱਤ੍ਰੋ ਪਖਯਾਨ ਨਿਰਨਯ | 41 |
| ਜਾਪੁ ਸਾਹਿਬ | 44 |
| ਨਿਰਗੁਣ ਸਰੂਪ ਦੇ ਦਰਸ਼ਨ | 51 |
| ਕਿਰਤਮ ਨਾਮ ਕਥੇ ਤੇਰੇ ਜਿਹਬਾ | 55 |
| ਅਮੀਕ ਹੈਂ॥ ਰਫੀਕ ਹੈਂ॥ | 58 |
| ਨਮੋ ਸ਼ਾਹ ਸ਼ਾਹੇ | 60 |
| ਅਕਾਲ ਉਸਤਤਿ | 65 |
| ਬਚਿੱਤ੍ਰ ਨਾਟਕ | 78 |
| ਅਥ ਚੰਡੀ ਚਰਿੱਤ੍ਰ ਉਕਤਿ ਬਿਲਾਸ॥ | 96 |
| ਅਥ ਚੰਡੀ ਚਰਿੱਤ੍ਰ ਲਿਖਯਤੇ | 103 |
| ਚੰਡੀ ਦੀ ਵਾਰ | 110 |
| ਗਿਆਨ ਪ੍ਰਬੋਧ | 120 |
| ਅਥ ਚਉਬੀਸ ਅਉਤਾਰ | 126 |
| 1. ਮੱਛ ਅਵਤਾਰ | 127 |
| 2. ਕੱਛ ਅਵਤਾਰ | 127 |
| 3. ਨਰ ਅਵਤਾਰ | 127 |
| 4.ਨਾਰਾਇਣ ਅਵਤਾਰ | 127 |
| 5. ਮੋਹਣੀ ਅਵਤਾਰ | 128 |
| 6. ਬਾਰਾਹ ਅਵਤਾਰ | 129 |
| 7. ਨਰਸਿੰਘ ਅਵਤਾਰ | 129 |
| 8. ਬਾਵਨ ਅਵਤਾਰ | 130 |
| 9. ਪਰਸ ਰਾਮ ਅਵਤਾਰ | 130 |

10. ਬ੍ਰਹਮਾ ਅਵਤਾਰ 131
11. ਰੁਦ੍ਰ ਅਵਤਾਰ 131
12. ਜਲੰਧਰ ਅਵਤਾਰ 132
13. ਬਿਸ਼ਨ ਅਵਤਾਰ 133
14. ਸੇਸਸਈ ਅਵਤਾਰ 133
15. ਅਰਹੰਤ ਅਵਤਾਰ 134
16. ਮਨੁ ਰਾਜਾ ਅਵਤਾਰ 134
17. ਧਨੰਤਰ ਬੈਦ ਅਵਤਾਰ 135
18. ਸੂਰਜ ਅਵਤਾਰ 135
19. ਚੰਦ੍ਰਮਾ ਅਵਤਾਰ 136
20. ਰਾਮ ਚੰਦ੍ਰ ਅਵਤਾਰ 136
21. ਅਥ ਕ੍ਰਿਸ਼ਨਾ ਅਵਤਾਰ 140
22. ਅਥ ਨਰ ਅਉਤਾਰ 145
23. ਅਥ ਬਉਧ ਅਵਤਾਰ 146
24. ਕਲਕੀ ਅਵਤਾਰ 146
ਮਹਿੰਦੀ ਮੀਰ 149
1. ਅਥ ਬ੍ਰਹਮਾ ਅਵਤਾਰ 151
2. ਦੁਤੀਯਾ ਅਵਤਾਰ 152
ਬ੍ਰਹਮਾ ਕੱਸਪ ਕਥਨੰ॥ 152
3. ਅਥ ਤ੍ਰਿਤੀਆ ਅਵਤਾਰ
ਸ਼ੁਕ੍ਰ ਕਥਨੰ॥ 152
4. ਅਥ ਚਤੁਰਥ ਅਵਤਾਰ
ਬ੍ਰਿਹਸਪਤਿ 152
5. ਅਥ ਪੰਚਮੋ ਅਵਤਾਰ
ਬ੍ਰਹਮਾ ਬਿਆਸ 153
6. ਬਿਆਸ ਤੋਂ ਅੱਗੇ ਛੇ ਰਿਖੀ ਬ੍ਰਹਮਾ
ਦਾ ਛੇਵਾਂ ਅਵਤਾਰ ਦੱਸੇ ਹਨ 155
7. ਬ੍ਰਹਮਾ ਦੇ ਸੱਤਵੇਂ ਅਵਤਾਰ
ਕਾਲੀ ਦਾਸ ਜੀ 155
ਅਥ ਰੁਦ੍ਰ ਅਵਤਾਰ ਕਥਨੰ॥ 156
ਅਥ ਪਾਰਸ ਨਾਥ ਰੁਦ੍ਰ
ਅਵਤਾਰ ਕਥਨੰ॥ 162
ਸ਼ਬਦ ਹਜ਼ਾਰੇ ਪਾਤਸ਼ਾਹੀ ੧੦॥ 167
ਅਥ ਸ੍ਰੀ ਸ਼ਸਤ੍ਰ ਨਾਮਾ
ਮਾਲਾ ਪੁਰਾਣ ਲਿਖਯਤੇ॥ 172
ਚਰਿਤ੍ਰੋ ਪਖਜਾਨ 179
ਚਰਿੱਤ੍ਰਾਂ ਦੀ ਆਰੰਭਤਾ 185
1. ਚੰਡੀ ਚਰਿੱਤ੍ਰ 185
2. ਰਾਜਾ ਚਿਤਰ ਸਿੰਘ ਤੇ
ਰਾਣੀ ਚਿਤਰ ਮਤੀ 186
3. ਮ੍ਰਿਗਚਛ ਮਤੀ 187
4. ਘੁਰਕੀ 187
5. ਸਹਿਜ ਕਲਾ 188
6. ਮਾਲ ਮਤੀ 188
7. ਜੈਨਾਬਾਦੀ 189
8. ਅਨੁਰਾਗ ਮਤੀ 190
9. ਜਗਜੋਤਮਤੀ 190
10. ਚਿਤਰਕਲਾ 191
11. ਬਾਣੀਏ ਦੀ ਇਸਤ੍ਰੀ 191
12. ਰਾਧਿਕਾ ਤੇ ਕ੍ਰਿਸ਼ਨ ਜੀ 192

13. ਗੈਨ ਨਾਮ ਦੀ ਇਸਤ੍ਰੀ 193
14. ਪੁਹਪ ਮਤੀ 193
15. ਭਾਨ ਮਤੀ 194
16. ਛਜੀਆ 194
17. ਬਿਤਨ ਮਤੀ 195
18. ਛਲਛਿਦ੍ਰ ਕੁਮਾਰੀ 195
19. ਨਾਦਰਾ ਬਾਨੋ 195
20. ਲਾਲ ਮਤੀ 195
21. 22. 23 196
ਕਿੱਸਾ ਰੂਪ ਕੌਰ ਦਾ 198
24. ਸੁਮੇਰ ਕੌਰ 215
25. ਪ੍ਰੇਮ ਕੁਮਾਰੀ 216
26. ਨਿਰਤ ਮਤੀ 216
27. ਬਿਓਮ ਕਲਾ 217
28. ਸੂਰਛਟਾ 217
29. ਮਦਨ ਮਤੀ 217
30. ਚਾਚਰ ਮਤੀ 218
31. ਮਾਨ ਮੰਜਰੀ 218
32. ਰਸ ਮੰਜਰੀ 218
33. ਛੱਤਰ ਮੰਜਰੀ 218
34. ਮਾਨਮਤੀ 219
35. ਅਸਮਾਨ ਕਲਾ 219
36. ਫਤਹਿ ਮਤੀ 219
37. ਗੈਂਡੇ ਖ਼ਾਂ 220
38. ਮਦਨ ਰਾਇ 220
39. ਏਦਲ ਸ਼ਾਹ 220
40. ਦਿਲਜਾਨ ਮਤੀ 220
41. ਪ੍ਰੀਤ ਮੰਜਰੀ 221
42. ਰੁਸਤਮ ਕਲਾ 221
43. ਗੁਲਾਮ (ਨੌਕਰ) 221
44. ਤਿਲਕ ਮੰਜਰੀ 222
45. ਰਾਜ ਮਤੀ 222
46. ਨੂਰ ਬੀਬੀ 222
47. ਬਾਦਲ ਕੁਮਾਰੀ 222
48. ਨੂਰਜਹਾਂ 222
49. ਨੰਦ ਮਤੀ 223
50. ਪੁਸ਼ਪ ਮੰਜਰੀ 223
51. ਸੀਲ ਮੰਜਰੀ 223
52. ਰਾਜਾ ਬਿਜੈ ਸਿੰਘ ਦੀ ਕੰਨਿਆ 223
53. ਵਿਜੈ ਕੌਰ 224
54. ਬਾਲਮਤੀ 224
55. ਰੂਪਮਤੀ 225
56. ਚੰਦਰ ਕਲਾ 225
57. ਇੰਦਰਮਤੀ 225
58. ਚਿਤਰ ਦੇਵੀ 226
59. ਲਾਡਮ ਕੌਰ ਤੇ ਸੁਹਾਗਮ ਦੇਵੀ 226
60. ਰੰਗਰਾਇ ਰਾਣੀ 226
61. ਸੇਠਾਣੀ (ਸ਼ਾਹੂਕਾਰਨੀ) 227
62. ਮਹਾਂ ਸਿੰਘ 227
63. ਪਰਬਲ ਸਿੰਘ ਦੀ ਰਾਣੀ 227

| | |
|---|---|
| 64. ਦੰਤ ਪ੍ਰਭਾ | 228 |
| 65. ਮਿਰਤ ਸਿੰਘ ਦੀ ਇਸਤ੍ਰੀ | 228 |
| 66. ਰੋਸ਼ਨ ਰਾਇ | 229 |
| 67. ਰੂਪ ਕਲਾ | 229 |
| 68. ਸ਼ਾਹੂਕਾਰ ਦਾ ਪੁੱਤਰ | 229 |
| 69. ਰਾਜ ਕਲਾ | 230 |
| 70. ਜੈਮਲ ਸੁਨਿਆਰਾ | 230 |
| 71. ਕਪਾਲ ਮੋਚਨ ਸਿਰੇਪਾਉ ਦੇਣੇ | 231 |
| 72. ਗੁਜਰਾਤ ਦਾ ਸ਼ਾਹੂਕਾਰ | 231 |
| 73. ਪ੍ਰਹਪ ਮਤੀ | 231 |
| 74. ਬੈਰਮ ਚੋਰ | 232 |
| 75. ਕਰਜ਼ਦਾਰ ਚੋਰ | 232 |
| 76. ਘਰ-ਜਵਾਈ ਚੋਰ | 232 |
| 77. ਭਾਗਵਤੀ | 233 |
| 78. ਗੀਗੋ | 233 |
| 79. ਬਿਸਵਮਤੀ | 233 |
| 80. ਰਾਧਾ ਗੋਪੀ | 233 |
| 81. ਦ੍ਰਿਗ ਧੰਨਿਆ | 234 |
| 82. ਸ਼ਾਹਜਹਾਨ ਦੀ ਬੇਗਮ | 234 |
| 83. ਰਾਜੋ | 235 |
| 84. ਇੰਦਰਮਤੀ | 235 |
| 85. ਰਾਜਾ ਉਚਿੱਸ੍ਰਵ | 236 |
| 86. ਇੰਦਰ ਸਿੰਘ | 236 |
| 87. ਚੰਦਰ ਪ੍ਰਭਾ | 237 |
| 88. ਕੰਜ ਪ੍ਰਭਾ | 237 |
| 89. ਰਾਮ ਸਿੰਘ ਜਾਟ | 237 |
| 90. ਦੀਪ ਕਲਾ | 238 |
| 91. ਕਾਮ ਕੰਦਲਾ | 238 |
| 92. ਸਰੂਪ ਕਲਾ | 238 |
| 93. ਜੁਲਾਹਾ | 239 |
| 94. ਦੀਨ ਦਿਆਲ ਬ੍ਰਾਹਮਣ | 240 |
| 95. ਬਿੰਦ੍ਰ | 240 |
| 96. ਗੌਹਰਾ | 240 |
| 97. ਰਾਜਾ ਰਸਾਲੂ ਤੇ ਰਾਣੀ ਕੋਕਲਾ | 241 |
| 98. ਹੀਰ ਰਾਂਝਾ | 241 |
| 99. ਰੁੱਦਰਕਲਾ | 242 |
| 100. ਚਲਾਕ ਇਸਤ੍ਰੀ | 242 |
| 101. ਸੋਹਣੀ ਤੇ ਮਹੀਂਵਾਲ | 243 |
| 102. ਦੇਵਤੇ ਤੇ ਦੈਂਤ | 243 |
| 103. 104. 105. 106. 107. | 244 |
| 108. ਪੁੰਨੂ ਦੀ ਵੱਡੀ ਰਾਣੀ | 245 |
| 109. ਉਰਬਸੀ | 245 |
| 110. ਰਾਜਾ ਰੁਪੇਸ਼ਵਰ | 245 |
| 111. ਰਾਜਪ੍ਰਭਾ | 246 |
| 112. ਸਮਰਕੰਦ ਤੇ ਪਰਾਈ ਔਰਤ | 246 |
| 133. ਕ੍ਰਿਸ਼ਨ ਕੌਰ | 246 |
| 114. ਸ੍ਰਿੰਗੀ ਰਿਖੀ | 246 |
| 115. ਰਿਖੀ ਗੌਤਮ ਤੇ ਅਹਿੱਲਿਆ | 247 |
| 116. ਸੁੰਦ ਅਤੇ ਅਪਸੁੰਦ | 248 |
| 117. ਸੱਚੀ | 249 |

118. ਰਾਣੀ ਮੰਤਰ ਕਲਾ 249
119. ਰਾਜਕੁਮਾਰੀ ਰੁਦਰ ਕਲਾ 250
120. ਵਿਸ਼ਨੂੰ ਤੇ ਬਰਿੰਦਾ 250
121. ਚੋਰ ਇਸਤ੍ਰੀ 251
122. ਰਾਣੀ ਕੁੰਕਮ ਦੇਵੀ
ਅਤੇ ਘਨਸਾਰ ਦੇਵੀ 251
123. ਭਗਵਾਨ ਵਿਸ਼ਨੂੰ 251
124. ਫੂਲਵਤੀ 252
125. ਵੇਸਵਾ ਇੰਦਰਮਤੀ 252
126. ਬਹਾਦਰ ਇਸਤ੍ਰੀ 253
127. ਰਤਨ ਸਿੰਘ 253
128. ਰਾਣੀ ਮਾਨਮਤੀ 254
129. ਮਿਰਜ਼ਾ ਸਾਹਿਬਾਂ 254
130. ਸੁਮਤ ਦੇਵੀ 254
131. ਭਾਗਮਤੀ 255
132. ਸੁਘਰ ਕੁਮਾਰੀ 255
133. ਸੱਜਨ ਕੁਮਾਰੀ 256
134. ਬਾਜਮਤੀ 256
135. ਕਲਾ ਕੌਰ 256
136. ਰਾਣੀ ਭਰਮਰ ਕਲਾ 257
137. ਦਰੋਪਤੀ 257
138. ਰਾਣੀ ਅਭਾਵਤੀ 258
139. 258
140. ਰਾਣੀ ਮੇਘਵਤੀ 258
141. ਪਾਰਬਤੀ 259
142. ਰਾਜਕੁਮਾਰੀ ਊਖਾ 259
143. ਰਾਣੀ ਰਾਜਮਤੀ 260
144. ਸਿੰਗਾਰਮਤੀ 261
145. ਭਾਗਮਤੀ 261
146. ਪ੍ਰਮੁਦ ਕੁਮਾਰੀ 261
147. ਖੈਰੀ ਅਤੇ ਸੰਮੀ 262
148. ਰਾਜਾ ਦੁਰਗਾ ਦੱਤ ਦੀ ਰਾਣੀ 262
149. ਪੋਸਤੀ ਦੀਆਂ ਪੰਜ ਇਸਤ੍ਰੀਆਂ 262
150. ਰਾਣੀ ਗਰਬਵਤੀ 263
151. ਰਾਣੀ ਗੁਮਾਨਮਤੀ 263
152. ਲੱਛਮੀ 264
153. ਨਾਜਮਤੀ 264
154. ਦਰਪ ਕਲਾ 264
155. ਪ੍ਰਾਨਮਤੀ 265
156. ਕੰਦ੍ਰਪ ਕਲਾ 265
157. ਨਲ ਤੇ ਦਮਯੰਤੀ 265
158. ਰਾਣੀ ਤਾਂਬਰ ਕਲਾ 266
159. ਰਾਣੀ ਬੀਰ ਕਲਾ 266
160. ਦਾਸੀ ਕ੍ਰਿਸ਼ਨ ਕਲਾ 266
161. ਸ਼ੰਮਸ਼ ਢੋਲਾ 267
162. ਤੁੰਦ ਕਲਾ 267
163. ਰਾਣੀ ਵਿਜੈ ਕੁਮਾਰੀ 268
164. ਉਦੈਪੁਰੀ ਬੇਗਮ 268
165. ਭਿਸਤ ਕਲਾ 269
166. ਰਾਣੀ ਜੋਬਨ ਕਲਾ 269

| | |
|---|---|
| 167. ਰਾਣੀ ਸ਼ਾਹ ਪਰੀ | 270 |
| 168. ਰਾਣੀ ਜੋਤ ਮਤੀ | 270 |
| 169. ਅਹੀਰਨ ਸ਼ਾਹ ਪਰੀ | 270 |
| 170. ਰਾਣੀ ਬੀਰ ਕਲਾ | 270 |
| 171. ਸਾਹਿਬ ਦੇਵੀ | 271 |
| 172. ਗੀਤ ਕਲਾ | 271 |
| 173. ਸੰਗੀਤ ਕਲਾ | 271 |
| 174. ਸੁਰਤਾ ਦੇਵੀ | 271 |
| 175. ਚਪਲ ਕਲਾ | 272 |
| 176. ਬੀਰਮਤੀ | 272 |
| 177. ਮੈਨ ਲਤਾ | 272 |
| 178. ਸੁਮੇਰ ਦੇਵੀ | 273 |
| 179. ਕਾਮਵਤੀ | 273 |
| 180. ਨੈਨੋਤਮਾ | 273 |
| 181. ਨਿਸ਼ੀ ਪ੍ਰਭਾ | 273 |
| 182. ਭਾਨ ਕਲਾ | 273 |
| 183. ਰਿਤਰਾਜ ਪ੍ਰਭਾ | 274 |
| 184. ਦਰੋਪਤੀ | 274 |
| 185. ਰਣਗੰਗ ਕੁਮਾਰੀ | 275 |
| 186. ਅਚਲ ਕਲਾ | 275 |
| 187. ਕਾਮਕਲਾ | 275 |
| 188. ਕੰਚਨ ਪ੍ਰਭਾ | 276 |
| 189. ਭੂਪ ਕਲਾ | 276 |
| 190. ਨਿਸਰਾਜ ਪ੍ਰਭਾ | 276 |
| 191. ਪ੍ਰਬੀਨ ਰਾਇ | 276 |
| 192. ਗਾਨ ਕਲਾ | 276 |
| 193. ਤਿਰਦਸ ਕਲਾ | 277 |
| 194. ਪ੍ਰਦੇਸਨ | 277 |
| 195. ਮਾਨਮਤੀ ਤੇ ਬਿਪਨ ਪ੍ਰਭਾ | 277 |
| 196. ਪ੍ਰੀਤਮ ਕਲਾ | 278 |
| 197. ਰਣਰੰਗ ਮਤੀ | 278 |
| 198. ਸੰਖ ਕੁਮਾਰੀ | 278 |
| 199. ਰਾਣੀ ਪਦਮਨੀ | 278 |
| 200. ਰਾਣੀ ਓਗਿੰਦਰ ਪ੍ਰਭਾ | 278 |
| 201. ਯੁਸਫ਼ ਜੁਲੀਖਾਂ | 279 |
| 202. ਚਪਲ ਕਲਾ | 279 |
| 203. ਨਰਕਾਸੁਰ | 280 |
| 204. ਰਾਣੀ ਕੈਲਾਸ਼ ਮਤੀ | 280 |
| 205. ਵਿਜੈ ਕੁਮਾਰੀ | 280 |
| 206. ਰਾਣੀ ਇਸ਼ਕ ਮਤੀ | 280 |
| 207. ਮੁਸ਼ਕ ਮਤੀ | 281 |
| 208. ਅਚਪਲ ਦੇਵੀ | 281 |
| 209. ਰਾਜਾ ਭਰਥਰੀ | 281 |
| 210. ਰਾਣੀ ਚੰਚਲ ਕੁਮਾਰੀ | 282 |
| 211. ਤੜਤਾਕ੍ਰਿਤ ਪ੍ਰਭਾ | 282 |
| 212. ਸੁਕਮਾਰ ਮਤੀ | 282 |
| 213. ਮ੍ਰਿਗ ਨੈਣੀ | 283 |
| 214. ਗੁਲਜ਼ਾਰ ਮਤੀ | 283 |
| 215. ਤਰੁਣ ਕੁਮਾਰੀ | 283 |
| 216. ਰਾਣੀ ਕਟਾਛ ਕੁਮਾਰੀ | 284 |

| | |
|---|---|
| 217. ਸ਼ਾਹ ਸਿਕੰਦਰ | 284 |
| 218. ਰਾਣੀ ਦਿਨਕੇਤ ਮਤੀ | 285 |
| 219. ਚਪਲਾਂ ਮਤੀ | 285 |
| 220. ਮਲਕਾ ਰੋਸ਼ਨਜਹਾਂ | 286 |
| 221. ਮ੍ਰਿਗਰਾਜ ਮਤੀ | 286 |
| 222. ਰਾਣੀ ਭੋਗ ਮਤੀ | 286 |
| 223. ਰਾਣੀ ਛੱਤਰ ਮਤੀ | 287 |
| 224. ਰਾਣੀ ਤ੍ਰਿਪਰਾਰ ਕਲਾ | 287 |
| 225. ਰਾਜਕੁਮਾਰੀ ਚਖਚਾਰ ਮਤੀ | 287 |
| 226. ਰੁਸਤਮ ਦੇਵੀ | 287 |
| 227. ਰਾਣੀ ਮਨਮਾਲ ਮਤੀ | 287 |
| 228. ਰਾਣੀ ਬੀਰਜ ਮਤੀ | 288 |
| 229. ਬੁੱਧ ਮਤੀ | 288 |
| 230. ਮਦਨ ਮਤੀ | 288 |
| 231. ਮੈਨ ਕਲਾ | 289 |
| 232. ਬਡਿਆਛ ਮਤੀ | 289 |
| 233. ਵਲਿੱਖਣ ਮਤੀ | 289 |
| 234. ਨਿਰਪਤ ਕਲਾ | 289 |
| 235. ਰਾਣੀ ਅਛਲ ਮਤੀ | 289 |
| 236. ਵਲਿੱਖਣ ਮਤੀ | 290 |
| 237. ਭੋਗ ਮਤੀ | 290 |
| 238. ਛਟਛੈਲ ਕੁਮਾਰੀ | 290 |
| 239. ਬੀਰ ਮਤੀ | 291 |
| 240. ਰੁਚੀਰਾਜ ਕੁਮਾਰੀ | 291 |
| 241. ਰਾਣੀ ਬਿਰਹਾ ਮੰਜਰੀ | 291 |
| 242. ਛਬਿਮਾਨ ਮੰਜਰੀ | 291 |
| 243. ਚਿਤਰ ਮੰਜਰੀ | 292 |
| 244. ਨਾਗਰ ਮਤੀ | 292 |
| 245. ਰਸ ਤਿਲਕ ਮੰਜਰੀ | 292 |
| 246. ਸਵਰਨ ਮੰਜਰੀ | 293 |
| 247. ਜਸਤਿਲਕ ਮੰਜਰੀ | 293 |
| 248. ਸ਼ਾਹ ਦੀ ਪੁੱਤਰੀ | 294 |
| 249. ਵਲਿੱਖਣ ਮੰਜਰੀ | 294 |
| 250. ਭੁਜੰਗ ਮਤੀ | 294 |
| 251. ਜਲਜਾਛ | 294 |
| 252. ਸੁਖਮਤੀ | 295 |
| 253. ਜੀਓਮਤੀ | 295 |
| 254. ਬਿਸ਼ਨ ਮਤੀ | 295 |
| 255. ਲਾਹੌਰ ਮਤੀ | 295 |
| 256. ਸੱਤ ਕੁਮਾਰੀਆਂ | 295 |
| 257. ਅਲਿਗੁੰਜ ਮਤੀ | 296 |
| 258. ਹੰਸ ਮਤੀ | 296 |
| 259. ਮ੍ਰਿਗਰਾਜ ਕਲਾ | 296 |
| 260. ਕਛਰਾਜ ਮਤੀ | 297 |
| 261. ਮਾਸ਼ੂਕ ਮਤੀ | 297 |
| 262. ਮਾਸ਼ੂਕ ਮਤੀ | 297 |
| 263. ਨਾਗਰ ਮਤੀ | 297 |
| 264. ਬਿਰਹਾ ਕੁਮਾਰੀ | 297 |
| 265. ਪ੍ਰਕਿਤ ਮਤੀ | 298 |
| 266. ਰਣਖੰਭ ਕਲਾ | 298 |

| | | | |
|---|---|---|---|
| 267. ਤੁਰਕ ਇਸਤ੍ਰੀ | 299 | 292. ਉੱਤਰ ਮਤੀ | 305 |
| 268. ਚੰਪਕਲਾ | 300 | 293. ਰਾਜ ਦੇਵੀ | 305 |
| 269. ਝਖਕੇਤ ਮਤੀ | 300 | 294. ਅਨਦਾ ਵਤੀ | 305 |
| 270. ਪੂਰਬ ਦੇਵੀ | 300 | 295. ਚੰਚਲ ਦੇਵੀ | 306 |
| 271. ਬਿਲਾਸ ਮਤੀ | 300 | 296. ਮੰਗਲਾ ਦੇਵੀ | 306 |
| 272. ਸੁਗੰਧ ਮਤੀ | 301 | 297. ਸਕੁਚ ਮਤੀ | 306 |
| 273. ਸੁਕ੍ਰਿਤ ਮੰਜਰੀ | 301 | 298. ਝਿਲਮਿਲ ਦੇਵੀ | 307 |
| 274. ਦਾਸੀ | 301 | 299. ਅਛਲ ਦੇਵੀ | 307 |
| 275. ਹਬਸ਼ ਮਤੀ | 301 | 300. ਸਿਆਣੀ ਸਖੀ | 307 |
| 276. ਰੁਦਰ ਮਤੀ | 301 | 301. ਇਸ਼ਟ ਮਤੀ | 308 |
| 277. ਸੌਂਕਣ | 301 | 302. ਛੱਤਰ ਦੇਵੀ | 308 |
| 278. ਰੋਸ਼ਨ ਆਰਾ | 302 | 303. ਅਭਰਨ ਦੇਵੀ | 308 |
| 279. ਪ੍ਰੇਮ ਮੰਜਰੀ | 302 | 304. ਵਿਦਿਆ ਮਤੀ | 308 |
| 280. ਜੁਗਰਾਜ ਮੰਜਰੀ | 302 | 305. ਤ੍ਰਿਪੁਰ ਮਤੀ | 308 |
| 281. ਰਾਣੀ ਬਿਜੈ ਮਤੀ | 303 | 306. ਦੁਦੰਬ ਦੇਵੀ | 309 |
| 282. ਅਮਰ ਕਲਾ | 303 | 307. ਸੁਘਨਾ ਮਤੀ | 309 |
| 283. ਕਿੰਨਰ ਮਤੀ | 303 | 308. ਫੁੱਟ ਬੇਸਰੀ ਦੇਵੀ | 309 |
| 284. ਦੱਖਣ ਦੇਵੀ | 303 | 309. ਅਪੂਰਬ ਦੇਵੀ | 309 |
| 285. ਸਮਤ ਮਤੀ | 303 | 310. ਰਸਤਿਲਕ ਦੇਵੀ | 309 |
| 286. ਬਿਖਿਆ | 304 | 311. ਕੁਅਰਿ ਸ਼ਾਹ ਦੀ ਪੁੱਤਰੀ | 309 |
| 287. ਮਰੀਅਮ | 304 | 312. ਜੱਟ ਦੀ ਇਸਤ੍ਰੀ | 310 |
| 288. ਛੈਲ ਦੇਵੀ | 304 | 313. ਨੈਣ | 310 |
| 289. ਦੱਖਣ ਦੇਵੀ | 305 | 314. ਸੁਕਮਾਰ ਦੇਵੀ | 310 |
| 290. ਪੂਰਬ ਦੇਵੀ | 305 | 315. ਪੱਛਮ ਦੇਵੀ | 310 |
| 291. ਪੱਛਮ ਦੇਵੀ | 305 | 316. ਬੰਗ ਦੇਵੀ | 310 |

| | | | |
|---|---|---|---|
| 317. ਪੁਸ਼ਪ ਪ੍ਰਭਾ | 311 | 343. ਬਰੰਗਨਾ ਦੇਵੀ | 318 |
| 318. ਮਰਗਜ ਦੇਵੀ | 311 | 344. ਸੋਰਠ ਦੇਵੀ ਤੇ ਪਰਜ ਦੇਵੀ | 318 |
| 319. ਮੁਨੀਰਾਜ ਮਤੀ | 311 | 345. ਰਸਰੰਗ ਮਤੀ | 318 |
| 320. ਰੁਕਮਣੀ | 311 | 346. ਅੰਗਨਾ ਦੇਵੀ | 319 |
| 321. ਦੇਵਜਾਨੀ | 312 | 347. ਗਜਗਾਹ ਮਤੀ | 319 |
| 322. ਮਕਰਾਛ ਮਤੀ | 312 | 348. ਲਛਮਣੀ | 319 |
| 323. ਭੱਦਰ ਸੈਨ | 312 | 349. ਗੋਰਾ ਦੇਵੀ | 320 |
| 324. ਅਪਰਸ ਮਤੀ | 313 | 350. ਉਗਰ ਦੇਵੀ | 320 |
| 326. ਸੁਲਤਾਨ ਕੁਮਾਰੀ | 313 | 351. ਨਵਜੋਬਨ ਦੇਵੀ | 320 |
| 327. ਸੁਕਚ ਮਤੀ | 313 | 352. ਬਸਤਰ ਮਤੀ | 320 |
| 328. ਅਚਲ ਮਤੀ | 313 | 353. ਜੇਬਤੁਲ ਨਿਸਾ | 320 |
| 329. ਪੀਰ ਕੁਤਬ ਸ਼ਾਹ | 313 | 354. ਰਣਝੁਮਕ ਦੇਵੀ | 321 |
| 330. ਝੀਊਰੀ | 314 | 355. ਸਿੰਧਲਾ ਦੇਵੀ | 321 |
| 331. ਬਿਰਹਾ ਮਤੀ | 314 | 356. ਬਿਲਾਸ ਦੇਵੀ | 321 |
| 332. ਵਲੰਦੇਜ ਦੇਵੀ | 314 | 357. ਦਲਥੰਭਨ ਦੇਵੀ | 322 |
| 333. ਪ੍ਰੀਤ ਕਲਾ | 315 | 358. ਖੰਜਣ ਦੇਵੀ | 322 |
| 334. ਸ਼ਾਹ ਦੀ ਪੁੱਤਰੀ | 315 | 359. ਸੁੰਦਰ ਦੇਵੀ | 322 |
| 335. ਪਿੰਗਲ ਦੇਵੀ | 315 | 360. ਮਨਮੋਹਨ ਦੇਵੀ | 322 |
| 336. ਦਿਮਾਗ਼ ਰੋਸ਼ਨ | 316 | 361. ਝਮਝੁਮਕ ਦੇਵੀ | 322 |
| 337. ਰੰਗਝੜ ਦੇਵੀ | 316 | 362. ਗਜ ਗਾਮਨੀ ਦੇਵੀ | 323 |
| 338. ਪਰਜ ਮਤੀ | 316 | 363. ਗੁੱਲੋ | 323 |
| 339. ਬਿਭਾਸ ਵਤੀ | 317 | 364. ਪੰਜਾਬ ਦੇਵੀ | 323 |
| 340. ਰਤਨ ਮਤੀ | 317 | 365. ਮਹਿਤਾਬ ਪ੍ਰਭਾ | 324 |
| 341. ਮਥਰਾ | 317 | 366. ਚਿਤ ਚੋਪਮਤੀ | 324 |
| 342. ਅਪੱਛਰਾ ਦੇਵੀ | 317 | 367. ਨਾਭ ਮਤੀ | 324 |

| | | | |
|---|---|---|---|
| 368. ਮੂਰਖ ਮਤੀ | 324 | 387. ਦਿਨ ਦੀਪਕ ਦੇਵੀ | 329 |
| 369. ਚਖਚਾਰ ਮਤੀ | 324 | 388. ਜਗਮੋਹਨ ਦੇਵੀ | 329 |
| 370. ਚੰਚਲ ਦੇਵੀ | 324 | 389. ਮਦ ਮੋਕਲ ਦੇਵੀ | 329 |
| 371. ਅਬਦਾਲ ਮਤੀ | 325 | 390. ਮਕਰਧੁਜ ਦੇਵੀ | 330 |
| 372. ਕੰਚਨ ਦੇਵੀ | 325 | 391. ਗੌਹਰਾ ਰਾਇ | 330 |
| 373. ਛਬਮਤੀ | 325 | 392. ਖਾਤਿਮਾ ਬਾਨੋ | 330 |
| 374. ਹਿੰਗਲ ਦੇਵੀ | 325 | 393. ਸੰਦਲ ਦੇਵੀ | 330 |
| 375. ਮਹਿਤਾਬ ਮਤੀ | 326 | 394. ਚੰਪ ਦੇਵੀ | 331 |
| 376. ਜਗਜੋਬਨ ਦੇਵੀ | 327 | 395. ਅਲਕੇਸ ਮਤੀ | 331 |
| 377. ਪ੍ਰਬੀਨ ਦੇਵੀ | 327 | 396. ਜੁਲਫ਼ ਦੇਵੀ | 331 |
| 378. ਸੁਹਾਗ ਦੇਵੀ | 327 | 397. ਚਪਲਾ ਦੇਵੀ | 331 |
| 379. ਮ੍ਰਿਦਹਾਸ ਮਤੀ | 327 | 398. ਸਾਗਰ ਦੇਵੀ | 331 |
| 380. ਸੁਪ੍ਰਭਾ ਦੇਵੀ | 328 | 399. ਅਲਕ੍ਰਿਤ ਦੇਵੀ | 332 |
| 381. ਚਰਿਤਰ ਮਤੀ | 328 | 400. ਭੂਖਨ ਦੇਵੀ | 332 |
| 382. ਖਾਦਮਾ ਬਾਨੋ | 328 | 401. ਮਹਾਂ ਕੁਮਾਰੀ | 332 |
| 383. ਮਨਨੀਲ ਮਤੀ | 328 | 402. ਬਸੰਤ ਕੁਮਾਰੀ | 332 |
| 384. ਕੋਕਿਲਾ ਮਤੀ | 328 | 403. ਸਦਾ ਕੁਮਾਰੀ | 333 |
| 385. ਸ਼ਾਹ ਦੀ ਇਸਤ੍ਰੀ | 329 | 404. ਸ਼ਿਵ ਦੇਵੀ | 333 |
| 386. ਰਾਜਕੁਮਾਰੀ | 329 | 405. ਸ੍ਰੀ ਅਸੁਧਜ | 333 |

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ॥

# ਸ਼ੁਭ ਅਸੀਸਾਂ

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਸ੍ਰੀ ਦਸਮ ਗ੍ਰੰਥ ਬੋਧ ਦਾ ਦੂਸਰਾ ਭਾਗ ਸਨਮਾਨ ਯੋਗ ਸਿੱਖ ਪੰਥ ਦੇ ਮਹਾਨ ਵਿਦਵਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਹੈੱਡ ਗ੍ਰੰਥੀ ਸਾਹਿਬ ਗਿਆਨੀ ਮੱਲ ਸਿੰਘ ਜੀ ਵਲੋਂ ਲਿਖਿਆ ਗਿਆ ਹੈ। ਇਸ ਗ੍ਰੰਥ ਦੇ ਅੰਦਰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੁਆਰਾ ਉਚਾਰਨ ਕੀਤੀ ਦਸਮ ਗ੍ਰੰਥ ਦੀ ਬਾਣੀ ਜੋ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਅੰਦਰ ਸੁਭਾਵਿਮਾਨ ਹੈ, ਉਸ ਬਾਣੀ ਦੇ ਰਚਨਾ ਕਰਨ ਦਾ ਮਨੋਰਥ, ਉਸ ਦੇ ਸਿਧਾਂਤ, ਉਸ ਦਾ ਫਲ, ਉਸ ਬਾਣੀ ਦੀ ਸੰਖੇਪ ਵਿਆਖਿਆ ਅਤੇ ਸਾਰੰਸ਼, ਬਹੁਤ ਹੀ ਵਿਦਵਤਾ ਭਰਪੂਰ ਲਿਖਿਆ ਗਿਆ ਹੈ। ਸ੍ਰੀ ਜਾਪੁ ਸਾਹਿਬ ਤੋਂ ਲੈ ਕੇ ਵੱਖ ਵੱਖ ਬਾਣੀਆਂ ਅਤੇ ਅਵਤਾਰਾਂ ਦਾ ਵਰਣਨ, ਸ਼ਸਤਰ ਨਾਮ ਮਾਲਾ ਤੱਕ ਲਿਖਣ ਤੋਂ ਉਪਰੰਤ ਚਰਿੱਤ੍ਰੋ ਪਖਿਯਾਨ ਦਾ ਸਿਧਾਂਤ ਤੇ ਵਿਆਖਿਆ ਨੂੰ ਬਹੁਤ ਹੀ ਸੂਖਮ ਵਿਦਵਤਾ ਦੁਆਰਾ ਲਿਖਿਆ ਗਿਆ ਹੈ। ਅੱਜ ਕੱਲ ਦੇ ਕੁਝ ਨਾਸਤਿਕ ਸੋਚ ਦੇ ਧਾਰਨੀ ਲੋਕ, ਜਿਨ੍ਹਾਂ ਨੇ ਚਰਿੱਤ੍ਰੋ ਪਖਿਯਾਨ ਦੀ ਰਚਨਾ ਬਾਬਤ ਭੁਲੇਖੇ ਪਾਊ ਗੁੰਮਰਾਹ-ਕੁੰਨ ਪ੍ਰਚਾਰ ਕਰਨ ਦਾ ਯਤਨ ਕੀਤਾ ਹੈ, ਜਿਨ੍ਹਾਂ ਨੇ ਕਦੇ ਏਸ ਰਚਨਾ ਕਰਨ ਦੇ ਮਨੋਰਥ ਤੋਂ ਉਲਟ ਜਾ ਕਰਕੇ ਆਪਣੀ ਨੀਵੀਂ ਸੋਚ ਅਨੁਸਾਰ ਹੀ ਵਿਰੋਧ ਕੀਤਾ ਹੈ। ਸਤਿਗੁਰਾਂ ਦਾ ਏਸ ਰਚਨਾ ਦਾ ਮਨੋਰਥ ਆਪਣੇ ਖ਼ਾਲਸੇ ਨੂੰ ਇਖ਼ਲਾਕ ਪੱਖ ਤੋਂ ਉੱਚਾ ਸੁੱਚਾ ਆਚਰਨ ਰੱਖਣ ਲਈ ਤਿਆਰ ਕਰਨਾ ਅਤੇ ਸੰਸਾਰ ’ਤੇ ਨੀਵੀਂ ਸੋਚ ਦੇ ਛਲ ਕਪਟ ਅਤੇ ਉੱਚੇ ਆਚਰਨ ਤੋਂ ਡੇਗਣ ਵਾਲੀ ਸੋਚ ਤੋਂ ਹਮੇਸ਼ਾ ਸੁਚੇਤ ਰੱਖਣ ਲਈ ਸਾਵਧਾਨ ਰੱਖਣਾ, ਸ੍ਰੀ ਦਸਮ ਗ੍ਰੰਥ ਸਾਹਿਬ ਦੀ ਰਚਨਾ ਖ਼ਾਲਸਾ ਪੰਥ ਦੇ ਅੰਦਰ ਬਾਣੀ ਦਾ ਪ੍ਰੇਮ, ਸ੍ਰੀ ਅਕਾਲ ਪੁਰਖ ਵਾਹਿਗੁਰੂ ਜੀ ਦਾ ਸਿਮਰਨ ਅਤੇ ਸੰਸਾਰ ਅੰਦਰ ਜਿੰਨੇ ਵੀ ਅਵਤਾਰ ਜਾਂ ਪੈਗੰਬਰ ਹੋਏ, ਕਿਸੇ ਨੇ ਵੀ ਆਪਣੀ ਜੀਵਨ ਗਾਥਾ ਆਪ ਨਹੀਂ ਲਿਖੀ। ਸ੍ਰੀ ਦਸਮੇਸ਼ ਜੀ ਨੇ ਪਹਿਲੀ ਵਾਰ ਆਪਣੇ ਆਉਣ ਦਾ ਮਨੋਰਥ, ਕਾਰਨ ਅਤੇ ਮਕਸਦ, ਆਪਣੇ ਹਸਤ ਕਵਲਾਂ ਦੁਆਰਾ ਲਿਖਿਆ ਅਤੇ ਇਕ ਵਿਲੱਖਣ ਪੂਰਨਾ ਪਾਇਆ।

ਜਿੰਨੇ ਅਵਤਾਰ ਹੋਏ, ਉਹਨਾਂ ਦਾ ਗਿਆਨ ਕਰਾਉਣ ਲਈ ਬੌਧਿਕ ਪੱਖ ਤੋਂ ਬਹੁਤ ਵੱਡਾ ਖ਼ਜ਼ਾਨਾ, ਭਾਵ ਸਾਹਿਤਿਕ ਖੋਜ, ਜਿਸ ਵਿਚ ਪਿਛਲੇ ਅਵਤਾਰਾਂ ਦਾ ਅਤੇ ਨਿਹਕਲੰਕ ਸਮੇਤ ਭਵਿੱਖ ਦੇ ਹਾਲਾਤ ਨੂੰ ਅਗੰਮ ਵਾਚ ਕੇ ਸਾਕਾਰ ਕੀਤਾ ਹੈ।

ਜ਼ੁਲਮ ਦੇ ਨਾਸ਼ ਹਿਤ ਸ਼ਸਤ੍ਰਾਂ ਦੇ ਧਾਰਨੀ ਬਣਨਾ, ਸ਼ਸਤ੍ਰਾਂ ਨਾਲ ਪਰੇਮ ਕਰਨਾ, ਸ਼ਸਤ੍ਰਾਂ ਦਾ ਵਿਸ਼ਾਲ ਗਿਆਨ ਕਰਾਉਣਾ, ਇਸ ਲਈ ਸ਼ਸਤਰ ਨਾਮ ਮਾਲਾ ਉਚਾਰੀ ਹੈ। ਚਰਿੱਤ੍ਰਾਂ ਦੀ ਰਚਨਾ ਤੋਂ ਉਪਰੰਤ ਜ਼ਫ਼ਰਨਾਮੇ ਦੁਆਰਾ ਉਤਸ਼ਾਹ, ਸਿਦਕ, ਉੱਚਤਾ ਦਰਸਾ ਕੇ ਕੇਵਲ ਅਕਾਲ ਪੁਰਖ ਵਾਹਿਗੁਰੂ ਜੀ 'ਤੇ ਭਰੋਸਾ ਰੱਖਣਾ, ਇਹ ਬਖ਼ਸ਼ਿਸ਼ਾਂ ਹਜ਼ੂਰ ਨੇ ਆਪਣੇ ਖ਼ਾਲਸਾ ਪੰਥ 'ਤੇ ਕੀਤੀਆਂ।

ਸਨਮਾਨ ਯੋਗ ਸਿੰਘ ਸਾਹਿਬ ਗਿਆਨੀ ਮੱਲ ਸਿੰਘ ਜੀ, ਹੈੱਡ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਨੇ ਦਮਦਮੀ ਟਕਸਾਲ ਵਿਚੋਂ ਵਿਦਿਆ ਪ੍ਰਾਪਤ ਕੀਤੀ ਅਤੇ ਸਿੱਖ ਜਗਤ ਦੀ ਗੁਰਬਾਣੀ ਕਥਾ ਪ੍ਰਚਾਰ ਰਾਹੀਂ ਜਿੱਥੇ ਵਡਮੁੱਲੀ ਸੇਵਾ ਨਿਭਾਅ ਰਹੇ ਹਨ, ਉਥੇ ਆਪ ਜੀ ਨੇ ਦਰਜਨ ਤੋਂ ਉੱਪਰ ਲਿਖਤੀ ਗ੍ਰੰਥਾਂ ਤੇ ਪੁਸਤਕਾਂ ਰਾਹੀਂ ਵਡਮੁੱਲਾ ਯੋਗਦਾਨ ਪਾਇਆ ਹੈ। ਸ੍ਰੀ ਦਸਮ ਗ੍ਰੰਥ ਬੋਧ ਦੇ ਦੂਸਰੇ ਭਾਗ ਵਿਚ ਆਪ ਜੀ ਨੇ ਬਹੁਤ ਲੰਮਾ ਸਮਾਂ ਖੋਜ ਅਤੇ ਮਿਹਨਤ ਭਰੀ ਘਾਲਣਾ ਦੁਆਰਾ ਸ੍ਰੀ ਦਸਮ ਗ੍ਰੰਥ ਸਾਹਿਬ ਉੱਤੇ ਹੁਣ ਤੱਕ ਦੀ ਵਿਦਵਾਨਾਂ ਦੀ ਖੋਜ ਵਿਚੋਂ ਪਹਿਲੀ ਵਾਰ ਕਠਨ ਪੱਖਾਂ ਨੂੰ, ਜਿਨ੍ਹਾਂ ਦੀ ਵਿਚਾਰ ਕਰਨ ਤੋਂ ਸਾਡੇ ਵਿਦਵਾਨ ਕੰਨੀ ਕਤਰਾਉਂਦੇ ਸਨ ਜਾਂ ਨਾਸਤਿਕ ਸੋਚ ਦੇ ਧਾਰਨੀ ਲੋਕਾਂ ਤੋਂ ਭੈਅਭੀਤ ਸਨ, ਉਹ ਆਪ ਜੀ ਨੇ ਦ੍ਰਿੜ੍ਹਤਾ ਅਤੇ ਵਿਦਵਤਾ ਭਰਪੂਰ ਦਲੀਲਾਂ ਪ੍ਰਮਾਣਾਂ ਸਹਿਤ ਸਾਰੇ ਸ਼ੰਕਿਆਂ ਦਾ ਨਿਰਣੇ ਪੂਰਬਿਕ ਉੱਤਰ ਦੇ ਕੇ, ਆਉਣ ਵਾਲੇ ਵਿਦਵਾਨਾਂ, ਖੋਜਕਾਰਾਂ, ਪ੍ਰਚਾਰਕਾਂ, ਵਿਦਿਆਰਥੀਆਂ ਅਤੇ ਸਿੱਖ ਸੰਗਤਾਂ ਲਈ ਘਾਲਣਾ ਭਰਪੂਰ ਯੋਗਦਾਨ ਪਾਇਆ ਹੈ। ਭਵਿੱਖ ਲਈ ਮਹਾਨ ਪਰਉਪਕਾਰੀ ਕਾਰਜ ਕੀਤਾ ਹੈ। ਦਾਸ ਆਪ ਜੀ ਦਾ ਰੋਮ ਰੋਮ ਕਰਕੇ ਧੰਨਵਾਦ ਕਰਦਾ ਹੈ।

ਗੁਰੂ ਪੰਥ ਦਾ ਦਾਸ :

ਹਰਨਾਮ ਸਿੰਘ ਖ਼ਾਲਸਾ,

ਮੁੱਖੀ ਦਮਦਮੀ ਟਕਸਾਲ ਜੱਥਾ ਭਿੰਡਰਾਂ, ਮਹਿਤਾ।

❒

# ਸ਼ੁਭ ਅਸੀਸਾਂ
# ਜੱਥੇਦਾਰ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਜੀ

ਦਸਵੇਂ ਗੁਰੂ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਪਵਿੱਤ੍ਰ ਰਚਨਾ, ਸ੍ਰੀ ਦਸਮ ਗ੍ਰੰਥ ਸਾਹਿਬ ਜੀ ਜੋ ਗੁਰਸਿੱਖਾਂ ਵਿਚ ਬੀਰ ਰਸ ਭਰਨ ਵਾਸਤੇ ਬੀਰ ਰਸ ਭਰਪੂਰ ਬਾਣੀ ਹਜ਼ੂਰ ਨੇ ਉਚਾਰਨ ਕੀਤੀ ਹੈ :-

*ਔਰ ਵਾਸਨਾ ਨਾਹਿ ਪ੍ਰਭ ਧਰਮ ਯੁਧ ਕੇ ਚਾਇ॥*

ਦੇ ਕਥਨ ਅਨੁਸਾਰ ਹੈ, ਪਰ ਇਸ ਦੇ ਵਿਰੋਧੀ ਲੋਕ ਕਹਿੰਦੇ ਹਨ ਕਿ ਇਹ ਗੁਰੂ ਕੀ ਰਚਨਾ ਨਹੀਂ ਅਤੇ ਅਨੇਕਾਂ ਸ਼ੰਕੇ ਖੜੇ ਕਰਦੇ ਹਨ। ਸਿੰਘ ਸਾਹਿਬ ਗਿਆਨੀ ਮੱਲ ਸਿੰਘ ਜੀ ਹੈੱਡ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ ਨੇ "ਸ੍ਰੀ ਦਸਮ ਗ੍ਰੰਥ ਸਾਹਿਬ ਬੋਧ ਭਾਗ ਦੂਸਰਾ" ਨਾਮ ਦੀ ਪੁਸਤਕ ਲਿਖ ਕੇ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਰਚਨਾ ਨੂੰ ਇਤਿਹਾਸਕ ਤੱਥਾਂ ਦੇ ਅਧਾਰ 'ਤੇ ਗੁਰੂ ਕੀ ਰਚਨਾ ਸਿੱਧ ਕੀਤਾ ਹੈ। ਇਹਨਾਂ ਨੇ ਇਸ ਤੋਂ ਪਹਿਲਾਂ "ਸ੍ਰੀ ਦਸਮ ਗ੍ਰੰਥ ਸਾਹਿਬ ਬੋਧ ਭਾਗ ਪਹਿਲਾ" ਵੀ ਲਿਖਿਆ ਹੈ ਤੇ ਹੁਣ ਦੂਜਾ ਭਾਗ ਲਿਖਿਆ ਹੈ। ਇਹ ਪੁਸਤਕ ਗੁਰਮਤਿ ਦੇ ਆਸ਼ੇ ਅਨੁਸਾਰ ਤੇ ਗੁਰ-ਇਤਿਹਾਸ ਅਤੇ ਹੋਰ ਸਰਬ ਪੱਖ ਤੋਂ ਖੋਜ ਭਰਪੂਰ ਹੈ। ਗੁਰੂ ਕਲਗੀਧਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਨ੍ਹਾਂ ਨੂੰ ਜੋ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਹੈੱਡ ਗ੍ਰੰਥੀ ਦੀ ਸੇਵਾ ਬਖ਼ਸ਼ੀ ਹੈ, ਇਹ ਭਾਵਨਾ ਸਹਿਤ ਸੇਵਾ ਕਰਨ ਦਾ ਬਲ ਬਖ਼ਸ਼ਣ ਅਤੇ ਲੇਖਣੀ ਦੁਆਰਾ ਹੋਰ ਪੰਥ ਦੀ ਸੇਵਾ ਕਰਨ ਦਾ ਬਲ ਬਖ਼ਸ਼ਣ।

ਗੁਰੂ ਪੰਥ ਦਾ ਦਾਸ :

ਇਕਬਾਲ ਸਿੰਘ,

ਜੱਥੇਦਾਰ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਜੀ,

ਸ੍ਰੀ ਪਟਨਾ ਸਾਹਿਬ।

❒

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ॥

# ਬਿਨੈ ਅਰੰਭਤਾ

ਕਰਤੇ ਦੀ ਇਸ ਰਚਨਾ ਅਨੁਸਾਰ ਸੰਸਾਰ ਅੰਦਰ ਕਈ ਧਰਮ ਵੱਖ-ਵੱਖ ਪ੍ਰਚੱਲਿਤ ਹਨ। 'ਧਰਮ' ਸ਼ਬਦ ਸੰਸਕ੍ਰਿਤ ਭਾਸ਼ਾ ਦਾ ਹੈ। 'ਧਰਮ' ਸ਼ਬਦ ਦੇ ਅਰਥ ਵੀ ਕੋਸ਼ਾਂ ਵਿਚ ਵੱਖ-ਵੱਖ ਕਈ ਮਿਲਦੇ ਹਨ, ਜਿਸ ਤਰ੍ਹਾਂ ਸੁਭਾਵ, ਗੁਣ, ਮਰਯਾਦਾ, ਫ਼ਰਜ਼, ਨੇਕੀ, ਮੱਤ, ਮਜ਼ਹਬ। ਪਰ ਮੁਖ ਧਰਮ ਸੰਸਾਰ ਵਿਚ ਗਿਣਤੀ ਦੇ ਥੋੜੇ ਹੀ ਹਨ, ਜਿਸ ਤਰ੍ਹਾਂ ਹਿੰਦੂ ਧਰਮ, ਈਸਾਈ ਧਰਮ, ਇਸਲਾਮ ਧਰਮ, ਯਹੂਦੀ ਧਰਮ, ਸਿੱਖ ਧਰਮ ਆਦਿ। ਇਨ੍ਹਾਂ ਸਾਰੇ ਧਰਮਾਂ ਦੇ ਧਾਰਮਿਕ ਗ੍ਰੰਥ ਵੱਖ-ਵੱਖ ਮੰਨੇ ਹਨ। ਹਰ ਇਕ ਧਰਮ ਦਾ ਧਾਰਮਿਕ ਗ੍ਰੰਥ ਹੋਣਾ ਵੀ ਬਹੁਤ ਜ਼ਰੂਰੀ ਹੈ, ਜਿਸ ਤੋਂ ਉਸ ਧਰਮ ਦੇ ਅਸੂਲਾਂ ਦੀ ਖੋਜ ਵਿਚਾਰ ਅਤੇ ਪੂਰੀ-ਪੂਰੀ ਜਾਣਕਾਰੀ ਮਿਲ ਸਕੇ। ਇਹ ਜਾਣਕਾਰੀ ਮਿਲਦੀ ਵੀ ਹੈ ਜਿਸ ਤਰ੍ਹਾਂ ਈਸਾਈਆਂ ਦੀ ਬਾਈਬਲ, ਯਹੂਦੀਆਂ ਦੀ ਤੋਰੇਤ, ਇਸਲਾਮ ਧਰਮ ਦੀ ਕੁਰਾਨ ਸ਼ਰੀਫ਼, ਹਿੰਦੂ ਧਰਮ ਦਾ ਰਿਗਵੇਦ, ਸ਼ਾਮ, ਯਜੁਰ, ਅਥਰਵਣ, ਸ਼ਾਸਤ੍ਰ, ਸਿੰਮ੍ਰਤੀਆਂ, ਗੀਤਾ ਆਦਿ ਹਨ। "ਸਿੱਖ ਧਰਮ" ਦੇ ਜਨਮ ਦਾਤਾ ਹਨ, ਸ੍ਰੀ ਗੁਰੂ ਨਾਨਕ ਦੇਵ ਜੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤ ਦਸ ਸਰੂਪਾਂ ਵਿਚ ਹੋ ਕੇ ਵਰਤੀ। ਇਸ ਧਰਮ ਦਾ ਹੋਰਾਂ ਧਰਮਾਂ ਦੀ ਤਰ੍ਹਾਂ ਜੋ ਪਵਿੱਤ੍ਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ, ਇਸ ਦੀ ਇਹ ਮਹਾਨਤਾ ਹੈ ਕਿ ਇਹ ਸਿੱਖਾਂ ਦਾ ਗੁਰੂ ਵੀ ਹੈ। ਇਸ ਵਿਚ ਛੇ ਗੁਰੂ ਸਾਹਿਬਾਨ ਦੀ ਪਵਿੱਤ੍ਰ ਬਾਣੀ ਦੇ ਨਾਲ ਭਗਤਾਂ, ਭੱਟਾਂ, ਗੁਰਸਿੱਖਾਂ ਦੀ ਬਾਣੀ ਵੀ ਅੰਕਿਤ ਹੈ। ਇਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਸਵੇਂ ਸਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਜੋਤੀ ਜੋਤ ਸਮਾਵਣ ਤੋਂ ਪਹਿਲਾਂ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਜੀ ਵਿਖੇ ਗੁਰਿਆਈ ਗਦੀ ਬਖ਼ਸ਼ਿਸ਼ ਕੀਤੀ ਹੈ। ਇਸ ਤੋਂ ਬਿਨਾਂ ਦੂਸਰਾ ਧਾਰਮਿਕ ਗ੍ਰੰਥ ਸਿੱਖ ਧਰਮ ਦਾ "ਸ੍ਰੀ ਦਸਮ ਗ੍ਰੰਥ ਸਾਹਿਬ" ਜੀ ਹੈ। ਸਾਡੇ ਗੁਰੂ ਸਾਹਿਬਾਨ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਤੱਕ ਸ਼ਾਂਤ ਰੂਪ ਵਿਚ ਸਿੱਖੀ ਦਾ ਪ੍ਰਚਾਰ ਕੀਤਾ। ਛੇਵੇਂ ਸਰੂਪ ਵਿਚ ਬੀਰ ਰਸ ਵਿਚ ਪ੍ਰਚਾਰ ਤੇ ਜੰਗ ਜੁੱਧ ਹਜ਼ੂਰ ਨੇ ਕੀਤੇ ਹਨ। ਪਿਤਾ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦਾ ਹਾਲ ਭਾਈ ਜੈਤਾ ਜੀ ਪਾਸੋਂ ਸੁਣ ਕੇ ਗੁਰਦੇਵ ਬੀਰ ਰਸ ਵਿਚ ਆਏ ਅਤੇ ਖ਼ਾਲਸਾ ਪੰਥ ਸਾਜਨ ਦੇ ਸਬੰਧ ਵਿਚ ਬੀਰ ਰਸ ਭਰਪੂਰ ਬਚਨ ਕਹੇ। ਇਸ ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਪਾਉਂਟਾ ਸਾਹਿਬ ਦੀ ਪਵਿੱਤ੍ਰ ਧਰਤੀ 'ਤੇ ਅਤੇ ਅਨੰਦਪੁਰ ਸਾਹਿਬ ਰਹਿੰਦਿਆਂ ਬੇਅੰਤ ਬਾਣੀ ਬੀਰ ਰਸ ਭਰਪੂਰ ਸਾਹਿਤਿਕ ਰਚਨਾ ਕੀਤੀ। ਇਸ ਸਾਹਿਤਿਕ ਰਚਨਾ ਦਾ ਨਾਮ ਹੈ, "ਸ੍ਰੀ ਦਸਮ ਗ੍ਰੰਥ

ਸਾਹਿਬ"। ਇਸ ਰਚਨਾ ਦਾ ਮੁਖ ਕਾਰਨ ਗੁਰਦੇਵ ਨੇ ਦੱਸਿਆ ਹੈ— ਧਰਮ ਯੁੱਧ, ਬੀਰ ਰਸ ਮਨੁੱਖਤਾ ਵਿਚ ਭਰਨਾ।

*ਔਰ ਬਾਸਨਾ ਨਾਹਿ ਪ੍ਰਭ, ਧਰਮ ਜੁਧ ਕੈ ਚਾਇ॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਚੌਦਾਂ ਜੰਗ ਕੀਤੇ ਅਤੇ ਦੁਸ਼ਮਣਾਂ ਨੂੰ ਤਕੜੀ ਹਾਰ ਦਿੱਤੀ। ਗੁਰੂ ਜੀ ਜਿਸ ਸਮੇਂ ਪਾਉਂਟਾ ਸਾਹਿਬ ਬੀਰ ਰਸ ਭਰਪੂਰ ਬਾਣੀ ਉਚਾਰਨ ਕਰ ਰਹੇ ਸਨ, ਉਸੇ ਸਮੇਂ ਭੰਗਾਣੀ ਦਾ ਯੁੱਧ ਸ਼ੁਰੂ ਹੋ ਗਿਆ, ਫੇਰ ਨਦੌਣ ਦਾ ਜੰਗ ਅਤੇ ਅਨੰਦਪੁਰ ਸਾਹਿਬ ਦੀਆਂ ਜੰਗਾਂ, ਇਨ੍ਹਾਂ ਜੰਗਾਂ ਯੁੱਧਾਂ ਦੇ ਕਠਨ ਸਮੇਂ ਵਿਚ ਹੀ ਹਜ਼ੂਰ ਸਾਹਿਤਿਕ ਰਚਨਾ ਕਰਦੇ ਰਹੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਆਪਣੀ ਉਚਾਰਨ ਕੀਤੀ ਬਾਣੀ, ਜੋ ਵੱਖ-ਵੱਖ ਵਿਸ਼ੇ, ਪ੍ਰਕਰਣ ਅਨੁਸਾਰ ਹੈ, ਉਸ ਦਾ ਨਾਮ ਹੈ ਸ੍ਰੀ ਦਸਮ ਗ੍ਰੰਥ ਸਾਹਿਬ, ਜਿਸ ਦੀ ਸੰਪਾਦਨਾ ਸ੍ਰੀ ਗੁਰੂ ਪੰਥ ਪ੍ਰਕਾਸ਼ ਅਨੁਸਾਰ ਸ਼ਹੀਦ ਬਾਬਾ ਦੀਪ ਸਿੰਘ ਜੀ ਅਤੇ ਸ਼ਹੀਦ ਭਾਈ ਮਨੀ ਸਿੰਘ ਜੀ ਤੇ ਭਾਈ ਸੁੱਖਾ ਸਿੰਘ ਜੀ ਨੇ ਕੀਤੀ ਹੈ। ਇਸ ਸਬੰਧ ਵਿਚ ਦਾਸ ਨੇ (ਸ੍ਰੀ ਦਸਮ ਗ੍ਰੰਥ ਸਾਹਿਬ ਬੋਧ, ਭਾਗ ਪਹਿਲਾ) ਪੁਸਤਕ ਜੋ ਲਿਖੀ ਸੀ, ਜਿਸ ਦੀ ਵਿਦਵਾਨਾਂ ਵਲੋਂ ਬਹੁਤ ਸ਼ਲਾਘਾ ਕੀਤੀ ਗਈ ਹੈ ਅਤੇ ਦਾਸ ਨੂੰ ਹੋਰ ਲਿਖਣ ਲਈ ਉਤਸ਼ਾਹਿਤ ਕੀਤਾ ਗਿਆ। ਜਿਸ ਦਾ ਸਦਕਾ (ਸ੍ਰੀ ਦਸਮ ਗ੍ਰੰਥ ਸਾਹਿਬ ਬੋਧ ਭਾਗ ਦੂਜਾ) ਲਿਖ ਕੇ ਆਪ ਸੰਗਤਾਂ ਦੀ ਭੇਂਟ ਕੀਤਾ ਜਾ ਰਿਹਾ ਹੈ। ਆਸ ਹੈ ਕਿ ਆਪ ਸੰਗਤਾਂ ਇਸ ਸੇਵਾ ਨੂੰ ਪ੍ਰਵਾਨ ਕਰਨਗੀਆਂ।


ਆਪ ਸੰਗਤਾਂ ਦਾ ਦਾਸ :

ਸਿੰਘ ਸਾਹਿਬ ਗਿਆਨੀ ਮੱਲ ਸਿੰਘ,

ਜਥੇਦਾਰ ਤਖਤ ਸ੍ਰੀ ਕੇਸਗੜ ਸਾਹਿਬ (ਸ੍ਰੀ ਅਨੰਦਪੁਰ ਸਾਹਿਬ)

ਸਾਬਕਾ ਹੈੱਡ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ,

ਸ੍ਰੀ ਅੰਮ੍ਰਿਤਸਰ।

ਮੋਬਾਇਲ ਨੰ : 09417542974

**WWW.Jathedargianimalsingh.com**

# ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਰਚਨਹਾਰ

ਚੋਜੀ ਪ੍ਰੀਤਮ, ਮਰਦ ਅਗੰਮੜੇ, ਅੰਮ੍ਰਿਤ ਦੇ ਦਾਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਆਪ ਐਸੇ ਪਹਿਲੇ ਜੋਧੇ ਜਰਨੈਲ ਹਨ ਤੇ ਨਾਲ ਹੀ ਮਹਾਨ ਕਵੀ ਵੀ ਹਨ। ਆਪ ਜੀ ਦੀ ਹੱਦ ਦਰਜੇ ਦੀ ਸੂਝ-ਬੂਝ ਅਤੇ ਕਾਵਿ-ਰਚਨਾ ਨੂੰ ਵੇਖ ਕੇ ਸੰਸਾਰਾਕਾਰ ਬਿਰਤੀ ਵਾਲਾ ਮਨੁੱਖ ਹੈਰਾਨ ਹੋ ਜਾਂਦਾ ਹੈ ਕਿ ਗੁਰੂ ਜੀ ਨੇ ਏਨੇ ਰੁਝੇਵੇਂ ਭਰੇ ਜੀਵਨ ਵਿਚੋਂ ਸਮਾਂ ਕੱਢ ਕੇ ਸਾਹਿਤਕ ਉਸਾਰੀ ਦਾ ਇਤਨਾ ਮਹਾਨ ਕੰਮ ਕਿਵੇਂ ਕੀਤਾ ਹੈ। ਜੇਕਰ ਹਜ਼ੂਰ ਕਾਵਿ-ਕਲਾ ਵਿਚ ਇਤਨੇ ਪ੍ਰਬੀਨ ਨਾ ਹੁੰਦੇ ਤਾਂ ਸ਼ਾਇਦ ਆਪ ਜੀ ਦੀ ਚਲਾਈ ਹੋਈ ਲਹਿਰ ਇਤਨਾ ਜ਼ੋਰ ਨਾ ਪਕੜਦੀ, ਕਿਉਂਕਿ ਗੁਰਦੇਵ ਨੇ ਅੱਧਾ ਕਾਰਜ ਤਾਂ ਆਪਣੇ ਕਲਮੀ ਕਰਿਸ਼ਮਿਆਂ ਰਾਹੀਂ ਪਹਿਲੇ ਹੀ ਪੂਰਾ ਕਰ ਲਿਆ ਸੀ ਅਤੇ ਅੱਧਾ ਫਿਰ ਸੰਮਤ ੧੭੫੬, ਸੰਨ ੧੬੯੯ ਦੀ ਵੈਸਾਖੀ ਨੂੰ ਤਲਵਾਰ ਧੂਹ ਕੇ ਪੂਰਾ ਕਰ ਵਿਖਾਇਆ ਹੈ। ਹਜ਼ੂਰ ਦੀ ਬਹੁਤੀ ਸਾਹਿਤਿਕ ਰਚਨਾ ਹਿੰਦੀ ਵਿਚ ਹੈ ਅਤੇ ਭਾਰਤੀ ਸਾਹਿਤ ਵਿਚ ਆਪ ਜੀ ਦੇ ਮੁਕਾਬਲੇ ਦਾ ਕੋਈ ਹੋਰ ਮਹਾਂਕਵੀ ਨਹੀਂ ਲੱਭਦਾ। ਮੁਗਲਾਂ ਦੇ ਭੰਨੇ ਕਮਜ਼ੋਰ, ਨਿਤਾਣੇ ਹਿੰਦੂਆਂ ਵਿਚੋਂ ਲੱਖਾਂ ਸੂਰਮੇ ਪੈਦਾ ਕਰਕੇ ਇਸ ਦੇਸ਼ ਵਿਚ ਇਨਕਲਾਬ ਪੈਦਾ ਕਰਨ ਦਾ ਸਿਹਰਾ ਕਵੀਆਂ ਦੇ ਕਵੀ ਮਹਾਂਕਵੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਰਚਨਾ ਨੂੰ ਹੀ ਮਿਲਦਾ ਹੈ। ਹਿੰਦੀ ਰਚਨਾ ਤੋਂ ਇਲਾਵਾ ਗੁਰਦੇਵ ਨੇ ਪੰਜਾਬੀ, ਫ਼ਾਰਸੀ ਆਦਿ ਵਿਚ ਵੀ ਰਚਨਾ ਕੀਤੀ ਜੋ ਕਿ ਸਾਹਿਤਿਕ ਪੱਖੋਂ ਬਹੁਤ ਵੱਡਮੁੱਲੀ ਹੈ। ਪੰਜਾਬੀ ਵਿਚ ਹਜ਼ੂਰ ਦੀ ਪ੍ਰਸਿੱਧ ਰਚਨਾ "ਵਾਰ ਸ੍ਰੀ ਭਗਉਤੀ ਜੀ ਕੀ" ਹੈ। ਇਸ ਵਾਰ ਦੇ ਜੰਗੀ ਬਿਗਲ ਦੀ ਪ੍ਰਭਾਵਸ਼ਾਲੀ ਧੁਨ ਦੇ ਬੀਰ ਰਸ ਵਿਚ ਮਸਤ ਹੋਏ ਨਿਹੰਗ ਸਿੰਘ ਗੁਰੂ ਕੀਆਂ ਲਾਡਲੀਆਂ ਫ਼ੌਜਾਂ, ਗੁਰੂ ਕਲਗੀਧਰ ਜੀ ਦੀ ਰਹਿਤ ਦੇ ਪੂਰਨ ਧਾਰਨੀ ਸ਼ਸਤਰਧਾਰੀ ਅਤੇ ਹੋਰ ਬੇਅੰਤ ਗੁਰੂ ਕੇ ਤਿਆਰ-ਬਰ-ਤਿਆਰ ਸਿੰਘ, ਟਕਸਾਲਾਂ, ਸੰਪਰਦਾਵਾਂ ਵਿਚ ਅੱਜ ਵੀ ਨਜ਼ਰ ਆਉਂਦੇ ਹਨ ਜੋ ਭੂਤਕਾਲ ਸਮੇਂ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਗੁਰੂ-ਨਿੰਦਕਾਂ ਅਤੇ ਪੰਥ-ਦੋਖੀਆਂ ਨੂੰ ਪਛਾੜਨ ਲਈ ਤਿਆਰ-ਬਰ-ਤਿਆਰ ਰਹਿੰਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਇਸ ਕਾਵਿ-ਕਲਾ, ਕਾਵਿ-ਰਚਨਾ, ਸਾਹਿਤ-ਸਾਧਨਾ ਦਾ ਉੱਤਮ ਫਲ ਸ੍ਰੀ ਦਸਮ ਗ੍ਰੰਥ ਸਾਹਿਬ ਹੈ। ਇਹ ਅਦਭੁੱਤ ਵੱਡਮੁੱਲੀ ਰਚਨਾ ਹਿੰਦੀ, ਫ਼ਾਰਸੀ, ਪੰਜਾਬੀ ਆਦਿ ਅਨੇਕਾਂ ਭਾਸ਼ਾਵਾਂ ਦੀ ਬੋਲੀ ਦੇ ਗੁਲਦਸਤੇ ਵਿਚ ਕਥਨ

ਕੀਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਹਨ।

ਸ੍ਰੀ ਗੁਰੁ ਪੰਥ ਪ੍ਰਕਾਸ਼ ਦੇ ਲੇਖਕ ਮਹਾਂਕਵੀ ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ ਕਿ ਖ਼ਾਲਸਾ ਪੰਥ ਦੀ ਆਗਿਆ ਅਨੁਸਾਰ ਸ਼ਹੀਦ ਭਾਈ ਮਨੀ ਸਿੰਘ ਜੀ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਬੀੜ ਤਿਆਰ ਕੀਤੀ। ਦੂਸਰੀ ਬੀੜ ਸ੍ਰੀ ਦਸਮ ਗੰਥ ਸਾਹਿਬ ਦੀ ਸ਼ਹੀਦ ਬਾਬਾ ਦੀਪ ਸਿੰਘ ਜੀ ਨੇ ਲਿਖੀ ਹੈ। ਤੀਸਰੀ ਬੀੜ ਭਾਈ ਸੁੱਖਾ ਸਿੰਘ ਜੀ, ਜੋ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਜੀ ਦੇ ਮੁੱਖ ਗ੍ਰੰਥੀ ਸਨ, ਨੇ ਲਿਖੀ ਹੈ, ਜਿਸ ਦਾ ਜ਼ਿਕਰ ਗੁਰੁ-ਇਤਿਹਾਸ ਵਿਚ ਇਸ ਪ੍ਰਕਾਰ ਆਇਆ ਹੈ :-

*ਦੋਹਰਾ— ਇਕ ਦਿਨ ਆਗਿਆ ਪੰਥ ਕੀ, ਮਨੀ ਸਿੰਘ ਜੀ ਪਾਇ।*
*ਬਾਣੀ ਦਸਮੇਂ ਗੁਰੁ ਕੀ ਸੰਗ੍ਰਹਿ ਕਰ ਧਰਿ ਭਾਇ।*
*ਚੌਪਈ॥ ਏਕ ਜਿਲਦ ਮੇਂ ਦੀਨੀ ਕਰਹੈ।*
*ਤਿਸ ਕਾ ਭੋਗ ਹਕਾਇਤ ਪਰ ਹੈ।*
*ਦੂਸਰ ਬੀੜ ਦਮਦਮੇ ਭਈ। ਦੀਪ ਸਿੰਘ ਸ਼ਹੀਦ ਰਚਈ।*
*ਸੰਮਤ ਅਠਾਰਾਂ ਸੈ ਚਾਰ। ਮੱਧ ਕਰਯੋ ਉਨ ਯਹ ਉਪਕਾਰ।*
*ਭੋਗ ਸਫੁਟਕ ਕਬਿੱਤਨ ਪਰ ਹੈ। ਯਹੈ ਪਛਾਨ ਸਯਾਨੇ ਰਰ ਹੈ।*
*ਸੁੱਖਾ ਸਿੰਘ ਗ੍ਰੰਥੀ ਔਰ। ਰਚੀ ਬੀੜ ਪਟਨੇ ਮੇਂ ਗੌਰ।*
*ਅਠਾਰਾਂ ਸੈ ਬੱਤੀ ਮਾਹੇ। ਗਖਿਓ ਸੁਖਮਨਾ ਛਕੇ ਵਾ ਹੈਂ।*
*ਅੰਕ ਪੂਲੀ ਲੌ ਅਨਿਕ ਪ੍ਰਸੰਗ। ਰਾਖੇ ਓਨ ਅਪਨੇ ਢੰਗ।*
*ਭੋਗ ਛੱਕਯੋਂ ਪਰ ਪਾਯੋ ਤਾਂਹਿ। ਤੀਨ ਬੀੜ ਹੋਈ ਬਿਧਿ ਯਾਂਹਿ।*

(ਪੰਥ ਪ੍ਰਕਾਸ਼, ੩੯ਵਾਂ ਨਿਵਾਸ, ਪੰਨਾ ੨੮੭)

❑

---

ਨੋਟ :- "ਅੰਕ ਪੂਲੀ" ਬਾਣੀ ਦਾ ਨਾਮ ਹੈ। ਅੰਕ ਪੂਲੀ ਤੋਂ ਲੈ ਕੇ ਅਨੇਕਾਂ ਪ੍ਰਸੰਗ ਰੱਖੇ ਹਨ।

# ਅੰਮ੍ਰਿਤ ਤਿਆਰ ਕਰਨ
# ਤੇ ਨਿਤਨੇਮ ਦੀਆਂ ਬਾਣੀਆਂ

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਸ਼ੁਰੂਆਤ ਉਸ ਸਰਬ ਸ਼ਕਤੀਆਂ ਦੇ ਮਾਲਕ ਅਕਾਲ ਪੁਰਖ ਵਾਹਿਗੁਰੂ ਜੀ ਦੇ ਬੇਅੰਤ ਬੇਅੰਤ ਨਾਮ ਉਚਾਰਨ ਕਰਦਿਆਂ ਅਤੇ ਉਸ ਸਰਬ ਸ਼ਕਤੀਮਾਨ ਪ੍ਰਮਾਤਮਾ ਨੂੰ ਬੇਅੰਤ ਵਾਰੀ ਨਮਸ਼ਕਾਰ ਕਰਦਿਆਂ ਸ੍ਰੀ ਜਾਪੁ ਸਾਹਿਬ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਕੀਤੀ ਹੈ। ਇਸ ਵਿਚ ੭੩੫ ਉਪ ਨਾਮ ਵਾਹਿਗੁਰੂ ਦੇ ਉਚਾਰਨ ਕੀਤੇ ਹਨ ਅਤੇ ਤਕਰੀਬਨ ੧੯੩ ਵਾਰ ਨਮਸ਼ਕਾਰ ਕੀਤੀ ਹੈ। ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਖ਼ਾਲਸਾ ਪੰਥ ਨਾਲ ਬਹੁਤ ਨੇੜਤਾ ਦਾ ਸੰਬੰਧ ਹੈ, ਕਿਉਂਕਿ ਖ਼ਾਲਸਾ ਪੰਥ ਦੀ ਸਾਜਨਾ ਕਰਨ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਜਿਸ ਸਮੇਂ ਅੰਮ੍ਰਿਤ ਤਿਆਰ ਕੀਤਾ ਤਾਂ ਪੰਜ ਬਾਣੀਆਂ ਵਿਚੋਂ ਤਿੰਨ ਬਾਣੀਆਂ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀਆਂ ਪੜ੍ਹੀਆਂ ਸਨ, ਦੋ ਬਾਣੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੜ੍ਹੀਆਂ ਸਨ। ਖ਼ਾਲਸਾ ਪੰਥ ਦੀਆਂ ਜਨਮ ਦਾਤਾ ਪੰਜ ਬਾਣੀਆਂ ਇਹ ਹਜ਼ੂਰ ਨੇ ਪੜ੍ਹੀਆਂ ਸਨ :

੧. ਸ੍ਰੀ ਜਪੁ ਜੀ ਸਾਹਿਬ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਚਾਰਨ ਕੀਤੀ ਹੋਈ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਦਿ ਵਿਚ ਪਹਿਲੀ ਬਾਣੀ ਹੈ।

੨. ਸ੍ਰੀ ਜਾਪੁ ਸਾਹਿਬ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਉਚਾਰਨ ਕੀਤੀ ਬਾਣੀ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਆਦਿ ਵਿਚ ਪਹਿਲੀ ਬਾਣੀ ਹੈ।

੩. ਦਸ ਸਵੱਯੇ (ਸ੍ਰਾਵਗ ਸੁੱਧ ਵਾਲੇ) ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਉਚਾਰਨ ਕੀਤੀ ਬਾਣੀ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਅੰਗ ੧੩ ਤੋਂ ਲੈ ਕੇ ੧੫ ਅੰਗ 'ਤੇ ਸੰਪੂਰਨ ਹੁੰਦੀ ਹੈ। ਇਹ ਪਾਵਣ ਬਾਣੀ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਅਕਾਲ ਉਸਤਤ ਵਿਚ ਅੰਕਿਤ ਹੈ। ਸ੍ਰੀ ਅਕਾਲ ਉਸਤਤ, ਸ੍ਰੀ ਜਾਪੁ ਸਾਹਿਬ ਤੋਂ ਮਗਰੋਂ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਅੰਗ ੧੧ ਤੋਂ ਸ਼ੁਰੂ ਹੋ ਕੇ ੩੮ ਅੰਗ 'ਤੇ ਸੰਪੂਰਨ ਹੁੰਦੀ ਹੈ।

੪. ਬੇਨਤੀ 'ਚੌਪਈ' ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਉਚਾਰਨ ਕੀਤੀ ਬਾਣੀ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਅੰਗ ੧੩੯੬ ਤੋਂ ਸ਼ੁਰੂ ਹੋ ਕੇ ਅੰਗ ੧੩੯੮ 'ਤੇ ਸੰਪੂਰਨ ਹੁੰਦੀ ਹੈ। ਇਹ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਚਰਿੱਤ੍ਰਾਂ ਵਿਚ ਅਖ਼ੀਰਲੇ ਚਰਿੱਤ੍ਰ ੪੦੪ ਦੇ ਅਖ਼ੀਰ 'ਤੇ ਅੰਕਿਤ ਹੈ। ਇਹ ਅਖ਼ੀਰਲਾ ਚਰਿੱਤ੍ਰ ੪੦੫ ਪਉੜੀਆਂ ਦਾ ਹੈ। ੩੭ਵੀਂ ਪਉੜੀ ਤੋਂ ਮਗਰੋਂ ਕਬਯੋ ਬਾਚ ਬੇਨਤੀ॥ ਚੌਪਈ॥ ਸ਼ੁਰੂ ਹੁੰਦੀ ਹੈ ਅਤੇ

ਤਰਤੀਬਵਾਰ ਪਉੜੀਆਂ ਦੀ ਗਿਣਤੀ ਚਲਦੀ ਹੈ। ਇਹ ਗਿਣਤੀ "ਸੰਬਤ ਸੱਤ੍ਰਹ ਸਹਸ ਭਣਿਜੈ" ਦੇ ਅਖ਼ੀਰ 'ਤੀਰ ਸਤੁੱਦ੍ਰਵ ਗ੍ਰੰਥ ਸੁਧਾਰਾ॥ ੪੦੫॥ 'ਤੇ ਪੂਰੀ ਹੋ ਕੇ, ਇਤਿ ਸ੍ਰੀ ਚਰਿਤ੍ਰੋ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ੪੦੪ ਚਰਿਤ੍ਰ ਸਮਾਪਤ ਮਸਤੁ ਸੁਭ ਮਸਤੁ॥ ੪੦੪॥ ੭੫੫੫॥ 'ਤੇ ਪੂਰੀ ਹੁੰਦੀ ਹੈ। ਇਹ ਪੰਝੱਤ੍ਰ ਸੌ ਪਚਵੰਜਾ ਸਾਰੇ ਚਰਿੱਤ੍ਰਾਂ ਦਾ ਇਕੱਠਾ ਜੋੜ ਵੀ ਅਖ਼ੀਰ 'ਤੇ ਦਿੱਤਾ ਹੈ। "ਦੁਸਟ ਦੋਖ ਤੇ ਲੇਹੁ ਬਚਾਈ॥ ੪੦੧॥ ਚਾਰ ਸੌ ਇਕ ਪਉੜੀ ਤੱਕ ਹੈ।

੫. ਸ੍ਰੀ ਅਨੰਦ ਸਾਹਿਬ ਜੀ ਦੀ ਇਹ ਬਾਣੀ ਸ੍ਰੀ ਗੁਰੂ ਅਮਰਦਾਸ ਜੀ ਦੀ ਉਚਾਰਨ ਕੀਤੀ ਹੋਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ ਪਾਵਣ ਬਾਣੀ ਅੰਗ ੯੧੭ 'ਤੇ ਦਰਜ ਹੈ। ਗੁਰ-ਇਤਿਹਾਸ ਦੇ ਕਰਤਾ ਮਹਾਂ ਕਵੀ ਗਿਆਨੀ ਗਿਆਨ ਸਿੰਘ ਜੀ ਨੇ ਸ੍ਰੀ ਗੁਰ ਪੰਥ ਪ੍ਰਕਾਸ਼ ਵਿਚ ਇਸ ਤਰ੍ਹਾਂ ਕਥਨ ਕੀਤਾ ਹੈ :

*ਜਪੁ ਜੀ ਔ ਜਾਪੁ ਜੀ ਕੋ, ਦਸਹੂੰ ਸ੍ਵੈਯੇ ਪੁਨ ਚੌਪਈ ਅਲਾਇ ਕੈ।*

*ਅਨੰਦ ਉਚਾਰ ਅਰਦਾਸ ਕਰਿ ਕੈ ਸੁਧਾਰ, ਅੰਮ੍ਰਿਤ ਤਿਆਰ ਗੁਰ ਐਸ ਬਿਧਿ ਕੀਨੋ ਹੈ।*

(ਸ੍ਰੀ ਗੁਰ ਪੰਥ ਪ੍ਰਕਾਸ਼, ਪੰਨਾ ੧੫੭੫)

ਸਿੱਖ ਰਹਿਤ ਮਰਯਾਦਾ ਦੇ ਪੰਨਾ ਨੰਬਰ ੨੯ 'ਤੇ ਵੀ ਅੰਮ੍ਰਿਤ ਤਿਆਰ ਕਰਨ ਸਮੇਂ ਪੜ੍ਹੀਆਂ ਜਾਣ ਵਾਲੀਆਂ ਇਹ ਹੀ ਪੰਜ ਬਾਣੀਆਂ ਦੱਸੀਆਂ ਹਨ। ਇਹਨਾਂ ਪੰਜ ਬਾਣੀਆਂ ਦਾ ਪਾਠ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜ ਪਿਆਰੇ ਅੰਮ੍ਰਿਤ ਤਿਆਰ ਕਰ ਕੇ ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਛਕਾਉਂਦੇ ਹਨ। ਇਸ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਹਰ ਇਕ ਸਿੰਘ ਦਾ ਨਵਾਂ ਜਨਮ, ਇਹਨਾਂ ਪੰਜ ਬਾਣੀਆਂ ਨਾਲ ਤਿਆਰ ਕੀਤੇ ਅੰਮ੍ਰਿਤ ਨਾਲ ਹੀ ਹੁੰਦਾ ਹੈ। ਖ਼ਾਲਸਾ ਪੰਥ ਦੇ ਸੰਧਿਆ ਸਮੇਂ ਸ਼ਾਮ ਨੂੰ ਪੜ੍ਹੀ ਜਾਣ ਵਾਲੀ ਪਾਵਣ ਬਾਣੀ, 'ਸੋ ਦਰੁ ਰਹਰਾਸਿ ਸਾਹਿਬ ਜੀ' ਇਸ ਬਾਣੀ ਦੇ ਵਿਚ ਪੜ੍ਹੇ ਜਾਣ ਵਾਲਾ ਇਹ ਸ੍ਵੈਯਾ ਤੇ ਦੋਹਰਾ :

*ਸ੍ਵੈਯਾ॥ ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ॥*
*ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ॥*
*ਸਿੰਮ੍ਰਿਤਿ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈ ਹਮ ਏਕ ਨ ਜਾਨਯੋ॥*
*ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਬ ਤੋਹਿ ਬਖਾਨਯੋ॥੧੬੩॥*
*ਦੋਹਰਾ॥ ਸਗਲ ਦੁਆਰ ਕਉ ਛਾਡਿ ਕੈ ਗਹਯੋ ਤੁਹਾਰੋ ਦੁਆਰ॥*
*ਬਾਂਹਿ ਗਹੇ ਕੀ ਲਾਜ ਅਸਿ ਗੋਬਿੰਦ ਦਾਸ ਤੁਹਾਰ॥ ੧੬੪॥*

ਇਸ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਵਿਚ ਚਉਬੀਸ ਅਵਤਾਰ ਅੰਦਰ ੨੦ਵੇਂ ਅਵਤਾਰ "ਰਾਮਾ ਅਵਤਾਰ" ਦੇ ਅਖ਼ੀਰ 'ਤੇ ਅੰਗ ੨੫੪ 'ਤੇ ਸ੍ਵੈਯਾ ਤੇ ਦੋਹਰਾ ਅੰਕਿਤ ਹੈ।

# ਖ਼ਾਲਸਾ ਪੰਥ ਦੀ ਅਰਦਾਸ

ਸਿੱਖ ਰਹਿਤ ਮਰਯਾਦਾ ਦੇ ਪੰਨਾ ੧੦ ਅਨੁਸਾਰ ਖ਼ਾਲਸਾ ਪੰਥ ਦੇ ਹਰ ਰੋਜ਼ ਦੋ ਵਕਤ ਅੰਮ੍ਰਿਤ ਵੇਲੇ ਤੇ ਸ਼ਾਮ ਦੇ ਦੀਵਾਨਾਂ ਵਿਚ ਅਤੇ ਹਰ ਇਕ ਕਾਰਜ ਦੀ ਸਫਲਤਾ ਵਾਸਤੇ ਕੀਤੀ ਜਾਣ ਵਾਲੀ ਅਰਦਾਸ ਦੀ ਆਦਿ ਵਾਲੀ ਪਉੜੀ :

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ॥

*ਸ੍ਰੀ ਭਗਉਤੀ ਜੀ ਸਹਾਇ॥ ਵਾਰ ਸ੍ਰੀ ਭਗਉਤੀ ਜੀ ਕੀ॥ ਪਾਤਸ਼ਾਹੀ ੧੦॥*

*ਪ੍ਰਿਥਮ ਭਗਉਤੀ ਸਿਮਰਕੈ ਗੁਰ ਨਾਨਕ ਲਈਂ ਧਿਆਇ॥*

*ਫਿਰ ਅੰਗਦ ਗੁਰ ਤੇ ਅਮਰਦਾਸ ਰਾਮਦਾਸੈ ਹੋਈਂ ਸਹਾਇ॥*

*ਅਰਜਨ ਹਰਿਗੋਬਿੰਦ ਨੂੰ ਸਿਮਰੌ ਸ੍ਰੀ ਹਰਿਰਾਇ॥*

*ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੇ ਸਭ ਦੁਖ ਜਾਇ॥*

*ਤੇਗ ਬਹਾਦਰ ਸਿਮਰਿਐ ਘਰ ਨਉਨਿਧਿ ਆਵੈ ਧਾਇ॥*

*ਸਭ ਥਾਈਂ ਹੋਇ ਸਹਾਇ॥ ੧॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੧੧੯)

ਇਹ ਪਉੜੀ ਚੰਡੀ ਦੀ ਵਾਰ ਦੇ ਸ਼ੁਰੂ ਵਿਚ ਅੰਕਿਤ ਹੈ। ਇਹ ਖ਼ਾਲਸਾ ਪੰਥ ਦੀ ਅਰਦਾਸ ਦਾ ਮੁਖ ਅੰਗ ਹੈ। ਕੀ ਖ਼ਾਲਸਾ ਪੰਥ ਨਿਤਨੇਮ ਦੀਆਂ ਬਾਣੀਆਂ ਤੋਂ ਬਿਨਾਂ ਜੀਅ ਸਕਦਾ ਹੈ ? ਭਾਵ ਕਦਾਚਿਤ ਨਹੀਂ ਜੀਅ ਸਕਦਾ। ਜੋ ਇਹਨਾਂ ਬਾਣੀਆਂ 'ਤੇ ਭਰੋਸਾ ਨਹੀਂ ਕਰਦਾ, ਉਹ ਗੁਰੂ ਕਾ ਸਿੰਘ ਨਹੀਂ ਹੈ, ਉਹ ਤਾਂ ਨਾਸਤਿਕ ਮਨੁੱਖ ਹੈ। ਜੋ ਅਰਦਾਸ ਦੀ ਮੁਖ ਪਉੜੀ 'ਤੇ ਵੀ ਤਰਕ ਕਰਦਾ ਹੈ, ਉਹ ਸਿੱਖ ਜਾਂ ਸਿੰਘ ਕਿਸ ਤਰ੍ਹਾਂ ਕਹਾ ਸਕਦਾ ਹੈ ? ਸਿੱਖ ਦੀ ਅਰਦਾਸ ਤਾਂ ਸ਼ਰਧਾ ਧਾਰਨ ਕਰਨ ਨਾਲ ਹੀ ਪੂਰੀ ਹੁੰਦੀ ਹੈ।

❑

# ਦਸ ਗੁਰੂ ਸਾਹਿਬਾਨ ਦੀ ਇਕੋ ਜੋਤ ਦਾ ਸਿਧਾਂਤ

*ਜੋਤ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥* (ਅੰਗ ੯੬੬)

ਇਸ ਤਰ੍ਹਾਂ ਦਸ ਗੁਰੂ ਸਾਹਿਬਾਨ ਵਿਚ ਇਕ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤ ਹੋਣ ਦੇ ਸਿਧਾਂਤ ਨੂੰ ਪੱਕਿਆਂ ਕਰਨ ਵਾਲੀ ਬਾਣੀ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿਚੋਂ ਹੀ ਪ੍ਰਾਪਤ ਹੋਵੇਗੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋ ਤਾਂ ਪੰਚਮ ਪਾਤਸ਼ਾਹ ਜੀ ਤੱਕ ਹੀ ਸ਼ਬਦ ਮਿਲਣਗੇ, ਪਰ ਦਸਮ ਪਾਤਸ਼ਾਹ ਜੀ ਦੀ ਪਾਵਨ ਰਚਨਾ ਬਚਿੱਤ੍ਰ ਨਾਟਕ ਵਿਚੋਂ ਇਹ ਪੰਕਤੀਆਂ ਪ੍ਰਾਪਤ ਹੁੰਦੀਆਂ ਹਨ :

*ਨਾਨਕ ਅੰਗਦ ਕੋ ਬਪੁ ਧਰਾ॥ ਧਰਮ ਪ੍ਰਚੁਰਿ ਇਹ ਜਗ ਮੋ ਕਰਾ॥*
*ਅਮਰਦਾਸ ਪੁਨਿ ਨਾਮੁ ਕਹਾਯੋ॥ ਜਨ ਦੀਪਕ ਤੇ ਦੀਪ ਜਗਾਯੋ॥ ੭॥*

ਯਥਾ :-

*"ਸ੍ਰੀ ਨਾਨਕ ਅੰਗਦਿ ਕਰਿ ਮਾਨਾ॥ ਅਮਰਦਾਸ ਅੰਗਦ ਪਹਿਚਾਨਾ॥*
*ਅਮਰਦਾਸ ਰਾਮਦਾਸ ਕਹਾਯੋ॥ ਸਾਧਨਿ ਲਖਾ ਮੂੜ ਨਹਿ ਪਾਯੋ॥ ੯॥"*
*"ਭਿੰਨ ਭਿੰਨ ਸਭਹੂੰ ਕਰਿ ਜਾਨਾ॥ ਏਕ ਰੂਪ ਕਿਨਹੂੰ ਪਹਿਚਾਨਾ॥*
*ਜਿਨ ਜਾਨਾ ਤਿਨਹੀ ਸਿਧ ਪਾਈ॥ ਬਿਨ ਸਮਝੇ ਸਿਧ ਹਾਥ ਨ ਆਈ॥ ੧੦॥*
*ਰਾਮਦਾਸ ਹਰਿ ਸੋ ਮਿਲ ਗਏ॥ ਗੁਰਤਾ ਦੇਤ ਅਰਜਨਹਿ ਭਏ॥*
*ਜਬ ਅਰਜਨ ਪ੍ਰਭ ਲੋਕ ਸਿਧਾਏ॥ ਹਰਿ ਗੋਬਿੰਦ ਤਿਹ ਠਾਂ ਠਹਰਾਏ॥ ੧੧॥*
*ਹਰਿ ਗੋਬਿੰਦ ਪ੍ਰਭ ਲੋਕ ਸਿਧਾਰੇ॥ ਹਰਿਰਾਇ ਤਿਹ ਠਾਂ ਬੈਠਾਰੇ॥*
*ਹਰੀ ਕ੍ਰਿਸ਼ਨਿ ਤਿਨ ਕੇ ਸੁਤ ਵਏ॥ ਤਿਨ ਤੇ ਤੇਗ ਬਹਾਦਰ ਭਏ॥ ੧੨॥"*

ਇਸ ਤਰ੍ਹਾਂ ਦਸਮ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਤੱਕ ਇਕੋ ਜੋਤ ਤੇ ਗੁਰਗੱਦੀ ਦੇਣ ਦੇ ਭਾਵ ਨੂੰ ਪ੍ਰਗਟ ਕੀਤਾ ਹੈ।

❑

# ਸ਼ਰਧਾ ਤੇ ਭਰੋਸਾ

*ਡੂਬੇ ਨਰਕ ਧਾਰਿ ਮੂੜ ਗਿਆਨ ਕੇ ਬਿਨਾ ਬਿਚਾਰ,*
*ਭਾਵਨਾ ਬਿਹੀਨ ਕੈਸੇ ਗਿਆਨ ਕੋ ਬਿਚਾਰਹੀ॥ ੧੩॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਸ਼ਰਧਾ ਹੀਨ ਗਿਆਨ ਮਨੁੱਖ ਨੂੰ ਡੋਬ ਦੇਂਦਾ ਹੈ। ਸ਼ਰਧਾ ਭਾਵਨਾ ਤੇ ਭਰੋਸੇ ਦੇ ਬੇੜੇ ਚੜ੍ਹਿਆਂ ਹੀ ਪਾਰ ਲੰਘਿਆ ਜਾ ਸਕਦਾ ਹੈ। ਜਿਸ ਮਨੁੱਖ ਦਾ ਪੰਜਾਂ ਬਾਣੀਆਂ ਵਿਚੋਂ ਜਾਪੁ ਸਾਹਿਬ, ੧੦ ਸ੍ਵੈਯੇ, ਬੇਨਤੀ ਚੌਪਈ ਸਾਹਿਬ, ਸ੍ਵੈਯਾ॥ 'ਪਾਇ ਗਹੇ ਜਬ ਤੇ ਤੁਮਰੇ' ਦੋਹਰਾ— 'ਸਗਲ ਦੁਆਰ ਕਉ ਛਾਡ ਕੈ', ਅਰਦਾਸ ਦੀ ਪਹਿਲੀ ਪਉੜੀ ਅਤੇ ਦਸ ਗੁਰੂ ਇਕ ਜੋਤ 'ਤੇ ਭਰੋਸਾ ਨਹੀਂ ਹੈ, ਉਹ ਗੁਰੂ ਕਾ ਸਿੱਖ ਕਿਵੇਂ ਅਖਵਾ ਸਕਦਾ ਹੈ? ਇਹ ਜਿਨ੍ਹਾਂ ਬਾਣੀਆਂ ਅਤੇ ਅਰਦਾਸ ਦੀ ਪਹਿਲੀ ਪਉੜੀ ਦਾ ਜ਼ਿਕਰ ਕੀਤਾ ਗਿਆ ਹੈ ਇਹ ਸਭ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਦਰਜ ਹਨ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਮੁਖਾਰਬਿੰਦ ਤੋਂ ਉਚਾਰੀ ਬਾਣੀ ਹੈ।

ਸਿੱਖ ਰਹਿਤ ਮਰਯਾਦਾ ਦੇ ਪੰਨਾ ਨੰਬਰ ੯ 'ਤੇ ਸਿੱਖ ਦੀ ਤਾਰੀਫ਼ ਅੰਦਰ ਜ਼ਿਕਰ ਹੈ, "ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ), ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸ਼ਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।"

ਇਸ ਲਈ ਮਨਘੜਤ ਗੱਲਾਂ ਕਰਨ ਵਾਲੇ, ਜਿਨ੍ਹਾਂ ਦਾ ਉਪਰੋਕਤ ਸਿਧਾਂਤ ਅਨੁਸਾਰ ਭਰੋਸਾ ਨਹੀਂ ਹੈ, ਉਹ ਨਾ ਸਿੰਘ ਹਨ ਅਤੇ ਨਾ ਹੀ ਸਿੱਖ ਹਨ।

ਹਜ਼ੂਰ ਦੇ ਗੁਰਬਾਣੀ ਵਿਚ ਅੰਮ੍ਰਿਤ ਬਚਨ ਹਨ ਕਿ ਜਿਨ੍ਹਾਂ ਨੂੰ ਗੁਰੂ 'ਤੇ ਭਰੋਸਾ ਨਹੀਂ ਅਤੇ ਗੁਰੂ ਕੇ ਸ਼ਬਦ ਭਾਵ ਗੁਰੂ ਕੀ ਬਾਣੀ ਨਾਲ ਪ੍ਰੇਮ ਨਹੀਂ ਹੈ, ਉਸ ਨੂੰ ਸੁਖ ਨਹੀਂ ਪ੍ਰਾਪਤ ਹੋਵੇਗਾ, ਉਹ ਜਿੰਨੀ ਵਾਰੀ ਮਰਜ਼ੀ ਆਈ ਜਾਈ ਜਾਵੇ।

*ਸਤਿਗੁਰ ਕੀ ਪ੍ਰਤੀਤਿ ਨ ਆਈਆ ਸਬਦਿ ਨ ਲਾਗੋ ਭਾਉ॥*
*ਓਸ ਨੋ ਸੁਖੁ ਨ ਉਪਜੈ ਭਾਵੈ ਸਉ ਗੇੜਾ ਆਵਉ ਜਾਉ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੫੯੧)

ਸ਼ਰਧਾ ਤੇ ਭਰੋਸੇ ਤੋਂ ਸਖਣੇ ਮਨੁੱਖ ਜਿਨ੍ਹਾਂ ਦੇ ਮਨ ਵਿਚ ਗੁਰਬਾਣੀ ਪ੍ਰਤੀ ਸੰਸਾ ਹੈ ਅਤੇ ਆਪਣੇ ਆਪ ਨੂੰ ਵੱਡੇ ਉੱਚੇ ਸਿਆਣੇ ਕਹਿੰਦੇ ਹਨ, ਐਸੇ ਮਨੁੱਖਾਂ ਪ੍ਰਤੀ ਗੁਰ-ਇਤਿਹਾਸ ਵਿਚ ਗੁਰੂ ਸਾਹਿਬ ਜੀ ਦੇ ਇਸ ਤਰ੍ਹਾਂ ਬਚਨ ਆਏ ਹਨ :

*ਸੰਸੈ ਗ੍ਰਸ ਜਿਨਹੁ ਕੇ ਮਨ ਹੈ। ਕਬਹਿ ਅਸਰਧਾ ਸਰਧਾ ਜਨ ਹੈ।*
*ਨਿਜ ਉਚੋ ਲਖਿ ਕਰਹਿ ਹੰਕਾਰ। ਜਿਮ ਅਵਨੀ ਥਲ ਤੁੰਗ ਉਦਾਰ॥ ੮॥*
*ਪ੍ਰੇਮ ਨੀਰ ਜਹਿਂ ਠਹਰਹਿ ਨਾਹੀ। ਸੇਵਾ ਕ੍ਰਿਖਿ ਕਿਮ ਤਹਿ ਉਪਜਾਹੀ।*
*ਸ੍ਰੇਯ ਫਲਨਿ ਤੇਂ ਪਾਈਅਹਿ ਕਹਾਂ। ਤ੍ਰਿਪਤਿ ਅਨੰਦ ਨ ਸੁਪਨੇ ਤਹਾਂ॥ ੯॥*

(ਸੂਰਜ ਪ੍ਰਕਾਸ਼, ਰਾਸਿ ੧੦)

## ਗੁਰਮੰਤ੍ਰ ਵਾਹਿਗੁਰੂ ਜੀ ਅਤੇ ਗੁਰ ਫ਼ਤਹ

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਅਤੇ ਖ਼ਾਲਸਾ ਪੰਥ ਦੀ ਸਾਜਨਾ ਸੰਨ ੧੬੯੯ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਜੋ ਵਾਹਿਗੁਰੂ ਮੰਤਰ ਗੁਰੂ ਸਾਹਿਬਾਨ ਨੇ ਜਪਣ ਵਾਸਤੇ ਜੀਆਂ ਨੂੰ ਬਖ਼ਸ਼ਿਆ ਅਤੇ ਪੰਜ ਪਿਆਰੇ ਵਰਤਮਾਨ ਵਿਚ ਅੰਮ੍ਰਿਤ ਛਕਾਉਣ ਸਮੇਂ ਗੁਰ-ਮੰਤਰ ਵਾਹਿਗੁਰੂ ਦੇਂਦੇ ਹਨ, ਇਹ ਵਾਹਿਗੁਰੂ ਸ਼ਬਦ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਬੇਅੰਤ ਵਾਰੀ ਉਚਾਰਨ ਕੀਤਾ ਹੈ ਅਤੇ ਉਸ ਵਾਹਿਗੁਰੂ ਜੀ ਦੀ ਫ਼ਤਹ (ਜਿੱਤ) ਸਦਾ ਜੋ ਕਲਗੀਧਰ ਜੀ ਨੇ ਕਹੀ ਹੈ, ਇਹ ਫ਼ਤਹ ਸ਼ਬਦ ਵੀ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਬੇਅੰਤ ਵਾਰੀ ਗੁਰਦੇਵ ਜੀ ਨੇ ਉਚਾਰਨ ਕੀਤਾ ਹੈ।

❑

# ਇਤਿਹਾਸਕ ਪੱਖ

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੇ ਸਬੰਧ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਬਚਿੱਤ੍ਰ ਨਾਟਕ ਵਿਚ ਇਸ ਤਰ੍ਹਾਂ ਉਚਾਰਨ ਕੀਤਾ ਹੈ :

*ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ ਕੀਨੋ ਬਡੋ ਕਲੂ ਮਹਿ ਸਾਕਾ॥*
*ਸਾਧਨਿ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਆ ਪਰ ਸੀ ਨ ਉਚਰੀ॥ ੧੩॥*
*ਧਰਮ ਹੇਤ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰੁ ਸਿਰਰੁ ਨ ਦੀਆ॥*
*ਨਾਟਕ ਚੇਟਕ ਕੀਏ ਕੁਕਾਜਾ॥ ਪ੍ਰਭ ਲੋਗਨ ਕਹ ਆਵਤ ਲਾਜਾ॥ ੧੪॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੫੪)

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਪਟਨੇ ਸ਼ਹਿਰ ਵਿਖੇ ਆਪਣੇ ਪ੍ਰਕਾਸ਼ ਦਾ ਜ਼ਿਕਰ ਅਤੇ ਸੰਸਾਰ ਵਿਚ ਆਪਣੇ ਆਉਣ ਦਾ ਕਾਰਨ ਵੀ ਬਚਿੱਤ੍ਰ ਨਾਟਕ ਵਿਚ ਇਸ ਪ੍ਰਕਾਰ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਕਥਨ ਕੀਤਾ ਹੈ :

*ਤਹੀ ਪ੍ਰਕਾਸ਼ ਹਮਾਰਾ ਭਯੋ॥ ਪਟਨਾ ਸਹਰ ਬਿਖੈ ਭਵ ਲਯੋ॥*
*ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥*
*ਜਹਾਂ ਤਹਾਂ ਤੁਮ ਧਰਮ ਬਿਥਾਰੋ॥ ਦੁਸਟ ਦੋਖਿਯਨਿ ਪਕਰ ਪਛਾਰੋ॥ ੪੨॥*
*ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥*
*ਧਰਮ ਚਲਾਵਨ ਸੰਤ ਉਬਾਰਨ॥ ਦੁਸ਼ਟ ਸਭਨ ਕੋ ਮੂਲ ਉਪਾਰਨਿ॥ ੪੩੩੧॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੫੮)

ਸੰਮਤ ੧੭੪੧ ਸੰਨ ੧੬੮੪ ਵਿਚ ਪਉਂਟਾ ਸਾਹਿਬ ਸ਼ਹਿਰ ਵਸਾਉਣ ਦਾ ਇਤਿਹਾਸ ਅਤੇ ਭੰਗਾਣੀ ਦੇ ਰਾਜਾ ਫਤੇਹ ਸ਼ਾਹ ਨਾਲ ਜੰਗ ਤੇ ਨਦੌਣ ਦਾ ਯੁੱਧ ਹਜ਼ੂਰ ਨੇ ਬਚਿੱਤ੍ਰ ਨਾਟਕ ਵਿਚ ਹੀ ਕਥਨ ਕੀਤਾ ਹੈ :

*ਦੇਸ ਚਾਲ ਹਮ ਤੇ ਪੁਨਿ ਭਈ॥ ਸ਼ਹਿਰ ਪਾਵਟਾ ਕੀ ਸੁਧਿ ਲਈ॥*

ਯਥਾ :-

*ਫ਼ਤੇਸ਼ਾਹ ਕੋਪਾ ਤਬਿ ਰਾਜਾ॥ ਲੋਹ ਪਰਾ ਹਮ ਸੋਂ ਬਿਨੁ ਕਾਜਾ॥ ੩॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੬੦)

ਤਥਾ ਹੀ :-

*ਅਲਫ ਖਾਨ ਨਾਦੌਣ ਪਠਾਵਾ॥ ਭੀਮ ਚੰਦ ਤਨ ਬੈਰ ਬਢਾਵਾ॥ ੧॥*

*ਜੁੱਧ ਕਾਜ ਨ੍ਰਿਪ ਹਮੈ ਬੁਲਾਯੋ॥ ਆਪਿ ਤਵਨ ਕੀ ਓਰ ਸਿਧਾਯੋ॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੬੨)

## ਹੁਸੈਨੀ ਜੁੱਧ ਕਥਨੰ :

*ਕਰਿਯੋ ਜੋਰ ਸੈਨੰ ਹੁਸੈਨੀ ਪਯਾਨੰ॥ ਪ੍ਰਥਮ ਕੂਟਕੈ ਲੂਟ ਲੀਨੇ ਅਵਾਨੰ॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੬੫)

❑

# ਪਰਉਪਕਾਰੀ ਗੁਰੂ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਰਚਨਾ ਕਰਕੇ ਬਹੁਤ ਵੱਡਾ ਸਾਡੇ ਉੱਪਰ ਪਰਉਪਕਾਰ ਕੀਤਾ ਹੈ, ਕਿਉਂਕਿ ਖ਼ਾਲਸਾ ਪੰਥ ਵਿਚ ਬੀਰ ਰਸ ਭਰਨ ਵਾਸਤੇ ਹਜ਼ੂਰ ਨੇ ਜੋ ਜੋ ਪੁਰਾਣਿਕ ਗ੍ਰੰਥਾਂ ਵਿਚੋਂ ਤਾਤਪਰਜ ਸੰਖੇਪ ਰੂਪ ਵਿਚ ਕਥਨ ਕੀਤਾ ਹੈ, ਉਹ ਚੰਡੀ ਚਰਿੱਤ੍ਰ ਦੋਵੇਂ ਅਤੇ ਚੰਡੀ ਦੀ ਵਾਰ ਚੌਬੀਸ ਅਵਤਾਰ ਕਥਾ ਰਾਹੀਂ ਕਥਨ ਕੀਤਾ ਹੈ।

ਚੰਡੀ ਦੀ ਵਾਰ ਵਿਚ ਦੈਂਤਾਂ ਨਾਲ ਹੋਏ ਜੰਗ ਯੁੱਧ ਦਾ ਬੀਰ ਰਸ ਵਿਚ ਭਰਪੂਰ ਕਥਨ ਹੈ ਅਤੇ ਚੌਬੀਸ ਅਵਤਾਰ ਕਥਾ ਵਿਚ ਵੀ ਰਾਖਸ਼ਾਂ ਨਾਲ ਜੰਗ ਕਮਾਲ ਦਾ ਗੁਰਦੇਵ ਨੇ ਵਰਣਨ ਕੀਤਾ ਹੈ। ਇਹ ਸਾਰੀ ਕਥਾ ਵੱਖ-ਵੱਖ ਪ੍ਰਕਰਣਾਂ ਵਿਚ ਦਾਸ ਨੇ ਵਿਸਥਾਰ ਸਹਿਤ ਇਸੇ ਪੁਸਤਕ ਵਿਚ ਲਿਖੀ ਹੈ। ਇਹਨਾਂ ਕਥਾਵਾਂ ਦੇ ਮੂਲ ਗ੍ਰੰਥ ਮਾਰਕੰਡੇ ਪੁਰਾਣ, ਜਿਸ ਦੇ ਨੌਂ ਹਜ਼ਾਰ ਸਲੋਕ ਹਨ ਅਤੇ ਭਾਗਵਤ ਪੁਰਾਣ, ਬਾਲਮੀਕੀ ਰਾਮਾਇਣ, ਅਧਿਆਤਮਿਕ ਰਾਮਾਇਣ, ਇਹ ਸਾਰੇ ਗ੍ਰੰਥ ਮੂਲ ਸੰਸਕ੍ਰਿਤ ਭਾਸ਼ਾ ਵਿਚ ਲਿਖੇ ਹੋਏ ਹਨ। ਸਿੱਖ ਕੌਮ ਇਤਨੀ ਸੰਸਕ੍ਰਿਤ ਪੜ੍ਹੀ ਹੋਈ ਨਹੀਂ ਹੈ, ਇਸ ਲਈ ਹਜ਼ੂਰ ਨੇ ਸਰਲ ਭਾਸ਼ਾ ਵਿਚ ਜੰਗਾਂ ਜੁੱਧਾਂ ਦੇ ਪੁਰਾਣਿਕ ਇਤਿਹਾਸ ਨੂੰ ਸਿਰਜ ਕੇ ਸਿੱਖ ਕੌਮ 'ਤੇ ਤਰਸ ਕੀਤਾ ਹੈ। ਕਲਗੀਧਰ ਜੀ ਦੇ ਸਮੇਂ ਵੇਦ ਵਿੱਦਿਆ ਸੰਸਕ੍ਰਿਤ, ਬ੍ਰਾਹਮਣ ਲੋਕ ਸਿੱਖਾਂ ਨੂੰ ਸ਼ੂਦਰ ਜਾਣ ਕੇ ਪੜ੍ਹਾਉਂਦੇ ਨਹੀਂ ਸਨ। ਸਿੰਘਾਂ ਨੂੰ ਵਿੱਦਿਆ ਪੜ੍ਹਾਉਣ ਤੋਂ ਬ੍ਰਾਹਮਣ ਨੇ ਇਸ ਤਰ੍ਹਾਂ ਕਹਿ ਕੇ ਇਨਕਾਰ ਕਰ ਦਿੱਤਾ ਸੀ :

*ਕਹਯੋ ਸੂਦਰ ਤੁਮ ਨਹਿੰ ਅਧਿਕਾਰੀ॥*
*ਬੇਦ ਬਿੱਦਿਆ ਕੇ ਹਮ ਧਾਰੀ॥ ੩੬॥*

ਯਥਾ :-

*ਸੂਦ੍ਰ ਹੈਂ ਬਹੁ ਸਿਖ ਤੁਮਾਰੇ॥*
*ਇਨ ਨ ਬੇਦ ਬਿਦਯਾ ਅਧਿਕਾਰੇ॥*

(ਸ੍ਰੀ ਗੁਰੂ ਪੰਥ ਪ੍ਰਕਾਸ਼, ਪੂਰਬਾਰਧ ਬਿਸਰਾਮ ੫੨)

❑

# ਜ਼ੁਲਮ ਦਾ ਨਾਸ਼ ਕਰਨ ਵਾਸਤੇ

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹੀਦੀ ਸੰਮਤ ੧੬੬੩, ਸੰਨ ੧੬੦੬ ਵਿਚ ਹੋਈ, ਜਦ ਜ਼ਾਲਮਾਂ ਦਾ ਜ਼ੁਲਮ ਸਾਰੇ ਹੱਦ ਬੰਨੇ ਟੱਪ ਗਿਆ।

*ਪ੍ਰਿਥਮ ਦੇਗ ਕੇ ਬੀਚ ਬੈਠਾਏ। ਨੀਚੇ ਲਕਰੀ ਭਾਰ ਜਲਾਏ।*

ਯਥਾ :-

*ਪੁਨਾ ਦੁਸਟ ਨੇ ਲੋਹ ਤਪਾਈ। ਤਾਂ ਪਰ ਗੁਰ ਕੋ ਦਯੋ ਬਿਠਾਈ।*

*ਚਰਨ ਤਲੀ ਕਾ ਜਰਹੀ ਮਾਸਾ। ਗੁਰੂ ਅਡੋਲ ਥਿਰੇ ਅਨਯਾਸਾ।*

(ਸ੍ਰੀ ਗੁਰ ਪੰਥ ਪ੍ਰਕਾਸ਼)

ਤਾਂ ਫੇਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਿਰਜਨਾ ਕੀਤੀ।

*ਸੁਧਾ ਸਰੋਵਰ ਤਟ ਬਿਸਾਲ। ਗੁਰੁ ਰਚਯੋ ਤਖਤ ਬੁੰਗਾ ਅਕਾਲ।*

ਯਥਾ :-

*ਕਟ ਮੈ ਤੁਨੀਰ ਸਰ ਜਾਲ ਪੂਰ। ਜਨ ਮ੍ਰਿਤੁ ਕੈਦ ਬੈਹਿਨ ਭੂਰ॥ ੫੯॥*

*ਗਰ ਧਰੀ ਭਗੌਤੀ ਜੁਗ ਬੁਲੰਦ। ਜਨ ਕਾਲ ਜੀਭ ਕਰ ਰਖੀ ਬੰਦ।*

(ਸ੍ਰੀ ਗੁਰ ਪੰਥ ਪ੍ਰਕਾਸ਼)

ਹਜ਼ੂਰ ਨੇ ਸਿੱਖ ਕੌਮ ਵਿਚ ਬੀਰ ਰਸ ਭਰਨ ਵਾਸਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਿਖੇ ਭਰੇ ਇਕੱਠ ਵਿਚ ਜੋਧਿਆਂ ਦੀਆਂ ਵਾਰਾਂ ਸੁਣਾਉਣ ਵਾਸਤੇ ਅਬਦੁੱਲਾ ਢਾਡੀ ਨੂੰ ਹੁਕਮ ਕੀਤਾ।

*ਅਬਦੁੱਲਾ ਢਾਡੀ ਜਸ ਸੁਨਾਇ। ਨਿਤ ਸਾਕੇ ਮਰਦਨ ਐਸ ਭਾਇ॥ ੬੦॥*

*ਸੁਨਿ ਕਾਯਰ ਭੀ ਹ੍ਵੈ ਸੂਰਬੀਰ। ਲਰ ਮਰੈ ਜੰਗ ਮੇਂ ਸਤ੍ਰੁ ਚੀਰ॥*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਈ ਵਾਰਾਂ ਅੰਕਿਤ ਹਨ। ਇਹਨਾਂ ਵਾਰਾਂ ਵਿਚੋਂ ਨੌਂ ਵਾਰਾਂ ਵਿਚ ਧੁਨੀਆਂ ਦਰਜ ਹਨ। ਮਹਾਨ ਕੋਸ਼ ਪੰਨਾ ੨੫੦੫ ਅਨੁਸਾਰ ਇਹਨਾਂ ਨੌਂ ਧੁਨਾਂ ਦਾ ਪਿਛੋਕੜ ਮੂਲ ਇਤਿਹਾਸ ਜੋ ਹੈ ਇਹ ਵੀ ਸਿੱਖ ਕੌਮ ਵਿਚ ਬੀਰ ਰਸ ਭਰਨ ਵਾਸਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭਰੇ ਦੀਵਾਨਾਂ

ਵਿਚ ਅਬਦੁੱਲਾ ਢਾਡੀ ਪਾਸੋਂ ਵਾਰਾਂ ਦੇ ਰੂਪ ਵਿਚ ਸੁਣਿਆ ਹੈ ਅਤੇ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਅੰਦਰ ਵੀ ਇਸ ਤਰ੍ਹਾਂ ਜ਼ਿਕਰ ਆਇਆ ਹੈ :

*ਸ੍ਰੀ ਗੁਰ ਤਖਤ ਅਕਾਲ ਸੁਹਾਏ। ਬੁੱਢੇ ਆਦਿਕ ਨਿਕਟਿ ਬੈਠਾਏ।*
*ਅਧਿਕ ਵਿਥਾਰ ਦੀਵਾਨ ਲਗਾਯੋ। ਦੇਖਿ ਪੁਰੰਦਰ ਮਨਿ ਸੁਕਚਾਯੋ॥ ੧੭੬॥*
*ਭਿੰਨ ਭਿੰਨ ਸਭ ਵਾਰ ਉਚਾਰੈ। ਢਾਢੀ ਅਬਦੁਲ ਬਡ ਛਬਿ ਧਾਰੈ।*
*ਪੁਨਿ ਜੁਤਿ ਬਾਈ ਵਾਰ ਸੁਨਾਈ। ਦੋਇ ਮਾਸ ਮਹਿ ਨਿਜ ਮਨੁ ਲਾਈ॥ ੧੭੭॥*

(ਗੁਰ ਬਿਲਾਸ ਪਾਤਸ਼ਾਹੀ ਛੇਵੀਂ)

ਇਸ ਬੀਰ ਰਸ ਭਰਪੂਰ ਯੋਧਿਆਂ ਦੀਆਂ ਵਾਰਾਂ ਦੇ ਵਡਮੁੱਲੇ ਇਤਿਹਾਸ ਨੂੰ ਸੁਰਜੀਤ ਰੱਖਣ ਵਾਸਤੇ ਨੌਂ ਧੁਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤੀਆਂ ਗਈਆਂ ਹਨ।

❑

# ਸਿੱਖ ਕੌਮ ਵਿਚ ਬੀਰ ਰਸ ਭਰਨ ਵਾਸਤੇ

ਸਮਰੱਥ ਗੁਰੂ ਚੋਜੀ ਪ੍ਰੀਤਮ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਨੇ ਜੋ ਹੁਕਮਰਾਨ ਜ਼ੁਲਮ ਕਰ ਰਹੇ ਸਨ, ਉਹਨਾਂ ਦਾ ਅੰਤ ਕਰਨ ਵਾਸਤੇ, ਸਦੀਆਂ ਤੋਂ ਅਣਖ, ਗ਼ੈਰਤ ਗਵਾ ਚੁੱਕੀ ਲੁਕਾਈ ਵਿਚ ਬੀਰ ਰਸ ਭਰ ਕੇ ਜ਼ਾਲਮਾਂ ਦਾ ਟਾਕਰਾ ਕਰਨ ਅਤੇ ਅਣਖ ਧਾਰ ਕੇ ਸੂਰਮਤਾਈ ਦੀ ਜ਼ਿੰਦਗੀ ਜਿਊਣ ਦੀ ਜਾਚ ਸਿਖਾਉਣ ਵਾਸਤੇ ਅਤੇ ਜ਼ਾਲਮਾਂ ਦਾ ਨਾਸ਼ ਕਰਨ ਵਾਸਤੇ ਗੁਰੂ ਸਾਹਿਬ ਜੀ ਨੇ ਭਾਰਤੀ ਲੋਕਾਂ ਵਿਚ ਧਰਮ-ਯੁੱਧ ਦਾ ਚਾਉ ਪੈਦਾ ਕਰਨ ਲਈ ਇਹ ਬੀਰ ਰਸ ਭਰਪੂਰ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ ਅਤੇ ਚੰਡੀ ਚਰਿਤ੍ਰ ਉਕਤਿ ਬਿਲਾਸ ਦੇ ਮੁੱਢ ਵਿਚ ਗੁਰੂ ਸਾਹਿਬ ਪਰਮੇਸ਼ਰ ਦੀ ਮਹਾਨ ਸ਼ਕਤੀ ਦਾ ਮੰਗਲਾਚਰਣ ਕਰਦੇ ਹੋਏ ਸਾਫ਼ ਕਹਿੰਦੇ ਹਨ ਕਿ ਉਸ ਨੇ ਜਗਤ-ਲੀਲ੍ਹਾ ਲਈ ਆਪ ਹੀ ਦੇਵਤੇ ਤੇ ਦੈਂਤ ਸਿਰਜ ਕੇ ਸਾਰਾ ਸੰਘਰਸ਼ ਰਚਿਆ ਹੋਇਆ ਹੈ। ਹੇ ਕ੍ਰਿਪਾ ਸਾਗਰ ! ਜੇ ਤੂੰ ਕ੍ਰਿਪਾ ਕਰੇਂ ਤਾਂ ਮੈਂ ਇਸ ਸਾਰੀ ਸੰਗਰਾਮ ਕਥਾ ਵਿਚੋਂ ਚੰਡੀ ਦੀ ਕਥਾ ਲਿਖਣਾ ਚਾਹੁੰਦਾ ਹਾਂ। ਜੇ ਨੀਝ ਨਾਲ ਦੇਖਿਆ ਜਾਵੇ ਤਾਂ ਇਹ ਚੰਡੀ ਵੀ ਤੇਰੀ ਸ਼ਕਤੀ ਦਾ ਹੀ ਪ੍ਰਕਾਸ਼ ਹੈ :

***ਸਵੈਯਾ***

***ਆਦਿ ਅਪਾਰ ਅਲੇਖ ਅਨੰਤ ਅਕਾਲ ਅਭੇਖ ਅਲੱਖ ਅਨਾਸਾ।***
***ਕੈ ਸ਼ਿਵ, ਸਕਤਿ ਦਏ ਸ੍ਰੁਤਿ ਚਾਰ, ਰਜੋ ਤਮ ਸਤ ਤਿਹੂ ਪੁਰ ਬਾਸਾ।***
***ਦਿਉਸ ਨਿਸਾ ਸਸਿ ਸੂਰ ਕੈ ਦੀਪ ਸੁ ਸ੍ਰਿਸਟਿ ਰਚੀ ਪੰਚ ਤਤ ਪ੍ਰਕਾਸ਼ਾ।***
***ਬੈਰ ਬਢਾਇ ਲਰਾਇ ਸੁਰਾਸੁਰ, ਆਪਹਿ ਦੇਖਤ ਬੈਠ ਤਮਾਸਾ॥ ੧॥***

***ਦੋਹਰਾ***

***ਕ੍ਰਿਪਾ ਸਿੰਧੁ ਤੁਮਰੀ ਕ੍ਰਿਪਾ, ਜੋ ਕਛੁ ਮੋ ਪਰਿ ਹੋਇ।***
***ਰਚੋਂ ਚੰਡਿਕਾ ਕੀ ਕਥਾ, ਬਾਣੀ ਸ਼ੁਭ ਸਭ ਹੋਇ॥ ੨॥***

ਪੰਜਾਬੀ ਵਿਚ ਸ੍ਰੀ ਦਸਮੇਸ਼ ਜੀ ਦੀ ਇਕੋ ਇਕ ੫੫ ਛੰਦਾਂ ਦੀ ਰਚਨਾ 'ਵਾਰ ਦੁਰਗਾ ਕੀ' ਹੈ, ਜਿਸ ਦੇ ਜੰਗੀ ਬਿਗਲ ਦੀ ਪ੍ਰਭਾਵਸ਼ਾਲੀ ਧੁਨ ਦੇ ਮਸਤਾਨੇ ਕੀਤੇ ਨਿਹੰਗ ਸਿੰਘ ਅੱਜ ਵੀ ਨਿਰਭੈ ਤੇ ਤਿਆਰ-ਬਰ-ਤਿਆਰ ਨਜ਼ਰ ਆਉਂਦੇ ਹਨ। ਇਸ ਵਿਚ ਗੁਰੂ ਸਾਹਿਬ ਨੇ ਚੰਡੀ ਦੀ ਦੈਂਤਾਂ 'ਤੇ ਜਿੱਤ ਦੱਸੀ ਹੈ। ਮਹਖਾਸੁਰ, ਧੂਮ੍ਰਲੋਚਨ, ਚੰਡ, ਮੁੰਡ, ਸ਼੍ਰੋਣਤਬੀਜ ਤੇ ਸੁੰਭ,

ਨਿਸੁੰਭ ਆਦਿ ਦੈਂਤ ਹਨ। ਇਹਨਾਂ ਨੂੰ ਮਾਰ ਕੇ ਦੇਵੀ ਇੰਦਰ ਨੂੰ ਰਾਜ ਦਿਵਾਉਂਦੀ ਹੈ। ਇਕ ਸੁੰਦਰੀ ਦਾ ਸੰਗਰਾਮੀਏ ਰੂਪ ਵਿਚ ਜਿੱਤਾਂ ਜਿੱਤਦੀ ਦਿਖਾਉਣ ਤੋਂ ਮਕਸਦ ਉਹਨਾਂ ਦਾ ਇਹੋ ਦੱਸਣਾ ਸੀ ਕਿ ਇਕ ਅਬਲਾ ਆਖੀ ਜਾਣ ਵਾਲੀ ਇਸਤਰੀ ਜੋ ਬੀਰੰਗਨਾ ਬਣ ਕੇ ਧਰਮ ਯੁੱਧ ਦੇ ਚਾਉ ਨਾਲ ਜੂਝੇ ਤਾਂ ਉਹ ਵੱਡੇ ਵੱਡੇ ਅਭਿਮਾਨੀ ਦੈਂਤਾਂ ਨੂੰ ਪਛਾੜ ਕੇ ਇੰਦਰ ਵਰਗੇ ਦੇਵਤੇ ਨੂੰ ਜਿੱਤ ਦਿਵਾ ਸਕਦੀ ਹੈ। ਇਸ ਲਈ ਮਰਦਾਂ ਨੂੰ ਇਸ ਤੋਂ ਸਬਕ ਲੈ ਕੇ ਆਪਣੇ ਆਪ ਅੰਦਰ ਬੀਰਤਾ, ਸਾਹਸ ਤੇ ਸਵੈਮਾਨ ਜੇਹੇ ਉੱਤਮ ਗੁਣ ਪੈਦਾ ਕਰਨੇ ਚਾਹੀਦੇ ਹਨ। ਗੁਰੂ ਦਸਮੇਸ਼ ਜੀ ਉਪਾਸ਼ਕ ਤਾਂ ਕੇਵਲ ਪ੍ਰਭੂ ਦੀ ਮਹਾਨ ਸ਼ਕਤੀ ਦੇ ਹੀ ਸਨ, ਜਿਸ ਨੂੰ ਉਹਨਾਂ ਭਗਉਤੀ, ਖੜਗ, ਤੇਗ਼, ਕਾਲ ਜਾਂ ਅਸਿਧੁਜ ਆਦਿ ਵੀ ਆਖਿਆ ਹੈ। "ਪ੍ਰਿਥਮ ਭਗਉਤੀ ਸਿਮਰਿ ਕੈ" ਵਿਚ ਉਹ ਇਸੇ ਰੱਬੀ ਸ਼ਕਤੀ ਨੂੰ ਧਿਆਉਂਦੇ ਹਨ ਜੋ ਪਹਿਲੇ ਖੰਡਾ-ਕਾਲ ਰੂਪ ਧਾਰਦਾ ਤੇ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ ਤੇ ਇਸੇ ਮਹਾਨ ਸੱਤਾ ਬਾਰੇ ਉਹ ਅੱਗੇ ਜਾ ਕੇ ਕਹਿੰਦੇ ਹਨ ਕਿ ਤੇਰੇ ਬਲ ਨਾਲ ਹੀ ਰਾਮ ਕ੍ਰਿਸ਼ਨ ਆਦਿਕ ਅਵਤਾਰਾਂ ਨੇ ਜਿੱਤ ਪਾਈ ਤੇ ਤੇਰੇ ਬਲ ਨਾਲ ਹੀ ਇਸ ਦੁਰਗਾ ਨੇ ਦੈਂਤਾਂ ਦਾ ਨਾਸ਼ ਕੀਤਾ ਹੈ। ਸ਼ਬਦ ਸਾਫ਼ ਹਨ :

*ਖੰਡਾ ਪ੍ਰਿਥਮੈ ਸਾਜਿ ਕੈ, ਜਿਨਿ ਸਭ ਸੈਸਾਰੁ ਉਪਾਇਆ।*
*ਬ੍ਰਹਮਾ ਬਿਸਨੁ ਮਹੇਸ ਸਾਜਿ, ਕੁਦਰਤ ਦਾ ਖੇਲੁ ਰਚਾਇ ਬਣਾਇਆ।*
*ਸਿੰਧ ਪਰਬਤ ਮੇਦਨੀ, ਬਿਨੁ ਥੰਮਾ ਗਗਨਿ ਰਹਾਇਆ।*
*ਸਿਰਜੇ ਦਾਨੋ ਦੇਵਤੇ, ਤਿਨ ਅੰਦਰਿ ਬਾਦੁ ਰਚਾਇਆ।*
*ਤੈ ਹੀ ਦੁਰਗਾ ਸਾਜਿ ਕੈ, ਦੈਂਤਾਂ ਦਾ ਨਾਸ ਕਰਾਇਆ।*
*ਤੈਥੋਂ ਹੀ ਬਲੁ ਰਾਮ ਲੈ, ਨਾਲ ਬਾਣਾ ਦਹਸਿਰੁ ਘਾਇਆ।*
*ਤੈਥੋਂ ਹੀ ਬਲੁ ਕ੍ਰਿਸਨ ਲੈ, ਕੰਸੁ ਕੇਸੀ ਪਕੜਿ ਗਿਰਾਇਆ।*
*ਬਡੇ ਬਡੇ ਮੁਨਿ ਦੇਵਤੇ, ਕਈ ਜੁਗ ਤਿਨੀ ਤਨੁ ਤਾਇਆ।*
*ਕਿਨੀ ਤੇਰਾ ਅੰਤੁ ਨ ਪਾਇਆ॥ ੨॥*
*ਨਮਸਕਾਰ ਸ੍ਰੀ ਖੜਗ ਕੋ ਕਰਉ ਸੁ ਹਿਤ ਚਿਤ ਲਾਇ।*

ਇਥੇ ਖੜਗ ਦਾ ਅਰਥ ਤਲਵਾਰ ਨਹੀਂ, ਅਕਾਲ ਸ਼ਕਤੀ ਹੈ। ਇਵੇਂ 'ਵਾਰ ਦੁਰਗਾ ਕੀ' ਦੇ ਆਰੰਭ ਵਿਚ ਜੋ 'ਪ੍ਰਿਥਮ ਭਗਉਤੀ ਸਿਮਰਕੈ' ਪਾਠ ਹੈ, ਇਥੇ ਭਗਉਤੀ ਦਾ ਅਰਥ ਦੇਵੀ ਨਹੀਂ, ਸਗੋਂ ਤਲਵਾਰ ਹੈ ਤੇ ਤਲਵਾਰ ਤੋਂ ਭਾਵ ਅਕਾਲ ਸ਼ਕਤੀ ਹੈ। ਇਸ ਸਬੰਧ ਵਿਚ ਵਿਸਥਾਰ ਸਾਹਿਤ ਪੜ੍ਹੋ "ਸ੍ਰੀ ਦਸਮ ਗ੍ਰੰਥ ਬੋਧ ਭਾਗ ਪਹਿਲਾ" ਦਾ ਪੰਨਾ ੭੨। ਸੋ ਭਗਉਤੀ ਸ਼ਬਦ ਗੁਰੂ ਜੀ ਨੇ ਕੇਵਲ ਇਥੇ ਹੀ ਨਹੀਂ ਵਰਤਿਆ, ਸਗੋਂ ਹੋਰ ਵੀ ਕਈ ਥਾਂ 'ਸ੍ਰੀ ਭਗਉਤੀ ਜੀ ਸਹਾਇ' ਕਹਿ ਕੇ ਪਰਮੇਸ਼ਰ ਦਾ ਮੰਗਲ ਕੀਤਾ ਹੈ। ਇਕ ਹੋਰ ਪੱਖ ਤੋਂ ਵੀ ਇਸ ਦਾ ਵਿਚਾਰ ਧਿਆਨ ਯੋਗ ਹੈ। ਪੁਰਾਣੇ ਸੰਸਕ੍ਰਿਤ ਸਾਹਿਤ ਵਿਚ 'ਭਗਵਤ' ਸ਼ਬਦ ਪਰਮੇਸ਼ਰ ਦੇ ਅਰਥਾਂ ਵਿਚ

ਪ੍ਰਸਿੱਧ ਹੈ। ਹਿੰਦੀ ਵਿਚ ਵੀ ਐਸਾ ਹੀ ਹੈ ਤੇ ਗੁਰੂ ਸਾਹਿਬ ਜੀ ਨੇ ਇਸ ਦੀ ਵਰਤੋਂ ਵੀ ਕੀਤੀ ਹੈ :

*ਪ੍ਰਥਮ ਧਰੌ ਭਗਵਤ ਕੌ ਧਯਾਨਾ॥*
*ਬਹੁਰ ਕਰੌ ਕਬਿਤਾ ਬਿਧਿ ਨਾਨਾ॥*

ਇਸੇ ਭਗਵਤ ਦਾ ਇਸਤਰੀਲਿੰਗ ਰੂਪ 'ਭਗਵਤੀ' ਤੇ 'ਭਗਉਤੀ' ਹੈ, ਮੁਰਾਦ ਮਹਾਨ ਚੇਤਨ ਸ਼ਕਤੀ ਤੋਂ ਹੀ ਹੈ ਜੋ ਕਿ ਦੁਰਗਾ ਵਰਗੀਆਂ ਅਨੇਕਾਂ ਦੇਵੀਆਂ ਤੇ ਦੇਵਤੇ ਪੈਦਾ ਕਰ ਸਕਦੀ ਹੈ। ਸੋ ਇਸ ਭੇਦ ਨੂੰ ਧਿਆਨ ਗੋਚਰਾ ਕਰਨਾ ਜ਼ਰੂਰੀ ਹੈ ਕਿ ਚੰਡੀ ਜਾਂ ਦੁਰਗਾ ਤਾਂ ਦੇਵੀ ਹੀ ਹੈ ਜਿਸ ਨੇ ਦੈਂਤਾਂ ਨੂੰ ਹਰਾਇਆ, ਪਰੰਤੂ ਭਗਉਤੀ ਉਸ ਤੋਂ ਬਹੁਤ ਵਡੇਰੀ ਮਹਾਂ ਸ਼ਕਤੀ ਹੈ ਜਿਸ ਦੇ ਇਹ ਦੇਵੀ ਦੇਵਤੇ ਸਭ ਪਾਣੀਹਾਰ ਹਨ। ਇਸ ਗੱਲ ਨੂੰ ਵਾਰ ਦੀ ਦੂਜੀ ਪਉੜੀ ਵਿਚ ਗੁਰੂ ਸਾਹਿਬ ਨੇ ਆਪ ਹੀ ਸਪੱਸ਼ਟ ਕੀਤਾ ਹੈ :

*ਤੈ ਹੀ ਦੁਰਗਾ ਸਾਜਿ ਕੈ, ਦੈਂਤਾਂ ਦਾ ਨਾਸ ਕਰਾਇਆ।*

ਇਸ ਤੋਂ ਜ਼ਾਹਰ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਸ਼ਟ ਉਹ ਹੈ ਜੋ ਸਾਰੀਆਂ ਸ਼ਕਤੀਆਂ ਦਾ ਸੋਮਾ ਤੇ ਸਭ ਪੀਰਾਂ, ਅਵਤਾਰਾਂ ਨੂੰ ਤਾਕਤਾਂ ਬਖ਼ਸ਼ਣ ਵਾਲਾ ਹੈ।

ਮਹਾਨ ਦੈਵੀ ਸ਼ਕਤੀ ਭਗਉਤੀ ਹੈ, ਚੰਡੀ ਨਹੀਂ ਤੇ ਨਾ ਹੀ ਦੁਰਗਾ ਜਾਂ ਭਵਾਨੀ ਹੈ, ਇਹ ਤਾਂ ਉਸ ਦੀਆਂ ਦਾਸੀਆਂ ਹਨ।

*ਅਨਹਦ ਰੂਪ ਅਨਾਹਦ ਬਾਨੀ। ਚਰਨ ਸਰਨ ਜਿਹ ਬਸਤ ਭਵਾਨੀ।*

(ਅਕਾਲ ਉਸਤਤਿ)

ਸ੍ਰੀ ਰਾਮਾ ਅਵਤਾਰ ਵਿਚ ਗੁਰੂ ਜੀ ਕਥਨ ਕਰਦੇ ਹਨ :—

*ਦੁਹੂੰ ਓਰ ਬੱਜੇ ਬਜੰਤ੍ਰੰ ਅਪਾਰੰ॥ ਮਚੇ ਸੂਰਬੀਰੰ ਮਹਾਂ ਸ਼ਸਤ੍ਰ ਧਾਰੰ॥*
*ਕਰੈ ਅੱਤ੍ਰ ਪਾਤੰ ਨਿਪਾਤੰਤ ਸੂਰੰ॥ ਉਠੇ ਮੱਧ ਜੁਧੰ ਕਮੱਧੰ ਕਰੂਰੰ॥ ੪੦੫॥*
*ਗਿਰੈ ਰੁੰਡ ਮੁੰਡੰ ਭਸੁੰਡੰ ਅਪਾਰੰ॥ ਰੁਲੇ ਅੰਗ ਭੰਗੰ ਸਮੰਤੰ ਲੁਝਾਰੰ॥*
*ਪਰੀ ਕੂਹ ਜੂਹੰ ਉਠੇ ਗੱਦ ਸੱਦੰ॥ ਜਕੇ ਸੂਰਬੀਰੰ ਛਕੇ ਜਾਣ ਮੱਦੰ॥ ੪੦੬॥*
*ਗਿਰੇ ਝੂਮ ਭੂਮੰ ਅਘੂਮੇਤਿ ਘਾਯੰ॥ ਉਰੇ ਗੱਦ ਸੱਦੰ ਚੜ੍ਹੇ ਚਉਪ ਚਾਯੰ॥*
*ਜੁਝੇ ਬੀਰ ਏਕੰ ਅਨੇਕੰ ਪ੍ਰਕਾਰੰ॥ ਕਟੇ ਅੰਗ ਜੰਗੰ ਰਟੈਂ ਮਾਰ ਮਾਰੰ॥ ੪੦੭॥*

ਕ੍ਰਿਸ਼ਨਾ ਅਵਤਾਰ ਵਿਚ ਗੁਰੂ ਜੀ ਕਥਨ ਕਰਦੇ ਹਨ :—

*ਕ੍ਰਿਸ਼ਨ ਜੁੱਧ ਜੋ ਹਉ ਕਹਯੋ ਅਤਿਹੀ ਸੰਗ ਸਨੇਹ॥*
*ਜਿਹ ਲਾਲਚ ਇਹ ਮੈ ਰਚਯੋ ਮੋਹਿ ਵਹੈ ਬਰੁ ਦੇਹਿ॥ ੧੯੯੯॥*

*ਹੇ ਰਵਿ ਹੇ ਸਸਿ ਹੇ ਕਰੁਨਾਨਿਧ ਮੇਰੀ ਅਬੈ ਬਿਨਤੀ ਸੁਨਿ ਲੀਜੈ॥*
*ਅਉਰ ਨ ਮਾਂਗਤ ਹਉ ਤੁਮ ਤੇ ਕਛੁ ਚਾਹਤ ਹਉ ਚਿਤ ਮੈ ਸੋਈ ਕੀਜੈ॥*
*ਸ਼ਤ੍ਰੁਨ ਸਿਉ ਅਤਿ ਹੀ ਰਨ ਭੀਤਰ ਜੂਝ ਮਰੋ ਕਹਿ ਸਾਚ ਪਤੀਜੈ ॥*
*ਸੰਤ ਸਹਾਇ ਸਦਾ ਜਗ ਮਾਇ ਕ੍ਰਿਪਾ ਕਰਿ ਸਯਾਮ ਇਹੈ ਬਰੁ ਦੀਜੈ॥ ੧੯੦੦॥*

*ਜਉ ਕਿਛੁ ਇੱਛ ਕਰੋ ਧਨ ਕੀ ਤਉ ਚਲਯੋ ਧਨੁ ਦੇਸਨ ਦੇਸ ਤੇ ਆਵੈ॥*
*ਅਉ ਸਭ ਰਿੱਧਨ ਸਿੱਧਨ ਪੈ ਹਮਰੋ ਨਹੀ ਨੈਕੁ ਹੀਯਾ ਲਲਚਾਵੈ॥*
*ਅਉਰ ਸੁਨੋ ਕਛੁ ਜੋਗ ਬਿਖੈ ਕਹਿ ਕਉਨ ਇਤੋ ਤਪ ਕੈ ਤਨੁ ਤਾਵੈ॥*
*ਜੂਝ ਮਰੋ ਰਨ ਮੈ ਤਜਿ ਭੈ ਤੁਮ ਤੇ ਪ੍ਰਭ ਸਯਾਮ ਇਹੈ ਬਰੁ ਪਾਵੈ॥ ੧੯੦੧॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੪੯੫)

ਗੁਰਦੇਵ ਜੀ ਨੇ ਅਵਤਾਰ ਕਥਾਵਾਂ ਅੰਦਰ ਵੀ ਵੱਡੇ-ਵੱਡੇ ਜ਼ਾਲਮ ਦੁਸ਼ਟਾਂ ਦਾ ਨਾਸ਼ ਹੁੰਦਾ ਅਤੇ ਸੂਰਮਿਆਂ ਦੀ ਜੰਗ ਵਿਚ ਸੂਰਮਤਾਈ ਉਜਾਗਰ ਕੀਤੀ ਹੈ। ਸਮਰੱਥ ਗੁਰੂ ਜੀ ਨੇ ਤਾਂ ਇਹਨਾਂ ਅਵਤਾਰਾਂ ਬਾਰੇ ਇਸ ਤਰ੍ਹਾਂ ਕਿਹਾ ਹੈ :

*ਰਾਮ ਰਹੀਮ ਉਬਾਰ ਨ ਸਕੈ ਹੈ ਜਾਕਰ ਨਾਮ ਰਟੈ ਹੈ॥*
*ਬ੍ਰਹਮਾ ਬਿਸਨ ਰੁਦ੍ਰ ਸੂਰਜ ਸਸ ਤੇ ਬਸਿ ਕਾਲ ਸਭੈ ਹੈ॥*

ਰਾਮਾ ਅਵਤਾਰ ਦੇ ਅਖ਼ੀਰ ਵਿਚ ਸਤਿਗੁਰੂ ਜੀ ਨੇ ਇਸ ਤਰ੍ਹਾਂ ਉਚਾਰਨ ਕੀਤਾ ਹੈ :

*ਪਾਂਏ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ॥*
*ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ॥*
*ਸਿੰਮ੍ਰਿਤਿ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈਂ ਹਮ ਏਕ ਨ ਜਾਨਯੋ॥*
*ਸ੍ਰੀ ਅਸਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਭ ਤੋਹਿ ਬਖਾਨਯੋ॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੨੫੪)

ਹਜ਼ੂਰ ਨੇ ਬੀਰ ਰਸ ਭਰਪੂਰ ਛੰਦਾ ਬੰਦੀ ਵਿਚ ਆਪਣਾ ਸਿਧਾਂਤ ਇਸ ਤਰ੍ਹਾਂ ਉਜਾਗਰ ਕੀਤਾ ਹੈ :

*ਸਵੈਯਾ: ਛਤ੍ਰੀ ਕੋ ਪੂਤ ਹੌ ਬਾਮਨ ਕੋ ਨਹਿ ਕੈ ਤਪੁ ਆਵਤ ਹੈ ਜੁ ਕਰੋ॥*
*ਅਰੁ ਅਉਰ ਜੰਜਾਰ ਜਿਤੋ ਗ੍ਰਿਹ ਕੋ ਤੁਹਿ ਤਿਆਗ ਕਹਾ ਚਿਤ ਤਾ ਮੈ ਧਰੋ॥*
*ਅਬ ਰੀਝਕੈ ਦੇਹੁ ਵਹੈ ਹਮ ਕਉ ਜੋਊ ਹਉ ਬਿਨਤੀ ਕਰ ਜੋਰ ਕਰੋ॥*
*ਜਬ ਆਉ ਕੀ ਅਉਧ ਨਿਦਾਨ ਬਨੈ ਅਤਿਹੀ ਰਨ ਮੈ ਤਬ ਜੂਝ ਮਰੋ॥ ੨੪੯੯॥*

ਦੋਹਰਾ: ਸੱਤ੍ਰਹ ਸੈ ਪੈਤਾਲ ਮਹਿ ਸਾਵਨ ਸੁਦਿ ਥਿਤਿ ਦੀਪ॥
ਨਗਰ ਪਾਂਵਟਾ ਸੁਭ ਕਰਨ ਜਮਨਾ ਬਹੈ ਸਮੀਪ॥ ੨੪੯੦॥
ਦਸਮ ਕਥਾ ਭਾਗਉਤ ਕੀ ਭਾਖਾ ਕਰੀ ਬਨਾਇ॥
ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁੱਧ ਕੇ ਚਾਇ॥ ੨੪੯੧॥
ਸਵੈਯਾ: ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ॥
ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵਸਾਗਰ ਤਾਰੈ॥
ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉ ਉਜੀਆਰੈ॥
ਗਜਾਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥ ੨੪੯੨॥

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੫੭੦)

❑

# ਚਰਿੱਤ੍ਰੋ ਪਖਯਾਨ ਨਿਰਨਯ

ਚਰਿੱਤ੍ਰੋ ਪਖਯਾਨ ਸਿਰਲੇਖ ਹੇਠ ਵੱਖ-ਵੱਖ ਚਰਿੱਤ੍ਰਾਂ ਦੇ ਪਾਤਰ ਸਿਰਜ ਕੇ ਸਮਾਜ ਦੀਆਂ ਕਮਜ਼ੋਰੀਆਂ ਨੂੰ ਉਜਾਗਰ ਕੀਤਾ ਹੈ। ਖ਼ਾਸ ਕਰ ਕੇ ਰਜਵਾੜੇ ਲੋਗ ਜੋ ਆਚਰਨਹੀਨ ਸਨ, ਉਨ੍ਹਾਂ ਦੀਆਂ ਕਮਜ਼ੋਰੀਆਂ ਨੂੰ ਪ੍ਰਗਟ ਕੀਤਾ ਹੈ। ਚਰਿੱਤ੍ਰਾਂ ਵਿਚ ੨੧੧ ਰਾਜਿਆਂ ਦੇ ਨਾਮ ਹਨ, ਪਰ ਚੰਗੇ ਜੀਵਨ ਵਾਲੇ ਕੁਝ ਗਿਣਤੀ ਦੇ ਨਾਮ ਆਏ ਹਨ। ਬਾਕੀ ਸਾਰੇ ਵਿਕਾਰਾਂ ਵਿਚ ਗਰਕੇ ਹੋਏ ਸਨ ਅਤੇ ੧੪੫ ਰਾਣੀਆਂ ਦੇ ਨਾਮ ਆਏ ਹਨ।

ਕੁਲ ੧੫ ਰਾਣੀਆਂ ਦੀ ਸੁਰਮਤਾਈ ਹੇਠ ਲਿਖੇ ਚਰਿੱਤ੍ਰਾਂ ਵਿਚ ਕਥਨ ਕੀਤੀ ਹੈ:

| ਗਿਣਤੀ | ਚਰਿੱਤ੍ਰ ਨੰ: |
|---|---|
| ੧ | ੪੮ |
| ੨ | ੮੨ |
| ੩ | ੧੦੨ |
| ੪ | ੧੨੨ |
| ੫ | ੧੨੮ |
| ੬ | ੧੩੭ |
| ੭ | ੧੪੧ |
| ੮ | ੧੫੧ |
| ੯ | ੧੫੨ |
| ੧੦ | ੧੬੩ |
| ੧੧ | ੧੮੪ |
| ੧੨ | ੨੦੭ |
| ੧੩ | ੨੧੬ |
| ੧੪ | ੨੩੭ |
| ੧੫ | ੩੩੨ |

੨੧ ਆਮ ਇਸਤ੍ਰੀਆਂ ਦੀ ਸੁਰਮਤਾਈ ਹੇਠ ਲਿਖੇ ਚਰਿੱਤ੍ਰਾਂ ਵਿਚ ਕਥਨ ਕੀਤੀ ਗਈ ਹੈ:

| ਗਿਣਤੀ | ਚਰਿੱਤ੍ਰ ਨੰ: | ਗਿਣਤੀ | ਚਰਿੱਤ੍ਰ ਨੰ: |
|---|---|---|---|
| ੧ | ੬੫ | ੧੨ | ੧੯੧ |
| ੨ | ੯੬ | ੧੩ | ੧੯੭ |
| ੩ | ੧੦੦ | ੧੪ | ੨੧੫ |
| ੪ | ੧੨੫ | ੧੫ | ੨੪੬ |
| ੫ | ੧੨੬ | ੧੬ | ੨੪੮ |
| ੬ | ੧੪੭ | ੧੭ | ੩੩੧ |
| ੭ | ੧੫੩ | ੧੮ | ੩੩੬ |
| ੮ | ੧੬੨ | ੧੯ | ੩੫੪ |
| ੯ | ੧੭੬ | ੨੦ | ੩੯੭ |
| ੧੦ | ੧੮੫ | ੨੧ | ੩੨ |
| ੧੧ | ੧੮੬ | | |

ਤੇ ਬਹੁਤ ਸਾਰੇ ਚਰਿੱਤ੍ਰਾਂ ਵਿਚ ਇਸ ਤਰ੍ਹਾਂ ਕਥਨ ਕੀਤਾ ਗਿਆ ਹੈ :-

ਰਾਧਕਾ ਕ੍ਰਿਸ਼ਨ ਜੀ, ਹੀਰ ਰਾਂਝਾ, ਸੋਹਣੀ ਮਹੀਂਵਾਲ, ਸੱਸੀ ਪੁੰਨੂ, ਮਿਰਜ਼ਾ ਸਾਹਿਬਾਂ, ਇੰਦ੍ਰ ਅਹਿਲਿਆ, ਦ੍ਰੋਪਤੀ ਭੀਮਸੈਨ, ਵਿਸ਼ਨੂੰ ਤੇ ਜਲੰਧਰ ਦੈਂਤ, ਬ੍ਰਹਮਾ, ਦੇਵਤੇ ਤੇ ਦੈਂਤ ਜੁੱਧ, ਸ੍ਰਿੰਗੀ ਰਿਖੀ, ਪਾਰਬਤੀ, ਸੁਕਰਾਚਾਰੀਆ, ਸਾਹ ਸਿਕੰਦਰ, ਅੰਮ੍ਰਿਤ ਦੀ ਭਾਲ, ਜੁਜਾਤੀ ਤੇ ਉਦਾਲਕ ਰਿਖੀ, ਮੋਹਣੀ ਰੂਪ ਧਾਰਿਆ, ਵਿਸ਼ਨੂੰ ਤੇ ਜੰਭਸੁਰ ਦਾ ਜੰਗ, ਸਤਸਿੰਧ ਰਾਜ ਤੇ ਦੀਰਘ ਦੈਂਤ ਦਾ ਜੰਗ। ਚਰਿੱਤ੍ਰ ਇਸ ਪ੍ਰਕਾਰ ਹਨ :

| ਗਿਣਤੀ | ਚਰਿੱਤ੍ਰ ਨੰ: | ਗਿਣਤੀ | ਚਰਿੱਤ੍ਰ ਨੰ: |
|---|---|---|---|
| ੧ | ੧੨ | ੧੪ | ੧੨੯ |
| ੨ | ੮੦ | ੧੫ | ੧੩੭ |
| ੩ | ੯੮ | ੧੬ | ੧੪੧ |
| ੪ | ੧੦੧ | ੧੭ | ੧੪੨ |
| ੫ | ੧੦੨ | ੧੮ | ੧੫੨ |
| ੬ | ੧੦੮ | ੧੯ | ੧੮੪ |
| ੭ | ੧੦੯ | ੨੦ | ੨੦੩ |
| ੮ | ੧੧੪ | ੨੧ | ੨੧੭ |
| ੯ | ੧੧੫ | ੨੨ | ੩੧੯ |
| ੧੦ | ੧੧੬ | ੨੩ | ੩੨੦ |
| ੧੧ | ੧੧੭ | ੨੪ | ੩੨੧ |
| ੧੨ | ੧੨੦ | ੨੫ | ੪੦੫ |
| ੧੩ | ੧੨੩ | | |

ਇਸੇ ਤਰ੍ਹਾਂ ਕਾਜ਼ੀ, ਮੁੱਲ੍ਹਾਂ ਤੇ ਪੀਰਾਂ ਨਾਲ ਸਬੰਧਤ ਚਰਿੱਤ੍ਰ :

| ਗਿਣਤੀ | ਚਰਿੱਤ੍ਰ ਨੰ: | ਗਿਣਤੀ | ਚਰਿੱਤ੍ਰ ਨੰ: |
|---|---|---|---|
| ੧ | ੧੭ | ੭ | ੨੬੭ |
| ੨ | ੪੨ | ੮ | ੨੭੮ |
| ੩ | ੪੬ | ੯ | ੩੨੧ |
| ੪ | ੯੯ | ੧੦ | ੩੫੩ |
| ੫ | ੧੩੫ | ੧੧ | ੩੮੨ |
| ੬ | ੨੧੯ | ੧੨ | ੩੯੨ |

ਜੋਗੀਆਂ ਨਾਲ ਸਬੰਧਤ ਚਰਿੱਤ੍ਰ ਹੇਠ ਲਿਖੇ ਅਨੁਸਾਰ ਹਨ :

| ਗਿਣਤੀ | ਚਰਿੱਤ੍ਰ ਨੰ: | ਗਿਣਤੀ | ਚਰਿੱਤ੍ਰ ਨੰ: |
|---|---|---|---|
| ੧ | ੫ | ੧੦ | ੨੧੬ |
| ੨ | ੩੫ | ੧੧ | ੨੭੫ |
| ੩ | ੪੫ | ੧੨ | ੨੮੦ |
| ੪ | ੭੯ | ੧੩ | ੩੧੨ |
| ੫ | ੮੧ | ੧੪ | ੩੨੨ |
| ੬ | ੮੫ | ੧੫ | ੩੪੦ |
| ੭ | ੧੪੩ | ੧੬ | ੩੫੭ |
| ੮ | ੨੦੫ | ੧੭ | ੩੮੯ |
| ੯ | ੨੦੯ | | |

ਅੱਗੇ ਸੰਨਿਆਸੀ ਤੇ ਵੈਰਾਗੀ ਸਾਧ ਅਤੇ ਬ੍ਰਾਹਮਣ ਤੇ ਪੁਜਾਰੀ ਆਦਿ ਨਾਲ ਸਬੰਧਤ ਚਰਿੱਤ੍ਰ ਹਨ :

| ਗਿਣਤੀ | ਚਰਿੱਤ੍ਰ ਨੰਬਰ | ਗਿਣਤੀ | ਚਰਿੱਤ੍ਰ ਨੰਬਰ |
|---|---|---|---|
| ੧ | ੯੪ | ੭ | ੩੩੯ |
| ੨ | ੧੩੬ | ੮ | ੩੪੭ |
| ੩ | ੧੫੮ | ੯ | ੩੫੨ |
| ੪ | ੧੬੫ | ੧੦ | ੩੬੩ |
| ੫ | ੨੭੧ | ੧੧ | ੪੦੧ |
| ੬ | ੨੯੪ | | |

❒

# ਜਾਪੁ ਸਾਹਿਬ

ਜਾਪੁ ਸਾਹਿਬ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਪਵਿੱਤ੍ਰ ਰਚਨਾ ਹੈ ਜੋ ਸ੍ਰੀ ਦਸਮ ਗ੍ਰੰਥ ਸਹਿਬ ਜੀ ਦੀ ਪਹਿਲੀ ਬਾਣੀ ਹੈ। ਜਿਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਪਾਵਣ ਬਾਣੀ ਸ੍ਰੀ ਜਪੁ ਜੀ ਸਾਹਿਬ ਜੀ ਹੈ। ਜਪੁ ਪਦ ਦਾ ਅਰਥ ਡਾਕਟਰ ਭਾਈ ਵੀਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਕੋਸ਼ ਅੰਦਰ ਜਪਣਾ ਕੀਤਾ ਹੈ।

ਡਾਕਟਰ ਗੁਰਚਰਨ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਕੋਸ਼ ਅੰਦਰ ਜਾਪੁ ਪਦ ਦੇ ਅਰਥ ਕੀਤੇ ਹਨ, ਜਿਸ ਦਾ ਜਪ ਕੀਤਾ ਜਾਵੇ।

*ਮਨ ਮੇਰੇ ਰਾਮ ਨਾਮੁ ਜਪਿ ਜਾਪੁ॥* (ਅੰਗ ੧੧੩੨)

ਅਕਾਲ ਪੁਰਖ ਨੂੰ ਬੰਦਨਾ, ਨਮਸਕਾਰ ਤੇ ਉਸਤਤਿ ਪ੍ਰਭੁ ਜਸ ਗਾਇਨ ਨੂੰ ਇਸ ਦੇ ਅੰਤਰਗਤ ਭਾਵ ਪੂਰਨ ਅਭਿਵਿਅਕਤੀ ਸਹਿਤ ਰੂਪਮਾਨ ਕੀਤਾ ਗਿਆ ਹੈ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਾਵਨ ਰਚਨਾ ਸ੍ਰੀ ਜਪੁ ਜੀ ਸਾਹਿਬ ਪ੍ਰਾਰੰਭਕ ਬਾਣੀ ਦਰਜ ਹੈ। ਪਰੰਪਰਕ ਰਵਾਇਤ ਅਨੁਸਾਰ ਜਪੁ ਜੀ ਸਾਹਿਬ ਵਿਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿਧਾਂਤ ਤੇ ਵਿਆਖਿਆ ਸਵੀਕ੍ਰਿਤ ਕੀਤੀ ਜਾਂਦੀ ਹੈ। ਜਪੁ ਜੀ ਅਤੇ ਜਾਪੁ ਸਾਹਿਬ ਦੀ ਭਾਵ ਅਨੁਭੂਤੀ ਵਿਚ ਮੂਲ ਵਿਚਾਰਧਾਰਕ ਏਕਤਾ ਪਾਈ ਜਾਂਦੀ ਹੈ। ਇਹਨਾਂ ਦੋਹਾਂ ਬਾਣੀ ਰਚਨਾਵਾਂ ਨੂੰ ਸਿੱਖ ਮਰਯਾਦਾ ਅਨੁਸਾਰ ਨਿਤਨੇਮ ਦੀਆਂ ਬਾਣੀਆਂ ਵਿਚ ਪੜ੍ਹਨ ਦਾ ਹੁਕਮ ਹੈ। ਜਾਪੁ ਸਾਹਿਬ ਦਾ ਆਰੰਭ ਇਸ ਮੰਗਲਾਚਰਨ ਤੋਂ ਕੀਤਾ ਗਿਆ ਹੈ :

ੴ ਸਤਿਗੁਰ ਪ੍ਰਸਾਦਿ॥
ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਜਾਪੁ॥
ਸ੍ਰੀ ਮੁਖਵਾਕ ਪਾਤਿਸ਼ਾਹੀ ੧੦
ਛਪੈ ਛੰਦ॥
ਤ੍ਵ ਪ੍ਰਸਾਦਿ॥

ਮੰਗਲਾਚਰਣ ਬਾਣੀ ਵਿਧਾਨ ਦਾ ਪਰੰਪਰਾਗਤ ਨੇਮ ਹੈ। ਬਾਣੀ ਰਚਨਾਵਾਂ ਦੁਆਰਾ ਰਚਿਤ ਬਾਣੀ ਰਚਨਾਵਾਂ ਦੇ ਰਚਣ ਤੋਂ ਪੂਰਵ ਮੰਗਲ ਦਾ ਉਲੇਖ ਦ੍ਰਿਸ਼ਟੀਮਾਨ ਹੁੰਦਾ ਹੈ। ਸ੍ਰੀ

ਗੁਰੂ ਨਾਨਕ ਦੇਵ ਜੀ ਨੇ ਸ੍ਰੀ ਜਪੁ ਜੀ ਸਾਹਿਬ ਜੀ ਦਾ ਆਰੰਭ ਵੀ ਇਸ ਪ੍ਰਕਾਰ ਕੀਤਾ ਹੈ :

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*

*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਜਪੁ॥*

ਜਾਪੁ ਸਾਹਿਬ ਅਤੇ ਜਪੁ ਜੀ ਸਾਹਿਬ ਦੇ ਮੰਗਲਾਚਰਣ ਵਿਚ ਥੋੜ੍ਹੀ ਜੇਹੀ ਭਿੰਨਤਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ *'ੴ ਸਤਿਗੁਰ ਪ੍ਰਸਾਦਿ'* ਦੇ ਨਾਲ ਸ੍ਰੀ ਵਾਹਿਗੁਰੂ ਜੀ ਕੀ ਫਤਹਿ ਵੀ ਅੰਕਿਤ ਕੀਤੀ ਹੈ। ਭਾਵ ਕਿ ਜਿਥੇ ੧ੴ ਸਤਿਗੁਰ ਪ੍ਰਸਾਦਿ ਗੁਰਮਤਿ ਵਿਚਾਰਧਾਰਾ ਦਾ ਪ੍ਰਤੀਕ ਹੈ, ਉਥੇ ਗੁਰੂ ਸਾਹਿਬ ਅਕਾਲ ਪੁਰਖ ਨੂੰ ਸੰਬੋਧਤ ਹੋ ਕੇ ਉਸ ਦੀ ਸ਼ਰਣ ਮੰਗਦੇ ਹੋਏ ਅਕਾਲ ਪੁਰਖ ਦੀ ਜੈ ਜੈਕਾਰ ਕਰਦੇ ਹਨ। ਇਸ ਦੇ ਨਾਲ ਹੀ ਆਪਣੀ ਫ਼ਤਹਿ ਦੇ ਆਸ਼ੀਰਵਾਦ ਦੀ ਬਖ਼ਸ਼ਿਸ਼ ਚਾਹੁੰਦੇ ਹਨ। ਗੁਰੂ ਸਾਹਿਬ ਦੁਆਰਾ ਰਚਿਤ ਬਾਣੀ ਦੇ ਅੰਤਰਗਤ ਅਕਾਲ ਪੁਰਖ/ਪ੍ਰਮਾਤਮਾ ਦੇ ਸਤਿ ਸਰੂਪ ਨੂੰ ਵਿਭਿੰਨ ਪਾਸਾਰਾਂ ਤੋਂ ਅਭਿਵਿਅਕਤ ਕੀਤਾ ਗਿਆ ਹੈ। ਇਸ ਰਚਨਾ ਦੇ (੧੯੯) ਛੰਦ ਹਨ। ਇਸ ਬਾਣੀ ਦਾ ਆਰੰਭ ਪ੍ਰਮਾਤਮਾ ਦੇ ਨਿਰਗੁਣ ਸਰੂਪ ਦੇ ਵਰਨਣ ਤੋਂ ਕੀਤਾ ਗਿਆ ਹੈ :

*ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥*
*ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ॥*
*ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿੱਜੈ॥*
*ਕੋਟਿ ਇੰਦ੍ਰ ਇੰਦ੍ਰਾਣਿ ਸਾਹਿ ਸਾਹਾਣਿ ਗਣਿੱਜੈ॥*
*ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤਿ ਨੇਤਿ ਬਨ ਤ੍ਰਿਣ ਕਹਤ॥*
*ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ॥ ੧॥*

ਜਿਸ ਪ੍ਰਭੂ ਦਾ ਨਾ ਤਾਂ ਕੋਈ ਅਕਾਰ ਵਿਸ਼ੇਸ਼ ਹੈ, ਨਾ ਹੀ ਵਰਣ, ਜਾਤਿ ਅਤੇ ਕੁਲ ਵਿਸ਼ੇਸ਼ ਹੈ। ਉਸ ਦੇ ਰੂਪ, ਰੰਗ, ਅਕਾਰ ਅਤੇ ਵੇਸ਼ ਦਾ ਵਰਣਨ ਕੋਈ ਕਿਵੇਂ ਕਰ ਸਕਦਾ ਹੈ। ਉਹ ਸਦੈਵ ਸਥਿਰ ਰਹਿਣ ਵਾਲਾ, ਸਵੈ ਆਪਣੇ ਪ੍ਰਕਾਸ਼ ਤੋਂ ਪ੍ਰਕਾਸ਼ਿਤ ਅਨੰਤ ਬਲਸ਼ਾਲੀ ਹੈ। ਕਰੋੜਾਂ ਰਾਜਿਆਂ ਦਾ ਰਾਜਾ ਅਤੇ ਇੰਦ੍ਰਾਂ ਦਾ ਇੰਦ੍ਰ ਮੰਨਿਆ ਜਾਂਦਾ ਹੈ। ਤ੍ਰਿਲੋਕ (ਤਿੰਨਾਂ ਲੋਕਾਂ) ਦੇ ਦੇਵ ਦਾਨਵ, ਮਨੁੱਖ, ਬਨਸਪਤੀ ਸਭ ਉਸ ਨੂੰ ਬੇਅੰਤ ਬੇਅੰਤ ਕਹਿੰਦੇ ਹਨ। ਉਸ ਦੇ ਨਾਮ ਦਾ ਵਰਣਨ ਕਿਸ ਪ੍ਰਕਾਰ ਕੀਤਾ ਜਾ ਸਕਦਾ ਹੈ ? ਵਿਦਵਾਨਾਂ ਨੇ ਆਪਣੀ ਮਤਿ ਅਨੁਸਾਰ ਕੇਵਲ ਪ੍ਰਭੂ ਦੇ ਕਰਮ ਨਾਵਾਂ ਤੋਂ ਹੀ ਉਸ ਨੂੰ ਵਰਣਨ ਕੀਤਾ ਹੈ। ਆਪਣੇ ਇਸ਼ਟ ਅਕਾਲ ਪੁਰਖ ਦੇ ਪ੍ਰਕਾਸ਼ਮਈ ਜੋਤ ਸਰੂਪ ਦਾ ਵਰਣਨ ਕਰਨ ਉਪਰੰਤ ਅਕਾਲ ਪੁਰਖ ਦੇ ਨਿਰਾਕਾਰ ਰੂਪ ਨੂੰ ਵਿਭਿੰਨ ਵਿਸ਼ੇਸ਼ਣਾਂ ਦੁਆਰਾ ਸੰਬੋਧਤ ਕੀਤਾ ਗਿਆ ਹੈ। ਪਰਮਾਤਮਾ ਦੇ ਅਦ੍ਰਿਸ਼, ਅਨਾਦਿ, ਅਪਰੰਪਰ, ਨਿਰਵਿਕਾਰ, ਅਰੂਪ, ਅਭੂਤ, ਅਦਿਖ, ਅਲੋਕ, ਅਨੰਗ, ਅਨੁਭੂਤ ਰੂਪ ਦਾ

ਜਸ ਗਾਇਨ ਕਰਦਿਆਂ ਤੇ ਉਸ ਦੀ ਹੋਂਦ ਅਤੇ ਵਜੂਦ ਨੂੰ ਵਰਣਿਤ ਕੀਤਾ ਗਿਆ ਹੈ।

*ਤੂ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ॥*

ਪਰਮਾਤਮਾ ਦੀ ਸਰਬ ਵਿਆਪਕਤਾ ਦਾ ਵਰਣਨ ਕਰਦੇ ਹੋਏ ਗੁਰੂ ਸਾਹਿਬ ਸਪੱਸ਼ਟ ਕਰਦੇ ਹਨ ਕਿ ਉਹ ਜਲ, ਥਲ, ਵਾਯੂ, ਪਾਤਾਲ ਅੰਦਰ ਕਰਤਾ ਅਕਾਲ ਪੁਰਖ ਹੈ। ਉਹ ਸਦੀਵੀ ਹੈ, ਕਾਲ ਰਹਿਤ ਹੈ। ਉਸ ਦਾ ਨਾ ਆਦਿ ਹੈ ਨਾ ਅੰਤ। ਉਹ ਰੂਪ, ਰੰਗ ਅਤੇ ਰੇਖ ਤੋਂ ਨਿਆਰਾ ਹੈ। ਉਸ ਦਾ ਨਾ ਕੋਈ ਪਿਤਾ, ਨਾ ਮਾਤਾ, ਨਾ ਪੁੱਤਰ, ਨਾ ਸ਼ਤਰੂ, ਨਾ ਮਿੱਤਰ ਅਤੇ ਨਾ ਹੀ ਕੋਈ ਜਾਤ ਪਾਤ ਹੈ। ਉਹ ਜ਼ਮੀਨੁਲ ਜ਼ਮਾ (ਸਰਬ ਵਿਆਪਕ), ਕਰੀਮੁਲ ਕਮਾਲ (ਪਰਮ ਦਯਾਲੂ) ਅਤੇ ਅਮੀਕੁਲ ਇਮਾ (ਅਸੀਮ ਧਰਮ) ਹੈ। ਉਹ ਅਦ੍ਵੈਤ ਨਿਰਮੂਲ ਮਾਇਆ ਤੋਂ ਮੁਕਤ ਤੱਤਾਂ ਤੋਂ ਰਹਿਤ, ਨਾਮ ਬਾਣੀ ਅਤੇ ਇੰਦ੍ਰੀਆਂ ਤੋਂ ਵੀ ਪਰ੍ਹੇ ਹੈ। ਪੁਰਖ ਦੇ ਵਜੂਦ ਦੀਆਂ ਸਾਰੀਆਂ ਹੋਂਦਾਂ ਅਤੇ ਵੇਰਵਿਆਂ ਤੋਂ ਵੀ ਉਸ ਦਾ ਸਥਾਨ ਉੱਚਾ ਹੈ। ਉਹ ਅਜਿਹੀ ਅਨੰਤ ਸ਼ਕਤੀ ਹੈ ਜੋ ਮਨੁੱਖੀ ਸੋਚ ਤੋਂ ਭਿੰਨ ਅਤੇ ਵਿਚਾਰਾਂ ਵਿਚ ਅੰਕਿਤ ਨਹੀਂ ਹੋ ਸਕਦੀ, ਕਿਉਂਕਿ ਅਕਾਲ ਪੁਰਖ ਅਨੇਕ ਰੂਪ ਧਾਰ ਕੇ ਇਕ ਰੂਪ ਹੈ :

*ਆਪ ਰੂਪ, ਅਮੀਕ ਅਨ ਉਸਤਤਿ, ਏਕ ਪੁਰਖ ਅਵਧੂਤ॥*
*ਗਰਬ ਗੰਜਨ, ਸਰਬ ਭੰਜਨ, ਆਦਿ ਰੂਪ ਅਸੂਤ॥*
*ਅੰਗ ਹੀਨ, ਅਭੰਗ ਅਨਾਤਮ, ਏਕ ਪੁਰਖ ਅਪਾਰ॥*
*ਸਰਬ ਲਾਇਕ, ਸਰਬ ਘਾਇਕ, ਸਰਬ ਕੋ ਪ੍ਰਤਿਪਾਰ॥ ੮੫॥*

ਇਕ ਰੂਪ ਪਰਮਾਤਮਾ ਤਿੰਨਾਂ ਲੋਕਾਂ ਵਿਚ (ਧਰਤੀ, ਅਕਾਸ਼, ਪਾਤਾਲ) ਰਹਿਣ ਵਾਲਿਆਂ ਦਾ ਰਾਜਾ ਹੈ। ਗੁਰੂ ਸਾਹਿਬ ਯਥਾਰਥਕ ਪੱਧਰ 'ਤੇ ਰਾਜਿਆਂ ਦੇ ਰਾਜੇ ਅਕਾਲ ਪੁਰਖ ਦੀ ਉਸਤਤੀ ਕਰਦਿਆਂ ਉਸ ਨੂੰ ਨਮਸ਼ਕਾਰ ਕਰਦੇ ਹਨ :

*ਨਮਸਤ੍ਵੰ ਅਕਾਲੇ॥ ਨਮਸਤ੍ਵੰ ਕ੍ਰਿਪਾਲੇ॥*
*ਨਮਸਤੰ ਅਰੂਪੇ॥ ਨਮਸਤੰ ਅਨੂਪੇ॥ ੨॥*

ਕਾਲ ਰਹਿਤ ਕ੍ਰਿਪਾਲੂ ਪ੍ਰਮਾਤਮਾ ਜੋ ਰੂਪ ਰਹਿਤ ਹੈ ਤੇ ਜਿਸ ਦੀ ਉਪਮਾ ਕਹਿਣ ਤੋਂ ਪਰੇ ਹੈ, ਉਸ ਨੂੰ ਨਮਸ਼ਕਾਰ ਕੀਤੀ ਹੈ। ਮਨੁੱਖ ਦੀ ਸੋਚ ਅਤੇ ਬੁੱਧੀ ਵਿਚ ਆਉਣ ਵਾਲਾ ਸਕਾਰਾਤਮਕ ਵਜੂਦ ਕੁਦਰਤੀ ਸ਼ਕਤੀਆਂ ਹਨ ਜਿਨ੍ਹਾਂ ਵਿਚ ਸੂਰਜ, ਚੰਦਰਮਾ, ਧਰਤੀ, ਅਕਾਸ਼ ਆਦਿ ਹਨ। ਅਕਾਲ ਪੁਰਖ ਸੂਰਜਾਂ ਦਾ ਸੂਰਜ, ਚੰਦਰਮਾ ਦਾ ਚੰਦ, ਰਾਜਿਆਂ ਦਾ ਰਾਜਾ ਅਤੇ ਇੰਦ੍ਰਾਂ ਦਾ ਇੰਦ੍ਰ ਹੈ। ਇਸ ਲਈ ਸਾਰੇ ਹੀ ਉਸ ਨੂੰ ਨਮਸਕਾਰ ਕਰਦੇ ਹਨ :

*ਨਮੋ ਸੂਰਜ ਸੂਰਜੇ ਨਮੋ ਚੰਦ੍ਰ ਚੰਦ੍ਰੇ॥*
*ਨਮੋ ਰਾਜ ਰਾਜੇ ਨਮੋ ਇੰਦ੍ਰ ਇੰਦ੍ਰੇ॥*

*ਨਮੋ ਅੰਧਕਾਰੇ ਨਮੋ ਤੇਜ ਤੇਜੇ॥*
*ਨਮੋ ਬ੍ਰਿੰਦ ਬ੍ਰਿੰਦੇ ਨਮੋ ਬੀਜ ਬੀਜੇ॥ ੧੮੫॥*

ਉਕਤ ਤੋਂ ਦ੍ਰਿਸ਼ਟਮਾਨ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਅਕਾਲ ਪੁਰਖ ਨੂੰ ਸਮੂੰਹ ਪ੍ਰਾਕਿਰਤਕ ਖਗੋਲਿਕ ਹੋਂਦਾਂ ਤੋਂ ਸਰਵੋਤਮ ਸਵੀਕਾਰ ਕਰਦੇ ਹਨ। ਕਿਉਂਕਿ ਉਹ ਅਕਾਲ ਪੁਰਖ ਚਾਰੇ ਦਿਸ਼ਾਵਾਂ ਵਿਚ ਨਿਰੰਤਰ ਗਤੀਸ਼ੀਲ ਅਤੇ ਪ੍ਰਵਾਹਮਾਨ ਚਾਰੋਂ ਪਾਸੇ ਵਿਆਪਕ ਹੈ। ਸਾਰੇ ਲੋਕਾਂ ਵਿਚ ਉਸ ਦਾ ਜਸ ਗਾਇਨ ਕੀਤਾ ਜਾਂਦਾ ਹੈ ਭਾਵ ਸਾਰੇ ਅਕਾਸ਼ਾਂ ਪਤਾਲਾਂ ਵਿਚ ਉਸ ਦਾ ਜਸ ਕੀਤਾ ਜਾਂਦਾ ਹੈ।

*ਚੱਕ੍ਰ ਬੱਕ੍ਰ ਫਿਰੈ ਚਤੁਰ ਚੱਕ, ਮਾਨਹੀ ਪੁਰ ਤੀਨ॥ ੮੨॥*
*ਲੋਕ ਚਉਦਹ ਕੇ ਬਿਖੈ, ਜਗੁ ਜਾਪਹੀ ਜਿਹ ਜਾਪ॥*
*ਆਦਿ ਦੇਵ ਅਨਾਦਿ ਮੂਰਤਿ ਥਾਪਿਓ ਸਬੈ ਜਿਹ ਥਾਪਿ॥*
*ਪਰਮ ਰੂਪ ਪੁਨੀਤ ਮੂਰਤਿ, ਪੂਰਨ ਪੁਰਖ ਅਪਾਰ॥*
*ਸਰਬ ਬਿਸ੍ਵ ਰਚਿਓ ਸੁਯੰਭਵ, ਗੜਨ ਭੰਜਨਹਾਰ॥ ੮੩॥*

ਜਿਸ ਪ੍ਰਭੂ ਦਾ ਜਾਪ ਸਾਰੇ ਲੋਕਾਂ ਵਿਚ ਵਿਆਪਕ ਹੈ ਅਤੇ ਸਮਸਤ ਜਗਤ ਉਸ ਦਾ ਜਸ ਗਾਇਨ ਕਰ ਰਿਹਾ ਹੈ, ਉਹ ਸਰਵ ਪ੍ਰਥਮ ਪੂਜਯ ਯੋਗ ਹੈ। ਇਸ ਦਾ ਸਰੂਪ ਅਨਾਦਿ ਹੈ ਜੋ ਕਿ ਸਾਰੀ ਸ੍ਰਿਸ਼ਟੀ ਦਾ ਕਰਤਾ, ਸਰਬ-ਵਿਆਪਕ, ਸਵੈ ਉਤਪੰਨ ਅਤੇ ਸੰਘਾਰਕ ਵੀ ਹੈ, ਪਰੰਤੂ 'ਜਾਪੁ' ਅਜਿਹੀ ਸਰਬ ਲੋਹੀ ਮਾਲਾ ਹੈ ਜੋ ਭਗਤੀ ਤੇ ਸ਼ਕਤੀ ਦੋਹਾਂ ਦਾ ਸੋਮਾ ਹੈ, ਇਸ ਤੋਂ ਬਿਨਾਂ ਸੰਤ ਸਿਪਾਹੀ ਦੀ ਸਾਜਨਾ ਸੰਭਵ ਨਹੀਂ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿਮਰਨ ਦੀ ਇਸ ਬਲਵਾਨ ਧਾਰਾ ਦੁਆਰਾ ਹੀ ਕ੍ਰਾਂਤੀਕਾਰੀ ਵਿਚਾਰਧਾਰਾ ਦਾ ਉਦਘਾਟਨ ਕੀਤਾ ਸੀ। ਇਸ ਵਿਚ ਕੇਵਲ ਅਧਿਆਤਮਕਤਾ ਹੀ ਨਹੀਂ, ਸਗੋਂ ਸਮਾਜਿਕ ਤੇ ਰਾਜਸੀ ਕ੍ਰਾਂਤੀ ਦੇ ਵੀ ਮੂਲ ਸੂਤਰ ਵਿਦਮਾਨ ਹਨ।

ਇਹ ੧੯੯ ਛੰਦਾਂ ਦੀ ਪਾਵਣ ਜਾਪੁ ਸਾਹਿਬ ਦੀ ਰਚਨਾ ਹੈ, ਜਿਸ ਵਿਚ ਦਸ ਤਰ੍ਹਾਂ ਦੇ ਛੰਦ ਵਰਤੇ ਗਏ ਹਨ—ਛਪੈ, ਭੁਯੰਗ ਪ੍ਰਯਾਤ, ਚਾਚਰੀ, ਰੂਆਲ, ਭਗਵਤੀ, ਹਰਿਬੋਲ ਮਨਾ, ਚਰਪਟ, ਮਧੁਭਾਰ, ਰਸਾਵਲ ਤੇ ਏਕ ਅੱਛਰੀ। ਇਹ ਛੰਦ ਵਧੇਰੇ ਬੀਰ ਰਸੀ ਰੰਗ ਪ੍ਰਗਟ ਕਰਨ ਵਾਲੇ ਹਨ। ਭਾਸ਼ਾ ਨਾ ਇਕੱਲੀ ਬ੍ਰਿਜ ਹੈ, ਸਗੋਂ ਸੰਸਕ੍ਰਿਤ, ਅਰਬੀ, ਫ਼ਾਰਸੀ ਦੀ ਰਲੀ ਮਿਲੀ ਵਿਸ਼ੇਸ਼ਣ ਮਾਲਾ ਜੋੜ ਕੇ ਹਿੰਦੂ, ਮੁਸਲਿਮ ਸ਼ਬਦਾਵਲੀ ਦਾ ਅਨੋਖਾ ਸੰਗਮ ਕੀਤਾ ਗਿਆ ਹੈ ਤਾਂ ਕਿ ਹਰ ਤਰ੍ਹਾਂ ਦਾ ਅਧਿਆਤਮਕ ਜਗਿਆਸੂ ਇਸ ਤੋਂ ਆਤਮਿਕ ਲਾਭ ਹਾਸਲ ਕਰ ਸਕੇ। ਜੇ ਸ਼ੁੱਧ ਹਿੰਦੀ ਵਿਚ ਪ੍ਰਭੂ ਦੀ ਸਿਫ਼ਤ 'ਕਰੁਣਾਲਯ' ਹੈ ਅਰਿ ਘਾਲਯ ਹੈ। ਖਲ ਖੰਡਨ ਹੈਂ, ਮਹਿ ਮੰਡਨ ਹੈਂ, ਕਹਿ ਕੇ ਗਾਇਨ ਕੀਤੀ ਹੈ ਤਾਂ ਨਾਲ ਹੀ ਗਨੀਮੁਲ ਸ਼ਿਕਸਤੈ, ਗਰੀਬੁਲ ਪ੍ਰਸਤੈ, ਬਲੰਦੁਲ ਮਕਾਨੈ, ਜ਼ਮੀਨੁਲ ਜ਼ਮਾਨੈ, ਆਖ ਕੇ ਉਸ ਨੂੰ ਅਰਬੀ, ਫ਼ਾਰਸੀ ਲਿਬਾਸ

ਵਿਚ ਵੀ ਪੇਸ਼ ਕੀਤਾ ਹੈ। ਨਾਮ ਸਿਮਰਨ ਜਾਂ ਪ੍ਰਭੂ ਦੀ ਯਾਦ ਦਾ ਚਰਚਾ ਸਾਰੇ ਭਗਤੀ ਸਾਹਿਤ ਵਿਚ ਹੈ, ਪਰ ਗੁਰੂ ਗੋਬਿੰਦ ਸਿੰਘ ਜੀ ਦੀ ਜਪਮਾਲਾ ਕਿਸੇ ਆਲਸੀ ਭਸਮਾਭੂਤ ਸਾਧੂ ਜਾਂ ਮੁਰਦੇ ਨਿਤਾਣੇ ਭਗਤ ਦੀ ਮਾਲਾ ਨਹੀਂ, ਇਸ ਦੇ ਵਿਚਾਰਾਂ ਤੇ ਸ਼ਬਦਾਂ ਦੋਹਾਂ ਉੱਤੇ, ਮਹਾਨ ਯੋਧੇ ਗੁਰੂ ਦੀ ਆਤਮਿਕ ਛਾਪ ਹੈ। ਸੁਸਤ ਹੋ ਕੇ ਇਸ ਨੂੰ ਨਹੀਂ ਪੜ੍ਹਿਆ ਜਾ ਸਕਦਾ, ਸਗੋਂ ਇਸ ਦੇ ਪਾਠ ਲਈ ਤਨ ਤੇ ਮਨ ਦੋਹਾਂ ਦਾ ਕਮਰਕੱਸਾ ਕਰਨਾ ਜ਼ਰੂਰੀ ਹੈ। ਇਹ ਠੀਕ ਹੈ ਕਿ ਇਹ ਜਾਪੁ ਗੁਰੂ ਨਾਨਕ ਦੇਵ ਜੀ ਦੇ ਦੱਸੇ '*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ*' ਦੀ ਹੀ ਬੀਰ ਰਸ ਪੂਰਣ ਵਿਆਖਿਆ ਹੈ, ਪਰੰਤੂ ਇਸ ਵਿਆਖਿਆ ਦੁਆਰਾ ਜਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸੰਤ ਸਿਪਾਹੀ ਮਿਸ਼ਨ ਨੂੰ ਸੰਪੂਰਣ ਕੀਤਾ, ਉਹ ਵੀ ਇਕ ਬੇਮਿਸਾਲ ਕਾਰਨਾਮਾ ਹੈ। ਇਸ ਪਾਵਣ ਰਚਨਾ ਵਿਚ ਇਤਨੇ ਵੱਡੇ ਕਾਰਯਕ੍ਰਮ ਨੂੰ ਇਸ ਜਲਾਲੀ ਰੂਪ ਵਿਚ ਪੇਸ਼ ਕਰਨਾ ਕਲਾ ਦਾ ਕਮਾਲ ਸੀ।

'ਜਾਪੁ' ਦਾ ਪਹਿਲਾ ਛਪੈ ਛੰਦ, ਸਾਰੀ ਰਚਨਾ ਦਾ ਸਾਰ ਕਿਹਾ ਜਾ ਸਕਦਾ ਹੈ। ਇਸ ਵਿਚ ਗੁਰੂ ਸਾਹਿਬ ਕਹਿੰਦੇ ਹਨ ਕਿ ਬੁੱਧੀਮਾਨ ਲੋਕ ਉਸ ਨਿਰੰਕਾਰ ਦੇ ਕੁਝ ਕੁ ਕੇਵਲ ਕਰਮ-ਨਾਮਾਂ ਯਾ ਵਿਸ਼ੇਸ਼ਣਾਂ ਦਾ ਬਿਆਨ ਤਾਂ ਕਰਦੇ ਹਨ, ਪਰੰਤੂ ਸੰਪੂਰਣ ਰੂਪ ਨੂੰ ਚਿਤ੍ਰਨੋ ਅਸਮਰੱਥ ਹੋਣ ਕਾਰਨ 'ਨੇਤਿ ਨੇਤਿ' ਆਖ ਕੇ ਬਸ ਹੋ ਜਾਂਦੇ ਹਨ। ਸੋ ਇਸ ਕਥਨ ਰਾਹੀਂ ਅੰਤ ਤਾਂ ਪਾਇਆ ਨਹੀਂ ਜਾ ਸਕਦਾ, ਪਰ ਇਹ ਜਾਪ ਆਤਮਾ ਨੂੰ ਬਲਵਾਨ ਕਰਨ ਲਈ ਅਤਿਅੰਤ ਉਪਯੋਗੀ ਹੈ। ਜਬਰ ਵਿਰੋਧੀ ਅੰਦੋਲਨ ਕਰਨ ਲਈ ਇਸ ਇਸ਼ਟ ਦੇਵ ਤੋਂ ਸ਼ਕਤੀ ਲਈ ਜਾ ਸਕੇ, ਇਸੇ ਲਈ ਜਾਪੁ ਸਾਹਿਬ ਵਿਚ ਬਾਰ-ਬਾਰ ਦੁਹਰਾਇਆ ਹੈ :

*ਨਮੋ ਸਸਤ੍ਰ ਪਾਣੇ॥ ਨਮੋ ਅਸਤ੍ਰ ਮਾਣੇ॥ ੫੨ ॥......*

*ਗ਼ਨੀਮੁਲ ਖ਼ਿਰਾਜ ਹੈਂ॥ ਗ਼ਰੀਬੁਲ ਨਿਵਾਜ਼ ਹੈਂ।*

*ਹਰੀਫੁਲ ਸ਼ਿਕੰਨ ਹੈਂ॥ ਹਿਰਾਸੁਲ ਫਿਕੰਨ ਹੈਂ॥ ੧੫੩ ॥.....*

*ਖਲ ਖੰਡ ਖਿਆਲ॥ ਗੁਰ ਬਰ ਅਕਾਲ॥ ੧੬੭ ॥.....*

*ਨਮੋ ਜੁਧ ਜੁਧੇ ਨਮੋ ਗਿਆਨ ਗਿਆਨੇ॥*
*ਨਮੋ ਭੋਜ ਭੋਜੇ ਨਮੋ ਪਾਨ ਪਾਨੇ॥*
*ਨਮੋ ਕਲਹ ਕਰਤਾ ਨਮੋ ਸਾਂਤ ਰੂਪੇ॥*
*ਨਮੋ ਇੰਦ੍ਰ ਇੰਦ੍ਰੇ ਅਨਾਦੰ ਬਿਭੂਤੇ॥ ੧੮੭॥*

ਇਸ ਦਾ ਇਹ ਭਾਵ ਨਹੀਂ ਕਿ ਪਰਮੇਸ਼ਰ ਕੋਈ ਮਾਰੂ ਸ਼ਕਤੀ ਹੀ ਹੈ, ਉਸ ਨੂੰ 'ਦਿਆਲੰ ਸਰੂਪੇ' ਤੇ 'ਕਰੀਮੇ ਰਹੀਮੇ' ਵੀ ਕਿਹਾ ਹੈ। ਆਪ ਉਸ ਨੂੰ ਸ੍ਰਿਸ਼ਟੀ ਵਿਚ ਪ੍ਰੇਮਮਈ ਬਣ ਕੇ ਵਿਆਪਕ ਹੋਇਆ ਦੱਸਦੇ ਹਨ, ਕਿਤਨੀ ਠੋਸ ਹਕੀਕਤ ਹੈ :

*ਦੇਸ ਔਰ ਨ ਭੇਸ ਜਾ ਕਰ, ਰੂਪ ਰੇਖ ਨ ਰਾਗ॥*

*ਜੱਤ੍ਰ ਤੱਤ੍ਰ ਦਿਸਾ ਵਿਸਾ, ਹੁਇ ਫੈਲਿਓ ਅਨੁਰਾਗ॥ ੮੦॥*

ਤੇ ਫਿਰ ਇਤਨੀ ਵੱਡੀ ਪਰਮਾਤਮਾ ਸ਼ਕਤੀ ਸਰੂਪ ਹੋਕੇ ਸਾਰਿਆਂ ਵਿਚ ਸਮਾਅ ਰਿਹਾ ਹੈ:-

*ਪਰਮਾਤਮ ਹੈਂ॥ ਸਰਬਾਤਮ ਹੈਂ॥*

*ਆਤਮ ਬਸ ਹੈਂ॥ ਜਸ ਕੇ ਜਸ ਹੈਂ॥ ੧੯੪॥*

ਇਸ ਤੋਂ ਇਲਾਵਾ ਉਹ ਅਤਿਅੰਤ ਬੁੱਧੀਮਾਨ ਤੇ ਰੂਪਵਾਨ ਸ਼ਕਤੀ ਸਰੂਪ ਹੋ ਕੇ ਅਤਿਅੰਤ ਨਿਪੁੰਨਤਾ ਤੇ ਮਨੋਹਰਤਾ ਨਾਲ ਸਾਰੇ ਸੰਸਾਰ ਕਾਰ ਨੂੰ ਚਲਾ ਰਿਹਾ ਹੈ। ਦੋਹਾਂ ਭਗਵਤੀ ਛੰਦਾਂ ਵਿਚ ਇਸ ਪੱਖ ਨੂੰ ਵਧੇਰੇ ਚਮਕਾ ਕੇ ਰੇਖਤਾ ਦੇ ਨਵੇਂ ਰੂਪ ਵਿਚ ਪੇਸ਼ ਕੀਤਾ ਹੈ :

*ਕਿ ਸਰਬੰ ਕਲੀਮੈ॥ ਕਿ ਪਰਮੰ ਫ਼ਹੀਮੈ॥*

*ਕਿ ਆਕਲ ਅਲਾਮੈ॥ ਕਿ ਸਾਹਿਬ ਕਲਾਮੈ॥ ੧੨੦॥*

*ਕਿ ਹੁਸਨਲ ਵਜੂ ਹੈਂ॥ ਤਮਾਮੁਲ ਰੁਜੂ ਹੈਂ॥ ੧੨੧॥*

*ਕਿ ਜ਼ਾਹਰ ਜ਼ਹੂਰ ਹੈਂ॥ ਕਿ ਹਾਜ਼ਰ ਹਜ਼ੂਰ ਹੈਂ॥*

*ਹਮੇਸੁਲ ਸਲਾਮ ਹੈਂ॥ ਸਮਸਤੁਲ ਕਲਾਮ ਹੈਂ॥ ੧੫੦॥*

*ਕਿ ਸਾਹਿਬ ਦਿਮਾਗ਼ ਹੈਂ॥ ਕਿ ਹੁਸਨੁਲ ਚਰਾਗ਼ ਹੈਂ॥ ੧੫੧॥*

ਉਹ ਪਰੀਪੂਰਨ ਪ੍ਰਮਾਤਮਾ ਜਿੱਥੇ ਬਦੀ ਦੇ ਨਾਸ਼ ਕਰਨ ਲਈ ਸਮਰੱਥ ਹੈ, ਉਥੇ ਪਾਲਕ ਤੇ ਕ੍ਰਿਪਾਲੂ ਵੀ ਹੈ। ਉਸ ਸਰਬ ਕਲਾ ਸਮਰੱਥ ਨੂੰ ਸਦਾ ਅੰਗ ਸੰਗ ਜਾਣਨਾ ਚਾਹੀਦਾ ਹੈ।

*ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ॥*

*ਸਦਾ ਅੰਗ ਸੰਗੇ ਅਭੰਗੰ ਬਿਭੂਤੇ॥ ੧੯੯॥*

ਸੰਨ ੧੬੯੯ ਦੀ ਵਿਸਾਖੀ ਵਾਲੇ ਦਿਨ ਜਿਸ ਸਮੇਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ, ਉਸ ਸਮੇਂ ਹਜ਼ੂਰ ਨੇ ਪੰਜ ਬਾਣੀਆਂ ਪੜ੍ਹ ਕੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਸੀ। ਪਹਿਲੀ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਪੁ ਜੀ ਸਾਹਿਬ ਜੀ, ਦੂਸਰੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਪਣੀ ਬਾਣੀ ਜਾਪੁ ਸਾਹਿਬ, ਤੀਸਰੀ ਬਾਣੀ ਸੁਧਾ ਸਵੱਯੇ, ਚੌਥੀ ਬਾਣੀ ਚੌਪਈ ਸਾਹਿਬ ਅਤੇ ਪੰਜਵੀਂ ਬਾਣੀ ਸ੍ਰੀ ਅਨੰਦੁ ਸਾਹਿਬ ਜੀ ਸੰਪੂਰਨ ਪੜ੍ਹਿਆ ਸੀ।

*ਜਪੁ ਜੀ ਔ ਜਾਪੁ ਜੀ ਕੌ,*

*ਦਸਹੂੰ ਸ੍ਵੈਯੇ ਪੁਨ ਚੌਪਈ ਅਲਾਇ ਕੈ।*

*ਅਨੰਦ ਉਚਾਰ ਅਰਦਾਸ ਕਰਕੈ ਸੁਧਾਰ,*
*ਅੰਮ੍ਰਿਤ ਤਿਆਰ ਗੁਰ ਐਸ ਬਿਧਿ ਕੀਨੋਂ ਹੈ।*

(ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ ੧੫੭੪)

ਸਿੱਖ ਰਹਿਤ ਮਰਯਾਦਾ ਪੰਨਾ ੨੯ ਅਨੁਸਾਰ ਹੁਣ ਵੀ ਅੰਮ੍ਰਿਤ ਤਿਆਰ ਕਰਨ ਸਮੇਂ ਇਹ ਉਪਰੋਕਤ ਪੰਜੇ ਬਾਣੀਆਂ ਪੜ੍ਹ ਕੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਜਾਂਦਾ ਹੈ ਅਤੇ ਗੁਰ ਇਤਿਹਾਸ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਜਾਪੁ ਸਾਹਿਬ ਉਚਾਰਨ ਕਰਕੇ ਇਸ ਤਰ੍ਹਾਂ ਹੁਕਮ ਕੀਤਾ ਸੀ :

*ਸ੍ਰੀ ਜਪੁਜੀ ਗੁਰ ਆਦਿ ਉਚਾਰਾ।*
*ਸਿਖ ਨਿਜਮ ਪਠ ਪ੍ਰਾਤਹਿ ਕਾਰਾ।*
*ਅਬ ਤਿਨ ਕ੍ਰਿਪਾ ਜਾਪੁ ਭੀ ਭਯੋ।*
*ਪਠੈ ਸਿਖ ਇਤ ਉਤ ਸੁਖ ਲਯੋ॥੭॥*

(ਗੁਰ ਪੁਰ ਪ੍ਰਕਾਸ਼ ਪੰਨਾ ੧੫੪੭)

ਭਾਈ ਦਇਆ ਸਿੰਘ ਜੀ ਦੇ ਰਹਿਤਨਾਮੇ ਵਿਚ ਇਸ ਤਰ੍ਹਾਂ ਜ਼ਿਕਰ ਆਇਆ ਹੈ :-

*ਸੁਨਹੁ ਸਿੰਘ ਇਕ ਬਚਨ ਹਮਾਰਾ।*
*ਪ੍ਰਥਮੇ ਹਮ ਨੇ ਜਾਪੁ ਉਚਾਰਾ॥*

❑

# ਨਿਰਗੁਣ ਸਰੂਪ ਦੇ ਦਰਸ਼ਨ

ਮਹਾਂਬਲੀ ਜੋਧੇ, ਪੂਰਨ ਨੀਤੀਵੇਤਾ, ਰਾਜਿਆਂ ਦੇ ਮਹਾਰਾਜੇ, ਸਰਬ ਗਿਆਨ ਗਿਆਤਾ, ਵਿੱਦਿਆ ਦੇ ਮੁਜੱਸਮੇ, ਕਵੀਆਂ ਦੇ ਮਹਾਂ ਕਵੀ, ਸਰਬ ਕਲਾ ਸਮਰੱਥ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਪਾਵਨ ਪਵਿੱਤ੍ਰ ਰਚਨਾ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਹੈ। ਇਸ ਪਾਵਨ ਪਵਿੱਤ੍ਰ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਪਹਿਲੀ ਬਾਣੀ ਸ੍ਰੀ 'ਜਾਪੁ' ਸਾਹਿਬ ਜੀ ਹੈ। ਇਸ ਦੇ ਛਪੈ ਛੰਦ ਪਹਿਲੇ ਬੰਦ ਭਾਵ ਪਹਿਲੀ ਪਉੜੀ ਅੰਦਰ ਦਸਮੇਸ਼ ਗੁਰੂ ਜੀ ਨੇ ਅਕਾਲ ਪੁਰਖ ਵਾਹਿਗੁਰੂ ਜੀ ਦੇ ਨਿਰਗੁਣ ਸਰੂਪ ਦੇ ਦਰਸ਼ਨ ਕਰਾਏ ਹਨ। ਜਿਸ ਤਰ੍ਹਾਂ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ "ਜਪੁ" ਜੀ ਸਾਹਿਬ ਦੇ ਆਦਿ ਵਿਚ ਅਕਾਲ ਪੁਰਖ ਵਾਹਿਗੁਰੂ ਜੀ ਦੇ ਨਿਰਗੁਣ ਸਰੂਪ ਦੇ ਦਰਸ਼ਨ ਕਰਾਏ ਹਨ।

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥*

ਗੁਰਬਾਣੀ ਅੰਦਰ ਅਕਾਲ ਪੁਰਖ ਵਾਹਿਗੁਰੂ ਜੀ ਦੇ ਦੋ ਸਰੂਪਾਂ ਦਾ ਜ਼ਿਕਰ ਆਇਆ ਹੈ। ਇਕ ਨਿਰਗੁਣ ਤੇ ਦੂਸਰਾ ਸਰਗੁਣ ਸਰੂਪ ਦੱਸਿਆ ਹੈ।

*ਨਿਰਗੁਨੁ ਆਪਿ ਸਰਗੁਨੁ ਭੀ ਓਹੀ॥*
*ਕਲਾ ਧਾਰਿ ਜਿਨਿ ਸਗਲੀ ਮੋਹੀ॥*

... ... ... ...

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥ ੧॥*

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਤਾਂ ਭਾਈ ਨੰਦ ਲਾਲ ਸਿੰਘ ਜੀ ਨੂੰ ਦੱਸਦਿਆਂ ਆਪਣੇ ਤਿੰਨ ਸਰੂਪ ਦਰਸਾਏ ਹਨ :

*ਤੀਨ ਰੂਪ ਹੈ ਮੋਹਿ ਕੇ ਸੁਣਹੁ ਨੰਦ ਚਿਤ ਲਾਇ।*
*ਨਿਰਗੁਣ ਸਰਗੁਣ ਗੁਰ ਸਬਦ ਕਹਹੁ ਤੋਹਿ ਸਮਝਾਇ।*

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤੱਕ ਅਕਾਲ

ਪੁਰਖ ਵਾਹਿਗੁਰੂ ਜੀ ਨੇ ਆਪਣਾ ਸਰਗੁਣ ਸਰੂਪ ਧਾਰ ਕੇ ਦਸਾਂ ਸਰੂਪਾਂ ਵਿਚ ਵਰਤਣਾ ਕੀਤਾ ਹੈ। ਇਸ ਲਈ ਸਰਗੁਣ ਸਰੂਪ ਦੇ ਤਾਂ ਗੁਰਸਿੱਖ ਦਸਾਂ ਗੁਰੂ ਸਾਹਿਬਾਨਾਂ ਸਮੇਂ ਪ੍ਰਤੱਖ ਦਰਸ਼ਨ ਕਰਦੇ ਸਨ। ਵਰਤਮਾਨ ਸਮੇਂ ਅੰਦਰ ਭੀ ਸ਼ਬਦ ਸਰੂਪ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਤੱਖ ਦਰਸ਼ਨ ਗੁਰਸਿੱਖ ਭਾਵਨਾ ਨਾਲ ਹਰ ਰੋਜ਼, ਹਰ ਥਾਂ, ਦੇਸ਼-ਵਿਦੇਸ਼ ਵਿਚ ਜਿੱਥੇ-ਜਿੱਥੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖ ਬੈਠੇ ਹਨ, ਦਰਸ਼ਨ ਕਰਦੇ ਹਨ। ਪਰ ਨਿਰਗੁਣ ਸਰੂਪ ਦੇ ਦਰਸ਼ਨ ਤਾਂ ਇਹਨਾਂ ਅੱਖਾਂ ਨਾਲ ਨਹੀਂ ਕੀਤੇ ਜਾ ਸਕਦੇ। ਇਸ ਸੰਬੰਧ ਵਿਚ ਗੁਰਦੇਵ ਦਾ ਸੁੰਦਰ ਫੁਰਮਾਣ ਹੈ :

*ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥*

(ਅੰਗ ੧੧੦੦)

ਵਿਦਵਾਨਾਂ ਨੇ ਦਰਸ਼ਨ ਚਾਰ ਪ੍ਰਕਾਰ ਦੇ ਕਥਨ ਕੀਤੇ ਹਨ—1. ਸ੍ਰਵਣ ਦਰਸ਼ਨ, 2. ਚਿੱਤ੍ਰ ਦਰਸ਼ਨ, 3. ਸੁਪਨ ਦਰਸ਼ਨ, 4. ਪ੍ਰਤੱਖ ਦਰਸ਼ਨ।

ਇਹਨਾਂ ਚਾਰ ਪ੍ਰਕਾਰ ਦੇ ਦਰਸ਼ਨਾਂ ਦਾ ਨਿਰਣਾ ਵਿਸਥਾਰ ਪੂਰਬਕ ਦਾਸ ਦੀ ਲਿਖੀ ਪੁਸਤਕ (ਮੁਖਵਾਕ ਪ੍ਰਕਾਸ਼ ਭਾਗ ਤੀਜਾ) ਹੁਕਮਨਾਮਿਆਂ ਦੀ ਵਿਆਖਿਆ ਪੰਨਾ ਨੰ: 102 ਵਿਚ ਕੀਤਾ ਹੈ। ਨਿਰਗੁਣ ਸਰੂਪ ਦੇ ਦਰਸ਼ਨ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੂਲ ਮੰਤ੍ਰ ਅੰਦਰ ਜਗਤ ਜੀਆਂ ਨੂੰ ਕਰਵਾਏ ਹਨ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਭੀ ਜਾਪੁ ਸਾਹਿਬ ਦੇ ਆਦਿ ਵਿਚ ਕਰਵਾਏ ਹਨ, ਜੋ ਨਿਰਗੁਣ ਸਰੂਪ ਦਾ ਨਿਰਣਾ ਇਸ ਪ੍ਰਕਾਰ ਹੈ :

*ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥*
*ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ॥*
*ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿੱਜੈ॥*
*ਕੋਟਿ ਇੰਦ੍ਰ ਇੰਦ੍ਰਾਣਿ ਸਾਹਿ ਸਾਹਾਣਿ ਗਣਿੱਜੈ॥*
*ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ॥*
*ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ॥ ੧॥*

ਚੱਕ੍ਰ=ਹੱਥ ਦੀ ਤਲੀ ਜਾਂ ਪੈਰ ਦੇ ਤਲਵੇ ਵਿਚ ਘੇਰੀ ਹੋਈ ਥਾਂ 'ਤੇ ਮਹੀਨ ਮਹੀਨ ਲਕੀਰਾਂ ਦਾ ਨਿਸ਼ਾਨ ਜਿਸ ਤੋਂ ਸਾਮੁੰਦ੍ਰੀਕ ਸ਼ਾਸਤ੍ਰ ਦੇ ਅਨੁਸਾਰ ਅਨੇਕ ਤਰ੍ਹਾਂ ਦੇ ਬੁਰੇ ਭਲੇ ਨਤੀਜੇ ਕੱਢੇ ਜਾਂਦੇ ਹਨ।

ਚਿਹਨ=ਚਿੰਨ੍ਹ ਨਿਸ਼ਾਨ ਜਿਸ ਤਰ੍ਹਾਂ ਵਿਸ਼ਨੂੰ ਦੇ ਸੰਖ ਚਕ੍ਰਾਦਿਕ।

ਬਰਨ=ਬ੍ਰਾਹਮਣ, ਖੱਤ੍ਰੀ, ਵੈਸ਼ ਤੇ ਸ਼ੂਦ੍ਰ ਆਦਿਕ।

ਜਾਤਿ=ਇਕ ਇਕ ਵਰਨ ਵਿਚ ਕਈ ਕਈ ਜਾਤਾਂ ਕਲਪਤ ਕੀਤੀਆਂ ਹੋਈਆਂ ਹਨ,

ਜਿਸ ਤਰ੍ਹਾਂ ਬ੍ਰਾਹਮਣ ਵਰਨ ਵਿਚ ਗੋੜ, ਸਾਰਸ੍ਵਤ, ਕਨੌਜ ਆਦਿਕ ਅਨੇਕਾਂ ਜਾਤਾਂ ਹਨ।

ਪਾਤ=ਬਰਾਦਰੀ, ਇਕ ਇਕ ਜਾਤ ਦੀਆਂ ਕਈ ਕਈ ਬਰਾਦਰੀ ਮੰਨੀਆਂ ਜਾਂਦੀਆਂ ਹਨ। ਇਹ ਬਰਾਦਰੀਆਂ ਕਈ ਤਾਂ ਕੰਮ ਤੋਂ ਬਣੀਆਂ ਹਨ ਅਤੇ ਕਈ ਖ਼ਾਨਦਾਨ ਦੇ ਸੰਬੰਧ ਤੋਂ। ਜਿਸ ਤਰ੍ਹਾਂ ਲਕੜੀ ਦਾ ਕੰਮ ਕਰਨ ਵਾਲੇ ਸਾਰੇ ਹੀ ਤਰਖਾਣ ਹਨ, ਪਰ ਉਨ੍ਹਾਂ ਸਭਨਾਂ ਦੀ 'ਰਾਮਗੜ੍ਹੀਆ' ਬਰਾਦਰੀ ਇਕ ਹੋਣ 'ਤੇ ਭੀ ਵੱਖੋ ਵੱਖ ਕੁਲਾਂ ਦੀਆਂ ਅਨੇਕਾਂ ਬਰਾਦਰੀਆਂ ਕਹੀਆਂ ਹਨ।

ਰੂਪ=ਕਿਸੇ ਪਦਾਰਥ ਦਾ ਉਹ ਗੁਣ ਜਿਸ ਦਾ ਬੋਧ ਵੇਖਣ ਵਾਲੇ ਨੂੰ ਅੱਖਾਂ ਦ੍ਵਾਰਾ ਹੁੰਦਾ ਹੈ—ਸ਼ਕਲ, ਸੂਰਤ, ਅਕਾਰ। (2) ਪਦਾਰਥਾਂ ਵਿਚ ਇਕ ਸ਼ਕਤੀ ਰਹਿੰਦੀ ਹੈ, ਜਿਸ ਨਾਲ ਉਨ੍ਹਾਂ ਦਾ ਗੁਣ ਇਸ ਤਰ੍ਹਾਂ ਨਾਲ ਵਿਕ੍ਰਿਤ ਹੁੰਦਾ ਹੈ ਕਿ ਜਦ ਉਹ ਅੱਖਾਂ 'ਤੇ ਲੱਗਦਾ ਹੈ ਤਦ ਵੇਖਣ ਵਾਲੇ ਨੂੰ ਉਨ੍ਹਾਂ ਪਦਾਰਥਾਂ ਦੀ ਸ਼ਕਲ ਸੂਰਤ ਦਾ ਗਿਆਨ ਹੋ ਜਾਂਦਾ ਹੈ, ਇਸ ਸ਼ਕਤੀ ਦਾ ਨਾਮ ਭੀ 'ਰੂਪ' ਹੈ। ਰੰਗ ਕਾਲਾ, ਪੀਲਾ, ਲਾਲ, ਸਬਜ਼, ਨੀਲਾ ਆਦਿ। ਰੇਖ=ਹੱਥ, ਪੈਰ ਆਦਿਕ ਅੰਗਾਂ ਦੀਆਂ ਲੀਕਾਂ, ਸਾਮੁਦ੍ਰੀਕ ਅਨੁਸਾਰ ਜਿਨ੍ਹਾਂ ਦੇ ਅਨੇਕਾਂ ਸ਼ੁੱਭ ਅਸ਼ੁੱਭ ਫਲ ਮੰਨੇ ਜਾਂਦੇ ਹਨ। ਭੇਖ=ਭੇਖ, ਲਿਬਾਸ, ਆਪਣੇ ਆਪ ਨੂੰ ਲੋਕਾਂ ਤੋਂ ਭਿੰਨ ਜ਼ਾਹਰ ਕਰਨ ਲਈ ਜੋ ਪਹਿਰਾਵਾ ਬਣਾਇਆ ਜਾਂਦਾ ਹੈ, ਉਸ ਦਾ ਨਾਮ ਭੇਖ ਜਾਂ ਭੇਸ ਹੈ।

ਅਚਲ=ਨਾ ਹਿੱਲਣਾ। ਮੂਰਤ=ਸ੍ਵਰੂਪ ਹੈ। ਅਨਭਉ=(ਅਨ+ਭਉ) ਨਹੀਂ ਹੈ, ਡਰ, ਭੈ ਤੋਂ ਰਹਿਤ। (2) ਅਨਭਵ= ਸੁਤੇ ਗਿਆਨ। ਉਹ ਗਿਆਨ ਜੋ ਕਿਸੇ ਸੰਸਕਾਰ ਦਾ ਮੁਥਾਜ ਨਾ ਹੋਵੇ। ਪ੍ਰਕਾਸ਼=ਪ੍ਰਕਾਸ਼ਕ 'ਛੰਦ' ਦੇ ਵੱਸ ਹੋਣ ਕਰਕੇ 'ਕ' ਦਾ ਲੁਪਤ ਕੀਤਾ ਗਿਆ ਹੈ।

ਅਮਿਤੋਜ=(ਅਮਿਤ+ਓਜ) ਬੇਹਿਸਾਬ ਬਲ ਵਾਲਾ, ਮਹਾਨ ਬਲ ਵਾਲਾ। ਕਹਿੱਜੈ=ਕਿਹਾ ਜਾਂਦਾ ਹੈ।

ਇੰਦ੍ਰ=ਦੇਵਤਿਆਂ ਦੇ ਰਾਜੇ ਦਾ ਨਾਮ ਹੈ। ਇੰਦ੍ਰਾਣਿ=ਇੰਦ੍ਰ ਹੈ। ਕ੍ਰੋੜਾਂ ਇੰਦਰਾਂ ਦਾ ਇੰਦਰ ਹੈ ਅਤੇ ਸ਼ਾਹਾਂ ਦਾ ਸ਼ਾਹ ਭੀ ਗਿਣਿਆ ਜਾਂਦਾ ਹੈ।

ਤ੍ਰਿਭਵਣ=ਤਿੰਨ ਲੋਕ—ਸ੍ਵਰਗ, ਮਾਤ ਤੇ ਪਾਤਾਲ।

ਮਹੀਪ=(ਮਹੀ+ਪ) ਪ੍ਰਿਥਵੀ ਪਤੀ, ਰਾਜਾ।

ਸੁਰ=ਦੇਵਤੇ, ਪੁਰਾਣਾਂ ਵਿਚ ਇਨ੍ਹਾਂ ਨੂੰ ਸਵਰਗ ਵਾਸੀ ਮੰਨਿਆ ਜਾਂਦਾ ਹੈ।

ਨਰ=ਮਨੁੱਖ। ਅਸੁਰ=ਦੈਂਤ, ਰਾਖਸ਼। ਨੇਤ=(ਨ+ਇਤਿ) ਬੇਅੰਤ ਹੈ।

ਕਰਮ ਨਾਮ=ਕ੍ਰਿਯਾ ਤੋਂ ਬਣੇ ਹੋਏ ਨਾਮ।

ਅਰਥ :—

ਉਸ ਅਕਾਲ ਪੁਰਖ ਵਾਹਿਗੁਰੂ ਦਾ ਨਾ ਕੋਈ ਨਿਸ਼ਾਨ ਹੈ ਤੇ ਨਾ ਹੀ ਕੋਈ ਜਾਤ ਗੋਤ ਤੇ ਕੁਲ ਹੈ। ਨਾ ਹੀ ਉਸ ਦਾ ਕੋਈ ਰੂਪ ਭਾਵ ਸ਼ਕਲ ਹੈ ਤੇ ਨਾ ਹੀ ਕੋਈ ਰੰਗ। ਨਾ ਹੀ ਉਸ ਦਾ ਕੋਈ ਆਪਣਾ ਲਿਬਾਸ ਹੈ ਤੇ ਨਾ ਹੀ ਕਿਸੇ ਵਿਚ ਉਸ ਦੇ ਦੱਸਣ ਕਹਿਣ ਦੀ ਤਾਕਤ ਹੈ। ਉਹ ਅਸਥਿਰ ਹੈ ਤੇ ਉਹ ਆਪਣੇ ਆਪ ਪ੍ਰਕਾਸ਼ਮਾਨ ਹੈ। ਉਸ ਵਿਚ ਬੜਾ ਹੀ ਬਲ ਹੈ। ਉਸ ਬਾਰੇ ਕੋਈ ਕੁਝ ਨਹੀਂ ਕਹਿ ਸਕਦਾ।

ਸਾਰੇ ਦੇ ਸਾਰੇ ਸਿਆਣੇ ਬੇਅੰਤ ਬੇਅੰਤ ਹੀ ਕਹਿ ਰਹੇ ਹਨ। ਉਹ ਕਰੋੜਾਂ ਇੰਦਰ ਵਰਗੇ ਰਾਜਿਆਂ ਦਾ ਰਾਜਾ ਹੈ ਅਤੇ ਪਾਤਸ਼ਾਹਾਂ ਦਾ ਪਾਤਸ਼ਾਹ ਮੰਨਿਆ ਜਾਂਦਾ ਹੈ। ਤਿੰਨੇ ਲੋਕਾਂ— ਅਕਾਸ਼, ਧਰਤੀ ਤੇ ਪਾਤਾਲ ਦੇ ਰਾਜੇ, ਦੇਵਤੇ ਰਾਖਸ਼ ਸਾਰੀ ਹੀ ਸ੍ਰਿਸ਼ਟੀ ਦੇ ਜੀਵ ਤੇ ਜੰਗਲ ਦੀ ਬਨਾਸਪਤੀ ਤੇ ਘਾਹ ਆਦਿ ਉਸ ਬਾਰੇ ਏਹੀ ਕਹੀ ਜਾ ਰਹੇ ਹਨ ਕਿ ਇਸ ਵਰਗਾ ਹੋਰ ਕੋਈ ਨਹੀਂ ਹੈ। ਕੋਈ ਵੀ ਸਿਆਣਾ ਤੇਰੇ ਸਾਰੇ ਨਾਮ ਨਹੀਂ ਕਹਿ ਸਕਦਾ।

❑

# ਕਿਰਤਮ ਨਾਮ ਕਥੇ ਤੇਰੇ ਜਿਹਬਾ

ਮਨੁੱਖ ਜਨਮ ਨੂੰ ਪਾ ਕੇ ਨਾਮ ਜਪਣਾ ਬਹੁਤ ਜ਼ਰੂਰੀ ਹੈ, ਕਿਉਂਕਿ ਇਹ ਦੁਰਲਭ ਦੇਹੀ ਮਿਲੀ ਹੀ ਨਾਮ ਜਪਣ ਵਾਸਤੇ ਹੈ। ਨਾਮ ਜਪੇ ਬਿਨਾ ਤਾਂ ਹਜ਼ੂਰ ਨੇ ਇਸ ਨੂੰ ਗੁਰਬਾਣੀ ਅੰਦਰ ਇਸ ਤਰ੍ਹਾਂ ਦਰਸਾਇਆ ਹੈ :

*ਦੁਲਭ ਦੇਹ ਪਾਈ ਵਡਭਾਗੀ॥ ਨਾਮੁ ਨ ਜਪਹਿ ਤੇ ਆਤਮ ਘਾਤੀ॥ ੧॥*
*ਮਰਿ ਨ ਜਾਹੀ ਜਿਨਾ ਬਿਸਰਤ ਰਾਮ॥ ਨਾਮ ਬਿਹੂਨ ਜੀਵਨ ਕਉਨ ਕਾਮ॥੧॥ ਰਹਾਉ॥*

(ਗਉੜੀ ਮਹਲਾ ੫, ਅੰਗ ੧੮੮)

*ਮਿਲੁ ਮੇਰੇ ਗੋਬਿੰਦ ਅਪਨਾ ਨਾਮੁ ਦੇਹੁ॥ ਨਾਮ ਬਿਨਾ ਧ੍ਰਿਗੁ ਧ੍ਰਿਗੁ ਅਸਨੇਹੁ॥ ੧॥ ਰਹਾਉ ॥*
*ਨਾਮ ਬਿਨਾ ਜੋ ਪਹਿਰੈ ਖਾਇ॥ ਜਿਉ ਕੂਕਰੁ ਜੂਠਨ ਮਹਿ ਪਾਇ॥ ੧॥*
*ਨਾਮ ਬਿਨਾ ਜੇਤਾ ਬਿਉਹਾਰੁ॥ ਜਿਉ ਮਿਰਤਕ ਮਿਥਿਆ ਸੀਗਾਰੁ॥ ੨॥*
*ਨਾਮੁ ਬਿਸਾਰਿ ਕਰੇ ਰਸ ਭੋਗ॥ ਸੁਖੁ ਸੁਪਨੈ ਨਹੀ ਤਨ ਮਹਿ ਰੋਗ ੩*
*ਨਾਮੁ ਤਿਆਗਿ ਕਰੇ ਅਨ ਕਾਜ॥ ਬਿਨਸਿ ਜਾਇ ਝੂਠੇ ਸਭਿ ਪਾਜ॥ ੪॥*
*ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ॥ ਕੋਟਿ ਕਰਮ ਕਰਤੋ ਨਰਕਿ ਜਾਵੈ॥ ੫॥*
*ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ ॥ ਚੋਰ ਕੀ ਨਿਆਈ ਜਮ ਪੁਰਿ ਬਾਧਾ॥ ੬॥*

(ਗਉੜੀ ਮਹਲਾ ੫, ਅੰਗ ੨੪੦)

ਪ੍ਰਭੂ ਪ੍ਰਮਾਤਮਾ ਦੇ ਨਾਮ ਬੇਅੰਤ ਹਨ, ਉਸ ਦੇ ਨਾਮ ਕਹੇ ਨਹੀਂ ਜਾ ਸਕਦੇ। ਗੁਰੂ ਜੀ ਦਾ ਫ਼ੁਰਮਾਣ ਹੈ :

*ਤੇਰੇ ਨਾਮ ਅਨੇਕ ਕੀਮਤਿ ਨਹੀ ਪਾਈ॥ ਸਚੁ ਨਾਮੁ ਹਰਿ ਹਿਰਦੈ ਵਸਾਈ॥*

(ਅੰਗ ੧੦੬੭)

ਸ੍ਰੀ ਗੁਰੂ ਅਮਰਦਾਸ ਜੀ ਨੇ ਮਾਰੂ ਰਾਗੁ ਅੰਦਰ ਇਹ ਪਵਿੱਤ੍ਰ ਬਚਨ ਕਹੇ ਹਨ ਕਿ ਹੇ ਅਕਾਲ ਪੁਰਖ ਵਾਹਿਗੁਰੂ ਜੀ ! ਤੇਰੇ ਨਾਮ ਅਨੇਕ ਭਾਵ ਬੇਅੰਤ ਹਨ, ਉਹਨਾਂ ਬੇਅੰਤ ਪ੍ਰਭੂ ਦੇ ਨਾਮਾਂ ਦੀ ਮੈਥੋਂ ਕੀਮਤ ਨਹੀਂ ਪਾਈ ਜਾ ਸਕਦੀ। ਹੇ ਪ੍ਰਭੂ ! ਮੇਰੇ 'ਤੇ ਮਿਹਰ ਕਰ, ਮੈਂ ਤੇਰਾ ਸੱਚਾ ਨਾਮ ਆਪਣੇ ਹਿਰਦੇ ਵਿਚ ਵਸਾਉਣਾ ਕਰਾਂ।''

*ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ॥ ੧॥ ਰਹਾਉ॥*

(ਅੰਗ ੩੫੮)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਸਾ ਰਾਗੁ ਅੰਦਰ ਕਥਨ ਕੀਤਾ ਹੈ ਕਿ ਹੇ ਅਕਾਲ ਪੁਰਖ ਪ੍ਰਭੂ ਪ੍ਰਮਾਤਮਾ ! ਤੇਰੇ ਅਨੇਕਾਂ ਨਾਮ ਭਾਵ ਬੇਅੰਤ ਹਨ ਅਤੇ ਤੇਰੇ ਰੂਪ ਅਨੇਕਾਂ ਹਨ ਤੇ ਸਮੱਗਰ ਗੁਣ ਕਿਸੇ ਪਾਸੋਂ ਕਹੇ ਨਹੀਂ ਜਾ ਸਕਦੇ।

*ਯਥਾ : ਕਿਰਤਮ ਨਾਮ ਕਥੇ ਤੇਰੇ ਜਿਹਬਾ॥* (ਅੰਗ ੧੦੮੩)

(ਸੰਪ੍ਰਦਾਈ ਸਟੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ)

1. ਜਾਤੀ, 2. ਗੁਣ, 3. ਕਿਰਿਆ, 4. ਸੰਬੰਧ, 5. ਵਿਅਕਤੀ ਕਰਕੇ ਕਿਰਤਮ ਨਾਮ ਪੈਂਦੇ ਹਨ। ਜਿਵੇਂ 1. ਜਾਤੀ ਕਰਕੇ ਰਘੁਵੰਸ਼ੀ, ਜਾਦਵ ਵੰਸ਼ੀ ਆਦਿ। 2. (ਗੁਣ) ਰੰਗ ਕਰਕੇ ਸਿਆਮ ਸੁੰਦਰ ਆਦਿ। 3. ਕਿਰਿਆ ਕਰਕੇ ਜਿਵੇਂ ਰੱਸੀ ਨਾਲ ਪੇਟ ਬਣਾਉਣ ਤੋਂ ਦਾਮੋਦਰ ਆਦਿ। 4. ਸੰਬੰਧ ਕਰਕੇ ਸੀਆ ਪਤਿ, ਸ੍ਰੀ ਪਤਿ, ਨੰਦ ਕੋ ਨੰਦਨ। 5. ਵਿਅਕਤੀ ਕਰਕੇ ਬਾਵਨਾਦਿਕ, ਮਾਰੂ ਸੋਲਹੇ ਵਿਚ ਅਨਗਿਣਤ ਹੀ ਨਾਮ ਕਹੇ ਹਨ :

*ਅਚੁਤ ਪਾਰਬ੍ਰਹਮ ਪਰਮੇਸੁਰ ਅੰਤਰਜਾਮੀ॥ ਮਧੁਸੂਦਨ ਦਾਮੋਦਰ ਸੁਆਮੀ ॥*
*ਰਿਖੀਕੇਸ ਗੋਵਰਧਨ ਧਾਰੀ ਮੁਰਲੀ ਮਨੋਹਰ ਹਰਿ ਰੰਗਾ॥ ੧॥*
*ਮੋਹਨ ਮਾਧਵ ਕ੍ਰਿਸ੍ਨ ਮੁਰਾਰੇ ॥ ਜਗਦੀਸੁਰ ਹਰਿ ਜੀਉ ਅਸੁਰ ਸੰਘਾਰੇ ॥*
*ਜਗਜੀਵਨ ਅਬਿਨਾਸੀ ਠਾਕੁਰ ਘਟ ਘਟ ਵਾਸੀ ਹੈ ਸੰਗਾ॥ ੨॥*
*ਧਰਣੀਧਰ ਈਸ ਨਰਸਿੰਘ ਨਾਰਾਇਣ॥ ਦਾੜਾ ਅਗ੍ਰੇ ਪ੍ਰਿਥਮਿ ਧਰਾਇਣ ॥*
*ਬਾਵਨ ਰੂਪੁ ਕੀਆ ਤੁਧੁ ਕਰਤੇ ਸਭ ਹੀ ਸੇਤੀ ਹੈ ਚੰਗਾ॥ ੩॥*
*ਸ੍ਰੀ ਰਾਮਚੰਦ ਜਿਸੁ ਰੂਪੁ ਨ ਰੇਖਿਆ ॥ ਬਨਵਾਲੀ ਚਕ੍ਰਪਾਣਿ ਦਰਸਿ ਅਨੂਪਿਆ ॥*
*ਸਹਸ ਨੇਤ੍ਰ ਮੂਰਤਿ ਹੈ ਸਹਸਾ ਇਕੁ ਦਾਤਾ ਸਭ ਹੈ ਮੰਗਾ॥ ੪॥*
*ਭਗਤਿ ਵਛਲੁ ਅਨਾਥਹ ਨਾਥੇ॥ ਗੋਪੀ ਨਾਥੁ ਸਗਲ ਹੈ ਸਾਥੇ ॥*
*ਬਾਸੁਦੇਵ ਨਿਰੰਜਨ ਦਾਤੇ ਬਰਨਿ ਨ ਸਾਕਉ ਗੁਣ ਅੰਗਾ॥ ੫॥*
*ਮੁਕੰਦ ਮਨੋਹਰ ਲਖਮੀ ਨਾਰਾਇਣ ॥ ਦ੍ਰੋਪਤੀ ਲਜਾ ਨਿਵਾਰਿ ਉਧਾਰਣ ॥*
*ਕਮਲਾਕੰਤ ਕਰਹਿ ਕੰਤੂਹਲ ਅਨਦ ਬਿਨੋਦੀ ਨਿਹਸੰਗਾ॥ ੬॥*
*ਅਮੋਘ ਦਰਸਨ ਆਜੂਨੀ ਸੰਭਉ॥ ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ ॥*
*ਅਬਿਨਾਸੀ ਅਬਿਗਤ ਅਗੋਚਰ ਸਭੁ ਕਿਛੁ ਤੁਝ ਹੀ ਹੈ ਲਗਾ॥ ੭॥*
*ਸ੍ਰੀਰੰਗ ਬੈਕੁੰਠ ਕੇ ਵਾਸੀ॥ ਮਛੁ ਕਛੁ ਕੂਰਮੁ ਆਗਿਆ ਅਉਤਰਾਸੀ ॥*
*ਕੇਸਵ ਚਲਤ ਕਰਹਿ ਨਿਰਾਲੇ ਕੀਤਾ ਲੋੜਹਿ ਸੋ ਹੋਇਗਾ॥ ੮॥*

(ਅੰਗ ੧੦੮੨)

੮ ਪਉੜੀਆਂ ਹੀ ਲਿਖੀਆਂ ਹਨ, ਵਿਸਥਾਰ ਦੇ ਡਰ ਕਾਰਨ ਅਗਲੀਆਂ ੧੩ ਪਉੜੀਆਂ ਨਹੀਂ ਲਿਖੀਆਂ, ਜਿਸ ਨੇ ਦਰਸ਼ਨ ਕਰਨੇ ਹੋਣ ਸਾਰੇ ਸ਼ਬਦ ਦੇ ਤਾਂ ਮਾਰੂ ਸੋਲਹੇ ਮਹਲਾ ੫, ਅੰਗ ੧੦੮੨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਕਰ ਸਕਦਾ ਹੈ, ਜਿਸ ਵਿਚ ਅੱਗੇ ਪੰਚਮ ਗੁਰਦੇਵ ਨੇ ਪ੍ਰਮਾਤਮਾ ਦੇ ਹੋਰ ਬੇਅੰਤ ਨਾਮਾਂ ਦਾ ਜ਼ਿਕਰ ਕੀਤਾ ਹੈ। ਇਸ ਸ਼ਬਦ ਵਿਚ ਪ੍ਰਮੇਸ਼ਰ ਦੇ ਕਿਰਤਮ ਨਾਮਾਂ ਦੀ ਸੂਚੀ ਹੈ, ਜਿਸ ਵਿਚ ਸਾਰੇ ਪ੍ਰਚਲਤ ਨਾਮ ਹਨ ਜੋ ਵੱਖ-ਵੱਖ ਫ਼ਿਰਕਿਆਂ ਦੇ ਲੋਕ ਆਪਣੇ ਇਸ਼ਟ ਦੇਵ ਲਈ ਵਰਤਦੇ ਸਨ, ਇਥੇ ਗੁਰੂ ਜੀ ਨੇ ਅਕਾਲ ਪੁਰਖ ਲਈ ਵਰਤੇ ਹਨ। ਇਹਨਾਂ ਨਾਮਾਂ ਵਿਚ ਗੁਰੂ ਜੀ ਨੂੰ ਜੋ ਵਾਹਿਗੁਰੂ ਦੀ ਵਡਿਆਈ ਕੰਮ ਕਰਦੀ ਦਿੱਸੀ ਹੈ, ਉਸ ਦਾ ਉਸੇ ਤਰ੍ਹਾਂ ਵਰਣਨ ਕੀਤਾ ਹੈ। ਇਸੇ ਤਰ੍ਹਾਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਪਣੀ ਪਾਵਨ ਬਾਣੀ ਸ੍ਰੀ ਜਾਪੁ ਸਾਹਿਬ ਜੀ ਵਿਚ ਬੇਅੰਤ ਨਾਮ ਉਸ ਪ੍ਰਭੂ ਦੇ ਕਹੇ ਹਨ।

ਯਥਾ : ਚਾਚਰੀ ਛੰਦ॥ ਤ੍ਵ ਪ੍ਰਸਾਦਿ॥

*ਗੁਬਿੰਦੇ॥ ਮੁਕੰਦੇ॥ ਉਦਾਰੇ॥ ਅਪਾਰੇ॥ ੯੪॥*

*ਹਰੀਅੰ॥ ਕਰੀਅੰ॥ ਨ੍ਰਿਨਾਮੇ॥ ਅਕਾਮੇ॥ ੯੫॥*

*ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ॥*

ਪ੍ਰਿੰਸੀਪਲ ਸਤਬੀਰ ਸਿੰਘ ਜੀ ਅਨੁਸਾਰ ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਇਸ ਪਵਿੱਤ੍ਰ ਬਾਣੀ "ਜਾਪੁ ਸਾਹਿਬ" ਅੰਦਰ ਤਕਰੀਬਨ ੭੩੫ ਉਪਨਾਮ ਵਾਹਿਗੁਰੂ ਜੀ ਲਈ ਵਰਤੇ ਹਨ। ਇਨ੍ਹਾਂ ਵਿਚੋਂ ੮੫ ਦੇ ਕਰੀਬ ਮੁਸਲਮਾਨੀ ਨਾਮ ਹਨ ਅਤੇ ਫਿਰ ਸਵਾਦ ਇਹ ਹੈ ਕਿ ਕੁਰਾਨ ਮਜੀਦ ਦੀਆਂ ਉਪਮਾਵਾਂ ਨਾਲੋਂ ਬਿਲਕੁਲ ਵੱਖ ਹਨ।

(ਸਾਡਾ ਇਤਿਹਾਸ, ਭਾਗ ਪਹਿਲਾ, ਪੰਨਾ ੪੫੧)

*ਯਥਾ : ਚਾਚਰੀ ਛੰਦ॥ ਤ੍ਵ ਪ੍ਰਸਾਦਿ॥*

*ਅਰੂਪ ਹੈਂ॥ ਅਨੂਪ ਹੈਂ॥ ਅਜੂ ਹੈਂ॥ ਅਭੂ ਹੈਂ॥ ੨੯॥*

*ਅਲੇਖ ਹੈਂ॥ ਅਭੇਖ ਹੈਂ॥ ਅਨਾਮ ਹੈਂ॥ ਅਕਾਮ ਹੈਂ॥ ੩੦॥*

*ਅਧੇ ਹੈਂ॥ ਅਭੇ ਹੈਂ॥ ਅਜੀਤ ਹੈਂ॥ ਅਭੀਤ ਹੈਂ॥ ੩੧॥*

*ਤ੍ਰਿਮਾਨ ਹੈਂ॥ ਨਿਧਾਨ ਹੈਂ॥ ਤ੍ਰਿਬਰਗ ਹੈਂ॥ ਅਸਰਗ ਹੈਂ॥ ੩੨॥*

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਇਸ ਤਰ੍ਹਾਂ ਸਾਰੇ ਜਾਪੁ ਸਾਹਿਬ ਅੰਦਰ ਪ੍ਰਮਾਤਮਾ ਦੇ ਨਾਮਾਂ ਦਾ ਵਰਣਨ ਕੀਤਾ ਹੈ, ਵਿਸਥਾਰ ਦੇ ਡਰ ਕਾਰਨ ਇਥੇ ਨਹੀਂ ਦਿੱਤੇ ਜਾ ਸਕਦੇ। ਜਿਸ ਨੇ ਦਰਸ਼ਨ ਕਰਨੇ ਹਨ, ਉਹ ਸੱਜਣ ਜਾਪੁ ਸਾਹਿਬ ਅੰਦਰ ਸ਼ਰਧਾ ਨਾਲ ਪੜ੍ਹ ਕੇ ਦਰਸ਼ਨ ਕਰ ਸਕਦਾ ਹੈ।

# ਅਮੀਕ ਹੈਂ॥ ਰਫੀਕ ਹੈਂ॥

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਪਣੀ ਇਸ ਪਾਵਨ ਬਾਣੀ ਅੰਦਰ ਵੱਖ-ਵੱਖ ਭਾਸ਼ਾ ਦੇ ਸ਼ਬਦਾਂ ਨੂੰ ਕਿਸ ਤਰ੍ਹਾਂ ਇਕ ਲੜੀ ਵਿਚ ਪ੍ਰੋਣਾ ਕੀਤਾ ਹੈ ਅਤੇ ਫੇਰ ਆਪ ਜੀ ਨੇ ਪੰਜਾਬੀ ਭਾਸ਼ਾ ਵਿਚ ਅਰਬੀ, ਫ਼ਾਰਸੀ, ਸੰਸਕ੍ਰਿਤ ਤੇ ਪ੍ਰਾਕ੍ਰਿਤ ਭਾਸ਼ਾਵਾਂ ਦੇ ਸ਼ਬਦ ਨੂੰ ਅੰਗੂਠੀ ਦੇ ਨਗੀਨੇ ਵਾਂਗ ਤੋਲ-ਤੁਕਾਂਤ ਤੇ ਭਾਰ ਦੇ ਲਿਹਾਜ਼ ਨਾਲ ਅਜਿਹਾ ਢੰਗ ਵਰਤਿਆ ਹੈ ਕਿ ਕੋਈ ਵੀ ਸ਼ਬਦ ਪੰਜਾਬੀ ਭਾਸ਼ਾ ਨਾਲ ਲਿਖਿਆ ਓਪਰਾ ਨਹੀਂ ਲੱਗਦਾ, ਸਗੋਂ ਛੰਦਾਂ ਦੀ ਰਵਾਨਗੀ ਦਰਿਆ ਦੇ ਪਾਣੀ ਦੇ ਵੇਗ ਦੀ ਤਰ੍ਹਾਂ ਇਕ ਰਸ ਰਚਨਾ ਰਚੀ ਹੈ। ਬੜੇ-ਬੜੇ ਪ੍ਰਸਿੱਧ ਆਲਮ ਗੁਰਦੇਵ ਦੀ ਇਸ ਮਿਲਗੋਭੇ ਦੀ ਰਚਨਾ ਨੂੰ ਪੜ੍ਹ ਕੇ ਹੈਰਾਨ ਰਹਿ ਜਾਂਦੇ ਹਨ ਕਿ ਗੁਰੂ ਜੀ ਨੇ ਦੂਸਰੀਆਂ ਭਾਸ਼ਾਵਾਂ ਦੇ ਕਠਨ ਸ਼ਬਦਾਂ ਨੂੰ ਕਿਸ ਤਰ੍ਹਾਂ ਪੰਜਾਬੀ ਭਾਸ਼ਾ ਵਿਚ ਮਿਲਾ ਲਿਆ ਹੈ। ਨਮੂਨੇ ਮਾਤਰ ਕੁਝ ਕੁ ਸ਼ਬਦ ਇਥੇ ਦੇ ਰਹੇ ਹਾਂ। ਜਿਸ ਤਰ੍ਹਾਂ "ਜਾਪੁ" ਸਾਹਿਬ ਦੀ ਚੌਥੀ ਪਉੜੀ ਅੰਦਰ 'ਅਗੰਜੇ' ਸ਼ਬਦ ਆਇਆ ਹੈ :

*ਨਮਸਤੰ ਅਗੰਜੇ॥ ਨਮਸਤੰ ਅਭੰਜੇ॥*
*ਨਮਸਤੰ ਅਨਾਮੇ॥ ਨਮਸਤੰ ਅਠਾਮੇ॥ ੪॥*

(ਜਾਪੁ ਸਾਹਿਬ)

ਪਦ ਅਰਥ :—ਗੰਜਨ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ, ਇਸ ਦੇ ਅਰਥ ਹਨ— 1. ਜਿੱਤਣਾ, 2. ਕਿਸੇ ਤੋਂ ਅੱਗੇ ਵੱਧ ਜਾਣਾ, 3. ਅਗੰਜੇ=ਗੰਜ ਰਹਿਤ, 4. ਅਜਿਤ।

ਅਭੰਜੇ=1. ਟੁੱਟਣ ਤੋਂ ਰਹਿਤ, 2. ਅਤੁੱਟ, 3. ਜੋ ਭੰਨਿਆ (ਤੋੜਿਆ) ਨਾ ਜਾ ਸਕੇ।

ਅਨਾਮੇ=1. ਨਾਮ ਰਹਿਤ, 2. ਜਿਸ ਦਾ ਕੋਈ ਇਕ ਨਾਮ ਨਹੀਂ ਹੈ।

ਅਠਾਮੇ=1. ਠਾਂ, ਥਾਂ ਰਹਿਤ, ਜਿਸ ਦਾ ਕੋਈ ਇਕ ਨੀਅਤ ਥਾਂ ਨਹੀਂ, ਭਾਵ ਸਰਬ ਥਾਵਾਂ ਅੰਦਰ ਹੈ।

ਅਰਥ :—ਹੇ ਅਕਾਲ ਪੁਰਖ ! ਤੈਨੂੰ ਨਮਸ਼ਕਾਰ, ਕਿਉਂਕਿ ਤੇਰੇ ਨਾਲੋਂ ਹੋਰ ਕੋਈ ਅੱਗੇ ਵੱਧਣ ਵਾਲਾ ਨਹੀਂ ਹੈ। ਹੇ ਪ੍ਰਭੂ ! ਤੂੰ ਅਤੁੱਟ ਹੈਂ ਅਤੇ ਨਾਮ ਰਹਿਤ ਹੈਂ, ਤੈਨੂੰ ਨਮਸ਼ਕਾਰ ਹੈ। ਤੇਰਾ ਕੋਈ ਮਿਥਿਆ ਹੋਇਆ ਥਾਂ ਟਿਕਾਣਾ ਨਹੀਂ ਹੈ, ਤੂੰ ਸਰਬ-ਵਿਆਪਕ ਹੈਂ, ਇਸ ਕਰਕੇ ਤੈਨੂੰ ਮੇਰੀ ਨਮਸ਼ਕਾਰ ਹੈ।

***ਅਮੀਕ ਹੈਂ॥ ਰਫੀਕ ਹੈਂ॥ ਅਧੰਧ ਹੈਂ॥ ਅਬੰਧ ਹੈਂ॥ ੩੯॥***

(ਜਾਪੁ ਸਾਹਿਬ)

ਅਮੀਕ= 1. ਇਹ ਅਰਬੀ ਭਾਸ਼ਾ ਦਾ ਸ਼ਬਦ ਹੈ।

ਪਦ ਅਰਥ :—1. ਡੂੰਘਾ, 2. ਥਾਹ ਰਹਿਤ, 3. ਅਥਾਹ।

ਰਫ਼ੀਕ=ਇਹ ਸ਼ਬਦ ਵੀ ਅਰਬੀ ਭਾਸ਼ਾ ਦਾ ਹੈ।

ਪਦ ਅਰਥ :—1. ਸਾਥੀ, ਹਮਰਾਹੀ, 2. ਸਫ਼ਰ, 3. ਮਦਦਗਾਰ, 4. ਦੋਸਤ।

ਅਧੰਧ= 1. ਧੰਧਿਆਂ ਤੋਂ ਰਹਿਤ, 2. ਝਮੇਲਿਆਂ ਤੋਂ ਰਹਿਤ, 3. ਕੰਮਾਂ ਤੋਂ ਰਹਿਤ।

ਅਬੰਧ= 1. ਬੰਧਨ ਤੋਂ ਰਹਿਤ।

ਪਦ ਅਰਥ :—ਹੇ ਪ੍ਰਭੂ ਪ੍ਰਮਾਤਮਾ ! ਤੂੰ ਇਤਨਾ ਡੂੰਘਾ ਹੈਂ, ਤੇਰੀ ਥਾਹ ਨਹੀਂ ਪਾਈ ਜਾ ਸਕਦੀ। ਤੂੰ ਤਾਂ ਸਾਰੇ ਜੀਆਂ ਦਾ ਸਾਥੀ ਹੈਂ। ਸੰਸਾਰ ਦੇ ਝੰਮੇਲੇ ਤੈਨੂੰ ਪੋਹ ਨਹੀਂ ਸਕਦੇ। ਤੂੰ ਕਿਸੇ ਬੰਧਨ ਵਿਚ ਨਹੀਂ ਹੈਂ, ਤੂੰ ਸਾਰੇ ਸੰਸਾਰਿਕ ਧੰਧਿਆਂ ਤੋਂ ਪਰ੍ਹੇ ਹੈਂ, ਇਹ ਧੰਧੇ ਤੈਨੂੰ ਪੋਹ ਨਹੀਂ ਸਕਦੇ। ਇਹ ਦ੍ਰਿਸ਼ਟਾਂਤ ਮਾਤਰ ਇਥੇ ਨਿਰਣਾ ਕੀਤਾ ਹੈ। ਜਿਸ ਮਨੁੱਖ ਨੂੰ ਆਪ ਸਾਰੀਆਂ ਭਾਸ਼ਾਵਾਂ ਦਾ ਗਿਆਨ ਹੈ, ਉਹ ਵਿਦਵਾਨ ਸੱਜਣ ਹੀ ਹਜ਼ੂਰ ਦੀ ਇਸ ਪਾਵਨ ਬਾਣੀ ਨੂੰ ਸਮਝ ਸਕਦਾ ਹੈ।

❑

# ਨਮੋ ਸ਼ਾਹ ਸ਼ਾਹੇ

ਜਾਪੁ ਸਾਹਿਬ ਅੰਦਰ ਦਸਮੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਅਕਾਲ ਪੁਰਖ ਨੂੰ ਨਮਸ਼ਕਾਰ ਕਰਨ ਦੀ ਜਾਚ ਦੱਸੀ ਹੈ। ਨਮਸ਼ਕਾਰ ਕਰਨੀ ਕਿਉਂ ਜ਼ਰੂਰੀ ਹੈ, ਇਸ ਸੰਬੰਧ ਵਿਚ ਭਗਤ ਫ਼ਰੀਦ ਜੀ ਤੇ ਗੁਰੂ ਅੰਗਦ ਦੇਵ ਜੀ ਦੇ ਅੰਮ੍ਰਿਤ ਬਚਨ ਇਸ ਤਰ੍ਹਾਂ ਆਏ ਹਨ। ਸਤਿਕਾਰ ਯੋਗ ਭਗਤ ਫ਼ਰੀਦ ਜੀ ਵੀ ਆਪਣੀ ਪਾਵਨ ਬਾਣੀ ਦੇ ਅੰਦਰ ਕਥਨ ਕਰਦੇ ਹਨ ਕਿ ਜੋ ਮਨੁੱਖ ਆਪਣੇ ਮਾਲਕ ਦੇ ਅੱਗੇ ਸਿਰ ਨਹੀਂ ਨਿਵਾਉਂਦਾ, ਐਸੇ ਹੰਕਾਰੀ ਮਨੁੱਖ ਦੇ ਸਿਰ ਨੂੰ ਕੀ ਕਰਨਾ ਚਾਹੀਦਾ ਹੈ ? ਉਸ ਸਿਰ ਨੂੰ ਧੜ ਨਾਲੋਂ ਕੱਟ ਕੇ ਵੱਖਰਾ ਕਰ ਦੇਣਾ ਚਾਹੀਦਾ ਹੈ ਜਾਂ ਫਿਰ ਐਸੇ ਸਿਰ ਨੂੰ ਚੁਲ੍ਹੇ ਦੇ ਵਿਚ ਬਾਲਣ ਦੇ ਥਾਂ ਸਾੜ ਦੇਣਾ ਚਾਹੀਦਾ ਹੈ :

*ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ॥*
*ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ॥ ੭੧॥*
*ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ॥*
*ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ॥ ੭੨॥*

(ਅੰਗ ੧੩੮੧)

ਦੂਸਰੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦਾ ਮਾਝ ਕੀ ਵਾਰ ਅੰਦਰ ਫ਼ੁਰਮਾਣ ਹੈ ਕਿ ਜਿਸ ਸਰੀਰ ਰੂਪੀ ਪਿੰਜਰੇ ਦੇ ਅੰਦਰ ਬਿਰਹਾ ਨਹੀਂ ਅਤੇ ਜੋ ਸਿਰ ਸਾਈਂ ਅੱਗੇ ਨਿੰਵਦਾ ਨਹੀਂ, ਉਸ ਪਿੰਜਰੇ ਨੂੰ ਸਾੜ ਦਿਉ ਜਾਂ ਸਿਰ ਨੂੰ ਕੱਟ ਕੇ ਸੁੱਟ ਦਿਉ :

*ਸਲੋਕ ਮ : ੨॥ ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਦੀਜੈ ਡਾਰਿ॥*
*ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ॥*

(ਅੰਗ ੮੯)

ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਫ਼ੁਰਮਾਣ ਹੈ ਕਿ ਜਿਥੇ ਸਿੱਖ ਨੇ ਗੁਰੂ ਪ੍ਰਮੇਸ਼ਰ ਦੇ ਅੱਗੇ ਮਸਤਕ ਟੇਕਣਾ ਹੈ, ਉਥੇ ਮਾਲਕ ਦੇ ਹੁਕਮ ਨੂੰ ਮੰਨਣਾ ਵੀ ਅਤੀ ਜ਼ਰੂਰੀ ਹੈ। ਗੁਰਦੇਵ ਦੇ ਹੁਕਮ ਅਨੁਸਾਰ ਨਾਮ ਜੱਪਣਾ, ਕਿਰਤ ਕਰਨੀ, ਵੰਡ ਛਕਣਾ ਜਿਥੇ ਇਹ ਤਿੰਨੇ ਜ਼ਰੂਰੀ ਹਨ, ਉਥੇ ਗੁਰੂ ਪ੍ਰਮੇਸ਼ਰ ਅੱਗੇ ਅਰਦਾਸਾਂ, ਬੇਨਤੀਆਂ ਤੇ ਸ਼ਰਧਾ ਨਾਲ ਗੁਰਸਿੱਖ ਨੇ ਮੱਥਾ ਟੇਕਣਾ ਹੈ।

*ਤੁਧਨੋ ਨਿਵਣੁ ਮੰਨਣੁ ਤੇਰਾ ਨਾਉ॥ ਸਾਚੁ ਭੇਟ ਬੈਸਣ ਕਉ ਥਾਉ॥*
*ਸਤੁ ਸੰਤੋਖੁ ਹੋਵੈ ਅਰਦਾਸਿ॥ ਤਾ ਸੁਣਿ ਸਦਿ ਬਹਾਲੇ ਪਾਸਿ॥ ੧॥*

(ਅੰਗ ੮੭੮)

ਅਥਵਾ :—

*ਹਰ ਸਰੇ ਕੋ ਸਜਦਾ ਏ ਸੁਬਹਾ ਨ ਕਰਦ। ਹੱਕ ਮੁਰਗ਼ਾ ਸਾਹਿਬੇ ਈਮਾਂ ਨ ਕਰਦ॥ ੩੩॥*
*ਸਰ ਬਰਾਏ ਸਜਦਹ ਪੈਦਾ ਕਰਦਹਅੰਦ। ਦਰਦ ਹਰ ਸਰ ਰ ਮਦਾਵਾ ਕਰਦਹਅੰਦ॥ ੩੪॥*
*ਪਸ ਤੁਰਾ ਬਾਯਦ ਕੁਨੀ ਹਰ ਦਮ ਸਜੂਦ। ਗ਼ਾਫ਼ਿਲ ਅਜ ਵੈਯਕ ਜ਼ਮਾਂ ਆਰਿਫ਼ ਨ ਬੂਦ॥ ੩੫॥*
*ਆ ਜਿਹੇ ਸਰ ਕੋ ਬਾ-ਰਾਹਸ਼ ਦਰ ਸਜੂਦ। ਹਮ ਚੋ ਗੋ ਚੌਗਾਨੇ ਸ਼ੋਕਸ ਦਰ ਰਬੂਦ॥ ੩੬॥*

(ਜ਼ਿੰਦਗੀ ਨਾਮਹ ਭਾਈ ਨੰਦ ਲਾਲ ਜੀ)

ਇਸ ਤੋਂ ਸਾਨੂੰ ਪ੍ਰੇਰਨਾ ਮਿਲਦੀ ਹੈ ਕਿ ਆਪਣੇ ਇਸ਼ਟ ਗੁਰੂ ਨੂੰ ਮਸਤਕ ਟੇਕਣ ਲੱਗਿਆਂ ਨੀਯਤ ਸਾਫ਼ ਹੋਣੀ ਚਾਹੀਦੀ ਹੈ। ਗੁਰੂ ਘਰ ਅੰਦਰ ਗੁਰਮਤਿ ਦੇ ਸਿਧਾਂਤ ਅਨੁਸਾਰ ਸੀਸ ਉਹ ਪਵਿੱਤਰ ਤੋਂ ਪਵਿੱਤਰ ਹੈ ਜੋ ਸੱਚੇ ਮਨੋਂ ਗੁਰੂ ਦੇ ਚਰਨੀਂ ਲੱਗਦਾ ਹੈ :

*ਸੋ ਸੀਸੁ ਭਲਾ ਪਵਿਤ੍ਰ ਪਾਵਨੁ ਹੈ ਮੇਰੀ ਜਿੰਦੁੜੀਏ ਜੋ ਜਾਇ ਲਗੈ ਗੁਰ ਪੈਰੇ ਰਾਮ॥*

(ਅੰਗ ੫੪੦)

ਗੁਰਬਾਣੀ ਅੰਦਰ ਗੁਰੂ ਸਾਹਿਬ ਜੀ ਨੇ ਤਾਂ ਸਿੱਖ ਨੂੰ ਇਸ਼ਟ ਗੁਰੂ, ਇਸ਼ਟ ਦੇਵ ਪ੍ਰਮੇਸ਼ਰ ਅੱਗੇ ਵਾਰ-ਵਾਰ ਨਮਸ਼ਕਾਰ, ਡੰਡਉਤ, ਬੰਦਨ ਕਰਨ ਲਈ ਹੁਕਮ ਕੀਤਾ ਹੈ :

*ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ॥*
*ਨਮਸਕਾਰ ਡੰਡਉਤਿ ਬੰਦਨਾ ਅਨਿਕ ਬਾਰ ਜਾਉ ਬਾਰੈ॥*

(ਅੰਗ ੮੨੦)

ਅਥਵਾ : *ਕਰਉ ਬੰਦਨਾ ਅਨਿਕ ਵਾਰ ਸਰਨਿ ਪਰਉ ਹਰਿ ਰਾਇ॥*
*ਭ੍ਰਮੁ ਕਟੀਐ ਨਾਨਕ ਸਾਧਸੰਗਿ ਦੁਤੀਆ ਭਾਉ ਮਿਟਾਇ॥ ੨॥*

(ਅੰਗ ੨੯੬)

ਅਥਵਾ : *ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ੧॥*

(ਅੰਗ ੨੫੬)

ਨਮਸ਼ਕਾਰ ਵਾਰ-ਵਾਰ ਕਰਨ ਲਈ ਹਜ਼ੂਰ ਦੇ ਗੁਰਬਾਣੀ ਅੰਦਰ ਇਸ ਪ੍ਰਕਾਰ ਸ਼ਬਦ ਆਏ ਹਨ :

ਨਮਸਕਾਰ ਤਾ ਕਉ ਲਖ ਬਾਰ॥ ਇਹੁ ਮਨੁ ਦੀਜੈ ਤਾ ਕਉ ਵਾਰਿ॥

ਸਿਮਰਨਿ ਤਾ ਕੈ ਮਿਟਹਿ ਸੰਤਾਪ॥ ਹੋਇ ਅਨੰਦੁ ਨ ਵਿਆਪਹਿ ਤਾਪ॥ ੧॥

(ਅੰਗ ੧੧੪੨)

ਤੁਮ ਦਾਤੇ ਪ੍ਰਭ ਦੇਨਹਾਰ॥

ਨਿਮਖ ਨਿਮਖ ਤਿਸੁ ਨਮਸਕਾਰ॥ ੧॥ ਰਹਾਉ॥

(ਅੰਗ ੧੧੮੧)

ਕੋਟਿ ਛਤ੍ਰਪਤਿ ਕਰਤ ਨਮਸਕਾਰ॥ ਕੋਟਿ ਇੰਦ੍ਰ ਠਾਢੇ ਹੈ ਦੁਆਰ॥

(ਅੰਗ ੧੧੫੬)

ਹੇ ਪਪੀਲਕਾ ਗ੍ਰਸਟੇ ਗੋਬਿੰਦ ਸਿਮਰਣ ਤੁਯੰ ਧਨੇ॥

ਨਾਨਕ ਅਨਿਕ ਬਾਰ ਨਮੋ ਨਮਹ॥ ੬੩॥ (ਅੰਗ ੧੩੫੯)

ਹਰਿ ਸੰਤਨ ਕਰਿ ਨਮੋ ਨਮੋ॥ ਨਉ ਨਿਧਿ ਪਾਵਹਿ ਅਤੁਲੁ ਸੁਖੋ॥ ੪॥

(ਅੰਗ ੨੪੧)

ਹਰਏ ਨਮਸਤੇ ਹਰਏ ਨਮਹ॥ ਹਰਿ ਹਰਿ ਕਰਤ ਨਹੀ ਦੁਖੁ ਜਮਹ॥ ੧॥ ਰਹਾਉ॥

(ਅੰਗ ੮੭੪)

ਹਰਿ ਕਰਣਹਾਰੰ ਨਮਸਕਾਰੰ ਸਰਣਿ ਨਾਨਕ ਜਗਦੀਸ੍ਵਰਹ॥

(ਅੰਗ ੧੩੫੮)

ਦਸਮੇਸ਼ ਪਿਤਾ ਸ੍ਰੀ ਗੁਰੁ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਰਬ ਸ਼ਕਤੀਆਂ ਦੇ ਮਾਲਕ ਸਰਬਵਿਆਪੀ, ਪਰੀਪੂਰਨ, ਅਕਾਲ ਪੁਰਖ ਵਾਹਿਗੁਰੂ ਜੀ ਨੂੰ ਸਰਬ ਦਾ ਨਾਸ਼ ਕਰਤਾ ਅਤੇ ਦਿਆਲੂ, ਸਰਬ ਰੂਪੀ ਰਾਜਿਆਂ ਦਾ ਰਾਜਾ ਕਹਿ ਕੇ ਜਾਪੁ ਸਾਹਿਬ ਦੇ ਅੰਦਰ ਵਾਰ ਵਾਰ ਨਮਸ਼ਕਾਰ ਕੀਤੀ ਹੈ ਅਤੇ ਉਸ ਅਕਾਲ ਪੁਰਖ ਨੂੰ ਨਮਸ਼ਕਾਰ ਕਰਨ ਦੀ ਸਾਨੂੰ ਜਾਚ ਸਿਖਾਈ ਹੈ :

ਨਮੋ ਸਰਬ ਕਾਲੇ॥ ਨਮੋ ਸਰਬ ਦਿਆਲੇ॥ਨਮੋ ਸਰਬ ਰੂਪੇ॥ਨਮੋ ਸਰਬ ਭੂਪੇ॥ ੧੯॥

ਨਮੋ ਸਰਬ ਖਾਪੇ॥ ਨਮੋ ਸਰਬ ਥਾਪੇ॥ ਨਮੋ ਸਰਬ ਕਾਲੇ॥ ਨਮੋ ਸਰਬ ਪਾਲੇ॥ ੨੦॥

(ਜਾਪੁ ਸਾਹਿਬ)

ਅਥਵਾ: ਨਮੋ ਰਾਜ ਰਾਜੇ॥ਨਮੋ ਸਾਜ ਸਾਜੇ॥ਨਮੋ ਸਾਹ ਸਾਹੇ॥ਨਮੋ ਮਾਹ ਮਾਹੇ॥ ੬੭॥

(ਜਾਪੁ ਸਾਹਿਬ)

ਨਮੋ ਸਰਬ ਸੋਖੰ॥ ਨਮੋ ਸਰਬ ਪੋਖੰ॥

ਨਮੋ ਸਰਬ ਕਰਤਾ॥ ਨਮੋ ਸਰਬ ਹਰਤਾ॥ ੨੭॥

*ਨਮੋ ਜੋਗ ਜੋਗੇ॥ ਨਮੋ ਭੋਗ ਭੋਗੇ॥*

*ਨਮੋ ਸਰਬ ਦਿਆਲੇ॥ ਨਮੋ ਸਰਬ ਪਾਲੇ॥੨੮॥*

(ਜਾਪੁ ਸਾਹਿਬ)

ਚੋਜੀ ਪ੍ਰੀਤਮ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸ੍ਰੀ ਜਾਪੁ ਸਾਹਿਬ ਅੰਦਰ ਪ੍ਰਮਾਤਮਾ ਨੂੰ ਸਰਬ ਰੂਪੀ ਕਥਨ ਕਰਕੇ ਨਮਸ਼ਕਾਰ ਕੀਤੀ ਹੈ, ਪਰ ਜਦ ਅਰਥਾਂ ਵੱਲ ਧਿਆਨ ਦੇ ਕੇ ਜਾਪੁ ਸਾਹਿਬ ਦਾ ਪਾਠ ਕਰੀਏ ਤਾਂ ਇਸ ਗੱਲ ਦੀ ਸਮਝ ਪੈਂਦੀ ਹੈ। ਜਾਪੁ ਸਾਹਿਬ ਜੀ ਦਾ ਪਾਠ ਧਿਆਨ ਲਾ ਕੇ ਕਰਨ ਨਾਲ ਕਿਤਨੇ ਵਾਰ ਅਕਾਲ ਪੁਰਖ ਵਾਹਿਗੁਰੂ ਜੀ ਨੂੰ ਨਮਸ਼ਕਾਰ ਹੋ ਜਾਂਦੀ ਹੈ, ਇਹ ਦਸਮੇਸ਼ ਗੁਰੂ ਜੀ ਨੇ ਸਾਡੇ ਉੱਪਰ ਕਿਤਨੀ ਵੱਡੀ ਬਖ਼ਸ਼ਿਸ਼ ਕੀਤੀ ਹੈ। ਗਿਆਨੀ ਸੋਹਣ ਸਿੰਘ ਸੀਤਲ ਜੀ ਦਾ ਕਥਨ ਹੈ ਕਿ ਦਸਮੇਸ਼ ਪਿਤਾ ਜੀ ਚੌਪਈ ਸਾਹਿਬ ਨਿਤਨੇਮ ਦੀ ਬਾਣੀ ਅੰਦਰ ਕਥਨ ਕਰਦੇ ਹਨ ਕਿ ਸਾਡੀ ਉਸ ਅਕਾਲ ਪੁਰਖ ਵਾਹਿਗੁਰੂ ਨੂੰ ਨਮਸ਼ਕਾਰ ਹੈ, ਜਿਸ ਵਾਹਿਗੁਰੂ ਜੀ ਨੇ ਸਮੁੱਚੀ ਕਾਇਨਾਤ (ਸ੍ਰਿਸ਼ਟੀ) ਦੀ ਰਚਨਾ ਇਕ ਫੁਰਨੇ ਵਿਚ ਆਪਣੀ ਸ਼ਕਤੀ ਦੁਆਰਾ ਸਾਜ ਕੇ ਸੰਵਾਰ ਦਿੱਤੀ ਹੈ :

*ਨਮਸਕਾਰ ਤਿਸ ਹੀ ਕੌ ਹਮਾਰੀ॥ ਸਕਲ ਪ੍ਰਜਾ ਜਿਨ ਆਪ ਸਵਾਰੀ॥*

(ਚੌਪਈ ਸਾਹਿਬ)

ਜਾਪੁ ਸਾਹਿਬ 'ਨਿੱਤ-ਨੇਮ' ਦੀ ਬਾਣੀ ਹੈ। ਉਸ ਦੇ ਪਹਿਲੇ ਛੰਦ ਵਿਚ ਹਜ਼ੂਰ ਨੇ ਆਪਣੇ ਇਸ਼ਟ-ਨਿਰੰਕਾਰ ਬਾਰੇ ਇਸ ਤਰ੍ਹਾਂ ਕਥਨ ਕੀਤਾ ਹੈ :

*ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥*
*ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ॥*
*ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜ ਕਹਿੱਜੈ॥*
*ਕੋਟਿ ਇੰਦ੍ਰ ਇੰਦ੍ਰਾਣ ਸਾਹਿ ਸਾਹਾਣਿ ਗਣਿੱਜੈ॥*
*ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤਿ ਨੇਤਿ ਬਨ ਤ੍ਰਿਣ ਕਹਤ॥*
*ਤ੍ਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ॥ ੧॥*

ਇਹ ਹੈ ਗੁਰਦੇਵ ਦਾ 'ਇਸ਼ਟ ਦੇਵ' ਜਿਸ ਦਾ ਕੋਈ ਰੂਪ ਰੰਗ ਜਾਂ ਚੱਕ੍ਰ ਚਿਹਨ ਨਹੀਂ, ਨਿਰਾਕਾਰ, ਅਚਲ, ਅਜਨਮਾ ਹੈ।

ਫਿਰ ਅਗਲੇ ਛੰਦ ਵਿਚ ਗੁਰਦੇਵ ਨਮਸ਼ਕਾਰ ਕਰਦੇ ਹਨ :

*ਨਮਸਤ੍ਵੰ ਅਕਾਲੇ॥ ਨਮਸਤ੍ਵੰ ਕ੍ਰਿਪਾਲੇ॥*

ਕਿਰਪਾ ਨਿਧਿ ਅਕਾਲ ਪੁਰਖ ਨੂੰ ਸੀਸ ਝੁਕਾਉਂਦੇ ਹਨ।

ਪ੍ਰਿੰਸੀਪਲ ਸਤਬੀਰ ਸਿੰਘ ਜੀ ਇਸ ਤਰ੍ਹਾਂ ਕਥਨ ਕਰਦੇ ਹਨ ਕਿ ਵਿਸ਼ਵ-ਆਗੂ ਗੁਰੂ ਗੋਬਿੰਦ ਸਿੰਘ ਜੀ ਕਿਸੇ ਜਾਤੀ, ਪ੍ਰਾਂਤ ਜਾਂ ਦੇਸ਼ ਦੇ ਆਗੂ ਨਹੀਂ ਸਨ, ਸਗੋਂ ਵਿਸ਼ਵ ਆਗੂ ਸਨ। ਉਨ੍ਹਾਂ ਦੀਆਂ ਲਿਖਤਾਂ ਵਿਚ ਪੰਜਾਬੀ ਜਾਂ ਪ੍ਰਾਂਤਕ ਗੱਲ ਨਹੀਂ ਮਿਲੇਗੀ। ਗੋਕਲ ਚੰਦ ਨਾਰੰਗ ਦਾ ਇਹ ਕਹਿਣਾ ਕਿ ਉਨ੍ਹਾਂ ਕੌਮ-ਪ੍ਰਸਤੀ ਨੂੰ ਧਰਮ ਬਣਾ ਦਿੱਤਾ ਹੈ, ਗੁਰੂ ਜੀ ਦੀਆਂ ਲਿਖਤਾਂ ਦਾ ਧੁਰਾ 'ਸਰਬੱਤ' ਹੀ ਸੀ। 'ਜਾਪੁ ਸਾਹਿਬ' ਵਿਚ ਇਸ ਦਾ ਬਾਰ-ਬਾਰ ਵਰਣਨ ਕੀਤਾ ਗਿਆ ਹੈ :

*ਕਿ ਸਰਬੱਤ੍ਰ ਭਾਨੈ। ਕਿ ਸਰਬੱਤ੍ਰ ਮਾਨੈ।*
*ਕਿ ਸਰਬੱਤ੍ਰ ਇੰਦ੍ਰੈ। ਕਿ ਸਰਬੱਤ੍ਰ ਚੰਦ੍ਰੈ॥ ੧੧੯॥*

❑

# ਅਕਾਲ ਉਸਤਤਿ

ਗਿਆਨੀ ਗਿਆਨ ਸਿੰਘ ਜੀ ਦੇ ਕਥਨ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਜਾਪੁ ਸਾਹਿਬ ਤੇ ਅਕਾਲ ਉਸਤਤਿ ਬਾਣੀ ਜੀਵਾਂ ਦੀ ਕਲਿਆਣਕਾਰੀ ਵਾਸਤੇ ਇਸ ਪ੍ਰਕਾਰ ਉਚਾਰਨ ਕੀਤੀ ਹੈ :-

*ਜਾਪੁ ਜੀ ਅਕਾਲ ਜੁ ਕੀ ਉਸਤਤਿ ਕੀਨ,*
*ਉਪਦੇਸ਼ ਹੈ ਵਿਸ਼ਮ ਜਾਮੈ ਦਾਇਕ ਕਲਯਾਨ ਸੋਂ॥*

(ਸ੍ਰੀ ਗੁਰੂ ਪੰਥ ਪ੍ਰਕਾਸ਼ ਪੂਰਬਾਰਧ ਬਿਸਰਾਮ ੫੨)

ਅਕਾਲ ਉਸਤਤਿ ਦਾ ਭਾਵ ਹੈ, ਅਕਾਲ ਪੁਰਖ ਵਾਹਿਗੁਰੂ ਜੀ ਦੀ ਉਸਤਤੀ, ਕਿਸੇ ਮਨੁੱਖ ਦੀ ਉਸਤਤੀ ਨਹੀਂ ਹੈ, ਇਹ ਉਸ ਵਾਹਿਗੁਰੂ ਜੀ ਦੀ ਉਸਤਤੀ ਹੈ। ਅਕਾਲ ਦਾ ਅਰਥ ਹੈ, ਅਕਾਲ ਪੁਰਖ ਵਾਹਿਗੁਰੂ ਜੀ ਸਮੇਂ ਦੀ ਪਕੜ ਤੋਂ ਉੱਪਰ ਹਨ। ਹਜ਼ੂਰ ਦਾ ਸੁੰਦਰ ਫ਼ੁਰਮਾਣ ਹੈ :

*ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ॥* (ਅੰਗ ੧੦੩੮)

ਯਥਾ :

*ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ॥* (ਅੰਗ ੧੦੮੨)

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਸ੍ਰੀ ਦਸਮ ਗ੍ਰੰਥ ਸਾਹਿਬ ਅੰਦਰ ਸੁੰਦਰ ਫ਼ੁਰਮਾਣ ਹੈ :

*ਅਉਰ ਸੁਕਾਲ ਸਭੈ ਬਸਿ ਕਾਲ ਕੇ, ਏਕ ਹੀ ਕਾਲ ਅਕਾਲ ਸਦਾ ਹੈ॥ ੮੪॥*

(ਸ੍ਰੀ ਦਸਮ ਗ੍ਰੰਥ ਸਾਹਿਬ)

*ਯਥਾ : ਕਾਲ ਹੀਨ ਕਲਾ ਸੰਜੁਗਤਿ ਅਕਾਲ ਪੁਰਖ ਅਦੇਸ॥*

(ਸ੍ਰੀ ਦਸਮ ਗ੍ਰੰਥ ਸਾਹਿਬ)

*ਅਕਾਲ ਪੁਰਖ ਕੀ ਰੱਛਾ ਹਮਨੈਂ॥ ਸਰਬ ਲੋਹ ਦੀ ਰੱਛਿਆ ਹਮਨੈਂ॥*
*ਸਰਬ ਕਾਲ ਜੀ ਦੀ ਰੱਛਿਆ ਹਮਨੈਂ॥ ਸਰਬ ਲੋਹ ਜੀ ਦੀ ਸਦਾ ਰੱਛਿਆ ਹਮਨੈਂ॥*

ਅਕਾਲ ਉਸਤਤਿ ਗੁਰੂ ਜੀ ਦੀ ਉਹ ਬਾਣੀ ਹੈ, ਜਿਸ ਵਿਚ ਅਕਾਲ ਸ਼ਕਤੀ ਦੇ ਗੁਣ ਗਾਏ ਗਏ ਹਨ। ਜ਼ਾਹਰ ਹੈ ਕਿ ਗੁਰੂ ਸਾਹਿਬ ਦੀਆਂ ਰਚੀਆਂ ਤੇ ਖ਼ੁਦ ਹੱਥੀਂ ਲਿਖੀਆਂ ਇਹਨਾਂ

ਚਾਰ ਸਤਰਾਂ ਵਿਚ ਅਕਾਲ ਪੁਰਖ ਨੂੰ ਦੋ ਵਾਰ ਸਰਬ ਲੋਹ ਦਾ ਨਾਮ ਲੈ ਕੇ ਯਾਦ ਕੀਤਾ ਗਿਆ ਹੈ। ਇਹ ਸਰਬ ਲੋਹ ਉਹੋ ਅਕਾਲ ਸ਼ਕਤੀ ਹੈ, ਜਿਸ ਦੀ ਯਾਦ ਮਨੁੱਖ ਨੂੰ ਸੰਤ ਤੇ ਸਿਪਾਹੀ ਬਣਾਉਂਦੀ ਹੈ। ਫਿਰ ਸਰਬ ਲੋਹ ਸ਼ਸਤ੍ਰ ਦਾ ਵੀ ਪ੍ਰਤੀਕ ਹੈ, ਜਿਸ ਦੁਆਰਾ ਦੁਸ਼ਟਾਂ ਦਾ ਸੰਘਾਰ ਕਰਕੇ ਧਰਮ ਦੀ ਰੱਖਿਆ ਕੀਤੀ ਜਾ ਸਕਦੀ ਹੈ ਅਤੇ ਗੁਰੂ ਸਾਹਿਬ ਜੀ ਨੇ ਭਗਤੀ ਕਰਦਿਆਂ ਸ਼ਕਤੀ ਉਪਜਾਉਣ ਦਾ ਨਵਾਂ ਮਾਰਗ ਦਰਸਾਇਆ ਤੇ ਇਸ ਅਕਾਲ ਉਸਤਤਿ ਵਿਚ ਗਾਈ ਮਹਿਮਾ ਦੁਆਰਾ ਵੀ ਸ਼ਕਤੀ ਪ੍ਰਗਟਾਉਣ ਦਾ ਸਾਰਥਕ ਯਤਨ ਕੀਤਾ ਹੈ। ਗੁਰੂ ਸਾਹਿਬ ਨੇ ਕੋਈ ਅਜੇਹਾ ਅਧਿਆਤਮਕ ਜਾਂ ਕਲਾਤਮਿਕ ਕਰਮ ਨਹੀਂ ਕੀਤਾ ਜੋ ਸਮਾਜ ਲਈ ਉਪਯੋਗੀ ਨਾ ਹੋਵੇ, ਜਿਸ ਤੋਂ ਮਾਨਵ ਸਮਾਜ ਸ਼ਕਤੀ ਪ੍ਰਾਪਤ ਕਰਕੇ ਸ਼ੈਤਾਨੀ ਤਾਕਤਾਂ ਨਾਲ ਲੜ ਨਾ ਸਕੇ।

"ਅਕਾਲ ਉਸਤਤਿ" ਜਾਪੁ ਸਾਹਿਬ ਦੀ ਪ੍ਰਚੰਡ ਨਾਮ-ਮਾਲਾ ਤੋਂ ਅਗਲਾ ਕਰਮ ਵੀ ਹੈ। ਧਰਮ ਵਿਚ ਦੋ ਮੁੱਖ ਗੱਲਾਂ ਹੁੰਦੀਆਂ ਹਨ—ਪਹਿਲੇ ਇਸ਼ਟ, ਦੂਜੇ ਉਸ ਇਸ਼ਟ ਦੀ ਪ੍ਰਸੰਨਤਾ ਲਈ ਕੀਤੇ ਕਰਮ। ਅਕਾਲ ਉਸਤਤਿ ਵਿਚ ਦੋਹਾਂ ਅਹਿਮ ਨੁਕਤਿਆਂ 'ਤੇ ਵਿਸ਼ੇਸ਼ ਵਿਚਾਰ ਹੈ। ਗੁਰੂ ਸਾਹਿਬ ਆਪਣਾ ਇਸ਼ਟ ਅਕਾਲ ਪੁਰਖ ਨੂੰ ਮੰਨਦੇ ਹਨ, ਇਸ ਕਰਕੇ ਉਸ ਹਸਤੀ ਦੀ ਸਪੱਸ਼ਟਤਾ ਲਈ ਇਹ ਸਾਰੀ ਵਿਆਖਿਆ ਕੀਤੀ ਗਈ ਹੈ। ਦੂਸਰੇ ਉਸ ਇਸ਼ਟ ਨੂੰ ਰੀਝਾਉਣ ਲਈ ਲੋਕ ਜੋ ਕਰਮ ਕਰਦੇ ਹਨ, ਉਸ ਨੂੰ ਧਰਮ ਕਿਹਾ ਜਾਂਦਾ ਹੈ, ਇਹ ਧਰਮ ਕਰਮ ਵੱਖ-ਵੱਖ ਹਨ। ਗੁਰੂ ਸਾਹਿਬ ਨੇ ਇਹਨਾਂ ਪ੍ਰਚਲਤ ਧਰਮ ਕਰਮਾਂ ਦਾ ਡੂੰਘਾ ਵਿਸ਼ਲੇਸ਼ਨ ਕੀਤਾ ਤੇ ਅੰਤ ਸਮੂਹ ਮਾਨਵ ਜਾਤੀ ਲਈ ਪ੍ਰੇਮ ਤੇ ਵਿਸ਼ਵ ਸਾਂਝ ਨੂੰ ਸਰਬੋਤਮ ਧਰਮ ਦਰਸਾਇਆ ਹੈ। ਉਸਤਤੀ ਦੇ ਸੰਬੰਧ ਵਿਚ ਗੁਰਬਾਣੀ ਅੰਦਰ ਅੰਮ੍ਰਿਤ ਬਚਨ ਇਸ ਪ੍ਰਕਾਰ ਆਏ ਹਨ :

*ਪ੍ਰਭ ਕੀ ਉਸਤਤਿ ਕਰਹੁ ਦਿਨੁ ਰਾਤਿ॥ ਤਿਸਹਿ ਧਿਆਵਹੁ ਸਾਸਿ ਗਿਰਾਸ॥*

(ਅੰਗ ੨੮੦)

ਸ੍ਰੀ ਗੁਰੂ ਅਰਜਨ ਦੇਵ ਜੀ ਬਖ਼ਸ਼ਿਸ਼ ਕਰਦੇ ਹਨ ਕਿ ਹੇ ਭਾਈ ! ਉਸ ਪੂਰਨ ਪ੍ਰਭੂ ਪ੍ਰਮਾਤਮਾ ਦੀ ਉਸਤਤੀ ਦਿਨ ਰਾਤ ਕਰ ਅਤੇ ਹਰ ਇਕ ਸ੍ਵਾਸ ਨਾਲ ਉਸ ਪ੍ਰਭੂ ਨੂੰ ਧਿਆਵਣਾ ਕਰ। ਇਥੋਂ ਤੱਕ ਉਸ ਨੂੰ ਯਾਦ ਕਰ ਕਿ ਅਕਾਲ ਪੁਰਖ ਤੈਨੂੰ ਭੋਜਨ ਛਕਣ ਸਮੇਂ ਵੀ ਭੁੱਲੇ ਨਾ। ਹਜ਼ੂਰ ਅੱਗੇ ਕ੍ਰਿਪਾ ਕਰਦੇ ਹਨ ਕਿ ਉਸ ਦੀ ਉਸਤਤੀ ਅਨੇਕਾਂ ਪੁਰਸ਼ ਕਰਦੇ ਹਨ, ਪਰ ਉਸ ਅਕਾਲ ਪੁਰਖ ਦਾ ਅੰਤ ਨਹੀਂ ਆਉਂਦਾ :

*ਉਸਤਤਿ ਕਰਹਿ ਅਨੇਕ ਜਨ ਅੰਤੁ ਨ ਪਾਰਾਵਾਰ॥*
*ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ॥ ੧॥* (ਸੁਖਮਨੀ ਸਾਹਿਬ)

ਭਗਤਾਂ ਨੇ ਵੀ ਅਕਾਲ ਪੁਰਖ ਦੀ ਉਸਤਤੀ ਕੀਤੀ ਹੈ। ਭਗਤ ਰਵਿਦਾਸ ਜੀ ਦੇ ਪਾਵਨ ਅੰਮ੍ਰਿਤ ਬਚਨ ਹਨ :

*ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ॥*

*ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ॥ ੨॥* (ਅੰਗ ੭੩੩)

ਇਹ ਅਕਾਲ ਉਸਤਤਿ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਅੰਗ ੧੧ ਤੋਂ ਅਰੰਭ ਹੁੰਦੀ ਹੈ। ਇਸ ਬਾਣੀ ਦੇ ਆਦਿ ਵਿਚ ਦਸਮੇਸ਼ ਗੁਰੂ ਜੀ ਨੇ ਆਪ ਲਿਖਿਆ ਹੈ :

ੴ ਸਤਿਗੁਰ ਪ੍ਰਸਾਦਿ॥

ਉਤਾਰ ਖਾਸੇ ਦਸਖਤ ਕਾ॥ ਪਾਤਸ਼ਾਹੀ ੧੦॥

*ਅਕਾਲ ਪੁਰਖ ਕੀ ਰਛਾ ਹਮਨੈ॥ ਸਰਬ ਲੋਹ ਦੀ ਰਛਿਆ ਹਮਨੈ॥*

*ਸਰਬ ਕਾਲ ਜੀ ਦੀ ਰਛਿਆ ਹਮਨੈ॥ ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ॥*

ਉਸ ਅਕਾਲ ਪੁਰਖ ਨੇ ਹੀ ਸਾਨੂੰ ਰੱਖਿਆ ਹੈ। ਜੋ ਸਰਬ ਲੋਹ=ਸਰਬ ਸ਼ਕਤੀਮਾਨ ਅਕਾਲ ਪੁਰਖ ਹੈ, ਉਹ ਹੀ ਸਰਬ ਕਾਲ=ਸਰਬ ਜੀਆਂ ਦਾ ਕਾਲ ਕਰਨ ਵਾਲਾ ਹੈ। ਉਸ ਅਕਾਲ ਪੁਰਖ ਸਰਬ ਸ਼ਕਤੀਮਾਨ, ਸਭ ਦਾ ਅੰਤ ਕਰਨ ਵਾਲੇ, ਸਭ ਸ਼ਕਤੀਆਂ ਦੇ ਮਾਲਕ ਵਾਹਿਗੁਰੂ ਜੀ ਦੀ ਸਦਾ ਹੀ ਸਾਨੂੰ ਰੱਖਿਆ ਹੈ।

ਗਿਆਨੀ ਨਰੈਣ ਸਿੰਘ ਵਿੱਦਿਆ ਮਾਰਤੰਡ ਲਾਹੌਰ (ਮੁਜੰਗਾਂ ਵਾਲੇ) ਜਿਨ੍ਹਾਂ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਟੀਕਾ ਕੀਤਾ ਹੈ, ਉਨ੍ਹਾਂ ਨੇ ਸ੍ਰੀ ਦਸਮ ਗ੍ਰੰਥ ਸਟੀਕ ਵਿਚ ਇਥੇ ਇਸ ਤਰ੍ਹਾਂ ਲਿਖਿਆ ਹੈ :

ਸੂਚਨਾ—ਅਕਾਲ ਉਸਤਤਿ ਦੇ ਆਦਿ ਵਿਚ ਹਜ਼ੂਰ ਜੀ ਨੇ ਇਹ ਵਾਕ ਆਪਣੇ ਪਵਿੱਤ੍ਰ ਹਸਤ ਕਮਲਾਂ ਨਾਲ ਅੰਕਿਤ ਕੀਤੇ ਹਨ, ਇਸ ਤੋਂ ਅਗਲਾ ਪਾਠ ਲਿਖਾਰੀ ਤੋਂ ਲਿਖਵਾਇਆ ਹੈ। ਇਸ ਗੱਲ ਦਾ ਸਫੁਟ ਕਰਨ ਲਈ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਸ਼ਹੀਦ ਨੇ ਇਹ ਟੂਕ ਚਾੜ੍ਹੀ ਹੈ, ਜੋ ਉਤਾਰ ਖਾਸੇ ਦਸਖਤ ਕਾ ਪਾਤਸ਼ਾਹੀ ੧੦ ਅਤੇ ਇਸ ਤੋਂ ਅੱਗੇ ਸਾਫ ਲਿਖ ਦਿੱਤਾ ਹੈ :

*ਆਗੈ ਲਿਖਾਰੀ ਕੇ ਦਸਖਤ॥ ੜ ਪ੍ਰਸਾਦਿ॥ ਚਉਪਈ॥*

*ਪ੍ਰਣਵੋ ਆਦਿ ਏਕੰਕਾਰਾ॥ ਜਲ ਥਲ ਮਹੀਅਲ ਕੀਓ ਪਸਾਰਾ॥*

(ਸ੍ਰੀ ਦਸਮ ਗ੍ਰੰਥ ਸਟੀਕ, ਗਿਆਨੀ ਨਰੈਣ ਸਿੰਘ ਜੀ)

ਗਿਆਨੀ ਸੋਹਣ ਸਿੰਘ ਜੀ ਸੀਤਲ ਪੰਥਕ ਪ੍ਰਸਿੱਧ ਢਾਡੀ ਨੇ ਆਪਣੀ ਪੁਸਤਕ 'ਮਨੁੱਖਤਾ ਦੇ ਗੁਰੂ' ਵਿਚ ਇਸ ਅਕਾਲ ਉਸਤਤਿ ਦੇ ਸੰਬੰਧ ਵਿਚ ਇਸ ਤਰ੍ਹਾਂ ਲਿਖਿਆ ਹੈ। ਮਹਾਰਾਜ 'ਅਕਾਲ ਉਸਤਤ' ਆਰੰਭ ਕਰਦੇ ਹਨ, ਤਾਂ ਪਹਿਲੀ ਪੰਗਤੀ ਹੈ :

*ਅਕਾਲ ਪੁਰਖ ਕੀ ਰੱਛਾ ਹਮਨੈ॥*

ਫਿਰ ਅੱਗੇ ਚੱਲ ਕੇ ਆਪਣੇ ਇਸ਼ਟ (ਅਕਾਲ ਪੁਰਖ) ਦੀ ਵਡਿਆਈ ਲਿਖਦੇ ਹਨ :

*ਅਨਹਦ ਰੂਪ ਅਨਾਹਦ ਬਾਨੀ॥ ਚਰਨ ਸ਼ਰਨ ਜਿਹ ਬਸਤ ਭਵਾਨੀ॥*
*ਬ੍ਰਹਮਾ, ਬਿਸ਼ਨ, ਅੰਤੁ ਨਹੀ ਪਾਇਓ॥ ਨੇਤਿ ਨੇਤਿ ਮੁਖ ਚਾਰ ਬਤਾਇਓ॥ ੫॥*
*ਤਾਤ ਮਾਤ ਜਿਹ ਜਾਤ ਨ ਪਾਤਾ॥ ਏਕ ਰੰਗ ਕਾਹੂ ਨਹੀ ਰਾਤਾ॥*
*ਸਰਬ ਜੋਤ ਕੇ ਬੀਚ ਸਮਾਨਾ॥ ਸਬਹੂੰ ਸਰਬ ਠੌਰ ਪਹਿਚਾਨਾ॥ ੮॥*

ਸਰਬ ਜੋਤ ਹਰ ਇਕ ਵਿਚ ਸਮਾਈ ਹੋਈ ਹੈ, ਜਿਸ ਦਾ ਮਾਤਾ ਪਿਤਾ ਕੋਈ ਨਹੀਂ (ਜਨਮ ਰਹਿਤ ਹੈ)। ਬ੍ਰਹਮਾ, ਵਿਸ਼ਨੂੰ ਆਦਿ ਦੇਵਤਿਆਂ ਨੇ ਵੀ ਜਿਸ ਦਾ ਅੰਤ ਨਹੀਂ ਪਾਇਆ। ਭਵਾਨੀ (ਦੇਵੀ, ਦੁਰਗਾ) ਜਿਸ ਦੇ ਚਰਨਾਂ ਵਿਚ ਵਸਦੀ ਹੈ।

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਆਪਣੀ ਪੁਸਤਕ 'ਸਾਡਾ ਇਤਿਹਾਸ' ਭਾਗ ਪਹਿਲਾ ਵਿਚ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਨਜ਼ਰ ਕਿਤਨੀ ਵਿਸ਼ਾਲ ਹੈ ਕਿ ਇਹ ਅਕਾਲ ਉਸਤਤਿ ਦੇ ਕਬਿੱਤਾਂ ੨੫੪, ੨੫੫ ਤੇ ੨੫੬ ਤੋਂ ਦੇਖੀ ਜਾ ਸਕਦੀ ਹੈ। ਇਹਨਾਂ ਕਬਿੱਤਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਪੂਰਬ ਤੋਂ ਪੱਛਮ, ਉੱਤਰ ਤੋਂ ਦੱਖਣ ਤਕ ਸਭ ਪ੍ਰਾਂਤਾਂ, ਦੇਸ਼ਾਂ, ਨਸਲਾਂ, ਕੌਮਾਂ ਦਾ ਜ਼ਿਕਰ ਕਰ ਕੇ ਸਾਰਿਆਂ ਨੂੰ ਹੀ ਵਾਹਿਗੁਰੂ ਦੀ ਯਾਦ ਵਿਚ ਜੁਟਿਆ ਦੱਸਦੇ ਹਨ। ਉਨ੍ਹਾਂ ਦੀ ਵਿਸ਼ਾਲ ਨਜ਼ਰ ਪੰਜਾਬ ਤੋਂ ਅੱਗੇ ਲੰਘ, ਦਿੱਲੀ, ਰਾਜਪੂਤਾਨੇ, ਮਹਾਂਰਾਸ਼ਟਰ, ਦੱਖਣ, ਤਿਲੰਗਾਨਾ, ਉੜੀਸਾ, ਬੰਗਾਲ, ਆਸਾਮ, (ਕਾਮਰੂਪ), ਭੂਟਾਨ, ਸਿੱਕਮ, ਫਿਰੰਗੀ ਤੇ ਸਭ ਟਾਪੂਆਂ ਨੂੰ ਟੱਪ ਲੰਘ ਜਾਂਦੀ ਹੈ। ਇਹ ਦੋ ਕਬਿੱਤ ਤਾਂ ਖ਼ਾਸ ਤੌਰ ਉੱਤੇ ਧਿਆਨ ਨਾਲ ਪੜ੍ਹਨ ਵਾਲੇ ਹਨ :

*ਬੰਗ ਕੇ ਬੰਗਾਲੀ, ਫਿਰਹੰਗ ਕੇ ਫਿਰੰਗਾਵਾਲੀ,*
*ਦਿੱਲੀ ਕੇ ਦਿਲਵਾਲੀ, ਤੇਰੀ ਆਗਜਾ ਮੈ ਚਲਤ ਹੈਂ॥*
*ਰੋਹ ਕੇ ਰੁਹੇਲੇ, 'ਮਾਘ' ਦੇਸ ਕੇ ਮਘੇਲੇ ਬੀਰ,*
*ਬੰਗਸੀ ਬੁੰਦੇਲੇ, ਪਾਪ ਪੁੰਜ ਕੋ ਮਲਤ ਹੈਂ॥*
*ਗੋਖਾ ਗੁਨ ਗਾਵੈ, ਚੀਨ ਮਚੀਨ ਕੇ ਸੀਸ ਨਯਾਵੈ,*
*'ਤਿਬਤੀ' ਧਿਆਇ, ਦੋਖ ਦੇਹ ਕੋ ਦਲਤ ਹੈਂ॥*
*ਜਿਨੈ ਤੋਹਿ ਧਿਆਇਓ, ਤਿਨੈ ਪੂਰਨ ਪ੍ਰਤਾਪ ਪਾਇਓ,*
*ਸਰਬ ਧਨ ਧਾਮ, ਫਲ ਫੂਲ ਸੋਂ ਫਲਤ ਹੈਂ॥ ੩॥ ੨੫੫॥*

ਤੇ ਅੰਤਲੇ ਕਬਿੱਤ ਵਿਚ :—

*ਫਰਾ ਸੀ ਫ਼ਿਰੰਗੀ ਫ਼ਰਾਸੀਸ ਕੇ ਦੁਰੰਗੀ,*
*'ਮਕਰਾਨ' ਕੇ ਮ੍ਰਿਦੰਗੀ ਤੇਰੇ ਗੀਤ ਗਾਈਅਤੁ ਹੈਂ॥*

*ਭੱਖਰੀ ਕੰਧਾਰੀ, ਗੋਰਿ ਗਖਰੀ ਗਰਦੇਜਾ ਚਾਰੀ,*

*ਪਉਨ ਕੇ ਅਹਾਰੀ ਤੇਰੋ, ਨਾਮੁ ਧਜਾਈਅਤੁ ਹੈ॥*

*ਪੂਰਬ 'ਪਲਾਊ' ਕਾਮ ਰੂਪ ਔ ਕਮਾਊ,*

*ਸਰਬ ਠਉਰ ਮੈ ਬਿਰਾਜੈ, ਜਹਾ ਜਹਾ ਜਾਈਅਤੁ ਹੈ॥*

*ਪੂਰਨ ਪ੍ਰਤਾਪੀ, ਜੰਤ੍ਰ ਮੰਤ੍ਰ ਕੇ ਅਤਾਪੀ ਨਾਥ,*

*ਕੀਰਤ ਤਿਹਾਰੀ ਕੋਨ ਪਾਰ ਪਾਈਅਤੁ ਹੈ॥ ੧੪॥ ੨੬੬॥*

ਅਕਾਲ ਉਸਤਤਿ ਦੇ ਕੁਲ ਬੰਦ ੨੭੧ ਹਨ, ਇਕ ਅੱਧਾ ਬੰਦ ਉੱਪਰ ਹੈ, ਭਾਵ ਸਾਰੇ ੨੭੧ ਬੰਦ ਹਨ। ਆਦਿ ਵਿਚ ਚੌਪਈ ਸਾਹਿਬ ਹੈ, ਜਿਸ ਦੀਆਂ ੧੦ ਪਉੜੀਆਂ ਹਨ। ਇਸ ਦੀ ਅਰੰਭਤਾ ਨਮਸਕਾਰ ਤੋਂ ਹੈ, ਪ੍ਰਣਵੋ=ਦਾ ਅਰਥ ਹੈ ਨਮਸਕਾਰ।

*ਪ੍ਰਣਵੋ ਆਦਿ ਏਕੰਕਾਰਾ॥ ਜਲ ਥਲ ਮਹੀਅਲ ਕੀਓ ਪਸਾਰਾ॥*

*ਆਦਿ ਪੁਰਖ ਅਬਿਗਤ ਅਬਿਨਾਸੀ॥ ਲੋਕ ਚਤ੍ਰ ਦਸ ਜੋਤਿ ਪ੍ਰਕਾਸੀ॥ ੧॥*

ਅਰਥ :—ਦਸਮੇਸ਼ ਗੁਰੂ ਜੀ ਉਚਾਰਨ ਕਰਦੇ ਹਨ ਕਿ ਜੋ ਅਦ੍ਵੈਤ ਬ੍ਰਹਮ ਏਕੰਕਾਰ ਸਾਰਿਆਂ ਦਾ ਆਦਿ ਰੂਪ ਮੁੱਢ ਰੂਪ ਹੈ, ਉਸ ਨੂੰ ਮੇਰੀ ਨਮਸਕਾਰ ਹੈ। ਜਿਸ ਨੇ ਜਲ ਪਾਤਾਲ ਆਦਿ ਤੇ ਥਲ ਧਰਤੀ ਅਤੇ ਅਕਾਸ਼ ਆਦਿ ਸਭ ਦਾ ਪਸਾਰਾ ਕੀਤਾ ਹੈ। ਜੋ ਸਾਰੇ ਪੁਰਖਾਂ ਦਾ ਮੁੱਢ ਹੈ ਤੇ ਦੇਹ ਬਿਨਾ ਨਿਰਾਕਾਰ ਅਤੇ ਨਾਸ਼ ਰਹਿਤ ਅਬਿਨਾਸੀ ਹੈ, ਚੌਦਾਂ ਲੋਕਾਂ ਵਿਚ ਜਿਸ ਦੀ ਜੋਤ ਪ੍ਰਕਾਸ਼ ਰਹੀ ਹੈ।੧। ਇਸ ਬਾਣੀ ਦੀ ਸਮਾਪਤੀ ਦੀ ਪਹਿਲੀ ਪਉੜੀ ਅੰਦਰ ਹਜ਼ੂਰ ਨੇ ਕਿਹਾ ਹੈ, ਉਹ ਅਕਾਲ ਪੁਰਖ ਸਾਰਿਆਂ ਦਾ ਕਰਤਾ ਹੈ ਅਤੇ ਉਹ ਹੀ ਸਭ ਦਾ ਨਾਸ਼ ਕਰਤਾ ਹੈ। ਸੇਵਕਾਂ ਦੇ ਸਰੀਰਿਕ ਰੋਗ ਅਤੇ ਮਾਨਸਿਕ ਸੋਗ, ਚਿੰਤਾ ਫ਼ਿਕਰ ਨਾਸ਼ ਕਰਨ ਵਾਲਾ ਹੈ, ਉਸ ਪਰੀਪੂਰਨ ਪ੍ਰਮਾਤਮਾ ਨੂੰ ਜਿਸ ਨੇ ਇਕ ਮਨ ਇਕ ਚਿੱਤ ਇਕਾਗਰ ਹੋ ਕੇ ਇਕ ਛਿਨ (ਭਰ ਵੀ) ਯਾਦ ਕੀਤਾ ਹੈ, ਉਹ ਮੁੜ ਕੇ ਕਾਲ ਦੀ ਫਾਹੀ ਵਿਚ ਨਹੀਂ ਆਇਆ :

*ਸਭ ਕੋ ਕਾਲ ਸਭਨ ਕੋ ਕਰਤਾ॥ ਰੋਗ ਸੋਗ ਦੋਖਨ ਕੋ ਹਰਤਾ॥*

*ਏਕ ਚਿਤ ਜਿਹ ਇਕ ਛਿਨ ਧਿਆਇਓ॥ ਕਾਲ ਫਾਸ ਕੇ ਬੀਚ ਨ ਆਇਓ॥ ੧੦॥*

ਇਸ ਚੌਪਈ ਉਪਰੰਤ ੧੦ ਕਬਿੱਤ ਆਉਂਦੇ ਹਨ, ਪਹਿਲੇ ਕਬਿੱਤ ਦੀਆਂ ਦੋ ਪੰਗਤੀਆਂ ਦਾ ਭਾਵ ਹੈ ਕਿ ਹੇ ਅਕਾਲ ਪੁਰਖ ! ਕਿਤੇ ਤੁਸੀਂ ਮਹਾਰਾਜਿਆਂ ਨੂੰ ਬੇਅੰਤ ਧਰਤੀ ਬਖ਼ਸ਼ ਰਹੇ ਹੋ, ਭਾਵ ਧਰਤੀ ਦਾ ਰਾਜ ਦੇ ਰਹੇ ਹੋ, ਕਿਤੇ ਮਹਾਰਾਜਿਆਂ ਪਾਸੋਂ ਧਰਤੀ (ਰਾਜ) ਖੋਹ ਕੇ ਲੈ ਰਹੇ ਹੋ :

*ਕਹੂੰ ਮਹਾਰਾਜਨ ਕੌ ਦੀਜਤ ਅਨੰਤ ਦਾਨ॥*

*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥*

ਗੁਰਬਾਣੀ ਅੰਦਰ ਭਗਤ ਕਬੀਰ ਜੀ ਦਾ ਭੀ ਸੁੰਦਰ ਫ਼ੁਰਮਾਣ ਹੈ, ਇਸ ਸੰਬੰਧ ਵਿਚ, ਇਸੇ ਸਿਧਾਂਤ ਅਨੁਸਾਰ :

*"ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ॥*
*ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ॥ ੩॥"*

*"ਰਾਜਾਨ ਰਾਜ ਭਾਨਨ ਭਾਨ"*

*ਅਥਵਾ : "ਰੂੜੋ ਗੂੜੋ ਗਹਿਰ ਗੰਭੀਰੋ"*

ਪ੍ਰਭੂ ਪ੍ਰਮਾਤਮਾ ਜੋ ਸਰਬ ਦਾਤਾਂ ਦੇ ਦੇਣ ਵਾਲਾ ਹੈ ਅਤੇ ਪ੍ਰਾਣਾਂ ਦੀ ਰੱਖਿਆ ਕਰਨ ਵਾਲਾ ਹੈ, ਉਸ ਦੀ ਸਿਫ਼ਤ ਹਜ਼ੂਰ ਨੇ ਇਸ ਤਰ੍ਹਾਂ ਕੀਤੀ ਹੈ :

*ਨਿਰਜੁਰ ਨਿਰੂਪ ਹੋ ਕਿ ਸੁੰਦਰ ਸਰੂਪ ਹੋ*
*ਕਿ ਭੂਪਨ ਕੇ ਭੂਪ ਹੋ ਕਿ ਦਾਤਾ ਮਹਾਂ ਦਾਨ ਹੋ॥*
*ਪ੍ਰਾਨ ਕੇ ਬਚੱਯਾ ਦੂਧ ਪੂਤ ਕੇ ਦਿਵੱਯਾ*
*ਰੋਗ ਸੋਗ ਕੇ ਮਿਟੱਯਾ ਕਿਧੌ ਮਾਨੀ ਮਹਾ ਮਾਨ ਹੋ॥*
*ਬਿਦਯਾ ਕੇ ਬਿਚਾਰ ਹੋ ਕਿ ਅੱਦ੍ਵੈ ਅਵਤਾਰ ਹੋ*
*ਕਿ ਸਿੱਧਤਾ ਕੀ ਸੂਰਤ ਹੋ ਸੁੱਧਤਾ ਕੀ ਸਾਨ ਹੋ॥*
*ਜੋਬਨ ਕੇ ਜਾਲ ਹੋ ਕਿ ਕਾਲ ਹੂੰ ਕੇ ਕਾਲ ਹੋ*
*ਕਿ ਸੱਤ੍ਰਨ ਕੇ ਸੂਲ ਹੋ ਕਿ ਮਿੱਤ੍ਰਨ ਕੇ ਪ੍ਰਾਨ ਹੋ॥ ੯॥ ੧੯॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੧੩)

ਦਸ ਕਬਿੱਤਾਂ ਤੋਂ ਉਪਰੰਤ ੧੦ ਸਵੱਈਏ ਹਨ, ਜੋ ਅੰਮ੍ਰਿਤ ਤਿਆਰ ਕਰਨ ਸਮੇਂ ਪੜ੍ਹੇ ਜਾਣ ਵਾਲੀ ਪਾਵਨ ਬਾਣੀ ਅਤੇ ਨਿਤਨੇਮ ਦੀ ਤੀਸਰੀ ਬਾਣੀ ਹੈ। ੧. ਜਪੁ ਜੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਪਾਵਨ ਬਾਣੀ ਹੈ। ੨. ਜਾਪੁ ਸਾਹਿਬ ਨਿਤਨੇਮ ਦੀ ਦੂਸਰੀ ਬਾਣੀ ਹੈ, ਜੋ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਇਹ ਪਹਿਲੀ ਅਰੰਭਕ ਬਾਣੀ ਹੈ। ੩. ਇਹ ਦਸ ਸਵੱਈਏ ਨਿਤਨੇਮ ਦੀ ਤੀਸਰੀ ਪਾਵਨ ਬਾਣੀ ਹੈ, ਇਹ ਸ੍ਰੀ ਦਸਮ ਗ੍ਰੰਥ ਸਾਹਿਬ ਅੰਦਰ ਅਕਾਲ ਉਸਤਤਿ ਵਿਚ ਅੰਕਿਤ ਹੈ। ਇਨ੍ਹਾਂ ੧੦ ਸਵੱਯੀਆਂ ਅੰਦਰ ਦਸਮੇਸ਼ ਗੁਰੂ ਜੀ ਨੇ ਕਰਮ-ਕਾਂਡ, ਪਖੰਡ ਆਦਿ ਕਰਮਾਂ ਦਾ ਖੰਡਨ ਕੀਤਾ ਹੈ ਅਤੇ ਪ੍ਰੇਮ ਦਾ ਮਾਰਗ ਦਰਸਾਇਆ ਹੈ :

*ਸ੍ਰਾਵਗ ਸੁੱਧ ਸਮੂਹ ਸਿਧਾਨ ਕੇ ਦੇਖਿ ਫਿਰਿਓ ਘਰ ਜੋਗ ਜਤੀ ਕੇ॥*
*ਸੂਰ ਸੁਰਾਰਦਨ ਸੁੱਧ ਸੁੱਧਾਦਿਕ ਸੰਤ ਸਮੂਹ ਅਨੇਕ ਮਤੀ ਕੇ॥*

*ਸਾਰੇ ਹੀ ਦੇਸ ਕੋ ਦੇਖਿ ਰਹਯੋ ਮਤ ਕੋਊ ਨ ਦੇਖੀਅਤ ਪ੍ਰਾਨ ਪਤੀ ਕੇ॥*

*ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂੰ ਤੇ ਏਕ ਰਤੀ ਬਿਨੁ ਏਕ ਰਤੀ ਕੇ॥ ੧॥ ੨੧॥*

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਉਚਾਰਨ ਕਰਦੇ ਹਨ ਕਿ ਮੈਂ ਜੈਨ, ਬੁੱਧ ਧਰਮ ਦੇ ਸੁੱਚ-ਸੰਜਮੀ ਭਿਖਸ਼ੂਆਂ, ਕਰਾਮਾਤੀ ਸ਼ਕਤੀਆਂ ਵਾਲੇ ਸਿੱਧਾਂ ਦੇ ਟੋਲੇ ਅਤੇ ਜੋਗੀਆਂ ਅਥਵਾ ਬ੍ਰਹਮਚਾਰੀਆਂ ਦੇ ਡੇਰੇ ਵੇਖ ਫਿਰਿਆ ਹਾਂ। ਮੈਂ ਦੇਵਤਿਆਂ ਨੂੰ ਦਲ-ਮਲ ਦੇਣ ਵਾਲੇ ਦੈਂਤਾਂ ਮਹਾਂਬਲੀ ਸੂਰਮਿਆਂ, ਪਵਿੱਤ੍ਰ ਸੁਧਾ (ਅੰਮ੍ਰਿਤ) ਪਾਨ ਕਰਨ ਵਾਲੇ (ਦੇਵਤਿਆਂ) ਅਤੇ ਅਨੇਕ ਮੱਤ-ਮਤਾਂਤਰਾਂ ਦੇ ਸਾਧੂ ਸੰਤ ਵੀ (ਪਖੰਡ ਕਰਮ ਕਰਨ ਵਾਲੇ) ਵੇਖ-ਚਾਖ ਲਏ ਹਨ। ਮੈਂ ਸਾਰੇ ਦੇਸ਼-ਦੇਸ਼ਾਂਤਰਾਂ ਦੇ ਮੱਤ-ਮਤਾਂਤਰਾਂ ਦਾ ਵਰਤਾਰਾ ਵੇਖ ਪਰਖ ਲਿਆ ਹੈ, ਪਰ ਕੋਈ ਵੀ ਪ੍ਰਾਣਾਂ ਦੇ ਮਾਲਕ (ਪ੍ਰਮੇਸ਼ਰ) ਦੇ ਅਨੁਸਰਨ ਕਰਨ ਵਾਲਾ (ਅਨੁਸਾਰੀ ਹੋ ਕੇ ਚਲਣ ਵਾਲਾ) ਨਹੀਂ ਦਿੱਸਦਾ। ਸਰਬ ਉਪਰਾਮ ਜੋਗ ਪ੍ਰਭੂ ਪ੍ਰਮੇਸ਼ਰ ਦੀ ਸ਼ਰਧਾ ਭਾਵਨੀ ਸਦਕਾ ਪ੍ਰਾਪਤ ਹੋਣ ਵਾਲੀ ਪ੍ਰਭੂ ਕਿਰਪਾ ਅਥਵਾ ਉਸ ਦੀ ਪ੍ਰੀਤੀ ਤੋਂ ਬਗ਼ੈਰ ਸਾਰੇ (ਮੱਤ-ਮਤਾਂਤਰਾਂ ਦੇ ਧਾਰਨੀ) ਇਕ ਰੱਤੀ ਜਿੰਨੇ ਹੌਲੇ, ਭਾਵ ਤੁੱਛ ਹਨ। ੧। ਇਸੇ ਤਰ੍ਹਾਂ ਸਵੱਈਏ ਦੀਆਂ ਅਖ਼ੀਰੀਆਂ ਪੰਗਤੀਆਂ ਅੰਦਰ ਉਪਦੇਸ਼ ਦਿੱਤਾ ਹੈ :

*ਸਾਚੁ ਕਹੋਂ ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥ ੯॥*

ਦਸਮ ਪਾਤਸ਼ਾਹ ਜੀ ਕਥਨ ਕਰਦੇ ਹਨ ਕਿ ਮੈਂ ਸੱਚ ਆਖਦਾ ਹਾਂ, ਸਾਰੇ (ਧਿਆਨ ਨਾਲ) ਸੁਣ ਲਵੋ। ਜਿਸ ਮਨੁੱਖ ਨੇ (ਕਰਮ-ਕਾਂਡ ਅਤੇ ਵਿਸ਼ੇ ਭੋਗਾਂ ਦਾ ਰਾਹ ਛੱਡ ਕੇ) ਪ੍ਰਭੂ ਨਾਲ ਪ੍ਰੇਮ ਕੀਤਾ ਹੈ, ਕੇਵਲ ਉਸ ਨੇ ਹੀ ਪ੍ਰਭੂ ਨੂੰ ਪ੍ਰਾਪਤ ਕੀਤਾ ਹੈ। ੯।

ਇਸ ਤੋਂ ਅੱਗੇ ਅਕਾਲ ਉਸਤਤਿ ਅੰਦਰ ੨੦ ਤੋਮਰ ਛੰਦ ਹਨ, ਇਨ੍ਹਾਂ ਦਾ ਵਿਸ਼ਾ ਵੀ ਇਸ ਪ੍ਰਕਾਰ ਹੈ :

*ਜਿਹ ਨੇਤ ਨਿਗਮ ਕਹੰਤ॥ ਮੁਖ ਚਾਰ ਬਕਤ ਬਿਅੰਤ॥*

*ਅਨਭਿਜ ਅਤੁਲ ਪ੍ਰਤਾਪ॥ ਅਨਖੰਡ ਅਮਿਤ ਅਥਾਪ॥ ੫॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੧੫)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਵੀ ਹਜ਼ੂਰ ਦਾ ਸੁੰਦਰ ਫ਼ੁਰਮਾਨ ਹੈ :

*ਨੇਤ ਨੇਤ ਕਥੰਤਿ ਬੇਦਾ॥ ਊਚ ਮੂਚ ਅਪਾਰ ਗੋਬਿੰਦਹ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੫੯)

*ਜਿਹ ਕੀਨ ਜਗਤ ਪਸਾਰ॥ ਰਚਿਓ ਬਿਚਾਰ ਬਿਚਾਰ॥*

*ਅਨੰਤ ਰੂਪ ਅਖੰਡ॥ ਅਤੁਲ ਪ੍ਰਤਾਪ ਪ੍ਰਚੰਡ॥ ੬॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੧੫)

*ਬਿਨ ਏਕ ਨਾਮ ਅਧਾਰ॥ ਸਭ ਕਰਮ ਭਰਮ ਬਿਚਾਰ॥੨॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੧੬)

ਇਸ ਉਪਰੰਤ ਅਕਾਲ ਉਸਤਤਿ ਦੇ ਅਗਲੇ ੨੦ ਲਘੁ ਨਰਾਜ ਛੰਦ ਹਨ, ਇਨ੍ਹਾਂ ਵਿਚ ਰੱਬੀ ਵਿਆਪਕਤਾ ਦਾ ਨਿੱਜੀ ਅਨੁਭਵ ਹਜ਼ੂਰ ਨੇ ਇਸ ਤਰ੍ਹਾਂ ਕਥਨ ਕੀਤਾ ਹੈ :

*ਜਲੇ ਹਰੀ॥ ਥਲੇ ਹਰੀ॥ ਉਰੇ ਹਰੀ॥ ਬਨੇ ਹਰੀ॥ ੧॥*

*ਗਿਰੇ ਹਰੀ॥ ਗੁਫੇ ਹਰੀ॥ ਛਿਤੇ ਹਰੀ॥ ਨਭੇ ਹਰੀ॥੨॥*

ਇਸ ਤਰ੍ਹਾਂ ਅਕਾਲ ਪੁਰਖ ਨੂੰ ਸਰਬ ਵਿਆਪਿਕ ਕਥਨ ਕਰਦਿਆਂ ਅਕਾਲ ਪੁਰਖ ਦੀ ਸਿਫਤ 'ਚ ਜੁੜਿਆਂ ਦਸਮੇਸ਼ ਗੁਰੂ ਜੀ ਇਸ ਤਰ੍ਹਾਂ ਫ਼ੁਰਮਾਣ ਕਰਦੇ ਹਨ :

*ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥ ੧੯॥*

*ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥ ੨੦॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੧੭)

ਇਸ ਤੋਂ ਅਗਲੇ ੨੦ ਕਬਿੱਤਾਂ ਅੰਦਰ ਦੰਭੀ ਤੇ ਕਰਮ-ਕਾਂਡੀ ਮੱਤਾਂ ਮਤਾਂਤਰਾਂ ਬਾਰੇ ਇਸ ਤਰ੍ਹਾਂ ਕਿਹਾ ਹੈ :

*ਨਿਉਲੀ ਕਰਮ ਜਲ ਹੋਮ ਪਾਵਕ ਪਵਨ ਹੋਮ, ਅਧੋ ਮੁਖ ਏਕ ਪਾਇ ਠਾਢੇ ਨ ਬਹਤ ਹੈ॥*
*ਮਾਨਵ ਫਨਿੰਦ ਦੇਵ ਦਾਨਵ ਨ ਪਾਵੈ ਭੇਵ, ਬੇਦ ਔ ਕਤੇਬ ਨੇਤਿ ਨੇਤਿ ਕੈ ਕਹਤ ਹੈ॥ ੫॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੧੭)

ਕਬਿੱਤ ਨੰਬਰ ੭ ਅਤੇ ੮ ਅੰਦਰ ਕਾਲ ਦੀ ਪ੍ਰਬਲਤਾ ਇਸ ਤਰ੍ਹਾਂ ਦਰਸਾਈ ਹੈ :

*ਏਕ ਸ਼ਿਵ ਭਏ ਏਕ ਗਏ ਏਕ ਫੇਰ ਭਏ ਰਾਮਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥*
*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਏ ਹੈਂ॥*
*ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ ਭੂਮ ਹੀ ਤੇ ਹੁਇ ਕੈ ਫੇਰਿ ਭੂਮ ਹੀ ਮਿਲਏ ਹੈਂ॥੭॥*
*ਜੋਗੀ ਜਤੀ ਬ੍ਰਹਮਚਾਰੀ ਬਡੇ ਬਡੇ ਛਤ੍ਰਧਾਰੀ ਛਤ੍ਰ ਹੀ ਕੀ ਛਾਇਆ ਕਈ ਕੋਸ ਲੌ ਚਲਤੁ ਹੈ॥*
*ਬਡੇ ਬਡੇ ਰਾਜਨ ਕੇ ਦਾਬਤਿ ਫਿਰਤਿ ਦੇਸ ਬਡੇ ਬਡੇ ਰਾਜਨ ਕੇ ਦ੍ਰਪ ਕੋ ਦਲਤ ਹੈ॥*
*ਮਾਨ ਸੇ ਮਹੀਪ ਔ ਦਿਲੀਪ ਕੈਸੇ ਛਤ੍ਰਧਾਰੀ ਬਡੋ ਅਭਿਮਾਨ ਭੁਜ ਦੰਡ ਕੋ ਕਰਤ ਹੈ॥*
*ਦਾਰਾ ਸੇ ਦਿਲੀਸਰ ਦ੍ਰੁਜੋਧਨ ਸੇ ਮਾਨਧਾਰੀ ਭੋਗ ਭੋਗ ਭੂਮ ਅੰਤ ਭੂਮ ਮੈ ਮਿਲਤ ਹੈ॥ ੮॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੧੮)

ਪੰਦ੍ਰਵੇਂ ਕਬਿੱਤ ਅੰਦਰ ਗੁਰਬਾਣੀ ਦੇ ਇਸ ਸਿਧਾਂਤ ਨੂੰ ਉਜਾਗਰ ਕੀਤਾ ਹੈ :

*ਅਵਲਿ ਅਲਹ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ॥*
*ਏਕ ਨੂਰ ਤੇ ਸਭ ਜਗ ਉਪਜਿਆ ਕਉਨ ਭਲੇ ਕੋ ਮੰਦੇ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੪੯)

*ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ, ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੧੯)

੧੬ਵੇਂ ਕਬਿੱਤ ਅੰਦਰ ਪੰਜਾਂ ਤੱਤਾਂ ਦੁਆਰਾ ਪ੍ਰਮੇਸ਼ਰ ਦੀ ਰਚਨਾ ਦਾ ਜ਼ਿਕਰ ਕਰਕੇ, ਸਰੀਰਿਕ ਇੰਦ੍ਰਿਆਂ ਦੀ ਏਕਤਾ ਵਿਖਾਈ ਹੈ :

*ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ,*
*ਖਾਕ ਬਾਦ ਆਤਸ਼ ਔ ਆਬ ਕੋ ਰਲਾਉ ਹੈ॥*

੧੭ਵੇਂ ਕਬਿੱਤ ਵਿਚ ਗੁਰਦੇਵ ਨੇ ਗੁਰਬਾਣੀ ਦੇ ਸਿਧਾਂਤ ਨੂੰ ਉਜਾਗਰ ਕੀਤਾ ਹੈ :

*ਪਵਨੈ ਮਹਿ ਪਵਨੁ ਸਮਾਇਆ॥ ਜੋਤੀ ਮਹਿ ਜੋਤਿ ਰਲਿ ਜਾਇਆ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੮੮੫)

*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ ਨਜਾਰੇ ਨਜਾਰੇ ਹੁਇਕੈ ਫੇਰਿ ਆਗ ਮੈ ਮਿਲਾਹਿਗੇ॥*
*ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿਗੇ॥*
*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿਗੇ॥*
*ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿਗੇ॥ ੧੭॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੨੦)

ਇਸ ਤੋਂ ਅਗਲੇ ਕਬਿੱਤ ੧੮ਵੇਂ ਅੰਦਰ ਉਸ ਅਕਾਲ ਪੁਰਖ ਜੋ ਸਭ ਦਾ ਕਾਲ ਕਰਨ ਵਾਲਾ ਹੈ, ਉਸ ਕਾਲਨ ਕੋ ਕਾਲ ਸਰੂਪ ਦੀ ਪ੍ਰਬਲਤਾ ਇਸ ਤਰ੍ਹਾਂ ਦਰਸਾਈ ਹੈ :

*ਜਲ ਕਹਾ ਥਲ ਕਹਾ ਗਗਨ ਕੇ ਗਉਨ ਕਹਾ,*
*ਕਾਲ ਕੇ ਬਨਾਇ ਸਬੈ ਕਾਲ ਹੀ ਚਬਾਹਿਗੇ॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੨੦)

ਇਸ ਉਪਰੰਤ ੩੦ ਭੁਯੰਗ ਪ੍ਰਯਾਤ ਛੰਦ ਆਉਂਦੇ ਹਨ। ਪਹਿਲਾ ਛੰਦ ਅਤੇ ਅਖ਼ੀਰਲਾ ਛੰਦ ਇਸ ਪ੍ਰਕਾਰ ਹੈ :

*ਨ ਰਾਗੰ ਨ ਰੰਗੰ ਨ ਰੂਪੰ ਨ ਰੇਖੰ॥ ਨ ਮੋਹੰ ਨ ਕ੍ਰੋਹੰ ਨ ਦ੍ਰੋਹੰ ਨ ਦ੍ਵੈਖੰ॥*
*ਨ ਕਰਮੰ ਨ ਭਰਮੰ ਨ ਜਨਮੰ ਨ ਜਾਤੰ॥ ਨ ਮਿਤ੍ਰੰ ਨ ਸਤ੍ਰੰ ਨ ਪਿਤ੍ਰੰ ਨ ਮਾਤੰ॥੧॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੨੦)

*ਨਮੋ ਨਾਥ ਪੂਰੇ ਸਦਾ ਸਿੱਧ ਦਾਤਾ॥ ਅਛੇਦੀ ਅਛੈ ਆਦਿ ਅਦ੍ਵੈ ਬਿਧਾਤਾ॥*

*ਨ ਤ੍ਰਸਤੰ ਨ ਗ੍ਰਸਤੰ ਸਮਸਤੰ ਸਰੂਪੇ॥ ਨਮਸਤੰ ਨਮਸਤੰ ਤੁਅਸਤੰ ਅਭੂਤੇ॥ ੩੦॥*

ਇਸ ਤੋਂ ਅਗਲੇ ੨੦ ਪਾਧੜੀ ਛੰਦ ਹਨ। ਇਨ੍ਹਾਂ ਛੰਦਾਂ ਅੰਦਰ ਗੁਰਦੇਵ ਜੀ ਨੇ ਕਰਮ-ਕਾਂਡਾਂ ਦਾ ਖੰਡਨ ਕਰਦਿਆਂ ਨਾਮ ਦੀ ਮਹਾਨਤਾ ਦੱਸੀ ਹੈ। ਪ੍ਰਭੂ ਦੇ ਨਾਮ ਸਿਮਰਨ ਵਿਚ ਲੀਨਤਾ ਪਾਏ ਬਿਨਾਂ ਸਭ ਧਰਮ ਫੋਕਟ ਦੱਸੇ ਹਨ :

*ਨਿਉਲੀ ਆਦਿ ਕਰਮ ਕਹੂੰ ਹਸਤ ਦਾਨ॥*
*ਕਹੂੰ ਅਸ੍ਵਮੇਧ ਮਖ ਕੌ ਬਖਾਨ॥ ੧੫॥ ੧੩੫॥*
*ਬਹੁ ਕਰਤ ਹੋਮ ਅਰ ਜੱਗ ਦਾਨ॥*
*ਬਿਨ ਏਕ ਨਾਮ ਇਕ ਚਿੱਤ ਲੀਨ॥*
*ਫੋਕਟੋ ਸਰਬ ਧਰਮਾ ਬਿਹੀਨ॥ ੨੦॥ ੧੪੦॥*

ਇਸ ਤੋਂ ਅਗਲੇ ੨੦ ਤੋਟਕ ਛੰਦ ਹਨ। ਉਸ ਅਕਾਲ ਪੁਰਖ ਦੀ ਸਭ ਜੈ ਜੈਕਾਰ ਕਰਦੇ ਦਰਸਾਏ ਹਨ ਅਤੇ ਉਸ ਅਕਾਲ ਨੂੰ ਸਭ ਰਚਨਾ ਦਾ ਕਰਤਾ ਇਸ ਤਰ੍ਹਾਂ ਦਰਸਾਇਆ ਹੈ :

*ਜਿਹ ਅੰਡਹ ਤੇ ਬ੍ਰਹਮੰਡ ਰਚਿਓ॥ ਦਸ ਚਾਰ ਕਰੀ ਨਵ ਖੰਡ ਸਚਿਓ॥*
*ਰਜ ਤਾਮਸ ਤੇਜ ਅਤੇਜ ਕੀਓ॥ ਅਨਭਉ ਪਦ ਆਪ ਪ੍ਰਚੰਡ ਲੀਓ॥ ੬॥ ੧੪੬॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੨੫)

ਉਸ ਉਪਰੰਤ ੨੦ ਨਰਾਜ ਛੰਦ ਉਚਾਰਨ ਕੀਤੇ ਹਨ, ਇਨ੍ਹਾਂ ਛੰਦਾਂ ਦਾ ਤਾਤਪਰਜ ਗੁਰਦੇਵ ਨੇ ਇਸ ਛੰਦ ਅੰਦਰ ਵਰਨਣ ਕੀਤਾ ਹੈ :

*ਜ਼ਿਮੀ ਜ਼ਮਾਨ ਕੇ ਬਿਖੈ ਸਮੱਸਤ ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੨੬)

ਇਨ੍ਹਾਂ ੨੦ ਰੁਆਮਲ ਛੰਦਾਂ ਅੰਦਰ ਦਸਮੇਸ਼ ਜੀ ਨੇ ਪਰੀਪੂਰਨ ਪ੍ਰਮਾਤਮਾ ਦੀ ਬੇਅੰਤਤਾ ਇਸ ਤਰ੍ਹਾਂ ਦਰਸਾਈ ਹੈ :

*ਆਦਿ ਅੰਤਿ ਨ ਮੱਧ ਜਾ ਕੋ ਭੂਤ ਭੱਬ ਭਵਾਨ॥*
*ਸਤ ਦੁਆਪਰ ਤ੍ਰਿਤੀਆ ਕਲਜੁਗ ਚਤ੍ਰ ਕਾਲ ਪ੍ਰਧਾਨ॥*
*ਧਯਾਇ ਧਯਾਇ ਥਕੇ ਮਹਾਮੁਨਿ ਗਾਇ ਗੰਧ੍ਰਬ ਅਪਾਰ॥*
*ਹਾਰ ਹਾਰ ਥਕੇ ਸਭੈ ਨਹੀ ਪਾਈਐ ਤਿਹ ਪਾਰ॥ ੧੯॥ ੧੯੯॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੩੦)

ਇਨ੍ਹਾਂ ਉਪਰੋਕਤ ੨੦ ਰੁਆਮਲ ਛੰਦਾਂ ਤੋਂ ਉਪਰੰਤ ੧੦ ਦੋਹਰੇ ਹਨ, ਇਨ੍ਹਾਂ ਦੋਹਰਿਆਂ ਅੰਦਰ ਪ੍ਰਸ਼ਨਉਤਰੀ ਰੂਪ ਵਿਚ ਇਸ ਤਰ੍ਹਾਂ ਕਥਨ ਕੀਤਾ ਹੈ :

*ਕੋ ਸੂਰਾ ਸੁੰਦਰ ਕਵਨ ਕਹਾ ਜੋਗ ਕੋ ਸਾਰ॥*
*ਕੋ ਦਾਤਾ ਗਜਾਨੀ ਕਵਨ ਕਹੋ ਬਿਚਾਰ ਅਬਿਚਾਰ॥ ੧੦॥ ੨੧੦॥*

ਅਗਲੇ ੨੦ ਦੀਰਘ ਤ੍ਰਿਭੰਗੀ ਛੰਦਾਂ ਵਿਚ ਕਰਤੇ ਅਕਾਲ ਪੁਰਖ ਦੀ ਉਸ ਸ਼ਕਤੀ ਦਾ ਜ਼ਿਕਰ ਕੀਤਾ ਹੈ, ਜੋ ਪ੍ਰਭੂ ਦੁਸ਼ਟਾਂ ਨੂੰ ਦੰਡ ਦੇਣ ਲਈ ਸਰੂਪ ਧਾਰਨ ਕਰਦਾ ਹੈ :

*ਦੁਰਜਨ ਦਲ ਦੰਡਣ ਅਸੁਰ ਬਿਹੰਡਣ ਦੁਸ਼ਟ ਨਿਕੰਦਨ ਆਦਿ ਬ੍ਰਿਤੇ॥*
*ਚਛਰਾਸੁਰ ਮਾਰਣ ਪਤਿਤ ਉਧਾਰਣ ਨਰਕ ਨਿਵਾਰਣ ਗੂੜ੍ਹ ਗਤੇ॥*
*ਅਛੈ ਅਖੰਡੇ ਤੇਜ ਪ੍ਰਚੰਡੇ ਖੰਡ ਉਦੰਡੇ ਅਲਖ ਮਤੇ॥*
*ਜੈ ਜੈ ਹੋਸੀ ਮਹਖਾਸੁਰ ਮਰਦਨ ਰੰਮ ਕਪਰਦਨ ਛਤ੍ਰ ਛਿਤੇ॥ ੧॥ ੨੧੧॥*

ਇਨ੍ਹਾਂ ੧੨ ਪਾਧੜੀ ਛੰਦਾਂ ਵਿਚ ਉਸ ਪਰੀਪੂਰਨ ਪ੍ਰਮਾਤਮਾ ਦੇ ਸਾਰੇ ਦੇਵੀ ਦੇਵਤੇ ਪਾਣੀ ਭਰਨ ਵਾਲੇ ਸੇਵਕ ਦਰਸਾਏ ਹਨ :

*ਕਈ ਕੋਟ ਇੰਦ੍ਰ ਜਿਹ ਪਾਨਿਹਾਰ॥ ਕਈ ਕੋਟ ਰੁਦ੍ਰ ਜੁਗੀਆ ਦੁਆਰ॥*
*ਕਈ ਬੇਦ ਬਿਆਸ ਬ੍ਰਹਮਾ ਅਨੰਤ॥ ਜਿਹ ਨੇਤਿ ਨੇਤਿ ਨਿਸਦਿਨ ਉਚਰੰਤ॥ ੧੨॥*

ਉਪਰੰਤ ਇਹ ਦਸ ਸਵੱਯੇ ਦੀਨਨ ਕੀ ਪ੍ਰਤਿਪਾਲ ਕਰੈ, ਵਾਲੇ ਹਨ, ਜੋ ਬਹੁਤ ਸਾਰੇ ਸੁੰਦਰ ਗੁਟਕਿਆਂ ਵਿਚ ਅੰਕਿਤ ਹਨ। ਪੁਰਾਤਨ ਸਿੰਘ ਅਤੇ ਵਰਤਮਾਨ ਸਮੇਂ ਅੰਦਰ ਵੀ ਬਹੁਤ ਸਾਰੇ ਗੁਰਸਿੱਖ ਇਹਨਾਂ ਦਾ ਨਿੱਤ ਪਾਠ ਕਰਦੇ ਹਨ। ਇਨ੍ਹਾਂ ਸਵੱਈਆਂ ਅੰਦਰ ਹਜ਼ੂਰ ਨੇ ਸਰਬ ਜੀਆਂ ਦਾ ਪ੍ਰਤਿਪਾਲਕ ਪ੍ਰਭੂ ਨੂੰ ਵਰਣਨ ਕੀਤਾ ਹੈ ਅਤੇ ਉਹ ਪ੍ਰਭੂ ਆਪਣੇ ਸੇਵਕਾਂ ਨੂੰ ਰੋਗਾਂ ਸੋਗਾਂ ਤੋਂ ਹਰ ਤਰ੍ਹਾਂ ਕਰਕੇ ਬਚਾਉਂਦਾ ਹੈ :

*ਰੋਗਨ ਤੇ ਅਰ ਸੋਗਨ ਤੇ ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥*
*ਸੱਤ੍ਰ ਅਨੇਕ ਚਲਾਵਤ ਘਾਵ ਤਊ ਤਨ ਏਕ ਨ ਲਾਗਨ ਪਾਵੈ॥*
*ਰਾਖਤ ਹੈ ਅਪਨੋ ਕਰ ਦੈ ਕਰਿ ਪਾਪ ਸੰਬੂਹ ਨ ਭੇਟਨ ਪਾਵੈ॥*
*ਔਰ ਕੀ ਬਾਤ ਕਹਾ ਕਹ ਤੋ ਸੌ ਸੁ ਪੇਟ ਹੀ ਕੇ ਪਟ ਬੀਚ ਬਚਾਵੈ॥ ੬॥ ੨੪੮॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੩੪)

ਹੁਣ ਇਨ੍ਹਾਂ ੧੪ ਕਬਿੱਤਾਂ ਅੰਦਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਦੇਸ਼ ਦੇਸ਼ ਦੇ ਲੋਕਾਂ ਨੂੰ ਰੱਬੀ ਕੀਰਤੀ ਕਰਦੇ ਦੱਸਿਆ ਹੈ। ਖ਼ਾਸ ਕਰਕੇ ਇਨ੍ਹਾਂ ਕਬਿੱਤਾਂ ਵਿਚ ਤਾਂ ਗੁਰਦੇਵ ਦੀ ਰਚਨਾ ਅਕਾਲ ਉਸਤਤਿ ਬਾਣੀ ਵਿਚ ਇਸ ਤਰ੍ਹਾਂ ਪ੍ਰਭੂ ਉਸਤਤੀ ਨੂੰ ਗਿਣਤੀ ੨੫੪, ੨੫੫ ਤੋਂ ੨੫੬ 'ਤੇ ਦੇਖੀ ਜਾ ਸਕਦੀ ਹੈ। ਇਹਨਾਂ ਕਬਿੱਤਾਂ ਵਿਚ ਗੁਰੂ ਗੋਬਿੰਦ ਸਿੰਘ ਜੀ

ਪੂਰਬ ਤੋਂ ਪੱਛਮ, ਉੱਤਰ ਤੋਂ ਦੱਖਣ ਤਕ ਸਭ ਪ੍ਰਾਂਤਾਂ, ਦੇਸ਼ਾਂ, ਨਸਲਾਂ, ਕੌਮਾਂ ਦਾ ਜ਼ਿਕਰ ਕਰ ਕੇ ਸਾਰਿਆਂ ਨੂੰ ਹੀ ਵਾਹਿਗੁਰੂ ਦੀ ਯਾਦ ਵਿਚ ਜੁਟਿਆ ਦੱਸਦੇ ਹਨ। ਇਹ ਦੋ ਕਬਿੱਤ ਤਾਂ ਖ਼ਾਸ ਤੌਰ ਉੱਤੇ ਧਿਆਨ ਨਾਲ ਪੜ੍ਹਨ ਵਾਲੇ ਹਨ:

*ਬੰਗ ਕੇ ਬੰਗਾਲੀ ਫਿਰਹੰਗ ਕੇ ਫਿਰੰਗਾਵਾਲੀ,*
*ਦਿੱਲੀ ਕੇ ਦਿਲਵਾਲੀ ਤੇਰੀ ਅਗਜਾ ਮੈ ਚਲਤ ਹੈਂ।*
*ਰੋਹ ਕੇ ਰੁਹੇਲੇ 'ਮਾਘ' ਦੇਸ ਕੇ ਮਘੇਲੇ ਬੀਰ,*
*ਬੰਗਸੀ ਬੁੰਦੇਲੇ ਪਾਪ ਪੁੰਜ ਕੋ ਮਲਤ ਹੈਂ।*
*ਗੋਖਾ ਗੁਨ ਗਾਵੈ ਚੀਨ ਮਚੀਨ ਕੇ ਸੀਸ ਨਯਾਵੈ,*
*ਤਿਬਤੀ ਧਿਆਇ ਦੋਖ ਦੇਹ ਕੇ ਦਲਤ ਹੈਂ।*
*ਜਿਨੈ ਤੋਹਿ ਧਿਆਇਓ ਤਿਨੈ ਪੂਰਨ ਪ੍ਰਤਾਪ ਪਾਇਓ,*
*ਸਰਬ ਧਨ ਧਾਮ ਫਲ ਫੂਲ ਸੋਂ ਫਲਤ ਹੈਂ॥੩॥੨੫੫॥*

ਤੇ ਅੰਤਲੇ ਕਬਿੱਤ ਵਿਚ:—

*ਫਰਾ ਸੀ ਫ਼ਿਰੰਗੀ ਫ਼ਰਾਸੀਸ ਕੇ ਦੁਰੰਗੀ*
*ਮਕਰਾਨ ਕੇ ਮ੍ਰਿਦੰਗੀ ਤੇਰੇ ਗੀਤ ਗਾਈਅਤੁ ਹੈ।*
*ਭੱਖਰੀ ਕੰਧਾਰੀ ਗੋਰਿ ਗਖਰੀ ਗਰਦੇਜਾ ਚਾਰੀ*
*ਪਉਨ ਕੇ ਅਹਾਰੀ ਤੇਰੋ ਨਾਮੁ ਧਯਾਈਅਤੁ ਹੈ।*
*ਪੂਰਬ ਪਲਾਊ ਕਾਮ ਰੂਪ ਔ ਕਮਾਊ*
*ਸਰਬ ਠਉਰ ਮੈ ਬਿਰਾਜੈ ਜਹਾ ਜਹਾ ਜਾਈਅਤੁ ਹੈ।*
*ਪੂਰਨ ਪ੍ਰਤਾਪੀ, ਜੰਤ੍ਰ ਮੰਤ੍ਰ ਕੇ ਅਤਾਪੀ ਨਾਥ*
*ਕੀਗਤਿ ਤਿਹਾਰੀ ਕੋਨ ਪਾਰ ਪਾਈਅਤੁ ਹੈ॥੧੪॥੨੬੬॥*

ਇਹ ਪੰਜ ਪਾਧੜੀ ਛੰਦ ਹਨ, ਜਿਨ੍ਹਾਂ ਦੀ ਆਰੰਭਤਾ ਇਸ ਪ੍ਰਕਾਰ ਹੈ:

ਤ੍ਵਪ੍ਰਸਾਦਿ॥ ਪਾਧੜੀ ਛੰਦ॥

*ਅੱਦ੍ਵੈ ਅਨਾਸ ਆਸਨ ਅਡੋਲ॥ ਅਦ੍ਵੈ ਅਨੰਤ ਉਪਮਾ ਅਤੋਲ॥..... ॥੨॥੨੬੭॥*

ਇਸ ਤਰ੍ਹਾਂ ਪ੍ਰਭੂ ਪ੍ਰਮਾਤਮਾ ਨੂੰ ਬੇਅੰਤ ਤੇ ਨਾਸ਼ ਰਹਿਤ ਦੱਸ ਕੇ ਸਰਬ ਵਿਆਪੀ ਕਿਹਾ ਹੈ:

*ਬਨ ਤਨ ਮਹੀਪ ਜਲ ਥਲ ਮਹਾਨ॥*
*ਜਹ ਤਹ ਪ੍ਰਸੋਹ ਕਰੁਣਾਨਿਧਾਨ॥.... ॥ ੫॥੨੭੧॥*

ਇਸ ਤੋਂ ਅੱਗੇ ਦੋ ਪੰਗਤੀਆਂ ਇਹ ਉਚਾਰਨ ਕਰਕੇ ਅਕਾਲ ਉਸਤਤਿ ਬਾਣੀ ਦੀ ਦਸਮੇਸ਼ ਗੁਰੂ ਜੀ ਨੇ ਸੰਪੂਰਨਤਾ ਕੀਤੀ ਹੈ :

*ਸਾਤੋ ਅਕਾਸ਼ ਸਾਤੋ ਪਤਾਰ॥ ਬਿਥਰਿਓ ਅਦ੍ਰਿਸ਼ਟ ਜਿਹ ਕਰਮ ਜਾਰਿ॥*

ਸਾਰੰਸ਼ ਤੇ ਸਿਧਾਂਤ :- ਇਸ ਅਕਾਲ ਉਸਤਤਿ ਰਚਨਾ ਅੰਦਰ ਕਿਥੇ ਅਕਾਲ ਪੁਰਖ ਪ੍ਰਮਾਤਮਾ ਦੀ ਉਸਤਤੀ ਕੀਤੀ ਗਈ ਹੈ ਅਤੇ ਨਿਤਨੇਮ ਸਮੇਂ ਪੜ੍ਹੇ ਜਾਣ ਵਾਲੀ ਤੇ ਅੰਮ੍ਰਿਤ ਤਿਆਰ ਕਰਨ ਸਮੇਂ ਪੜ੍ਹੇ ਜਾਣ ਵਾਲੀ ਬਾਣੀ ੧੦ ਸਵੱਈਏ ਵੀ ਇਸ ਰਚਨਾ ਵਿਚ ਅੰਕਿਤ ਹਨ।

(ਅਕਾਲ ਉਸਤਤਿ ਸੰਪੂਰਨੰ)

❑

# ਬਚਿੱਤ੍ਰ ਨਾਟਕ

ਭਾਈ ਦੇਸਾ ਸਿੰਘ ਜੀ ਦੇ ਰਹਿਤਨਾਮੇ ਵਿਚ ਇਸ ਤਰ੍ਹਾਂ ਕਥਨ ਹੈ :-

*"ਪੁਨ ਬਚਿਤ੍ਰ ਨਾਟਕ ਬਨਵਾਯੋ।*
*ਸੋਢ ਬੰਸ ਜਹ ਕਥਾ ਸੁਹਾਯੋ॥"*

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਇਹ ਪਾਵਨ ਰਚਨਾ ਬਚਿੱਤ੍ਰ ਨਾਟਕ, ਜਿਸ ਵਿਚ ਗੁਰਦੇਵ ਨੇ ਆਪਣੀ ਆਤਮ-ਕਥਾ ਸਵੈ-ਜੀਵਨੀ ਲਿਖੀ ਹੈ। ਇਸ ਆਤਮ-ਕਥਾ ਦੇ ੧੪ ਅਧਿਆਇ ਹਨ, ਜਿਸ ਵਿਚ ਗੁਰੂ ਸਾਹਿਬ ਨੇ ਭਾਰਤੀ ਮੱਤਾਂ ਦੀ ਪ੍ਰਿਸ਼ਠ ਭੂਮੀ ਵਿਚ ਸਿੱਖ ਲਹਿਰ ਦੇ ਵਿਕਾਸ ਤੇ ਇਸ ਦੇ ਨਰੋਏ ਜੀਵਨ-ਦ੍ਰਿਸ਼ਟੀਕੋਣ 'ਤੇ ਚਾਨਣ ਪਾਇਆ ਹੈ। ਕਿਸ ਤਰ੍ਹਾਂ ਇਹ ਨਵਾਂ ਧਰਮ ਉਜਾਗਰ ਹੋਇਆ, ਕਿਵੇਂ ਨੌਂ ਗੁਰੂ ਇਕ ਜੋਤਿ ਹਨ, ਕਿਵੇਂ ਗੁਰੂ ਤੇਗ਼ ਬਹਾਦਰ ਜੀ ਨੇ ਕਰਾਮਾਤੀ ਤਲਿਸਮ ਤੋਂ ਇਨਕਾਰ ਕੀਤਾ ਤੇ ਹੋਰਾਂ ਦੀ ਧਾਰਮਿਕ ਅਜ਼ਾਦੀ ਲਈ ਆਪਣੀ ਕੁਰਬਾਨੀ ਦਿੱਤੀ ਅਤੇ ਕਿਸ ਤਰ੍ਹਾਂ ਇਸ 'ਕੀਟ' ਨੂੰ ਅਕਾਲ ਪੁਰਖ ਵਲੋਂ ਉਚੇਰੇ ਮਿਸ਼ਨ ਲਈ ਭੇਜਿਆ ਗਿਆ। ਇਹ ਗੱਲਾਂ ਸਤਿਗੁਰਾਂ ਖ਼ੁਦ ਕਲਮਬੰਦ ਕਰਕੇ ਸਾਡੇ ਇਤਿਹਾਸ ਉੱਤੇ ਹੀ ਭਾਰੀ ਉਪਕਾਰ ਨਹੀਂ ਕੀਤਾ, ਬਲਕਿ ਅਧਿਆਤਮਵਾਦ ਦੇ ਕਈ ਗੁੱਝੇ ਭੇਦਾਂ ਨੂੰ ਵੀ ਪ੍ਰਗਟ ਕੀਤਾ ਹੈ। ਸੱਚਾ ਧਰਮੀ ਆਪਣੇ ਧਰਮ ਲਈ ਹੀ ਨਹੀਂ, ਦੂਜਿਆਂ ਦੀ ਧਾਰਮਿਕ ਸੁਤੰਤਰਤਾ ਲਈ ਵੀ ਬਲੀਦਾਨ ਦੇ ਸਕਦਾ ਹੈ।

*ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ ਕੀਨੋ ਬਡੋ ਕਲੂ ਮਹਿ ਸਾਕਾ॥*

ਦਾ ਇਹੋ ਭਾਵ ਹੈ। ਇਸੇ ਤਰ੍ਹਾਂ ਦਿੱਲੀ ਸਰਕਾਰ ਦੀ ਪਰੋਹਤ ਜਮਾਤ ਕਾਜ਼ੀ ਪੀਰਾਂ ਦੀ ਨਿਸ਼ਾਨੀ—ਕਰਾਮਾਤ ਮੰਨਦੀ ਸੀ, ਪਰ ਗੁਰੂ ਸਾਹਿਬ ਸੱਚੇ ਆਸਤਿਕ ਦ੍ਰਿਸ਼ਟੀਕੋਣ ਅਨੁਸਾਰ ਇਸ ਨੂੰ 'ਕਹਿਰ' ਕਹਿੰਦੇ ਸਨ। ਇਸ ਲਈ ਉਹਨਾਂ ਇਸ ਤਮਾਸ਼ਗੀਰੀ ਨੂੰ ਪਸੰਦ ਨਹੀਂ ਕੀਤਾ :

*ਨਾਟਕ ਚੇਟਕ ਕੀਏ ਕੁਕਾਜਾ॥ ਪ੍ਰਭ ਲੋਗਨ ਕਹ ਆਵਤ ਲਾਜਾ॥*

ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਜੀਵਨ-ਆਦਰਸ਼ ਦੱਸਦਿਆਂ, ਇਥੋਂ ਦੇ ਧਰਮਾਂ ਦੀਆਂ ਮੁੱਢਲੀਆਂ ਕਮਜ਼ੋਰੀਆਂ ਦੀ ਵੀ ਚੰਗੀ ਪੁਣ-ਛਾਣ ਕੀਤੀ ਹੈ। ਉਹਨਾਂ ਲਿਖਿਆ ਹੈ ਕਿ ਕਿਵੇਂ ਭਾਰਤ ਵਿਚ ਸੰਨਿਆਸੀਆਂ ਦੇ ਗੁਰੂ ਦਤਾਤ੍ਰੇਯ, ਜੋਗੀਆਂ ਦੇ ਗੁਰੂ ਗੋਰਖਨਾਥ ਤੇ

ਵੈਰਾਗੀਆਂ ਦੇ ਮੋਢੀ ਰਾਮਾਨੰਦ ਤੇ ਮੁਸਲਮਾਨੀ ਮੱਤ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਨੇ ਆਪਣੇ-ਆਪਣੇ ਮੱਤ ਚਲਾਏ। ਕਸਰ ਇਹੋ ਸੀ ਕਿ ਇਹਨਾਂ ਮੱਤਾਂ ਦੇ ਪੁਜਾਰੀ ਪਰਮੇਸ਼ਰ-ਪੂਜਾ ਦੀ ਥਾਂ ਇਹਨਾਂ ਪੀਰਾਂ, ਅਵਤਾਰਾਂ ਦੀ ਪੂਜਾ ਵਿਚ ਹੀ ਰੁੱਝ ਗਏ। ਇਹ ਇਕ ਬੁਨਿਆਦੀ ਭੁੱਲ ਸੀ, ਜਿਸ ਨੂੰ ਗੁਰੂ ਸਾਹਿਬ ਨੇ ਥਾਂ-ਥਾਂ ਉਘੇੜ ਕੇ ਦੱਸਿਆ ਹੈ :

*ਜਿਨਿ ਜਿਨਿ ਤਨਕਿ ਸਿਧ ਕੋ ਪਾਯੋ॥ ਤਿਨ ਤਿਨ ਅਪਨਾ ਰਾਹੁ ਚਲਾਯੋ॥*
*ਪਰਮੇਸ਼ਰ ਨ ਕਿਨਹੂੰ ਪਹਿਚਾਨਾ॥ 'ਮਮ' ਉਚਾਰਤੇ ਭਯੋ ਦਿਵਾਨਾ॥ ੧੬॥*

.............

*ਸਭ ਅਪਨੀ ਅਪਨੀ ਉਰਝਾਨਾ॥ ਪਾਰਬ੍ਰਹਮ ਕਾਹੂ ਨ ਪਛਾਨਾ॥*
*ਤਪ ਸਾਧਤ ਹਰਿ ਮੋਹਿ ਬੁਲਾਯੋ॥ ਇਮ ਕਹਿ ਕੈ ਇਹ ਲੋਕ ਪਠਾਯੋ॥*

ਇਸ ਉਪਰੰਤ ਹਜ਼ੂਰ ਨੇ ਆਪਣੇ ਜਨਮ, ਬਚਪਨ, ਸਿੱਖਿਆ ਅਤੇ ਪਾਉਂਟਾ ਸਾਹਿਬ ਆਉਣਾ, ਫਤੇਸ਼ਾਹ ਨਾਲ ਭੰਗਾਣੀ ਦਾ ਜੰਗ, ਨਦੌਣ ਦਾ ਯੁੱਧ, ਫੇਰ ਅਲਫ਼ ਖ਼ਾਂ ਦਾ ਮਾਰ ਖਾ ਕੇ ਭੱਜ ਜਾਣਾ, ਹੁਸੈਨੀ-ਯੁੱਧ, ਸ਼ਹਿਜ਼ਾਦਾ ਮੁਅੱਜ਼ਮ ਤੇ ਅਹਿਮਦੀਆਂ ਦਾ ਪੰਜਾਬ ਵੱਲ ਆਉਣਾ ਇਤਿਆਦਿ ਇਤਿਹਾਸਕ ਪ੍ਰਸੰਗਾਂ ਅੰਦਰ ਹਜ਼ੂਰ ਨੇ ਸੰਮਤ ਬਿਕ੍ਰਮੀ 1754 ਤੱਕ ਦੇ ਵੇਰਵੇ ਦਿੱਤੇ ਹਨ। ਇਹ ਸਾਰੇ ਹੀ ਅਧਿਆਇ ਇਤਿਹਾਸਕ ਤੌਰ 'ਤੇ ਬਹੁਤ ਮਹੱਤਤਾ ਰੱਖਦੇ ਹਨ। ਹੁਣ ਸੰਖੇਪ ਰੂਪ ਵਿਚ ਵੱਖ-ਵੱਖ ਧਿਆਇ ਅੰਦਰ ਗੁਰਦੇਵ ਦੀ ਕੀਤੀ ਰਚਨਾ ਦੇ ਦਰਸ਼ਨ ਕਰ ਰਹੇ ਹਾਂ।

ਬਚਿੱਤ੍ਰ ਨਾਟਕ ਦੇ ਪਹਿਲੇ ਧਿਆਇ ਦੀ ਆਰੰਭਤਾ ਇਸ ਪ੍ਰਕਾਰ ਹੈ :

ੴ ਸਤਿਗੁਰ ਪ੍ਰਸਾਦਿ॥

*ਅਥ ਬਚਿਤ੍ਰ ਨਾਟਕ ਗਰੰਥ ਲਿਖ੍ਯਤੇ॥*
*ਸ੍ਰੀ ਮੁਖਵਾਕ ਪਾਤਸ਼ਾਹੀ ੧੦॥*

ਅਰਥ :—(੧) ਅਥ, ਹੁਣ, (੨) ਇਸ ਤੋਂ ਪਿੱਛੋਂ।

ਬਚਿੱਤ੍ਰ= ੧.(ਵਿਚਿਤ੍ਰ) ਅਨੇਕ ਰੰਗਾਂ ਦਾ, ਰੰਗ ਬਰੰਗ, ੨. ਅਜੀਬ, ਅਨੋਖਾ, ਅਦਭੁੱਤ, ੩. ਇਕ ਸ਼ਬਦਾਲੰਕਾਰ, ਕਾਰਯ ਦੇ ਫਲ ਤੋਂ ਉਲਟਾ ਯਤਨ ਕਰਨਾ।

*ਯਥਾ : ਜਹਾਂ ਕਰਤ ਉੱਦਮ ਕਛੂ ਫਲ ਚਾਹਤ ਵਿਪਰੀਤ॥*
*ਵਰਣਤ ਤਹਾਂ ਵਿਚਿਤ੍ਰ ਹੈ ਜੇ ਕਵਿਤ ਰਸ ਪ੍ਰੀਤਿ॥*

(ਲਲਿਤਾ ਲਲਾਮ)

ਇਸ ਤਰ੍ਹਾਂ ਦਾ ਕਥਨ ਇਸ ਗ੍ਰੰਥ ਵਿਚ ਬਹੁਤ ਕੀਤਾ ਹੈ। ਯਥਾ :

*(ੳ) ਜੇ ਪ੍ਰਭ ਸਾਖ ਨਮਿਤ ਠਹਰਾਏ॥ ਤੇ ਹਿਆਂ ਆਇ ਪ੍ਰਭੂ ਕਹਵਾਏ॥*

*(ਅ) ਤੇ ਭੀ ਬਸਿ ਮਮਤਾ ਹੁਇ ਗਏ॥ ਪਰਮੇਸ਼ਰ ਪਾਹਨ ਠਹਰਏ॥*

*(ੲ) ਤਬ ਹਰਿ ਸਿਧ ਸਾਧ ਠਹਿਰਾਏ॥ ਤਿਨ ਭੀ ਪਰਮ ਪੁਰਖ ਨਹੀ ਪਾਏ॥*

ਨਾਟਕ=ਨਾਟ=(੧) ਸ੍ਵਾਂਗ+੨=ਕਰਤਾ, ਉਹ ਪੁਰਸ਼, ਜੋ ਸ੍ਵਾਂਗ ਧਾਰਨ ਕਰੇ।

(੨) ਹਾਵ ਭਾਵ, ਲਿਬਾਸ ਅਤੇ ਬਾਣੀ ਨਾਲ ਜੋ ਕਿਸੇ ਵਾਰਦਾਤ ਨੂੰ ਪ੍ਰਤੱਖ ਕਰਕੇ ਦਿਖਾਵੇ।

(੩) ਦ੍ਰਿਸ਼ਯ ਕਾਵਯ, ਜਿਸ ਵਿਚ ਕਥਾ ਪ੍ਰਸੰਗ ਅਜੇਹੀ ਰੀਤੀ ਨਾਲ ਲਿਖੇ ਹੋਵਣ, ਜੋ ਅਖਾੜੇ ਵਿਚ ਨਟਾਂ ਦ੍ਵਾਰਾ ਚੰਗੀ ਤਰ੍ਹਾਂ ਦਿਖਾਏ ਜਾ ਸਕਣ।

ਗਰੰਥ=(ਗ੍ਰੰਥ) (੧) ਗੰਢ, ਇਕੱਠਾ ਕੀਤਾ ਹੋਇਆ।

(੨) ਗੁੰਫਨ, ਗੁੰਦਣਾ।

(੩) ਪੁਸਤਕ=ਕਿਤਾਬ, ਜਿਸ ਵਿਚ ਲੇਖ (ਪ੍ਰਕਰਣ) ਗੁੰਦੇ ਗਏ ਜਾਂ ਇਕੱਠੇ ਕੀਤੇ ਹੋਏ ਹਨ।

ਸ੍ਰੀ ਮੁਖਵਾਕ=ਸੋਭਾ ਵਾਲੇ ਮੁਖ ਤੋਂ ਨਿਕਲੇ ਹੋਏ ਬਚਨ, ਉਹ ਬਾਣੀ ਜੋ ਦਸਮ ਸਤਿਗੁਰੂ ਜੀ ਨੇ ਆਪਣੇ ਪਵਿੱਤ੍ਰ ਮੁਖਾਰਬਿੰਦ ਤੋਂ ਉਚਾਰਨ ਕੀਤੀ ਹੈ।

ਹੁਣ (ਅਸੀਂ) ਵਿਚਿਤ੍ਰਾਲੰਕਾਰ (ਜਾਂ ਅਨੇਕ ਤਰ੍ਹਾਂ ਦੀ ਕਥਾ ਰੂਪ) ਖੇਲ ਕਰਨ ਵਾਲੀ ਪੁਸਤਕ ਲਿਖਦੇ ਹਾਂ, (ਜੋ) ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਆਪਣੇ ਪਵਿੱਤ੍ਰ ਮੁਖਾਰਬਿੰਦ ਤੋਂ ਉਚਾਰਨ ਕੀਤੀ ਹੋਈ ਹੈ।

## ਦੋਹਰਾ॥

*ਨਮਸਕਾਰ ਸ੍ਰੀ ਖੜਗ ਕੌ ਕਰੌ ਸੁ ਹਿਤੁ ਚਿਤੁ ਲਾਇ॥*

*ਪੂਰਨ ਕਰੌ ਗਿਰੰਥ ਇਹ ਤੁਮ ਮੁਹਿ ਕਰਹੁ ਸਹਾਇ॥ ੧॥*

ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਇਥੇ ਖੜਗ ਦਾ ਅਰਥ, ਜਗਤ ਵਿਨਾਸ਼ਕ (ਲੈ ਕਰਨ ਵਾਲਾ) ਮੰਨ ਕੇ ਮਹਾਂ ਕਾਲ ਦਾ ਨਾਉਂ ਭੀ ਖੜਗ ਆਇਆ ਦੱਸਿਆ ਹੈ। "ਨਮਸ਼ਕਾਰ ਸ੍ਰੀ ਖੜਗ ਕੋ"।

ਇਸ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਕਥਨ ਕਰਦੇ ਹਨ ਕਿ ਮੈਂ ਚਿੱਤ ਦਾ ਪ੍ਰੇਮ ਲਾ ਕੇ "ਸ੍ਰੀ ਖੜਗ ਕੋ", ਜਗਤ ਦੇ ਵਿਨਾਸ਼ਕ, ਸ੍ਰਿਸ਼ਟੀ ਦੇ ਲੈ ਕਰਤਾ, ਮਹਾਕਾਲ, ਸ਼ਕਤੀ ਸਰੂਪ ਵਾਹਿਗੁਰੂ ਜੀ ਨੂੰ ਨਮਸ਼ਕਾਰ ਕਰਦਾ ਹਾਂ। ਹੇ ਵਾਹਿਗੁਰੂ ! ਮੇਰੀ ਤੁਸੀਂ ਸਹਾਇਤਾ ਕਰਕੇ ਇਹ "ਬਚਿਤ੍ਰ ਨਾਟਕ" ਨਾਮ ਦਾ ਗ੍ਰੰਥ ਨਿਰਵਿਘਨ ਲਿਖਾ ਕੇ ਸੰਪੂਰਨ ਕਰਾਉਣਾ ਕਰੋ।

ਗਿਆਨੀ ਨਰੈਣ ਸਿੰਘ ਜੀ ਨੇ ਵੀ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਸਟੀਕ ਅੰਦਰ ਇਥੇ "ਨਮਸ਼ਕਾਰ ਸ੍ਰੀ ਖੜਗ ਕੋ" ਦਾ ਅਰਥ, ਵਾਹਿਗੁਰੂ ਜੀ ਨੂੰ ਹੀ ਨਮਸ਼ਕਾਰ ਕੀਤੀ ਦਰਸਾਈ ਹੈ। ਬਚਿੱਤ੍ਰ ਨਾਟਕ ਦੇ ਪਹਿਲੇ ਧਿਆਏ ਅੰਦਰ ਦਸਮੇਸ਼ ਗੁਰੂ ਜੀ ਨੇ ੧੦੧ ਬੰਦ ਉਚਾਰਨ ਕਰਕੇ ਮਹਾਕਾਲ ਅਕਾਲ ਪੁਰਖ ਵਾਹਿਗੁਰੂ ਦੀ ਉਸਤਤੀ ਇਸ ਤਰ੍ਹਾਂ ਕੀਤੀ ਹੈ :

*ਅਉਰ ਸੁਕਾਲ ਸਭੈ ਬਸਿ ਕਾਲ ਕੇ ਏਕ ਹੀ ਕਾਲ ਅਕਾਲ ਸਦਾ ਹੈ॥ ੮੪॥*

ਉਸ ਅਕਾਲ ਪੁਰਖ ਵਾਹਿਗੁਰੂ ਜੀ ਨੂੰ ਹਜ਼ੂਰ ਨੇ ਇਸ ਪਹਿਲੇ ਧਿਆਏ ਵਿਚ ਬੀਰ ਰਸ ਰੂਪ ਵਿਚ ਕਥਨ ਕੀਤਾ ਹੈ :

*ਨਮੋ ਚੱਕ੍ਰ ਪਾਣੰ॥ ਅਭੂਤੰ ਭਯਾਣੰ॥*
*ਨਮੋ ਉਗ੍ਰ ਦਾੜੰ॥ ਮਹਾ ਗ੍ਰਿਸਟ ਗਾੜੰ॥ ੮੯॥* (ਅੰਗ ੪੫)

ਗੁਰਦੇਵ ਨੇ ਅਖ਼ੀਰ ਵਿਚ ਉਸ ਮਹਾਕਾਲ ਸਰਬ ਦੇ ਕਾਲ ਕਰਤਾ ਪ੍ਰਭੂ ਅੱਗੇ ਬੇਨਤੀ ਤੋਂ ਬਿਨਾਂ ਸਭ ਸਾਧਨ ਨਿਸਫਲ ਦਰਸਾਏ ਹਨ :

*ਕਾਲ ਕ੍ਰਿਪਾਨ ਬਿਨਾ ਬਿਨਤੀ ਨ ਤਊ ਤੁਮ ਕੌ ਪ੍ਰਭ ਨੈਕ ਰਿਝੈ ਹੌ॥ ੧੦੧॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੪੬)

(ਪ੍ਰਿਥਮ ਧਿਆਇ ਸੰਪੂਰਨ॥)

ਦੂਸਰੇ ਧਿਆਇ ਦੇ ਆਦਿ ਵਿਚ ਉਸ ਪ੍ਰਭੂ ਪ੍ਰਮਾਤਮਾ ਨੂੰ ਗੁਰਦੇਵ ਨੇ ਇਸ ਤਰ੍ਹਾਂ ਬੇਅੰਤ ਦੱਸਿਆ ਹੈ :

*ਤੁਮਰੀ ਮਹਿਮਾ ਅਪਰ ਅਪਾਰਾ॥ ਜਾ ਕਾ ਲਹਿਓ ਨ ਕਿਨਹੂ ਪਾਰਾ॥* (ਅੰਗ ੪੭)

ਉਸ ਕਾਲ ਕ੍ਰਿਪਾਨ ਸਰੂਪ ਨੂੰ ਹੀ ਦਸਮੇਸ਼ ਗੁਰੂ ਜੀ ਨੇ ਸ੍ਰਿਸ਼ਟੀ ਦਾ ਕਰਤਾ ਇਸ ਤਰ੍ਹਾਂ ਦਰਸਾਇਆ ਹੈ :

*ਪ੍ਰਿਥਮ ਕਾਲ ਜਬ ਕਰਾ ਪਸਾਰਾ॥ ਓਅੰਕਾਰ ਤੇ ਸ੍ਰਿਸਟਿ ਉਪਾਰਾ॥* (ਅੰਗ ੪੭)

ਇਸ ਉਪਰੋਕਤ ਪੰਗਤੀ ਵਿਚ ਗੁਰਦੇਵ ਜੀ ਨੇ ਗੁਰਮਤਿ ਸਿਧਾਂਤ ਨੂੰ ਉਜਾਗਰ ਕੀਤਾ ਹੈ। ਇਸ ਤੋਂ ਅੱਗੇ ਹੋਰ ਪੁਰਾਣਿਕ ਮੱਤਾਂ ਤੋਂ ਸਾਨੂੰ ਜਾਣੂ ਕਰਾਇਆ ਹੈ, ਜਿਸ ਤਰ੍ਹਾਂ ਗੁਰਬਾਣੀ ਅੰਦਰ ਸੰਸਾਰਿਕ ਰਚਨਾ ਦੇ ਸਬੰਧੀ ਕਈ ਰੂਪ ਵਿਚ ਬਚਨ ਆਉਂਦੇ ਹਨ :

*ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਏ ਲਖ ਦਰੀਆਉ॥*

(ਜਪੁ ਜੀ ਸਾਹਿਬ)

*ਯਥਾ : ਪਹਿਲ ਪੁਰੀਏ ਪੁੰਡਰਕ ਵਨਾ॥ ਤਾ ਚੇ ਹੰਸਾ ਸਗਲੇ ਜਨਾਂ॥*
*ਕ੍ਰਿਸ੍ਨਾ ਤੇ ਜਾਨਊ ਹਰਿ ਹਰਿ ਨਾਚੰਤੀ ਨਾਚਨਾ॥ ੧॥*
*ਪਹਿਲ ਪੁਰਸਾਬਿਰਾ॥ ਅਥੋਨ ਪੁਰਸਾਦਮਰਾ॥* (ਅੰਗ ੯੭੩)

*(ਅਥਵਾ) ਏਕਾ ਮਾਈ ਜੁਗਤ ਵਿਆਈ ਤਿਨਿ ਚੇਲੇ ਪਰਵਾਣੁ॥*

*ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥*

(ਜਪੁ ਜੀ ਸਾਹਿਬ)

*ਕਾਲਸੈਣ ਪ੍ਰਥਮੈ ਭਇਓ ਭੂਪਾ॥ਅਧਿਕ ਅਤੁਲ ਬਲਿ ਰੂਪ ਅਨੂਪਾ॥੧੦॥*

*ਕਾਲਕੇਤ ਦੂਸਰ ਭੂਅ ਭਯੋ॥ ਕ੍ਰੂਰ ਬਰਸ ਤੀਸਰ ਜਗ ਠਯੋ॥*

ਗਿਆਨੀ ਨਰੈਣ ਸਿੰਘ ਜੀ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਅੰਦਰ ਸੰਪ੍ਰਦਾਈ ਅਰਥ ਉਪਰੋਕਤ ਪੰਗਤੀਆਂ ਦੇ ਇਸ ਤਰ੍ਹਾਂ ਕੀਤੇ ਹਨ :

ਕਾਲਸੈਣ=ਵਿਸ਼ਨੂੰ, ਕਾਲਕੇਤ=ਬ੍ਰਹਮਾ, ਕ੍ਰੂਰ ਬਰਸ=ਸ਼ਿਵਜੀ।

ਭਾਵ ਜਦੋਂ ਕਾਲ ਨੇ ਪਹਿਲਾਂ ਸੰਸਾਰਿਕ ਰਚਨਾ ਕੀਤੀ ਤਾਂ ਮਾਇਆ ਵਸਿਸਟ ਚੇਤਨ (ਤ੍ਰਿਯਾ ਮੂਰਤਿ) (ਪ੍ਰਗਟ ਹੋਇਆ), ਇਸ ਤਰ੍ਹਾਂ ਗੁਰਬਾਣੀ ਦੇ ਇਸ ਸਿਧਾਂਤ ਅਨੁਸਾਰ :

*ਏਕਾ ਮਾਈ ਜੁਗਤਿ ਵਿਆਈ ਤਿਨ ਚੇਲੇ ਪਰਵਾਣੁ॥*

*ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥* (ਜਪੁ ਜੀ ਸਾਹਿਬ)

ਇਸ ਤਰ੍ਹਾਂ ਇਹ ਸਿਧਾਂਤ ਜਣਾਇਆ ਹੈ।

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਪ੍ਰਯਾਇ ਸੰਪ੍ਰਦਾਇ ਅੰਦਰ ਪੰਨਾ ੬੯ 'ਤੇ ਇਸ ਪ੍ਰਕਾਰ ਅਰਥ ਕੀਤੇ ਹਨ :

ਕਾਲਸੈਨ=ਵਿਸ਼ਨੂੰ। ਕਾਲਕੇਤ=ਬ੍ਰਹਮਾ। ਕ੍ਰੂਰ ਬਰਸ=ਸ਼ਿਵਜੀ। ਇਹ ਤਿੰਨੇ ਦੇਵਤੇ ਹੀ ਤ੍ਰਿਧਾ ਰੂਪ ਹੋ ਕੇ ਸੰਸਾਰ ਦੀ ਉੱਤਪਤੀ, ਪਾਲਣਾ, ਲੈਤਾ ਕਰਨ ਵਾਲੇ ਦਰਸਾਏ ਹਨ।

ਇਸ ਤੋਂ ਅੱਗੇ ਮਧੁਕੈਟਭ ਦੈਂਤਾਂ ਦੇ ਜਨਮ ਦਾ ਜ਼ਿਕਰ ਹੈ। ਪੁਰਾਣਿਕ ਮੱਤ ਅਨੁਸਾਰ ਧਰਤੀ ਦੀ ਉੱਤਪਤੀ ਦਾ ਜ਼ਿਕਰ ਫਿਰ ਪੰਦਰ੍ਹਵੀਂ ਪਉੜੀ ਵਿਚ ਇਹ ਭਾਵ ਉਜਾਗਰ ਕੀਤਾ ਹੈ :

*ਸਾਧ ਕਰਮ ਜੇ ਪੁਰਖ ਕਮਾਵੈ॥ ਨਾਮ ਦੇਵਤਾ ਜਗਤ ਕਹਾਵੈ॥*

*ਕੁਕ੍ਰਿਤ ਕਰਮ ਜੇ ਜਗ ਮੈ ਕਰਹੀ॥ ਨਾਮ ਅਸੁਰ ਤਿਨ ਕੋ ਸਭ ਧਰਹੀ॥ ੧੫॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੪੮)

ਦੱਛ ਪ੍ਰਜਾਪਤਿ ਅਤੇ ਉਸ ਦੀਆਂ ਦਸ ਹਜ਼ਾਰ ਲੜਕੀਆਂ ਦਾ ਕਥਨ ਕੀਤਾ ਹੈ। ਫਿਰ ਬਿਨਤਾ ਕੱਦ੍ਰੂ ਤੇ ਦਿਤੀ, ਅਦਿਤੀ ਤੇ ਕਛਪ ਰਿਖੀ ਬਾਰੇ ਲਿਖਿਆ ਹੈ। ਇਸ ਉਪਰੰਤ ਸੂਰਜਬੰਸ ਤੇ ਰਘੂਬੰਸ ਬਾਰੇ ਇਸ ਪ੍ਰਕਾਰ ਕਥਨ ਕੀਤਾ ਹੈ :

*ਤਾ ਤੇ ਸੂਰਜ ਰੂਪ ਕੌ ਧਰਾ॥ ਜਾ ਤੇ ਬੰਸ ਪ੍ਰਚੁਰ ਰਵਿ ਕਰਾ॥ ੧੯॥*

*ਤਿਨ ਕੇ ਬੰਸ ਬਿਖੈ ਰਘੁ ਭਯੋ॥ ਰਘੁਬੰਸਹਿ ਜਿਹ ਜਗਹਿ ਚਲਯੋ॥੨੦॥ ...*

ਇਹ ਉਪਰੋਕਤ ਪੁਰਾਣਿਕ ਮੱਤ ਤੋਂ ਗੁਰਦੇਵ ਜੀ ਨੇ ਜਾਣੂ ਕਰਾਇਆ ਹੈ। ਨਾਲ ਹੀ ਇਹ ਉਪਰੋਕਤ ਸਾਰੇ ਵੱਡੇ-ਵੱਡੇ ਰਾਜੇ ਇਹਨਾਂ ਵਿਕਾਰਾਂ ਅੰਦਰ ਘਿਰੇ ਦਰਸਾਏ ਹਨ :

*ਮੋਹ ਬਾਦ ਅਹੰਕਾਰ ਪਸਾਰਾ॥ ਕਾਮ ਕ੍ਰੋਧ ਜੀਤਾ ਜਗ ਸਾਰਾ॥ ੩੪॥*

*ਦੋਹਰਾ॥ ਧੰਨਿ ਧੰਨਿ ਧਨ ਕੌ ਭਾਖੀਐ ਜਾ ਕਾ ਜਗਤੁ ਗੁਲਾਮੁ॥*

*ਸਭ ਨਿਰਖਤ ਯਾ ਕੌ ਫਿਰੈ ਸਭ ਚਲ ਕਰਤ ਸਲਾਮ॥ ੩੫॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੪੯)

ਕਾਲਕੇਤ ਅਤੇ ਕਾਲਰਾਇ ਰਾਜੇ ਅੱਗੇ ਇਹਨਾਂ ਦੇ ਪੁੱਤਰ ਸੋਢੀ ਰਾਏ ਆਦਿ ਦੇ ਜਨਮ ਦਾ ਜ਼ਿਕਰ ਤੇ ਸੋਢ ਬੰਸ ਦਾ ਇਸ ਪ੍ਰਕਾਰ ਜ਼ਿਕਰ ਆਇਆ ਹੈ :

*ਕਾਲਕੇਤ ਅਰੁ ਕਾਲਰਾਇ ਭਨ॥ ਜਿਨ ਤੇ ਭਏ ਪੁਤ੍ਰ ਘਰ ਅਨਗਨ॥ ੨੭॥*

*ਤਿਹ ਤੇ ਪੁਤ੍ਰ ਭਯੋ ਜੋ ਧਾਮਾ॥ ਸੋਢੀਰਾਇ ਧਰਾ ਤਹਿ ਨਾਮਾ॥*

*ਬੰਸ ਸਨੌਢ ਤਦਿਨ ਤੇ ਥੀਆ॥ ਪਰਮ ਪਵਿਤ੍ਰ ਪੁਰਖ ਜੁ ਕੀਆ॥ ੨੯॥*

ਇਸ ਦੂਸਰੇ ਧਿਆਏ ਦੀਆਂ ੩੬ ਪਉੜੀਆਂ ਹਨ।

(ਦੂਸਰਾ ਧਿਆਇ ਸੰਪੂਰਨ॥ ੧੩੭॥ )

ਤੀਸਰੇ ਧਿਆਇ ਵਿਚ ਇਨ੍ਹਾਂ ਕਾਲਰਾਇ ਤੇ ਕਾਲਕੇਤ ਦੀ ਸੰਤਾਨ ਦੀ ਆਪਸੀ ਲੜਾਈ ਦਾ ਵਿਸਥਾਰ ਸਹਿਤ ਵਰਣਨ ਕੀਤਾ ਹੈ :

*ਮਚੇ ਸੂਰ ਸ਼ਸਤ੍ਰੰ॥ ਉਠੀ ਝਾਰ ਅਸਤ੍ਰੰ॥*

*ਕ੍ਰਿਪਾਣੰ ਕਟਾਰੰ॥ ਪਰਿ ਲੋਹ ਮਾਰੰ॥ ੮॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੫੦)

*ਇਹ ਬਿਧ ਮਚਾ ਘੋਰ ਸੰਗ੍ਰਾਮਾ॥ ਸਿਧਏ ਸੂਰਿ ਸੂਰਿ ਕੇ ਧਾਮਾ॥*

*ਕਹਾ ਲਗੈ ਵਹ ਕਥੌ ਲਰਾਈ॥ ਆਪਨ ਪ੍ਰਭਾ ਨ ਬਰਨੀ ਜਾਈ॥ ੫੧॥*

*ਲਵੀ ਸਰਬ ਜੀਤੇ ਕੁਸ਼ੀ ਸਰਬ ਹਾਰੇ॥ ਬਚੇ ਜੇ ਬਲੀ ਪ੍ਰਾਨ ਲੈ ਕੈ ਸਿਧਾਰੇ॥ ੫੨॥*

ਇਸ ਬਚਿੱਤ੍ਰ ਨਾਟਕ ਦੇ ਤੀਸਰੇ ਅਧਿਆਏ ਦੀਆਂ ੫੨ ਪਉੜੀਆਂ ਹਨ।

(ਤੀਸਰਾ ਧਿਆਇ ਸੰਪੂਰਨ॥ ੧੮੯॥ )

ਚੌਥੇ ਧਿਆਇ ਵਿਚ ਬੇਦ ਬੰਸ ਦੀ ਉੱਤਪਤੀ ਦਾ ਕਥਨ ਇਸ ਤਰ੍ਹਾਂ ਆਇਆ ਹੈ :

*ਜਿਨੈ ਬੇਦ ਪਠਿਓ ਸੁ ਬੇਦੀ ਕਹਾਏ॥ ਤਿਨੈ ਧਰਮ ਕੇ ਕਰਮ ਨੀਕੇ ਚਲਾਏ॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੫੨)

ਤੀਸਰੇ ਧਿਆਏ ਵਿਚ "ਲਵੀ ਸਰਬ ਜੀਤੇ ਕੁਸ਼ੀ ਸਰਬ ਹਾਰੇ" ਕਿਹਾ ਸੀ। ਇਸ ਚੌਥੇ ਧਿਆਏ ਵਿਚ ਬੇਦੀਆਂ ਨੂੰ ਰਾਜ ਦੇਣ ਦਾ ਜ਼ਿਕਰ ਇਸ ਤਰ੍ਹਾਂ ਆਇਆ ਹੈ :

*ਲਵੀ ਰਾਜ ਦੇ ਬਨ ਗਏ ਬੇਦੀਅਨ ਕੀਨੋ ਰਾਜ॥ ੮॥...*

ਇਸ ਚੌਥੇ ਧਿਆਏ ਦੀਆਂ ਕੁਲ ੧੦ ਪਉੜੀਆਂ ਹਨ।

(ਚੌਥਾ ਧਿਆਇ ਸੰਪੂਰਨ॥ ੧੯੯॥ )

ਬਚਿੱਤ੍ਰ ਨਾਟਕ ਦੇ ਪੰਜਵੇਂ ਧਿਆਇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਤੱਕ ੯ ਗੁਰੂ ਸਾਹਿਬਾਨਾਂ ਦਾ ਕਥਨ ਕੀਤਾ ਹੈ :

*ਤਿਨ ਬੇਦੀਯਨ ਕੀ ਕੁਲ ਬਿਖੈ ਪ੍ਰਗਟੇ ਨਾਨਕ ਰਾਇ॥*
*ਸਭ ਸਿੱਖਨ ਕੋ ਸੁਖ ਦਏ ਜੱਹ ਤੱਹ ਭਏ ਸਹਾਇ॥ ੪॥*
*ਨਾਨਕ ਅੰਗਦ ਕੋ ਬਪੁ ਧਰਾ॥ ਧਰਮ ਪ੍ਰਚੁਰਿ ਇਹ ਜਗ ਮੋ ਕਰਾ॥*
*ਅਮਰਦਾਸ ਪੁਨਿ ਨਾਮੁ ਕਹਾਯੋ॥ ਜਨ ਦੀਪਕ ਤੇ ਦੀਪ ਜਗਾਯੋ॥ ੭॥*

ਤਥਾ ਹੀ :—

*ਰਾਮਦਾਸ ਹਰਿ ਸੋਂ ਮਿਲ ਗਏ॥ ਗੁਰਤਾ ਦੇਤ ਅਰਜਨਹਿ ਭਏ॥*
*ਜਬ ਅਰਜਨ ਪ੍ਰਭ ਲੋਕ ਸਿਧਾਏ॥ ਹਰਿਗੋਬਿੰਦ ਤਿਹ ਠਾਂ ਠਹਰਾਏ॥ ੧੧॥*
*ਹਰਿਗੋਬਿੰਦ ਪ੍ਰਭ ਲੋਕ ਸਿਧਾਰੇ॥ ਹਰੀਰਾਇ ਤਿਹ ਠਾਂ ਬੈਠਾਰੇ॥*
*ਹਰੀਕ੍ਰਿਸ਼ਨ ਤਿਨ ਕੇ ਸੁਤ ਵਏ॥ ਤਿਨ ਤੇ ਤੇਗ ਬਹਾਦਰ ਭਏ॥ ੧੨॥*
*ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ ਕੀਨੋ ਬਡੋ ਕਲੂ ਮਹਿ ਸਾਕਾ॥*
*ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥*
*ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰਲੋਕ॥ ੧੬॥*

ਇਸ ਪੰਜਵੇਂ ਧਿਆਇ ਦੀਆਂ ਕੁਲ ੧੬ ਪਉੜੀਆਂ ਹਨ।

(ਪੰਚਮ ਧਿਆਇ ਸੰਪੂਰਨ॥ ੨੧੫॥)

ਛੇਵੇਂ ਧਿਆਇ ਵਿਚ ਗੁਰਦੇਵ ਜੀ ਨੇ ਆਪਣੇ ਪੂਰਬਲੇ ਜਨਮ ਸਬੰਧੀ ਤੇ ਸੰਸਾਰ ਅੰਦਰ ਆਪਣੇ ਆਉਣ ਦਾ ਕਾਰਨ ਅਤੇ ਸੰਸਾਰ ਵਿਚ ਪ੍ਰਮੇਸ਼ਰ ਵਲੋਂ ਭੇਜੇ ਹੋਏ ਦੇਵਤੇ, ਕਿਸ ਤਰ੍ਹਾਂ ਆਪਣੀ ਪੂਜਾ ਕਰਾਉਣ ਵਿਚ ਘਿਰ ਗਏ ਸਨ। ਇਹ ਸਭ ਕੁਝ ਹਜ਼ੂਰ ਨੇ ਉਜਾਗਰ ਕੀਤਾ ਹੈ :

*੧. ਅਬ ਮੈ ਅਪਨੀ ਕਥਾ ਬਖਾਨੋ॥ ੧॥.....*

*੨. ਮਹਾਦੇਵ ਅਚੁਤ ਕਹਵਾਯੋ॥ ਬਿਸਨ ਆਪਹੀ ਕੋ ਠਹਰਾਯੋ॥*
*ਬ੍ਰਹਮਾ ਆਪ ਪਾਰਬ੍ਰਹਮ ਬਖਾਨਾ॥ ਪ੍ਰਭ ਕੋ ਪ੍ਰਭੂ ਨ ਕਿਨਹੂੰ ਜਾਨਾ॥ ੮॥*
*ਸਭ ਅਪਨੀ ਅਪਨੀ ਉਰਝਾਨਾ॥ ਪਾਰਬ੍ਰਹਮ ਕਾਹੂ ਨ ਪਛਾਨਾ॥*
*ਤਪ ਸਾਧਤ ਹਰਿ ਮੋਹਿ ਬੁਲਾਯੋ॥ ਇਮ ਕਹਿ ਕੈ ਇਹ ਲੋਕ ਪਠਾਯੋ॥੨੮॥*

**ਅਕਾਲ ਪੁਰਖ ਬਾਚ॥**

*੩. ਮੈ ਅਪਨਾ ਸੁਤ ਤੋਹਿ ਨਿਵਾਜਾ॥ ਪੰਥੁ ਪ੍ਰਚੁਰ ਕਰਬੇ ਕਹੁ ਸਾਜਾ॥*
*ਜਾਹਿ ਤਹਾਂ ਤੈ ਧਰਮੁ ਚਲਾਇ॥ ਕਬੁਧਿ ਕਰਨ ਤੇ ਲੋਕ ਹਟਾਇ॥ ੨੯॥*
*ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥*
*ਜਹਾਂ ਤਹਾਂ ਤੁਮ ਧਰਮ ਬਿਥਾਰੋ॥ ਦੁਸਟ ਦੋਖਿਯਨਿ ਪਕਰਿ ਪਛਾਰੋ॥ ੪੨॥*

ਹਜ਼ੂਰ ਨੇ ਇਸ ਧਿਆਇ ਵਿਚ ਪਖੰਡ ਦਾ ਖੰਡਨ ਵੀ ਇਸ ਪ੍ਰਕਾਰ ਕੀਤਾ ਹੈ:

*ਆਂਖ ਮੂੰਦਿ ਕੋਊ ਡਿੰਭ ਦਿਖਾਵੈ॥ ਆਂਧਰ ਕੀ ਪਦਵੀ ਕਹ ਪਾਵੈ॥*
*ਆਂਖਿ ਮੀਚ ਮਗ ਸੂਝ ਨ ਜਾਈ॥ ਤਾਹਿ ਅਨੰਤ ਮਿਲੈ ਕਿਮ ਭਾਈ॥ ੬੨॥*

ਇਸ ਧਿਆਇ ਦੀਆਂ ਕੁਲ ੬੪ ਪਉੜੀਆਂ ਹਨ :

(ਛੇਵਾਂ ਧਿਆਇ ਸੰਪੂਰਨ॥ ੨੭੯॥ )

ਸੱਤਵੇਂ ਧਿਆਇ ਵਿਚ ਹਜ਼ੂਰ ਨੇ ਆਪਣੇ ਪ੍ਰਕਾਸ਼ ਦਾ ਤੇ ਅਵਤਾਰ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ :

*ਤਹੀਂ ਪ੍ਰਕਾਸ਼ ਹਮਾਰਾ ਭਯੋ॥ ਪਟਨਾ ਸ਼ਹਿਰ ਬਿਖੈ ਭਵ ਲਯੋ॥*

ਨਾਲ ਹੀ ਗੁਰਦੇਵ ਨੇ ਇਸ ਭਾਵ ਨੂੰ ਵੀ ਉਜਾਗਰ ਕੀਤਾ ਹੈ :

*ਜਬ ਹਮ ਧਰਮ ਕਰਮ ਮੋ ਆਏ॥ ਦੇਵ ਲੋਕ ਤਬ ਪਿਤਾ ਸਿਧਾਏ॥ ੩॥*

ਇਸ ਸੱਤਵੇਂ ਧਿਆਇ ਵਿਚ ਚੌਪਈ ਛੰਦ ਦੀਆਂ ਕੁਲ ੩ ਪਉੜੀਆਂ ਹਨ।

(ਸੱਤਵਾਂ ਧਿਆਇ ਸੰਪੂਰਨ॥ ੨੮੨॥ )

ਇਸ ਅੱਠਵੇਂ ਧਿਆਇ ਵਿਚ ਹਜ਼ੂਰ ਨੇ ਜੰਗਾਂ ਜੁੱਧਾਂ ਦਾ ਜ਼ਿਕਰ ਕੀਤਾ ਹੈ ਜੋ ਇਸ ਪ੍ਰਕਾਰ ਹੈ :

ਗੁਰੂ ਜੀ ਅਜੇ ਪਾਉਂਟਾ ਸਾਹਿਬ ਹੀ ਸਨ, ਭੀਮ ਚੰਦ ਦੇ ਪੁੱਤਰ (ਅਜਮੇਰ ਚੰਦ) ਦਾ ਵਿਆਹ ਦਾ ਸਮਾਂ ਆ ਪਹੁੰਚਿਆ।

## ਭੰਗਾਣੀ ਦਾ ਯੁੱਧ:

ਭੀਮ ਚੰਦ ਤੇ ਉਹਦੇ ਸਾਥੀ ਰਾਜੇ ਜੰਞ ਨਾਲ ਬਹੁਤ ਸਾਰੀਆਂ ਫ਼ੌਜਾਂ ਲੈ ਕੇ ਚੜ੍ਹੇ ਸਨ।

ਅਸਲ ਵਿਚ ਜੰਗ ਦਾ ਕਾਰਨ ਔਰੰਗਜ਼ੇਬ ਵਲੋਂ ਰਾਜਿਆਂ ਨੂੰ ਚੁਕਿਆ ਗਿਆ ਸੀ। ਲੜਨ ਵਾਸਤੇ ਜੰਗਨਾਮੇ ਦਾ ਲਿਖਾਰੀ ਲਿਖਦਾ ਹੈ :

*ਤੂੰ ਗੁਰੂ ਗੋਬਿੰਦ ਸਦਾਇੰਦਾ, ਜੋਧਾ ਮਰਦਾਨਾ।*
*ਹੁਕਮ ਮੇਰਾ ਕੰਧਾਰ ਵਿੱਚ, ਕਾਬਲ ਖੁਰਾਸਾਨਾ।*
*ਸਭ ਰਾਜੇ ਦੱਖਨ ਪਹਾੜ ਦੇ, ਆਏ ਕਰਨ ਸਲਾਮਾ।*
*ਪਰਵਾਨਾ ਵੇਖ ਕੇ ਮਿਲ ਸਿਤਾਬ, ਨਹੀ ਕਰ ਜੁੱਧ ਸਮਾਨਾ।*
*ਮੈਂ ਪਕੜਾਂਗਾ ਨਾਲ ਜ਼ੋਰ ਦੇ, ਕਰ ਫਤੇ ਦਮਾਮਾ।* (ਜੰਗ ਨਾਮਾ)

ਵਿਆਹ ਦੇ ਸਮੇਂ ਗੁਰੂ ਜੀ ਵੱਲੋਂ ਨੰਦ ਚੰਦ ਰਾਹੀਂ ਭੇਜਿਆ ਤੰਬੋਲ ਲੁੱਟਣ ਲਈ ਵਿਉਂਤ ਬਣਾ ਲਈ ਗਈ। ਗੁਰੂ ਜੀ ਦੇ ਸਿੱਖਾਂ ਨੂੰ ਪਤਾ ਲਗਣ ਕਰਕੇ ਬਚਾਅ ਹੋਇਆ, ਪਰ ਫੇਰ ਵੀ ਗੁਰੂ ਜੀ ਦੇ ਸਿੱਖਾਂ ਉੱਪਰ ਹਮਲਾ ਕਰ ਦਿੱਤਾ ਗਿਆ।

ਇਕ ਪਾਸੇ ਗੁਰੂ ਜੀ ਦੇ ਯੋਧੇ ਸਨ : ਬੀਬੀ ਵੀਰੋ (ਗੁਰੂ ਜੀ ਦੀ ਭੂਆ) ਦੇ ਪੰਜੇ ਪੁੱਤਰ (ਸੰਗੋ ਸ਼ਾਹ, ਜੀਤ ਮੱਲ, ਗੁਲਾਬ ਰਾਏ, ਗੰਗਾ ਰਾਮ, ਮਾਹਰੀ ਚੰਦ), ਗੁਰਦੇਵ ਦੇ ਮਾਮਾ ਕਿਰਪਾਲ ਚੰਦ, ਲਾਲ ਚੰਦ (ਬਿਧੀ ਚੰਦ ਦਾ ਪੁੱਤਰ ਤੇ ਦੀਵਾਨ ਨੰਦ ਚੰਦ, ਭਾਈ ਊਦਾ ਚੰਦਨ ਰਾਏ, ਪ੍ਰੋਹਤ ਦਇਆ ਰਾਮ, ਸਾਹਿਬ ਚੰਦ, ਸੰਗਤੀਆ, ਬੁੱਧੂ ਸ਼ਾਹ, ਕਾਲੇ ਖ਼ਾਂ। ਸਾਰੀ ਫ਼ੌਜ ਗੁਰੂ ਜੀ ਪਾਸ ਰਲ ਮਿਲ ਕੇ ਦੋ ਹਜ਼ਾਰ ਹੋ ਗਈ ਸੀ।

ਗੁਰੂ ਜੀ ਦੇ ਨਾਲ ਪੰਜ ਸੌ ਉਦਾਸੀ ਸਾਧ ਵੀ ਸਨ। ਲੜਾਈ ਦੀ ਖ਼ਬਰ ਸੁਣ ਕੇ ਉਹਨਾਂ ਵਿਚੋਂ ਚਾਰ ਸੌ ਨੜਿੰਨਵੇਂ ਰਾਤੋ ਰਾਤ ਨੱਸ ਗਏ। ਉਦਾਸੀਆਂ ਦਾ ਮਹੰਤ ਕ੍ਰਿਪਾਲ ਦਾਸ ਪਿੰਡ ਹੇਹਰਾਂ ਵਾਲਾ ਇਕੱਲਾ ਹੀ ਰਹਿ ਗਿਆ ਸੀ :

*ਤੌ ਗੁਰ ਐਸ ਕਹਗੈ ਮੁਸਕਾਇ ਕੈ, ਜੋ ਸਿਰ ਕਾਇਮ ਰਾਜਤ ਆਹੀ।*
*ਜਹਿ ਮਹੰਤ ਬਿਰਾਜਤ ਹੈ, ਤਹਿ ਚੇਲਨ ਕੀ ਪਰਵਾਹਿ ਸੁ ਨਾਹੀ।*

(ਗੁਰ ਬਿਲਾਸ ਪਾਤਸ਼ਾਹੀ ੧੦)

ਦੁਸ਼ਮਣ ਦਸ ਹਜ਼ਾਰ ਫ਼ੌਜ ਲੈ ਕੇ ਮਾਰੋ ਮਾਰ ਕਰਦਾ ਆ ਰਿਹਾ ਸੀ। ਸਭ ਤੋਂ ਅੱਗੇ ਰਾਜਾ ਫ਼ਤਹਿ ਸ਼ਾਹ ਤੇ ਚਾਰ ਸੌ ਪਠਾਣ ਸਨ। 'ਯਾ ਅਲੀ' ਦੇ ਨਾਹਰੇ ਲਾਉਂਦੇ ਪਠਾਣ ਅੰਨ੍ਹੇ-ਵਾਹ ਵਧੇ ਆ ਰਹੇ ਸਨ। ਉਹਨਾਂ ਦੇ ਕਦਮ ਤਾਂ ਰੁਕੇ, ਜਦੋਂ ਗੁਰੂ ਕੇ ਯੋਧਿਆਂ ਨੇ ਅੱਗੋਂ ਗੋਲੀਆਂ ਨਾਲ ਸਵਾਗਤ ਕੀਤਾ। ਗੁਰੂ ਜੀ ਪਾਸ ੨੦੦੦ ਸਿੱਖ ਸੂਰਮੇ ਇਕੱਠੇ ਹੋ ਗਏ ਸਨ।

## ਲੜਾਈ ਸ਼ੁਰੂ :

*ਭਏ ਅਸਵਾਰ ਸੰਗਰਾਮ ਕੋ ਆਪ ਹੀ, ਸਿੰਘ ਗੋਬਿੰਦ ਤਿਹ ਠਉਰ ਆਏ।*
*ਡੰਕ ਕੀ ਘੋਰ ਜੈਸ ਭਈ ਠਉਰ, ਤਹ ਬਜਤ ਨਿਸ਼ਾਨੇ ਮੁਹਰ ਸੁਹਾਏ।*

*ਆਨ ਕੈ ਖੇਤ ਪੈ ਦੇਖ ਚਤਰੰਗ ਸਬ, ਮੋਰਚੇ ਬਾਟਿ ਕੈ ਮਿਸਲ ਲਾਏ।*

*ਬਜੀ ਹੈ ਭੇਰ ਕਰਨਾਇ ਸੁਰਨਾਇ ਸਭ ਸੁਨੇ ਤੇ ਸੂਰ ਹੋਇ ਲਾਇ ਆਏ।*

ਇਸ ਤਰ੍ਹਾਂ ਗੁਰੂ ਜੀ ਤੇ ਸਿੱਖਾਂ ਨੇ ਅੱਗੋਂ ਤਿੰਨਾਂ ਪਾਸਿਆਂ ਤੋਂ ਤੀਰਾਂ ਤੇ ਗੋਲੀਆਂ ਦੀ ਝੜੀ ਲਾ ਦਿੱਤੀ। ਸਿੱਖ ਏਨੇ ਸ਼ਸਤਰ-ਅਭਿਆਸੀ ਸਨ ਕਿ ਕੋਈ ਵੀ ਵਾਰ ਖ਼ਾਲੀ ਨਹੀਂ ਸੀ ਜਾਂਦਾ।

ਥੋੜ੍ਹੇ ਚਿਰ ਵਿਚ ਹੀ ਪਠਾਣਾਂ ਨੂੰ ਪਿੱਛੇ ਹਟਦਿਆਂ ਵੇਖ ਕੇ ਦੁਸ਼ਮਣ ਦੀ ਫ਼ੌਜ ਪਹਿਲਾਂ ਹੀ ਪਿੜ ਛੱਡ ਕੇ ਨੱਸ ਉੱਠੀ, ਪਰ ਰਾਜਾ ਫ਼ਤਹਿ ਸ਼ਾਹ ਦੀ ਮਦਦ ਵਾਸਤੇ ਗੋਪਾਲ ਗੁਲੇਰੀਆ, ਹਰੀ ਚੰਦ ਹੰਡੂਰੀਆ ਤੇ ਭੀਮ ਚੰਦ ਕਹਿਲੂਰੀਆ ਆਦਿ ਕਈ ਰਾਜੇ ਅੱਗੇ ਆ ਗਏ। ਪਿੱਛੇ ਹਟ ਰਹੀ ਫ਼ੌਜ ਨੂੰ ਉਹਨਾਂ ਝਿੜਕ ਕੇ ਰੋਕਿਆ।

## ਹੱਯਾਤ ਖ਼ਾਂ ਤੇ ਕਿਰਪਾਲ ਦਾਸ ਉਦਾਸੀ ਦਾ ਯੁੱਧ

ਉਹ ਪਠਾਣਾਂ ਦੀ ਫ਼ੌਜ ਲੈ ਕੇ ਅੱਗੇ ਵਧਿਆ। ਉਹਦੇ ਟਾਕਰੇ 'ਤੇ ਕਿਰਪਾਲ ਦਾਸ ਉਦਾਸੀ ਮਹੰਤ ਆ ਗੱਜਿਆ। ਕਿਰਪਾਲ ਦਾਸ ਮਹੰਤ ਨੇ ਸਲੋਤਰ (ਸੋਟੇ) ਨਾਲ ਹੀ ਹੱਯਾਤ ਖ਼ਾਂ ਨੂੰ ਮਾਰ ਲਿਆ।

ਥਾਂ-ਥਾਂ ਯੋਧੇ ਮਰਨ ਮਾਰਨ ਦੀ ਧਾਰ ਕੇ ਆਹਮੋ-ਸਾਮ੍ਹਣੇ ਟਕਰਾ ਗਏ। ਜੀਤ ਮੱਲ ਤੇ ਹਰੀ ਚੰਦ ਦਾ ਸਾਮ੍ਹਣਾ ਹੋ ਗਿਆ। ਸਿੱਟੇ ਵਜੋਂ ਹਰੀ ਚੰਦ ਮੂਰਛਾ ਹੋ ਕੇ ਡਿੱਗ ਪਿਆ, ਪਰ ਜੀਤ ਮੱਲ ਸ਼ਹੀਦ ਹੋ ਗਿਆ।

ਭਰਾ ਨੂੰ ਸ਼ਹੀਦ ਹੋਇਆ ਵੇਖ ਕੇ ਸੰਗੋ ਸ਼ਾਹ ਅੱਗੇ ਵਧਿਆ। ਸੰਗੋ ਸ਼ਾਹ ਨੇ ਨਜਾਬਤ ਖ਼ਾਂ ਨੂੰ ਲਲਕਾਰਿਆ। ਗੁੱਸਾ ਖਾ ਕੇ ਪਠਾਣ ਸੰਗੋ ਸ਼ਾਹ ਦੇ ਸਾਮ੍ਹਣੇ ਆ ਡਟਿਆ। ਜੋੜ ਬਰਾਬਰ ਦਾ ਸੀ। ਦੋਵੇਂ ਯੋਧੇ ਲੜਦਿਆਂ ਲੜਦਿਆਂ ਦਾ ਅੰਤ ਐਸਾ ਸਾਂਝਾ ਵਾਰ ਚੱਲਿਆ ਕਿ ਦੋਵੇਂ ਸ਼ਹੀਦੀ ਪਾ ਗਏ।

*ਮਾਰ ਨਿਜਾਬਤ ਖਾਨ ਕੌ ਸੰਗੋ ਜੁਝੈ ਜੁਝਾਰ॥*

*ਹਾ ਹਾ ਇਹ ਲੋਕੈ ਭਯੋ, ਸੁਰਗ ਲੋਕ ਜੈਕਾਰ॥ ੨੩॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੬੧)

ਗੁਰੂ ਜੀ ਸੰਗੋ ਸ਼ਾਹ ਦੇ ਸ਼ਹੀਦ ਹੋ ਜਾਣ ਤੋਂ ਆਪ ਮੈਦਾਨ ਵਿਚ ਆ ਉਤਰੇ। ਗੁਰਦੇਵ ਦੇ ਟਾਕਰੇ ਉੱਤੇ ਭੀਖਣ ਖ਼ਾਂ ਆ ਡਟਿਆ। ਮਹਾਰਾਜ ਦਾ ਤੀਰ ਭੀਖਣ ਖ਼ਾਂ ਦੇ ਮੂੰਹ ਵਿਚਦੀ ਪਾਰ ਨਿਕਲ ਗਿਆ।

ਭੀਖਣ ਖ਼ਾਂ ਦੇ ਮਾਰੇ ਜਾਣ ਨਾਲ ਪਠਾਣਾਂ ਦੇ ਹੌਸਲੇ ਟੁੱਟ ਗਏ। ਜੋ ਚਾਰ ਪਠਾਣ ਜਰਨੈਲ ਗੁਰੂ ਜੀ ਵੱਲੋਂ ਬੇਮੁਖ ਹੋ ਕੇ ਗਏ ਸਨ, ਉਹਨਾਂ ਵਿਚੋਂ ਤਿੰਨ ਮਾਰੇ ਗਏ।

ਗੁਰੂ ਕੇ ਸਾਥੀ ਪਠਾਣ ਕਾਲੇ ਖ਼ਾਂ ਤੇ ਸੱਯਦ ਬੁੱਧੂ ਸ਼ਾਹ ਆਪਣੇ ਮੋਰਚੇ 'ਤੇ ਲੜ ਰਹੇ ਸਨ। ਗੁਪਾਲ ਨੇ ਉਸ ਮੋਰਚੇ ਉੱਤੇ ਹਮਲਾ ਕੀਤਾ। ਇਸ ਘਮਸਾਣ ਵਿਚ ਸੱਯਦ ਬੁੱਧੂ ਸ਼ਾਹ ਦਾ ਇਕ ਬਹਾਦਰ ਪੁੱਤਰ ਸ਼ਹੀਦ ਹੋ ਗਿਆ। ਉਸ ਦਾ ਬਦਲਾ ਲੈਣ ਵਾਸਤੇ ਬੁੱਧੂ ਸ਼ਾਹ ਤੇ ਉਸ ਦੇ ਮੁਰੀਦਾਂ ਨੇ ਉਹ ਤਲਵਾਰ ਵਾਹੀ ਕਿ ਰਾਜਾ ਗੁਪਾਲ ਚੰਦ ਨੂੰ ਪਿੜ ਛੱਡ ਕੇ ਨੱਸਣਾ ਪਿਆ। ਏਸੇ ਲੜਾਈ ਵਿਚ ਪੀਰ ਬੁੱਧੂ ਸ਼ਾਹ ਦਾ ਇਕ ਹੋਰ ਪੁੱਤਰ ਵੀ ਸ਼ਹੀਦ ਹੋ ਗਿਆ। ਕੁਝ ਮੁਰੀਦ ਵੀ ਸ਼ਹੀਦ ਹੋਏ।

ਰਾਜਾ ਹਰੀ ਚੰਦ ਹੰਡੂਰੀਆ ਭੀਮ ਚੰਦ ਤੇ ਫ਼ਤਹਿ ਸ਼ਾਹ ਦਾ ਲਲਕਾਰਿਆ ਹੋਇਆ, ਉਹ ਗੁਰੂ ਜੀ ਦੇ ਸਾਹਮਣੇ ਆ ਡਟਿਆ।

'ਬਚਿੱਤ੍ਰ ਨਾਟਕ' ਵਿਚ ਸਤਿਗੁਰੂ ਜੀ ਆਪ ਲਿਖਦੇ ਹਨ :

*ਹਰੀ ਚੰਦ ਕੋਪੇ ਕਮਾਣੰ ਸੰਭਾਰੰ॥ ਪ੍ਰਥਮ ਬਾਜੀਯੰ ਤਾਣ ਬਾਣੰ ਪ੍ਰਹਾਰੰ॥*
*ਦੁਤਿਯ ਤਾਕ ਕੈ ਤੀਰ ਮੋ ਕੌ ਚਲਾਯੰ॥ ਰਖਿਓ ਦਈਵ ਮੈ ਕਾਨ ਛ੍ਵੈ ਕੈ ਸਿਧਾਯੰ॥ ੨੯॥*
*ਤ੍ਰਿਤੀਯ ਬਾਣ ਮਾਰਯੋ ਸੁ ਪੇਟੀ ਮਝਾਰੰ॥ ਬਿਧਿਅੰ ਚਿਲਕਤੰ ਦੁਆਲ ਪਾਰੰ ਪਧਾਰੰ॥*
*ਚੁਭੀ ਚਿੰਚ ਚਰਮੰ ਕਛੂ ਘਾਇ ਨ ਆਯੰ॥ ਕਲੰ ਕੇਵਲੰ ਜਾਨ ਦਾਸੰ ਬਚਾਯੰ॥੩੦॥*

ਆਪ ਜੀ ਕਹਿੰਦੇ ਹਨ, ਹੇ ਅਕਾਲ ਪੁਰਖ ! ਆਪਣਾ ਦਾਸ ਜਾਣ ਕੇ ਤੁਸਾਂ ਸਾਡੀ ਰੱਖਿਆ ਕੀਤੀ ਹੈ।

ਫੱਟ ਲੱਗਣ ਨਾਲ ਗੁਰਦੇਵ ਆਪਣੀ ਪਵਿੱਤਰ ਬਾਣੀ ਵਿਚ ਫ਼ੁਰਮਾਉਂਦੇ ਹਨ :

*ਜਬੈ ਬਾਣ ਲਾਗਯੋ॥ ਤਬੈ ਰੋਸ ਜਾਗਯੋ॥*

ਰੋਸ ਵਿਚ ਆ ਕੇ ਗੁਰਦੇਵ ਦਾ ਛੱਡਿਆ ਬਾਣ ਹਰੀ ਚੰਦ ਦੀ ਛਾਤੀ ਵਿਚਦੀ ਨਿਕਲ ਗਿਆ।

ਤਾਂ ਫੇਰ ਵੈਰੀ ਪਿੜ ਛੱਡ ਕੇ ਨੱਸ ਗਏ। ਇਸ ਪਹਿਲੀ ਲੜਾਈ ਵਿਚ ਰਾਜਿਆਂ ਨੂੰ ਪੂਰੀ ਤਰ੍ਹਾਂ ਹਾਰ ਹੋਈ। ਸਿੱਖਾਂ ਨੇ ਫ਼ਤਹਿ ਦੇ ਵਾਜੇ ਵਜਾਏ।

*ਭਈ ਜੀਤ ਮੇਰੀ। ਕ੍ਰਿਪਾ ਕਾਲ ਕੇਰੀ।* (ਸ੍ਰੀ ਦਸਮ ਗ੍ਰੰਥ ਸਾਹਿਬ)

ਅੱਠਵੇਂ ਧਿਆਇ ਵਿਚ ਗੁਰਦੇਵ ਨੇ ਪਾਉਂਟਾ ਸਾਹਿਬ ਵਿਚ ਆਪਣੇ ਠਹਿਰਣ ਦਾ ਜ਼ਿਕਰ ਕੀਤਾ ਹੈ ਅਤੇ ਭੰਗਾਣੀ ਦੇ ਯੁੱਧ ਦੀ ਕਥਾ ਤੇ ਬੀਬੀ ਵੀਰੋ ਜੀ ਦੇ ਪੰਜਾਂ ਸਪੁੱਤਰਾਂ ਦੇ ਜੰਗ ਵਿਚ ਲੜਨ ਦਾ ਜ਼ਿਕਰ, ਫੇਰ ਅਖ਼ੀਰ 'ਤੇ ਜੰਗ ਜਿੱਤ ਕੇ ਅਨੰਦਪੁਰ ਸਾਹਿਬ ਠਹਿਰਣ ਦਾ ਪ੍ਰਸੰਗ ਹੈ।

*ਦੇਸ ਚਾਲ ਹਮ ਤੇ ਪੁਨਿ ਭਈ॥ ਸ਼ਹਿਰ ਪਾਵਟਾ ਕੀ ਸੁਧਿ ਲਈ॥*
*ਕਾਲਿੰਦ੍ਰੀ ਤਟਿ ਕਰੇ ਬਿਲਾਸਾ॥ ਅਨਿਕ ਭਾਂਤ ਕੇ ਪੇਖਿ ਤਮਾਸਾ॥ ੨॥*

*ਛਤੇਸ਼ਾਹ ਕੋਪਾ ਤਬਿ ਰਾਜਾ॥ ਲੋਹ ਪਰਾ ਹਮ ਸੌਂ ਬਿਨੁ ਕਾਜਾ॥ ੩॥*

*ਤਹਾਂ ਸ਼ਾਹ ਸ੍ਰੀ ਸ਼ਾਹ ਸੰਗ੍ਰਾਮ ਕੋਪੇ॥ ਪੰਚੋ ਬੀਰ ਬੰਕੇ ਪ੍ਰਿਥੀ ਪਾਇ ਰੋਪੇ॥*

*ਯਥਾ : ਕ੍ਰਿਪਾਲ ਕੋਪੀਯੰ ਕੁਤਕੋ ਸੰਭਾਰੀ॥ ਹਠੀ ਖਾਨ ਹਯਾਤ ਕੇ ਸੀਸ ਝਾਰੀ॥*

ਤਥਾ ਹੀ :—

*ਜੁੱਧ ਜੀਤ ਆਏ ਜਬੈ ਟਿਕੈ ਨ ਤਿਨ ਪੁਰ ਪਾਵ॥*

*ਕਹਿਲੂਰ ਮੈ ਬਾਂਧਿਯੋ ਆਨ ਅਨੰਦਪੁਰ ਗਾਵ॥ ੩੬॥*

ਇਸ ਅੱਠਵੇਂ ਧਿਆਇ ਦੀਆਂ ਕੁਲ ੩੮ ਪਉੜੀਆਂ ਹਨ।

(ਅੱਠਵਾਂ ਧਿਆਇ ਸੰਪੂਰਨ॥ ੩੨੦॥ )

ਨੌਵੇਂ ਧਿਆਇ ਅੰਦਰ ਨਦੌਣ ਦੇ ਯੁੱਧ ਦਾ ਜ਼ਿਕਰ ਹੈ। ਇਸ ਧਿਆਇ ਦੇ ਆਦਿ ਵਿਚ ਹੀ ਇਸ ਪ੍ਰਕਾਰ ਕਥਨ ਹੈ :

॥ ਅਥ ਨਦੌਣ ਕਾ ਜੁੱਧ ਬਰਨਨੰ॥

*ਅਲਫ ਖਾਨ ਨਾਦੌਣ ਪਠਾਵਾ॥ ਭੀਮ ਚੰਦ ਤਨ ਬੈਰ ਬਢਾਵਾ॥ ੧॥*

*ਤਥਾ : ਭੱਜਯੋ ਅਲਫ ਖਾਨੰ ਨ ਖਾਨਾ ਸੰਭਾਰਯੋ॥*

*ਭਜੇ ਔਰ ਬੀਰੰ ਨ ਧੀਰੰ ਬਿਚਾਰਯੋ॥*

## ਨਦੌਣ ਯੁੱਧ

ਭੀਮ ਚੰਦ ਨੇ ਆਪਣੇ ਸਾਥੀ ਰਾਜਿਆਂ ਸਮੇਤ ਨਦੌਣ ਦਾ ਮੈਦਾਨ ਜਾ ਮੱਲਿਆ। ਇਸ ਪਾਸੇ ਰਾਜਾ ਭੀਮ ਚੰਦ ਬਿਲਾਸਪੁਰ, ਰਾਜਾ ਪ੍ਰਿਥੀ ਚੰਦ ਡਢਵਾਲ, ਰਾਜਾ ਸੁਖਦੇਵ ਜਸਟੋਰੀਆ, ਰਾਜਾ ਰਾਮ ਸ਼ਰਨ ਹੰਡੂਰੀਆ, ਰਾਜਾ ਕੇਸਰੀ ਚੰਦ ਜਸਵਾਲੀਆ, ਰਾਜਾ ਰਾਮ ਸਿੰਘ, ਰਾਜਾ ਉਦੇ ਸਿੰਘ ਆਦਿ ਸਨ। ਦੂਸਰੇ ਪਾਸੇ ਅਲਫ਼ ਖ਼ਾਂ ਤੇ ਉਹਦੇ ਸਾਥੀ ਦੋਵੇਂ ਰਾਜੇ ਕਿਰਪਾਲ ਚੰਦ ਤੇ ਦਿਆਲ ਚੰਦ ਸਨ। ਦਿਨ ਚੜ੍ਹਦੇ ਸਾਰ ਹੀ ਲੜਾਈ ਸ਼ੁਰੂ ਹੋ ਗਈ ਸੀ। ਪੈਂਦੇ ਹੱਲੇ ਸ਼ਾਹੀ ਫ਼ੌਜ ਨੇ ਭੀਮ ਚੰਦ ਦੀ ਫ਼ੌਜ ਦਾ ਬਹੁਤ ਨੁਕਸਾਨ ਕੀਤਾ। ਸੂਰਜ ਪ੍ਰਕਾਸ਼ ਅਨੁਸਾਰ ਓਸੇ ਵੇਲੇ ਗੁਰੂ ਜੀ ਆਪਣੇ 500 ਯੋਧਿਆਂ ਸਮੇਤ ਪਹੁੰਚ ਗਏ। ਹਜ਼ੂਰ ਦੇ ਸ਼ਾਮਲ ਹੋ ਜਾਣ ਨਾਲ ਜੰਗ ਦਾ ਪਾਸਾ ਪਲਟ ਗਿਆ। ਐਨ ਏਸ ਵੇਲੇ ਰਾਜਾ ਦਿਆਲ ਚੰਦ ਗ਼ੁੱਸਾ ਖਾ ਕੇ ਗੁਰੂ ਜੀ ਦੇ ਸਾਮ੍ਹਣੇ ਆ ਡਟਿਆ। ਉਹਨੇ ਅੱਗ ਭਬੂਕਾ ਹੋ ਕੇ ਗੁਰੂ ਜੀ 'ਤੇ ਵਾਰ ਕਰਨੇ ਸ਼ੁਰੂ ਕਰ ਦਿੱਤੇ। ਉਹਦੇ ਸਾਰੇ ਵਾਰ ਖ਼ਾਲੀ ਗਏ। ਫਿਰ ਗੁਰਦੇਵ ਨੇ ਗੋਲੀ ਚਲਾਈ, ਜੋ ਰਾਜਾ ਦਿਆਲ ਚੰਦ ਦੀ ਛਾਤੀ ਵਿਚ ਲੱਗੀ ਤੇ ਉਹ ਫੱਟ ਖਾ ਕੇ ਡਿੱਗ ਪਿਆ।

ਦਿਆਲ ਚੰਦ ਘਾਇਲ ਹੋਇਆ ਸੀ, ਮਰਿਆ ਨਹੀਂ, ਪਰ ਉਹ ਲੜਨ ਜੋਗਾ ਨਹੀਂ

ਸੀ ਰਿਹਾ। ਬਚਿੱਤ੍ਰ ਨਾਟਕ ਅੰਦਰ ਹਜ਼ੂਰ ਨੇ ਇਸ ਜੰਗ ਦੀ ਸਾਰੀ ਕਥਾ ਲਿਖੀ ਹੈ। ਅਲਫ਼ ਖ਼ਾਂ ਹਾਰ ਖਾ ਕੇ ਭੱਜ ਗਿਆ ਅਤੇ ਬਾਕੀ ਦੁਸ਼ਮਣ ਦੀ ਫ਼ੌਜ ਪਿੜ ਵਿਚੋਂ ਨੱਸ ਕੇ ਦਰਿਆ ਬਿਆਸ ਤੋਂ ਪਾਰ ਜਾ ਬੈਠੀ।

*ਭਜਯੋ ਅਲਫ ਖਾਨੰ, ਨ ਖਾਨਾ ਸੰਭਾਰਿਯੋ॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਰਾਤ ਦੇ ਹਨ੍ਹੇਰੇ ਵਿਚ ਉਹ ਉਥੋਂ ਚੁੱਪ-ਚਾਪ ਨੱਸ ਗਈ। ਇਹ ਨਦੌਣ ਜੰਗ ਸੰਨ ੧੬੯੦ ਵਿਚ ਹੋਇਆ।

ਕਹਿਲੂਰ ਪਤੀ ਭੀਮ ਚੰਦ ਨੂੰ ਅਜੇ ਵੀ ਦੁਸ਼ਮਣ ਦਾ ਡਰ ਲੱਗਾ ਹੋਇਆ ਸੀ। ਉਹਨੇ ਅੱਠ ਦਿਨ ਗੁਰੂ ਮਹਾਰਾਜ ਨੂੰ ਕੋਲ ਰੱਖਿਆ ਤੇ ਮਹਾਰਾਜ ਦੀ ਬਹੁਤ ਸੇਵਾ ਕੀਤੀ।

ਭੀਮ ਚੰਦ, ਕਿਰਪਾਲ ਚੰਦ ਵੱਲੋਂ ਨਿਰਭੈ ਨਹੀਂ ਸੀ ਹੋਇਆ। ਉਹਨੇ ਅੰਦਰ-ਖਾਤੇ ਕਿਰਪਾਲ ਚੰਦ ਨਾਲ ਸੁਲ੍ਹਾ ਕਰ ਲਈ। ਭੀਮ ਚੰਦ ਦੀ ਖੋਟੀ ਚਾਲ ਦਾ ਪਤਾ ਲੱਗਣ ਉੱਤੇ ਗੁਰੂ ਜੀ ਭੀਮ ਚੰਦ ਦਾ ਸਾਥ ਛੱਡ ਕੇ ਵਾਪਸ ਤੁਰ ਪਏ ਸਨ।

ਇਸ ਧਿਆਇ ਦੀਆਂ ਕੁਲ ੨੪ ਪਉੜੀਆਂ ਹਨ।

(ਨੌਵਾਂ ਧਿਆਇ ਸੰਪੂਰਨ॥ ੩੪॥)

ਸੂਰਜ ਪ੍ਰਕਾਸ਼ ਅਨੁਸਾਰ, ਬਾਈਧਾਰ ਦੇ ਰਾਜਿਆਂ ਤੋਂ ਖ਼ਰਾਜ ਵਸੂਲ ਕਰਨ ਵਾਸਤੇ ਮੀਆਂ ਖ਼ਾਂ ਨੇ ਅਲਫ਼ ਖ਼ਾਂ ਦੇ ਨਾਲ ਦਿੱਲੀ ਤੋਂ ਇਕ ਹੋਰ ਕਾਂਗੜੇ ਦੇ ਫ਼ੌਜਦਾਰ ਦਿਲਾਵਰ ਖ਼ਾਂ ਨੂੰ ਵੀ ਭੇਜਿਆ ਸੀ :

*ਹੁਤੋ ਦਿਲਾਵਰ ਖਾਨ ਪਠਾਨ। ਪੰਜ ਹਜਾਰੀ ਮਨਸਬਵਾਨ॥* (ਸੂਰਜ ਪ੍ਰਕਾਸ਼)

ਅਲਫ਼ ਖ਼ਾਂ ਦੀ ਹਾਰ ਦੀ ਖ਼ਬਰ ਇਸ ਨੇ ਸੁਣੀ ਤਾਂ ਦਿਲਾਵਰ ਖ਼ਾਂ ਨੂੰ ਬਹੁਤ ਗ਼ੁੱਸਾ ਆਇਆ। ਉਸ ਵੇਲੇ ਉਹਨੇ ਇਕ ਹਜ਼ਾਰ ਫ਼ੌਜ ਦੇ ਕੇ ਆਪਣੇ ਪੁੱਤਰ ਰੁਸਤਮ ਖ਼ਾਂ ਨੂੰ ਅਨੰਦਪੁਰ 'ਤੇ ਚੜ੍ਹਾ ਭੇਜਿਆ। ਰੁਸਤਮ ਖ਼ਾਂ ਨੇ ਅਨੰਦਪੁਰ ਦੇ ਸਾਹਮਣੇ ਦਰਿਆ ਦੇ ਦੂਸਰੇ ਕਿਨਾਰੇ 'ਤੇ ਆ ਡੇਰਾ ਲਾਇਆ। ਜਿਸ ਸਮੇਂ ਉਹ ਆਇਆ ਸੀ, ਉਸ ਵੇਲੇ ਥੋੜੀ ਜਿਹੀ ਰਾਤ ਬੀਤੀ ਸੀ। ਗੁਰੂ ਜੀ ਨੇ ਓਸੇ ਵੇਲੇ ਸਿੱਖ ਸੂਰਮਿਆਂ ਨੂੰ ਵੈਰੀ ਦੇ ਟਾਕਰੇ ਦਾ ਹੁਕਮ ਦੇ ਦਿੱਤਾ। ਗੁਰੂ ਕੇ ਯੋਧੇ ਸਿੱਖ ਸੂਰਮੇ ਜੈਕਾਰੇ ਛੱਡਦੇ ਤੇ ਗੋਲੀਆਂ ਚਲਾਉਂਦੇ ਦਰਿਆ ਵੱਲ ਵਧੇ। ਬੰਦੂਕਾਂ ਦੀ ਆਵਾਜ਼ ਤੇ ਸੂਰਮਿਆਂ ਦੀ ਸਿੰਘ-ਗਰਜਨਾ ਸੁਣ ਕੇ ਦੁਸ਼ਮਣ ਬਿਨਾਂ ਗੋਲੀ ਚਲਾਏ ਹੀ ਹਿਰਨਾਂ ਦੀ ਤਰ੍ਹਾਂ ਨੱਸ ਗਏ, ਜਿਸ ਦਾ ਜ਼ਿਕਰ ਕਲਗੀਧਰ ਜੀ ਨੇ ਆਪ ਕੀਤਾ ਹੈ :

*ਨਿਲਜ ਖਾਨ ਭਜਿਯੋ। ਕਿਨੀ ਨ ਸ਼ਸਤ੍ਰ ਸਜਿਯੋ।* (ਸ੍ਰੀ ਦਸਮ ਗ੍ਰੰਥ)

ਰਾਹ ਵਿਚ ਵਾਪਸ ਮੁੜਦਿਆਂ ਰੁਸਤਮ ਖ਼ਾਂ ਦੀ ਫ਼ੌਜ 'ਭਲਾਨ' ਆਦਿ ਪਿੰਡਾਂ ਨੂੰ ਲੁੱਟਦੀ

ਉਜਾੜਦੀ ਵਾਪਸ ਲਾਹੌਰ ਜਾ ਵੜੀ।

ਇਸ ਦਸਵੇਂ ਧਿਆਇ ਅੰਦਰ ਦਿਲਾਵਰ ਖ਼ਾਂ ਦੇ ਪੁੱਤਰ ਰੁਸਤਮ ਖ਼ਾਂ ਦੇ ਚੜ੍ਹ ਕੇ ਆਵਣ ਦਾ ਤੇ ਕਾਇਰ ਬਣ ਕੇ ਵਾਪਸ ਜਾਣ ਦਾ ਜ਼ਿਕਰ ਹੈ :

*ਤਬ ਲੌ ਖਾਨ ਦਿਲਾਵਰ ਆਏ॥ ਪੂਤ ਅਪਨ ਹਮ ਓਰ ਪਠਾਏ॥*

ਯਥਾ :—

*ਇਤੇ ਬੀਰ ਗੱਜੇ ਭਏ ਨਾਦ ਭਾਰੇ॥ ਭਜੇ ਖਾਨ ਖੂਨੀ ਬਿਨਾ ਸ਼ਸਤ੍ਰ ਝਾਰੇ॥ ੬॥*

*ਨਿਲੱਜ ਖਾਨ ਭੱਜਿਯੋ॥ ਕਿਨੀ ਨ ਸਸਤ੍ਰ ਸੱਜਿਯੋ॥*

*ਸੁ ਤਯਾਗ ਖੇਤ ਕੌ ਚਲੇ॥ ਸੁ ਬੀਰ ਬੀਰਹਾ ਭਲੇ॥ ੭॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੬੫)

ਇਸ ਧਿਆਇ ਦੀਆਂ ਕੁਲ ੧੦ ਪਉੜੀਆਂ ਹਨ।

(ਦਸਵਾਂ ਧਿਆਇ ਸੰਪੂਰਨ॥ ੩੫੪॥ )

## ਹੁਸੈਨ ਖ਼ਾਂ ਵਲੋਂ ਚੜ੍ਹਾਈ—

ਪੁੱਤਰ ਰੁਸਤਮ ਖ਼ਾਂ ਦੀ ਹਾਰ ਤੋਂ ਦਿਲਾਵਰ ਖ਼ਾਂ ਨੂੰ ਬਹੁਤ ਗ਼ੁੱਸਾ ਚੜ੍ਹਿਆ। ਉਹਨੇ ਦੋ ਹਜ਼ਾਰ ਫ਼ੌਜ ਦੇ ਕੇ ਆਪਣੇ ਪਾਲੇ ਹੋਏ ਗ਼ੁਲਾਮ ਹੁਸੈਨ ਖ਼ਾਂ ਨੂੰ ਸੰਨ ੧੬੯੩ ਵਿਚ ਰਵਾਨਾ ਕੀਤਾ। ਕਿਰਪਾਲ ਚੰਦ ਤੇ ਭੀਮ ਚੰਦ ਡਰਦੇ ਹੁਸੈਨ ਖ਼ਾਂ ਨਾਲ ਜਾ ਮਿਲੇ। ਸਾਰਿਆਂ ਰਲ ਕੇ ਰਾਜਾ ਗੋਪਾਲ ਚੰਦ ਉੱਤੇ ਹਮਲਾ ਕਰ ਦਿੱਤਾ।

ਰਾਜਾ ਗੋਪਾਲ ਚੰਦ ਨੇ ਗੁਰੂ ਮਹਾਰਾਜ ਦੀ ਮਦਦ ਹਾਸਲ ਕਰ ਲਈ। ਗੁਰੂ ਜੀ ਵੱਲੋਂ ਰਾਜਾ ਗੋਪਾਲ ਚੰਦ ਦੀ ਮਦਦ ਵਾਸਤੇ ਭਾਈ ਸੰਗਤੀਆ ਤੇ ਸੱਤ ਹੋਰ ਸਿੱਖ ਪੁੱਜ ਗਏ ਸਨ। ਸਾਰਾ ਦਿਨ ਘਮਸਾਨ ਦਾ ਯੁੱਧ ਹੁੰਦਾ ਰਿਹਾ। ਹੁਸੈਨ ਖ਼ਾਂ ਤੇ ਉਹਦੇ ਅਫ਼ਸਰ ਹਿੰਮਤ ਸਿੰਘ ਤੇ ਕਿੰਮਤ ਮਾਰੇ ਗਏ। ਰਾਜਾ ਕਿਰਪਾਲ ਚੰਦ ਕਟੋਚੀਆ ਤੇ ਉਹਦਾ ਅਫ਼ਸਰ ਕਿਰਪਾ ਰਾਮ ਵੀ ਮਾਰੇ ਗਏ। ਗੁਰੂ ਕਾ ਯੋਧਾ ਭਾਈ ਸੰਗਤੀਆ ਸੱਤਾਂ ਅਸਵਾਰ ਸਿੱਖਾਂ ਸਮੇਤ ਸ਼ਹੀਦ ਹੋ ਗਿਆ। ਰਾਜਾ ਗੋਪਾਲ ਚੰਦ ਦੇ ਕੁੱਲ ਦੋ ਸੌ ਆਦਮੀ ਲੜਾਈ ਵਿਚ ਮਾਰੇ ਗਏ। ਰਾਜਾ ਭੀਮ ਚੰਦ ਬਚੇ ਸਾਥੀਆਂ ਸਮੇਤ ਮੈਦਾਨ ਛੱਡ ਕੇ ਨੱਸ ਗਿਆ।

ਹੁਣ ਲੜਾਈ ਤੋਂ ਵਿਹਲਾ ਹੋ ਕੇ ਰਾਜਾ ਗੋਪਾਲ ਚੰਦ ਗੁਲੇਰੀਆ ਗੁਰੂ ਜੀ ਦੀ ਸ਼ਰਨ ਆਇਆ ਤੇ ਧੰਨਵਾਦ ਸਹਿਤ ਨਜ਼ਰਾਨਾ ਪੇਸ਼ ਕੀਤਾ।

ਇਸ ਗਿਆਰ੍ਹਵੇਂ ਧਿਆਇ ਵਿਚ ਹੁਸੈਨ ਖ਼ਾਂ ਤੇ ਗੁਪਾਲ ਚੰਦ ਰਾਜੇ ਦੇ ਯੁੱਧ ਦਾ ਜ਼ਿਕਰ ਹਜ਼ੂਰ ਨੇ ਕੀਤਾ ਹੈ ਅਤੇ ਰਾਜਾ ਗੁਪਾਲ ਚੰਦ ਦੀ ਮਦਦ ਵਾਸਤੇ ਭਾਈ ਸੰਗਤੀਆ ਜੀ ਗੁਰਦੇਵ

ਤਰਫੋਂ ਗਏ ਸਨ।

*ਤਹਾ ਠੋਕ ਬਾਹਾਂ ਹੁਸੈਨੀ ਗਰੱਜਿਯੰ॥ ਸਭੈ ਸੂਰ ਲੈ ਕੈ ਸਿਲਾ ਸਾਜ ਸੱਜਿਯੰ॥ ੧॥*

*ਯਥਾ: ਜਿੰਘ ਸੰਗਤੀਯਾ ਤਹਾ ਪਠਾਏ॥ ਗੋਪਾਲੈ ਸੁ ਧਰਮੁ ਦੇ ਲਜਾਏ॥ ੧੩॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੬੬)

*ਸਹੇ ਬਾਨ ਸੂਰੰ ਸਭੈ ਆਣ ਢੂਕੈ॥ ਚਹੂੰ ਓਰ ਤੇ ਮਾਰ ਹੀ ਮਾਰ ਕੂਕੈ॥*

*ਭਲੀ ਭਾਂਤ ਸੌ ਅਸਤ੍ਰ ਅਉ ਸ਼ਸਤ੍ਰ ਝਾਰੇ॥ ਗਿਰੇ ਭਿਸਤ ਕੋ ਖਾਂ ਹੁਸੈਨੀ ਸਿਧਾਰੇ॥੫੨॥*

ਇਸ ਧਿਆਇ ਦੀਆਂ ਕੁਲ ੬੯ ਪਉੜੀਆਂ ਹਨ।

(ਧਿਆਇ ਗਿਆਰ੍ਹਵਾਂ ਸੰਪੂਰਨ॥ ੪੨੩॥)

ਗ਼ੁਲਾਮ ਹੁਸੈਨ ਖ਼ਾਂ ਦੇ ਮਾਰੇ ਜਾਣ ਪਿੱਛੋਂ ਦਿਲਾਵਰ ਖ਼ਾਂ ਨੇ ਇਕ ਰਾਜਪੂਤ ਜੁਝਾਰ ਸਿੰਘ ਨੂੰ ਫ਼ੌਜ ਦੇ ਕੇ ਚੜ੍ਹਾ ਭੇਜਿਆ। ਜੁਝਾਰ ਸਿੰਘ ਨੇ ਆਉਂਦਿਆਂ 'ਬਲਾਨ' ਪਿੰਡ ਉੱਤੇ ਕਬਜ਼ਾ ਕਰ ਲਿਆ। ਕਬਜ਼ੇ ਦੀ ਖ਼ਬਰ ਜਿਸ ਵੇਲੇ ਗਜ ਸਿੰਘ ਜਸਵਾਲੀਏ ਨੂੰ ਮਿਲੀ ਤਾਂ ਉਹਨੇ ਅਚਨਚੇਤ ਹਮਲਾ ਕਰਕੇ ਜੁਝਾਰ ਸਿੰਘ ਨੂੰ ਭਲਾਨ ਵਿਚੋਂ ਮਾਰ ਭਜਾਇਆ। ਚੰਦਨ ਰਾਇ ਚੰਦੇਲੀਆ, ਗਜ ਸਿੰਘ ਨਾਲ ਨਰਾਜ਼ ਸੀ। ਸੋ ਚੰਦਨ ਰਾਇ ਫ਼ੌਜ ਲੈ ਕੇ ਜੁਝਾਰ ਸਿੰਘ ਦੀ ਮਦਦ 'ਤੇ ਆ ਗਿਆ। ਬੜੀ ਘਮਸਾਨ ਦੀ ਲੜਾਈ ਹੋਈ। ਜੁਝਾਰ ਸਿੰਘ ਤੇ ਚੰਦਨ ਰਾਇ ਦੋਵੇਂ ਮੈਦਾਨ ਵਿਚ ਮਾਰੇ ਗਏ ਸਨ, ਨਖਸਮੀ ਫ਼ੌਜ ਵਾਪਸ ਲਾਹੌਰ ਨੂੰ ਮੁੜ ਗਈ।

ਇਹ ਜੋ ਪਿੱਛੇ ਜ਼ਿਕਰ ਕੀਤਾ ਹੈ, ਅਲਫ਼ ਖ਼ਾਂ ਤੇ ਹੁਸੈਨ ਖ਼ਾਂ ਰਾਜਪੂਤ ਜੁਝਾਰ ਸਿੰਘ ਦੀਆਂ ਮੁਹਿੰਮਾਂ ਦਾ, ਉਹ ਪੂਰੀ ਤਰ੍ਹਾਂ ਨਾਕਾਮ ਰਹੀਆਂ। ਇਹ ਹਾਰ ਦੀਆਂ ਖ਼ਬਰਾਂ ਦੱਖਣ ਵਿਚ ਔਰੰਗਜ਼ੇਬ ਨੂੰ ਪੁੱਜੀਆਂ।

ਇਸ ਬਾਰ੍ਹਵੇਂ ਧਿਆਇ ਅੰਦਰ ਜੁਝਾਰ ਸਿੰਘ ਰਾਜਪੂਤ ਦਾ ਗਜ ਸਿੰਘ ਦੇ ਹੱਥੋਂ ਮਾਰੇ ਜਾਣ ਦਾ ਜ਼ਿਕਰ ਹੈ :

*ਉਤੈ ਪਠਿਓ ਉਨ ਸਿੰਘ ਜੁਝਾਰਾ॥ ਤਿੰਹ ਭਲਾਨ ਤੇ ਖੇਦ ਨਿਕਾਰਾ॥*

*ਇਤ ਗਜ ਸਿੰਘ ਪੰਮਾ ਦਲ ਜੋਰਾ॥ ਧਾਇ ਪਰੇ ਤਿਨ ਊਪਰ ਭੋਰਾ॥੨॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਇਸ ਧਿਆਇ ਦੀਆਂ ਕੁਲ ੧੨ ਪਉੜੀਆਂ ਹਨ।

(ਬਾਰ੍ਹਵਾਂ ਧਿਆਇ ਸੰਪੂਰਨ॥ ੪੩੫॥ )

## ਸ਼ਹਿਜ਼ਾਦਾ ਮੁਅੱਜ਼ਮ—

ਔਰੰਗਜ਼ੇਬ ਬਹੁਤ ਗ਼ੁੱਸੇ ਵਿਚ ਆਇਆ। ਉਹਨੇ ਆਪਣੇ ਸ਼ਹਿਜ਼ਾਦੇ ਮੁਅੱਜ਼ਮ ਨੂੰ ਬੜਾ

ਸਖ਼ਤ ਹੁਕਮ ਦੇ ਕੇ ਪੰਜਾਬ ਦੇ ਹਾਲਾਤ ਸੁਧਾਰਨ ਵਾਸਤੇ ਭੇਜਿਆ। ਏਹੀ ਸ਼ਹਿਜ਼ਾਦਾ ਮੁਅੱਜ਼ਮ ਪਿੱਛੋਂ ਬਾਦਸ਼ਾਹ ਬਹਾਦਰ ਸ਼ਾਹ ਬਣਿਆ। ਸ਼ਹਿਜ਼ਾਦਾ ਸੰਨ ੧੬੯੬ ਵਿਚ ਪੰਜਾਬ ਆਇਆ। ਭਾਈ ਨੰਦ ਲਾਲ (ਗੋਯਾ) ਉਸ ਵੇਲੇ ਸ਼ਹਿਜ਼ਾਦੇ ਦੇ ਨਾਲ ਸੀ। ਉਹਦੀ ਪਦਵੀ ਮੀਰ ਮੁਨਸ਼ੀ ਦੀ ਸੀ। ਸ਼ਹਿਜ਼ਾਦਾ, ਨੰਦ ਲਾਲ ਦੀ ਬਹੁਤ ਮੰਨਦਾ ਸੀ। ਭਾਈ ਨੰਦ ਲਾਲ ਗੁਰੂ ਜੀ ਦਾ ਸ਼ਰਧਾਲੂ ਸੀ। ਸ਼ਹਿਜ਼ਾਦੇ ਨੂੰ ਭਾਈ ਨੰਦ ਲਾਲ ਨੇ ਸਮਝਾਇਆ ਕਿ ਸਾਨੂੰ ਮਹਾਰਾਜ ਨਾਲ ਮਿਲਾਪ ਰੱਖਣਾ ਚਾਹੀਦਾ ਹੈ।

ਭਾਈ ਨੰਦ ਲਾਲ ਦੀ ਗੱਲ ਸ਼ਹਿਜ਼ਾਦੇ ਦੇ ਦਿਲ ਨੂੰ ਲੱਗੀ। ਸ਼ਹਿਜ਼ਾਦੇ ਨੇ ਨੰਦ ਲਾਲ ਦੀ ਰਾਏ ਉੱਤੇ ਪੂਰਾ ਅਮਲ ਕੀਤਾ।

## ਮਿਰਜ਼ਾ ਬੇਗ—

ਬਾਦਸ਼ਾਹ ਦਾ ਹੁਕਮ ਮੰਨ ਕੇ ਸ਼ਹਿਜ਼ਾਦਾ ਮੁਅੱਜ਼ਮ ਪਹਿਲਾਂ ਸਿੱਧਾ ਲਾਹੌਰ ਆਇਆ। ਉਸ ਨੇ ਇਕ ਸਖ਼ਤ ਮੁਗ਼ਲ ਮਿਰਜ਼ਾ ਬੇਗ ਅਫ਼ਸਰ ਨੂੰ ਪਹਾੜੀ ਰਾਜਿਆਂ ਨੂੰ ਸੋਧਣ ਵਾਸਤੇ ਭੇਜਿਆ। ਉਸ ਨੂੰ ਉਚੇਚਾ ਹੁਕਮ ਦਿੱਤਾ ਗਿਆ ਕਿ ਪਹਾੜੀ ਰਾਜਿਆਂ ਨੂੰ ਬੜੀ ਸਖ਼ਤ ਸਜ਼ਾ ਦਿੱਤੀ ਜਾਵੇ, ਪਰ ਗੁਰੂ ਮਹਾਰਾਜ ਨੂੰ ਬਿਲਕੁਲ ਕੁਝ ਨਹੀਂ ਕਹਿਣਾ। ਏਹੀ ਕਾਰਨ ਸੀ ਕਿ ਮਿਰਜ਼ਾ ਬੇਗ ਅਨੰਦਪੁਰ ਦੇ ਨੇੜੇ ਨਹੀਂ ਢੁੱਕਿਆ।

ਇਧਰ ਮਿਰਜ਼ਾ ਬੇਗ ਨੇ ਚੋਖੀ ਫ਼ੌਜ ਲੈ ਕੇ ਪਹਾੜੀ ਰਾਜਿਆਂ ਉੱਤੇ ਹਮਲਾ ਕੀਤਾ। ਉਹਨੇ ਇਕੱਲੇ ਇਕੱਲੇ ਰਾਜੇ ਨੂੰ ਮੈਦਾਨ ਵਿਚ ਹਾਰ ਦਿੱਤੀ।

ਪਹਾੜੀ ਬਾਈਧਾਰ ਦੇ ਰਾਜਿਆਂ ਤੋਂ ਖ਼ਰਾਜ ਵਸੂਲ ਕਰਕੇ ਮਿਰਜ਼ਾ ਬੇਗ ਵਾਪਸ ਲਾਹੌਰ ਚਲਾ ਗਿਆ। ਇਸ ਸਮੇਂ ਅਨੰਦਪੁਰ ਵਿਚ ਬਿਲਕੁਲ ਅਮਨ ਰਿਹਾ।

ਇਸ ਤੇਰ੍ਹਵੇਂ ਧਿਆਇ ਅੰਦਰ ਔਰੰਗਜ਼ੇਬ ਵੱਲੋਂ ਆਪਣੇ ਸ਼ਹਿਜ਼ਾਦੇ ਨੂੰ ਭੇਜਣ ਦਾ ਜ਼ਿਕਰ ਤੇ ਮਿਰਜ਼ਾ ਬੇਗ ਦਾ ਜ਼ਿਕਰ ਹੈ :

*ਤਬ ਅਉਰੰਗ ਮਨ ਮਾਹਿ ਰਿਸਾਵਾ॥ ਮੱਦ੍ਰ ਦੇਸ ਕੋ ਪੂਤ ਪਠਾਵਾ॥ ੧॥*

*ਯਥਾ : ਮਿਰਜ਼ਾ ਬੇਗ ਹੁਤੋ ਤਿਹ ਨਾਮੰ॥ ਜਿਨ ਢਾਹੇ ਬਿਮੁਖਨ ਕੇ ਧਾਮੰ॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੭੨)

*ਬਾਬੇ ਕੇ ਬਾਬਰ ਕੇ ਦੋਊ॥ ਆਪ ਕਰੇ ਪਰਮੇਸਰ ਸੋਊ॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਤਥਾ ਹੀ :—

*ਜਿਸਨੋ ਸਾਜਨ ਰਾਖਸੀ ਦੁਸ਼ਮਨ ਕਵਨ ਬਿਚਾਰ॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਇਤਿਆਦਿ ਸ਼ਬਦ ਵੀ ਇਸ ਧਿਆਇ ਅੰਦਰ ਅੰਕਿਤ ਹਨ।

ਇਸ ਧਿਆਇ ਦੀਆਂ ਕੁਲ ੨੫ ਪਉੜੀਆਂ ਹਨ।

(ਤੇਰ੍ਹਵਾਂ ਧਿਆਇ ਸੰਪੂਰਨ॥ ੪੬੦॥ )

ਬਚਿੱਤ੍ਰ ਨਾਟਕ ਦੇ ਚੌਦਵੇਂ ਧਿਆਇ ਵਿਚ ਗੁਰਦੇਵ ਜੀ ਨੇ ਪਿਛਲੇ ਜੰਗਾਂ ਯੁੱਧਾਂ, ਜਿਨ੍ਹਾਂ ਦਾ ਜ਼ਿਕਰ ਅੱਠਵੇਂ ਧਿਆਇ ਤੋਂ ਲੈ ਕੇ ਇਥੋਂ ਤੱਕ ਕੀਤਾ ਹੈ, ਉਸ ਸਮੇਂ ਉਸ ਪਰੀਪੂਰਨ ਪ੍ਰਮਾਤਮਾ ਨੇ ਜਿਸ ਤਰ੍ਹਾਂ ਸਹਾਇਤਾ ਕੀਤੀ ਹੈ, ਉਸ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ :

*ਦਾਸ ਜਾਨ ਮੁਰਿ ਕਰੀ ਸਹਾਇ॥ ਆਪ ਹਾਥ ਦੈ ਲਯੋ ਬਚਾਇ॥੨॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਇਸ ਉਪਰੰਤ ਹਜ਼ੂਰ ਕਥਨ ਕਰਦੇ ਹਨ ਕਿ ਮੇਰਾ ਪ੍ਰਭੂ ਕਿਰਪਾ ਕਰਕੇ ਅੱਗੇ ਸਾਨੂੰ ਲਿਖਣ ਲਈ ਪ੍ਰੇਰੇਗਾ, ਦਾਸ ਮੈਂ ਉਸੇ ਤਰ੍ਹਾਂ ਬਾਣੀ ਉਚਾਰਨ ਕਰਾਂਗਾ। :

*ਜੋ ਪ੍ਰਭ ਕਿਰਪਾ ਕਟਾਛ ਦਿਖੈ ਹੈ॥ ਸੋ ਤਵ ਦਾਸ ਉਚਾਰਤ ਜੈਹੈ॥*
*ਜਿਹ ਜਿਹ ਬਿਧ ਮੋ ਲਖੇ ਤਮਾਸਾ॥ ਚਾਹਤ ਤਿਨਕੋ ਕੀਯੋ ਪ੍ਰਕਾਸ਼ਾ॥*
*ਜੋ ਜੋ ਜਨਮ ਪੂਰਬਲੋ ਭਯੋ॥ ਸੋ ਸੋ ਸਭ ਸਿਮਰਨ ਕਰ ਦਯੋ॥ ੭॥*

(ਸ੍ਰੀ ਦਸਮ ਗ੍ਰੰਥ ਸਾਹਿਬ)

(ਅਥਵਾ)

*ਜਿਹ ਜਿਹ ਬਿਧ ਜਨਮਨ ਸੁਧਿ ਆਈ॥ ਤਿਮ ਤਿਮ ਕਹੇ ਗਰੰਥ ਬਨਾਈ॥*
*ਪ੍ਰਥਮੇ ਸਤਿਜੁਗ ਜਿਹ ਬਿਧ ਲਹਾ॥ ਪ੍ਰਥਮੇ ਦੇਬਿ ਚਰਿਤ੍ਰ ਕੋ ਕਹਾ॥ ੧੦॥*

(ਸ੍ਰੀ ਦਸਮ ਗ੍ਰੰਥ ਸਾਹਿਬ)

*ਪਹਿਲੇ ਚੰਡੀ ਚਰਿਤ੍ਰ ਬਨਾਯੋ॥ ਨਖ ਸਿਖ ਤੇ ਕ੍ਰਮ ਭਾਖ ਸੁਨਾਯੋ॥*
*ਛੋਰ ਕਥਾ ਤਬ ਪ੍ਰਥਮ ਸੁਨਾਈ॥ ਅਬ ਚਾਹਤ ਫਿਰਿ ਕਰੌ ਬਡਾਈ॥ ੧੧॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਇਸ ਧਿਆਇ ਵਿਚ ਹਜ਼ੂਰ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਪਹਿਲਾਂ ਚੰਡੀ ਚਰਿੱਤ੍ਰ ਉਚਾਰਨ ਕਰਾਂਗੇ ਫੇਰ ਸਾਰੇ ਅਵਤਾਰਾਂ ਦੀ ਕਥਾ ਕਹਾਂਗੇ।

*ਜਿਹ ਜਿਹ ਬਿਧ ਜਨਮਨ ਸੁਧਿ ਆਈ॥*

ਅਰਥ :—ਜਿਸ ਜਿਸ ਤਰ੍ਹਾਂ ਅਵਤਾਰਾਂ ਦੀ ਸੁਰਤ ਸਮਝ ਪਈ ਹੈ।

*ਤਿਮ ਤਿਮ ਕਹੇ ਗਰੰਥ ਬਨਾਈ॥*

ਅਰਥ :— ਤਿਵੇਂ ਤਿਵੇਂ (ਉਹਨਾਂ ਅਵਤਾਰਾਂ ਦੇ ਪ੍ਰਸੰਗ) ਪੁਸਤਕਾਂ ਤੋਂ ਬਣਾ ਕੇ ਕਹੇ ਹਨ।

ਹੁਣ ਇਸ ਧਿਆਇ ਉਪਰੰਤ ਹਜ਼ੂਰ ਪਹਿਲਾਂ ਚੰਡੀ ਚਰਿੱਤ੍ਰ ਉਚਾਰਨ ਕਰਦੇ ਹਨ।

ਇਸ ਧਿਆਇ ਦੀਆਂ ਕੁਲ ੧੧ ਪਉੜੀਆਂ ਹਨ।

ਸਾਰੰਸ ਤੇ ਸਿਧਾਂਤ :- ਇਸ ਉਪਰੋਕਤ ਰਚਨਾ ਅੰਦਰ ਹਜ਼ੂਰ ਨੇ ਭੰਗਾਣੀ ਤੇ ਨਦੋਂਣ ਆਦਿ ਜੰਗਾਂ ਦਾ ਜ਼ਿਕਰ ਜਿਥੇ ਕੀਤਾ ਹੈ, ਉਥੇ ਦਸ ਗੁਰੂ ਇਕ ਜੋਤ ਦੇ ਭਾਵ ਨੂੰ ਵੀ ਗੁਰਦੇਵ ਨੇ ਪ੍ਰਗਟ ਕੀਤਾ ਹੈ।

(ਧਿਆਇ ਚੌਦਵਾਂ ਸੰਪੂਰਨ॥ ੪੭੧॥)

❑

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ॥

# ਅਥ ਚੰਡੀ ਚਰਿੱਤ੍ਰ ਉਕਤਿ ਬਿਲਾਸ॥

ਸੂਰਜ ਪ੍ਰਕਾਸ਼ ਦੇ ਕਰਤਾ ਕਵਿ ਸੰਤੋਖ ਸਿੰਘ ਜੀ ਨੇ ਇਸ ਤਰ੍ਹਾਂ ਕਥਨ ਕੀਤਾ ਹੈ :-

*ਬਾਨੀ ਸ੍ਰੀ ਗੁਰ ਆਪ ਬਨਾਵੈ। ਚੰਡਿ ਚਰਿਤ੍ਰ ਆਦਿ ਗੁਨ ਭਾਵੈ॥*

(ਰੁਤ ੨ ਅੰਸੂ ੫੦)

ਇਸ ਕਥਾ ਦੇ ਸਬੰਧ ਵਿਚ ਬਚਿੱਤ੍ਰ ਨਾਟਕ ਦੇ ਚੌਧਵੇਂ ਧਿਆਏ ਅੰਦਰ ਇਸ ਤਰ੍ਹਾਂ ਗੁਰਦੇਵ ਜੀ ਨੇ ਦੱਸਿਆ ਹੈ :

*ਪਹਿਲੇ ਚੰਡੀ ਚਰਿਤ੍ਰ ਬਨਾਯੋ॥ ਨਖ ਸਿਖ ਤੇ ਕ੍ਰਮ ਭਾਖ ਸੁਨਾਯੋ॥*
*ਛੋਰ ਕਥਾ ਤਬ ਪ੍ਰਥਮ ਸੁਨਾਈ॥ ਅਬ ਚਾਹਤ ਫਿਰ ਕਰੌ ਬਡਾਈ॥ ੧੧॥*

(ਬਚਿੱਤ੍ਰ ਨਾਟਕ, ਧਿਆਏ ਚੌਧਵਾਂ)

ਅਸਲ ਵਿਚ ਗੁਰੂ ਸਾਹਿਬ ਨੇ ਸੁਤੰਤਰ ਰੂਪ ਵਿਚ ਚੰਡੀ ਕਥਾ ਦੋ ਹੀ ਲਿਖੀਆਂ ਹਨ— ਇਕ ਹਿੰਦੀ ਵਿਚ ਤੇ ਇਕ ਪੰਜਾਬੀ ਵਿਚ। ਹਿੰਦੀ ਵਾਲੀ ਦਾ ਨਾਮ ਚੰਡੀ ਚਰਿੱਤ੍ਰ ਉਕਤਿ ਬਿਲਾਸ ਹੈ ਤੇ ਪੰਜਾਬੀ ਵਾਲੀ ਦਾ ਨਾਮ ਵਾਰ ਦੁਰਗਾ ਕੀ। ਤੀਸਰੀ ਰਚਨਾ ਸੁਤੰਤਰ ਰਚਨਾ ਨਹੀਂ, ਸਗੋਂ ਬਚਿੱਤ੍ਰ ਨਾਟਕ ਦੇ ਕਥਾ ਸਾਗਰ ਦਾ ਇਕ ਅੰਗ ਹੈ।

ਇਹ ਚੰਡੀ ਚਰਿੱਤ੍ਰ ਉਕਤਿ ਬਿਲਾਸ ਦੀ ਰਚਨਾ ਕਿਸ ਲਈ ਕੀਤੀ, ਇਹ ਤਾਂ ਅਸੀਂ ਜਾਣਦੇ ਹਾਂ ਕਿ ਗੁਰੂ ਸਾਹਿਬ ਨੇ ਭਾਰਤੀ ਲੋਕਾਂ ਵਿਚ ਧਰਮ-ਜੁੱਧ ਦਾ ਚਾਉ ਪੈਦਾ ਕਰਨ ਲਈ ਇਹ ਦੇਵੀ-ਦੇਵਤਿਆਂ ਦੀਆਂ ਕਥਾਵਾਂ ਲਿਖੀਆਂ, ਇਨ੍ਹਾਂ ਨੂੰ ਇਸ਼ਟ ਮੰਨ ਕੇ ਐਸਾ ਨਹੀਂ ਕੀਤਾ। ਮੁੱਢ ਵਿਚ ਗੁਰੂ ਸਾਹਿਬ ਪਰਮੇਸ਼ਰ ਦੀ ਮਹਾਨ ਸ਼ਕਤੀ ਦਾ ਮੰਗਲਾਚਰਣ ਕਰਦੇ ਸਾਫ਼ ਕਹਿੰਦੇ ਹਨ ਕਿ ਉਸ ਨੇ ਜਗਤ ਲੀਲ੍ਹਾ ਲਈ ਆਪ ਹੀ ਦੇਵਤੇ ਤੇ ਦੈਂਤ ਸਿਰਜ ਕੇ ਸਾਰਾ ਸੰਘਰਸ਼ ਰਚਿਆ ਹੋਇਆ ਹੈ। ਹੇ ਕ੍ਰਿਪਾ ਸਾਗਰ ! ਜੇ ਤੂੰ ਕ੍ਰਿਪਾ ਕਰੇਂ ਤਾਂ ਮੈਂ ਇਸ ਸਾਰੀ ਸੰਗਰਾਮ ਕਥਾ ਵਿੱਚੋਂ ਚੰਡੀ ਦੀ ਕਥਾ ਲਿਖਣਾ ਚਾਹੁੰਦਾ ਹਾਂ। ਜੇ ਨੀਝ ਨਾਲ ਦੇਖਿਆ ਜਾਵੇ ਤਾਂ ਇਹ ਚੰਡੀ ਵੀ ਤੇਰੀ ਸ਼ਕਤੀ ਦਾ ਹੀ ਪ੍ਰਕਾਸ਼ ਹੈ :

*ਸਵੈਯਾ॥*

*ਆਦਿ ਅਪਾਰ ਅਲੇਖ ਅਨੰਤ ਅਕਾਲ ਅਭੇਖ ਅਲੱਖ ਅਨਾਸਾ॥*
*ਕੈ ਸਿਵ ਸਕਤਿ ਦਏ ਸ੍ਰੁਤਿ ਚਾਰ ਰਜੋ ਤਮ ਸੱਤ ਤਿਹੂ ਪੁਰ ਬਾਸਾ॥*

*ਦਿਉਸ ਨਿਸਾ ਸਸਿ ਸੂਰ ਕੈ ਦੀਪ ਸੁ ਸ੍ਰਿਸ਼ਟਿ ਰਚੀ ਪੰਚ ਤੱਤ ਪ੍ਰਕਾਸਾ॥*
*ਬੈਰ ਬਢਾਇ ਲਰਾਇ ਸੁਰਾਸੁਰ ਆਪਹਿ ਦੇਖਤ ਬੈਠ ਤਮਾਸਾ॥ ੧॥*

(ਸ੍ਰੀ ਦਸਮ ਗ੍ਰੰਥ ਸਾਹਿਬ)

*ਦੋਹਰਾ॥*

*ਕ੍ਰਿਪਾ ਸਿੰਧ ਤੁਮਰੀ ਕ੍ਰਿਪਾ ਜੌ ਕਛੁ ਮੋ ਪਰਿ ਹੋਇ॥*
*ਰਚੌਂ ਚੰਡਿਕਾ ਕੀ ਕਥਾ ਬਾਣੀ ਸੁਭ ਸਭ ਹੋਇ॥ ੨॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੭੪)

ਇਸ ਪਹਿਲੇ ਧਿਆਇ ਦੇ ਕੁਲ ੭੨ ਛੰਦ ਹਨ। ਪਹਿਲਿਆਂ ਬੰਦਾਂ ਵਿਚ ਪਰੀਪੂਰਨ ਪ੍ਰਮਾਤਮਾ ਦੀ ਸਿਫ਼ਤ ਕੀਤੀ ਹੈ। ਸੁਰਥ ਰਾਜੇ ਦਾ ਰਾਜ ਤਿਆਗ ਕੇ ਮੇਧਾ ਰਿਖੀ ਦੇ ਆਸ਼੍ਰਮ 'ਤੇ ਜਾਂਦਾ ਹੈ ਤੇ ਮਧੁ-ਕੈਟਭ ਦੋ ਦੈਂਤਾਂ ਦੀ ਉੱਤਪਤੀ, ਫਿਰ ਅਖ਼ੀਰ ਵਿਚ ਦੈਂਤਾਂ ਦਾ ਨਾਮ ਇਸ ਪ੍ਰਕਾਰ ਦੱਸਿਆ ਹੈ :

*ਦੇਵਨ ਥਾਪਿਓ ਰਾਜ ਮਧੁ ਕੈਟਭ ਕੌ ਮਾਰਿਕੈ॥*
*ਦੀਨੋ ਸਕਲ ਸਮਾਜ ਬੈਕੁੰਠ ਗਾਮੀ ਹਰਿ ਭਏ॥ ੧੨॥*

(ਸ੍ਰੀ ਦਸਮ ਗ੍ਰੰਥ ਸਾਹਿਬ)

(ਪਹਿਲਾ ਧਿਆਇ ਸੰਪੂਰਨ॥ ੧੨॥ )

ਚੰਡੀ ਚਰਿੱਤ੍ਰ ਉਕਤਿ ਬਿਲਾਸ ਦੇ ਦੂਸਰੇ ਧਿਆਏ ਦੇ ਕੁਲ ੪੦ ਛੰਦ ਹਨ, ਪਰ ਗਿਣਤੀ ਪਿਛਲੀ ਚੱਲੀ ਆਉਂਦੀ ਹੈ ਪਹਿਲੇ ਧਿਆਏ ਵਾਲੀ, ਇਸ ਕਰ ਕੇ ਦੂਜੇ ਧਿਆਏ ਦੇ ਅਖ਼ੀਰ ਵਿਚ ੫੨ ਅੰਕ ਲਿਖਿਆ ਹੈ। ਇਸ ਧਿਆਏ ਵਿਚ ਮਹਿਖਾਸੁਰ ਦੈਂਤ ਦਾ ਚੰਡੀ ਨਾਲ ਯੁੱਧ ਵਰਣਨ ਕੀਤਾ ਹੈ। ਚੰਡੀ ਨੇ ਦੈਂਤਾਂ ਦੀ ੪੫ ਪਦਮ ਸੈਨਾ ਨਾਲ ਘੋਰ ਯੁੱਧ ਕਰ ਕੇ ਮਹਿਖਾਸੁਰ ਦੈਂਤ ਨੂੰ ਮਾਰ ਮੁਕਾਇਆ ਹੈ ਅਤੇ ਦੇਵਤਿਆਂ ਨੂੰ ਜਿਤਾਅ ਦਿੱਤਾ ਹੈ।

*ਦੇਖਿ ਚਮੂੰ ਮਹਖਾਸੁਰ ਕੀ ਕਰਿ ਚੰਡ ਕੁਵੰਡ ਪ੍ਰਚੰਡ ਧਰਿਓ ਹੈ॥*
*ਦੱਛਨ ਬਾਮ ਚਲਾਇ ਘਣੇ ਸਰ ਕੋਪਿ ਭਯਾਨਕ ਜੁੱਧੁ ਕਰਿਓ ਹੈ॥... ॥ ੪੧॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਤਥਾ :—

*ਜਬ ਮਹਖਾਸੁਰ ਮਾਰਿਓ ਸਭ ਦੈਂਤਨ ਕੋ ਰਾਜ॥*
*ਤਬ ਕਾਇਰ ਭਾਜੇ ਸਬੈ ਛਾਡਿਓ ਸਕਲ ਸਮਾਜ॥ ੫੧॥*

(ਸ੍ਰੀ ਦਸਮ ਗ੍ਰੰਥ ਸਾਹਿਬ)

(ਦੂਸਰਾ ਧਿਆਇ ਸੰਪੂਰਨ॥ ੫੨॥ )

ਤੀਸਰੇ ਧਿਆਇ ਵਿਚ ੪੮ ਛੰਦ ਹਨ। ਇਸ ਵਿਚ ਸੁੰਭ ਤੇ ਨਸੁੰਭ ਨਾਮ ਦੇ ਦੋ ਦੈਂਤਾਂ ਦੇ ਮਾਰਨ ਵਾਸਤੇ ਚੰਡੀ ਦੇ ਤਿਆਰ ਹੋਣ ਦਾ ਕਥਨ ਹੈ ਅਤੇ ਚੰਡੀ ਦਾ ਸੁੰਦਰ ਰੂਪ ਧਾਰ ਕੇ ਹਿਮਾਲਿਆ ਪਰਬਤ 'ਤੇ ਬੈਠਣਾ, ਨਸੁੰਭ ਦੈਂਤ ਨੇ ਸੁੰਭ ਦੈਂਤ ਨੂੰ ਉਸ ਦੀ ਸੁੰਦਰਤਾ ਬਾਰੇ ਦੱਸਣਾ, ਉਸ ਨੇ ਧੂਮ੍ਰ ਲੋਚਨ ਨਾਮ ਦੇ ਦੈਂਤ ਨੂੰ ਪਕੜਨ ਲਈ ਭੇਜਣਾ, ਫੇਰ ਧੂਮ੍ਰ ਲੋਚਨ ਨਾਲ ਦੇਵੀ ਦਾ ਘੋਰ ਯੁੱਧ ਹੋਣਾ ਤੇ ਧੂਮ੍ਰ ਨੂੰ ਮਾਰਨਾ ਦੱਸਿਆ ਹੈ। ਇਸ ਧਿਆਇ ਦੇ ਆਦਿ ਵਿਚ ਚੰਡਕਾ ਦਾ ਦੇਵਤਿਆਂ ਨੂੰ ਰਾਜ ਦੇ ਕੇ ਅਲੋਪ ਹੋਣ ਦਾ ਵੀ ਜ਼ਿਕਰ ਹੈ ਅਤੇ ਦੇਵਤਿਆਂ ਦੇ ਖ਼ੁਸ਼ ਹੋ ਕੇ ਫੁੱਲਾਂ ਦੀ ਬਰਖਾ ਤੇ ਆਰਤੀ ਕਰਨ ਦਾ ਜ਼ਿਕਰ ਹੈ :

*ਲੋਪ ਚੰਡਕਾ ਹੋਇ ਗਈ ਸੁਰਪਤਿ ਕੌ ਦੇ ਰਾਜ॥*
*ਦਾਨਵ ਮਾਰ ਅਭੇਖ ਕਰਿ ਕੀਨੇ ਸੰਤਨ ਕਾਜ॥ ੫੩॥*
*ਯਾਤੇ ਪ੍ਰਸੰਨ ਭਏ ਹੈ ਮਹਾਂ ਮੁਨਿ ਦੇਵਨ ਕੇ ਤਪ ਮੈ ਸੁਖ ਪਾਵੈਂ॥*
*ਜੱਗਜ ਕਰੈ ਇਕ ਬੇਦ ਰਰੈ ਭਵ ਤਾਪ ਹਰੈ ਮਿਲਿ ਧਯਾਨਹਿ ਲਾਵੈਂ॥*
*ਸੰਖਨ ਕੀ ਧੁਨ ਘੰਟਨਿ ਕੀ ਕਰਿ ਫੂਲਨ ਕੀ ਬਰਖਾ ਬਰਖਾਵੈਂ॥*
*ਐਸੇ ਸ੍ਰਿੰਗ ਸੁਮੇਰ ਕੇ ਸੋਭਤ ਚੰਡ ਪ੍ਰਚੰਡ॥*
*ਯਥਾ: ਤਹਾ ਧੂਮ੍ਰਲੋਚਨ ਚਲੇ ਚਤੁਰੰਗਨ ਦਲੁ ਸਾਜ॥*
*ਗਿਰ ਘੇਰਿਓ ਘਨ ਘਟਾ ਜਿਉ ਗਰਜ ਗਰਜ ਗਜਰਾਜ॥ ੯੪॥*
*ਤਥਾ : ਧੂਮ੍ਰਨੈਨ ਜਬ ਮਾਰਿਓ ਦੇਵੀ ਇਹ ਪਰਕਾਰ॥*
*ਅਸੁਰ ਸੈਨ ਬਿਨ ਚੈਨ ਹੁਇ ਕੀਨੋ ਹਾਹਾਕਾਰ॥ ੧੦੦॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੮੩)

ਪਰ ਸਾਰੀ ਜੰਗ ਦੀ ਖੇਡ ਦੇਵਤਿਆਂ ਤੇ ਦੈਂਤਾਂ ਦੀ ਪ੍ਰਮੇਸ਼ਰ ਵੱਲੋਂ ਹੀ ਰਚੀ ਦੱਸੀ ਹੈ। ਭਾਵ ਚੰਡਕਾ ਅਤੇ ਦੇਵਤੇ ਤੇ ਦੈਂਤ ਸਾਰੇ ਪ੍ਰਮੇਸ਼ਰ ਦੇ ਹੁਕਮ ਵਿਚ ਹਨ :

*ਭੂੰਮ ਕੋ ਭਾਰ ਉਤਾਰਨ ਕੌ ਜਗਦੀਸ ਬਿਚਾਰਕੈ ਜੁੱਧੁ ਠਟਾ॥*
*ਗਰਜੈ ਮਦਮੱਤ ਕਰੀ ਬਦਰਾ ਬਗ ਪੰਤ ਲਸੈ ਜਨ ਦੰਤ ਗਟਾ॥*
*ਪਹਰੇ ਤਨ ਤ੍ਰਾਨ ਫਿਰੈ ਤਹ ਬੀਰ ਲੀਏ ਬਰਛੀ ਕਰਿ ਬਿੱਜੁ ਛਟਾ॥*
*ਦਲ ਦੈਤਨ ਕੌ ਅਰਿ ਦੇਵਨ ਪੈ ਉਮਡਿਓ ਮਾਨੋ ਘੋਰ ਘਮੰਡ ਘਟਾ॥ ੬੨॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਤੀਸਰਾ ਧਿਆਇ ਸਮਾਪਤ ਹੋਇਆ। ਇਸ ਦੀਆਂ ਕੁਲ ੪੮ ਪਉੜੀਆਂ ਹਨ।
(ਤੀਸਰਾ ਧਿਆਇ ਸੰਪੂਰਨ॥ ੧੦੦॥ )

ਚੌਥੇ ਧਿਆਇ ਵਿਚ ਸੁੰਭ ਆਪਣੇ ਦੋ ਦੈਂਤਾਂ ਤਾਂਈ ਚੰਡਕਾ ਨੂੰ ਬੰਨ੍ਹ ਕੇ ਲਿਆਵਣ ਜਾਂ

ਮਾਰ ਕੇ ਆਉਣ ਵਾਸਤੇ ਕਹਿੰਦਾ ਹੈ। ਇਹ ਦੈਂਤਾਂ ਦੇ ਨਾਮ ਹਨ। ਚੰਡ ਦੈਂਤ ਤੇ ਮੁੰਡ ਦੈਂਤ ਆਪਣੀ ਸੈਨਾ ਸਮੇਤ ਯੁੱਧ ਕਰਨ ਜਾਂਦੇ ਹਨ, ਪਰ ਚੰਡਕਾ ਦੇਵੀ ਹੱਥੋਂ ਦੋਵੇਂ ਦੈਂਤ ਮਾਰੇ ਜਾਂਦੇ ਦਰਸਾਏ ਹਨ :

*ਚੰਡ ਮੁੰਡ ਦ੍ਵੈ ਦੈਤ ਤਬ ਲੀਨੇ ਸੁੰਭ ਹਕਾਰ॥*
*ਚਲਿ ਆਏ ਨ੍ਰਿਪ ਸਭਾ ਮਹਿ ਕਰਿ ਲੀਨੇ ਅਸ ਢਾਰ॥ ੧੦੫॥*
*ਯਥਾ : ਲਜਾਵਹੁ ਚੰਡੀ ਬਾਂਧ ਕੈ ਨਾਤਰ ਡਾਰੋ ਮਾਰ॥ ੧੦੭॥*

ਤਥਾ :—

*ਮਾਰ ਬਿਦਾਰ ਦਈ ਸਭ ਸੈਨ ਸੁ ਚੰਡਕਾ ਚੰਡ ਸੋ ਆਹਵ ਕੀਨੋ॥*
*ਲੈ ਬਰਛੀ ਕਰ ਮੈ ਅਰਿ ਕੌ ਸਿਰ ਕੈਬਰ ਮਾਰ ਜੁਦਾ ਕਰਿ ਦੀਨੋ॥*
*ਲੈ ਕੈ ਮਹੇਸ਼ ਤ੍ਰਿਸੂਲ ਗਨੇਸ਼ ਕੋ ਰੁੰਡ ਕੀਓ ਜਨ ਮੁੰਡ ਬਿਹੀਨੋ॥੧੧੬॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਇਸ ਧਿਆਇ ਅੰਦਰ ਕੁਲ ੧੬ ਪਉੜੀਆਂ ਹਨ।

(ਚੌਥਾ ਧਿਆਇ ਸੰਪੂਰਨ॥ ੧੬੬॥)

ਪੰਜਵੇਂ ਧਿਆਇ ਵਿਚ ਸੁੰਭ ਨਸੁੰਭ ਨੇ ਰਕਤਬੀਜ ਨਾਮ ਦੇ ਦੈਂਤ ਨੂੰ ਚੰਡਕਾ ਨਾਲ ਯੁੱਧ ਕਰਨ ਵਾਸਤੇ ਭੇਜਿਆ ਹੈ :

*ਸੁੰਭ ਨਿਸੁੰਭ ਸੁ ਦੂਹੂੰ ਮਿਲਿ ਬੈਠ ਮੰਤ੍ਰ ਤਬ ਕੀਨ॥*
*ਸੈਨਾ ਸਕਲ ਬੁਲਾਇ ਕੈ ਸੁਭਟ ਬੀਰ ਚੁਨ ਲੀਨ॥ ੧੨੦॥*
*ਰਕਤਬੀਜ ਕੌ ਭੇਜੀਐ ਮੰਤ੍ਰਨਿ ਕਹੀ ਬਿਚਾਰ॥ ੧੨੧॥*

ਰਕਤਬੀਜ ਨਾਲ ਚੰਡਕਾ ਦਾ ਘੋਰ ਯੁੱਧ ਹੋਇਆ ਹੈ, ਜਿਸ ਦਾ ਜ਼ਿਕਰ ਇਸ ਪ੍ਰਕਾਰ ਹੈ :

*ਲੋਥਨ ਊਪਰ ਲੋਥ ਗਿਰੀ ਬਹਿ ਸ੍ਰੂਉਨ ਚਲਿਓ ਜਨੁ ਕੋਟ ਪਨਾਰੇ॥..੧੪੩॥*

ਚੰਡਕਾ ਨੇ ਫੇਰ ਆਪਣੇ ਮੱਥੇ ਤੋਂ ਕਾਲੀ ਪ੍ਰਗਟ ਕੀਤੀ, ਜਿਸ ਨੇ ਰਕਤਬੀਜ ਦੇ ਲਹੂ ਨੂੰ ਪੀਤਾ ਤਾਂ ਰਕਤਬੀਜ ਦੈਂਤ ਨੂੰ ਮਾਰਿਆ ਦੱਸਿਆ ਹੈ :

*ਦੈਤਨ ਕੇ ਬਧ ਕਾਰਨ ਕੋ ਨਿਜ ਭਾਲ ਤੇ ਜ੍ਵਾਲ ਕੀ ਲਾਟ ਨਿਕਾਸੀ॥*
*ਕਾਲੀ ਪ੍ਰਤੱਛ ਭਈ ਤਿਹ ਤੇ ਰਨ ਫੈਲ ਰਹੀ ਭਯ ਭੀਰ ਪ੍ਰਭਾਸੀ॥...੧੬੫॥*
*ਯਥਾ: ਚੰਡੀ ਦਇਓ ਬਿਦਾਰ ਸ੍ਰੂਉਨ ਪਾਨ ਕਾਲੀ ਕਰਿਓ॥*
*ਛਿਨ ਮੈ ਡਾਰਿਓ ਮਾਰ ਸ੍ਰੂਉਨਤ ਬਿੰਦ ਦਾਨਵ ਮਹਾਂ॥ ੧੭੨॥*

ਇਸ ਧਿਆਇ ਦੀਆਂ ਕੁਲ ੫੨ ਪਉੜੀਆਂ ਹਨ।

(ਪੰਜਵਾਂ ਧਿਆਇ ਸੰਪੂਰਨ॥ ੧੭੨॥)

ਛੇਵੇਂ ਅਧਿਆਇ ਵਿਚ ਗੁਰਦੇਵ ਜੀ ਨੇ ਦੱਸਿਆ ਹੈ ਕਿ ਰਕਤਬੀਜ ਦੇ ਮਾਰੇ ਜਾਣ ਅਤੇ ਦੈਂਤ ਦਲ ਦੀ ਹੋਈ ਹਾਰ ਤੋਂ ਕ੍ਰੋਧਿਤ ਹੋਏ ਦੋਵੇਂ ਦੈਂਤ ਨਾਇਕ ਸੁੰਭ ਅਤੇ ਨਿਸੁੰਭ ਵਿਸ਼ਾਲ ਸੈਨਾ ਲੈ ਕੇ ਯੁੱਧ-ਭੂਮੀ ਨੂੰ ਗਏ ਹਨ। ਦੁਰਗਾ ਅਤੇ ਕਾਲੀ, ਦੈਂਤ ਸੈਨਾ ਨਾਲ ਖ਼ੂਬ ਯੁੱਧ ਕਰਦੀਆਂ ਹਨ। ਇਸ ਭਿਆਨਕ ਯੁੱਧ ਨੂੰ ਵੇਖ ਕੇ ਵਿਸ਼ਨੂੰ ਆਦਿ ਦੇਵਤੇ ਵੀ ਡਰ ਜਾਂਦੇ ਹਨ ਅਤੇ ਦੇਵੀ ਦੀ ਸਹਾਇਤਾ ਲਈ ਹੋਰ ਦੇਵ-ਸ਼ਕਤੀਆਂ ਭੇਜਦੇ ਹਨ, ਜੋ ਦੁਰਗਾ ਵਿਚ ਲੀਨ ਹੋ ਜਾਂਦੀਆਂ ਹਨ। ਦੁਰਗਾ ਅਤੇ ਦੈਂਤ ਰਾਜੇ ਨਿਸ਼ੁੰਭ ਦਾ ਘੋਰ ਯੁੱਧ ਹੁੰਦਾ ਹੈ ਅਤੇ ਅੰਤ ਵਿਚ ਨਿਸ਼ੁੰਭ ਦੇਵੀ ਦੇ ਹੱਥੋਂ ਮਾਰਿਆ ਜਾਂਦਾ ਹੈ :

*ਸੁੰਭ ਨਿਸੁੰਭ ਸੁ ਬੀਰ ਬਲੀ ਮਨ ਕੋਪ ਭਰੇ ਰਨ ਭੂਮਹਿ ਆਏ॥*

*ਯਥਾ : ਖੱਗ ਲੈ ਕਾਲੀ ਅਉ ਚੰਡੀ ਕੁਵੰਡਿ ਬਿਲੋਕ ਕੈ ਦਾਨਵ ਇਉ ਦਬਟੇ ਹੈ॥*

*ਕੇਤਕ ਚਾਬ ਗਈ ਮੁਖਿ ਕਾਲਕਾ ਕੇਤਿਨ ਕੇ ਸਿਰ ਚੰਡਿ ਕਟੇ ਹੈ॥..੧੮੨॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੯੩)

*ਦੇਖਿ ਭਇਆਨਕ ਜੁੱਧ ਕੌ ਕੀਨੋ ਬਿਸ਼ਨ ਬਿਚਾਰ॥*

*ਸ਼ਕਤਿ ਸਹਾਇਤ ਕੇ ਨਮਿਤ ਭੇਜੀ ਰਨਹਿ ਮੰਝਾਰ॥ ੧੮੩॥*

*ਚੰਡ ਪ੍ਰਚੰਡ ਤਬੈ ਬਲ ਧਾਰ ਸੰਭਾਰ ਲਈ ਕਰਵਾਰ ਕਰੀ ਕਰ॥*

*ਕੋਪ ਦਈਅ ਨਿਸੁੰਭ ਕੇ ਸੀਸ ਬਹੀ ਇਹ ਭਾਂਤ ਰਹੀ ਤਰਵਾਤਰ॥...੨੦੨॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਛੇਵੇਂ ਧਿਆਇ ਦੀਆਂ ਕੁਲ ੩੦ ਪਉੜੀਆਂ ਹਨ।

(ਛੇਵਾਂ ਧਿਆਇ ਸੰਪੂਰਨ॥ ੨੦੨॥ )

ਸੱਤਵਾਂ ਅਧਿਆਇ ੨੨ ਛੰਦਾਂ ਦਾ ਹੈ। ਇਸ ਵਿਚ ਹਜ਼ੂਰ ਨੇ ਦੱਸਿਆ ਹੈ ਕਿ ਸੁੰਭ ਨੂੰ ਜਦੋਂ ਆਪਣੀ ਸੈਨਾ ਦੀ ਹਾਰ ਅਤੇ ਭਰਾ ਦੇ ਵੱਧ ਦਾ ਸਮਾਚਾਰ ਮਿਲਦਾ ਹੈ ਤਾਂ ਉਹ ਕ੍ਰੋਧਿਤ ਹੋ ਕੇ ਆਪਣੀ ਸਾਰੀ ਸੈਨਿਕ ਸ਼ਕਤੀ ਨਾਲ ਯੁੱਧ ਵਿਚ ਕੁਦ ਪੈਂਦਾ ਹੈ ਅਤੇ ਆਪਣੇ ਭਰਾ ਦੀ ਲਾਸ਼ ਨੂੰ ਵੇਖ ਕੇ ਬਿਹਬਲ ਹੋ ਜਾਂਦਾ ਹੈ। ਅੰਤ ਵਿਚ ਭਿਆਨਕ ਯੁੱਧ ਉਪਰੰਤ ਦੁਰਗਾ ਸੁੰਭ ਦੇ ਦੋ ਟੁੱਕੜੇ ਕਰ ਕੇ ਧਰਤੀ ਉੱਤੇ ਸੁੱਟ ਦਿੰਦੀ ਹੈ।

*ਸੁੰਭ ਨਿਸੁੰਭ ਹਨਿਓ ਸੁਨਿ ਕੈ ਬਰ ਬੀਰਨ ਕੇ ਚਿਤ ਛੋਭ ਸਮਾਇਓ॥*

*ਸਾਜ ਚੜਿਓ ਗਜ ਬਾਜ ਸਮਾਜ ਕੈ ਦਾਨਵ ਪੁੰਜ ਲੀਏ ਰਨ ਆਇਓ॥ ੨੦੪॥*

*ਯਥਾ : ਸੁੰਭ ਦੁਟੂਕ ਹ੍ਵੈ ਭੂਮਿ ਪਰਿਓ ਤਨ ਜਿਉ ਕਲਵਤ੍ਰ ਸੋਂ ਚੀਰਤ ਕੋਊ॥੨੨੧॥*

ਇਸ ਧਿਆਇ ਦੀਆਂ ਕੁਲ ੨੨ ਪਉੜੀਆਂ ਹਨ।

(ਸੱਤਵਾਂ ਧਿਆਇ ਸੰਪੂਰਨ॥ ੨੨੪॥)

ਇਸ ਅੱਠਵੇਂ ਧਿਆਇ ਦੇ ਆਦਿ ਵਿਚ ਦੱਸਿਆ ਹੈ ਕਿ ਜਿਨ੍ਹਾਂ ਦੈਂਤਾਂ ਤੋਂ ਇੰਦ੍ਰ ਬ੍ਰਹਮਾ ਆਦਿ ਦੇਵਤੇ ਡਰ ਗਏ, ਉਹ ਦੈਂਤ ਚੰਡੀ ਨੇ ਮਾਰ ਮੁਕਾਏ ਹਨ। ਇਸ ਅੰਤਿਮ ਅਧਿਆਇ ਵਿਚ ਕੇਵਲ ਨੌਂ ਛੰਦ ਹਨ। ਦੇਵਤੇ ਮਿਲ ਕੇ ਦੇਵੀ ਦੀ ਉਸਤਤਿ ਕਰਦੇ ਹਨ। ਇਹ ਰਚਨਾ 'ਕੌਤਕ ਹੇਤ' ਕੀਤੀ ਗਈ ਹੈ। ਕੌਤਕ ਤੋਂ ਭਾਵ ਹੈ, ਸਾਧਾਰਨ ਜਨਤਾ ਨੂੰ ਵਕਤ ਦੀ ਬਲਸ਼ਾਲੀ ਜ਼ਾਲਮ ਸਰਕਾਰ ਵਿਰੁੱਧ ਬਗ਼ਾਵਤ ਲਈ ਤਿਆਰ ਕਰਨਾ ਅਤੇ ਆਪਣੀ ਸੁਤੰਤਰਤਾ ਨੂੰ ਹਾਸਲ ਕਰਨ ਲਈ ਸਿਰ ਨੂੰ ਤਲੀ ਉੱਪਰ ਧਰ ਲੈਣਾ।

*ਭਾਜਿ ਗਇਓ ਮਘਵਾ ਜਿਨਕੇ ਡਰ ਬ੍ਰਹਮ ਤੇ ਆਦਿ ਸਭੈ ਭੈ ਭੀਤੇ॥*
*ਤੇਈ ਵੈ ਦੈਤ ਪਰਾਇ ਗਏ ਰਨ ਹਾਰ ਨਿਹਾਰ ਭਏ ਬਲੁ ਰੀਤੇ॥...੨੨੫॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਯਥਾ :—

*ਮਿਲਿ ਕੈ ਸੁ ਦੇਵਨ ਬਡਾਈ ਕਰੀ ਕਾਲਕਾ ਕੀ ਏਹੋ ਜਗ ਮਾਤ ਤੈ ਤੋ ਕਟਿਓ ਬਡੋ ਪਾਪੁ ਹੈ॥*
*ਦੈਤਨ ਕੋ ਮਾਰ ਰਾਜ ਦੀਨੋ ਤੈ ਸੁਰੇਸ਼ ਹੂੰਕੋ ਬਡੋ ਜਸੁ ਲੀਨੋ ਜਗ ਤੇਰੋ ਈ ਪ੍ਰਤਾਪੁ ਹੈ॥*

ਇਸ ਚੰਡੀ ਚਰਿੱਤ੍ਰ ਦੇ ਅਖ਼ੀਰ ਵਿਚ ਦਸਮੇਸ਼ ਗੁਰੂ ਸ੍ਰੀ ਗੋਬਿੰਦ ਸਿੰਘ ਸਾਹਿਬ ਜੀ ਨੇ ਆਪਣਾ ਸਿਧਾਂਤ ਪ੍ਰਗਟ ਕੀਤਾ ਹੈ। ਸ਼ਿਵਾ ਦਾ ਅਰਥ ਇਥੇ ਕਲਿਆਨਿ ਸਰੂਪ ਪਰੀਪੂਰਨ ਪ੍ਰਮਾਤਮਾ ਹੈ। ਨਾਲੰਦਾ ਵਿਸ਼ਾਲ ਸ਼ਬਦ ਸਾਗਰ ਵਿਚ ਸ਼ਿਵ ਦੇ 32 ਅਰਥ ਕੀਤੇ ਹਨ, ਜਿਨ੍ਹਾਂ ਵਿਚ ਚੌਥਾ ਅਰਥ ਪ੍ਰਮੇਸ਼ਵਰ ਹੈ। ਮਹਾਨ ਕੋਸ਼ ਨੇ ਸ਼ਿਵ ਦੇ 16 ਅਰਥ ਕੀਤੇ ਹਨ, ਪਰ ਦਸਵਾਂ ਅਰਥ ਹੈ ਪਾਰਬ੍ਰਹਮ। ਕਰਤਾਰ ਸ਼ਿਵਾ ਪਦ ਦੇ ਨਾਲੰਦਾ ਕੋਸ਼ ਨੇ 14 ਅਰਥ ਕੀਤੇ ਹਨ, ਮਹਾਨ ਕੋਸ਼ ਦੇ 10 ਪਰ ਦੂਜਾ ਅਰਥ ਹੈ ਪਾਰਬ੍ਰਹਮ ਦੀ ਸ਼ਕਤੀ।

*ਦੇਹਿ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ॥*
*ਨ ਡਰੋਂ ਅਰਿ ਸੋਂ ਜਬ ਜਾਇ ਲਰੋਂ ਨਿਸਚੈ ਕਰ ਆਪਨੀ ਜੀਤ ਕਰੋਂ॥*
*ਅਰੁ ਸਿੱਖ ਹੌਂ ਆਪਨੇ ਹੀ ਮਨ ਇਹ ਲਾਲਚ ਹਉ ਗੁਨ ਤਉ ਉਚਰੋਂ॥*
*ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ॥੨੩੧॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੯੯)

ਡਾਕਟਰ ਮਨਮੋਹਨ ਸਿੰਘ ਜੀ ਨੇ ਜਿਸ ਸਮੇਂ ਪ੍ਰਧਾਨ ਮੰਤਰੀ ਬਣੇ, ਇਹ ਸ਼ਬਦ ਪੜ੍ਹਿਆ ਸੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਿੰਨ ਸੌ ਸਾਲਾ ਗੁਰਗੱਦੀ ਗੁਰਪੁਰਬ ਸਮੇਂ ਵੀ ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਨ ਸਮੇਂ ਇਹ ਸ਼ਬਦ ਪੜ੍ਹਿਆ ਸੀ। ਸੋ ਅੱਜ ਕਲਗੀਧਰ ਸ੍ਰੀ

ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਪਾ ਨਾਲ ਹਜ਼ੂਰ ਦਾ ਇਹ ਸ਼ਬਦ ਦੇਸ਼ ਵਿਦੇਸ਼ ਵਿਚ ਸਿੱਖਾਂ ਦੇ ਸਕੂਲਾਂ ਕਾਲਜਾਂ ਅੰਦਰ ਰਾਸ਼ਟਰੀ ਗੀਤ ਜਾਣ ਕੇ ਪੜ੍ਹਿਆ ਜਾਂਦਾ ਹੈ।

ਸਾਰੰਸ਼ ਤੇ ਸਿਧਾਂਤ :- ਇਸ ਰਚਨਾ ਦਾ ਭਾਵ ਜਿਥੇ ਧਰਮ ਯੁੱਧ ਕੈ ਚਾਇ ਜਿਥੇ ਹੈ, ਉਥੇ *'ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ॥'* ਦਾ ਵੀ ਹੈ ਅਤੇ *'ਅਤਿ ਹੀ ਰਨ ਮੈ ਤਬ ਜੂਝ ਮਰੋਂ॥'* ਦਾ ਭਾਵ ਪ੍ਰਗਟ ਕੀਤਾ ਹੈ।

ਇਸ ਅੱਠਵੇਂ ਧਿਆਇ ਦੀਆਂ ਨੌਂ ਪਉੜੀਆਂ ਹਨ।

(ਅੱਠਵਾਂ ਧਿਆਇ ਸੰਪੂਰਨ॥ ੨੩੩॥ )

❑

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ॥

# ਅਥ ਚੰਡੀ ਚਰਿੱਤ੍ਰ ਲਿਖਯਤੇ

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਦੂਸਰਾ ਚੰਡੀ ਚਰਿੱਤ੍ਰ ਭਾਈ ਦੇਸਾ ਸਿੰਘ ਜੀ ਦੇ ਰਹਿਤਨਾਮੇ ਅੰਦਰ ਇਸ ਪ੍ਰਕਾਰ ਕਥਨ ਹੈ :

*"ਪੁਨ ਦੋ ਚੰਡੀ ਚਰਿਤ੍ਰ ਬਨਾਏ॥ ਅੰਤਰ ਸਭ ਕਬਿ ਮਨ ਭਾਏ॥"*

ਇਸ ਚੰਡੀ ਚਰਿੱਤ੍ਰ ਵਿਚ ਕੁਲ ੨੬੨ ਛੰਦ ਅਤੇ ਅੱਠ ਅਧਿਆਇ ਹਨ। ਪਹਿਲੇ ਚੰਡੀ ਚਰਿੱਤ੍ਰ ਵਿਚ ਉਕਤੀ ਯੁਕਤੀ ਨਾਲ ਚੰਡੀ ਦਾ ਚਰਿੱਤ੍ਰ ਉਲੀਕਿਆ ਗਿਆ ਹੈ, ਪਰ ਇਸ ਵਿਚ ਯੁੱਧ-ਵਰਣਨ ਅਧਿਕ ਹੋਇਆ ਹੈ ਅਤੇ ਉਹ ਵੀ ਸਿੱਧਾ, ਸਪੱਸ਼ਟ। ਯੁੱਧ ਦੀ ਗਤਿ ਅਨੁਸਾਰ ਇਸ ਵਿਚ ਨਿੱਕੇ-ਨਿੱਕੇ ਅਤੇ ਤੀਬਰ ਗਤਿ ਵਾਲੇ ਛੰਦਾਂ ਦੀ ਵਰਤੋਂ ਹੋਈ ਹੈ।

ਪਹਿਲੇ ਅਧਿਆਇ ਵਿਚ ਕੁਲ ੩੮ ਛੰਦ ਹਨ। ਪਹਿਲੀ ਘਟਨਾ ਮਹਿਖਾਸੁਰ ਦੇ ਸ਼ਕਤੀਵਾਨ ਹੋਣ ਦਾ ਉਲੇਖ ਕਰਦੀ ਹੈ। ਸਿੱਟੇ ਵਜੋਂ ਸਾਰੇ ਦੇਵਤੇ ਭੈਭੀਤ ਹੋ ਕੇ ਅਤੇ ਯੋਗੀਆਂ ਦਾ ਭੇਸ ਧਾਰ ਕੇ ਕੈਲਾਸ਼ ਪਰਬਤ 'ਤੇ ਜਾਂਦੇ ਹਨ। ਉਥੇ ਉਹ ਦੁਰਗਾ ਦੇਵੀ ਦੀ ਉਸਤਤਿ ਕਰਦੇ ਹਨ ਅਤੇ ਦੇਵੀ ਪ੍ਰਸੰਨ ਹੋ ਕੇ ਉਨ੍ਹਾਂ ਦੀ ਹੱਡ-ਬੀਤੀ ਸੁਣਦੀ ਹੈ। ਫਿਰ ਉਹ ਸ਼ਸਤ੍ਰ ਧਾਰ ਕੇ ਸ਼ੇਰ ਦੀ ਸਵਾਰੀ ਕਰਦੀ ਹੋਈ ਦੇਵਤਿਆਂ ਦੀ ਮਦਦ ਲਈ ਯੁੱਧ-ਭੂਮੀ ਨੂੰ ਚਾਲੇ ਪਾਉਂਦੀ ਹੈ। ਮਹਿਖਾਸੁਰ ਅਤੇ ਦੇਵੀ ਦਾ ਯੁੱਧ ਸ਼ੁਰੂ ਹੁੰਦਾ ਹੈ। ਦੇਵੀ ਕ੍ਰੋਧ ਵਿਚ ਆ ਕੇ ਮਹਿਖਾਸੁਰ ਦਾ ਵੱਧ ਕਰ ਦਿੰਦੀ ਹੈ ਅਤੇ ਦੈਂਤ ਸੈਨਾ ਹਾਰ ਜਾਂਦੀ ਹੈ।

*ਮਹਿਖ ਦਈਤ ਸੂਰਯੰ॥ ਬਢਿਯੋ ਸੁ ਲੋਹ ਪੂਰਯੰ॥*
*ਸੁ ਦੇਵ ਰਾਜ ਜੀਤਯੰ॥ ਤ੍ਰਿਲੋਕ ਰਾਜ ਕੀਤਯੰ॥ ੧॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੧੦੦)

*ਜੁਗੇਸ਼ ਭੇਸ ਧਾਰ ਕੈ॥ ਭਜੇ ਹਥਿਆਰ ਡਾਰ ਕੈ॥ ੩॥*

*ਯਥਾ : ਮਹਿਖਾਸਰ ਕੱਹ ਮਾਰ ਕਰ ਪ੍ਰਫੁਲਤ ਭੀ ਜਗ ਮਾਇ॥ ੩੮॥*

ਇਸ ਪਹਿਲੇ ਧਿਆਇ ਦੀਆਂ ਕੁਲ ੩੮ ਪਉੜੀਆਂ ਹਨ।

(ਪਹਿਲਾ ਧਿਆਇ ਸੰਪੂਰਨ॥ ੩੮॥ )

ਦੂਜੇ ਅਧਿਆਇ ਵਿਚ ਪਹਿਲਾਂ ਦੱਸਿਆ ਗਿਆ ਹੈ ਕਿ ਮਹਿਖਾਸੁਰ ਦੀ ਮ੍ਰਿਤੂ ਤੋਂ ਬਾਅਦ ਸੁੰਭ ਨਿਸੁੰਭ ਨਾਂ ਦੇ ਦੈਂਤ ਪੈਦਾ ਹੋਏ। ਉਨ੍ਹਾਂ ਨੇ ਦੇਵਤਿਆਂ ਤੋਂ ਰਾਜ ਖੋਹ ਲਿਆ। ਹਾਰੇ ਹੋਏ ਦੁਖੀ ਦੇਵਤੇ ਚੰਡੀ ਦੀ ਸ਼ਰਣ ਵਿਚ ਆਏ। ਦੇਵਤਿਆਂ ਦੀ ਪ੍ਰਾਰਥਨਾ ਸੁਣ ਕੇ ਦੇਵੀ ਯੁੱਧ ਲਈ ਮੈਦਾਨ ਵਿਚ ਆਈ। ਦੈਂਤਾਂ ਵੱਲੋਂ ਧੂਮ੍ਰ ਲੋਚਨ ਯੁੱਧ-ਭੂਮੀ ਵਿਚ ਨਿਤਰਿਆ। ਦੋਹਾਂ ਦਲਾਂ ਦਾ ਭਿਆਨਕ ਯੁੱਧ ਹੋਇਆ। ਦੇਵੀ ਅਤੇ ਉਸ ਦੇ ਵਾਹਨ ਸਿੰਘ ਨੇ ਵੈਰੀ ਦਲ ਦਾ ਬਹੁਤ ਨਾਸ਼ ਕੀਤਾ। ਅੰਤ ਵਿਚ ਕਾਲੀ ਨੇ ਧੂਮ੍ਰ ਲੋਚਨ ਨੂੰ ਮਾਰ ਦਿੱਤਾ। ਹਾਰੀ ਹੋਈ ਦੈਂਤ ਸੈਨਾ ਨੇ ਸ਼ੁੰਭ ਨੂੰ ਧੂਮ੍ਰ ਲੋਚਨ ਦੇ ਮਾਰੇ ਜਾਣ ਦੀ ਸੂਚਨਾ ਦਿੱਤੀ।

*ਸੁੰਭ ਨਿਸੁੰਭ ਚੜ੍ਹੇ ਲੈ ਕੈ ਦਲ॥*
*ਅਰਿ ਅਨੇਕ ਜੀਤੇ ਜਿਨ ਜਲ ਥਲ॥*
*ਦੇਵ ਰਾਜ ਕੌ ਰਾਜ ਛਿਨਾਵਾ॥....੪੪॥* (ਸ੍ਰੀ ਦਸਮ ਗ੍ਰੰਥ ਸਾਹਿਬ)

*ਯਥਾ : ਸੁ ਤ੍ਰਾਸ ਦੇਵ ਭਾਜੀਅੰ॥ ਬਸੇਖ ਲਾਜ ਲਾਜੀਅੰ॥ ੪੭॥*
*ਤਥਾ : ਸੁਣੀ ਦੇਵ ਬਾਨੀ॥ ਚੜ੍ਹੀ ਸਿੰਘ ਰਾਨੀ॥ ੪੯॥*

(ਅਥਵਾ) :—

*ਤਬੈ ਧੂਮ੍ਰ ਨੈਣੰ ਮਚਿਯੋ ਸ਼ਸਤ੍ਰਧਾਰੀ॥ ਲਏ ਸੰਗ ਜੋਧਾ ਬਡੇ ਬੀਰ ਭਾਰੀ॥ ੧੯॥*
*ਯਥਾ: ਧੂਮ੍ਰ ਨੈਣ ਕਾਲੀ ਹਨਯੋ ਭਜਿਯੋ ਸੈਨ ਨਿਰਾਸ॥ ੨੬॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਇਸ ਦੂਸਰੇ ਧਿਆਇ ਦੀਆਂ ਕੁਲ ੨੬ ਪਉੜੀਆਂ ਹਨ।

(ਦੂਸਰਾ ਧਿਆਇ ਸੰਪੂਰਨ॥੨੬॥ ੬੪॥)

ਤੀਜੇ ਅਧਿਆਇ ਦੇ ੧੩ ਛੰਦਾਂ ਵਿਚ ਚੰਡ ਅਤੇ ਮੁੰਡ ਨਾਂ ਦੇ ਦੈਂਤਾਂ ਦੇ ਯੁੱਧ ਅਤੇ ਵੱਧ ਦਾ ਵਰਣਨ ਹੋਇਆ ਹੈ। ਧੂਮ੍ਰ ਲੋਚਨ ਦੀ ਮ੍ਰਿਤੂ ਤੋਂ ਬਾਅਦ ਸੁੰਭ, ਚੰਡ ਅਤੇ ਮੁੰਡ ਨਾਂ ਦੇ ਨਾਇਕਾਂ ਨੂੰ ਯੁੱਧ ਲਈ ਭੇਜਦਾ ਹੈ। ਧੂਮ੍ਰ ਲੋਚਨ ਨੂੰ ਮਾਰਨ ਤੋਂ ਬਾਅਦ ਚੰਡੀ ਕੈਲਾਸ਼ ਪਰਬਤ ਵੱਲ ਜਾਂਦੀ ਹੈ। ਦੈਂਤ ਨਾਇਕ ਧੂਮ੍ਰ ਲੋਚਨ ਦੀ ਸੈਨਾ ਦੇ ਉਨ੍ਹਾਂ ਸੈਨਿਕਾਂ ਨੂੰ, ਜਿਨ੍ਹਾਂ ਨੇ ਪਹਿਲਾਂ ਦੇਵੀ ਨੂੰ ਦੇਖਿਆ ਹੋਇਆ ਸੀ, ਗੁਪਤਚਰ ਬਣਾ ਕੇ ਉਸ ਦਾ ਥੇਹ-ਠਿਕਾਣਾ ਜਾਣਨ ਲਈ ਕੈਲਾਸ਼ ਪਰਬਤ ਉੱਤੇ ਭੇਜਦੇ ਹਨ। ਚੰਡੀ ਨਵੀਂ ਦੈਂਤ ਸੈਨਾ ਨੂੰ ਆਇਆ ਵੇਖ ਕੇ ਯੁੱਧ-ਭੂਮੀ ਵਿਚ ਪਹੁੰਚ ਜਾਂਦੀ ਹੈ। ਘੋਰ ਯੁੱਧ ਹੁੰਦਾ ਹੈ। ਅੰਤ ਵਿਚ ਕਾਲੀ ਦੋਹਾਂ ਸੈਨਾ-ਨਾਇਕਾਂ ਨੂੰ ਮਾਰ ਦਿੰਦੀ ਹੈ ਅਤੇ ਦੈਂਤ ਦਲ ਦਾ ਸੰਘਾਰ ਕਰਦੀ ਹੈ।

*ਧੂਮ੍ਰ ਨੈਣ ਜਬ ਸੁਣੇ ਸੰਘਾਰੇ॥ ਚੰਡ ਮੁੰਡ ਤਬ ਭੂਪ ਹਕਾਰੇ॥*
*ਬਹੁ ਬਿਧਿ ਕਰ ਪਠਏ ਸਨੁਮਾਨਾ॥ ਹੈ ਗੈ ਪਤਿ ਦੀਏ ਰਥ ਨਾਨਾ॥ ੨॥ ੬੬॥*

*ਪ੍ਰਿਥਮ ਨਿਰਖਿ ਦੇਬਿਅਹਿ ਜੇ ਆਏ॥ ਤੇ ਧਵਲਾਗਿਰ ਓਰ ਪਠਾਏ॥*
*ਤਿਨ ਕੀ ਤਨਕ ਭਨਕ ਸੁਨਿ ਪਾਈ॥ ਨਿਸਿਰੀ ਸ਼ਸਤ੍ਰ ਅਸਤ੍ਰ ਲੈ ਮਾਈ॥ ੩॥ ੬੭॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਯਥਾ :—

*ਚੰਡ ਮੁੰਡ ਮਾਰੇ ਦੋਊ ਕਾਲੀ ਕੋਪ ਕੁਵਾਰ॥*
*ਅਉਰ ਜਿਤੀ ਸੈਨਾ ਹੁਤੀ ਛਿਨ ਮੋ ਦਈ ਸੰਘਾਰ॥ ੧੩॥ ੭੭॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਇਸ ਤੀਸਰੇ ਧਿਆਇ ਦੀਆਂ ਕੁਲ ੧੩ ਪਉੜੀਆਂ ਹਨ।

(ਤੀਸਰਾ ਧਿਆਇ ਸੰਪੂਰਨ॥ ੭੭॥ )

ਚੌਥੇ ਅਧਿਆਇ ਵਿਚ ਰਕਤਬੀਜ ਦੇ ਯੁੱਧ ਦਾ ਵਰਨਣ ਹੋਇਆ ਹੈ। ਚੰਡ ਅਤੇ ਮੁੰਡ ਦੇ ਮਾਰੇ ਜਾਣ ਤੋਂ ਬਾਅਦ ਦੈਂਤ ਰਾਜਾ ਸ਼ੁੰਭ ਨੇ ਆਪਣੇ ਭਰਾ ਨਿਸ਼ੁੰਭ ਨਾਲ ਸਲਾਹ ਕਰ ਕੇ ਰਕਤਬੀਜ ਨਾਂ ਦੇ ਸੈਨਾ-ਨਾਇਕ ਨੂੰ ਬਹੁਤ ਵੱਡੀ ਸੈਨਾ ਦੇ ਕੇ ਯੁੱਧ ਕਰਨ ਲਈ ਭੇਜਿਆ। ਚੰਡੀ ਵੀ ਦੈਂਤਾਂ ਦੀ ਫ਼ੌਜ ਦਾ ਰੌਲਾ ਸੁਣ ਕੇ ਪਰਬਤ ਤੋਂ ਹੇਠਾਂ ਉਤਰ ਆਈ ਅਤੇ ਰਕਤਬੀਜ ਨਾਲ ਘੋਰ ਯੁੱਧ ਸ਼ੁਰੂ ਕਰ ਦਿੱਤਾ। ਰਕਤਬੀਜ ਨੇ ਕਈ ਰੂਪ ਧਾਰੇ, ਪਰ ਦੇਵੀ ਨੇ ਸਭ ਨੂੰ ਮਾਰ ਦਿੱਤਾ। ਕਾਲੀ ਰਕਤਬੀਜ ਦੀਆਂ ਧਰਤੀ ਉੱਤੇ ਡਿੱਗੀਆਂ ਸਾਰੀਆਂ ਬੂੰਦਾਂ ਨੂੰ ਪੀ ਗਈ। ਲਹੂ ਦੇ ਵਗਣ ਨਾਲ ਰਕਤਬੀਜ ਸਿਥਲ ਹੋ ਕੇ ਧਰਤੀ ਉੱਤੇ ਡਿੱਗ ਪਿਆ ਤੇ ਮਰ ਗਿਆ।

*ਸੁਨੀ ਭੂਪ ਇਮ ਗਾਥ ਚੰਡ ਮੁੰਡ ਕਾਲੀ ਹਨੇ॥*
*ਬੈਠ ਭ੍ਰਾਤ ਸੌਂ ਭ੍ਰਾਤ ਮੰਤ੍ਰ ਕਰਤ ਇਹ ਬਿਧ ਭਏ॥ ੧॥ ੭੮॥*
*ਰਕਤਬੀਜ ਤਬ ਭੂਪ ਬੁਲਾਯੋ॥ ਅਮਿਤ ਦਰਬੁ ਦੈ ਤਹਾਂ ਪਠਾਯੋ॥ ੭੯॥*
*ਯਥਾ : ਜਬ ਹੀ ਸੁਨਾ ਕੁਲਾਹਲ ਕਾਨਾ॥*
*ਉਤਰੀ ਸ਼ਸਤ੍ਰ ਅਸਤ੍ਰ ਲੈ ਨਾਨਾ॥ ੪॥ ੮੧॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਕਮਾਲ ਦਾ ਬੀਰ ਰਸ ਭਰਪੂਰ ਜੰਗ ਇਸ ਧਿਆਇ ਅੰਦਰ ਵਰਨਣ ਕੀਤਾ ਹੈ ਅਤੇ ਸੰਗੀਤ ਦੇ ਨਿਯਮਾਂ ਵਿਚ ਹੈ :

*ਸੰਗੀਤ ਭੁਜੰਗ ਪ੍ਰਯਾਤ ਛੰਦ॥*
*ਕਾਗੜਦੰਗ ਕਾਤੀ ਕਟਾਰੀ ਕੜਾਕੰ॥*
*ਤਾਗੜਦੰਗ ਤੀਰੰ ਤੁਪੱਕੰ ਤੜਾਕੰ॥*

*ਝਾਗੜਦੰਗ ਨਾਗੜਦੰਗ ਬਾਗੜਦੰਗ ਬਾਜੇ॥*

*ਗਾਗੜਦੰਗ ਗਾਜੀ ਮਹਾਂ ਗੱਜ ਗਾਜੇ॥ ੩੫॥ ੧੧੨॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਭਾਈ ਸਾਹਿਬ ਭਾਈ ਬਲਵੀਰ ਸਿੰਘ ਜੀ ਸਾਬਕਾ ਹਜ਼ੂਰੀ ਰਾਗੀ ਜੱਥਾ ਜਦ ਵੀ ਕੀਰਤਨ ਦੀ ਹਾਜ਼ਰੀ ਭਰਦੇ ਹਨ ਤਾਂ ਇਹ ਸ਼ਬਦ ਜ਼ਰੂਰ ਪੜ੍ਹਦੇ ਹਨ ਅਤੇ ਸਾਰੀ ਸੰਗਤ ਬੀਰ ਰਸ ਵਿਚ ਝੂਮ ਉੱਠਦੀ ਹੈ। ਦਸਮੇਸ਼ ਗੁਰੂ ਜੀ ਦਾ ਇਹ ਪ੍ਰਸੰਗ ਲਿਖਣ ਦਾ ਕਾਰਨ ਵੀ ਇਹੋ ਸੀ। ਸਿੱਖ ਕੌਮ ਵਿਚ ਬੀਰ ਰਸ ਭਰਨਾ, ਪੁਰਾਤਨ ਤਿਆਰ-ਬਰ-ਤਿਆਰ ਸਿੰਘ ਗੁਰੂ ਕੇ ਕੀਰਤਨੀਏ ਗੁਰੂ ਕੀ ਹਜ਼ੂਰੀ ਵਿਚ ਅਤੇ ਖ਼ਾਲਸਾ ਪੰਥ ਦੇ ਜੰਗਾਂ ਯੁੱਧਾਂ ਦੇ ਸਮੇਂ ਇਸ ਤਰ੍ਹਾਂ ਦੀ ਬੀਰ ਰਸ ਭਰਪੂਰ ਬਾਣੀ ਦਾ ਕੀਰਤਨ ਕਰਿਆ ਕਰਦੇ ਸਨ।

*ਜਿਤੇਕ ਰੂਪ ਧਾਰੀਯੰ॥ ਤਿਤੇਕ ਦੇਬਿ ਮਾਰੀਯੰ॥*

*ਜਿਤੇਕ ਰੂਪ ਧਾਰਹੀਂ॥ ਤਿਤਿਓ ਦ੍ਰੁਗਾ ਸੰਘਾਰਹੀਂ॥ ੪੨॥ ੧੧੯॥*

ਯਥਾ :—

*ਸਬੈ ਦੇਵ ਹਰਖੇ॥ ਸੁਮਨ ਧਾਰ ਬਰਖੇ॥*

*ਰਕਤਬਿੰਦ ਮਾਰੇ॥ ਸਭੈ ਸੰਤ ਉਬਾਰੇ॥ ੪੫॥ ੧੨੨॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਇਸ ਧਿਆਇ ਵਿਚ ਕੁਲ ੪੫ ਪਉੜੀਆਂ ਭਾਵ ੪੫ ਛੰਦ ਵੱਖ-ਵੱਖ ਛੰਦਾਂ ਦੇ ਹਨ।

(ਚੌਥਾ ਧਿਆਇ ਸੰਪੂਰਨ॥ ੧੨੨॥)

ਪੰਜਵੇਂ ਅਧਿਆਇ ਵਿਚ ਕੁਲ ੩੪ ਛੰਦ ਹਨ। ਇਸ ਵਿਚ ਨਿਸੁੰਭ ਦਾ ਯੁੱਧ-ਵਰਣਨ ਹੈ। ਰਕਤਬੀਜ ਦੇ ਮਾਰੇ ਜਾਣ ਦੀ ਗੱਲ ਸੁਣ ਕੇ ਸੁੰਭ ਅਤੇ ਨਿਸੁੰਭ ਆਪਣੀ ਸੈਨਾ ਲੈ ਕੇ ਯੁੱਧ ਖੇਤਰ ਵਿਚ ਆ ਜਾਂਦੇ ਹਨ। ਆਪਣੀ ਹਾਰ ਵੇਖ ਕੇ ਸੁੰਭ ਬਹੁਤ ਕ੍ਰੋਧਿਤ ਹੋਇਆ ਅਤੇ ਦੁਰਗਾ ਨੂੰ ਬੰਨ੍ਹ ਲਿਆਉਣ ਲਈ ਆਪਣੇ ਭਰਾ ਨਿਸੁੰਭ ਨੂੰ ਆਦੇਸ਼ ਦਿੱਤਾ। ਨਿਸੁੰਭ ਆਪਣੀ ਵਿਸ਼ਾਲ ਸੈਨਾ ਸਹਿਤ ਯੁੱਧ-ਭੂਮੀ ਵੱਲ ਤੁਰ ਪਿਆ। ਸ਼ਿਵ ਨੇ ਇੰਦ੍ਰ ਨੂੰ ਸਲਾਹ ਕਰਨ ਲਈ ਬੁਲਾ ਲਿਆ ਅਤੇ ਦੁਰਗਾ ਦੀ ਜਿੱਤ ਦੇ ਉਪਾਅ ਸੋਚਣ ਲੱਗੇ। ਫ਼ੈਸਲਾ ਹੋਇਆ ਕਿ ਸਾਰੇ ਦੇਵਤੇ ਆਪਣੀਆਂ ਸ਼ਕਤੀਆਂ ਦੁਰਗਾ ਦੀ ਸਹਾਇਤਾ ਲਈ ਭੇਜਣ। ਉਨ੍ਹਾਂ ਦੀਆਂ ਸ਼ਕਤੀਆਂ ਪ੍ਰਾਪਤ ਕਰ ਕੇ ਦੁਰਗਾ ਅਤੇ ਸੁੰਭ ਨੇ ਖੂਬ ਯੁੱਧ ਕੀਤਾ। ਸਿੱਟੇ ਵਜੋਂ ਨਿਸੁੰਭ ਮਾਰਿਆ ਗਿਆ ਅਤੇ ਦੈਂਤ ਫ਼ੌਜ ਭੱਜ ਗਈ।

*ਨਿਸੁੰਭ ਸੁੰਭ ਕੋਪ ਕੈ॥ ਪਠਯੋ ਸੁ ਪਾਵ ਰੋਪ ਕੈ॥*

*ਕਹਯੋ ਕਿ ਸ਼ੀਘ੍ਰ ਜਾਈਯੋ॥ ਦ੍ਰੁਗਾਹਿ ਬਾਂਧ ਲਿਆਈਯੋ॥ ੧੯॥ ੧੪੦॥*

ਯਥਾ : ਕੰਪਜੋ ਸੁਰੇਸ਼॥ ਬੁੱਲਜੋ ਮਹੇਸ਼॥ ਕਿੱਨੋ ਬਿਚਾਰ॥ ਪੁੱਛੇ ਜੁਝਾਰ॥ ੨੧॥ ੧੪੩॥

ਤਥਾ : ਸੋਈ ਕਾਮ ਕੀਨ॥ ਦੇਵਨ ਪ੍ਰਬੀਨ॥ ਸ਼ਕਤੈ ਨਿਕਾਰ॥ ਭੇਜੀ ਅਪਾਰ॥ ੨੪॥ ੧੪੬॥

(ਅਥਵਾ) :—

ਨਿਸੁੰਭੰ ਸੰਘਾਰਜੋ॥ ਦਲੰ ਦੈਤ ਮਾਰਜੋ॥
ਸਭੈ ਦੁਸ਼ਟ ਭਾਜੇ॥ ਇਤੈ ਸਿੰਘ ਗਾਜੇ॥ ੩੩॥ ੧੫੫॥

ਇਸ ਧਿਆਇ ਦੇ ਕੁਲ ੨੪ ਬੰਦ ਹਨ।

(ਪੰਚਮ ਧਿਆਇ ਸੰਪੂਰਨ॥ ੧੫੬॥ )

ਛੇਵੇਂ ਅਧਿਆਇ ਵਿਚ ਸ਼ੁੰਭ ਦੇ ਵੱਧ ਦੀ ਕਥਾ ਦਰਜ ਹੈ। ਆਪਣੇ ਭਰਾ ਦੇ ਮਾਰੇ ਜਾਣ 'ਤੇ ਸੁੰਭ ਖ਼ੁਦ ਆਪਣੀ ਵਿਸ਼ਾਲ ਸੈਨਾ ਸਹਿਤ ਯੁੱਧ-ਭੂਮੀ ਵਿਚ ਆ ਪਹੁੰਚਦਾ ਹੈ। ਵਾਤਾਵਰਣ ਉੱਤੇ ਗੰਭੀਰ ਪ੍ਰਭਾਵ ਪੈਂਦਾ ਹੈ। ਘੋਰ ਯੁੱਧ ਵਿਚ ਮਾਰੀ ਗਈ ਆਪਣੀ ਵਿਸ਼ਾਲ ਸੈਨਾ ਦੇ ਮਾੜੇ ਹਾਲ ਨੂੰ ਵੇਖ ਕੇ ਸੁੰਭ ਸ਼ਿਵ ਦਾ ਧਿਆਨ ਧਰਦਾ ਹੈ। ਉਧਰ ਦੁਰਗਾ ਨੇ ਦੂਤੀ ਨੂੰ ਸ਼ਿਵ ਪਾਸ ਭੇਜਿਆ ਕਿ ਉਹ ਦੈਂਤ ਰਾਜੇ ਨੂੰ ਯੁੱਧ ਛੱਡਣ ਲਈ ਆਦੇਸ਼ ਦੇਵੇ। ਦੈਂਤ ਰਾਜਾ ਨੇ ਯੁੱਧ ਛੱਡਣੋਂ ਨਾਂਹ ਕਰ ਦਿੱਤੀ ਅਤੇ ਉਥੇ ਜਾ ਡਟਿਆ ਜਿੱਥੇ ਦੁਰਗਾ ਖੜੋਤੀ ਸੀ। ਘੋਰ ਯੁੱਧ ਉਪਰੰਤ ਸੁੰਭ ਮਾਰਿਆ ਗਿਆ।

ਲਘੁ ਭ੍ਰਾਤ ਜੁਝਯੋ ਸੁਨਿਯੋ ਸੁੰਭਰਾਯੰ॥
ਸਜੇ ਸ਼ਸਤ੍ਰ ਅਸਤ੍ਰੰ ਚੜਿਯੋ ਚਉਪ ਚਾਯੰ॥... ੧॥ ੧੫੭॥

ਇਸ ਧਿਆਇ ਵਿਚ ਵੀ ਕਮਾਲ ਦਾ ਬੀਰ ਰਸ ਭਰਪੂਰ ਵਰਣਨ ਹੈ, ਜੋ ਦਰਸ਼ਨ ਮਾਤਰ ਇਸ ਪ੍ਰਕਾਰ ਹੈ :

ਸੰਗੀਤ ਮਧੁਭਾਰ ਛੰਦ॥
ਕਾਗੜਦੰ ਕੜਾਕ॥ ਤਾਗੜਦੰ ਤੜਾਕ॥
ਸਾਗੜਦੰ ਸੁ ਬੀਰ॥ ਗਾਗੜਦੰ ਗਹੀਰ॥ ੧੦॥ ੧੬੬॥

(ਸ੍ਰੀ ਦਸਮ ਗ੍ਰੰਥ ਸਾਹਿਬ)

ਇਹ ਭੀ ਸਾਰੀ ਰਚਨਾ ਕੀਰਤਨ ਰੂਪ ਵਿਚ ਸ੍ਰੀ ਦਰਬਾਰ ਸਾਹਿਬ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵੀ ਵਿਖੇ ਗੁਰੂ ਕੇ ਕੀਰਤਨੀਏ ਗਾਇਨ ਕਰਦੇ ਹਨ।

ਸ਼ਿਵ ਦੂਤੀ ਇਤ ਦ੍ਰੁਗਾ ਬੁਲਾਈ॥ ਕਾਨ ਲਾਗ ਨੀਕੈ ਸਮੁਝਾਈ॥
ਸ਼ਿਵ ਕੋ ਭੇਜ ਦੀਜੀਐ ਤਹਾਂ॥ ਦੈਤ ਰਾਜ ਇਸਥਿਤ ਹੈ ਜਹਾਂ॥ ੩੯॥ ੧੯੫॥

ਯਥਾ :—

*ਜਿਮ ਸੁੰਭਾਸੁਰ ਕੋ ਹਨਾ ਅਧਿਕ ਕੋਪ ਕੈ ਕਾਲ॥*
*ਤਜੋਂ ਸਾਧਨ ਕੇ ਸ਼ਤ੍ਰੁ ਸਭ ਚਾਬਤ ਜਾਂਹਿ ਕਰਾਲ॥ ੬੩ ॥੨੧੯॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਇਸ ਧਿਆਇ ਦੇ ਕੁਲ ੬੩ ਬੰਦ ਹਨ।

(ਛੇਵਾਂ ਧਿਆਇ ਸੰਪੂਰਨ॥ ੨੧੯॥)

ਸੱਤਵੇਂ ਧਿਆਇ ਵਿਚ ਪ੍ਰਮੇਸ਼ਰ ਦੀ ਸ਼ਕਤੀ ਦੀ ਉਸਤਤੀ ਹੈ। ਇਸ ਨੂੰ ਜਿੱਤ ਦਾ ਤਿਲਕ ਵੀ ਦਿੱਤਾ ਗਿਆ ਹੈ। ਨਾਲ ਹੀ ਦੈਂਤ ਸੰਘਾਰੀ ਸਾਧੂ ਉਬਾਰੀ ਭਾਵ ਨੂੰ ਉਜਾਗਰ ਕੀਤਾ ਗਿਆ ਹੈ।

*ਜੈ ਸਬਦ ਦੇਵ ਪੁਕਾਰ ਹੀਂ॥ ਸਭ ਫੂਲ ਫੂਲਨ ਡਾਰ ਹੀਂ॥*
*ਘਨਸਾਰ ਕੁੰਕਮ ਲਜਾਇਕੈ॥ ਟੀਕਾ ਦੀਯੋ ਹਰਖਾਇਕੈ॥ ੧॥ ੨੨੦॥*
*ਉਸਤਤ ਸਭ ਹੂੰ ਕਰੀ ਅਪਾਰਾ॥ ਬ੍ਰਹਮ ਕਵਚ ਕੋ ਜਾਪ ਉਚਾਰਾ॥*
*ਸੰਤ ਸੰਬੂਹ ਪ੍ਰਫੁੱਲਤ ਭਏ॥ ਦੁਸ਼ਟ ਅਰਿਸ਼ਟ ਨਾਸ ਹ੍ਵੈ ਗਏ॥ ੨ ॥੨੨੧॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਇਸ ਧਿਆਇ ਦੇ ਕੁਲ ਬੰਦ ੩੭ ਹਨ ਭਾਵ ੩੭ ਪਉੜੀਆਂ ਹਨ।

(ਸੱਤਵਾਂ ਧਿਆਇ ਸੰਪੂਰਨ॥ ੨੫੬॥ )

ਛੇ ਛੰਦਾਂ ਦੇ ਅੱਠਵੇਂ ਅਧਿਆਇ ਵਿਚ ਚੰਡੀ ਦੀ ਉਸਤਤਿ ਦੇ ਨਾਲ ਇਸ ਚਰਿੱਤ੍ਰ-ਕਥਾ ਦਾ ਮਹਾਤਮ ਵੀ ਦੱਸਿਆ ਗਿਆ ਹੈ।

ਇਸ ਸਮੁੱਚੀ ਰਚਨਾ ਵਿਚ ਯੁੱਧ-ਵਰਣਨ ਵੀ ਬੜਾ ਸੁਭਾਵਿਕ, ਸਜੀਵ ਅਤੇ ਯੁੱਗ ਅਨੁਸਾਰੀ ਹੈ। ਇਸ ਰਚਨਾ ਨੂੰ ਖੰਡ-ਕਾਵਿ ਕਿਹਾ ਜਾ ਸਕਦਾ ਹੈ। ਇਸ ਵਿਚ ਬੀਰ ਰਸ ਦੀ ਪ੍ਰਧਾਨਤਾ ਹੈ। ਰੌਦ੍ਰ, ਭਿਆਨਕ ਅਤੇ ਵੀਭਤਸ ਰਸਾਂ ਦੀ ਹੋਂਦ ਵੀ ਮਿਲ ਜਾਂਦੀ ਹੈ। ਇਹ ਸ਼ਬਦ-ਸਿਰਜਨਾ ਯੁੱਧ ਦਾ ਵਰਣਨ ਪੈਦਾ ਕਰਨ ਵਿਚ ਸਹਾਇਕ ਹੋਈ ਹੈ। ਇਸ ਵਿਚ ਡੇਢ ਦਰਜਨ ਦੇ ਕਰੀਬ ਛੰਦਾਂ ਦੀ ਵਰਤੋਂ ਹੋਈ ਹੈ। ਪ੍ਰਧਾਨਤਾ ਭੁਜੰਗ ਪ੍ਰਯਾਤ ਛੰਦ ਦੀ ਹੈ। ਜੁੱਧ ਦੀ ਗਤਿ ਅਨੁਸਾਰ ਰਚਨਾ ਕਰਨ ਲਈ ਛੰਦਾਂ ਦੀ ਵਿਵਿਧਤਾ ਅਤੇ ਜਲਦੀ-ਜਲਦੀ ਛੰਦਾਂ ਵਿਚ ਪਰਿਵਰਤਨ ਲਿਆਂਦਾ ਗਿਆ ਹੈ। ਇਸ ਕਰ ਕੇ ੫੭ ਵਾਰ ਛੰਦ ਪਰਿਵਰਤਨ ਹੋਇਆ ਹੈ ਅਤੇ ਯੁੱਧ-ਭੂਮੀ ਦੇ ਯਥਾਰਥ ਦ੍ਰਿਸ਼ ਪੇਸ਼ ਹੋਏ ਹਨ।

*ਪੜੇ ਮੂੜ ਯਾਕੋ ਧਨੰ ਧਾਮ ਬਾਢੇ॥ ਸੁਨੈ ਸੂਮ ਸੋਫੀ ਲਰੈ ਜੁੱਧ ਗਾਢੇ॥*

(ਅਥਵਾ) :—

*ਜੇ ਜੇ ਤੁਮਰੇ ਧਿਆਨ ਕੋ ਨਿਤ ਉਠਿ ਧਿਐਹੈਂ ਸੰਤ॥*
*ਅੰਤ ਲਹੈਂਗੇ ਮੁਕਤਿ ਫਲੁ ਪਾਵਹਿੰਗੇ ਭਗਵੰਤ॥ ੬॥੨੬੨॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੧੧੯)

ਇਸ ਚੰਡੀ ਚਰਿੱਤ੍ਰ ਦੇ ਅਖ਼ੀਰ ਵਿਚ ਗੁਰਦੇਵ ਨੇ ਉਸ ਪ੍ਰਮਾਤਮਾ ਸ਼ਕਤੀ ਸਰੂਪ ਦੇ ਧਿਆਨ ਦੀ ਗੱਲ ਕੀਤੀ ਹੈ, ਜਿਸ ਸ਼ਕਤੀ ਸਰੂਪ ਦਾ ਜ਼ਿਕਰ ਹਜ਼ੂਰ ਨੇ ਇਸ ਤੋਂ ਅਗਲੀ ਰਚਨਾ ਦੇ ਆਦਿ ਵਿਚ ਇਸ ਤਰ੍ਹਾਂ ਕੀਤਾ ਹੈ :

*ਪ੍ਰਿਥਮ ਭਗੌਤੀ ਸਿਮਰਕੈ ਗੁਰ ਨਾਨਕ ਲਈਂ ਧਿਆਇ॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੧੧੯)

ਇਸ ਧਿਆਇ ਦੀਆਂ ਕੁਲ ੬ ਪਉੜੀਆਂ ਹਨ।

(ਅੱਠਵਾਂ ਧਿਆਇ ਸੰਪੂਰਨ॥੨੬੨॥ )

॥ ਦੂਸਰਾ ਚੰਡੀ ਚਰਿੱਤ੍ਰ ਸਮਾਪਤੰ॥

❑

# ਚੰਡੀ ਦੀ ਵਾਰ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ॥

ਸ੍ਰੀ ਭਗਉਤੀ ਜੀ ਸਹਾਇ॥

ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ ੧੦॥

ਪੰਜਾਬੀ ਵਿਚ ਸ੍ਰੀ ਦਸਮੇਸ਼ ਜੀ ਦੀ ਇੱਕੋ ਇਕ ੫੫ ਛੰਦਾਂ ਦੀ ਰਚਨਾ 'ਵਾਰ ਦੁਰਗਾ ਕੀ' ਹੈ, ਜਿਸ ਦੇ ਜੰਗੀ ਬਿਗਲ ਦੀ ਪ੍ਰਭਾਵਸ਼ਾਲੀ ਧੁਨ ਦੇ ਮਸਤਾਨੇ ਕੀਤੇ ਨਿਹੰਗ ਸਿੰਘ ਅੱਜ ਵੀ ਨਿਰਭੈ ਤੇ ਤਿਆਰ-ਬਰ-ਤਿਆਰ ਨਜ਼ਰ ਆਉਂਦੇ ਹਨ। ਇਸ ਵਿਚ ਗੁਰੂ ਸਾਹਿਬ ਨੇ ਚੰਡੀ ਦੇਵੀ ਦੀ ਦੈਂਤਾਂ ਉੱਤੇ ਵਿਜਯ ਦਾ ਸੁੰਦਰ ਵਰਣਨ ਕੀਤਾ ਹੈ ਅਤੇ ਦੇਵੀ ਨਾਲ ਜੁੱਧ ਕਰਨ ਵਾਲੇ ਦੈਂਤ ਮਹਿਖਾਸੁਰ, ਧੂਮ੍ਰ ਲੋਚਨ, ਚੰਡ, ਮੁੰਡ, ਸ੍ਰੋਣਬੀਜ ਤੇ ਸ਼ੁੰਭ, ਨਿਸ਼ੁੰਭ ਆਦਿ ਹਨ। ਇਹਨਾਂ ਨੂੰ ਮਾਰ ਕੇ ਦੇਵੀ ਇੰਦਰ ਨੂੰ ਰਾਜ ਦਿਵਾਉਂਦੀ ਹੈ। ਇਕ ਸੁੰਦਰੀ ਦਾ ਸੰਗਰਾਮੀਏ ਰੂਪ ਵਿਚ ਜਿੱਤਾਂ ਜਿੱਤਣੀਆਂ ਦਿਖਾਉਣ ਤੋਂ ਮਕਸਦ, ਉਹਨਾਂ ਦਾ ਇਹੋ ਦੱਸਣਾ ਸੀ ਕਿ ਇਕ ਅਬਲਾ ਆਖੀ ਜਾਣ ਵਾਲੀ ਇਸਤਰੀ ਜੇ ਬੀਰੰਗਨਾ ਬਣ ਕੇ ਧਰਮ-ਯੁੱਧ ਦੇ ਚਾਉ ਨਾਲ ਜੂਝੇ ਤਾਂ ਉਹ ਵੱਡੇ-ਵੱਡੇ ਅਭਿਮਾਨੀ ਦੈਂਤਾਂ ਨੂੰ ਪਛਾੜ ਕੇ ਇੰਦਰ ਵਰਗੇ ਦੇਵਤੇ ਨੂੰ ਜਿੱਤ ਦਿਵਾ ਸਕਦੀ ਹੈ।

ਇਸ ਲਈ ਮਰਦਾਂ ਨੂੰ ਇਸ ਤੋਂ ਸਬਕ ਲੈ ਕੇ ਆਪਣੇ ਆਪ ਅੰਦਰ ਬੀਰਤਾ, ਸਾਹਸ ਤੇ ਸਵੈਮਾਨ ਜੇਹੇ ਉੱਤਮ ਗੁਣ ਪੈਦਾ ਕਰਨੇ ਚਾਹੀਦੇ ਹਨ। ਕੁਝ ਲੋਕਾਂ ਨੂੰ ਇਹ ਵੀ ਭੁਲੇਖਾ ਹੈ ਕਿ ਗੁਰੂ ਸਾਹਿਬ ਦੇਵੀ ਦੇ ਪੁਜਾਰੀ ਸਨ, ਇਸ ਕਰ ਕੇ ਉਹਨਾਂ ਇਹ ਵਾਰ ਲਿਖੀ। ਉਹ ਲੋਕ ਇਹ ਨਹੀਂ ਜਾਣਦੇ ਕਿ ਉਹ ਉਪਾਸ਼ਕ ਤਾਂ ਕੇਵਲ ਪ੍ਰਭੂ ਦੀ ਮਹਾਨ ਸ਼ਕਤੀ ਦੇ ਹੀ ਸਨ, ਜਿਸ ਨੂੰ ਭਗਉਤੀ, ਖੜਗ, ਤੇਗ਼, ਕਾਲ ਜਾਂ ਅਸਿਧੁਜ ਆਦਿ ਵੀ ਆਖਿਆ ਹੈ। "ਪ੍ਰਿਥਮ ਭਗਉਤੀ ਸਿਮਰ ਕੈ" ਵਿਚ ਉਹ ਇਸੇ ਰੱਬੀ ਸ਼ਕਤੀ ਨੂੰ ਧਿਆਉਂਦੇ ਹਨ, ਜੋ ਪਹਿਲੇ ਖੰਡਾ ਕਾਲ ਰੂਪ ਧਾਰਦਾ ਤੇ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ ਤੇ ਇਸੇ ਮਹਾਨ ਸੱਤਾ ਬਾਰੇ ਉਹ ਅੱਗੇ ਜਾ ਕੇ ਕਹਿੰਦੇ ਹਨ ਕਿ ਤੇਰੇ ਬਲ ਨਾਲ ਹੀ ਰਾਮ, ਕ੍ਰਿਸ਼ਨ ਆਦਿ ਅਵਤਾਰਾਂ ਨੇ ਜਿੱਤ ਪਾਈ ਤੇ ਤੇਰੇ ਬਲ ਨਾਲ ਹੀ ਇਸ ਦੁਰਗਾ ਨੇ ਦੈਂਤਾਂ ਦਾ ਨਾਸ਼ ਕੀਤਾ ਹੈ। ਸ਼ਬਦ ਸਾਫ਼ ਹਨ :

*ਖੰਡਾ ਪ੍ਰਿਥਮੈ ਸਾਜਿਕੈ ਜਿਨ ਸਭ ਸੈਸਾਰੁ ਉਪਾਇਆ॥*

*ਬ੍ਰਹਮਾ ਬਿਸ਼ਨ ਮਹੇਸ਼ ਸਾਜਿ ਕੁਦਰਤਿ ਦਾ ਖੇਲੁ ਰਚਾਇ ਬਣਾਇਆ॥*

*ਸਿੰਧ ਪਰਬਤ ਮੇਦਨੀ ਬਿਨੁ ਥੰਮ੍ਹਾ ਗਗਨਿ ਰਹਾਇਆ॥*
*ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ॥*
*ਤੈ ਹੀ ਦੁਰਗਾ ਸਾਜਿ ਕੈ ਦੈਤਾ ਦਾ ਨਾਸੁ ਕਰਾਇਆ॥*
*ਤੈਥੋਂ ਹੀ ਬਲੁ ਰਾਮ ਲੈ ਨਾਲ ਬਾਣਾ ਦਹਸਿਰੁ ਘਾਇਆ॥*
*ਤੈਥੋਂ ਹੀ ਬਲੁ ਕ੍ਰਿਸਨ ਲੈ ਕੰਸੁ ਕੇਸੀ ਪਕੜਿ ਗਿਰਾਇਆ॥*
*ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ॥*
*ਕਿਨੀ ਤੇਰਾ ਅੰਤੁ ਨ ਪਾਇਆ॥ ੨॥* (ਸ੍ਰੀ ਦਸਮ ਗ੍ਰੰਥ ਸਾਹਿਬ)

ਇਸ ਤੋਂ ਜ਼ਾਹਰ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਇਸ਼ਟ ਉਹ ਹੈ ਜੋ ਸਾਰੀਆਂ ਸ਼ਕਤੀਆਂ ਦਾ ਸੋਮਾ ਤੇ ਸਭ ਪੀਰਾਂ, ਅਵਤਾਰਾਂ ਨੂੰ ਤਾਕਤਾਂ ਬਖ਼ਸ਼ਣ ਵਾਲਾ ਹੈ।

ਮਹਾਨ ਦੈਵੀ ਸ਼ਕਤੀ ਭਗਉਤੀ ਹੈ, ਚੰਡੀ ਨਹੀਂ ਤੇ ਨਾ ਹੀ ਦੁਰਗਾ ਜਾਂ ਭਵਾਨੀ ਹੈ, ਇਹ ਤਾਂ ਉਸ ਦੀਆਂ ਦਾਸੀਆਂ ਹਨ।

*ਅਨਹਦ ਰੂਪ ਅਨਾਹਦ ਬਾਨੀ॥ ਚਰਨ ਸਰਨ ਜਿਹ ਬਸਤ ਭਵਾਨੀ॥*

(ਅਕਾਲ ਉਸਤਤਿ)

ਆਮ ਤੌਰ 'ਤੇ ਇਸ ਵਾਰ ਦਾ ਨਾਮ ਚੰਡੀ ਦੀ ਵਾਰ ਪ੍ਰਸਿੱਧ ਹੋ ਗਿਆ ਹੈ ਜਾਂ ਫਿਰ 'ਵਾਰ ਭਗਉਤੀ ਜੀ ਕੀ' ਵੀ ਕਿਹਾ ਜਾਂਦਾ ਹੈ। ਜਿਸ ਤਰ੍ਹਾਂ ਹਜ਼ੂਰ ਦਾ ਹੁਕਮ ਹੈ :

*ਨਮਸ਼ਕਾਰ ਸ੍ਰੀ ਖੜਗ ਕੌ ਕਰਉ ਸੁ ਹਿਤ ਚਿਤ ਲਾਇ॥*

ਇਥੇ ਖੜਗ ਦਾ ਅਰਥ ਤਲਵਾਰ ਨਹੀਂ, ਅਕਾਲ ਸ਼ਕਤੀ ਹੈ। ਇਵੇਂ 'ਵਾਰ ਦੁਰਗਾ ਕੀ' ਦੇ ਅਰੰਭ ਵਿਚ ਜੋ 'ਪ੍ਰਿਥਮ ਭਗਉਤੀ ਸਿਮਰਕੈ' ਪਾਠ ਹੈ, ਇਥੇ ਭਗਉਤੀ ਦਾ ਅਰਥ ਦੇਵੀ ਨਹੀਂ, ਸਗੋਂ ਤਲਵਾਰ ਹੈ ਤੇ ਤਲਵਾਰ ਤੋਂ ਭਾਵ ਅਕਾਲ ਸ਼ਕਤੀ ਹੈ। ਇਹ ਸ਼ਬਦ ਗੁਰੂ ਜੀ ਨੇ ਕੇਵਲ ਇਥੇ ਹੀ ਇਉਂ ਨਹੀਂ ਵਰਤਿਆ, ਸਗੋਂ ਹੋਰ ਵੀ ਕਈ ਥਾਂ 'ਸ੍ਰੀ ਭਗਉਤੀ ਜੀ ਸਹਾਇ' ਕਹਿ ਕੇ ਪਰਮੇਸ਼ਰ ਦਾ ਮੰਗਲ ਕੀਤਾ ਹੈ। ਇਕ ਹੋਰ ਪੱਖ ਤੋਂ ਵੀ ਇਸ ਦਾ ਵਿਚਾਰ ਧਿਆਨ ਯੋਗ ਹੈ, ਪੁਰਾਣੇ ਸੰਸਕ੍ਰਿਤ ਸਾਹਿਤ ਵਿਚ 'ਭਗਵਤ' ਸ਼ਬਦ ਪਰਮੇਸ਼ਰ ਦੇ ਅਰਥਾਂ ਵਿਚ ਪ੍ਰਸਿੱਧ ਹੈ ਤੇ ਹਿੰਦੀ ਵਿਚ ਵੀ ਐਸਾ ਹੀ ਹੈ ਤੇ ਗੁਰੂ ਸਾਹਿਬ ਨੇ ਇਸ ਦੀ ਵਰਤੋਂ ਵੀ ਕੀਤੀ ਹੈ :

*ਪ੍ਰਿਥਮ ਧਰੋ ਭਗਵਤ ਕੌ ਧਿਆਨਾ॥*
*ਬਹੁਰ ਕਰਹੁ ਕਵਿਤਾ ਬਿਧਿ ਨਾਨਾ॥* (ਸ੍ਰੀ ਦਸਮ ਗ੍ਰੰਥ ਸਾਹਿਬ)

ਇਸੇ ਭਗਵਤ ਦਾ ਇਸਤਰੀਲਿੰਗ ਰੂਪ 'ਭਗਵਤੀ' ਤੇ 'ਭਗਉਤੀ' ਹੈ, ਮੁਰਾਦ ਮਹਾਨ ਚੇਤਨ ਸ਼ਕਤੀ ਤੋਂ ਹੀ ਹੈ ਜੋ ਕਿ ਦੁਰਗਾ ਵਰਗੀਆਂ ਅਨੇਕਾਂ ਦੇਵੀਆਂ ਤੇ ਦੇਵਤੇ ਪੈਦਾ ਕਰ

ਸਕਦੀ ਹੈ। ਸੋ ਇਸ ਭੇਦ ਨੂੰ ਧਿਆਨ ਗੋਚਰਾ ਕਰਨਾ ਜ਼ਰੂਰੀ ਹੈ ਕਿ ਚੰਡੀ ਜਾਂ ਦੁਰਗਾ ਤਾਂ ਦੇਵੀ ਹੀ ਹੈ, ਜਿਸ ਨੇ ਦੈਂਤਾਂ ਨੂੰ ਹਰਾਇਆ ਪਰੰਤੂ ਭਗਉਤੀ ਉਸ ਤੋਂ ਬਹੁਤ ਵਡੇਰੀ ਮਹਾਂ ਸ਼ਕਤੀ ਹੈ, ਜਿਸ ਦੇ ਇਹ ਦੇਵੀ ਦੇਵਤੇ ਸਭ ਪਾਣੀਹਾਰ ਹਨ। ਇਸ ਗੱਲ ਨੂੰ ਵਾਰ ਦੀ ਦੂਜੀ ਪਉੜੀ ਵਿਚ ਗੁਰੂ ਸਾਹਿਬ ਨੇ ਆਪ ਹੀ ਸਪੱਸ਼ਟ ਕੀਤਾ ਹੈ :—

*ਤੈ ਹੀ ਦੁਰਗਾ ਸਾਜ ਕੈ, ਦੈਤਾਂ ਦਾ ਨਾਸੁ ਕਰਾਇਆ॥*

ਸੋ ਗੁਰੂ ਸੰਕੇਤਾਵਲੀ ਵਿਚ ਦੁਰਗਾ ਤੇ ਭਗਉਤੀ ਵੱਖ-ਵੱਖ ਹਨ। ਇਹਨਾਂ ਨੂੰ ਇਕ ਸਮਝਣਾ ਭੁੱਲ ਹੈ। ਇਹ ਠੀਕ ਹੈ ਕਿ ਦੁਰਗਾ ਵੀ ਉਸੇ ਅਨੰਤ ਸ਼ਕਤੀ ਦੀ ਕਿਰਣ ਹੈ, ਪਰ ਪੂਰਨ ਅਨੰਤ ਸ਼ਕਤੀ ਨਹੀਂ। ਗੁਰੂ ਸਾਹਿਬ ਤੇ ਆਮ ਲੋਕਾਂ ਦੇ ਦ੍ਰਿਸ਼ਟੀਕੋਣ ਵਿਚ ਇਹੋ ਭੇਦ ਸੀ। ਜਿਨ੍ਹਾਂ ਇਹ ਭੇਦ ਨਹੀਂ ਜਾਣਿਆ, ਉਨ੍ਹਾਂ ਨੂੰ 'ਪ੍ਰਿਥਮ ਭਗਉਤੀ ਸਿਮਰਕੈ' ਦੇ ਸਹੀ ਅਰਥ ਸਮਝਣ ਵਿਚ ਕਾਫ਼ੀ ਔਖ ਹੋਈ ਹੈ।

ਪਹਿਲੀ ਪਉੜੀ ਮੰਗਲਾਚਰਣ ਵਜੋਂ ਹੈ ਅਤੇ ਗੁਰਸਿੱਖ ਖ਼ਾਲਸਾ ਪੰਥ ਦੀ ਨਿੱਤ ਕੀਤੀ ਜਾਣ ਵਾਲੀ ਅਰਦਾਸ ਦਾ ਆਰੰਭਿਕ ਭਾਗ ਹੈ :

*ਪ੍ਰਿਥਮ ਭਗੌਤੀ ਸਿਮਰ ਕੈ ਗੁਰ ਨਾਨਕ ਲਈਂ ਧਿਆਇ॥*<br>
*ਫਿਰ ਅੰਗਦ ਗੁਰ ਤੇ ਅਮਰਦਾਸ ਰਾਮਦਾਸੈ ਹੋਈਂ ਸਹਾਇ॥*<br>
*ਅਰਜਨ ਹਰਿਗੋਬਿੰਦ ਨੂੰ ਸਿਮਰੌ ਸ੍ਰੀ ਹਰਿਰਾਇ॥*<br>
*ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੇ ਸਭ ਦੁਖ ਜਾਇ॥*<br>
*ਤੇਗ ਬਹਾਦਰ ਸਿਮਰਿਐ ਘਰ ਨਉਨਿਧਿ ਆਵੈ ਧਾਇ॥*<br>
*ਸਭ ਥਾਈਂ ਹੋਇ ਸਹਾਇ॥ ੧॥* (ਸ੍ਰੀ ਦਸਮ ਗ੍ਰੰਥ ਸਾਹਿਬ)

ਇਸ ਦੀ ਦੂਜੀ ਪਉੜੀ ਵਿਚ ਪਰਮ ਸੱਤਾ ਨੂੰ ਸੰਬੋਧਿਤ ਕਰਦਿਆਂ ਕਿਹਾ ਗਿਆ ਹੈ ਕਿ ਪਹਿਲਾਂ ਖੰਡੇ (ਸ਼ਕਤੀ) ਦੀ ਸਿਰਜਨਾ ਹੋਈ ਅਤੇ ਫਿਰ ਉਸ ਤੋਂ ਸਾਰੇ ਸੰਸਾਰ ਦੀ ਰਚਨਾ ਹੋਈ। ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਨੂੰ ਸਿਰਜ ਕੇ ਫਿਰ ਕੁਦਰਤ ਦੀ ਲੀਲ੍ਹਾ ਰਚ ਦਿੱਤੀ। ਤਦ ਉਪਰੰਤ ਸਮੁੰਦਰ, ਪਹਾੜ, ਧਰਤੀ ਬਣਾ ਕੇ ਬਿਨਾਂ ਥੰਮ੍ਹਾਂ ਦੇ ਆਕਾਸ਼ ਨੂੰ ਟਿਕਾਇਆ ਗਿਆ। ਫਿਰ ਦੇਵਤੇ ਅਤੇ ਦੈਂਤ ਪੈਦਾ ਕੀਤੇ ਅਤੇ ਉਨ੍ਹਾਂ ਵਿਚ ਪਰਸਪਰ ਵੈਰ ਵਿਰੋਧ ਚਲ ਪਿਆ। ਤੂੰ ਹੀ ਦੁਰਗਾ ਨੂੰ ਪੈਦਾ ਕਰ ਕੇ ਦੈਂਤਾਂ ਦਾ ਨਾਸ਼ ਕੀਤਾ। ਤੇਰੇ ਤੋਂ ਹੀ ਰਾਮ ਚੰਦਰ ਨੇ ਬਲ ਪ੍ਰਾਪਤ ਕਰ ਕੇ ਰਾਵਣ ਨੂੰ ਤੀਰਾਂ ਨਾਲ ਮਾਰ ਦਿੱਤਾ। ਤੇਰੇ ਤੋਂ ਹੀ ਸ਼ਕਤੀ ਲੈ ਕੇ ਕ੍ਰਿਸ਼ਨ ਨੇ ਕੰਸ ਅਤੇ ਕੇਸੀ ਦੈਂਤ ਨੂੰ ਖ਼ਤਮ ਕੀਤਾ। ਵੱਡੇ-ਵੱਡੇ ਮੁਨੀਆਂ ਅਤੇ ਦੇਵਤਿਆਂ ਨੇ ਕਈ ਯੁੱਗਾਂ ਤੱਕ ਆਪਣੇ ਤਨ ਨੂੰ ਤਪੱਸਿਆ ਵਿਚ ਤਪਾਇਆ, ਪਰ ਕੋਈ ਵੀ ਪਰਮ ਸੱਤਾ ਦੇ ਭੇਦ ਨੂੰ ਨਹੀਂ ਪਾ ਸਕਿਆ।

ਤੀਜੀ ਪਉੜੀ ਵਿਚ ਮਹਿਖਾਸੁਰ ਦੀ ਉੱਤਪਤੀ ਅਤੇ ਉਸ ਦਾ ਦੇਵਤਿਆਂ ਨੂੰ ਜਿੱਤਣਾ ਅਤੇ ਇੰਦ੍ਰ ਨੂੰ ਆਪਣੀ ਰਾਜਧਾਨੀ ਤੋਂ ਬਾਹਰ ਕੱਢਣਾ, ਇੰਦ੍ਰ ਦਾ ਸਹਾਇਤਾ ਲਈ ਦੇਵੀ ਪਾਸ ਆਉਣਾ ਆਦਿ ਘਟਨਾਵਾਂ ਦਾ ਵਰਣਨ ਹੋਇਆ ਹੈ। ਚੌਥੀ ਪਉੜੀ ਵਿਚ ਨਹਾਉਣ ਨੂੰ ਨਿਕਲੀ ਦੇਵੀ ਨਾਲ ਇੰਦ੍ਰ ਦੀ ਮੁਲਾਕਾਤ, ਇੰਦ੍ਰ ਦੁਆਰਾ ਆਪਣੀ ਬਿਪਤਾ ਦਾ ਵਰਣਨ ਅਤੇ ਦੇਵੀ ਦੀ ਸ਼ਰਣ ਵਿਚ ਆਉਣ ਦੀਆਂ ਗੱਲਾਂ ਚਿਤਰਿਤ ਹਨ। ਪੰਜਵੀਂ ਪਉੜੀ ਵਿਚ ਦੁਰਗਾ ਦਾ ਪ੍ਰਤਿਕਰਮ ਵਰਣਿਤ ਹੈ। ਉਹ ਬਹੁਤ ਗੁੱਸੇ ਵਿਚ ਆ ਗਈ ਅਤੇ ਦੇਵਤਿਆਂ ਨੂੰ ਤਸੱਲੀ ਦਿੰਦੀ ਹੋਈ ਰਾਖਸ਼ਾਂ ਨੂੰ ਮਾਰਨ ਲਈ ਤਿਆਰ ਹੋ ਗਈ।

ਮਹਿਖਾਸੁਰ ਦੀ ਵੰਗਾਰ ਵੀ ਸੁਣਨ ਵਾਲੀ ਹੈ ਜੋ ਇਹ ਕਹਿੰਦਾ ਹੈ ਕਿ ਮੈਂ ਤਾਂ ਇੰਦਰ ਵਰਗੇ ਭਜਾ ਦਿੱਤੇ, ਇਹ ਦੇਵੀ ਵਿਚਾਰੀ ਕੀ ਹੈ :

*ਉਮਲ ਲੱਥੇ ਜੋਧੇ ਮਾਰੂ ਬੱਜਿਆ॥*
*ਬੱਦਲ ਜਿਉ ਮਹਿਖਾਸੁਰ ਰਣ ਵਿਚਿ ਗੱਜਿਆ॥*
*ਇੰਦਰ ਜੇਹਾ ਜੋਧਾ ਮੈਥੋਂ ਭੱਜਿਆ॥*
*ਕਉਣੁ ਵਿਚਾਰੀ ਦੁਰਗਾ ਜਿਨ ਰਣੁ ਸੱਜਿਆ॥ ੧੬॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਇਸ ਤਰ੍ਹਾਂ ਪ੍ਰਤਿਨਾਇਕ ਦੇ ਬਲ ਨੂੰ ਵੱਡਾ ਦਿਖਾ ਕੇ ਫਿਰ ਆਪਣੀ ਨਾਇਕਾ ਦਾ ਹੱਥ ਉੱਤੇ ਦਿਖਾਉਣਾ ਵਾਰਕਾਰ ਦੀ ਕਲਾਕਾਰੀ ਹੈ। ਵੱਡੀ ਖੂਬੀ ਅਲੰਕਾਰ ਮਾਲਾ ਦੀ ਹੈ, ਜੋ ਜੁੱਧ ਦੇ ਚਿਤਰਾਂ ਨੂੰ ਪੂਰੇ ਠਾਠ ਨਾਲ ਚਿਤ੍ਰਿਤ ਕਰਦੀ ਜਾਂਦੀ ਹੈ। ਜਦ ਮਹਿਖਾਸੁਰ ਦੇ ਸਿਰ ਵਿਚ ਚੰਡੀ ਨੇ ਤੇਗ਼ ਮਾਰੀ ਤਾਂ ਉਹ ਖੋਪਰ ਨੂੰ ਚੂਰ-ਚੂਰ ਕਰਦੀ ਘੋੜੇ, ਕਾਠੀ ਤੇ ਅੱਗੇ ਧਰਤੀ ਨੂੰ ਚੀਰਦੀ ਫੇਰ ਧੌਲ ਦੇ ਸਿੰਗਾਂ ਤੋਂ ਵੀ ਅੱਗੇ ਕੱਛੂ ਦੇ ਸਿਰ 'ਤੇ ਜਾ ਵੱਜਦੀ ਹੈ।

ਖ਼ੂਨ ਦੇ ਪਰਨਾਲੇ ਇਉਂ ਵਹਿੰਦੇ ਹਨ ਜਿਵੇਂ ਪਹਾੜ ਤੋਂ ਮੀਂਹ ਕਾਰਨ ਬਰਸਾਤੀ ਨਾਲਿਆਂ ਦਾ ਲਾਲ ਪਾਣੀ ਵਗਦਾ ਹੁੰਦਾ ਹੈ ਜਾਂ ਸ਼ਿਵਾ ਦੀ ਜਟਾ ਵਿਚੋਂ ਗੰਗਾ। ਦੈਂਤਾਂ ਦੇ ਅੰਗ ਇਉਂ ਵੱਢੇ ਟੁਕੇ ਪਏ ਹਨ ਜਿਵੇਂ ਤਰਖਾਣ ਦੇ ਪਾਏ ਮੋਛੇ ਸੁੱਟੇ ਹੁੰਦੇ ਹਨ। ਬਰਛੀ ਮਾਰ-ਮਾਰ ਕੇ ਚੰਡੀ ਨੇ ਦੈਂਤਾਂ ਦੇ ਰੱਕੜੇ ਇਉਂ ਪਰੋ ਲਏ ਹਨ ਜਿਵੇਂ ਔਲਿਆਂ ਲੱਦੀ ਟਾਹਣੀ ਜਾਂ ਹਲਵਾਈ ਦੀ ਵੜੇ ਪਰੋਤੀ ਸੀਖ। ਤੇਗਾਂ ਬੱਦਲਾਂ ਵਿਚ ਇਉਂ ਲਿਸ਼ਕਦੀਆਂ ਹਨ ਜਿਵੇਂ ਬਿਜਲੀ। ਜ਼ਖ਼ਮੀ ਰਾਖਸ਼ ਇਉਂ ਲਿਟਦੇ ਫਿਰਦੇ ਹਨ ਜਿਵੇਂ ਮਦਮਸਤ ਸ਼ਰਾਬੀ। ਦੁਰਗਾ ਦੀ ਲਹੂ-ਲਿਬੜੀ ਸੂਹੀ ਤਲਵਾਰ ਇਉਂ ਜਾਪਦੀ ਹੈ ਜਿਵੇਂ ਕੋਈ ਸ਼ਹਿਜ਼ਾਦੀ ਸੂਹੀ ਸਾੜ੍ਹੀ ਪਾ ਕੇ ਆਈ ਹੋਵੇ। ਸੰਜੋਆਂ ਉੱਤੇ ਤੇਗਾਂ ਲੱਗਣ ਨਾਲ ਇਉਂ ਖੜਕਾਰ ਹੁੰਦਾ ਹੈ ਜਿਵੇਂ ਕਿਧਰੇ ਠਠਿਆਰ ਭਾਂਡੇ ਘੜ ਰਹੇ ਹੋਣ। ਘੋੜਿਆਂ ਦੀ ਅਸਮਾਨੀਂ ਚੜ੍ਹਦੀ ਧੂੜ ਇਉਂ ਲੱਗਦੀ ਹੈ ਜਿਵੇਂ ਧਰਤੀ ਇੰਦਰ ਪਾਸ ਪੁਕਾਰ ਕਰਨ ਜਾ ਰਹੀ ਹੋਵੇ। ਵੱਡੇ-ਵੱਡੇ ਦੈਂਤ ਇਉਂ ਦਿੱਸਦੇ ਹਨ ਜਿਵੇਂ

ਉੱਚੇ ਮੁਨਾਰੇ 'ਤੇ ਦੁਰਗਾ ਬਿਜਲੀ ਵਾਂਗ ਪੈ ਕੇ ਇਹਨਾਂ ਮੁਨਾਰਿਆਂ ਨੂੰ ਢਾਹੁੰਦੀ ਜਾਂਦੀ ਹੈ। ਸੂਰਮੇ ਰਣ-ਭੂਮੀ ਵਿਚ ਇਉਂ ਨਚਦੇ ਫਿਰਦੇ ਹਨ ਜਿਵੇਂ ਨਟ ਬਾਜ਼ੀਆਂ ਪਾ ਰਹੇ ਹੋਣ ਜਾਂ ਪੋਸਤੀ ਪੋਸਤ ਪੀ ਕੇ ਲਟਬੌਰੇ ਹੋਣ। ਜੋਧਿਆਂ ਦੇ ਲਹੂ ਲਿਬੜੇ ਬਾਣੇ ਇਸ ਤਰ੍ਹਾਂ ਲੱਗਦੇ ਹਨ ਜਿਵੇਂ ਬਾਗ਼ਾਂ ਵਿਚ ਖਿੜੇ ਲਾਲ-ਲਾਲ ਫੁੱਲ।

ਸ੍ਰੋਣਤਬੀਜ ਦੇ ਦੁਆਲੇ ਹੂਰਾਂ ਇਉਂ ਝੁਰਮਟ ਪਾ ਰਹੀਆਂ ਹਨ ਜਿਵੇਂ ਲਾੜੇ ਦੁਆਲੇ ਲਾੜੀਆਂ।

ਮਾਰੇ ਗਏ ਬੀਰਾਂ ਦੀਆਂ ਲਾਸ਼ਾਂ ਇਉਂ ਪਈਆਂ ਹਨ ਜਿਵੇਂ ਕੋਈ ਹੋਲੀ ਖੇਡ ਕੇ ਥੱਕ ਕੇ ਸੌਂ ਗਏ ਹੋਣ ਜਾਂ ਫਿਰ ਸੂਰਮੇਂ ਭੰਗਾਂ ਪੀ ਕੇ ਪਏ ਹੋਣ। ਇਹ ਬੀਰ-ਝਾਕੀਆਂ ਐਸੀਆਂ ਹਨ, ਜਿਸ ਨੂੰ ਵੇਖਣ ਲਈ ਫ਼ਰਿਸ਼ਤੇ ਵੀ ਅਸਮਾਨੋਂ ਉਤਰ ਕੇ ਆ ਰਹੇ ਹਨ।

ਇਹ ਸਾਰਾ ਵਰਣਨ ਤੀਰਾਂ, ਤਲਵਾਰਾਂ, ਖੰਡੇ, ਬਰਛੀਆਂ ਦੀ ਛਣਕਾਰ ਨਾਲ ਤੇ ਢੋਲ ਧੌਂਸਿਆਂ ਦੀ ਧੁੰਕਾਰ ਨਾਲ ਗੂੰਜਦਾ ਸੁਣਾਈ ਦਿੰਦਾ ਹੈ ਤੇ ਗੁਰੂ ਸਾਹਿਬ ਦੀ ਬਲਵਾਨ ਬੋਲੀ ਦਾ ਹਿੱਸਾ ਉਸੇ ਤਰ੍ਹਾਂ ਦਾ ਹੈ ਜਿਵੇਂ ਜੰਗ ਵਿਚ ਗਰਜਦੇ ਨਗਾਰਿਆਂ ਦਾ। ਇਸ ਬਾਰੇ ਬਹੁਤਾ ਕਹਿਣ ਦੀ ਲੋੜ ਨਹੀਂ, ਦੋ ਚਾਰ ਪਉੜੀਆਂ ਪੜ੍ਹ ਕੇ ਡੌਲੇ ਫਰਕਣ ਲੱਗ ਪੈਂਦੇ ਹਨ ਤੇ ਦੁਰਗਾ ਦਾ ਜਗਮਗਾਉਂਦਾ ਜਲਾਲ ਸਾਹਮਣੇ ਮੂਰਤੀਮਾਨ ਆ ਹੁੰਦਾ ਹੈ। ਮਿਸਾਲ ਲਈ ਇਕ ਪਉੜੀ ਦਿੰਦੇ ਹਾਂ :

*ਜੰਗ ਮੁਸਾਫਾ ਬੱਜਿਆ, ਰਣ ਘੁਰੇ ਨਗਾਰੇ ਚਾਵਲੇ॥*
*ਝੂਲਨ ਨੇਜੇ ਬੈਰਕਾਂ, ਨੀਸਾਣ ਲਸਨਿ ਲਸਾਵਲੇ॥*
*ਢੋਲ ਨਗਾਰੇ ਪਉਣ ਦੇ, ਊਂਘਨ ਜਾਣੁ ਜਟਾਵਲੇ॥*
*ਦੁਰਗਾ ਦਾਨੋ ਡਹੇ ਰਣ, ਨਾਦ ਵੱਜਨਿ ਖੇਤ ਭੀਹਾਵਲੇ॥*
*ਬੀਰ ਪਰੋਤੇ ਬਰਛੀਏ, ਜਣੁ ਡਾਲ ਚਮੁੱਟੇ ਆਂਵਲੇ॥*
*ਇਕ ਵੱਢੇ ਤੇਗੀ ਤੜਫੀਅਨ, ਮਦ ਪੀਤੇ ਲੋਟਨਿ ਬਾਵਲੇ॥*
*ਇਕ ਚੁਣਿ ਚੁਣਿ ਝਾੜਉ ਕਢੀਅਨ, ਰੇਤ ਵਿਚੋਂ ਸੁਇਨਾ ਡਾਵਲੇ॥*
*ਗਦਾ ਤ੍ਰਿਸੂਲਾਂ ਬਰਛੀਆਂ, ਤੀਰ ਵਗਨਿ ਖਰੇ ਉਤਾਵਲੇ॥*
*ਜਣੁ ਡਸ ਭੁਜੰਗਮ ਸਾਵਲੇ, ਮਰ ਜਾਵਨਿ ਬੀਰ ਰੁਹਾਵਲੇ॥ ੮॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਛੇਵੀਂ ਪਉੜੀ ਤੋਂ ਦੁਰਗਾ ਅਤੇ ਦੈਂਤਾਂ ਦੇ ਯੁੱਧ ਦਾ ਵਰਣਨ ਹੈ। ਦੇਵੀ ਰਾਖਸ਼ ਸਮੂਹ ਨਾਲ ਵੀ ਲੜਦੀ ਹੈ ਅਤੇ ਇਕੱਲੇ-ਇਕੱਲੇ ਰਾਖਸ਼ ਨਾਲ ਵੀ, ਖ਼ਾਸ ਕਰ ਮਹਿਖਾਸੁਰ ਨਾਲ ਉਸ ਦਾ ਯੁੱਧ ਹੁੰਦਾ ਹੈ। ਮਹਿਖਾਸੁਰ ਦੇ ਮਰਨ ਉਪਰੰਤ ਦੇਵੀ ਅਲੋਪ ਹੋ ਜਾਂਦੀ ਹੈ। ਲੋੜ ਪੈਣ

'ਤੇ ਫਿਰ ਪ੍ਰਗਟ ਹੋਣ ਦਾ ਵਿਸ਼ਵਾਸ ਦਿਵਾ ਜਾਂਦੀ ਹੈ।

੨੧ਵੀਂ ਪਉੜੀ ਵਿਚ ਸ਼ਿਵ ਦੇ ਵਰਦਾਨ ਨਾਲ ਸੁੰਭ ਅਤੇ ਨਿਸੁੰਭ ਨਾਂ ਦੇ ਦੈਂਤਾਂ ਦਾ ਜਨਮ ਹੁੰਦਾ ਹੈ। ਉਨ੍ਹਾਂ ਨੇ ਇੰਦ੍ਰ ਦੀ ਰਾਜਧਾਨੀ ਜਿੱਤਣ ਦਾ ਮਨ ਬਣਾਇਆ ਹੈ।

੨੨ ਤੋਂ ੨੫ ਪਉੜੀਆਂ ਤੱਕ ਦੈਂਤਾਂ ਦੀਆਂ ਫ਼ੌਜਾਂ ਦਾ ਇਕੱਠ ਅਤੇ ਯੁੱਧ ਲਈ ਤਿਆਰੀ ਅਤੇ ਦੇਵਤਿਆਂ ਦੀ ਭਾਂਜ, ਦੇਵਤਿਆਂ ਦਾ ਚੰਡੀ ਦੀ ਸ਼ਰਣ ਵਿਚ ਜਾਣਾ ਅਤੇ ਉਸ ਨੂੰ ਯੁੱਧ ਲਈ ਪ੍ਰੇਰਿਤ ਕਰਨਾ ਆਦਿ ਗੱਲਾਂ ਦੱਸੀਆਂ ਗਈਆਂ ਹਨ। ੨੬ ਤੋਂ ੨੯ ਪਉੜੀਆਂ ਵਿਚ ਦੇਵੀ ਅਤੇ ਧੂਮ੍ਰਲੋਚਨ ਦੇ ਘੋਰ ਯੁੱਧ ਦਾ ਵਰਣਨ ਹੈ। ਧੂਮ੍ਰਲੋਚਨ ਦੇ ਦੇਵੀ ਹੱਥੋਂ ਮਾਰੇ ਜਾਣ ਕਰ ਕੇ ਬਚੀਆਂ ਖੁਚੀਆਂ ਦੈਂਤ ਫ਼ੌਜਾਂ ਸੁੰਭ ਪਾਸ ਜਾਂਦੀਆਂ ਅਤੇ ਸਥਿਤੀ ਦੱਸਦੀਆਂ ਹਨ।

੩੦ ਤੋਂ ੩੨ ਪਉੜੀਆਂ ਵਿਚ ਦੈਂਤ ਰਾਜੇ ਵਲੋਂ ਚੰਡ ਅਤੇ ਮੁੰਡ ਨੂੰ ਯੁੱਧ ਲਈ ਭੇਜਣਾ, ਘੋਰ ਯੁੱਧ ਹੋਣਾ, ਚੰਡ ਅਤੇ ਮੁੰਡ ਦਾ ਮਾਰਿਆ ਜਾਣਾ ਆਦਿ ਘਟਨਾਵਾਂ ਦਾ ਉਲੇਖ ਹੋਇਆ ਹੈ।

੩੩ ਤੋਂ ੪੩ ਪਉੜੀਆਂ ਵਿਚ ਚੰਡ ਮੁੰਡ ਦੇ ਮਾਰੇ ਜਾਣ ਤੋਂ ਬਾਅਦ ਦੈਂਤਾਂ ਵੱਲੋਂ ਰਕਤਬੀਜ ਯੁੱਧ-ਭੂਮੀ ਵਿਚ ਉਤਰਦਾ ਹੈ। ਉਸ ਦੇ ਲਹੂ ਦੀਆਂ ਬੂੰਦਾਂ ਤੋਂ ਹੋਰ ਰਾਖਸ਼ ਪੈਦਾ ਹੋ ਜਾਂਦੇ ਹਨ। ਇਸ ਪ੍ਰਕ੍ਰਿਆ ਨੂੰ ਬੰਦ ਕਰਨ ਲਈ ਦੇਵੀ ਦੇ ਮੱਥੇ ਵਿੱਚੋਂ ਕਾਲੀ ਪੈਦਾ ਹੁੰਦੀ ਹੈ। ਦੋਵੇਂ ਦੇਵੀਆਂ ਮਿਲ ਕੇ ਦੈਂਤਾਂ ਦਾ ਵਿਨਾਸ਼ ਕਰਦੀਆਂ ਹਨ ਅਤੇ ਰਕਤਬੀਜ ਮਾਰਿਆ ਜਾਂਦਾ ਹੈ।

੪੪ ਤੋਂ ੫੦ ਪਉੜੀਆਂ ਵਿਚ ਨਿਸੁੰਭ ਨਾਲ ਦੇਵੀ ਦੁਰਗਾ ਅਤੇ ਕਾਲੀ ਦਾ ਯੁੱਧ ਵਰਣਨ ਹੋਇਆ ਹੈ। ਭਿਆਨਕ ਯੁੱਧ ਵਿਚ ਦੈਂਤ ਰਾਜਾ ਮਾਰਿਆ ਜਾਂਦਾ ਹੈ। ਉਸ ਨੇ ਬਹੁਤ ਵੀਰਤਾ ਨਾਲ ਯੁੱਧ ਕੀਤਾ ਅਤੇ ਘੋੜੇ ਤੋਂ ਡਿੱਗ ਕੇ ਵੀਰ-ਗਤੀ ਪ੍ਰਾਪਤ ਕੀਤੀ।

੫੧ ਤੋਂ ੫੪ ਪਉੜੀਆਂ ਵਿਚ ਸੁੰਭ ਅਤੇ ਦੁਰਗਾ ਦੀ ਭਿਆਨਕ ਲੜਾਈ ਦਾ ਵਰਣਨ ਹੈ। ਸੁੰਭ ਅਤਿ ਵੀਰਤਾ ਨਾਲ ਯੁੱਧ ਕਰਦਾ ਯੁੱਧ-ਭੂਮੀ ਵਿਚ ਮਾਰਿਆ ਜਾਂਦਾ ਹੈ। ੫੫ਵੀਂ ਪਉੜੀ ਵਿਚ ਸੁੰਭ ਅਤੇ ਨਿਸੁੰਭ ਦੇ ਮਾਰੇ ਜਾਣ, ਇੰਦ੍ਰ ਨੂੰ ਰਾਜ ਗੱਦੀ ਉੱਤੇ ਬਿਠਾਉਣ ਅਤੇ ਚੌਦਾਂ ਲੋਕਾਂ ਵਿਚ ਰਾਣੀ ਦੇ ਜਸ ਦੇ ਪਰਸਨ ਦੀ ਗੱਲ ਕਹੀ ਗਈ ਹੈ। ਇਸ ਤੋਂ ਬਾਅਦ ਰਚਨਾ ਦਾ ਮਹਾਤਮ ਦੱਸਿਆ ਹੈ।

ਇਸ ਵਾਰ ਦੀ ਕਹਾਣੀ ਦਾ ਸਾਰ ਇਹ ਹੈ ਕਿ ਤ੍ਰੇਤਾ ਯੁੱਗ ਵਿਚ ਦੈਂਤਾਂ ਦਾ ਭਜਾਇਆ ਇੰਦਰ ਕੈਲਾਸ਼ 'ਤੇ ਦੁਰਗਾ ਦੀ ਸ਼ਰਣ ਆ ਕੇ ਬੇਨਤੀ ਕਰਦਾ ਹੈ ਕਿ ਮੇਰਾ ਗੁਆਚਾ ਰਾਜ ਮੈਨੂੰ ਦਿਵਾਇਆ ਜਾਵੇ। ਇਹ ਪਰਮੇਸ਼ਰ ਦੀ ਲੀਲ੍ਹਾ ਹੈ ਕਿ ਉਹ ਦੇਵਤਿਆਂ ਦਾ ਅਹੰਕਾਰ ਤੋੜਨ ਲਈ ਅਜੇਹੀ ਹੇਠਲੀ ਉੱਤੇ ਕਰਦਾ ਹੈ। ਇੰਦਰ ਵਰਗਾ ਦੇਵਤਿਆਂ ਦਾ ਰਾਜਾ ਸ਼ਰਨਾਰਥੀ ਹੋ ਕੇ ਤਲਾਅ 'ਤੇ ਨ੍ਹਾਉਣ ਆਈ ਦੁਰਗਾ ਸ਼ਾਹ ਪਾਸ ਗਿੜਗਿੜਾਂਦਾ ਹੈ ਤੇ ਅੱਗੋਂ ਦੁਰਗਾ

ਖਿੜਖਿੜਾ ਕੇ ਹੱਸਦੀ ਤੇ ਉਸ ਨੂੰ ਮਦਦ ਦਾ ਭਰੋਸਾ ਦਿਵਾਉਂਦੀ ਹੈ :

*ਦੁਰਗਾ ਬੈਣ ਸੁਣੰਦੀ ਹੱਸੀ ਹੜ ਹੜਾਇ॥*
*ਓਹੀ ਸੀਹੁ ਮੰਗਾਇਆ ਰਾਕਸ ਭੱਖਣਾ॥*
*ਚਿੰਤਾ ਕਰਹੁ ਨ ਕਾਈ ਦੇਵਾਂ ਨੂੰ ਆਖਿਆ॥*
*ਰੋਹ ਹੋਈ ਮਹਾਂਮਾਈ ਰਾਕਸ਼ ਮਾਰਣੇ॥ ੫॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਦੁਰਗਾ ਸ਼ੇਰ ਦੀ ਸਵਾਰੀ ਕਰ ਕੇ ਮੈਦਾਨ ਵਿਚ ਨਿਤਰਦੀ ਤੇ ਰਾਕਸ਼ਾਂ ਦੇ ਆਹੂ ਲਾਹੁੰਦੀ ਜਾਂਦੀ ਹੈ। ਪਹਿਲੇ ਟਾਕਰੇ ਵਿਚ ਹੀ ਦੈਂਤਾਂ ਦਾ ਰਾਜਾ ਮਹਿਖਾਸੁਰ ਤਲਵਾਰ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੈ ਤੇ ਦੇਵੀ ਫੌਰਨ ਇੰਦਰ ਨੂੰ ਰਾਜ ਦੇ ਕੇ ਅਲੋਪ ਹੋ ਜਾਂਦੀ ਹੈ। ਪਰ ਛੇਤੀ ਹੀ ਸੁੰਭ ਅਤੇ ਨਿਸੁੰਭ ਦੋ ਹੋਰ ਗੁਮਾਨੀ ਦੈਂਤ ਇੰਦਰਪੁਰੀ ਉੱਤੇ ਧਾਵਾ ਬੋਲ ਦਿੰਦੇ ਹਨ, ਜਿਨ੍ਹਾਂ ਨਾਲ ਤਕੜੀ ਭਾਰੀ ਫ਼ੌਜ ਹੈ। ਰਾਜੇ ਸੁੰਭ ਨੇ ਪਹਿਲੇ ਧੂਮ੍ਰਲੋਚਨ ਫਿਰ ਚੰਡ, ਮੁੰਡ ਤੇ ਸ੍ਰੋਣਤਬੀਜ ਜੇਹੇ ਆਪਣੇ ਬਹਾਦਰ ਜਰਨੈਲਾਂ ਨੂੰ ਘਲਿਆ ਜੋ ਇਕ ਇਕ ਕਰ ਕੇ ਮਾਰੇ ਗਏ। ਸ੍ਰੋਣਤਬੀਜ ਦੇ ਲਹੂ ਦਾ ਕਤਰਾ ਜਦੋਂ ਧਰਤੀ 'ਤੇ ਡਿੱਗਦਾ ਸੀ ਤਾਂ ਇਕ ਹੋਰ ਰਾਕਸ਼ ਪੈਦਾ ਹੋ ਜਾਂਦਾ ਸੀ। ਏਸ ਕਰ ਕੇ ਚੰਡੀ ਨੇ ਕਾਲੀ ਨੂੰ ਬੁਲਾਇਆ, ਉਸ ਨੇ ਅਜੇਹੀ ਫੁਰਤੀ ਨਾਲ ਖ਼ੂਨ ਪੀਤਾ, ਕੋਈ ਤੁਪਕਾ ਹੇਠਾਂ ਨਾ ਡਿੱਗਣ ਦਿੱਤਾ। ਸ੍ਰੋਣਤਬੀਜ ਦੀ ਮੌਤ ਪਿੱਛੋਂ ਨਿਸੁੰਭ ਆਇਆ ਤੇ ਫੇਰ ਖ਼ੁਦ ਸੁੰਭ ਰਾਜਾ, ਇਹ ਵੀ ਵਾਰੀ ਵਾਰੀ ਚੰਡੀ ਦੇ ਹੱਥੋਂ ਮਾਰੇ ਗਏ। ਇਸ ਤਰ੍ਹਾਂ ਸਾਰੇ ਦੈਂਤਾਂ ਦਾ ਨਾਸ਼ ਕਰ ਕੇ ਦੇਵੀ ਨੇ ਇੰਦਰ ਨੂੰ ਰਾਜ ਦਿਵਾਇਆ ਤੇ ਜਗਦੰਬਾ ਦੀ ਜੈ ਜੈਕਾਰ ਹੋਈ।

*ਸੁੰਭ ਨਿਸੁੰਭ ਪਠਾਇਆ ਜਮ ਦੇ ਧਾਮ ਨੋ॥*
*ਇੰਦਰ ਸੱਦ ਬੁਲਾਇਆ ਰਾਜ ਅਭਖੇਖਨੋ॥*
*ਸਿਰ ਤੈ ਛਤ੍ਰ ਫਿਰਾਇਆ ਰਾਜੇ ਇੰਦ੍ਰ ਦੈ॥*
*ਚਉਦਹ ਲੋਕਾਂ ਛਾਇਆ ਜਸੁ ਜਗਮਾਤ ਦਾ॥ ੫੫॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਇਹ ਹੈ ਸੰਖੇਪ ਜੇਹੀ ਕਹਾਣੀ ਕਿ ਦੁਰਗਾ ਦੇਵੀ ਰੋਹ ਵਿਚ ਆ ਕੇ ਵੱਡੇ-ਵੱਡੇ ਰਾਖਸ਼ਾਂ ਨੂੰ ਪਛਾੜਦੀ ਤੇ ਦੇਵਤਿਆਂ ਨੂੰ ਜਿੱਤ ਦਿਵਾਂਦੀ ਹੈ। ਸਾਰੀ ਵਾਰ ਘਮਸਾਨ ਦੇ ਜੁੱਧ ਦਾ ਇਕ ਜੋਸ਼ੀਲਾ ਤੇ ਬਾਂਕਾ ਚਿੱਤਰ ਹੈ ਕਿ ਕਿਵੇਂ ਇਕ ਬੀਰੰਗਨਾ ਅਤਿ ਡਰਾਉਣੇ ਮਾਰੂ ਦੈਂਤਾਂ ਦੇ ਸੱਥਰ ਲਾਹੁੰਦੀ ਜਾਂਦੀ ਹੈ। ਇਸੇ ਕਰ ਕੇ ਕਿਤੇ ਕਿਤੇ ਗੁਰੂ ਸਾਹਿਬ ਦੁਰਗਾ ਨੂੰ 'ਦੁਰਗਸ਼ਾਹ' ਨਾਮ ਨਾਲ ਵੀ ਪੁਕਾਰਦੇ ਹਨ, ਜਿਵੇਂ ਉਹ ਬੀਰਤਾ ਦੀ ਮਲਕਾ ਹੋਵੇ। ਇਸ ਚਿੱਤਰ ਨੂੰ ਵੇਖ ਕੇ ਜਿੱਥੇ ਇਸਤਰੀ ਦੀ ਹੈਸੀਅਤ ਉਚੇਰੀ ਹੁੰਦੀ ਹੈ, ਉਥੇ ਮਰਦਾਂ ਨੂੰ ਵੀ ਇਸ ਤੋਂ ਘਣੇਰੀ ਪਰੇਰਨਾ

ਮਿਲਦੀ ਹੈ ਕਿ ਜੇਕਰ ਇਕੱਲੀ ਚੰਡੀ ਖੰਡਾ ਖੜਕਾ ਕੇ ਇਤਨੇ ਦੁਸ਼ਟਾਂ ਨੂੰ ਸੋਧ ਸਕਦੀ ਹੈ ਤਾਂ ਜ਼ਾਲਮ ਮੁਗ਼ਲ ਸਾਮਰਾਜ ਵਰਗੇ ਦੈਂਤਾਂ ਨੂੰ ਉਹ ਕਿਉਂ ਨਹੀਂ ਸੋਧ ਸਕਦੇ। ਇਹੋ ਗੱਲ ਸੀ, ਜਿਸ ਦੇ ਸਦਕੇ, ਅਠਾਰ੍ਹਵੀਂ ਸਦੀ ਵਿਚ ਲਗਾਤਾਰ ਸੌ ਵਰ੍ਹੇ ਸਿੰਘ ਸੂਰਮੇਂ ਸਾਮਰਾਜੀ ਦੈਂਤਾ ਦੇ ਵਿਰੁਧ ਨਿਰਭੈ ਹੋ ਕੇ ਲੜਦੇ ਰਹੇ ਤੇ ਆਖ਼ਰ ਉਹਨਾਂ ਇਸ ਦੈਂਤਾਂ ਨੂੰ ਖਪਾ ਕੇ ਦਮ ਲਿਆ। ਇਹ ਇਸ ਵਾਰ ਦਾ ਇਕ ਕ੍ਰਿਸ਼ਮਾ ਹੈ, ਜਿਸ ਦੀ ਪੁਸ਼ਟੀ ਇਤਿਹਾਸ ਪੂਰੀ ਤਰ੍ਹਾਂ ਕਰ ਰਿਹਾ ਹੈ। ਹੁਣ ਵੀ ਨਿਹੰਗ ਸਿੰਘ ਆਪਣੇ ਜੋਸ਼ ਅਤੇ ਉਤਸ਼ਾਹ ਨੂੰ ਬਰਕਰਾਰ ਰੱਖਣ ਲਈ ਰੋਜ਼ਾਨਾ ਇਸ ਦਾ ਪਾਠ ਕਰਦੇ ਹਨ।

ਜਿਸ ਤਰ੍ਹਾਂ ਫ਼ੌਜੀ ਵਾਜੇ ਦੀ ਧੁਨ ਨਾਲ ਸਿਪਾਹੀ ਦਾ ਹਰ ਕਦਮ ਅੱਗੇ ਵਧਦਾ ਹੈ, ਤਿਵੇਂ ਇਸ ਵਾਰ ਦੀ ਹਰ ਪਉੜੀ ਬਾਜਾਂ ਵਾਂਗ ਤਰਾਰੇ ਲੈਂਦੀ ਧੌਂਸੇ ਦੀ ਚੋਟ ਨਾਲ ਤੁਰਦੀ ਹੈ ਤੇ ਸੂਰਬੀਰਤਾ ਦਾ ਸਾਗਰ ਉਛਾਲੇ ਮਾਰਦਾ ਨਜ਼ਰੀ ਪੈਂਦਾ ਹੈ। ਕੌਣ ਹੈ, ਇਸ ਬਿਆਨ ਨੂੰ ਪੜ੍ਹ ਕੇ ਜਿਸ ਦਾ ਖ਼ੂਨ ਉਬਾਲੇ ਨਾ ਖਾਣ ਲੱਗ ਜਾਵੇ :

*ਜੰਗ ਮੁਸਾਫਾ ਬੱਜਿਆ ਰਣ ਘੁਰੇ ਨਗਾਰੇ ਚਾਵਲੇ॥*
*ਝੂਲਨ ਨੇਜੇ ਬੈਰਕਾਂ ਨੀਸਾਣ ਲਸਨਿ ਲਸਾਵਲੇ॥ ੮॥....*
*ਚੋਟ ਪਈ ਦਮਾਮੇ ਦਲਾਂ ਮੁਕਾਬਲਾ॥*
*ਦੇਵੀ ਦਸਤ ਨਚਾਈ ਸੀਹਣਿ ਸਾਰ ਦੀ॥ ੧੦॥....*
*ਘੁਰੇ ਨਗਾਰੇ ਦੋਹਰੇ ਰਣ ਸੰਗਿਆਲੇ॥ ੧੩॥.....*
*ਚੋਟ ਪਈ ਖਰਚਾਮੀ ਦਲਾਂ ਮੁਕਾਬਲਾ॥ ੧੪॥....*
*ਦੁਹਾਂ ਕੰਧਾਰਾਂ ਮੁਹਿ ਜੁੜੇ ਨਾਲਿ ਧਉਸਾ ਭਾਰੀ॥ ੧੮॥....*
*ਧੱਗਾ ਸੂਲ ਬਜਾਈਆਂ ਦਲਾਂ ਮੁਕਾਬਲਾ॥*
*ਧੂਹਿ ਮਿਆਨੋਂ ਲਾਈਆਂ ਜੁਆਨੀ ਸੂਰਮੀ॥ ੪੦॥....*
*ਦੁਹਾਂ ਕੰਧਾਰਾਂ ਮੁਹ ਜੁੜੇ ਦਲ ਘੁਰੇ ਨਗਾਰੇ॥*
*ਓਰੜ ਆਏ ਸੂਰਮੇ ਸਿਰਦਾਰ ਰਣਿਆਰੇ॥ ੫੨॥....*

(ਸ੍ਰੀ ਦਸਮ ਗ੍ਰੰਥ ਸਾਹਿਬ)

ਇਸ ਤਰ੍ਹਾਂ ਥਾਂ-ਥਾਂ ਇਹ ਧੌਂਸਾ ਯਾ ਨਗਾਰਾ ਜੰਗੀ ਸੁਰ ਨੂੰ ਉਭਰਦਾ ਦਰਸਾਉਂਦਾ ਹੈ।

*ਘੁਰੇ ਨਗਾਰੇ ਦੋਹਰੇ ਰਣ ਸੰਗਲੀਆਲੇ॥*
*ਧੂੜਿ ਲਪੇਟੇ ਧੂਹਰੇ ਸਿਰਦਾਰ ਜਟਾਲੇ॥*
*ਉੱਖਲੀਆਂ ਨਾਸਾਂ ਜਿਨਾ ਮੁਹਿ ਜਾਪਨ ਆਲੇ॥*

*ਧਾਏ ਦੇਵੀ ਸਾਹਮਣੇ ਬੀਰ ਮੁਛਲੀਆਲੇ॥*
*ਸੁਰਪਤ ਜੇਹੇ ਲੜ ਹਟੇ ਬੀਰ ਟਲੇ ਨ ਟਾਲੇ॥*
*ਗੱਜੇ ਦੁਰਗਾ ਘੇਰਿ ਕੈ ਜਣੁ ਘਣੀਅਰ ਕਾਲੇ॥ ੧੩॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਇਕ ਹੋਰ ਸੂਰੇ ਦੈਂਤਾਂ ਦੀ ਝਾਕੀ ਵੀ—

*ਆਹਰਿ ਮਿਲਿਆ ਆਹਰੀਆਂ ਸੈਣ ਸੂਰਿਆਂ ਸਾਜੀ॥*
*ਚੱਲੇ ਸਉਹੇ ਦੁਰਗਸ਼ਾਹ ਜਣ ਕਾਬੈ ਹਾਜੀ॥*
*ਤੀਰੀ ਤੇਗੀਂ ਜਮਧੜੀ ਰਣ ਵੰਡੀ ਭਾਜੀ॥*
*ਇਕ ਘਾਇਲ ਘੂਮਨ ਸੂਰਮੇ ਜਣ ਮਕਤਬ ਕਾਜੀ॥*
*ਇਕ ਬੀਰ ਪਰੋਤੇ ਬਰਛੀਏ ਜਿਉ ਝੁਕ ਪਉਨ ਨਿਵਾਜੀ॥*
*ਇਕ ਦੁਰਗਾ ਸਉਹੇ ਖੁਨਸਕੈ ਖੁਨਸਾਇਨ ਤਾਜੀ॥*
*ਇਕ ਧਾਵਨ ਦੁਰਗਾ ਸਾਮਣੇ ਜਿਉ ਭੁਖਿਆਏ ਪਾਜੀ॥*
*ਕਦੇ ਨ ਰੱਜੇ ਜੁਝ ਤੇ ਰਜ ਹੋਏ ਰਾਜੀ॥ ੪੫॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਵਾਰ ਵਿਚ ਗੁਰੂ ਸਾਹਿਬ ਦੇ ਜ਼ਮਾਨੇ ਵਰਤੀ ਜਾਂਦੀ ਜੰਗੀ ਸਮੱਗਰੀ ਤੇ ਹਥਿਆਰਾਂ ਦਾ ਵੀ ਕਾਫ਼ੀ ਵਰਣਨ ਹੈ ਜਿਵੇਂ ਤਲਵਾਰ, ਤੀਰ ਧਨੁਖ, ਤੁਫੰਗ, ਗਦਾ, ਤ੍ਰਿਸੂਲ, ਚੱਕਰ, ਬੈਰਕ, ਨੇਜ਼ੇ, ਬਰਛੇ, ਨੀਸਾਣ, ਜ਼ਿਰਰਾ ਬਖਤਰ, ਢਾਲ, ਸੰਜੋਅ, ਪਟੇਲਾ, ਟੋਪ, ਪਾਖਰਾ, ਬਰਗਸਤਾਣ ਤੇ ਮਾਰੂ ਬਾਜੇ-ਧੌਂਸੇ, ਨਗਾਰੇ, ਦਮਾਮੇ, ਧੱਗਾਂ, ਸੰਖ, ਭੇਰੀ ਆਦਿ। ਇਹ ਵੀ ਪਤਾ ਲੱਗਦਾ ਹੈ ਕਿ ਕਈ ਹਥਿਆਰਾਂ ਲਈ ਮੁਲਤਾਨ ਚੰਗਾ ਮਸ਼ਹੂਰ ਸੀ। ਦੁਰਗਾ ਦੇਵੀ ਜ਼ਿਆਦਾਤਰ ਤੇਗ, ਖੰਡਾ ਯਾ ਗਦਾ ਦੀ ਵਰਤੋਂ ਕਰਦੀ ਹੈ। ਉਸ ਦੀ ਸਵਾਰੀ ਸ਼ੇਰ ਹੈ। ਦਰਅਸਲ ਸ਼ੇਰ ਹੌਸਲੇ ਤੇ ਸਾਹਸ ਦਾ ਪ੍ਰਤੀਕ ਹੈ, ਇਸ ਤੋਂ ਬਿਨਾ ਕਰਮਯੋਗ ਦੀ ਤੇਗ਼ ਚਲਾਈ ਵੀ ਨਹੀਂ ਜਾ ਸਕਦੀ। ਵਾਰ ਦਾ ਮੁਖ ਆਦਰਸ਼ ਇਹੋ ਦੱਸਣਾ ਹੈ ਕਿ ਸੰਸਾਰ ਦੇ ਰਣਖੇਤਰ ਵਿਚ ਸੁਰ ਤੇ ਅਸੁਰ ਦਾ ਨੇਕੀ ਤੇ ਬਦੀ ਦਾ ਜ਼ੋਰਦਾਰ ਸੰਘਰਸ਼ ਹੋ ਰਿਹਾ ਹੈ, ਜਿਸ ਵਿਚ ਪ੍ਰਭੂ ਦੀ ਸ਼ਕਤੀ ਸਦਾ ਨੇਕੀ ਦਾ ਪੱਖ ਲੈਂਦੀ ਤੇ ਆਖ਼ਰ ਇਸ ਦੀ ਫਤੇਹ ਹੁੰਦੀ ਹੈ। ਪਰੰਤੂ ਇਸ ਵਿਜਯ ਦੇਵੀ ਨੂੰ ਵਰਨ ਲਈ ਤਨ ਤੇ ਮਨ ਦੋਵੇਂ ਬਲਵਾਨ ਹੋਣੇ ਜ਼ਰੂਰੀ ਹਨ। ਜੇ ਮਨ ਬਲਵਾਨ ਨਹੀਂ ਤਾਂ ਸ਼ੇਰ ਦੀ ਸਵਾਰੀ ਨਹੀਂ ਕੀਤੀ ਜਾ ਸਕਦੀ ਤੇ ਜੇ ਤਨ ਬਲਵਾਨ ਨਹੀਂ ਤਾਂ ਤੇਗ਼ ਵੀ ਨਹੀਂ ਵਾਹੀ ਜਾ ਸਕਦੀ। ਸੋ ਦੁਰਗਾ ਦੀ ਵਾਰ ਦੋਹਾਂ ਨੂੰ ਬਲਵਾਨ ਕਰਨ ਦੀ ਪ੍ਰੇਰਨਾ ਦਿੰਦੀ ਇਹ ਸਮਝਾਉਂਦੀ ਹੈ ਕਿ ਦੈਂਤ ਸ਼ਕਤੀਆਂ ਭਾਵੇਂ ਕਿੰਨੀਆਂ ਵੀ ਹੋਣ ਜੇਕਰ ਸਾਡੀ ਤਬੀਅਤ

ਤਕੜੀ ਹੋਵੇ, ਪੱਖ ਨਿਆਂ ਦਾ ਹੋਵੇ ਤਾਂ ਇਕੱਲਿਆਂ ਹੀ ਸਭ ਦੋਖੀਆਂ ਨੂੰ ਹਰਾ ਕੇ ਜੈ ਜੈਕਾਰ ਕੀਤੀ ਜਾ ਸਕਦੀ ਹੈ।

ਇਸ ਵਾਰ ਦੀਆਂ ਕੁਲ ੫੫ ਪਉੜੀਆਂ ਹਨ।

(ਚੰਡੀ ਦੀ ਵਾਰ ਸਮਾਪਤੰ॥ ੫੫॥ )

ਨੋਟ :— ਭਗਉਤੀ ਪਦ ਦੇ ਅਰਥ ਤੇ ਵਿਆਖਿਆ ਵਿਸਥਾਰ ਸਾਹਿਤ ਪੜ੍ਹੋ ਦਾਸ ਦੀ ਲਿਖੀ ਪੁਸਤਕ ਸ੍ਰੀ ਦਸਮ ਗ੍ਰੰਥ ਬੋਧ ਭਾਗ ਪਹਿਲਾ, ਪੰਨਾ ੭੨। ਸਿੱਖ ਰਹਿਤ ਮਰਯਾਦਾ ਦੇ ਪੰਨਾ ੧੦ ਅਨੁਸਾਰ ਇਸ ਵਾਰ ਦੀ ਪਹਿਲੀ ਪਉੜੀ ਅਰਦਾਸ ਅੰਦਰ ਪੜ੍ਹੇ ਜਾਣ ਵਾਲੀ ਹੈ। ਇਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਉਚਾਰਨ ਕੀਤੀ ਬਾਣੀ ਹੈ।

❑

# ਗਿਆਨ ਪ੍ਰਬੋਧ

***੧ਓ ਸਤਿਗੁਰ ਪ੍ਰਸਾਦਿ॥ ਸ੍ਰੀ ਭਗਉਤੀ ਜੀ ਸਹਾਇ॥***

***ਅਥ ਗਿਆਨ ਪ੍ਰਬੋਧ ਗ੍ਰੰਥ ਲਿਖਯਤੇ॥ ਪਾਤਿਸ਼ਾਹੀ ੧੦॥***

ਭਾਈ ਦੇਸਾ ਸਿੰਘ ਜੀ ਦੇ ਰਹਿਤਨਾਮੇ ਅੰਦਰ ਕਥਨ ਕੀਤਾ ਹੈ :-

*"ਗਯਾਨ ਪ੍ਰਬੋਧ ਬੋਧ ਹਮ ਕਹਾ॥ ਜਸ ਪਾਠ ਕਰ ਹਰ ਪਦ ਲਹਾ॥"*

ਦਸਮੇਸ਼ ਗੁਰੂ ਜੀ ਨੇ ਇਸ ਗਿਆਨ ਪ੍ਰਬੋਧ ਰਚਨਾ ਅੰਦਰ ਮਨੁੱਖੀ ਜੀਵਨ ਦੇ ਚਾਰ ਪੱਖਾਂ ਨੂੰ ਵਿਚਾਰ ਗੋਚਰੇ ਕੀਤਾ ਹੈ ਜੋ ਧਰਮ, ਅਰਥ, ਕਾਮ, ਮੋਖ ਕਰ ਕੇ ਪ੍ਰਸਿੱਧ ਹਨ। ਭਾਰਤੀ ਸਾਹਿਤ ਵਿਚ ਇਨ੍ਹਾਂ ਨੂੰ 'ਚਾਰ ਪਦਾਰਥ' ਵੀ ਕਿਹਾ ਗਿਆ ਹੈ। ਪਹਿਲੇ ੧੨੫ ਛੰਦ ਅਕਾਲ ਮਹਿਮਾ ਦੇ ਹਨ, ਇਸ ਦੀ ਸੁਰ ਤੇ ਨੁਹਾਰ, ਸ਼ੈਲੀ ਤੇ ਬੋਲੀ ਜਾਪੁ ਸਾਹਿਬ ਤੇ ਅਕਾਲ ਉਸਤਤਿ ਨਾਲ ਰਲਦੀ ਮਿਲਦੀ ਹੈ। ਹਾਂ, ਛੰਦ ਜ਼ਰੂਰ ਕਈ ਵੰਨਗੀ ਦੇ ਵਰਤੇ ਹਨ ਜਿਵੇਂ ਛਪੈ, ਕਬਿੱਤ, ਪਾਧੜੀ, ਤ੍ਰਿਭੰਗੀ, ਤੋਟਕ, ਤੋਮਰ, ਭੁਯੰਗ ਪ੍ਰਯਾਤ, ਨਾਰਾਜ਼, ਅਰਧ ਨਾਰਾਜ਼, ਰਸਾਵਲ, ਰੁਆਲ, ਕਲਸ ਤੇ ਬਹਰ ਤਵੀਲ ਪਸ਼ਚਮੀ ਆਦਿ। ਅਕਾਲ ਦੀ ਉਸਤਤਿ ਉਸੇ ਢੰਗ ਦੀ ਹੈ।

ਅਕਾਲ ਮਹਿਮਾ ਗਾਉਂਦਿਆਂ ਅਲੰਕਾਰਕ ਚਮਤਕਾਰ ਖ਼ੂਬ ਦਿਖਾਏ ਹਨ ਤੇ ਵਿਸ਼ੇਸ਼ ਤੌਰ 'ਤੇ ਉਸ ਦੇ ਜਲਾਲੀ ਰੂਪ ਦਾ ਚਰਚਾ ਕੀਤਾ ਹੈ :

*ਮੁਖ ਮੰਡਲ ਪਰਿਲਸਤ ਜੋਤਿ ਉਦੋਤ ਅਮਿਤ ਗਤਿ॥*
*ਜਟਿਤ ਜੋਤ ਜਗਮਗਤ ਲਜਤ ਲਖ ਕੋਟਿ ਨਿਖਤਿਪਤਿ॥*
*ਚੱਕ੍ਰਵਰਤਿ ਚੱਕ੍ਰਵੈ ਚੱਕ੍ਰਤ ਚਉਚੱਕ੍ਰ ਕਰਿ ਧਰਿ॥*
*ਪਦਮ ਨਾਥ ਪਦਮਾਛ ਨਵਲ ਨਾਰਾਇਣ ਨਰਹਰਿ॥*
*ਕਾਲਖ ਬਿਹੰਡ ਕਿਲਬਿਖ ਹਰਣ ਸੁਰ ਨਰ ਮੁਨਿ ਬੰਦਤ ਚਰਨ॥*
*ਖੰਡਣ ਅਖੰਡ ਮੰਡਣ ਅਭੈ ਨਮੋ ਨਾਥ ਭਉ ਭੈ ਹਰਣ॥ ੩੪॥*

(ਸ੍ਰੀ ਦਸਮ ਗ੍ਰੰਥ ਸਾਹਿਬ)

*ਕੁਲ ਕਲੰਕ ਕਰਿ ਹੀਨ ਕ੍ਰਿਪਾ ਸਾਗਰ ਕਰੁਣਾਕਰ॥*
*ਕਰਣ ਕਾਰਣ ਸਮਰੱਥ ਕ੍ਰਿਪਾ ਕੀ ਸੂਰਤ ਕ੍ਰਿਤ ਧਰ॥*

*ਕਾਲ ਕਰਮ ਕਰ ਹੀਨ ਕ੍ਰਿਆ ਜਿਹ ਕੋਇ ਨ ਬੁਝੈ॥*
*ਕਹਾ ਕਹੈ ਕਹ ਕਰੈ ਕਹਾ ਕਾਲਨ ਕੈ ਸੁਝੈ॥*
*ਕੰਜਲਕ ਨੈਨ ਕੰਬੁ ਗ੍ਰੀਵਹਿ ਕਟਿ ਕੇਹਰ ਕੁੰਜਰ ਗਵਨ॥*
*ਕਦਲੀ ਕੁਰੰਕ ਕਰਪੂਰ ਗਤ ਬਿਨ ਅਕਾਲ ਦੂਜੋ ਕਵਨ॥ ੩੭॥*
*ਛਤ੍ਰਧਾਰੀ ਛਤ੍ਰਪਿਤਿ ਛੈਲ ਰੂਪ ਛਿਤਨਾਥ*
*ਛੋਣੀ ਕਰ ਛਾਇਆ ਬਰ ਛਤ੍ਰਪਿਤ ਗਾਈਐ॥*
*ਬਿਸ੍ਵਨਾਥ ਬਿਸ੍ਵੰਭਰ ਬੇਦਨਾਥ ਬਾਲਾ ਕਰ*
*ਬਾਜੀਗਰਿ ਬਾਨ ਧਾਰੀ ਬੰਧਨ ਬਤਾਈਐ॥*
*ਨਿਉਲੀ ਕਰਮ ਦੂਧਾਧਾਰੀ ਬਿਦਿਆਧਰ ਬ੍ਰਹਮ ਚਾਰੀ*
*ਧਿਆਨ ਕੋ ਲਗਾਵੈ ਨੈਕ ਧਜਾਨ ਹੂੰ ਨ ਪਾਈਐ॥*
*ਰਾਜਨ ਕੇ ਰਾਜਾ ਮਹਾਰਾਜਨ ਕੇ ਮਹਾਰਾਜਾ*
*ਐਸੋ ਰਾਜ ਛੋਡਿ ਅਉਰ ਦੂਜਾ ਕਉਨ ਧਿਆਈਐ॥ ੪੨॥*
*ਜੁੱਧ ਕੇ ਜਿਤਈਆ ਰੰਗ ਭੂਮ ਕੇ ਭਵਈਆ*
*ਭਾਰ ਭੂਮ ਕੇ ਮਿਟਈਆ ਨਾਥ ਤੀਨ ਲੋਕ ਗਾਈਐ॥*
*ਕਾਹੂ ਕੇ ਤਨਈਆ ਹੈ ਨ ਮਈਆ ਜਾ ਕੇ ਭਈਆ ਕੋਊ*
*ਛਉਨੀ ਹੂ ਕੇ ਛਈਆ ਛੋਡ ਕਾ ਸਿਉ ਪ੍ਰੀਤ ਲਾਈਐ॥*
*ਸਾਧਨਾ ਸਧਈਆ ਧੂਲ ਧਾਨੀ ਕੇ ਧੁਜਈਆ*
*ਧੋਮਧਾਰ ਕੇ ਧਰਈਆ ਧਿਆਨ ਤਾਕੋ ਸਦਾ ਲਾਈਐ॥*
*ਆਉ ਕੇ ਬਢਈਆ ਏਕ ਨਾਮ ਕੇ ਜਪਈਆ*
*ਅਉਰ ਕਾਮ ਕੇ ਕਰਈਆ ਛੋਡ ਅਉਰ ਕਉਨ ਧਿਆਈਐ॥ ੪੩॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਪ੍ਰਭੂ ਕੀਰਤੀ ਤੋਂ ਇਲਾਵਾ ਗੁਰੂ ਸਾਹਿਬ ਉਸ ਦੀ ਪੂਜਾ ਤੇ ਪ੍ਰਸੰਨਤਾ ਲਈ ਕੀਤੇ ਜਾਣ ਵਾਲੇ ਕਰਮ-ਕਾਂਡਾਂ ਨਾਲ ਸੰਮਤੀ ਨਹੀਂ ਰੱਖਦੇ। ਯੱਗਾਂ ਦਾ ਇਤਿਹਾਸਕ ਤੌਰ 'ਤੇ ਚਰਚਾ ਤਾਂ ਪੂਰੇ ਜ਼ੋਰ ਸ਼ੋਰ ਨਾਲ ਕਰਦੇ ਹਨ, ਪਰ ਉਹ ਇਨ੍ਹਾਂ ਯੱਗ-ਰੀਤੀਆਂ ਦੇ ਹਾਮੀ ਨਹੀਂ, ਸਗੋਂ ਉਹ ਇਨ੍ਹਾਂ ਨੂੰ ਵਹਿਮ ਭਰਮ ਤੋਂ ਵੱਧ ਨਹੀਂ ਮੰਨਦੇ :

*ਨਿਵਲ ਆਦਿ ਕਰਮਣੰ॥ ਅਨੰਤ ਦਾਨ ਧਰਮਣੰ॥*
*ਅਨੰਤ ਤੀਰਥ ਬਾਸਨੰ॥ ਨ ਏਕ ਨਾਮ ਕੇ ਸਮੰ॥ ੮੯॥*

*ਅਨੰਤ ਜੱਗਜ ਕਰਮਣੰ॥ ਗਜਾਦਿ ਆਦਿ ਧਰਮਣੰ॥*

*ਅਨੇਕ ਦੇਸ ਭਰਮਣੰ॥ ਨ ਏਕ ਨਾਮ ਕੇ ਸਮੰ॥ ੯੦॥*

*ਅਨੰਤ ਤੀਰਥ ਆਦਿ ਆਸਨਾਦਿ ਨਾਰਦ ਆਸਨੰ॥*

*ਬੈਰਾਗ ਅਉ ਸੰਨਿਆਸ ਅਉ ਅਨਾਦਿ ਜੋਗ ਪ੍ਰਾਸਨੰ॥*

*ਅਨਾਦਿ ਤੀਰਥ ਸੰਜਮਾਦਿ ਬਰਤ ਨੇਮ ਪੇਖੀਐ॥*

*ਅਨਾਦਿ ਅਗਾਧਿ ਕੇ ਬਿਨਾ ਸਮੱਸਤ ਭਰਮ ਲੇਖੀਐ॥ ੧੦੮॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਇਸ ਉਪਰੰਤ ਆਤਮਾ ਅਤੇ ਪ੍ਰਮਾਤਮਾ ਦਾ ਸੰਬਾਦ ਵਰਣਨ ਹੈ। ਪਹਿਲਾਂ ਆਤਮਾ ਤਰਫ਼ੋਂ ਇਸ ਪ੍ਰਕਾਰ ਕਥਨ ਹੈ :

*ਦਿਨ ਅਜਬ ਏਕ ਆਤਮਾ ਰਾਮ॥ ਅਨਭਉ ਸਰੂਪ ਅਨਹਦ ਅਕਾਮ॥*

*ਅਨਛਿਜ ਤੇਜ ਆਜਾਨ ਬਾਹੁ॥ ਰਾਜਾਨ ਰਾਜੁ ਸ਼ਾਹਾਨ ਸ਼ਾਹੁ॥ ੧੨੬॥*

*ਉਚਰਿਓ ਆਤਮਾ ਪਰਾਤਮਾ ਸੰਗ॥ ਉਤਭੁਜ ਸਰੂਪ ਅਬਿਗਤ ਅਭੰਗ॥*

*ਇਹ ਕਉਣ ਆਹਿ ਆਤਮਾ ਸਰੂਪ॥ ਜਿਹ ਅਮਿਤ ਤੇਜ ਅਤਿਭੁਤਿ ਬਿਭੂਤਿ॥ ੧੨੭॥*

ਪਰਾਤਮਾ ਬਾਚ :—

*ਯਹਿ ਬ੍ਰਹਮ ਆਹਿ ਆਤਮਾ ਰਾਮ॥ ਜਿਹ ਅਮਿਤ ਤੇਜਿ ਅਬਿਗਤ ਅਕਾਮ॥*

*ਜਿਹ ਭੇਦ ਭਰਮ ਨਹੀ ਕਰਮ ਕਾਲ॥ ਜਿਹ ਸੱਤ੍ਰ ਮਿੱਤ੍ਰ ਸਰਬਾ ਦਿਆਲ॥ ੧੨੮॥*

*ਡੋਬਿਯੋ ਨ ਡੁਬੈ ਸੋਖਿਯੋ ਨ ਜਾਇ॥ ਕੱਟਿਯੋ ਨ ਕਟੈ ਬਾਰਿਯੋ ਨ ਬਰਾਇ॥*

*ਛਿੱਜੈ ਨ ਨੈਕ ਸਤ ਸ਼ਸਤ੍ਰ ਪਾਤ॥ ਜਿਹ ਸ਼ੱਤ੍ਰ ਮਿੱਤ੍ਰ ਨਹੀ ਜਾਤ ਪਾਤ॥ ੧੨੯॥*

*ਸ਼ੱਤ੍ਰ ਸਹੰਸ ਸਤਿ ਸਤਿ ਪ੍ਰਘਾਇ॥ ਛਿਜੈ ਨ ਨੈਕ ਖੰਡਿਓ ਨ ਜਾਇ॥*

*ਨਹੀ ਜਰੈ ਨੈਕ ਪਾਵਕ ਮੰਝਾਰ॥ ਬੋਰੈ ਨ ਸਿੰਧ ਸੋਖੈ ਨ ਬਜਾਰ॥ ੧੩੦॥*

*ਇਕ ਕਰਜੋ ਪ੍ਰਸ਼ਨ ਆਤਮਾ ਦੇਵ॥ ਅਨਭੰਗ ਰੂਪ ਅਨਭਉ ਅਭੇਵ॥*

*ਯਹਿ ਚਤੁਰ ਵਰਗ ਸੰਸਾਰ ਦਾਨ॥ ਕਿਹੁ ਚਤੁਰ ਵਰਗ ਕਿੱਜੈ ਵਖਿਆਨ॥ ੧੩੧॥*

*ਇਕ ਰਾਜੁ ਧਰਮ ਇਕ ਦਾਨ ਧਰਮ॥ ਇਕ ਭੋਗ ਧਰਮ ਇਕ ਮੋਛ ਕਰਮ॥*

*ਇਕ ਚਤੁਰ ਵਰਗ ਸਭ ਜਗ ਭਣੰਤ॥ ਸੇ ਆਤਮਾਹ ਪ੍ਰਾਤਮਾ ਪੁਛੰਤ॥ ੧੩੨॥*

*ਇਕ ਰਾਜ ਧਰਮ ਇਕ ਧਰਮ ਦਾਨ॥ ਇਕ ਭੋਗ ਧਰਮ ਇਕ ਮੋਛ ਵਾਨ॥*

*ਤੁਮ ਕਹੋ ਚਤ੍ਰ ਚਤ੍ਰੇ ਬਿਚਾਰ॥ ਜੇ ਜੇ ਤ੍ਰਿਕਾਲ ਭਏ ਜੁਗ ਅਪਾਰ॥ ੧੩੩॥*

*ਬਰਨੰਨ ਕਰੋ ਤੁਮ ਪ੍ਰਿਥਮ ਦਾਨ॥ ਜਿਮ ਦਾਨ ਧਰਮ ਕਿੰਨੈ ਨ੍ਰਿਪਾਨ॥*
*ਸਤਿਜੁਗ ਕਰਮ ਸੁਰ ਦਾਨ ਦੰਤ॥ ਭੂਮਾਦਿ ਦਾਨ ਕੀਨੇ ਅਕੰਥ॥ ੧੩੪॥*
*ਤ੍ਰੈ ਜੁਗ ਮਹੀਪ ਬਰਨੇ ਨ ਜਾਤ॥ ਗਾਥਾ ਅਨੰਤ ਉਪਮਾ ਅਗਾਤ॥*
*ਜੋ ਕੀਏ ਜਗਤ ਮੈ ਜੱਗ ਧਰਮ॥ ਬਰਨੇ ਨ ਜਾਹਿ ਤੇ ਅਮਿਤ ਕਰਮ॥ ੧੩੫॥*
*ਕਲਜੁਗ ਤੇ ਆਦਿ ਜੋ ਭਏ ਮਹੀਪ॥ ਇਹਿ ਭਰਥ ਖੰਡਿ ਮਹਿ ਜੰਬੂ ਦੀਪ॥*
*ਤ੍ਰ ਬਲ ਪ੍ਰਤਾਪ ਬਰਣੌ ਸੁ ਤ੍ਰੈਣ॥ ਰਾਜਾ ਯੁਧਿਸ਼ਟ੍ਰ ਭੂ ਭਰਥ ਏਣ॥ ੧੩੬॥*

ਰਾਜੇ ਮਹਾਰਾਜੇ ਯੱਗਾਂ ਦੁਆਰਾ ਹੀ ਦਾਨ ਪੁੰਨ ਕਰਦੇ ਸਨ। ਇਸ ਦਾ ਇਤਿਹਾਸਕ ਪਿਛਵਾੜਾ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਕਿਵੇਂ ਪਾਂਡਵਾਂ ਦੇ ਉਤਰਾਧਿਕਾਰੀਆਂ ਪ੍ਰੀਖਸ਼ਤ, ਜਨਮੇਜਾ, ਅਜੈ ਸਿੰਘ ਆਦਿ ਨੇ ਇਸ ਦਾਨ ਧਰਮ ਨੂੰ ਨਿਭਾਇਆ। ਪਰੰਤੂ ਰਾਜਿਆਂ ਦੇ ਪ੍ਰਸੰਗਾਂ ਵਿਚ ਇਹ ਗੱਲ ਸਾਫ਼ ਲਿਖੀ ਹੈ ਕਿ ਇਹ ਰਾਜਸੀ ਤ੍ਰਿਸ਼ਨਾਲੂ ਲੋਕ, ਝਗੜੇ ਝੰਜਟ, ਮਾਨਸਿਕ ਗੜਬੜ ਤੇ ਕਾਮ ਵਾਸ਼ਨਾਵਾਂ ਦੇ ਪੁਤਲੇ ਸਨ। ਇਹਨਾਂ ਨੂੰ ਆਦਰਸ਼ ਜੀਵਨ ਨਹੀਂ ਮੰਨ ਲੈਣਾ ਚਾਹੀਦਾ ਤੇ ਨਾ ਹੀ ਯੱਗ ਮਾਨਸਿਕ ਪਰਿਵਰਤਨ ਲਈ ਸਾਧਨ ਬਣ ਸਕਦੇ ਹਨ।

ਗੁਰੂ ਸਾਹਿਬ ਪ੍ਰਚਲਤ ਵਿਦਿਆਵਾਂ ਦਾ ਵੀ ਚਰਚਾ ਕਰਦੇ ਹਨ। ਇਸ ਤੋਂ ਮਾਲੂਮ ਹੁੰਦਾ ਹੈ ਕਿ ਆਪ ਉਸ ਸਮੇਂ ਦੀ ਅਧਿਐਨ-ਪ੍ਰਣਾਲੀ ਦੀ ਅਨੇਕ ਪੱਖੀ ਜਾਣਕਾਰੀ ਉਜਾਗਰ ਕਰਦੇ ਹਨ। ਜੇ ਸਹੀ ਤਰ੍ਹਾਂ ਦੇਖੀਏ ਤਾਂ ਗੁਰੂ ਸਾਹਿਬ ਦੀ ਸਮਕਾਲੀ ਵਿਦਿਅਕ ਧਾਰਾ ਦੀ ਵੀ ਇਸ ਤੋਂ ਟੋਹ ਲੱਗਦੀ ਹੈ ਕਿ 17ਵੀਂ ਸਦੀ ਵਿਚ ਪੁਰਾਤਨ ਵਿੱਦਿਆ ਕੇਂਦਰਾਂ ਵਿਚ ਕੀ ਕੀ ਕੁਝ ਪੜ੍ਹਾਇਆ ਜਾਂਦਾ ਸੀ।

*ਕਹੂੰ ਬ੍ਰਹਮ ਬਾਨੀ ਕਰਹਿ ਬੇਦ ਚਰਚਾ॥ ਕਹੂੰ ਬਿਪ੍ਰ ਬੈਠੇ ਕਰਹਿ ਬ੍ਰਹਮ ਅਰਚਾ॥ ੨੭੨॥*
*ਕਹੂੰ ਕੋਕਸਾਰੰ ਪੜੈ ਨੀਤਿ ਧਰਮੰ॥ ਕਹੂੰ ਨਜਾਇ ਸ਼ਾਸਤ੍ਰੰ ਪੜ੍ਹੈ ਛਤ੍ਰਿ ਕਰਮੰ॥*
*ਕਹੂੰ ਬ੍ਰਹਮ ਬਿੱਦਿਆ ਪੜੈ ਬਜੋਮ ਬਾਨੀ॥ ਕਹੂੰ ਪ੍ਰੇਮ ਸਿਉ ਪਾਠ ਪਠਿਐ ਪਿੜਾਨੀ॥੨੭੫॥*
*ਕਹੂੰ ਪ੍ਰਾਕ੍ਰਿਤ ਨਾਗ ਭਾਖਾ ਉਚਾਰਹਿ॥ ਕਹੂੰ ਸਹੰਸਕ੍ਰਿਤ ਬਜੋਮ ਬਾਨੀ ਬਿਚਾਰਹਿ॥*
*ਕਹੂੰ ਸ਼ਾਸਤ੍ਰ ਸੰਗੀਤ ਮੈ ਗੀਤ ਗਾਵੈ॥ ਕਹੂੰ ਜੱਛ ਗੰਧ੍ਰਬ ਬਿੱਦਿਆ ਬਤਾਵੈ॥ ੨੭੬॥*
*ਕਹੂੰ ਨਿਆਇ ਮੀਮਾਸਕਾ ਤਰਕ ਸ਼ਾਸਤ੍ਰੰ॥ ਕਹੂੰ ਅਗਨਿ ਬਾਣੀ ਪੜੈ ਬ੍ਰਹਮ ਅਸਤ੍ਰੰ॥*
*ਕਹੂੰ ਬੇਦ ਪਾਤੰਜਲੈ ਸ਼ੇਖ ਕਾਨੰ॥ ਪੜੈ ਚੱਕ੍ਰ ਚਵਦਾਹ ਬਿੱਦਿਆ ਨਿਧਾਨੰ॥ ੨੭੭॥*
*ਕਹੂੰ ਭਾਖ ਬਾਚੈ ਕਹੂੰ ਕੌਮਦੀਅੰ॥ ਕਹੂੰ ਸਿੱਧਕਾ ਚੰਦ੍ਰਕਾ ਸਾਰਸੁਤੀਯੰ॥*
*ਕਹੂੰ ਬਜਾਕਰਣ ਬੈਸਿਕਾਲਾਪ ਕਥੈ॥ ਕਹੂੰ ਪ੍ਰਾਕ੍ਰਿਆਕਾਸ ਕਾ ਸਰਬ ਮਥੈ॥ ੨੭੮॥*

ਕਹੂੰ ਬੈਠ ਮਾਨੋਰਮਾ ਗ੍ਰੰਥ ਬਾਚੈ॥ ਕਹੂੰ ਗਾਇ ਸੰਗੀਤ ਮੈ ਗੀਤ ਨਾਚੈ॥
ਕਹੂੰ ਸ਼ਸਤ੍ਰ ਕੀ ਸਰਬ ਬਿੱਦਿਆ ਬਿਚਾਰੈ॥ ਕਹੂੰ ਅਸਤ੍ਰ ਬਿੱਦਿਆ ਬਾਚੈ ਸ਼ੋਕ ਟਾਰੈ॥੨੭੯॥
ਕਹੂੰ ਗਦਾ ਕੋ ਜੁੱਧ ਕੈ ਕੈ ਦਿਖਾਵੈ॥ ਕਹੂੰ ਖੜਗ ਬਿੱਦਿਆ ਜੁਝੈ ਮਾਨੁ ਪਾਵੈ॥
ਕਹੂੰ ਬਾਕ ਬਿਦਿਆਹਿ ਛੋਰੰ ਪ੍ਰਬਾਨੰ॥ ਕਹੂੰ ਜਲਤੁਰੰ ਬਾਕ ਬਿੱਦਿਆ ਬਖਾਨੰ॥ ੨੮੦॥
ਕਹੂੰ ਬੈਠਕੇ ਗਾਰੜੀ ਗ੍ਰੰਥ ਬਾਚੈ॥ ਕਹੂੰ ਸਾਂਭਵੀ ਰਾਸ ਭਾਖਾ ਸੁ ਰਾਚੈ॥
ਕਹੂੰ ਜਾਮਨੀ ਤੋਰਕੀ ਬੀਰ ਬਿੱਦਿਆ॥ ਕਹੂੰ ਪਾਰਸੀ ਕੌਚ ਬਿਦਿਆ ਅਭਿੱਦਿਆ॥ ੨੮੧॥
ਕਹੂੰ ਸ਼ਸਤ੍ਰ ਕੀ ਘਾਉ ਬਿਦਿਆ ਬਤੈਗੋ॥ ਕਹੂੰ ਅਸਤ੍ਰ ਕੋ ਪਾਤਕਾ ਪੈ ਚਲੈਗੋ॥
ਕਹੂੰ ਚਰਮ ਕੀ ਚਾਰ ਬਿੱਦਿਆ ਬਤਾਵੈ॥ ਕਹੂੰ ਬ੍ਰਹਮ ਬਿੱਦਿਆ ਕਰੈ ਦਰਬ ਪਾਵੈ॥੨੮੨॥
ਕਹੂੰ ਨਿੱਤ੍ਰ ਬਿਦਿਆ ਕਹੂੰ ਨਾਦ ਭੇਦੰ॥ ਕਹੂੰ ਪਰਮ ਪੌਰਾਨ ਕੱਥੈ ਕਤੇਬੰ॥
ਸਭੈ ਅੱਛ੍ਰ ਬਿੱਦਿਆ ਸਭੈ ਦੇਸ ਬਾਨੀ॥ ਸਭੈ ਦੇਸ ਪੂਜਾ ਸਮਸਤੋਂ ਪ੍ਰਧਾਨੀ॥ ੨੮੩॥

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੧੫੧)

ਬਹੁ ਜਤਨ ਕਰਤਾ ਬਲਵੰਤ ਕਾਰੀ ਸੇਵੰਤ ਸੂਰਾ ਚਤੁਰ ਦਿਸਹ॥
ਬਿਖਮ ਥਾਨ ਬਸੰਤ ਊਚਹ ਨਹ ਸਿਮਰੰਤ ਮਰਣੰ ਕਦਾਂਚਹ॥
ਹੋਵੰਤਿ ਆਗਿਆ ਭਗਵਾਨ ਪੁਰਖਹ ਨਾਨਕ ਕੀਟੀ ਸਾਸ ਅਕਰਖਤੇ॥

(ਸਲੋਕ ਸਹਸਕ੍ਰਿਤੀ ਮ: ੫, ਅੰਗ ੧੩੫੪)

ਇਸ ਦੀ ਵਿਆਖਿਆ ਵਿਸਥਾਰ ਸਹਿਤ ਪੜ੍ਹਨੀ ਹੋਵੇ ਤਾਂ ਸ੍ਰੀ ਦਸਮ ਗ੍ਰੰਥ ਸਾਹਿਬ, ਗਿਆਨ ਪ੍ਰਬੋਧ ਵਿਚ ਪੜ੍ਹੋ :

ਸ੍ਰਾਪ ਕੋ ਸੁਨਿ ਕੈ ਡਰਯੋ ਨ੍ਰਿਪ ਮੰਦ੍ਰ ਏਕ ਉਸਾਰ॥
ਮੱਧਿ ਗੰਗ ਰਚਯੋ ਧਉਲ੍ਹਰਿ ਛ੍ਵਇ ਸਕੈ ਨ ਬਿਆਰ॥
ਸਰਪ ਕੀ ਕਹ ਗੰਮਤਾ ਕੋ ਕਾਟਿ ਹੈ ਤਿਹ ਜਾਇ॥
ਕਾਲ ਪਾਇ ਕਟਜੋ ਤਬੈ ਤਹਿ ਆਨ ਕੈ ਅਹਿਰਾਇ॥ ੭॥ ੧੬੩॥

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੧੪੧)

ਰਾਜਾ ਜਨਮੇਜਾ ਦੇ ਮਤੀ ਬਰਜਿ ਬਿਆਸਿ ਪੜ੍ਹਾਇਆ॥
ਤਿਨ੍ਹਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ॥ ੪॥

(ਪ੍ਰਭਾਤੀ ਮ: ੧, ਦਖਣੀ ੧੧, ਅੰਗ ੧੩੪੪)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਪਉੜੀ ਵਿਚ ਰਾਜਾ ਜਨਮੇਜੇ ਦਾ ਜ਼ਿਕਰ ਕੀਤਾ ਹੈ, ਪਰ ਇਸ ਦੀ ਵਿਆਖਿਆ ਵਿਸਥਾਰ ਸਹਿਤ ਜੇ ਪੜ੍ਹਨੀ ਹੋਵੇ ਤਾਂ ਸ੍ਰੀ ਦਸਮ ਗ੍ਰੰਥ ਸਾਹਿਬ,

ਗਿਆਨ ਪ੍ਰਬੋਧ ਵਿਚ ਪੜ੍ਹਨਾ ਕਰੋ।

*ਰਾਜ ਕੌ ਗ੍ਰਿਹ ਪਾਇ ਕੈ ਜਨਮੇਜ ਰਾਜ ਮਹਾਨ॥*

*ਸੂਰਬੀਰ ਹਠੀ ਤਪੀ ਦਸ ਚਾਰ ਚਾਰ ਨਿਧਾਨ॥...੧॥ ੧੬੫॥*

(ਸ੍ਰੀ ਦਸਮ ਗ੍ਰੰਥ ਸਾਹਿਬ)

ਯਥਾ :—

*ਭਇਓ ਕੋਪ ਰਾਜਾ ਗਹੇ ਬਿਪ੍ਰ ਸਰਬੰ॥*

*ਦਹੇ ਖੀਰ ਖੰਡੰ ਬਡੇ ਪਰਮ ਗਰਬੰ॥ ੩੩॥ ੨੦੧॥*

*ਤਥਾ : ਬੋਲੈ ਬਿਪ੍ਰ ਬਿਆਸੰ ਸੁਨੈ ਲਾਗ ਪਰਬੰ॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੧੪੫)

ਇਸ ਗਿਆਨ ਪ੍ਰਬੋਧ ਦੀਆਂ ਕੁਲ ੩੩੬ ਪਉੜੀਆਂ ਹਨ।

(ਗਿਆਨ ਪ੍ਰਬੋਧ ਸੰਪੂਰਨੰ॥ ੩੩੬॥ )

❑

# ਅਥ ਚਉਬੀਸ ਅਉਤਾਰ

ਇਸ ਰਚਨਾ ਦੇ ਆਦਿ ਵਿਚ ਦਸਮੇਸ਼ ਗੁਰੂ ਜੀ ਨੇ ੩੮ ਛੰਦਾਂ ਵਿਚ ਅਵਤਾਰਾਂ ਸਬੰਧੀ ਆਪਣੀ ਧਾਰਨਾ ਸਪੱਸ਼ਟ ਕੀਤੀ ਹੈ :

*ਅਬ ਚਉਬੀਸ ਉਚਰੌਂ ਅਵਤਾਰਾ॥ ਜਿਹ ਬਿਧ ਤਿਨ ਕਾ ਲਖਾ ਅਖਾਰਾ॥ ੧॥....*
*ਜਬ ਜਬ ਹੋਤ ਅਰਿਸ਼ਟਿ ਅਪਾਰਾ॥ ਤਬ ਤਬ ਦੇਹ ਧਰਤ ਅਵਤਾਰਾ॥*
*ਕਾਲ ਸਭਨ ਕੋ ਪੇਖ ਤਮਾਸਾ॥ ਅੰਤਹ ਕਾਲ ਕਰਤ ਹੈ ਨਾਸਾ॥ ੨॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੧੫੫)

ਹਜ਼ੂਰ ਨੇ ਅਕਾਲ ਪੁਰਖ ਨੂੰ ਸਾਰਿਆਂ ਅਵਤਾਰਾਂ ਦਾ ਕਰਤਾ, ਪੈਦਾ ਕਰਨ ਵਾਲਾ ਦੱਸ ਕੇ ਇਨ੍ਹਾਂ ਅਵਤਾਰਾਂ ਦਾ ਨਾਸ਼ ਕਰਤਾ ਵੀ ਪ੍ਰਮਾਤਮਾ ਨੂੰ ਦੱਸਿਆ ਹੈ ਅਤੇ ਨਾਲ ਕਿਹਾ ਹੈ ਕਿ ਚੌਵੀ ਅਵਤਾਰਾਂ ਨੇ ਉਸ ਪ੍ਰਭੂ ਦੇ ਤਨਕ ਮਾਤਰ ਵੀ ਭੇਦ ਨੂੰ ਨਹੀਂ ਜਾਣਿਆ।

*ਜੋ ਚਉਬੀਸ ਅਵਤਾਰ ਕਹਾਏ॥ ਤਿਨ ਭੀ ਤੁਮ ਪ੍ਰਭ ਤਨਕ ਨ ਪਾਏ॥ ੭॥....*
*ਬ੍ਰਹਮਾਦਿਕ ਸਭ ਹੀ ਪਚਹਾਰੇ॥ ਬਿਸ਼ਨ ਮਹੇਸ਼੍ਵਰ ਕਉਨ ਬਿਚਾਰੇ॥*
*ਚੰਦ ਸੂਰ ਜਿਨ ਕਰੇ ਬਿਚਾਰਾ॥ ਤਾ ਤੇ ਜਨੀਯਤ ਹੈ ਕਰਤਾਰਾ॥ ੧੪॥*

ਯਥਾ :—

*ਜਗ ਆਪਨ ਆਪਨ ਉਰਝਾਨਾ॥ ਪਾਰਬ੍ਰਹਮ ਕਾਹੂ ਨਾ ਪਛਾਨਾ॥*
*ਇਕ ਮੜੀਅਨ ਕਬਰਨ ਵੇ ਜਾਂਹੀ॥ ਦੁਹੂੰਅਨ ਮੈ ਪਰਮੇਸ਼੍ਵਰ ਨਾਹੀ॥੧੯॥*

ਤਥਾ :—

*ਇਕ ਤਸਬੀ ਇਕ ਮਾਲਾ ਧਰਹੀ॥ ਏਕ ਕੁਰਾਨ ਪੁਰਾਨ ਉਚਰਹੀ॥*
*ਕਰਤ ਬਿਰੁੱਧ ਗਏ ਮਰ ਮੂੜਾ॥ ਪ੍ਰਭ ਕੋ ਰੰਗੁ ਨ ਲਾਗਾ ਗੂੜਾ॥੨੦॥*

(ਅਥਵਾ) :—

*ਭਿੰਨ ਭਿੰਨ ਸਭਹੂੰ ਉਪਜਾਯੋ॥ ਭਿੰਨ ਭਿੰਨ ਕਰ ਤਿਨੋ ਖਪਾਯੋ॥*
*ਆਪ ਕਿਸੂ ਕੋ ਦੋਸ ਨ ਲੀਨਾ॥ ਅਉਰਨ ਸਿਰ ਬੁਰਿਆਈ ਦੀਨਾ॥ ੩੮॥*

ਇਥੇ ਸੰਖੇਪ ਰੂਪ ਵਿਚ ਇਹਨਾਂ ਚੌਵੀ ਅਵਤਾਰਾਂ ਦਾ ਜ਼ਿਕਰ ਕਰਦੇ ਹਾਂ :—

## ੧. ਮੱਛ ਅਵਤਾਰ

ਪਹਿਲੀਆਂ ੩੮ ਪਉੜੀਆਂ ਤੋਂ ਉਪਰੰਤ ੧੬ ਪਉੜੀਆਂ ਵਿਚ ਮੱਛ ਅਵਤਾਰ ਦਾ ਸੰਖਾਸੁਰ ਨਾਲ ਯੁੱਧ ਕਥਨ ਕੀਤਾ ਗਿਆ ਹੈ।

*ਸੰਖਾਸੁਰ ਦਾਨਵ ਪੁਨ ਭਯੋ॥ ਬਹੁ ਬਿਧਿ ਕੈ ਜਗ ਕੌ ਦੁਖ ਦਯੋ॥*

*ਮੱਛ ਅਵਤਾਰ ਆਪ ਪੁਨ ਧਰਾ॥ ਆਪਨ ਜਾਪ ਆਪ ਮੋ ਕਰਾ॥ ੩੯॥*

ਗੁਰਦੇਵ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਇਸ ਮੱਛ ਅਵਤਾਰ ਨੇ ਵੀ ਆਪਣਾ ਹੀ ਜਾਪ ਕਰਾਇਆ ਹੈ। ਉਸ ਪ੍ਰਮੇਸ਼ਰ ਨੂੰ ਭੁੱਲ ਗਿਆ ਹੈ। ਇਸ ਅਵਤਾਰ ਨੇ ਸੰਖਾਸੁਰ ਨੂੰ ਮਾਰ ਕੇ ਵੇਦਾਂ ਦਾ ਉਧਾਰ ਕੀਤਾ ਦੱਸਿਆ ਹੈ :

*ਸੰਖਾਸੁਰ ਮਾਰੇ ਬੇਦ ਉਧਾਰੇ ਸਤ੍ਰ ਸੰਘਾਰੇ ਜਸੁ ਲੀਨੋ॥*

ਇਥੋਂ ਤੱਕ ਕੁਲ ੫੪ ਪਉੜੀਆਂ ਆਈਆਂ ਹਨ।

(ਮੱਛ ਅਵਤਾਰ ਸੰਪੂਰਨ॥ ੧॥ )

## ੨. ਕੱਛ ਅਵਤਾਰ

ਇਸ ਅਵਤਾਰ ਪ੍ਰਸੰਗ ਦਾ ਭਾਵ ਹੈ ਕਿ ਦੇਵਤਿਆਂ ਤੇ ਦੈਂਤਾਂ ਨੇ ਇਕੱਠੇ ਹੋ ਕੇ ਸਮੁੰਦ੍ਰ ਨੂੰ ਰਿੜਕਣਾ ਕੀਤਾ ਹੈ। ਇਸ ਵਿਚ ਕੱਛ ਅਵਤਾਰ ਨੇ ਮੰਦਰਾਚਲ ਦੇ ਭਾਰ ਆਪਣੇ 'ਤੇ ਲੈ ਕੇ ਸੰਭਾਲਿਆ ਹੈ।

*ਤਬੈ ਆਪ ਹੀ ਬਿਸ਼ਨ ਮੰਤ੍ਰੰ ਬਿਚਾਰਯੋ॥ ਤਰੇ ਪਰਬਤੰ ਕੱਛਪੰ ਰੂਪ ਧਾਰਯੋ॥ ੫॥*

ਇਹ ਪ੍ਰਸੰਗ ਸਾਰਾ ੫ ਪਉੜੀਆਂ ਵਿਚ ਸੰਪੂਰਨ ਕੀਤਾ ਗਿਆ ਹੈ :

*ਕਰੋ ਮੱਥਨੀ ਕੂਟ ਮੰਦ੍ਰਾ ਚਲੇਯੰ॥ ਤਕਯੋ ਛੀਰ ਸਾਮੁੰਦ੍ਰ ਦੇਐਂ ਅਦੇਯੰ॥ ੩॥*

ਯਥਾ :—

*ਮਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ॥*

*ਚਉਦਹ ਰਤਨ ਨਿਕਾਲਿਅਨੁ ਕਰਿ ਆਵਾ ਗਉਣੁ ਚਿਲਕਿਓਨੁ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੯੬੭)

## ੩. ਨਰ ਅਵਤਾਰ ੪.ਨਾਰਾਇਣ ਅਵਤਾਰ

*ਨਰੰ ਅਉਰ ਨਾਰਾਇਣੰ ਰੂਪ ਧਾਰੀ॥*

*(ਅਥਵਾ) "ਨਰੰ ਏਕੰ, ਨਾਰਾਇਣੰ ਦੁਐ ਸਰੂਪੰ॥"*

ਇਸ ਵਿਚ ਪਹਿਲਾਂ ਸਮੁੰਦ੍ਰ ਰਿੜਕਣ ਦਾ ਜ਼ਿਕਰ ਹੈ :

*ਮਿਲਿ ਦੇਵ ਅਦੇਵਨ ਸਿੰਧ ਮਥਜੋ॥*

ਸਮੁੰਦਰ ਰਿੜਕਣ ਤੋਂ ਨਿਕਲੇ ਚੌਦਾਂ ਰਤਨਾਂ ਦਾ ਜ਼ਿਕਰ ਹੈ। ਇਸ ਉਪਰੰਤ ਉਪ-ਰਤਨਾਂ ਅਤੇ ਅਸ਼ਟ ਧਾਂਤਾਂ ਦਾ ਜ਼ਿਕਰ ਕੀਤਾ ਗਿਆ ਹੈ।

*ਰਤਨ ਉਪਰਤਨ ਨਿਕਾਸੇ ਤਬ ਹੀ॥ ਧਾਤ ਉਪਧਾਤ ਦਿਰਬ ਮੋ ਸਭ ਹੀ॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੧੬੧)

ਰਤਨਾਂ, ਉਪਰਤਨਾਂ, ਧਾਂਤਾਂ, ਉਪਧਾਂਤਾਂ ਦਾ ਵਿਵਰਣ ੧੪ ਪਉੜੀਆਂ ਵਿਚ ਕੀਤਾ ਹੈ।

(ਇਹ ਪ੍ਰਕਰਨ ਇਥੇ ਸੰਪੂਰਨ ਹੈ॥ ੧੪ ॥ )

ਦੇਵਤੇ ਤੇ ਦੈਂਤਾਂ ਵਿਚਕਾਰ ਰਤਨਾਂ ਦੀ ਵੰਡ ਸਮੇਂ ਝਗੜਾ ਸ਼ੁਰੂ ਹੁੰਦਾ ਹੈ। ਇਸ ਸਮੇਂ ਨਰ ਅਤੇ ਨਾਰਾਇਣ ਦੋਵੇ ਅਵਤਾਰਾਂ ਨੇ ਦੈਂਤਾਂ ਨਾਲ ਯੁੱਧ ਕੀਤਾ ਹੈ।

ਇਸ ਉਪਰੰਤ ਅਗਲੀਆਂ ੨੦ ਪਉੜੀਆਂ ਵਿਚ ਨਰ ਅਤੇ ਨਾਰਾਇਣ ਅਵਤਾਰ ਦਾ ਦੈਂਤਾਂ ਨਾਲ ਹੋਏ ਯੁੱਧ ਦਾ ਜ਼ਿਕਰ ਹੈ :

*ਨਰੰ ਅਉਰ ਨਾਰਾਇਣੰ ਰੂਪ ਧਾਰੀ॥ ਭਯੋ ਸਾਮੁਹੇ ਸ਼ਸਤ੍ਰ ਅਸਤ੍ਰੰ ਸੰਭਾਰੀ॥*

*ਯਥਾ :— ਨਰੰ ਏਕ ਨਾਰਾਇਣੰ ਦੁਐ ਸਰੂਪੰ॥*

ਇਸ ਯੁੱਧ ਵਿਚ ਦੇਵਤਿਆਂ ਦਾ ਪਾਸਾ ਕਮਜ਼ੋਰ ਹੋਇਆ ਦੇਖ ਕੇ ਰਤਨਾਂ ਦੀ ਵੰਡ ਕਰਨ ਵਾਸਤੇ ਫੇਰ ਮੋਹਣੀ ਅਵਤਾਰ ਧਾਰਿਆ ਹੈ। ਇਸ ਪ੍ਰਕਰਨ ਦੀਆਂ ੨੦ ਪਉੜੀਆਂ ਹਨ।

(ਨਰ ਤੇ ਨਾਰਾਇਣ ਅਵਤਾਰ ਪ੍ਰਸੰਗ ਸੰਪੂਰਨ॥ ੩ ॥ ੪ ॥ )

## ੫. ਮੋਹਣੀ ਅਵਤਾਰ

*॥ ਸ੍ਰੀ ਭਗਉਤੀ ਜੀ ਸਹਾਇ॥*

ਇਸ ਦੀਆਂ ੮ ਪਉੜੀਆਂ ਹਨ, ਇਸ ਵਿਚ ਮੋਹਣੀ ਅਵਤਾਰ ਧਾਰ ਕੇ ਰਤਨਾਂ ਦੀ ਵੰਡ ਦਰਸਾਈ ਹੈ :

*ਮਹਾ ਮੋਹਨੀ ਰੂਪ ਧਾਰਯੋ ਅਪਾਰੰ॥ ਰਹੇ ਮੋਹਿਕੈ ਦਿਤਿ ਅਦਿਤਿਯ ਕੁਮਾਰੰ॥੧॥*

ਯਥਾ :—

*ਬਟੇ ਰਤਨ ਸਰਬੰ ਗਈ ਛੂਟ ਰਾਰੰ॥ ਧਰਜੋ ਐਸ ਸ੍ਰੀ ਬਿਸ਼ਨ ਪੰਚਮ ਵਤਾਰੰ॥ ੮॥*

(ਮੋਹਣੀ ਅਵਤਾਰ ਸੰਪੂਰਨ॥ ੫ ॥)

## ੬. ਬਾਰਾਹ ਅਵਤਾਰ

***॥ ਸ੍ਰੀ ਭਗਉਤੀ ਜੀ ਸਹਾਇ॥***

ਇਸ ਬਾਰਾਹ ਅਵਤਾਰ ਵਿਚ ਦੱਸਿਆ ਗਿਆ ਹੈ ਕਿ ਰਤਨਾਂ ਦੀ ਵੰਡ ਉਪਰੰਤ ਦੇਵਤੇ ਤੇ ਦੈਂਤ ਆਪਣੇ-ਆਪਣੇ ਸਥਾਨਾਂ 'ਤੇ ਚਲੇ ਗਏ ਸਨ ਅਤੇ ਕੁਝ ਸਮੇਂ ਮਗਰੋਂ ਫੇਰ ਆਪਸ ਵਿਚ ਵਿਰੋਧ ਕਰ ਕੇ ਯੁੱਧ ਹੋਇਆ ਦੱਸਿਆ ਹੈ :

***ਗਏ ਠਾਮ ਠਾਮੰ ਸਭੈ ਦੇਵ ਦਾਨੰ॥***

***ਪੁਨਰ ਦ੍ਰੋਹ ਬਢਯੋ ਸੁ ਆਪੰ ਮਝਾਰੰ॥ ੧॥***

ਹਿਰਿਨਯੋ (ਹਿਰਣ-ਯਾਕਸ) ਅਤੇ ਹਰਨਾਛਸ (ਹਿਰਣਾਕਸ਼ਿਪ) ਇਨ੍ਹਾਂ ਦੈਂਤਾਂ ਨੇ ਸਭ ਨੂੰ ਜਿੱਤ ਕੇ ਆਪਣੇ ਅਧੀਨ ਕਰ ਲਿਆ ਸੀ।

***ਹਿਰਿਨਜੋ ਹਿਰੰਨਾਛਸੰ ਦੋਇ ਬੀਰੰ॥ ਸਭੈ ਲੋਗ ਕੈ ਜੀਤ ਲੀਨੇ ਗਹੀਰੰ॥ ੨॥***

ਇਨ੍ਹਾਂ ਦੈਂਤਾਂ ਨੇ ਧਰਤੀ ਆਪਣੇ ਕਬਜ਼ੇ ਵਿਚ ਲੈ ਲਈ ਤੇ ਵੇਦ ਖੋਹ ਕੇ ਵੇਦਾਂ ਦਾ ਵੀ ਅਪਮਾਨ ਕੀਤਾ :

***ਹਰੇ ਬੇਦ ਭੂਮੰ ਕੀਏ ਸਰਬ ਭੰਗੰ॥ ੩॥***

ਵਿਸ਼ਨੂੰ ਜੀ ਨੇ ਬਾਰਾਹ ਅਵਤਾਰ ਧਾਰ ਕੇ ਇਨ੍ਹਾਂ ਦੈਂਤਾਂ ਨਾਲ ਯੁੱਧ ਕਰ ਕੇ ਇਨ੍ਹਾਂ ਨੂੰ ਹਰਾਇਆ :

***ਹਠੀ ਦੁਸਟਿ ਜੀਤੇ ਭਜੇ ਦੈਤ ਸਬੰ॥ .... ॥ ੧੩॥***

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੧੬੪)

ਮੁੜ ਧਰਮ ਦਾ ਰਾਜ ਸਥਾਪਤ ਕੀਤਾ ਦੱਸਿਆ ਹੈ। ਇਹ ਪ੍ਰਸੰਗ ੧੪ ਪਉੜੀਆਂ ਵਿਚ ਅੰਕਿਤ ਹੈ।

(ਕਥਾ ਬਾਰਾਹ ਅਵਤਾਰ ਸੰਪੂਰਨੰ॥ ੬॥ )

## ੭. ਨਰਸਿੰਘ ਅਵਤਾਰ

***॥ ਸ੍ਰੀ ਭਗਉਤੀ ਜੀ ਸਹਾਇ॥***

ਇਸ ਵਿਚ ਨਰਸਿੰਘ ਦਾ ਰੂਪ ਧਾਰ ਕੇ ਭਗਤ ਪ੍ਰਹਿਲਾਦ ਜੀ ਦੀ ਰੱਖਿਆ ਕਰਨੀ ਅਤੇ ਹਿਰਣਯਕਸ਼ਿਪ ਭਾਵ ਹਰਨਾਖਸ਼ ਦਾ ਨਾਸ਼ ਕਰਨਾ ਦਰਸਾਇਆ ਹੈ। ਗੁਰਬਾਣੀ ਅੰਦਰ ਭਗਤ ਪ੍ਰਹਿਲਾਦ ਜੀ ਦੇ ਆਏ ਪ੍ਰਸੰਗ ਨੂੰ ਇਥੇ ਵਿਸਥਾਰ ਸਹਿਤ ਕਥਨ ਕੀਤਾ ਹੈ :

***ਜਲੰ ਥਾ ਥਲੇਅੰ ਹਿਰਨਾਛਰਾਇ॥ ੨॥***

*ਯਥਾ :—ਨਿਰਭੈ ਸਿਸ ਨਾਮੁ ਗੁਪਾਲ ਪੜੈ॥ ੫॥ ਤਬ ਹੀ ਤਿਹ ਬਾਂਧਤ ਥੰਮ ਭਏ॥*

*ਤਥਾ :—ਗਰਜੇ ਨਰਸਿੰਘ ਨਰਾਂਤ ਕਰੰ॥ ਦ੍ਰਿਗ ਰੱਤ ਕੀਏ ਮੁਖ ਸ੍ਰੋਣ ਭਰੰ॥ ੯॥*

ਇਹ ਸਾਰਾ ਪ੍ਰਸੰਗ ੪੨ ਪਉੜੀਆਂ ਵਿਚ ਦਸਮੇਸ਼ ਗੁਰੂ ਜੀ ਨੇ ਵਰਣਨ ਕੀਤਾ ਹੈ। ਰਾਖਸ਼ਾਂ ਨੂੰ ਮਾਰਨ ਵਾਸਤੇ ਨਰਸਿੰਘ ਦਾ ਭਿਆਨਕ ਰੂਪ ਦਰਸਾਇਆ ਗਿਆ ਹੈ।

(ਨਰਸਿੰਘ ਪ੍ਰਕਰਣ ਸੰਪੂਰਨ॥੨॥)

## ੮. ਬਾਵਨ ਅਵਤਾਰ

*॥ ਸ੍ਰੀ ਭਗਉਤੀ ਜੀ ਸਹਾਇ॥*

ਇਹ ਪ੍ਰਸੰਗ ਇਸ ਤਰ੍ਹਾਂ ਕਥਨ ਕੀਤਾ ਹੈ ਕਿ ਦੈਂਤਾਂ ਨੇ ਦੇਵਤਿਆਂ ਦੇ ਰਾਜੇ ਇੰਦ੍ਰ ਦੀ ਰਾਜਧਾਨੀ ਨਸ਼ਟ ਕਰ ਦਿੱਤੀ ਤਾਂ ਦੇਵਤਿਆਂ ਨੇ ਅਕਾਲ ਪੁਰਖ ਪਾਸ ਆਪਣਾ ਦੁੱਖ ਪ੍ਰਗਟ ਕਰ ਸੁਣਾਇਆ। ਉਸ ਸਮੇਂ ਵਿਸ਼ਨੂੰ ਜੀ ਦਾ ਇਹ ਬਾਵਨ ਅਵਤਾਰ ਹੋਇਆ ਹੈ। ਦੈਂਤਾਂ ਦੇ ਰਾਜੇ ਬਲ ਰਾਜੇ ਨੂੰ ਢਾਈ ਕਦਮਾਂ ਧਰਤੀ ਉਸ ਤੋਂ ਮੰਗ ਕੇ ਬ੍ਰਾਹਮਣ ਦੇ ਰੂਪ ਵਿਚ ਬਾਵਨ ਅਵਤਾਰ ਨੇ ਛਲਣਾ ਕੀਤਾ ਹੈ। ਗੁਰਬਾਣੀ ਵਿਚ ਇਸ ਪ੍ਰਕਾਰ ਜ਼ਿਕਰ ਆਇਆ ਹੈ :

*ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪ ਬਹਾਨੈ॥*

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੪੪)

ਇਸ ਦੀ ਵਿਆਖਿਆ ਵਿਸਥਾਰ ਸਹਿਤ ਦਸਮੇਸ਼ ਗੁਰੂ ਜੀ ਨੇ ਇਸ ਪ੍ਰਕਰਣ ਵਿਚ ਉਜਾਗਰ ਕੀਤੀ ਹੈ :

*ਪੈਰ ਅਢਾਇ ਭੂੰਮ ਦੇ ਕਹੀ॥ ੮॥*

*ਯਥਾ :— ਐਸ ਤਬੈ ਨਿਜ ਦੇਹ ਬਢਾਯੋ॥ ਲੋਕ ਛੇਦ ਪਰਲੋਕ ਸਿਧਾਯੋ॥ ੨੦॥*

ਇਹ ਪ੍ਰਕਰਣ ੨੭ ਪਉੜੀਆਂ ਵਿਚ ਸੰਪੂਰਨ ਕੀਤਾ ਹੈ।

(ਬਾਵਨ ਅਵਤਾਰ ਕਥਾ ਸੰਪੂਰਨ॥ ੮॥ )

## ੯. ਪਰਸ ਰਾਮ ਅਵਤਾਰ

*॥ ਸ੍ਰੀ ਭਗਉਤੀ ਜੀ ਸਹਾਇ॥*

ਧਾਰਮਿਕ ਗ੍ਰੰਥਾਂ ਵਿਚ ਛੇ ਪ੍ਰਕਾਰ ਦੇ ਅਵਤਾਰ ਦਰਸਾਏ ਗਏ ਹਨ— ਅੰਸਾ ਅਵਤਾਰ, ਅਵੇਸਾ ਅਵਤਾਰ, ਕਲਾ ਅਵਤਾਰ, ਨਿਤ ਅਵਤਾਰ, ਨਿਮਿਤ ਅਵਤਾਰ, ਪੂਰਨ ਅਵਤਾਰ। ਇਹ ਪਰਸ ਰਾਮ ਅਵਤਾਰ, ਅਵੇਸਾ ਅਵਤਾਰ ਮੰਨਿਆ ਹੈ। ਇਸ ਦਾ ਜਨਮ ਜਮਦਗਨੀ ਰਿਖੀ ਜੀ ਦੀ ਪਤਨੀ ਰੇਣੁਕਾ ਦੀ ਕੁੱਖੋਂ ਹੋਇਆ ਹੈ। ਸਹੰਸਰਬਾਹੂ ਰਾਜੇ ਨੇ ਕਾਮਧੇਨ ਗਊ ਵਾਸਤੇ ਜਮਦਗਨੀ ਰਿਖੀ ਦਾ ਕਤਲ ਕੀਤਾ ਤਾਂ ਪਰਸ ਰਾਮ ਅਵਤਾਰ ਨੇ ਇਸ ਸਹੰਸਰਬਾਹੂ

ਰਾਜੇ ਨਾਲ ਯੁੱਧ ਕਰ ਕੇ ਇਸ ਨੂੰ ਮਾਰਿਆ ਦਰਸਾਇਆ ਗਿਆ ਹੈ:

*ਲੀਯੋ ਛੀਨ ਗਾਯੰ ਹਤਯੋ ਰਾਮ ਤਾਤੰ॥ ਤਿਸੀ ਬੈਰ ਕੀਨੇ ਸਬੈ ਭੂਪ ਪਾਤੰ॥ ੭॥*

ਇਸ ਪ੍ਰਸੰਗ ਨੂੰ ੩੫ ਪਉੜੀਆਂ ਵਿਚ ਕਥਨ ਕੀਤਾ ਗਿਆ ਹੈ। ਇਸ ਪ੍ਰਸੰਗ ਨੂੰ ਦੋ ਹਿੱਸਿਆਂ ਵਿਚ ਕਥਨ ਕੀਤਾ ਹੈ। ਪਹਿਲੀਆਂ ੩੦ ਪਉੜੀਆਂ ਵਿਚ ਸਹੰਸਰਬਾਹੁ ਰਾਜੇ ਦੇ ਮਾਰਨ ਤੱਕ ਦਾ ਪ੍ਰਸੰਗ ਹੈ। ਇਸ ਤੋਂ ਅਗਲੀਆਂ ਪੰਜ ਪਉੜੀਆਂ ਵਿਚ ਛੱਤ੍ਰੀਆਂ ਤੋਂ ਰਾਜ ਖੋਹ ਕੇ ਬ੍ਰਾਹਮਣਾਂ ਨੂੰ ਰਾਜ ਦੇਣ ਦਾ ਪ੍ਰਸੰਗ ਹੈ ਅਤੇ ਪਰਸ ਰਾਮ ਨੇ ਜੰਗ ਕਰ ਕੇ ਛੱਤ੍ਰੀਆਂ ਨੂੰ ਮਾਰਿਆ ਹੈ। ਇਥੇ ਬੀਰ ਰਸ ਵਾਲੀ ਕਥਾ ਕਥਨ ਕੀਤੀ ਹੈ।

*ਲਈ ਛੀਨ ਛਉਨੀ ਕਰੇ ਛਤ੍ਰ ਘਾਤੰ॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੧੭੧)

(ਪਰਸ ਰਾਮ ਅਵਤਾਰ ਸੰਪੂਰਨ॥ ੯॥ )

## ੧੦. ਬ੍ਰਹਮਾ ਅਵਤਾਰ

*॥ ਸ੍ਰੀ ਭਗਉਤੀ ਜੀ ਸਹਾਇ॥*

ਇਸ ਵਿਚ ਬ੍ਰਹਮਾ ਦਾ ਅਵਤਾਰ ਕਥਨ ਹੈ ਅਤੇ ਬੇਦ ਉਚਾਰ ਕੇ ਧਰਮਾਂ ਕਰਮਾਂ ਵਿਚ ਜਗਤ ਜੀਆਂ ਨੂੰ ਪ੍ਰਵਿਰਤ ਕਰਨਾ ਦੱਸਿਆ ਹੈ:

*ਜਬ ਹੀ ਬਿਸ਼ਨ ਬ੍ਰਹਮ ਬਪੁ ਧਰਾ॥ ਤਬ ਸਭ ਬੇਦ ਪ੍ਰਚੁਰ ਜਗ ਕਰਾ॥ ੩॥*

*ਯਥਾ :—ਪਾਪ ਕਰਮੁ ਕੱਹ ਪ੍ਰਗਟਿ ਦਿਖਾਏ॥ ਧਰਮ ਕਰਮ ਸਭ ਜੀਵ ਚਲਾਏ॥੪॥*

ਇਹ ਪ੍ਰਕਰਣ ੭ ਪਉੜੀਆਂ ਵਿਚ ਕਥਨ ਕਰ ਕੇ ਸੰਪੂਰਨ ਕੀਤਾ ਹੈ।

(ਬ੍ਰਹਮਾ ਅਵਤਾਰ ਕਥਾ ਸੰਪੂਰਨ॥ ੧੦॥ )

## ੧੧. ਰੁਦ੍ਰ ਅਵਤਾਰ

*॥ ਸ੍ਰੀ ਭਗਉਤੀ ਜੀ ਸਹਾਇ॥*

ਇਸ ਪ੍ਰਸੰਗ ਵਿਚ ਧਰਤੀ ਨੇ ਪੀੜਤ ਹੋ ਕੇ ਅਕਾਲ ਪੁਰਖ ਪਾਸ ਪੁਕਾਰ ਕੀਤੀ ਤਾਂ ਅਕਾਲ ਪੁਰਖ ਨੇ ਵਿਸ਼ਨੂੰ ਜੀ ਨੂੰ ਹੁਕਮ ਕੀਤਾ ਕਿ ਰੁਦ੍ਰ ਅਵਤਾਰ ਧਾਰ ਕੇ ਇਸ ਦੀ ਰੱਖਿਆ ਕਰੋ। ਰੁਦ੍ਰ ਅਵਤਾਰ ਨੇ ਤ੍ਰਿਪੁਰ ਦੈਂਤ ਨੂੰ ਨਾਸ਼ ਕਰਨਾ ਅਤੇ ਅੰਧਕ ਨਾਲ ਯੁੱਧ ਕਰ ਕੇ ਉਸ ਨੂੰ ਮਾਰਨਾ ਦੱਸਿਆ ਹੈ:

*ਸੁ ਕਹਯੋ ਤੁਮ ਰੁਦ੍ਰ ਸਰੂਪ ਧਰੋ॥ ੪॥*

*ਯਥਾ: ਇਕ ਬਾਰ ਹੀ ਨਾਸ ਕੀਯੋ ਤ੍ਰਿਪੁਰੰ॥ ੧੧॥*

ਇਸ ਪ੍ਰਕਰਣ ਵਿਚ ੩੯ ਪਉੜੀਆਂ ਵਿਚ ਰੁਦ੍ਰ ਅਵਤਾਰ ਦੀ ਉਸਤਤੀ ਕੀਤੀ ਹੈ ਅਤੇ

ਅਗਲਾ ਪ੍ਰਕਰਣ "ਸ੍ਰੀ ਭਗਉਤੀ ਜੀ ਸਹਾਇ" ਉਚਾਰ ਕੇ ਸ਼ੁਰੂ ਕੀਤਾ ਹੈ। ਇਸ ਵਿਚ ਦਕਸ਼ ਦੀ ਪੁੱਤਰੀ ਗੌਰੀ ਦਾ ਸ਼ਿਵ ਨਾਲ ਵਿਆਹ ਦਾ ਕਥਨ ਹੈ ਅਤੇ ਦਕਸ਼ ਦੇ ਯੱਗ ਵਿਚ ਅਪਮਾਨਤ ਗੌਰੀ ਨੇ ਆਪਣੇ ਆਪ ਨੂੰ ਸਾੜਨਾ ਆਦਿ ਪ੍ਰਸੰਗ ਅੰਕਿਤ ਹੈ :

*ਬਰਯੋ ਗਉਰਜਾ ਏਕ ਰੁਦ੍ਰ ਕਹਿ॥ ੧੧॥*

ਇਸ ਪ੍ਰਸੰਗ ਦੀਆਂ ੫੦ ਪਉੜੀਆਂ ਕਥਨ ਕਰ ਕੇ ਇਹ ਰੁਦ੍ਰ ਅਵਤਾਰ ਦੀ ਕਥਾ ਸ਼ੁਰੂ ਕੀਤੀ ਹੈ। ਰੁਦ੍ਰ ਅਵਤਾਰ ਦੀ ਕਥਾ ਦੋ ਪ੍ਰਕਰਣਾਂ ਵਿਚ ਪੂਰੀ ਕੀਤੀ ਹੈ, ਜਿਸ ਦੀਆਂ ਕੁਲ ਪਉੜੀਆਂ ੮੯ ਬਣਦੀਆਂ ਹਨ ਅਤੇ ਇਸ ਵਿਚ ਤ੍ਰਿਪੁਰ ਦੈਂਤ ਤੇ ਅੰਬਕ ਦੈਂਤ ਨਾਲ ਯੁੱਧ ਹੋਇਆ ਹੈ ਤੇ ਇਨ੍ਹਾਂ ਨੂੰ ਮਾਰਿਆ ਦੱਸਿਆ ਹੈ।

(ਰੁਦ੍ਰ ਪ੍ਰਕਰਣ ਸੰਪੂਰਨ॥ ੧੧॥ )

## ੧੨. ਜਲੰਧਰ ਅਵਤਾਰ

*॥ ਸ੍ਰੀ ਭਗਉਤੀ ਜੀ ਸਹਾਇ॥*

ਇਸ ਪ੍ਰਸੰਗ ਵਿਚ ਜਲੰਧਰ ਦੈਂਤ, ਜਿਸ ਦਾ ਜ਼ਿਕਰ ਰੁਦ੍ਰ ਅਵਤਾਰ ਦੀ ਕਥਾ ਦੂਜੇ ਪ੍ਰਕਰਣ ਵਿਚ ਆਇਆ ਹੈ :

*ਤਿਹ ਆਨ ਜਲੰਧਰ ਰੂਪ ਲਯੋ॥ ੩॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੧੭੬)

ਇਸ ਦੈਂਤ ਨੇ ਸ਼ਿਵਜੀ ਦੀ ਘਰਵਾਲੀ ਪਾਰਬਤੀ ਨੂੰ ਖੋਹ ਕੇ ਲਿਆਵਣ ਲਈ ਇਕ ਦੈਂਤ ਨੂੰ ਭੇਜਿਆ ਹੈ :

*ਦੂਤ ਏਕ ਤਹ ਦੀਯੋ ਪਠਾਈ॥ ਲਿਆਉ ਰੁਦ੍ਰ ਤੇ ਨਾਰ ਛਿਨਾਈ॥ ੩॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੧੭੯)

ਇਕ ਇਸ ਪ੍ਰਸੰਗ ਵਿਚ ਨਾਰਦ ਮੁਨੀ ਦੇ ਸਰਾਪ ਕਰ ਕੇ ਵਿਸ਼ਨੂੰ ਦੀ ਘਰਵਾਲੀ ਦਾ ਜਲੰਧਰ ਦੈਂਤ ਦੇ ਘਰ ਬ੍ਰਿੰਦਾ ਰਾਖਸ਼ਣੀ ਬਣ ਕੇ ਜਨਮ ਲੈਣ ਦਾ ਜ਼ਿਕਰ ਹੈ :

*ਬ੍ਰਿੰਦਾ ਨਾਮ ਰਾਛਸੀ ਬਪੁ ਧਰ॥ ਤ੍ਰਿਅ ਹੁਅ ਬਸੋ ਜਲੰਧਰ ਕੇ ਘਰ॥ ੮॥*

ਇਸ ਬਿੰਦ੍ਰਾ ਦਾ ਉਧਾਰ ਕਰਨ ਵਾਸਤੇ ਜਲੰਧਰ ਅਵਤਾਰ ਧਾਰਿਆ ਦੱਸਿਆ ਹੈ :

*ਤਿਹ ਨਿਮਿਤ ਜਲੰਧਰ ਅਵਤਾਰਾ॥ ਧਰ ਹੈ ਰੂਪ ਅਨੂਪ ਮੁਰਾਰਾ॥ ੧੧॥*

ਸ਼ਿਵਜੀ ਦਾ ਉਸ ਜਲੰਧਰ ਦੈਂਤ ਅਤੇ ਦੂਤ ਨਾਲ ਯੁੱਧ ਹੋਇਆ ਹੈ। ਜਲੰਧਰ ਦੈਂਤ ਦਾ ਡਰ ਧਾਰ ਕੇ ਕਿ ਇਹ ਮਰਦਾ ਨਹੀਂ ਹੈ ਤਾਂ ਸ਼ਿਵਜੀ ਨੇ ਅਕਾਲ ਪੁਰਖ ਦਾ ਧਿਆਨ ਧਰ ਕੇ ਸਹਾਇਤਾ ਦੀ ਜਾਚਨਾ ਕੀਤੀ ਹੈ। ਅਕਾਲ ਪੁਰਖ ਨੇ ਵਿਸ਼ਨੂੰ ਜੀ ਨੂੰ ਹੁਕਮ ਕੀਤਾ ਹੈ। ਤਾਂ ਫਿਰ

ਵਿਸ਼ਨੂੰ ਜੀ ਨੇ ਉਪਰੋਕਤ ਆਏ ਜ਼ਿਕਰ ਅਨੁਸਾਰ ਜਲੰਧਰ ਦੈਂਤ ਦਾ ਰੂਪ ਧਾਰ ਕੇ ਬ੍ਰਿੰਦਾ ਦਾ ਸਤ ਭੰਗ ਕੀਤਾ ਹੈ।

*ਕਰਯੋ ਨਾਥ ਯੌ ਆਪ ਨਾਰੰ ਉਧਾਰੰ॥ ਤ੍ਰਿਯਾ ਰਾਜ ਬ੍ਰਿੰਦਾ ਸਤੀ ਸੱਤ ਟਾਰੰ॥ ੨੧॥*

ਫੇਰ ਜਲੰਧਰ ਦੈਂਤ ਮਾਰਿਆ ਗਿਆ ਕਥਨ ਕੀਤਾ ਹੈ। ਇਸ ਪ੍ਰਕਾਰ ਇਹ ਪ੍ਰਸੰਗ ਵਿਚ ਕੁਲ ੨੮ ਪਉੜੀਆਂ ਆਈਆਂ ਹਨ। ਯੁੱਧ ਕਰ ਕੇ ਜਲੰਧਰ ਦੈਂਤ ਨੂੰ ਮਾਰਨ ਦੀ ਕਥਾ ਵਿਸਥਾਰ ਸਹਿਤ ਹੈ।

(ਜਲੰਧਰ ਅਵਤਾਰ ਪ੍ਰਕਰਣ ਸੰਪੂਰਨ॥ ੧੨॥ )

## ੧੩. ਬਿਸ਼ਨ ਅਵਤਾਰ

*॥ ਸ੍ਰੀ ਭਗਉਤੀ ਜੀ ਸਹਾਇ॥*

*ਅਬ ਮੈ ਗਨੌ ਬਿਸ਼ਨ ਅਵਤਾਰਾ॥ ਜੈਸਕ ਧਰਯੋ ਸ੍ਰੂਪ ਮੁਰਾਰਾ॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੧੮੧)

ਇਸ ਵਿਚ ਦੱਸਿਆ ਗਿਆ ਹੈ ਕਿ ਧਰਤੀ ਨੇ ਪਾਪਾਂ ਦੇ ਭਾਰ ਨਾਲ ਪੀੜਤ ਹੋ ਕੇ ਅਕਾਲ ਪੁਰਖ ਪਾਸ ਪੁਕਾਰ ਕੀਤੀ :

*ਬਿਆਕਲ ਹੋਤੁ ਧਰਨ ਜਬ ਭਾਰਾ॥ ਕਾਲ ਪੁਰਖ ਪਹਿ ਕਰਤ ਪੁਕਾਰਾ॥ ੧॥*

ਅਕਾਲ ਪੁਰਖ ਦੇ ਹੁਕਮ ਵਿਚ ਇਹ ਅਵਤਾਰ ਹੋਇਆ ਦੱਸਿਆ ਹੈ ਅਤੇ ਧਰਤੀ ਦਾ ਭਾਰ ਮੇਟ ਕੇ ਭਾਵ ਦੈਂਤਾਂ ਦਾ ਨਾਸ਼ ਕਰ ਕੇ ਇਹ ਅਵਤਾਰ ਅਕਾਲ ਪੁਰਖ ਵਿੱਚ ਹੀ ਸਮਾਅ ਜਾਂਦਾ ਦੱਸਿਆ ਹੈ। ਇਸ ਤਰ੍ਹਾਂ ਇਹ ਪ੍ਰਸੰਗ ਸਾਰਾ ੫ ਪਉੜੀਆਂ ਵਿਚ ਸੰਪੂਰਨ ਕੀਤਾ ਹੈ ਅਤੇ ਇਸ ਕਥਾ ਦਾ ਭਾਵ ਵੀ ਦੈਂਤਾਂ ਨੂੰ ਯੁੱਧ ਕਰ ਕੇ ਮਾਰਨ ਦਾ ਹੀ ਹੈ।

(ਬਿਸ਼ਨ ਅਵਤਾਰ ਕਥਾ ਸੰਪੂਰਨ॥ ੧੩॥ )

## ੧੪. ਸੇਸਸਈ ਅਵਤਾਰ

*॥ ਸ੍ਰੀ ਭਗਉਤੀ ਜੀ ਸਹਾਇ॥*

*ਕਾਲ ਪੁਰਖ ਕੀ ਦੇਹਿ ਮੋ ਕੋਟਿਕ ਬਿਸ਼ਨ ਮਹੇਸ਼॥*
*ਕੋਟਿ ਇੰਦ੍ਰ ਬ੍ਰਹਮਾ ਕਿਤੇ ਰਵਿ ਸਸਿ ਕ੍ਰੋਰ ਜਲੇਸ਼॥ ੧॥*

ਮਧੁਕੈਟਬ ਨਾਮ ਦੇ ਰਾਖਸ਼ ਨੂੰ ਨਾਸ਼ ਕਰਨ ਵਾਸਤੇ ਇਹ ਬਿਸ਼ਨ ਅਵਤਾਰ ਹੋਇਆ ਦੱਸਿਆ ਹੈ। ਬਹੁਤ ਲੰਮਾ ਸਮਾਂ ਇਨ੍ਹਾਂ ਦੈਂਤਾਂ ਨਾਲ ਯੁੱਧ ਹੋਇਆ, ਭਾਵ ਪੰਜ ਹਜ਼ਾਰ ਬਰਸ ਯੁੱਧ ਕਰਦਿਆਂ ਬੀਤ ਗਿਆ। ਜਿਸ ਸਮੇਂ ਅਕਾਲ ਪੁਰਖ ਨੇ ਆਪ ਸੇਸਸਈ ਅਵਤਾਰ ਦੀ ਸਹਾਇਤਾ ਕੀਤੀ ਤਾਂ ਇਹ ਦੋਵੇਂ ਦੈਂਤ ਮਾਰੇ ਸਨ।

*ਕਾਲ ਪੁਰਖ ਤਬ ਹੋਤ ਸਹਾਈ॥ ਦੁਹੂੰਅਨਿ ਹਨਤ ਕ੍ਰੋਧ ਉਪਜਾਈ॥ ੬॥*

*ਧਾਰਤ ਹੈ ਐਸੋ ਬਿਸ਼ਨ ਚੌਦਸਵੋਂ ਅਵਤਾਰ॥*

*ਸੰਤ ਸੰਬੂਹਨਿ ਸੁਖ ਨਮਿਤ ਦਾਨਵ ਦੁਹੂੰ ਸੰਘਾਰ॥ ੭॥*

ਮਧੁਕੈਟਬ ਦੈਂਤਾਂ ਨਾਲ ਯੁੱਧ ਹੋਇਆ ਹੈ ਅਤੇ ਦੋਵਾਂ ਦੈਂਤਾਂ ਨੂੰ ਮਾਰਿਆ ਹੈ। ਇਹ ਪ੍ਰਸੰਗ ੭ ਪਉੜੀਆਂ ਵਿਚ ਸੰਪੂਰਨ ਕੀਤਾ ਹੈ।

(ਸੇਸਸਈ ਅਵਤਾਰ ਕਥਾ ਸੰਪੂਰਨ॥ ੧੪॥ )

## ੧੫. ਅਰਹੰਤ ਅਵਤਾਰ

*॥ ਸ੍ਰੀ ਭਗਉਤੀ ਜੀ ਸਹਾਇ॥*

ਇਸ ਅਵਤਾਰ ਪ੍ਰਸੰਗ ਦਾ ਸੰਬੰਧ ਜੈਨ ਮੱਤ ਦੇ ਨਾਲ ਹੈ। ਦੈਂਤਾਂ ਦੀ ਤਾਕਤ ਸ਼ਕਤੀ ਖ਼ਤਮ ਕਰਨ ਵਾਸਤੇ ਇਹ ਅਵਤਾਰ ਧਾਰ ਕੇ ਉਹਨਾਂ ਨੂੰ ਧਰਮ ਕਰਮ ਯੱਗ ਆਦਿ ਕਰਨ ਤੋਂ ਰੋਕਿਆ ਹੈ। ਇਸ ਢੰਗ ਨਾਲ ਦੇਵਤਿਆਂ ਦੀ ਮਦਦ ਕੀਤੀ ਹੈ ਅਤੇ ਇਸ ਨੇ ਐਸਾ ਕਹਿਣਾ ਕੀਤਾ ਹੈ ਕਿ :

*ਅੰਨਿ ਅੰਨਿ ਤੇ ਹੋਤੁ ਜਜੋ ਘਾਸਿ ਘਾਸਿ ਤੇ ਹੋਇ॥*

*ਤੈਸੇ ਮਨੁਛ ਮਨੁਛ ਤੇ ਅਵਰੁ ਨ ਕਰਤਾ ਕੋਇ॥ ੧੪॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੧੮੩)

*ਸ੍ਰਾਵਗੇਸ਼ ਕੋ ਰੂਪ ਧਰ ਦੈਤ ਕੁਪੰਥ ਸਭ ਡਾਰ॥*

*ਪੰਦ੍ਰਸਵੋਂ ਅਵਤਾਰ ਇਮ ਧਾਰਤ ਭਯੋ ਮੁਰਾਰ॥ ੨੦॥*

ਅਰਹੰਤ ਅਵਤਾਰ ਕਥਾ ਕੁਲ ੨੦ ਪਉੜੀਆਂ ਵਿਚ ਕਥਨ ਕੀਤੀ ਹੈ। ਦੈਂਤਾਂ ਦੀ ਤਾਕਤ ਵੱਧਦੀ ਦੇਖ ਕੇ ਦੈਂਤਾਂ ਨੂੰ ਖ਼ਤਮ ਕਰਨ ਦੀ ਸਾਰੀ ਕਥਾ ਹੈ।

(ਅਰਹੰਤ ਅਵਤਾਰ ਕਥਾ ਸੰਪੂਰਨ॥ ੧੫॥ )

## ੧੬. ਮਨੁ ਰਾਜਾ ਅਵਤਾਰ

*॥ ਸ੍ਰੀ ਭਗਉਤੀ ਜੀ ਸਹਾਇ॥*

ਇਸ ਪ੍ਰਸੰਗ ਵਿਚ ਮਨੁ ਰਾਜਾ ਜੀ ਦਾ ਜ਼ਿਕਰ ਹੈ। ਇਸ ਨੇ ਮਨੁ ਸਿਮ੍ਰਿਤੀ ਦੀ ਰਚਨਾ ਕਰ ਕੇ ਜੈਨ ਮੱਤ ਖੰਡਨ ਕੀਤਾ ਦਰਸਾਇਆ ਹੈ :

*ਮਨੁ ਹ੍ਵੈ ਰਾਜ ਵਤਾਰ ਅਵਤਰਾ॥ ਮਨੁ ਸਿਮ੍ਰਤਹਿ ਪ੍ਰਚੁਰ ਜਗ ਕਰਾ॥*

*ਯਥਾ : ਪੰਥ ਕੁਪੰਥੀ ਸਬ ਲਗੇ ਸ੍ਰਾਵਗ ਮਤ ਭਯੋ ਦੂਰ॥*

*ਮਨੁ ਰਾਜਾ ਕੋ ਜਗਤ ਮੋ ਰਹਿਯੋ ਸੁ ਜਸੁ ਭਰਪੂਰ॥ ੮॥*

ਇਹ ਕਥਾ ਸਾਰੀ ੮ ਪਉੜੀਆਂ ਵਿਚ ਸੰਪੂਰਨ ਕੀਤੀ ਹੈ। ਇਸ ਕਥਾ ਵਿਚ ਜੈਨੀਆਂ, ਸ੍ਰੇਵੜਿਆਂ ਦੇ ਭੈੜੇ ਮੱਤ ਦਾ ਖੰਡਨ ਕੀਤਾ ਗਿਆ ਹੈ।

(ਮਨੁ ਰਾਜਾ ਅਵਤਾਰ ਸੰਪੂਰਨ॥ ੧੬॥ )

## ੧੭. ਧਨੰਤਰ ਬੈਦ ਅਵਤਾਰ

*॥ ਸ੍ਰੀ ਭਗਉਤੀ ਜੀ ਸਹਾਇ॥*

ਇਸ ਪ੍ਰਸੰਗ ਵਿਚ ਇਹ ਕਥਨ ਕੀਤਾ ਗਿਆ ਹੈ ਕਿ ਸੰਸਾਰਿਕ ਸੁੱਖਾਂ ਤੇ ਭੋਗਾਂ ਵਿਚ ਲੋਗ ਖਚਤ ਹੋ ਗਏ ਸਨ।

*ਰੋਗ ਕੁਲ ਸਬਹੀ ਭਏ ਲੋਗਾ॥ ਉਪਜਾ ਅਧਿਕ ਪ੍ਰਜਾ ਕੌ ਸੋਗਾ॥*

ਅਕਾਲ ਪੁਰਖ ਦੇ ਹੁਕਮ ਨਾਲ ਧਨੰਤਰ ਬੈਦ ਦਾ ਹੋਣਾ ਦੱਸਿਆ ਹੈ। ਇਸ ਨੇ ਔਸ਼ਧੀਆਂ ਦਾ ਖ਼ਜ਼ਾਨਾ ਆਯੁਰਵੇਦ ਰਚਿਆ, ਜਿਸ ਨਾਲ ਰੋਗ-ਨਿਵਿਰਤੀ ਹੋਈ ਦੱਸੀ ਹੈ।

*ਰੋਗ ਰਹਤ ਕਰ ਅਉਖਧੀ ਸਭ ਹੀ ਕਰੋ ਜਹਾਨ॥*
*ਕਾਲ ਪਾਇ ਤੱਛਕ ਹਨਿਯੋ ਸੁਰ ਪੁਰ ਕੀਯੋ ਪਯਾਨ॥ ੬॥*

ਇਹ ਕਥਾ ੬ ਪਉੜੀਆਂ ਵਿਚ ਸੰਪੂਰਨ ਕੀਤੀ ਗਈ ਹੈ।

(ਧਨੰਤਰ ਬੈਦ ਅਵਤਾਰ ਕਥਾ ਸੰਪੂਰਨ॥ ੧੭॥ )

## ੧੮. ਸੂਰਜ ਅਵਤਾਰ

*॥ ਸ੍ਰੀ ਭਗਉਤੀ ਜੀ ਸਹਾਇ॥*

ਜਿਸ ਸਮੇਂ ਸੰਸਾਰ ਅੰਦਰ ਦੈਂਤਾਂ ਦਾ ਬਲ ਅਧਿਕ ਵੱਧ ਗਿਆ ਤਾਂ ਅਕਾਲ ਪੁਰਖ ਨੇ ਇਹ ਅਵਤਾਰ ਹੋਣ ਦਾ ਹੁਕਮ ਕੀਤਾ।

*ਕਾਲ ਪੁਰਖ ਕੀ ਆਗਜਾ ਪਾਈ॥ ਰਵਿ ਅਵਤਾਰ ਧਰਯੋ ਹਰਿ ਰਾਈ॥ ੧॥*

ਇਕ ਦੀਰਘ ਕਾਯ ਦੈਂਤ ਨੇ ਸੂਰਜ ਦੇ ਰੱਥ ਨੂੰ ਰੋਕਣਾ ਕੀਤਾ, ਫੇਰ ਸੂਰਜ ਨੇ ਇਸ ਨੂੰ ਜੰਗ ਕਰ ਕੇ ਮਾਰਿਆ ਦੱਸਿਆ ਹੈ।

*ਦੀਰਘੁ ਕਾਇ ਐਸੋ ਰਿਪੁ ਭਯੋ॥ ਰਵਿ ਰਥ ਹਟਕ ਚਲਨ ਤੇ ਗਯੋ॥ ੮॥*

ਸੰਸਾਰ ਵਿਚ ਅੰਧਕਾਰ ਦਾ ਨਾਸ਼ ਕਰਨਾ ਦੱਸਿਆ ਹੈ। ਇਹ ਕਥਾ ਸਾਰੀ ੨੭ ਪਉੜੀਆਂ ਵਿਚ ਸੰਪੂਰਨ ਕੀਤੀ ਹੈ। ਇਸ ਕਥਾ ਵਿਚ ਸੂਰਜ ਤੇ ਦੀਰਘ ਕਾਯ ਦੈਂਤ ਦਾ ਯੁੱਧ ਬੀਰ ਰਸ ਭਰਪੂਰ ਕਥਨ ਕੀਤਾ ਗਿਆ ਹੈ।

(ਸੂਰਜ ਅਵਤਾਰ ਕਥਾ ਸੰਪੂਰਨ॥ ੧੮॥ )

## ੧੯. ਚੰਦ੍ਰਮਾ ਅਵਤਾਰ

*॥ ਸ੍ਰੀ ਭਗਉਤੀ ਜੀ ਸਹਾਇ॥*

ਇਸ ਕਥਾ ਅੰਦਰ ਦੱਸਿਆ ਗਿਆ ਹੈ ਕਿ ਸੂਰਜ ਦੀ ਤਪਸ਼ ਤੋਂ ਰੱਖਿਆ ਵਾਸਤੇ ਅਕਾਲ ਪੁਰਖ ਨੇ ਵਿਸ਼ਨੂੰ ਨੂੰ ਹੁਕਮ ਕੀਤਾ, ਜਿਸ ਕਰ ਕੇ ਚੰਦ੍ਰਮਾ ਦੁਆਰਾ ਸੰਸਾਰ ਅੰਦਰ ਠੰਢ ਵਰਤਾਈ। ਆਪਸੀ ਮਨੁੱਖਤਾ ਦਾ ਪ੍ਰੇਮ ਪਿਆਰ ਵਧਿਆ ਦੱਸਿਆ ਹੈ। ਇਸ ਕਥਾ ਵਿਚ ਦੱਸਿਆ ਹੈ ਕਿ :

*ਬਾਤ ਪੁਰਾਤਨ ਭਾਖ ਸੁਨਾਊਂ॥* (ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੧੮੭)

ਇਹ ਕਥਾ ਸਾਰੀ ੧੫ ਪਉੜੀਆਂ ਵਿਚ ਸੰਪੂਰਨ ਕੀਤੀ ਗਈ ਹੈ।

(ਚੰਦ੍ਰਮਾ ਅਵਤਾਰ ਕਥਾ ਸੰਪੂਰਨ॥ ੧੯॥ )

## ੨੦. ਰਾਮ ਚੰਦ੍ਰ ਅਵਤਾਰ

*੧ਓ ਸ੍ਰੀ ਵਾਹਿਗੁਰੂ ਜੀ ਕੀ ਫਤਹ॥*

ਇਸ ਕਥਾ ਨੂੰ ੨੫ ਵੱਖ-ਵੱਖ ਅਧਿਆਇ ਅੰਦਰ ਕਥਨ ਕੀਤਾ ਗਿਆ ਹੈ। ਪਉੜੀਆਂ ਦੀ ਗਿਣਤੀ ਸਾਰੇ ੨੫ ਅਧਿਆਵਾਂ ਦੀ ਇਕੱਠੀ ਕੀਤੀ ਗਈ ਹੈ, ਪਰ ਵੱਖ-ਵੱਖ ਗਿਣਤੀ ਜੇ ਕਰੀਏ ਤਾਂ ਇਸ ਤਰ੍ਹਾਂ ਬਣਦੀ ਹੈ :

੧ — ਅਧਿਆਇ ਵਿਚ ੯੫ ਪਉੜੀਆਂ ਹਨ। ਤਾਰਕਾ ਰਾਖਸ਼ੀ ਅਤੇ ਸੁਬਾਹ ਮਰੀਚ ਆਦਿ ਦੈਂਤਾਂ ਦਾ ਅੰਤ ਹੈ।

੨ — ਅਧਿਆਇ ਵਿਚ ੧੬੭ ਪਉੜੀਆਂ ਹਨ ਅਤੇ ਸੀਤਾ ਸੁਯੰਬਰ ਤੇ ਰਾਮ ਚੰਦ੍ਰ ਬਨਵਾਸ ਆਦਿ ਪ੍ਰਸੰਗ ਹਨ।

੩ — ਅਧਿਆਇ ਵਿਚ ਬਰਾਧ ਦੈਂਤ ਦਾ ਅੰਤ ਹੈ ਅਤੇ ਇਸ ਵਿਚ ਪਉੜੀਆਂ ਦੀ ਗਿਣਤੀ ੬੦ ਹੈ।

੪ — ਅਧਿਆਇ ਵਿਚ ੧੪ ਪਉੜੀਆਂ ਹਨ ਅਤੇ ਸੁਰਪਨਖਾ ਦਾ ਨੱਕ ਕੱਟਣ ਦਾ ਜ਼ਿਕਰ ਹੈ।

੫ — ਇਸ ਅਧਿਆਇ ਵਿਚ ਦੂਖਣ ਦੈਂਤ ਦਾ ਨਾਸ਼ ਅਤੇ ਇਸ ਦੀਆਂ ਪਉੜੀਆਂ ਦੀ ਗਿਣਤੀ ਕੁਲ ੧੧ ਹੈ।

੬ — ਇਸ ਅਧਿਆਇ ਵਿਚ ਸੋਨੇ ਦਾ ਇਕ ਹਿਰਨ ਦਾ ਜ਼ਿਕਰ ਹੈ ਅਤੇ ਇਸ ਦੀਆਂ ਪਉੜੀਆਂ ਦੀ ਗਿਣਤੀ ਕੁਲ ੮ ਹੀ ਹੈ।

੭ — ਇਸ ਅਧਿਆਇ ਵਿਚ ਪਉੜੀਆਂ ਦੀ ਗਿਣਤੀ ੧੦ ਹੈ ਅਤੇ ਇਸ ਤੋਂ ਅੱਗੇ ਖੰਡ

ਗਿਣਤੀ ਨੰਬਰ :

੮—ਵਿਚ ਪਉੜੀਆਂ ਦੀ ਗਿਣਤੀ ਕੁਲ ੨੮ ਹੈ ਅਤੇ ਇਹਨਾਂ ਦੋਵਾਂ ਅਧਿਆਵਾਂ ਵਿਚ ਸੰਗੀਤ ਛਪੈ ਛੰਦ ਦਾ ਉਚਾਰਨ ਕਰ ਕੇ ਬੀਰ ਰਸ ਭਰਪੂਰ ਕਥਨ ਹੈ।

੯—ਇਸ ਅਧਿਆਇ ਵਿਚ ਕੁੰਭਕਰਨ ਦਾ ਮਾਰਨਾ ਦੱਸਿਆ ਹੈ ਅਤੇ ਇਸ ਦੀਆਂ ਪਉੜੀਆਂ ੫੭ ਹਨ।

੧੦—ਇਸ ਅਧਿਆਇ ਵਿਚ ਤ੍ਰਿਮੁੰਡ ਦੈਂਤ ਦਾ ਅੰਤ ਕੀਤਾ ਗਿਆ ਹੈ ਅਤੇ ਇਸ ਦੀਆਂ ਪਉੜੀਆਂ ਕੁਲ ੩ ਹੀ ਹਨ।

੧੧—ਇਸ ਅਧਿਆਇ ਵਿਚ ਮਹੋਦਰ ਮੰਤਰੀ ਦਾ ਅੰਤ ਕੀਤਾ ਹੈ ਅਤੇ ਇਸ ਦੀਆਂ ਪਉੜੀਆਂ ਦੀ ਗਿਣਤੀ ੨੩ ਹੈ।

ਵਿਸਥਾਰ ਦੇ ਡਰ ਕਾਰਨ ਸੰਖੇਪ ਵੇਰਵਾ ਅਧਿਆਵਾਂ ਦਾ ਇਕੱਠਾ ਹੀ ਇਸ ਪ੍ਰਕਾਰ ਹੈ :

| ਅਧਿਆਇ | ਪਉੜੀ ਗਿਣਤੀ ਪ੍ਰਸੰਗ ਰਾਮ ਚੰਦ੍ਰ ਜੀ ਦਾ ਜੰਗ |
|---|---|
| ੧੨ | ੧੬—ਇੰਦ੍ਰਜੀਤ ਨੂੰ ਮਾਰਨਾ |
| ੧੩ | ੩੫—ਅਭਿਕਾਇ ਨੂੰ ਮਾਰਨਾ |
| ੧੪ | ੯—ਮਕਰਾਛ ਕੁੰਭ ਅਨਕੁੰਭ ਨੂੰ ਮਾਰਨਾ |
| ੧੫ | ੩੭—ਰਾਵਣ ਨਾਲ ਯੁੱਧ, ਲਛਮਣ ਮੂਰਛਾ |
| ੧੬ | ੫੯—ਰਾਵਣ ਨੂੰ ਮਾਰਨਾ |
| ੧੭ | ੩੦—ਬਭੀਛਨ ਨੂੰ ਰਾਜ ਦੇਣਾ |
| ੧੮ | ੧੬—ਰਾਮਚੰਦ੍ਰ ਜੀ ਦੀ ਅਯੁੱਧਿਆ ਵਾਪਸੀ |
| ੧੯ | ੬੦—ਸੀਤਾ ਬਨਵਾਸ ਤੇ ਲਵ ਅਤੇ ਕੁਸ਼ ਦਾ ਜਨਮ |
| ੨੦ | ੪੨—ਲਛਮਣ ਦੀ ਕਥਾ |
| ੨੧ | ੪੯—ਰਾਮਚੰਦ੍ਰ ਜੀ ਦੀ ਮੂਰਛਾ |
| ੨੨ | ੯—ਸੀਤਾ ਸਮੇਤ ਤੇ ਲਵ ਕੁਸ਼ ਸਮੇਤ ਰਾਮ ਜੀ ਅਯੁੱਧਿਆ |
| ੨੩ | ੨੨—ਰਘੁਬਰ ਸਿਰਿ ਮ੍ਰਿਤ ਡੰਕ ਬਜਾਈ॥ |
| ੨੪ | ੮—ਤਿੰਨੇ ਭਰਾਵਾਂ ਦਾ ਮਰਬੋ ਕਥਨ ਹੈ ਤੇ ਇਹ ਦੋਹਰਾ "ਰਾਮ ਕਥਾ ਜੁਗ ਜੁਗ ਅਟਲ" |
| ੨੫ | ੬—ਸਭ ਕੋਈ ਭਾਖਤ ਨੇਤ॥ |

ਇਸ ਰਾਮਾ ਅਵਤਾਰ ਅੰਦਰ ਵੀ ਦਸਮੇਸ਼ ਗੁਰੂ ਜੀ ਨੇ ਸਿੱਖ ਕੌਮ ਅੰਦਰ ਬੀਰ ਰਸ ਭਰਨ ਵਾਸਤੇ ਜੰਗ ਦੀ ਕਥਾ ਕਮਾਲ ਦੀ ਬੀਰ ਰਸ ਭਰਪੂਰ ਕਥਨ ਕੀਤੀ ਹੈ :

*ਦੁਹੂੰ ਓਰ ਬੱਜੇ ਬਜੰਤ੍ਰੰ ਅਪਾਰੰ॥ ਮਚੇ ਸੂਰਬੀਰੰ ਮਹਾਂ ਸ਼ਸਤ੍ਰ ਧਾਰੰ॥*
*ਕਰੈ ਅੱਤ੍ਰ ਪਾਤੰ ਨਿਪਾਤੰਤ ਸੂਰੰ॥ ਉਠੇ ਮੱਧ ਜੁੱਧੰ ਕਮੱਧੰ ਕਰੂਰੰ॥ ੪੦੫॥*
*ਗਿਰੈ ਰੁੰਡ ਮੁੰਡੰ ਭਸੁੰਡੰ ਅਪਾਰੰ॥ ਰੁਲੇ ਅੰਗ ਭੰਗੰ ਸਮੰਤੰ ਲੁਝਾਰੰ॥*
*ਪਰੀ ਕੂਹ ਜੂਹੰ ਉਠੇ ਗੱਦ ਸੱਦੰ॥ ਜਕੇ ਸੂਰਬੀਰੰ ਛਕੇ ਜਾਣ ਮੱਦੰ॥ ੪੦੬॥*
*ਗਿਰੇ ਝੂਮ ਭੂਮੰ ਅਘੂਮੇਤਿ ਘਾਯੰ॥ ਉਠੇ ਗੱਦ ਸੱਦੰ ਚੜੇ ਚਉਪ ਚਾਯੰ॥*
*ਜੁਝੇ ਬੀਰ ਏਕੰ ਅਨੇਕੰ ਪ੍ਰਕਾਰੰ॥ ਕਟੇ ਅੰਗ ਜੰਗੰ ਰਟੈ ਮਾਰ ਮਾਰੰ॥ ੪੦੭॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੨੨੩)

*ਤਾਗੜਦੰਗ ਤੀਰੰ ਛਾਗੜਦੰਗ ਛੂਟੇ॥ ਗਾਗੜਦੰਗ ਗਾਜੀ ਜਾਗੜਦੰਗ ਜੂਟੇ॥*
*ਖਾਗੜਦੰਗ ਖੇਤੰ ਸਾਗੜਦੰਗ ਸੋਏ॥ ਪਾਗੜਦੰਗ ਤੇ ਪਾਕ ਸ਼ਹੀਦ ਹੋਏ॥ ੫੮੭॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੨੩੪)

*ਇਕ ਐਂਚ ਐਂਚ ਕਮਾਨ॥ ਤਕ ਵੀਰ ਮਾਰਤ ਬਾਨ॥*
*ਇਕ ਭਾਜ ਭਾਜ ਮਰੰਤ॥ ਨਹੀ ਸੁਰਗ ਤਉਨ ਬਸੰਤ॥ ੭੮੩॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੨੪੮)

*ਲੰਕੇਸ਼ ਕੇ ਉਰ ਮੋ ਤਕ ਬਾਨ॥ ਮਾਰਜੋ ਰਾਮ ਸਿਸਤ ਜਿ ਕਾਨ॥*
*ਤਬ ਗਿਰਜੋ ਦਾਨਵ ਸੁ ਭੂਮਿ ਮੱਧ॥ ਤਿਹ ਬਿਸੁਧ ਜਾਣ ਨਹੀ ਕੀਯੋ ਬੱਧ॥ ੭੮੫॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੨੪੮)

ਰਾਮ ਚੰਦ੍ਰ ਜੀ ਦੀ ਕਥਾ ਦੇ ਅਖ਼ੀਰ ਵਿਚ ਮੌਤ ਦਾ ਡੰਕਾ ਇਨ੍ਹਾਂ ਸਿਰ ਵਿਚ ਵੱਜਿਆ। ਦਸਮੇਸ਼ ਗੁਰੂ ਜੀ ਨੇ ਇਸ ਤਰ੍ਹਾਂ ਦਰਸਾਇਆ ਹੈ :

*ਤਬ ਲਉ ਕਾਲ ਦਸ਼ਾ ਨਿਅਰਾਈ॥ ਰਘੁਬਰ ਸਿਰਿ ਮ੍ਰਿਤ ਡੰਕ ਬਜਾਈ॥ ੮੩੪॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੨੫੨)

ਜੋ ਅਕਾਲ ਪੁਰਖ ਸਭ ਦਾ ਕਾਲ ਕਰਨ ਵਾਲਾ ਹੈ, ਜਿਸ ਨੇ ਰਾਮਚੰਦ੍ਰ ਜੀ ਦਾ ਵੀ ਅੰਤ ਕਰ ਦਿੱਤਾ ਹੈ। ਕਲਗੀਧਰ ਜੀ ਕਥਨ ਕਰਦੇ ਹਨ ਕਿ ਜੋ ਉਸ ਪ੍ਰਮਾਤਮਾ ਦੀ ਸ਼ਰਨ ਪਏ ਹਨ, ਉਹਨਾਂ ਨੂੰ ਉਹ ਹੱਥ ਦੇ ਕੇ ਰੱਖ ਲੈਂਦਾ ਹੈ। ਬਾਕੀ ਕ੍ਰਿਸ਼ਨ ਜੀ, ਵਿਸ਼ਨੂੰ ਜੀ, ਰਾਮ ਚੰਦ੍ਰ ਜੀ ਆਦਿ ਕੋਈ ਵੀ ਮੌਤ ਤੋਂ ਬਚ ਨਹੀਂ ਸਕਿਆ। ਇਸ ਲਈ ਉਸ ਅਕਾਲ ਪੁਰਖ ਨੂੰ ਮੇਰੀ ਨਮਸ਼ਕਾਰ ਹੈ :

*ਨਮਸਕਾਰ ਤਿਹ ਬਿਬਿਧਿ ਪ੍ਰਕਾਰਾ॥ ਜਿਨ ਜਗ ਜੀਤ ਕਰਜੋ ਬਸ ਸਾਰਾ॥*

*ਸਭਹਨ ਸੀਸ ਡੰਕ ਤਿਹ ਬਾਜਾ॥ ਜੀਤ ਨ ਸਕਾ ਰੰਕ ਅਰੁ ਰਾਜਾ॥ ੮੩੫॥*

*ਦੋਹਰਾ॥*

*ਜੇ ਤਿਨ ਕੀ ਸਰਨੀ ਪਰੇ ਕਰ ਦੈ ਲਏ ਬਚਾਇ॥*

*ਜੌ ਨਹੀ ਕੋਊ ਬਾਚਿਆ ਕ੍ਰਿਸ਼ਨ ਬਿਸ਼ਨ ਰਘੁਰਾਇ॥ ੮੩੬॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੨੫੨)

ਇਥੇ ਦਸਮੇਸ਼ ਗੁਰੂ ਜੀ ਨੇ ਇਸ ਰਚਨਾ ਦਾ ਰਚਨ ਕਾਲ ਦੱਸ ਕੇ ਅੱਗੇ ਆਪਣਾ ਗੁਰਮਤਿ ਸਿਧਾਂਤ ਇਸ ਤਰ੍ਹਾਂ ਉਜਾਗਰ ਕੀਤਾ ਹੈ :

*ਸੰਮਤ ਸੱਤ੍ਰਹ ਸਹਸ ਪਚਾਵਨ॥ ਹਾੜ ਵਦੀ ਪ੍ਰਿਥਮ ਸੁਖ ਦਾਵਨ॥*

*ਤ੍ਵ ਪ੍ਰਸਾਦਿ ਕਰਿ ਗ੍ਰੰਥ ਸੁਧਾਰਾ॥ ਭੂਲ ਪਰੀ ਲਹੁ ਲੇਹੁ ਸੁਧਾਰਾ॥ ੮੬੦॥*

*ਦੋਹਰਾ॥*

*ਨੇਤ੍ਰ ਤੁੰਗ ਕੇ ਚਰਨ ਤਰ ਸਤਦ੍ਰਵ ਤੀਰ ਤਰੰਗ॥*

*ਸ੍ਰੀ ਭਗਵਤ ਪੂਰਨ ਕੀਯੋ ਰਘੁਬਰ ਕਥਾ ਪ੍ਰਸੰਗ॥ ੮੬੧॥*

*ਸਾਧ ਅਸਾਧ ਜਾਨੋ ਨਹੀ ਬਾਦ ਸੁਬਾਦ ਬਿਬਾਦਿ॥*

*ਗ੍ਰੰਥ ਸਕਲ ਪੂਰਣ ਕੀਯੋ ਭਗਵਤ ਕ੍ਰਿਪਾ ਪ੍ਰਸਾਦਿ॥ ੮੬੨॥*

*ਸ੍ਵੈਯਾ॥*

*ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ॥*

*ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ॥*

*ਸਿੰਮ੍ਰਿਤਿ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈ ਹਮ ਏਕ ਨ ਜਾਨਯੋ॥*

*ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਭ ਤੋਹਿ ਬਖਾਨਯੋ॥ ੮੬੩॥*

*ਦੋਹਰਾ॥*

*ਸਗਲ ਦੁਆਰ ਕਉ ਛਾਡਿ ਕੈ ਗਹਯੋ ਤੁਹਾਰੋ ਦੁਆਰ॥*

*ਬਾਂਹਿ ਗਹੇ ਕੀ ਲਾਜ ਅਸਿ ਗੋਬਿੰਦ ਦਾਸ ਤੁਹਾਰ॥ ੮੬੪॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੨੫੪)

ਸਿੱਖ ਰਹਿਤ ਮਰਯਾਦਾ ਦੇ ਪੰਨਾ ੧੦ ਅਨੁਸਾਰ ਇਹ ਕੁਝ ਰਚਨਾ ਪਾਵਨ ਬਾਣੀ ਗੁਰਸਿੱਖ ਸੰਗਤਾਂ ਦੇ ਸੰਧਿਆ ਸਮੇਂ ਦੇ ਨਿਤਨੇਮ ਸੋ ਦਰੁ ਰਹਰਾਸਿ ਸਾਹਿਬ ਅੰਦਰ ਪੜ੍ਹੇ ਜਾਣ ਵਾਲੀ ਹੈ। ਰਾਮਾ ਅਵਤਾਰ ਕਥਾ ਅੰਦਰ ਸਾਰੀਆਂ ਕੁਲ ਪਉੜੀਆਂ ਦੀ ਗਿਣਤੀ ੮੬੪ ਹੈ।

(ਰਾਮਾ ਅਵਤਾਰ ਕਥਾ ਸੰਪੂਰਨ॥ ੨੦॥ )

*ੴ ਵਾਹਿਗੁਰੂ ਜੀ ਕੀ ਫ਼ਤਹ॥*

## ੨੧. ਅਥ ਕ੍ਰਿਸ਼ਨਾ ਅਵਤਾਰ ਇੱਕੀਸਮੋ ਅਵਤਾਰ ਕਥਨੰ॥

ਕ੍ਰਿਸ਼ਨ ਜੀ ਦੀ ਕਥਾ ਸਾਰੀ ਗਿਣਤੀ ਅਧਿਆਇ ੧੦੦ ਵਿਚ ਕਥਨ ਕੀਤੀ ਹੈ। ਇਹ ਕਥਾ ਕਲਗੀਧਰ ਜੀ ਨੇ ਪਾਉਂਟਾ ਸਾਹਿਬ ਤੇ ਅਨੰਦਪੁਰ ਸਾਹਿਬ ਵਿਖੇ ਲਿਖੀ ਹੈ, ਜਿਸ ਦਾ ਜ਼ਿਕਰ ਹਜ਼ੂਰ ਨੇ ਆਪ ਇਸ ਤਰ੍ਹਾਂ ਕੀਤਾ ਹੈ :

*ਗਜਾਰਾ ਸਹਸ ਬਾਨਵੇ ਛੰਦਾ॥ ਕਹੇ ਦਸਮ ਪੁਰ ਬੈਠ ਅਨੰਦਾ॥ ੪॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੨੫੪)

*ਯਥਾ : ਸੱਤ੍ਰਹ ਸੈ ਪੈਤਾਲ ਮਹਿ ਸਾਵਨ ਸੁਦਿ ਥਿਤਿ ਦੀਪ॥*
*ਨਗਰ ਪਾਂਵਟਾ ਸੁਭ ਕਰਨ ਜਮਨਾ ਬਹੈ ਸਮੀਪ॥*

ਸਾਰੇ ਅਧਿਆਇ ਤੇ ਪਉੜੀਆਂ ਦੀ ਗਿਣਤੀ ਵੱਖ-ਵੱਖ ਇਸ ਪ੍ਰਕਾਰ ਹੈ :

| ਅਧਿਆਇ | ਪਉੜੀ |
|---|---|
| ੧ | ੮ |
| ੨ | ੭ |
| ੩ | ੧ |
| ੪ | ੫੬ — ਇਨ੍ਹਾਂ ਚਾਰ ਅਧਿਆਵਾਂ ਵਿਚ ਕ੍ਰਿਸ਼ਨ ਜੀ ਦਾ ਜਨਮ ਤੇ ਬਾਲ ਲੀਲ੍ਹਾ ਦਾ ਕਥਨ ਹੈ। |
| ੫ | ੧੯ — ਪੂਤਨਾ ਰਾਖਸ਼ਣੀ ਦੇ ਮਾਰਨ ਦਾ ਪ੍ਰਸੰਗ ਕਥਨ ਹੈ। |
| ੬ | ੯ — ਕ੍ਰਿਸ਼ਨ ਨਾਮ ਤਾਕੋ ਧਾਰਯੋ, ਨਾਮ ਕਰਨ ਪ੍ਰਸੰਗ ਕਥਨ ਹੈ। |
| ੭ | ੭ — ਤ੍ਰਿਣਾ ਵਰਤ ਨੂੰ ਮਾਰਨ ਦਾ ਪ੍ਰਸੰਗ ਹੈ। |
| ੮ | ੧੩ — ਗੋਪੀਆਂ ਨਾਲ ਖੇਲ ਪ੍ਰਸੰਗ ਕਥਨ ਹੈ। |
| ੯ | ੮ — ਮੱਖਣ ਚੁਰਾਉਣ ਦਾ ਪ੍ਰਸੰਗ ਕਥਨ ਹੈ। |
| ੧੦ | ੪ — ਮਾਤਾ ਜਸ਼ੋਧਾ ਨੂੰ ਸ਼ਕਤੀ ਦਿਖਾਉਣੀ ਆਦਿ ਪ੍ਰਸੰਗ ਕਥਨ ਹੈ। |
| ੧੧ | ੧੪ — ਬਾਂਦਰਾਂ ਨਾਲ ਮਿਲ ਕੇ ਦੁੱਧ ਦੀ ਮਟਕੀ ਫੋੜਨ ਦਾ ਪ੍ਰਸੰਗ ਕਥਨ ਹੈ। |
| ੧੨ | ੧੫ — ਬਕਾਸੁਰ ਦੈਂਤ ਨੂੰ ਮਾਰਨ ਦਾ ਪ੍ਰਸੰਗ ਕਥਨ ਹੈ। |
| ੧੩ | ੧੨ — ਅਘਾਸੁਰ ਦੈਂਤ ਨੂੰ ਮਾਰਨ ਦਾ ਪ੍ਰਸੰਗ ਕਥਨ ਹੈ। |

੧੪ ੧੩—ਬ੍ਰਹਮਾ ਦੇ ਬਛਰੂ ਚਰਾਉਣ ਦਾ ਪ੍ਰਸੰਗ ਕਥਨ ਹੈ।

੧੬ ੧੯—ਕਾਲੀ ਨਾਗ ਦਾ ਪ੍ਰਸੰਗ ਕਥਨ ਹੈ।

*ਜੀਅ ਦਾਨੁ ਕਾਲੀ ਕਉ ਦੀਆ॥* (ਅੰਗ ੮੧੪)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਆਈ ਇਸ ਪੰਗਤੀ ਦੀ ਵਿਆਖਿਆ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਅਧਿਆਇ ਨੰਬਰ ੧੬ ਵਿਚ ਕੀਤੀ ਗਈ ਹੈ।

੧੭ ੫—ਬਲਰਾਮ ਤੇ ਦਾਨ ਦੇਣ ਆਦਿ ਪ੍ਰਸੰਗ ਦਾ ਕਥਨ ਹੈ।

੧੮ ੩ —ਪ੍ਰਲੰਬ ਦੈਂਤ ਨੂੰ ਮਾਰਨ ਦਾ ਪ੍ਰਸੰਗ ਕਥਨ ਹੈ।

੧੯ ੭੮—ਗੋਪੀਆਂ ਦੇ ਕੱਪੜੇ ਚੁਰਾਉਣ ਦਾ ਪ੍ਰਸੰਗ ਕਥਨ ਹੈ।

੨੦ ੩੬—ਰਾਗੁ ਗਾਇਣ ਪ੍ਰਸੰਗ ਦਾ ਕਥਨ ਹੈ।

੨੧ ੭੪—ਇੰਦ੍ਰ ਦੇ ਭੁਲ ਬਖ਼ਸ਼ਾਉਣ ਦਾ ਪ੍ਰਸੰਗ ਕਥਨ ਹੈ।

੨੨ ੧੨—ਨੰਦ ਨੂੰ ਬਰਣ ਦੇਵਤੇ ਤੋਂ ਛੁਡਾਉਣਾ।

੨੩ ੨੦— *"ਮੈ ਨ ਗਨੇਸਹ ਪ੍ਰਿਥਮ ਮਨਾਊਂ॥*
*ਕਿਸ਼ਨ ਬਿਸ਼ਨ ਕਬਹੂ ਨਹਿ ਧਿਆਊਂ॥"*

੨੪ ੯੫—ਰਾਗੁ ਮੰਗਲ ਕਥਨ ਤੇ ਰਾਗਾਂ ਦੇ ਨਾਮ ਕਥਨ ਹਨ।

੨੫ ੧੧੩—ਜਖਸ਼ ਨੂੰ ਮਾਰ ਕੇ ਗੋਪੀਆਂ ਨੂੰ ਛੁਡਾਉਣ ਦਾ ਪ੍ਰਸੰਗ ਕਥਨ ਹੈ।

੨੬ ੧੦੮—ਇਹ ਕਥਾ ਲਿਖਣ ਦਾ ਸੰਮਤ 'ਸੱਤ੍ਰਹ ਸੈ ਪੈਤਾਲ ਮੈ ਕੀਨੀ ਕਥਾ ਸੁਧਾਰ'

੨੭ ੧੧—ਸੁਦਰਸ਼ਨ ਬ੍ਰਾਹਮਣ ਨੂੰ ਸਰਪ ਤੋਂ ਬਚਾਉਣ ਦਾ ਪ੍ਰਸੰਗ ਕਥਨ ਹੈ।

੨੮ ੨—ਬ੍ਰਿਖਭਾਸੁਰ ਦੈਂਤ ਨੂੰ ਮਾਰਨ ਦਾ ਪ੍ਰਸੰਗ ਕਥਨ ਹੈ।

੨੯ ੧੩—ਕੇਸੀ ਦੈਂਤ ਨੂੰ ਮਾਰਨ ਦਾ ਪ੍ਰਸੰਗ ਕਥਨ ਹੈ।

੩੦ ੪—ਨਾਰਦ ਮੁਨੀ ਨੇ ਭੇਤ ਦੇਣਾ।

੩੧ ੩—ਬਿਸ੍ਵਾਸੁਰ ਦੈਂਤ ਨੂੰ ਮਾਰਨ ਦਾ ਪ੍ਰਸੰਗ ਕਥਨ ਹੈ।

੩੨ ੨੮—ਅਕਰੂਰ ਮਿਲਾਪ ਤੇ ਮਥਰਾ ਜਾਣਾ ਕ੍ਰਿਸ਼ਨ ਜੀ ਦਾ।

੩੩ ੭—ਧੋਬੀ ਬੱਧ ਪ੍ਰਸੰਗ ਕਥਨ ਹੈ।

੩੪ ੩—ਮਾਲੀ ਨੂੰ ਵਰ ਦੇਣਾ ਤੇ ਬਾਗਵਾਨ ਦਾ ਉਧਾਰ ਪ੍ਰਸੰਗ ਹੈ।

| | |
|---|---|
| ੩੫ | ੨੦—ਕੁਬਜਾ ਉਧਾਰ ਤੇ ਗਜ ਨੂੰ ਮਾਰਨ ਦਾ ਪ੍ਰਸੰਗ ਕਥਨ ਹੈ। |
| ੩੬ | ੨—ਚੰਡੂਰ ਮੁਸਟ ਮੱਲ ਨੂੰ ਮਾਰਨਾ। |
| ੩੭ | ੫—ਕੰਸ ਨੂੰ ਮਾਰਨ ਦਾ ਪ੍ਰਸੰਗ ਕਥਨ ਹੈ। |
| ੩੮ | ੨—ਕੰਸ ਬਧੂ ਕਾਨ ਜੁ ਪਹਿ ਆਵਤ ਭਈ, |
| ੩੯ | ੧੩—ਫਾਗਣ ਮੈ ਸਖੀ ਡਾਰ ਗੁਲਾਲ ਆਦਿ ਪ੍ਰਸੰਗ ਕਥਨ ਹੈ। |
| ੪੦ | ੩—ਡਾਰ ਨੂੰ ਜਨੇਉ ਸਿਯਾਮ ਗਰੈ ਤੇ ਗਾਇਤ੍ਰੀ ਮੰਤਰ ਕ੍ਰਿਸ਼ਨ ਬ੍ਰਾਹਮਣ ਨੇ ਦਿੱਤਾ ਇਹ ਪ੍ਰਸੰਗ ਕਥਨ ਹੈ। |

ਅਧਿਆਇ ਨੰਬਰ ੪੧ ਜਿਸ ਦੀਆਂ ੨ ਪਉੜੀਆਂ ਹਨ, ਇਸ ਵਿਚ ਉਗ੍ਰਸੈਨ ਨੂੰ ਰਾਜ ਦੇਣ ਦਾ ਪ੍ਰਸੰਗ ਕਥਨ ਹੈ, ਜਿਸ ਦਾ ਜ਼ਿਕਰ ਗੁਰਬਾਣੀ ਅੰਦਰ ਵੀ ਇਸ ਤਰ੍ਹਾਂ ਆਇਆ ਹੈ :

*ਦਾਸੀ ਸੁਤ ਜਨੁ ਬਿਦਰੁ ਸੁਦਾਮਾ ਉਗ੍ਰਸੈਨ ਕਉ ਰਾਜ ਦੀਏ॥*

(ਰਾਗੁ ਗਉੜੀ ਭਗਤ ਨਾਮਦੇਵ ਜੀ, ਅੰਗ ੩੪੫)

*ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥* (ਅੰਗ ੧੩੯੦)

ਅਧਿਆਇ ਨੰਬਰ ੪੨ ਜਿਸ ਦੀਆਂ ੮ ਪਉੜੀਆਂ ਹਨ। ਕ੍ਰਿਸ਼ਨ ਜੀ ਨੇ ਧਨੁਖ ਵਿੱਦਿਆ ਸੰਦੀਪਨ ਨੂੰ ਗੁਰੂ ਧਾਰ ਕੇ ੬੪ ਦਿਨ ਵਿਚ ਸਿੱਖਣ ਦਾ ਪ੍ਰਸੰਗ ਕਥਨ ਹੈ।

| ਅਧਿਆਇ | ਪਉੜੀ |
|---|---|
| ੪੩ | ੩੩—ਬਾਰਹਮਾਹਾ ਕਥਨ ਹੈ। |
| ੪੪ | ੫੯—ਖੜਗਪਾਨ ਕੀ ਕ੍ਰਿਪਾ ਤੇ ਪੋਥੀ ਬਿਚਾਰ..... ॥ ੯੮੪ ॥ |
| ੪੫ | ੧੦—ਕੁਬਜਾ ਗ੍ਰਿਹਿ ਗਵਨ ਪ੍ਰਸੰਗ ਕਥਨ ਹੈ। |
| ੪੬ | ੧੨—ਅਕਰੂਰ ਦੇ ਘਰ ਗਏ ਕ੍ਰਿਸ਼ਨ ਜੀ ਪ੍ਰਸੰਗ ਕਥਨ ਹੈ। |
| ੪੭ | ੧੮—ਅਕਰੂਰ ਭੂਆ ਕੁੰਤੀ ਪਾਸ ਜਾਣਾ ਪ੍ਰਸੰਗ ਕਥਨ ਹੈ। |
| ੪੮ | ੪—ਮਥਰਾ ਮੰਡਲ ਕੋ ਦਯੋ ਉਗ੍ਰਸੈਨ ਕੋ ਰਾਜ॥੧੦੨੮॥ |

ਅਧਿਆਇ ਨੰ: ੪੧ ਵਿਚ ਵੀ ਉਗ੍ਰਸੈਨ ਦਾ ਪ੍ਰਸੰਗ ਹੈ।

| | |
|---|---|
| ੪੯ | ੨੩੧—ਜਰਾਸਿੰਧ ਜੁੱਧ ਕਥਨ ਤੇ ਅਮਿਟ ਸੈਨਾ ਸਮੇਤ ਮਾਰਿਆ ਹੈ। (ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੪੨੨) |
| ੫੦ | ੧੪—ਪੰਜ ਭੂਪਨ ਤੇ ਦੋ ਛੂਹਨੀ ਦਲ ਦਾ ਪ੍ਰਸੰਗ ਕਥਨ ਹੈ। |

| | |
|---|---|
| ੫੧ | ੬੪—ਸਕਤ ਬਿਪ ਤੇ ੧੨ ਰਾਜਿਆਂ ਦੇ ਮਰਨ ਦਾ ਪ੍ਰਸੰਗ ਹੈ। |
| ੫੨ | ੫—ਪਾਂਚਨ ਭੂਪਨ ਕੋ ਤਿਨ ਮਾਰ ਗਿਰਾਯੋ। |
| ੫੩ | ੮—ਭੂਪ ਨਵੋ ਜਬ ਇਨ ਹਨੇ....''ਲਾਗਤ ਬਿਪ ਮਨੋਜ ਹਨਯੋ'' |
| ੫੪ | ੮—ਉਪਰੋਕਤ ਦਸ ਰਾਜੇ ਮਰਨ ਦਾ ਪ੍ਰਸੰਗ ਹੈ। |
| ੫੫ | ੧੧—ਜੁੱਧ ਦਾ ਪ੍ਰਸੰਗ ਕਥਨ ਹੈ। |
| ੫੬ | ੩੪੮—ਖੜਗ ਸਿੰਘ ਨੂੰ ਜੁੱਧ ਕਰ ਕੇ ਮਾਰਨਾ। |
| ੫੭ | ੧੮੫—ਜਰਾਸਿੰਧ ਨੂੰ ਫੜ ਕੇ ਛੱਡਣਾ। |
| ੫੮ | ੨੩—ਕਾਲ ਜਮਨ ਦਾ ਅੰਤ॥ ੧੯੨੫॥ (ਅੰਗ ੪੯੮) |
| ੫੯ | ੨੬—ਜਰਾਸਿੰਧ ਨਾਲ ਜੁੱਧ ਕਥਨ ਹੈ। |
| ੬੦ | ੧੧—ਕ੍ਰਿਸ਼ਨ ਜੀ ਦੇ ਜੁੱਧ ਦੀ ਸਿਫਤ ਕਥਨ ਹੈ। |
| ੬੧ | ੫—ਬਲਭਦ੍ਰ ਦੇ ਵਿਆਹ ਦਾ ਕਥਨ ਹੈ। |
| ੬੨ | ੪੧—ਰੁਕਮਣੀ ਨਾਲ ਵਿਆਹ ਤੇ ਜੰਗ ਕਰਕੇ ਕ੍ਰਿਸ਼ਨ ਜੀ ਨੇ ਲੈ ਕੇ ਜਾਣਾ। |
| ੬੩ | ੧੫—ਪ੍ਰਦੁਮਨ ਦਾ ਮਰਨਾ ਦੱਸਿਆ ਹੈ। |
| ੬੪ | ੬—ਸੰਬਰ ਦੈਂਤ ਨੂੰ ਮਾਰਨ ਦਾ ਪ੍ਰਸੰਗ ਕਥਨ ਹੈ। |
| ੬੫ | ੨੬—ਜਾਮਾਵੰਤ ਨੂੰ ਜਿੱਤ ਕੇ ਉਸ ਦੀ ਪੁੱਤਰੀ ਲਿਆਂਦੀ ਦੱਸੀ ਹੈ। |
| ੬੬ | ੨—ਸਤ੍ਰਾਜਿਤ ਨੂੰ ਮਨੀ ਦੇਣ ਦਾ ਪ੍ਰਸੰਗ ਕਥਨ ਹੈ। |
| ੬੭ | ੨੧—ਸਤ੍ਰਾਜਿਤ ਦੀ ਪੁੱਤਰੀ ਦਾ ਵਿਆਹ ਤੇ ਸਤਧੰਨੇ ਨੂੰ ਮਾਰ ਕੇ ਅਕਰੂਰ ਨੂੰ ਮਨੀ ਦਿੱਤੀ ਹੈ। |
| ੬੮ | ੧੩—ਦਿੱਲੀ ਜਮਨਾ ਕਿਨਾਰੇ ਖੇਲ ਪ੍ਰਸੰਗ ਕਥਨ ਹੈ। |
| ੬੯ | ੯—ਮੁਰ ਦੈਂਤ ਨੂੰ ਮਾਰਨ ਦਾ ਪ੍ਰਸੰਗ ਕਥਨ ਹੈ। |
| ੭੦ | ੧੩—ਭੁਮਾਸੁਰ ਦੈਂਤ ਨੂੰ ਮਾਰਨ ਦਾ ਪਸੰਗ ਕਥਨ ਹੈ। |
| ੭੧ | ੭—ਸੋਲਾ ਸਹੰਸ੍ਰ ਰਾਜ ਸੁਤਾ ਵਿਆਹ ਦਾ ਕਥਨ ਹੈ। |
| ੭੨ | ੬—ਇੰਦ੍ਰ ਨਾਲ ਜੁੱਧ ਕਰਕੇ ਕਲਪ ਬ੍ਰਿਛ ਲਿਆਉਣ ਦਾ ਪ੍ਰਸੰਗ ਹੈ। |
| ੭੩ | ੯—ਰੁਕਮਣੀ ਨਾਲ ਬਿਲਾਸ ਪ੍ਰਸੰਗ ਕਥਨ ਹੈ। |
| ੭੪ | ੨੩—ਅਨਰੁਧ ਵਿਆਹ ਤੇ ਰੁਕਮਣੀ ਨੂੰ ਮਾਰਨ ਦਾ ਪ੍ਰਸੰਗ ਹੈ। |

| | |
|---|---|
| ੭੫ | ੫੯—ਊਖਾ ਨੂੰ ਵਿਆਹ ਕੇ ਲਿਆਉਣ ਦਾ ਪ੍ਰਸੰਗ ਹੈ। |
| ੭੬ | ੯—ਡਿਗ ਰਾਜੇ ਦਾ ਕਿਰਲੇ ਜੂਨ ’ਚੋਂ ਉਧਾਰ ਕਰਨਾ ਦੱਸਿਆ ਹੈ। |
| ੭੭ | ੯—ਬਲਭਦ੍ਰ ਪ੍ਰਸੰਗ ਕਥਨ ਹੈ। |
| ੭੮ | ੧੨—ਦੇਖ ਸ੍ਰਿਗਾਲ ਹਨਯੋ ਨ ਮੈਂ, ਇਕ ਕਾਂਸ਼ੀ ਦੇ ਰਾਜੇ ਨੂੰ ਮਾਰਨਾ। |
| ੭੯ | ੧੦—ਸੁਦੱਛਨ ਨੂੰ ਮਾਰਨ ਦਾ ਪ੍ਰਸੰਗ ਹੈ। |
| ੮੦ | ੪—ਬਲਭਦ੍ਰ ਦਾ ਮਰਨਾ ਪ੍ਰਸੰਗ ਕਥਨ ਹੈ। |
| ੮੧ | ੧੩—ਦੁਰਜੋਧਨ ਦੀ ਪੁੱਤਰੀ ਸਾਂਬ ਦਾ ਵਿਆਹ ਪ੍ਰਸੰਗ ਕਥਨ ਹੈ। |
| ੮੨ | ੪—ਨਾਰਦ ਮਿਲਾਪ ਪ੍ਰਸੰਗ ਕਥਨ ਹੈ। |
| ੮੩ | ੨੨—ਜਰਾਸਿੰਧ ਨੂੰ ਜੁੱਧ ’ਚ ਮਾਰਨਾ। |
| ੮੪ | ੩—ਰਾਜੇ ਛੁਡਾਉਣੇ ਪ੍ਰਸੰਗ ਕਥਨ ਹੈ॥ ੨੩੩੦॥ (ਅੰਗ ੫੪੯) |
| ੮੫ | ੧੬—ਸ਼ਿਸ਼ੁਪਾਲ ਦਾ ਮਾਰੇ ਜਾਣਾ ਪ੍ਰਸੰਗ ਕਥਨ ਹੈ। |
| ੮੬ | ੮—ਜੁਧਿਸ਼ਟਰ ਨੇ ਛਿਮਾ ਮੰਗਣੀ ਪ੍ਰਸੰਗ ਕਥਨ ਹੈ। |
| ੮੭ | ੮—ਰਾਜਸੂਅ ਯੱਗ ਕਥਨ ਹੈ। |
| ੮੮ | ੬—ਜੁਧਿਸ਼ਟਰ ਤੇ ਦੁਰਜੋਧਨ ਪ੍ਰਸੰਗ ਕਥਨ ਹੈ। |
| ੮੯ | ੮—ਬਕੱਤ੍ਰ ਦੈਂਤ ਨੂੰ ਜੁੱਧ ਕਰਕੇ ਮਾਰਨਾ ਪ੍ਰਸੰਗ ਕਥਨ ਹੈ। |
| ੯੦ | ੯—ਬੈਦੂਰਥ ਦੈਂਤ ਨੂੰ ਮਾਰਨ ਦਾ ਪ੍ਰਸੰਗ ਕਥਨ ਹੈ। |
| ੯੧ | ੨੩—ਬਨਨ ਦੈਂਤ ਨੂੰ ਮਾਰਨ ਦਾ ਪ੍ਰਸੰਗ ਕਥਨ ਹੈ। |
| ੯੨ | ੧੦—ਸੁਦਾਮੇ ਦੀ ਗ਼ਰੀਬੀ ਦੂਰ ਕੀਤੀ ਪ੍ਰਸੰਗ ਕਥਨ ਹੈ। |
| ੯੩ | ੧੬—ਕੁਰਖੇਤ੍ਰ ਜਾਣਾ ਕ੍ਰਿਸ਼ਨ ਜੀ ਨੇ ਪ੍ਰਸੰਗ ਕਥਨ ਹੈ। |
| ੯੪ | ੧੦—ਬਯਾਹ ਸੁਭਦ੍ਰਾ ਕੋ ਕੀਨ ਤਬੈ॥ ੨੪੪੦॥ |
| ੯੫ | ੭—ਬ੍ਰਾਹਮਣ ਤੇ ਰਾਜੇ ਦਾ ਪ੍ਰਸੰਗ ਕਥਨ ਹੈ। |
| ੯੬ | ੧੧—ਭਸਮਾਗਤ ਦੈਂਤ ਨੂੰ ਮਾਰਨਾ ਦੱਸਿਆ ਹੈ। |
| ੯੭ | ੬—ਭ੍ਰਿਗੁ ਦੇ ਪ੍ਰੋਤ ਮਾਰਨ ਦਾ ਪ੍ਰਸੰਗ ਕਥਨ ਹੈ। |
| ੯੮ | ੭—ਪਾਰਥ ਦਾ ਪ੍ਰਸੰਗ ਕਥਨ ਹੈ। |
| ੯੯ | ੨੧—ਕ੍ਰਿਸ਼ਨ ਜੀ ਦੀ ਕਥਾ ਲਿਖਣ ਦਾ ਮੁਖ ਕਾਰਨ ਦੱਸਿਆ ਹੈ। |

"ਦਸਮ ਕਥਾ ਭਾਗਉਤ ਕੀ ਭਾਖਾ ਕਰੀ ਬਨਾਇ॥

ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁੱਧ ਕੇ ਚਾਇ॥ ੨੪੯੧॥

ਸਵੈਯਾ॥

ਛਤ੍ਰੀ ਕੋ ਪੂਤ ਹੌ ਬਾਮਨ ਕੋ ਨਹਿ ਕੈ ਤਪੁ ਆਵਤ ਹੈ ਜੁ ਕਰੋ॥

ਅਰੁ ਅਉਰ ਜੰਜਾਰ ਜਿਤੋ ਗ੍ਰਹਿ ਕੋ ਤੁਹਿ ਤਿਆਗ ਕਹਾ ਚਿਤ ਤਾ ਮੈ ਧਰੋ॥

ਅਬ ਰੀਝ ਕੈ ਦੇਹੁ ਵਹੈ ਹਮ ਕਉ ਜੋਊ ਹਉ ਬਿਨਤੀ ਕਰ ਜੋਰ ਕਰੋ॥

ਜਬ ਆਉ ਕੀ ਅਉਧ ਨਿਦਾਨ ਬਨੈ ਅਤਿਹੀ ਰਨ ਮੈ ਤਬ ਜੂਝ ਮਰੋ॥ ੨੪੮੯॥

ਦੋਹਰਾ॥

ਸੱਤ੍ਰਹ ਸੈ ਪੈਤਾਲ ਮਹਿ ਸਾਵਨ ਸੁਦਿ ਥਿਤਿ ਦੀਪ॥

ਨਗਰ ਪਾਂਵਟਾ ਸੁਭ ਕਰਨ ਜਮਨਾ ਬਹੈ ਸਮੀਪ॥ ੨੪੯੦॥

ਦਸਮ ਕਥਾ ਭਾਗਉਤ ਕੀ ਭਾਖਾ ਕਰੀ ਬਨਾਇ॥

ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁੱਧ ਕੇ ਚਾਇ॥ ੨੪੯੧॥

ਸਵੈਯਾ॥

ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁੱਧੁ ਬਿਚਾਰੈ॥

ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵਸਾਗਰ ਤਾਰੈ॥

ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉ ਉਜੀਆਰੈ॥

ਗਜਾਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥ ੨੪੯੨॥

(ਸ੍ਰੀ ਕ੍ਰਿਸ਼ਨਾ ਅਵਤਾਰ ਕਥਾ ਸੰਪੂਰਨ॥ ੨੧॥ )

ੴ ਸਤਿਗੁਰ ਪ੍ਰਸਾਦਿ॥

## ੨੨. ਅਥ ਨਰ ਅਉਤਾਰ ਕਥਨੰ॥

ਅਬ ਬਾਈਸੋਂ ਗਨਿ ਅਵਤਾਰਾ॥

ਇਹ ਕਥਾ ੭ ਪਉੜੀਆਂ ਵਿਚ ਕਥਨ ਕੀਤੀ ਗਈ ਹੈ। ਬਹੁਤ ਸੰਖੇਪ ਰੂਪ ਵਿਚ ਇਹ ਕਥਾ ਕਥਨ ਹੈ। ਸੰਖੇਪ ਰੂਪ ਵਿਚ ਇਸ ਤਰ੍ਹਾਂ ਕਥਨ ਕੀਤੀ ਹੈ :

ਗ੍ਰੰਥ ਬਢਨ ਤੇ ਹ੍ਰਿਦੈ ਡਰਾਉ॥...... ॥

ਕਉਰਵ ਜੀਤ ਗਾਵ ਸਭ ਆਨੀ॥ ਭਾਂਤਿ ਭਾਂਤਿ ਤਨ ਮਹਾਂ ਅਭਿਮਾਨੀ॥

*ਯਥਾ : ਗਾਂਗੇਵ ਭਾਨਜ ਕਹ ਮਾਰਯੋ॥ ਘਰੋ ਭਯਾਨ ਅਯੋਧਨ ਧਾਰਯੋ॥*

*ਦੁਰਜੋਧਨ ਜੀਤਾ ਅਤ ਬਲਾ॥ ਪਾਵਤ ਭਏ ਰਾਜ ਅਬਚਲਾ॥ ੬॥*

(ਨਰ ਅਵਤਾਰ ਕਥਾ ਸੰਪੂਰਨ॥ ੨੨॥ )

## ੨੩. ਅਥ ਬਉਧ ਅਵਤਾਰ ਤੇਈਸਵੋ ਕਥਨੰ॥

ਇਹ ਕਥਾ ਤਿੰਨ ਛੰਦਾਂ ਵਿਚ ਕਥਨ ਕੀਤੀ ਗਈ ਹੈ। ਬਉਧ ਤੋਂ ਭਾਵ ਬੁੱਧ ਅਵਤਾਰ ਦਾ ਪ੍ਰਤੀਤ ਹੁੰਦਾ ਹੈ, ਕਿਉਂਕਿ ਭਾਗਵਤ ਪੁਰਾਣ ਵਿਚ ਵੀ ਬੁੱਧ ਨੂੰ ਵਿਸ਼ਨੂੰ ਦਾ ਅਵਤਾਰ ਦੱਸਿਆ ਗਿਆ ਹੈ। ਇੱਥੋਂ ਸਪੱਸ਼ਟ ਹੁੰਦਾ ਹੈ ਕਿ ਗੁਰਦੇਵ ਜੀ ਨੇ ਉਸ ਅਵਤਾਰ ਕਥਾ ਦਾ ਵਿਸਥਾਰ ਕੀਤਾ ਹੈ, ਜਿਸ ਵਿਚ ਬੀਰ ਰਸ ਭਰਪੂਰ ਹੈ, ਭਾਵ ਜਿਸ ਵਿਸ਼ਨੂੰ ਦੇ ਅਵਤਾਰ ਨੇ ਜੁੱਧ ਕਰ ਕੇ ਦੈਂਤਾਂ ਦਾ ਨਾਸ਼ ਕੀਤਾ ਹੈ, ਉਹਨਾਂ ਪ੍ਰਸੰਗਾਂ ਨੂੰ ਹਜ਼ੂਰ ਨੇ ਵਿਸਥਾਰ ਸਹਿਤ ਕਥਨ ਕੀਤਾ ਹੈ ਤਾਂ ਕਿ ਖ਼ਾਲਸੇ ਵਿਚ ਬੀਰ ਰਸ ਭਰ ਕੇ, ਖ਼ਾਲਸੇ ਨੂੰ ਜੰਗ ਜੁੱਧ ਲਈ ਤਿਆਰ ਕੀਤਾ ਜਾ ਸਕੇ।

(ਬਉਧ ਅਵਤਾਰ ਕਥਾ ਸੰਪੂਰਨ॥ ੨੩॥ )

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੫੭੧)

## ੨੪. ਅਥ ਕਲਕੀ ਚੌਬੀਸਵੋ ਅਵਤਾਰ ਕਥਨੰ॥

ਇਸ ਕਥਾ ਦੇ ਕੁਲ ਅਧਿਆਇ ਚਾਰ ਹਨ। ਇਸ ਦੇ ਆਦਿ ਵਿਚ ਪਹਿਲੇ ਅਧਿਆਇ ਦੀਆਂ ੧੩੬ ਪਉੜੀਆਂ ਵਿਚ ਕਲਜੁਗ ਦੀ ਦਸ਼ਾ ਦਰਸਾਈ ਗਈ ਹੈ। ਇਸ ਵਿਚ ਕਲਜੁਗ ਦੀ ਦਸ਼ਾ ਨੂੰ ਸੁਧਾਰਨ ਵਾਸਤੇ ਇਹ ਵਿਸ਼ਨੂੰ ਦਾ ਚੌਵੀਵਾਂ ਕਲਕੀ ਅਵਤਾਰ ਹੋਣਾ ਦੱਸਿਆ ਹੈ :

*ਪਾਪ ਸੰਬੂਹ ਬਿਨਾਸਨ ਕਉ ਕਲਕੀ ਅਵਤਾਰ ਕਹਾਵਹਗੇ॥.... ॥ ੧੪੧॥*

ਕਿਉਂਕਿ ਸੰਸਾਰ ਦੀ ਦਸ਼ਾ ਐਸੀ ਦਰਸਾਈ ਹੈ, ਜਿਸ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ :

*ਘਰ ਘਰ ਝੂਠ ਅਮੱਸਿਆ ਭਈ॥ ਸਾਚ ਕਲਾ ਸਸ ਕੀ ਦੁਰ ਗਈ॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੫੭੧)

*ਯਥਾ : ਚਲੀ ਪਾਪ ਕੀ ਜਗਤ ਕਹਾਨੀ॥ ਭਾਜਾ ਧਰਮ ਛਾਡ ਰਜਧਾਨੀ॥*

*ਭਿੰਨ ਭਿੰਨ ਘਰ ਘਰ ਮਤ ਚਲਾ॥ ਯਾਤੇ ਧਰਮ ਭਰਮ ਉਡ ਟਲਾ॥ ੧੪॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੫੭੨)

ਇਸ ਅਵਤਾਰ ਧਾਰਨ ਦਾ ਸਮਾਂ ਇਸ ਤਰ੍ਹਾਂ ਦੱਸਿਆ ਹੈ :

*ਕਲਜੁਗ ਕੇ ਅੰਤਹ ਸਮੈ ਸਤਿਜੁਗ ਲਾਗਤ ਆਦਿ॥*

*ਦੀਨਨ ਕੀ ਰੱਛਾ ਲੀਏ ਧਰਿ ਹੈ ਰੂਪ ਅਨਾਦ॥.. ॥ ੧੪੦॥*

ਇਕ ਬ੍ਰਾਹਮਣ ਮੰਦਰ ਵਿਚ ਚੰਡੀ ਦੇਵੀ ਦਾ ਜਾਪ ਕਰਦਾ ਸੀ :

*ਨਿਤ ਜਪਤ ਬਿਪ੍ਰ ਦੇਬੀ ਪ੍ਰਚੰਡ॥*

*ਜਿਹ ਕੀਨ ਧੂਮ੍ਰ ਲੋਚਨ ਦੁਖੰਡ॥.... ॥੧੬੪॥*

ਇਸ ਬ੍ਰਾਹਮਣ ਦੀ ਇਸਤ੍ਰੀ ਬਹੁਤ ਭੈੜੇ ਸੁਭਾਅ ਦੀ ਸੀ। ਇਸ ਨੂੰ ਪੂਜਾ ਕਰਨ ਤੋਂ ਅਤੇ ਭਜਨ ਸਿਮਰਨ ਕਰਨ ਤੋਂ ਰੋਕਦੀ ਸੀ। ਇਥੋਂ ਦਾ ਰਾਜਾ ਵੀ ਬਹੁਤ ਅਧਰਮੀ, ਪਾਪੀ ਬਿਭਚਾਰੀ ਸੀ।

*ਸੰਭਲ ਨਰੇਸ਼ ਤਨ ਕਹੀ ਆਨ॥ ੧੭੦॥*

*ਪੂਜੰਤ ਦੇਵੇ ਦੀਨੋ ਦਿਖਾਇ॥ ਤਿਹ ਗਹਾ ਕੋਪ ਕਰ ਸੂਦ੍ਰ ਰਾਇ॥੧੭੧॥*

ਇਸ ਨੇ ਪਾਪੀ ਰਾਜੇ ਨੂੰ ਦੱਸ ਕੇ ਬ੍ਰਾਹਮਣ ਨੂੰ ਫੜਾ ਦਿੱਤਾ। ਇਸ ਰਾਜੇ ਨੇ ਬ੍ਰਾਹਮਣ ਨੂੰ ਬਹੁਤ ਸਜ਼ਾ ਦਿੱਤੀ, ਪਰ ਬ੍ਰਾਹਮਣ ਨੇ ਕਿਹਾ ਕਿ ਮੈਂ ਪੂਜਾ ਪਾਠ ਨਹੀਂ ਤਿਆਗਾਂਗਾ, ਮੇਰੇ ਸਰੀਰ ਦੇ ਭਾਵੇਂ ਹਜ਼ਾਰ ਟੋਟੇ ਕਰ ਦਿਉ :

*ਕਿਉ ਨ ਹੋਹਿ ਟੂਕ ਤਨ ਕੇ ਹਜ਼ਾਰ॥*

*ਨਹੀ ਤਜੋ ਪਾਇ ਦੇਵੀ ਉਦਾਰ॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੫੮੪)

ਇਸ ਬ੍ਰਾਹਮਣ ਨੂੰ ਤਲਵਾਰ ਖਿੱਚ ਕੇ ਜਦ ਮਾਰਨ ਲੱਗੇ ਤਾਂ ਇਸ ਨੇ ਪ੍ਰਮਾਤਮਾ ਦਾ ਧਿਆਨ ਧਰਿਆ। ਉਸ ਸਮੇਂ ਇਸ ਦੀ ਰੱਖਿਆ ਵਾਸਤੇ ਇਹ ਕਲਕੀ ਅਵਤਾਰ ਹੋਇਆ ਹੈ :

*ਉਪਜਿਉ ਆਨ ਕਲਕੀ ਵਤਾਰ॥ ੧੭੮॥*

ਸੰਭਲਪੁਰ ਦੇ ਰਾਜੇ ਨਾਲ ਬੜਾ ਭਾਰੀ ਜੰਗ ਜੁੱਧ ਹੋਇਆ ਹੈ। ਦੋ ਲੱਖ ਤੋਂ ਵੱਧ ਸੈਨਾ ਮਾਰੇ ਜਾਣ ਦਾ ਜ਼ਿਕਰ ਇਥੇ ਇਸ ਤਰ੍ਹਾਂ ਆਇਆ ਹੈ :

*ਇਹ ਬਿਧ ਮਚਾ ਪ੍ਰਚੰਡ ਰਣ ਅਰਧ ਮਹੂਰਤ ਉਦੰਡ॥*

*ਬੀਸ ਅਯੁਤ ਦਸ ਸਤ ਸੁਭਟ ਜੁੱਝਤ ਭਵੇ ਅਡੰਡ॥ ੨੭੯॥*

ਇਸ ਪਹਿਲੇ ਅਧਿਆਇ ਵਿਚ ੧੭ ਪਉੜੀ ਤੋਂ ਲੈ ਕੇ ੪੫੪ ਪਉੜੀ ਤੱਕ ਇਸ ਕਲਕੀ ਅਵਤਾਰ ਦਾ ਸੰਭਲਪੁਰ ਦੇ ਰਾਜੇ ਤੇ ਫ਼ੌਜਾਂ ਨੂੰ ਜੰਗ ਕਰ ਕੇ ਮਾਰਨ ਦਾ ਜ਼ਿਕਰ ਕੀਤਾ ਹੈ। ਇਸ ਪਾਪੀ ਰਾਜੇ ਨੂੰ ਮਾਰ ਕੇ ਅਧਿਆਇ ਪਹਿਲਾ ਪੂਰਾ ਹੋਇਆ ਹੈ।

*ਮਾਗੜਦੰਗ ਮਾਰਿਓ ਭਾਗੜਦੰਗ ਭੂਪੰ॥*

*ਕਾਗੜਦੰਗ ਕੋਪੇ ਰਾਗੜਦੰਗ ਰੂਪੰ॥ ੪੪੮॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੬੦੧)

(ਪਹਿਲਾ ਧਿਆਇ ਸੰਪੂਰਨ॥ ੪੫੪॥)

## ਅਥ ਦੇਸੰਤਰ ਜੁੱਧ ਕਥਨੰ॥

ਜਿਸ ਵੇਲੇ ਕਲਕੀ ਅਵਤਾਰ ਨੇ ਸੰਭਰਪੁਰ ਦੇ ਰਾਜੇ ਨੂੰ ਮਾਰ ਦਿੱਤਾ ਅਤੇ ਉਸ ਦੀਆਂ ਜ਼ਾਲਮ ਫ਼ੌਜਾਂ ਦਾ ਨਾਸ਼ ਕਰ ਦਿੱਤਾ ਤਾਂ ਸਾਰੇ ਪਾਸੇ ਧਰਮ ਦੀ ਚਰਚਾ ਹੋਣ ਲੱਗੀ, ਜਿਸ ਦਾ ਜ਼ਿਕਰ ਇਸ ਤਰ੍ਹਾਂ ਆਇਆ ਹੈ :

*ਹਣਯੋ ਸੰਭਰੇਸੰ॥ ਚਤੁਰ ਚਾਰ ਦੇਸੰ॥*
*ਚਲੀ ਧਰਮ ਚਰਚਾ॥ ਕਰੈ ਕਾਲ ਅਰਚਾ॥ ੪੫੫॥*

ਇਕ ਦੂਸਰੇ ਅਧਿਆਇ ਵਿਚ ਵੀ ਕਲਕੀ ਅਵਤਾਰ ਦਾ ਜੰਗ ਜੁੱਧ ਦਾ ਜ਼ਿਕਰ ਕੀਤਾ ਗਿਆ ਹੈ :

*ਅਸ ਲੈ ਕਲਕੀ ਕਰਿ ਕੋਪ ਭਰਿਓ॥ ਰਣ ਰੰਗ ਸੁਰੰਗ ਬਿਖੈ ਬਿਚਰਿਓ॥*
*ਗਹਿ ਬਾਣ ਕ੍ਰਿਪਾਣ ਬਿਖੈ ਨ ਡਰਿਓ॥ ਜਿਸ ਸੋ ਰਣ ਚਿਤ੍ਰ ਬਚਿਤ੍ਰ ਕਰਿਓ॥ ੪੭੦॥*
*ਯਥਾ : ਦਿਸ ਪੱਛਮ ਜੀਤ ਅਭੀਤ ਨ੍ਰਿਪੰ॥ ਕ੍ਰਪ ਕੀਨ ਪਯਾਨ ਸੁਦੱਛਣਣੰ॥*
*ਤਥਾ :— ਜਿਤੇ ਦੱਛਨੀ ਸੰਗ ਲੀਨੇ ਸੁਧਾਰੰ॥ ਦਿਸ਼ਾ ਪ੍ਰਾਚਿਅੰ ਕੋਪ ਕੀਨੋ ਸਵਾਰੰ॥੫੦੬॥*

ਇਸ ਦੂਜੇ ਅਧਿਆਇ ਦੀਆਂ ਕੁਲ ੫੨ ਪਉੜੀਆਂ ਹਨ।

(ਦੂਸਰਾ ਅਧਿਆਇ ਸੰਪੂਰਨ॥ ੫੦੬॥ )

ਤੀਸਰੇ ਅਧਿਆਇ ਵਿਚ ਕਲਕੀ ਅਵਤਾਰ ਦੇ ਪੂਰਬ ਦਿਸ਼ਾ ਨੂੰ ਜਿੱਤਣ ਦਾ ਕਥਨ ਕੀਤਾ ਗਿਆ ਹੈ :

*ਪੱਛਮਹਿ ਜੀਤ ਦੱਛਨ ਉਜਾਰ॥ ਕ੍ਰਪਿਓ ਕਛੂਕ ਕਲਕੀ ਵਤਾਰ॥*
*ਕੀਨੋ ਪਯਾਨ ਪੂਰਬ ਦਿਸਾਣ॥ ਬਜੀ ਅਜੈਤ ਪਤ੍ਰੰ ਨਿਸਾਣ॥ ੫੦੭॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੬੦੪)

*ਯਥਾ: ਖੰਡੇ ਅਖੰਡ ਜੋਧਾ ਦੁਰੰਤ॥*
*ਲਿੱਨੋ ਛਿਨਾਇ ਪੂਰਬ ਧਰੰਤ॥ ੫੦੯॥*

ਇਸ ਅਧਿਆਇ ਦੀਆਂ ਕੁਲ ੪ ਪਉੜੀਆਂ ਹਨ। ਇਸ ਵਿਚ ਵੀ ਜੰਗ ਜੁੱਧ ਦਾ ਕਥਨ ਕੀਤਾ ਗਿਆ ਹੈ।

(ਤੀਜਾ ਅਧਿਆਇ ਸੰਪੂਰਨ॥ ੫੧੦॥ )

ਇਸ ਚੌਥੇ ਅਧਿਆਇ ਵਿਚ ਵੀ ਕਲਕੀ ਅਵਤਾਰ ਦੀ ਕਥਾ ਹੈ ਅਤੇ ਕਮਾਲ ਦਾ ਜੰਗ ਜੁੱਧ ਕਥਨ ਕੀਤਾ ਗਿਆ ਹੈ। ਇਸ ਵਿਚ ਚੀਨ ਦਾ ਰਾਜਾ ਅਧੀਨ ਹੋ ਕੇ ਨਾਲ ਮਿਲ ਗਿਆ ਦੱਸਿਆ ਹੈ ਅਤੇ ਚੀਨ ਮਚੀਨ ਦੇਸ਼ ਨੂੰ ਜਿੱਤ ਕੇ ਉੱਤਰ ਨੂੰ ਵੀ ਜਿੱਤਿਆ ਇਸ ਤਰ੍ਹਾਂ ਦੱਸਿਆ ਹੈ :

*ਚੀਨ ਮਚੀਨ ਛੀਨ ਜਬ ਲੀਨਾ॥ ਉਤਰ ਦੇਸ਼ ਪਯਾਨਾ ਕੀਨਾ॥*

*ਹਾਹਾ ਮਾਧੋ ਕਹ ਲੌ ਗਨੌ ਉੱਤਰੀ ਰਾਜਾ॥ ਸਭ ਸਿਰ ਡੰਕ ਜੀਤ ਕਾ ਬਾਜਾ॥੫੪੮॥*

ਸਾਰੇ ਰਾਜਿਆਂ ਨੂੰ ਤੇ ਸਾਰੀਆਂ ਫ਼ੌਜਾਂ ਨੂੰ ਜਿੱਤ ਕੇ ਚੌਵੀ ਅਵਤਾਰਾਂ ਦਾ ਸਰਦਾਰ ਹੋ ਕੇ ਸਿਰ 'ਤੇ ਛੱਤ੍ਰ ਫਿਰਾ ਲਿਆ ਹੈ।

*ਸਰਦਾਰ ਬਿਸੰਤਿ ਚਾਰ ਕਲਿ ਅਵਤਾਰ ਛਤ੍ਰ ਫਿਰਾਈਐ॥ ੫੬੨॥*

*ਯਥਾ : ਇਸ ਕਲਕੀ ਅਵਤਾਰ ਜੀਤੇ ਜੁੱਧ ਸਬੈ ਨ੍ਰਿਪਤਿ॥*

ਇਹ ਵੀ ਅਖ਼ੀਰ ਵਿਚ ਅੱਤ ਦਾ ਹੰਕਾਰੀ ਹੋਇਆ ਦੱਸਿਆ ਹੈ ਅਤੇ ਇਸ ਨੇ ਅਕਾਲ ਪੁਰਖ ਨੂੰ ਭੁਲਾ ਦਿੱਤਾ ਹੈ :

*ਦਿਯ ਕਾਲ ਪੁਰਖ ਬਿਸਾਰ॥.... ॥ ੫੮੩॥*

ਹੰਕਾਰ ਵਿਚ ਆ ਕੇ ਇਸ ਨੇ ਆਪਣਾ ਹੀ ਨਾਮ ਜਪਾਉਣਾ ਸ਼ੁਰੂ ਕਰ ਦਿੱਤਾ :

*ਜਗੁ ਜੀਤ ਕੀਨ ਗੁਲਾਮ॥ ਆਪਨ ਜਪਾਯੋ ਨਾਮ॥ ੫੮੪॥*

ਫੇਰ ਅਕਾਲ ਪੁਰਖ ਨੇ ਇਸ ਨੂੰ ਨਾਸ਼ ਕਰਨ ਵਾਸਤੇ ਮਹਿੰਦੀ ਮੀਰ ਪੈਦਾ ਕੀਤਾ ਦੱਸਿਆ ਹੈ :

*ਤਬ ਕਾਲ ਦੇਵ ਰਿਸਾਇ॥ ਇਕ ਅਉਰ ਪੁਰਖ ਬਨਾਇ॥ ੫੮੬॥*

*ਗੱਚ ਅਸ ਮਹਿਦੀ ਮੀਰ॥ ਰਿਸਵੰਤ ਹਠ ਹਮੀਰ॥*

*ਤਿਹ ਤਉਨ ਕੋ ਬਧੁ ਕੀਨ॥ ਪੁਨ ਆਪ ਮੋ ਕਿਯ ਲੀਨ॥ ੫੮੭॥*

ਇਸ ਚੌਥੇ ਅਧਿਆਇ ਦੀਆਂ ਕੁਲ ਪਉੜੀਆਂ ੭੮ ਹਨ। ਇਥੇ ਮੀਰ ਮਹਿੰਦੀ ਦਾ ਪ੍ਰਗਟ ਹੋਣਾ ਦੱਸ ਕੇ ਕਲਕੀ ਅਵਤਾਰ ਦੀ ਕਥਾ ਪੂਰੀ ਕੀਤੀ ਹੈ। ਕਲਕੀ ਅਵਤਾਰ ਦੀ ਕਥਾ ਚਾਰ ਅਧਿਆਇ ਅਤੇ ਕੁਲ ੫੮੮ ਪਉੜੀਆਂ ਵਿਚ ਕਥਨ ਕੀਤੀ ਹੈ। ਇਥੇ ਚੌਬੀਸ ਅਵਤਾਰ ਦੀ ਕਥਾ ਪੂਰੀ ਹੋਈ ਹੈ।

(ਕਲਕੀ ਅਵਤਾਰ ਕਥਾ ਸੰਪੂਰਨ॥ ੨੪॥ )

## ਮਹਿੰਦੀ ਮੀਰ

ਜਿਸ ਵੇਲੇ ਕਲਕੀ ਅਵਤਾਰ ਨੂੰ ਹੰਕਾਰ ਹੋ ਗਿਆ ਤੇ ਅਕਾਲ ਪੁਰਖ ਨੂੰ ਭੁੱਲ ਗਿਆ ਤੇ ਆਪਣਾ ਹੀ ਨਾਮ ਜਪਾਉਣਾ ਸ਼ੁਰੂ ਕਰ ਦਿੱਤਾ।

*ਜਗ ਜੀਤਿਯੋ ਜਬ ਸਰਬ॥ ਤਬ ਬਾਢਿਓ ਅਤ ਗਰਬ॥*

*ਦਿਯ ਕਾਲ ਪੁਰਖ ਬਿਸਾਰ॥ ਇਹ ਭਾਂਤ ਕੀਨ ਬਿਚਾਰ॥ ੫੮੩॥*

ਯਥਾ :

*ਜਗ ਜੀਤ ਕੀਨ ਗੁਲਾਮ॥ ਆਪਨ ਜਪਾਯੋ ਨਾਮ॥*

ਫੇਰ ਇਸ ਕਲਕੀ ਅਵਤਾਰ ਦਾ ਨਾਸ਼ ਕਰਨ ਵਾਸਤੇ ਅਕਾਲ ਪੁਰਖ ਨੇ ਮਹਿੰਦੀ ਮੀਰ ਨੂੰ ਪੈਦਾ ਕਰ ਦਿੱਤਾ। ਇਸ ਮਹਿੰਦੀ ਮੀਰ ਨੇ ਕਲਕੀ ਅਵਤਾਰ ਨੂੰ ਮਾਰ ਦਿੱਤਾ, ਜਿਸ ਦਾ ਜ਼ਿਕਰ ਇਸ ਤਰ੍ਹਾਂ ਆਇਆ ਹੈ :

*ਗੱਚ ਅਸ ਮਹਿਦੀ ਮੀਰ॥ ਰਿਸਵੰਤ ਹਾਠ ਹਮੀਰ॥*
*ਤਿਹ ਤਉਨ ਕੋ ਬਧੁ ਕੀਨ॥ ਪੁਨ ਆਪ ਮੋ ਕਿਯ ਲੀਨ॥ ੫੮੭॥*

ਮਹਿੰਦੀ ਮੀਰ ਦੀ ਕਥਾ ਇਕ ਅਧਿਆਇ ਵਿਚ ਕਥਨ ਕੀਤੀ ਹੈ, ਜਿਸ ਦੀਆਂ ਕੁਲ ੧੧ ਪਉੜੀਆਂ ਹਨ। ਇਸ ਮਹਿੰਦੀ ਮੀਰ ਨੂੰ ਵੀ ਹੰਕਾਰ ਹੋ ਗਿਆ ਕਿ ਮੈਥੋਂ ਬਿਨਾਂ ਹੋਰ ਕੋਈ ਨਹੀਂ ਹੈ ਤਾਂ ਫੇਰ ਉਸ ਸਰਬ ਕਲਾ ਸਮਰੱਥ ਪ੍ਰਮਾਤਮਾ ਨੇ ਇਕ ਕੀੜੇ ਨੂੰ ਇਸ ਦੇ ਕੰਨ ਵਿਚ ਪ੍ਰਵੇਸ਼ ਕਰਾ ਕੇ ਇਕ ਕੀੜੇ ਰਾਹੀਂ ਹੀ ਇਸ ਮਹਿੰਦੀ ਮੀਰ ਨੂੰ ਮਾਰਨ ਬਾਰੇ ਦੱਸਿਆ ਹੈ :

*ਮਹਿਦੀ ਭਰਯੋ ਤਬ ਗਰਬ॥ ਜਗ ਜੀਤਯੋ ਜਬ ਸਰਬ॥*
*ਯਥਾ : ਤਬ ਜਾਨ ਕਾਲ ਪ੍ਰਬੀਨ॥ ਤਿਹ ਮਾਰਿਓ ਕਰ ਦੀਨ॥*
*ਇਕ ਕੀਟ ਦੀਨ ਉਪਾਇ॥ ਤਿਸ ਕਾਨ ਪੈਠੋ ਜਾਇ॥ ੧੦॥*
*ਧਸਿ ਕੀਟ ਕਾਨਨ ਬੀਚ॥ ਤਿਸ ਜੀਤਯੋ ਜਿਮ ਨੀਚ॥*
*ਬਹੁ ਭਾਂਤ ਦੇ ਦੁਖ ਤਾਹਿ॥ਇਹ ਭਾਂਤਿ ਮਾਰਿਓ ਵਾਹਿ॥੧੧॥*

(ਮਹਿੰਦੀ ਮੀਰ ਕਥਾ ਸੰਪੂਰਨ॥ )

❑

ੴ ਸਤਿਗੁਰ ਪ੍ਰਸਾਦਿ॥

# ੧. ਅਥ ਬ੍ਰਹਮਾ ਅਵਤਾਰ ਕਥਨੰ॥

ਮਹਿੰਦੀ ਮੀਰ ਦੀ ਕਥਾ ਤੋਂ ਮਗਰੋਂ ਬ੍ਰਹਮਾ ਦੇ ਅਵਤਾਰਾਂ ਦੀ ਕਥਾ ਦਾ ਕਥਨ ਕੀਤਾ ਹੈ। ਇਸ ਕਥਾ ਦੇ ਆਦਿ ਵਿਚ ਪਹਿਲੇ ਅਧਿਆਇ ਦੀਆਂ ੧੯ ਪਉੜੀਆਂ ਤੱਕ ਅਕਾਲ ਪੁਰਖ ਦੇ ਨਾਮ ਜੱਪਣ ਦੀ ਮਹਿਮਾ ਅਤੇ ਅਕਾਲ ਨੂੰ ਹੀ ਇਹਨਾਂ ਸਾਰੇ ਅਵਤਾਰਾਂ ਦੇ ਪੈਦਾ ਕਰਨ ਵਾਲਾ ਦੱਸਿਆ ਹੈ :

*ਜੇ ਜਾਪ ਹੈ ਕਲਿ ਨਾਮ॥ ਤਿਸ ਪੂਰਨ ਹੋਇ ਹੈ ਕਾਮ॥*

*ਤਿਸ ਦੂਖ ਭੂਖ ਨ ਪਜਾਸ॥ ਨਿਤ ਹਰਖ ਕਹੂੰ ਨ ਉਦਾਸ॥ ੩॥*

*ਅਥਵਾ : ਭਵ ਗੜਨ ਭੰਜਨਹਾਰ॥ ਹੈ ਏਕ ਹੀ ਕਰਤਾਰ॥.....੮॥*

*ਯਥਾ : ਕਈ ਕੋਟ ਕ੍ਰਿਸ਼ਨ ਅਵਤਾਰ॥ ਕਈ ਰਾਮ ਬਾਰ ਬੁਹਾਰ॥..੧੧॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੬੧੧)

ਇਸ ਉਪਰੰਤ ਚੌਵੀ ਅਵਤਾਰਾਂ ਦੀ ਜੋ ਪਿੱਛੇ ਕਥਾ ਕਹੀ ਹੈ, ਉਹ ਦੱਸ ਕੇ ਅੱਗੇ ਉਪ-ਅਵਤਾਰਾਂ ਦੀ ਕਥਾ ਦਾ ਜ਼ਿਕਰ ਕੀਤਾ ਹੈ :

*ਗਨਿ ਚਉਬਿਸੇ ਅਵਤਾਰ॥ ਬਹੁ ਕੈ ਕਹੈ ਬਿਸਥਾਰ॥*

*ਅਬ ਗਨੌ ਉਪ ਅਵਤਾਰ॥ ਜਿਮ ਧਰੇ ਰੂਪ ਮੁਰਾਰ॥ ੨੦॥*

*ਜੇ ਧਰੇ ਬ੍ਰਹਮਾ ਰੂਪ॥ ਤੇ ਕਹੇ ਕਾਬ ਅਨੂਪ॥*

*ਜੇ ਧਰੇ ਰੁਦ੍ਰ ਵਤਾਰ॥ ਅਬ ਕਹੌਂ ਤਾਹਿ ਬਿਚਾਰ॥ ੨੧॥*

ਇਸ ਅਧਿਆਇ ਦੀਆਂ ਸਾਰੀਆਂ ੪੧ ਪਉੜੀਆਂ ਹਨ। ਇਸ ਵਿਚ ਬ੍ਰਹਮਾ ਨੂੰ ਹੰਕਾਰ ਹੋਣ ਦਾ ਕਥਨ ਕੀਤਾ ਹੈ ਅਤੇ ਫੇਰ ਹੰਕਾਰ ਨਵਿਰਤੀ ਦਾ ਵੀ ਵਰਣਨ ਹੈ :

*ਤਬ ਤਾਸ ਬਾਢਜੋ ਗਰਬ॥ ਸਹਿ ਆਪ ਜਾਨ ਨ ਸਰਬ॥੨੨॥*

ਇਸ ਪ੍ਰਕਾਰ ਹੰਕਾਰ ਹੋਣ ਤੋਂ ਜਦ ਪ੍ਰਮਾਤਮਾ ਨੇ ਬ੍ਰਹਮਾ ਨੂੰ ਉਸ ਹੰਕਾਰ ਦਾ ਫਲ ਭੁਗਤਾਇਆ, ਜਿਸ ਦਾ ਜ਼ਿਕਰ ਇਸ ਤਰ੍ਹਾਂ ਆਇਆ ਹੈ :

*ਜਬ ਗਿਰਯੋ ਭੂ ਤਰ ਆਨ ॥ ਮੁਖ ਚਾਰ ਬੇਦ ਨਿਧਾਨ ॥... ॥ ੨੪ ॥*

ਫੇਰ ਬਹੁਤ ਤਪ ਕਰਨ ਦਾ ਜ਼ਿਕਰ ਕੀਤਾ ਹੈ ਕਿ ਬ੍ਰਹਮਾ ਨੇ ਆਪਣੇ ਆਪ ਨੂੰ ਬਖ਼ਸ਼ਾਉਣ ਵਾਸਤੇ ਬਾਰ-ਬਾਰ ਪ੍ਰਭੂ ਅੱਗੇ ਬੇਨਤੀਆਂ ਕੀਤੀਆਂ ਤਾਂ ਅਕਾਲ ਪੁਰਖ ਵੱਲੋਂ ਸੱਤ ਅਵਤਾਰ ਭਾਵ ਸੱਤ ਜਨਮ ਲੈਣ ਦਾ ਹੁਕਮ ਹੋਇਆ ਕਿ ਸੱਤ ਜਨਮ ਧਾਰ ਕੇ ਚੰਗੇ ਕਰਮ ਕਰ ਤਾਂ ਬਖ਼ਸ਼ਿਆ ਜਾਵੇਂਗਾ। ਇਸ ਤੋਂ ਅਗਲੇ ਅਧਿਆਵਾਂ ਵਿਚ ਇਸ ਦੇ ਸੱਤ ਅਵਤਾਰ ਧਾਰਨ ਦੀ ਕਥਾ ਕਥਨ ਕੀਤੀ ਹੈ।

(ਇਤਿ ਬ੍ਰਹਮਾ ਪ੍ਰਤਿ ਆਗਿਆ ਸਮਾਪਤੰ॥ ੪੧ ॥ )

੬ ਪਉੜੀਆਂ ਵਿਚ ਬ੍ਰਹਮਾ ਦੇ ਪਹਿਲੇ ਅਵਤਾਰ ਬਾਲਮੀਕ ਰਿਸ਼ੀ ਬਾਰੇ ਦੱਸਿਆ ਹੈ। ਜੋ ਬ੍ਰਹਮਾ ਦਾ ਮਾਨਸ ਪੁੱਤ੍ਰ ਸੀ, ਪਰ ਇਸ ਪ੍ਰਸੰਗ ਵਿਚ ਇਹ ਭੀ ਕਥਨ ਕੀਤਾ ਹੈ :

*ਅਕਾਲ ਕਾਲ ਕੀ ਕ੍ਰਿਪਾ ਬਨਾਇ ਗ੍ਰੰਥ ਰਾਖਿ ਹੈ॥*

(ਇਤ ਅਵਤਾਰ ਬਾਲਮੀਕ ਪ੍ਰਿਥਮ ਸਮਾਪਤੰ॥ ੬ ॥ )

## ੨. ਦੁਤੀਯਾ ਅਵਤਾਰ ਬ੍ਰਹਮਾ ਕੱਸਪ ਕਥਨੰ ॥

ਇਹ ਪ੍ਰਸੰਗ ਤਿੰਨ ਪਉੜੀਆਂ ਵਿਚ ਹੀ ਕਥਨ ਕੀਤਾ ਹੈ। ਇਸ ਵਿਚ ਬੇਦ ਪਾਠ ਦੇ ਅਰਥ ਕਰ ਕੇ ਸੰਸਾਰਿਕ ਜੀਆਂ ਨੂੰ ਚੰਗੇ ਕਰਮ ਕਰਨ ਵਿਚ ਲਾਉਣਾ ਦੱਸਿਆ ਹੈ। ਚਾਰ ਇਸਤ੍ਰੀਆਂ ਇਸ ਨੇ ਵਿਆਹੀਆਂ, ਇਸਤ੍ਰੀ ਪੁਰਸ਼ਾਂ 'ਚ ਵਾਧਾ ਕੀਤਾ ਤੇ ਇਸ ਤੋਂ ਦੇਵਤੇ ਤੇ ਦੈਂਤ ਦੋਨੋਂ ਕਿਸਮ ਦੇ ਪੁੱਤ੍ਰ ਪੈਦਾ ਹੋਏ ਹਨ।

(ਇਤ ਸ੍ਰੀ ਬਚਿਤ੍ਰ ਨਾਟਕ ਗ੍ਰੰਥ, ਦੁਤੀਯ ਅਵਤਾਰੰ ਬ੍ਰਹਮਾ ਕੱਸਪ ਸਮਾਪਤੰ॥ )

## ੩. ਅਥ ਤ੍ਰਿਤੀਆ ਅਵਤਾਰ ਸ਼ੁਕ੍ਰ ਕਥਨੰ ॥

ਇਹਨਾਂ ਦੋ ਪਉੜੀਆਂ ਵਿਚ ਦੈਂਤਾਂ ਦੇ ਗੁਰੂ ਸ਼ੁਕ੍ਰਾਚਾਰੀਆ ਨੂੰ ਬ੍ਰਹਮਾ ਦਾ ਤੀਸਰਾ ਅਵਤਾਰ ਦੱਸਿਆ ਹੈ। ਇਹ ਬ੍ਰਹਮ-ਸ਼ਾਸਤ੍ਰ ਤੇ ਨੀਤੀ-ਸ਼ਾਸਤ੍ਰ ਦਾ ਕਰਤਾ ਗ੍ਰੰਥਾਂ ਵਿਚ ਦੱਸਿਆ ਗਿਆ ਹੈ। ਇਥੇ ਬਹੁਤ ਸੰਖੇਪ ਰੂਪ ਵਿਚ ਇਸ ਦਾ ਜ਼ਿਕਰ ਕੀਤਾ ਗਿਆ ਹੈ :

*ਤੀਸਰ ਅਵਤਾਰ ਭਇਓ ਸ਼ੁਕ੍ਰ ਰਾਇ ॥ ੨ ॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੬੧੪)

## ੪. ਅਥ ਚਤੁਰਥ ਅਵਤਾਰ ਬ੍ਰਿਹਸਪਤਿ

ਬ੍ਰਿਹਸਪਤਿ ਦੇਵਤਿਆਂ ਦਾ ਗੁਰੂ ਮੰਨਿਆ ਹੈ। ਦੋ ਪਉੜੀਆਂ ਵਿਚ ਇਸ ਬਾਰੇ ਕਥਨ ਕੀਤਾ ਹੈ ਅਤੇ ਦੇਵਤਿਆਂ ਦੇ ਰਾਜੇ ਇੰਦ੍ਰ ਦੀ ਜਿੱਤ ਤੇ ਦੈਂਤਾਂ ਦੇ ਗੁਰੂ ਸ਼ੁਕ੍ਰਾਚਾਰੀਆ ਦੀ ਹਾਰ ਹੋਣੀ ਦਰਸਾਈ ਹੈ।

*ਇਹ ਭਾਂਤ ਧਰਾ ਚਤਰਥ ਵਤਾਰ॥ ਜੀਤਾ ਸੁਰੇਸ਼ ਹਾਰੇ ਦਿਵਾਰ॥*

## ੫. ਅਥ ਪੰਚਮੋ ਅਵਤਾਰ ਬ੍ਰਹਮਾ ਬਿਆਸ

ਇਸ ਬ੍ਰਹਮਾ ਅਵਤਾਰ ਬਿਆਸ ਜੀ ਨੇ ਜੋ ਰਾਜਿਆਂ ਦੀ ਕਥਾ ਲਿਖੀ ਹੈ, ਉਹਨਾਂ ਰਾਜਿਆਂ ਦੀ ਕਥਾ ਇਥੇ ਕਥਨ ਕੀਤੀ ਹੈ, ਜਿਸ ਦਾ ਸੰਖੇਪ ਭਾਵ ਮੂਲ ਪਾਠ ਇਨ੍ਹਾਂ ਪੰਕਤੀਆਂ ਵਿਚੋਂ ਅੰਕਿਤ ਹੈ :

*ਕਹੋ ਜੈਸ ਕਾਬਜ ਕਹਿਯੋ ਬਿਯਾਸ॥ ਤਉਨੈ ਕਥਾਨ ਕਥੋ ਪ੍ਰਭਾਸ॥ ੭॥*

*ਜੇ ਭਏ ਭੂਪ ਭੂਅ ਮੋ ਮਹਾਨ॥ ਤਿਨ ਕੋ ਸੁਜਾਨ ਕੱਥਤ ਕਹਾਨ॥.... ॥ ੮॥*

ਇਸ ਪਹਿਲੇ ਪ੍ਰਕਰਣ ਵਿਚ ਮਨੁ ਰਾਜਾ ਦੀ ਕਥਾ ਕਹੀ ਹੈ ਅਤੇ ਜਿਸ ਤਰ੍ਹਾਂ ਇਸ ਨੇ ਬੜੇ-ਬੜੇ ਆਕੀ ਰਾਜਿਆਂ ਨੂੰ ਜਿੱਤਿਆ ਹੈ, ਇਹ ਭਾਵ ਪ੍ਰਗਟ ਕੀਤਾ ਹੈ :

*ਮਨੁ ਭਯੋ ਰਾਜ ਮਹਿ ਕੋ ਭੁਆਰ॥ ਖੜਗਨ ਸਪੰਨ ਮਹਿਮਾ ਅਪਾਰ॥ ੯॥*

ਯਥਾ :

*ਮੰਡੇ ਮਹੀਪ ਮਾਵਾਸ ਖੇਤ॥ ਗੱਜੇ ਮਸਾਣ ਨੱਚੇ ਪਰੇਤ॥ ੧੧॥*

*ਜਿਤੇ ਸੁਦੇਸ ਏਸੁਰ ਮਵਾਸ॥ ਕਿੰਨੇ ਖਰਾਬ ਖਾਨੇ ਖਵਾਸ॥ .. ॥ ੧੨॥*

ਇਸ ਮਨੁ ਰਾਜੇ ਦੀ ਕਥਾ ੨੨ ਪਉੜੀਆਂ ਵਿਚ ਕਥਨ ਕੀਤੀ ਹੈ। ਚੌਦਾਂ ਵਿੱਦਿਆ ਦਾ ਗਿਆਤਾ ਤੇ ਚਾਰ ਵੇਦ, ਛੇ ਸ਼ਾਸਤ੍ਰ, ੨੭ ਸਿੰਮ੍ਰਤੀਆਂ ਦੇ ਪੜ੍ਹਨ ਵਾਲਾ ਦੱਸਿਆ ਹੈ।

***ਪ੍ਰਿਥੁ ਰਾਜੇ ਦੀ ਕਥਾ*** ੬੭ ਪਉੜੀਆਂ ਵਿਚ ਕਥਨ ਕੀਤੀ ਹੈ :

*ਪੁਨ ਸ੍ਰੀ ਪ੍ਰਿਥਰਾਜ ਪ੍ਰਿਥੀਸ ਭਯੋ॥ ਜਿਨ ਖਿੱਪਨ ਦਾਨ ਦੁਰੰਤ ਦਯੋ॥ ੨੩॥*

ਪ੍ਰਿਥੁ ਰਾਜੇ ਦਾ ਸ਼ਕੁੰਤਲਾ ਨਾਲ ਵਿਆਹ ਅਤੇ ਇਸ ਸ਼ਕੁੰਤਲਾ ਦੇ ਸੱਤ ਪੁੱਤਰ ਹੋਏ ਜੋ ਬੜੇ ਸੂਰਬੀਰ ਬਹਾਦਰ ਸਨ। ਇਨ੍ਹਾਂ ਨੇ ਜੰਗ ਕਰ ਕੇ ਬੜੇ-ਬੜੇ ਅਰਬਾਂ ਖਰਬਾਂ ਹੰਕਾਰੀਆਂ ਨੂੰ ਮਾਰ-ਮਾਰ ਕੇ ਗਾਲ ਦਿੱਤਾ।

*ਗਾਰਿ ਗਾਰਿ ਅਖਰਬ ਗਰਬਿਨ ਮਾਰ ਮਾਰ ਨਰੇਸ਼॥.... ॥ ੪੯॥*

ਰਾਜੇ ਨੇ ਆਪਣਾ ਅੰਤ ਸਮਾਂ ਨੇੜੇ ਜਾਣ ਕੇ ਆਪਣੀ ਰਾਜ ਸੰਪੱਤੀ ਸਾਰੀ ਸੱਤੇ ਪੁੱਤਰਾਂ ਨੂੰ ਵੰਡ ਦਿੱਤੀ ਜੋ ਸੱਤਾਂ ਦੀਪਾਂ ਵਿਚ ਉਹਨਾਂ ਦਾ ਰਾਜ ਹੋਇਆ ਅਤੇ ਨੌਂ ਖੰਡ ਤੇ ਸੱਤ ਦੀਪ ਬਣੇ ਦੱਸੇ ਹਨ।

*ਸਪਤ ਦੀਪ ਸੁ ਸਪਤ ਪੁਤ੍ਰਨਿ ਬਾਂਟ ਦੀਨ ਤੁਰੰਤ॥*

*ਸਪਤ ਰਾਜ ਕਰੈ ਲਗੈ ਸੁਤ ਸਰਬ ਸੋਭਾਵੰਤ॥ ੫੧॥*

ਯਥਾ :

*ਖੰਡ ਖੰਡ ਅਖੰਡ ਉਰਬੀ ਬਾਟ ਲੀਨ ਕੁਮਾਰ॥*

*ਸਪਤ ਦੀਪ ਭਏ ਪ੍ਰਨਿਰ ਨਵ ਖੰਡ ਨਾਮ ਬਿਚਾਰ॥... ॥ ੫੩॥*

ਰਾਜੇ ਦੇ ਪੁੱਤਰਾਂ ਦੀ ਇਸ ਪ੍ਰਕਰਣ ਅੰਦਰ ਜੰਗ ਦੀ ਕਥਾ ਵੀ ਵਰਣਨ ਕੀਤੀ ਗਈ ਹੈ।

***ਸੁਜਾਤ ਰਾਜੇ ਦੀ ਕਥਾ*** ੧੩ ਪਉੜੀਆਂ ਅੰਦਰ ਕਥਨ ਕੀਤੀ ਗਈ ਹੈ। ਇਸ ਰਾਜੇ ਦੀ ਸੂਰਮਤਾਈ ਦਾ ਬਹੁਤ ਵਰਣਨ ਕੀਤਾ ਗਿਆ ਹੈ। ਪਉੜੀਆਂ ਦੀ ਗਿਣਤੀ ਬ੍ਰਹਮਾ ਜੀ ਦੇ ਤੀਸਰੇ ਅਵਤਾਰ ਸ਼ੁਕ੍ਰ ਜੀ ਦੀ ਕਥਾ ਤੋਂ ਤਰਤੀਬਵਾਰ ਚੱਲੀ ਆ ਰਹੀ ਹੈ। ਇਥੋਂ ਤੱਕ ਸਾਰੀਆਂ ਪਉੜੀਆਂ ੧੦੨ ਹਨ।

***ਬੇਨ ਰਾਜੇ ਦਾ ਪ੍ਰਸੰਗ*** ਪੰਜ ਪਉੜੀਆਂ ਵਿਚ ਹੀ ਸੰਪੂਰਨ ਕੀਤਾ ਗਿਆ ਹੈ।

*ਜੀਅ ਭਾਂਤ ਭਾਂਤ ਬਸੇ ਸੁਖੀ॥ ਤਰ ਦ੍ਰਿਸ਼ਟ ਆਵਤ ਨਾ ਦੁਖੀ॥.... ॥ ੧੦੪॥*

*ਯਥਾ : ਇਹ ਭਾਂਤ ਰਾਜ ਕਮਾਇ ਕੈ॥ ਸੁਖ ਦੇਸ ਸਰਬ ਬਸਾਇ ਕੈ॥*

***ਮਾਨਧਾਤਾ ਰਾਜੇ ਦਾ ਪ੍ਰਸੰਗ*** ੧੨ ਪਉੜੀਆਂ ਵਿਚ ਕਥਨ ਕੀਤਾ ਹੈ :

*ਬੇਨ ਗਏ ਜਗ ਤੇ ਨ੍ਰਿਪਤਾ ਕਰਿ॥ ਮਾਨਧਾਤ ਭਏ ਬਸੁਧਾ ਧਰਿ॥... ॥ ੧੦੯॥*

ਮਾਨਧਾਤਾ ਰਾਜੇ ਦਾ ਲਵਣਾ ਸੁਰ ਦੈਂਤ ਨਾਲ ਜੰਗ ਯੁੱਧ ਕਰਨਾ ਕਥਨ ਕੀਤਾ ਗਿਆ ਹੈ ਅਤੇ ਮਾਨਧਾਤਾ ਰਾਜੇ ਦਾ ਜੰਗ ਵਿਚ ਅੰਤ ਹੋਇਆ ਦੱਸਿਆ ਗਿਆ ਹੈ।

***ਰਾਜਾ ਦਲੀਪ ਦੀ ਕਥਾ*** ੧੪ ਪਉੜੀਆਂ ਵਿਚ ਕਥਨ ਕੀਤੀ ਗਈ ਹੈ। ਜਿਸ ਤਰ੍ਹਾਂ ਦਿੱਲੀ ਸ਼ਹਿਰ ਵਿਚ ਇਸ ਨੇ ਰਾਜ ਕੀਤਾ ਹੈ, ਇਹ ਪ੍ਰਸੰਗ ਇਥੇ ਦਰਸਾਇਆ ਗਿਆ ਹੈ।

*ਤਬ ਆਨ ਦਿਲੀਪ ਦਿਲੀਸ ਭਏ॥ ਬਹੁ ਭਾਂਤਨ ਦਾਨਵ ਦੀਹ ਦਲੇ॥.... ॥ ੧੨੦॥*

*ਯਥਾ : ਆ ਸਮੁੰਦ੍ਰ ਲੌ ਫਿਰੀ ਦੁਹਾਈ॥ ਇਹ ਬਿਧ ਕਰੀ ਦਿਲੀਪ ਰਜਾਈ॥ ੧੩੪॥*

***ਰਘੁ ਰਾਜੇ ਦੀ ਕਥਾ*** ੪੩ ਪਉੜੀਆਂ ਵਿਚ ਕਥਨ ਕੀਤੀ ਗਈ ਹੈ। ਇਸ ਨੂੰ ਬਹੁਤ ਧਰਮਾਤਮਾ ਦਰਸਾਇਆ ਗਿਆ ਹੈ। ਇਸ ਦੇ ਰਾਜ ਵਿਚ ਧਰਮ ਦੀ ਧੁਜਾ ਲਹਿਰਾ ਰਹੀ ਸੀ। ਚੋਰ, ਯਾਰ ਖ਼ਤਮ ਹੋ ਗਏ ਸਨ :

*ਜਹ ਤਹ ਧਰਮ ਧੁਜਾ ਫਹਰਾਈ॥ ਚੋਰ ਯਾਰ ਨਹ ਦੇਤ ਦਿਖਾਈ॥.... ॥ ੧੭੦॥*

***ਅਜ ਰਾਜੇ ਦੀ ਕਥਾ*** ੧੦੮ ਪਉੜੀਆਂ ਵਿਚ ਕਥਨ ਕੀਤੀ ਹੈ :

*ਪੁਨਿ ਭਏ ਰਾਜ ਅਜਰਾਜ ਬੀਰ॥ ਜਿਨ ਭਾਂਤਿ ਭਾਂਤਿ ਜਿੱਤੇ ਪ੍ਰਬੀਰ॥*

*ਕਿੱਨੇ ਖਰਾਬ ਖਾਨੇ ਖਵਾਸ॥ ਜਿੱਤੇ ਮਹੀਪ ਤੋਰੇ ਮਵਾਸ॥ ੧॥*

ਅਖ਼ੀਰ ਵਿਚ ਬ੍ਰਹਮਾ ਦੇ ਅਵਤਾਰ ਬਿਆਸ ਜੀ ਦੀ ਕਥਾ ਇਥੇ ਸੰਪੂਰਨ ਕੀਤੀ ਹੈ :

*ਇਹ ਬਿਆਸ ਬ੍ਰਹਮ ਵਤਾਰ॥ ਭਏ ਪੰਚਮੋ ਮੁਖ ਚਾਰ॥ ੧੦੮॥*

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ, ਪੰਚਮ ਅਵਤਾਰ ਬ੍ਰਹਮਾ ਬਿਆਸ, ਰਾਜਾ ਅਜ ਕੋ ਰਾਜ ਸਮਾਪਤੰ॥ ੫॥

## ੬. ਬਿਆਸ ਤੋਂ ਅੱਗੇ ਛੇ ਰਿਖੀ ਬ੍ਰਹਮਾ ਦਾ ਛੇਵਾਂ ਅਵਤਾਰ ਦੱਸੇ ਹਨ

ਇਨ੍ਹਾਂ ਨੇ ਛੇ ਸ਼ਾਸਤ੍ਰ ਰਚੇ ਹਨ :

*ਨਹੀ ਲੀਨ ਪ੍ਰਾਨ ਨਿਕਾਰ॥ ਭਏ ਖਸ਼ਟ ਰਿਖੈ ਅਪਾਰ॥*
*ਤਿਨ ਸ਼ਾਸਤ੍ਰੱਗ ਬਿਚਾਰ॥ ਖਟ ਸ਼ਾਸਤ੍ਰ ਨਾਮ ਸੁ ਡਾਰ॥ ੩॥*
*ਖਟ ਸ਼ਾਸਤ੍ਰ ਕੀਨ ਪ੍ਰਕਾਸ਼॥ ਮੁਖ ਚਾਰ ਬਿਆਸ ਸੁਭਾਸ॥*
*ਧਰਿ ਖਸ਼ਟਮੋ ਅਵਤਾਰ॥ ਖਟ ਸ਼ਾਸਤ੍ਰ ਕੀਨ ਸੁਧਾਰ॥ ੪॥*

ਇਹ ਕਥਾ ਚਾਰ ਪਉੜੀਆਂ ਵਿਚ ਹੀ ਸੰਪੂਰਨ ਕੀਤੀ ਹੈ।

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ, ਖਸ਼ਟਮੋ ਅਵਤਾਰ ਬ੍ਰਹਮਾ, ਖਸ਼ਟ ਰਿਖ ਸਮਾਪਤੰ॥ ੬॥

## ੭. ਬ੍ਰਹਮਾ ਦੇ ਸੱਤਵੇਂ ਅਵਤਾਰ ਕਾਲੀ ਦਾਸ ਜੀ

ਇਸ ਦੀ ਕਥਾ ਵੀ ਚਾਰ ਪਉੜੀਆਂ ਵਿਚ ਕਥਨ ਕੀਤੀ ਹੈ। ਰਘੁ ਰਾਜੇ ਦੀ ਮੂਲ ਕਥਾ ਕਾਲੀ ਦਾਸ ਨੇ ਲਿਖੀ ਦੱਸੀ ਹੈ।

*ਰਘੁ ਕਾਬਿ ਕੀਨ ਸੁਧਾਰ॥ ਕਰਿ ਕਾਲ ਦਾਸ ਵਤਾਰ॥ .... ॥ ੩॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੬੩੫)

ਇਤਿ ਸ੍ਰੀ ਬਚਿੱਤ੍ਰ ਨਾਟਕ ਗ੍ਰੰਥੇ, ਬ੍ਰਹਮਾ ਅਵਤਾਰ ਸਪਤਮੋ, ਕਾਲੀ ਦਾਸ, ਸਮਾਪਤੰ॥ ੭॥

❑

ੴ ਸਤਿਗੁਰ ਪ੍ਰਸਾਦਿ॥

# ਅਥ ਰੁਦ੍ਰ ਅਵਤਾਰ ਕਥਨੰ॥

ਰੁਦ੍ਰ ਦੇ ਅਵਤਾਰ ਧਾਰਨ ਕਰਨ ਦਾ ਕਾਰਨ ਬ੍ਰਹਮਾ ਦੇ ਕਾਰਨ ਨਾਲ ਮੇਲ ਖਾਂਦਾ ਹੈ। ਅਧਿਕ ਯੋਗ ਸਾਧਨਾ ਕਰਨ ਕਰਕੇ ਰੁਦ੍ਰ ਨੂੰ ਹੰਕਾਰ ਹੋ ਗਿਆ। ਉਹ ਆਪਣੇ ਆਪ ਨੂੰ ਸਰਬ ਸ੍ਰੇਸ਼ਠ ਮੰਨਣ ਲੱਗ ਗਿਆ। ਉਸ ਦੇ ਹੰਕਾਰ ਕਾਰਨ 'ਕਾਲ ਪੁਰਖ' ਨਾਰਾਜ਼ ਹੋ ਗਿਆ। ਉਸ ਨੇ ਦੱਸਿਆ ਕਿ ਜੋ ਲੋਕ ਹੰਕਾਰ ਕਰਦੇ ਹਨ, ਉਨ੍ਹਾਂ ਦੀ ਸਥਿਤੀ ਖੂਹ ਵਿਚ ਡਿੱਗਣ ਵਰਗੀ ਹੁੰਦੀ ਹੈ। ਇਸ ਲਈ ਰੁਦ੍ਰ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ। 'ਕਾਲ ਪੁਰਖ' ਨੇ ਅੱਗੇ ਦੱਸਿਆ ਕਿ ਬ੍ਰਹਮਾ ਨੇ ਗਰਬ ਕੀਤਾ ਤਾਂ ਉਸ ਨੂੰ ਸੱਤ ਅਵਤਾਰ ਧਾਰਨ ਕਰਨੇ ਪਏ ਤਦ ਜਾ ਕੇ ਗੱਲ ਬਣੀ। ਰੁਦ੍ਰ ਨੇ 'ਕਾਲ ਪੁਰਖ' ਦੀ ਆਗਿਆ ਮੰਨ ਲਈ ਅਤੇ ਅਵਤਾਰ ਧਾਰਨ ਕੀਤੇ।

ਛੇ ਛੰਦਾਂ ਦੀ ਪ੍ਰਸਤਾਵਨਾ ਤੋਂ ਬਾਅਦ ਦੱਤਾਤ੍ਰੇਯ ਦਾ ਅਵਤਾਰ ਪ੍ਰਸੰਗ ਸ਼ੁਰੂ ਹੁੰਦਾ ਹੈ ਅਤੇ ਛੰਦਕ ੪੯੮ ਉੱਤੇ ਖ਼ਤਮ ਹੁੰਦਾ ਹੈ। ਉਥੇ ਇਸ ਪ੍ਰਸੰਗ ਦੀ ਸਮਾਪਤੀ ਅਤੇ 'ਬਚਿੱਤ੍ਰ ਨਾਟਕ' ਨਾਲ ਇਸ ਦੇ ਸਬੰਧਿਤ ਹੋਣ ਦੀ ਸੂਚਕ ਪੁਸ਼ਪਿਕਾ ਮਿਲਦੀ ਹੈ। ਇਸ ਪ੍ਰਸੰਗ ਵਿਚ ਛੇਵੇਂ ਛੰਦ ਤੋਂ ਅੱਗੇ ਲਿਖਿਆ ਹੈ ਕਿ ਅਤ੍ਰਿ ਮੁਨੀ ਨੇ ਰੁਦ੍ਰ ਦੀ ਆਰਾਧਨਾ ਕੀਤੀ। ਰੁਦ੍ਰ ਨੇ ਪ੍ਰਸੰਨ ਹੋ ਕੇ ਵਰ ਮੰਗਣ ਲਈ ਕਿਹਾ। ਮੁਨੀ ਨੇ ਰੁਦ੍ਰ ਵਰਗੇ ਪੁੱਤਰ ਦੀ ਕਾਮਨਾ ਕੀਤੀ। ਰੁਦ੍ਰ ਨੇ ਵਰ ਪ੍ਰਦਾਨ ਕੀਤਾ। ਅਤ੍ਰਿ ਮੁਨੀ ਨੇ ਘਰ ਆ ਕੇ ਅਨੁਸੂਯਾ ਨਾਂ ਦੀ ਗੁਣਵੰਤੀ ਇਸਤਰੀ ਨਾਲ ਵਿਆਹ ਕੀਤਾ, ਜਿਸ ਤੋਂ ਦੱਤਾਤ੍ਰੇਯ ਨਾਂ ਦਾ ਪੁੱਤਰ ਜੰਮਿਆ। ਇਹ ਅਵਧੂਤ ਦੱਤਾਤ੍ਰੇਯ ਵੇਦ-ਪਾਠੀ ਅਤੇ ਸ਼ਾਸਤ੍ਰਾਂ ਦਾ ਗਿਆਤਾ ਸੀ। ਇਹ ਸੰਨਿਆਸ ਅਤੇ ਯੋਗ ਮੱਤ ਦੇ ਮੋਢੀ ਅਤੇ ਅਜਿਤ ਰੁਦ੍ਰ ਦੇ ਅਵਤਾਰ ਵਜੋਂ ਪ੍ਰਸਿੱਧ ਹੋਇਆ। 'ਕਾਲ ਦੇਵ' ਦੀ ਆਗਿਆ ਨਾਲ ਇਹ ਗੁਰੂ ਦੀ ਭਾਲ ਵਿਚ ਨਿਕਲਿਆ ਅਤੇ ਇਕ ਕਰੋੜ ਵਰ੍ਹਾ ਘੋਰ ਤਪੱਸਿਆ ਕਰਨ ਦੇ ਫਲਸਰੂਪ ਇਸ ਨੇ ੨੪ ਗੁਰੂ ਧਾਰਨ ਕੀਤੇ। ਇਸ ਤੋਂ ਬਾਅਦ ਦੱਤਾਤ੍ਰੇਯ ਪਰਮ ਪੁਰਖ ਦੀ ਪ੍ਰੇਰਣਾ ਨਾਲ ਸੁਮੇਰ ਪਰਬਤ ਉੱਤੇ ਚੱਲਿਆ ਗਿਆ। ਉਥੇ ਉਸ ਨੇ ਬਹੁਤ ਸਮੇਂ ਤੱਕ ਤੱਪ ਕੀਤਾ ਅਤੇ ਉਥੇ ਹੀ ਪ੍ਰਾਣਾਂ ਦਾ ਤਿਆਗ ਕੀਤਾ।

ਦੱਤਾਤ੍ਰੇਯ ਨੇ ਜਿਨ੍ਹਾਂ-ਜਿਨ੍ਹਾਂ ਨੂੰ ਗੁਰੂ ਧਾਰਨ ਕੀਤਾ, ਉਸ ਦਾ ਮੁੱਖ ਉਦੇਸ਼ ਉਨ੍ਹਾਂ

ਵਸਤੂਆਂ/ਵਿਅਕਤੀਆਂ ਦੀ ਆਪਣੇ ਕੰਮ ਵਿਚ ਮਗਨਤਾ ਹੈ। ਇਸ ਵਿਚ ਕੁਲ ੪੯੮ ਛੰਦ ਲਿਖੇ ਗਏ ਹਨ, ਜਿਨ੍ਹਾਂ ਵਿਚ ਵੀਹ ਕਿਸਮਾਂ ਨੂੰ ਵਰਤਿਆ ਗਿਆ ਹੈ। ਇਸ ਦੇ ਸ਼ੁਰੂ ਵਿਚ, ਅਕਾਲ ਪੁਰਖ ਨੂੰ ਗੁਰੂ ਧਾਰਨ ਕਰਨ ਤੱਕ, ਦੱਤਾਤ੍ਰੇਯ ਦੇ ਮੁੱਢਲੇ ਜੀਵਨ ਉੱਤੇ ਵਿਸਥਾਰ ਸਹਿਤ ਪ੍ਰਕਾਸ਼ ਪਾਇਆ ਗਿਆ ਹੈ। ਇਸ ਰਚਨਾ ਦੀ ਭਾਸ਼ਾ ਬ੍ਰਿਜ ਹੈ ਅਤੇ ਫ਼ਾਰਸੀ, ਪੰਜਾਬੀ, ਅਵਧੀ ਆਦਿ ਭਾਸ਼ਾਵਾਂ ਦਾ ਪ੍ਰਭਾਵ ਵੀ ਵੇਖਿਆ ਜਾ ਸਕਦਾ ਹੈ।

ਇਸ ਰੁਦ੍ਰ ਅਵਤਾਰ ਕਥਾ ਦੇ ਆਦਿ ਵਿਚ ਹੀ ਦੱਸਿਆ ਗਿਆ ਹੈ ਕਿ ਸ਼ਿਵਜੀ ਨੂੰ ਜਿਸ ਸਮੇਂ ਹੰਕਾਰ ਹੋ ਗਿਆ ਕਿ ਮੇਰੇ ਸਦ੍ਰਿਸ਼ ਹੋਰ ਕੋਈ ਨਹੀਂ ਹੈ ਸੰਸਾਰ ਅੰਦਰ ਤਾਂ ਉਸ ਹੰਕਾਰ ਨਾਸ਼ ਕਰਤਾ ਅਕਾਲ ਪੁਰਖ ਨੇ ਹੁਕਮ ਕੀਤਾ ਕਿ ਜੋ ਵੀ ਹੰਕਾਰ ਕਰਦਾ ਹੈ, ਉਹ ਜਾਣ ਬੁਝ ਕੇ ਖੂਹ ਵਿਚ ਡਿੱਗਦਾ ਹੈ।

*ਜੇ ਗਰਬ ਲੋਕ ਕਰੰਤ॥ ਤੇ ਜਾਨ ਕੂਪ ਪਰੰਤ॥*

*ਮੁਰ ਨਾਮ ਗਰਬ ਪ੍ਰਹਾਰ॥ ਸੁਨ ਲੇਹੁ ਰੁਦ੍ਰ ਬਿਚਾਰ॥ ੩॥*

ਬ੍ਰਹਮਾ ਨੂੰ ਹੰਕਾਰ ਹੋਇਆ ਤਾਂ ਉਸ ਨੂੰ ਸੱਤ ਜਨਮ ਧਾਰਨੇ ਪਏ ਹਨ। ਇਸੇ ਤਰ੍ਹਾਂ ਹੇ ਸ਼ਿਵਜੀ ! ਹੁਣ ਤੂੰ ਵੀ ਸੰਸਾਰ ਵਿਚ ਜਨਮ ਧਾਰਨ ਕਰ।

*ਤਿਮ ਜਨਮੁ ਧਰੁ ਤੈ ਜਾਇ॥ ਚਿਤ ਦੇ ਸੁਨੋ ਮੁਨ ਰਾਇ॥*

*ਨਹੀ ਐਸ ਹੋਇ ਉਧਾਰ॥ ਸੁਨ ਲੇਹੁ ਰੁਦ੍ਰ ਬਿਚਾਰ॥ ੫॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੬੩੫)

ਸ਼ਿਵਜੀ ਨੂੰ ਹੰਕਾਰ ਕਰਨ ਦਾ ਇਹ ਫਲ ਮਿਲਿਆ ਕਿ ਅਤ੍ਰੇ ਰਿਖੀ ਦੇ ਘਰ ਮਨਸੂਯਾ ਦਾ ਪੁੱਤਰ ਦੱਤਾਤ੍ਰੇਯ ਹੋ ਕੇ ਜਨਮ ਲੈਣਾ ਪਿਆ। ਇਹ ਦੱਤਾਤ੍ਰੇਯ ਪਹਿਲਾ ਰੁਦ੍ਰ ਅਵਤਾਰ ਹੋਇਆ ਹੈ।

*ਸ਼ਿਵ ਸਿਮਰ ਪੂਰਬਲ ਸ੍ਰਾਪ॥ ਬਪੁ ਦੱਤ ਕੇ ਧਰਿ ਆਪ॥*

*ਉਪਜਿਓਨਿ ਸੂਆ ਧਾਮ॥ ਅਵਤਾਰ ਪ੍ਰਿਥਮ ਸੁ ਤਾਮ॥ ੩੬॥*

ਇਸ ਦੱਤਾਤ੍ਰੇਯ ਤੋਂ ਸੰਨਿਆਸ ਤੇ ਜੋਗ ਮੱਤ ਨੇ ਜਨਮ ਲਿਆ ਹੈ ਭਾਵ ਸੰਨਿਆਸੀਆਂ ਦੇ ਪਹਿਲੇ ਗੁਰੂ ਦੱਤਾਤ੍ਰੇਯ ਜੀ ਹਨ।

*ਸੰਨਿਆਸ ਜੋਗ ਕਿਨੋ ਪ੍ਰਕਾਸ॥ ਪਾਵਨ ਪਵਿਤ੍ਰ ਸਰਬਤ੍ਰ ਦਾਸ॥... ॥ ੩੮॥*

*ਯਥਾ : ਸੰਨਯਾਸ ਰਾਜ ਭਏ ਦੱਤ ਦੇਵ॥ ਰੁਦ੍ਰਾਵਤਾਰ ਸੁੰਦਰ ਅਜੇਵ॥... ॥ ੪॥*

੧. ਦੱਤਾਤ੍ਰੇਯ ਨੇ ਪਹਿਲਾ ਗੁਰੂ ਅਕਾਲ ਪੁਰਖ ਨੂੰ ਧਾਰਨ ਕੀਤਾ :

*ਪ੍ਰਿਥਮ ਅਕਾਲ ਗੁਰੂ ਕੀਆ ਜਿਹ ਕੋ ਕਬੈ ਨਹੀ ਨਾਸ॥*

*ਜਤ੍ਰ ਤਤ੍ਰ ਦਿਸਾ ਵਿਸਾ ਜਿਹ ਠਉਰ ਸਰਬ ਨਿਵਾਸ॥.. ॥ ੧੧੬॥*

੨. ਗੁਰੂ ਦੱਤਾਤ੍ਰੇਯ ਨੇ ਮਨੁ ਨੂੰ ਗੁਰੂ ਧਾਰਨ ਕੀਤਾ, ਜਿਸ ਦਾ ਜ਼ਿਕਰ ਇਕ ਪਉੜੀ ਵਿਚ ਕੀਤਾ ਗਿਆ ਹੈ :

*ਦੂਸਰੇ ਗੁਰ ਕਉ ਕਰਾ ਮਨ ਈ ਮਨੈ ਮੁਨਿ ਮਾਨ॥.... ॥ ੧੧੭॥*

੩. ਇਕ ਮੱਕੜੀ ਨੂੰ ਗੁਰੂ ਧਾਰ ਕੇ ਦੱਤਾਤ੍ਰੇਯ ਜੀ ਨੇ ਪ੍ਰੇਰਣਾ ਲਈ ਹੈ ਭਾਵ ਜਿਸ ਤਰ੍ਹਾਂ ਮੱਕੜੀ ਸੂਤ ਦੀ ਤਾਰ ਨੂੰ ਵਧਾਉਂਦੀ ਹੈ, ਇਸੇ ਤਰ੍ਹਾਂ ਜੇ ਮਨੁੱਖ ਪ੍ਰਮਾਤਮਾ ਨਾਲ ਪ੍ਰੇਮ ਦੇ ਸੂਤ ਦੀ ਤਾਰ ਵਧਾ ਲਵੇ ਤਾਂ ਉਹ ਸ਼ੁੱਧ ਸਰੂਪ ਪ੍ਰਮਾਤਮਾ ਨੂੰ ਪਾ ਸਕਦਾ ਹੈ।

*ਪ੍ਰੇਮ ਸੂਤ ਕੀ ਡੋਰ ਬਢਾਵੈ॥ ਤਬ ਹੀ ਨਾਥ ਨਿਰੰਜਨ ਪਾਵੈ॥ ੧੨੭॥*

*ਆਪਨ ਆਪੁ ਆਪ ਮੋ ਦਰਸੈ॥ ਅੰਤਰਿ ਗੁਰੂ ਆਤਮਾ ਪਰਸੈ॥*

*ਏਕ ਛਾਡਿ ਕੈ ਅਨਤ ਨ ਧਾਵੈ॥ ਤਬਹੀ ਪਰਮ ਤਤੁ ਕੌ ਪਾਵੈ॥ ੧੨੮॥*

੪. ਪ੍ਰੇਰਣਾ ਦੱਤਾਤ੍ਰੇਯ ਨੇ ਬਗਲੇ ਤੋਂ ਲਈ ਹੈ, ਭਾਵ ਦੱਤਾਤ੍ਰੇਯ ਦੇ ਚੌਥੇ ਗੁਰੂ ਦਾ ਪ੍ਰਸੰਗ ਹੈ। ਪ੍ਰੇਰਣਾ ਇਸ ਤਰ੍ਹਾਂ ਲਈ ਕਿ ਜਿਸ ਤਰ੍ਹਾਂ ਬਗਲਾ ਮੱਛੀਆਂ ਫੜਨ ਲਈ ਧਿਆਨ ਲਗਾਉਂਦਾ ਹੈ, ਜੇਕਰ ਮਨੁੱਖ ਇਸ ਤਰ੍ਹਾਂ ਸੱਚਾ ਧਿਆਨ ਪ੍ਰਮਾਤਮਾ ਦਾ ਧਰ ਲਵੇ ਤਾਂ ਉਹ ਸ਼ੁੱਧ ਸਰੂਪ ਪ੍ਰਮਾਤਮਾ ਨੂੰ ਪਾ ਸਕਦਾ ਹੈ।

*ਐਸੋ ਧਿਆਨ ਨਾਥ ਹਿਤ ਲੱਈਐ॥ ਤਬਹੀ ਪਰਮ ਪੁਰਖ ਕਹੁ ਪੱਈਐ॥.. ॥ ੧੮੪॥*

੫. ਪ੍ਰੇਰਣਾ ਇਕ ਬਿੱਲੇ ਤੋਂ ਦੱਤਾਤ੍ਰੇਯ ਜੀ ਨੇ ਲਈ ਹੈ, ਪਰ ਬਿੱਲਾ ਤਾਂ ਚੂਹੇ ਨੂੰ ਫੜਨ ਵਾਸਤੇ ਅੱਖਾਂ ਮੀਟਦਾ ਹੈ। ਜੇਕਰ ਮਨੁੱਖ ਸੱਚਾ ਧਿਆਨ ਪ੍ਰਮੇਸ਼ਰ ਦਾ ਧਰ ਲਵੇ ਤਾਂ ਨਿਸਚੇ ਕਰ ਕੇ ਉਸ ਮਾਲਕ ਨੂੰ ਪਾ ਸਕਦਾ ਹੈ।

*ਐਸੀ ਭਾਂਤ ਧਿਆਨ ਜੋ ਲਾਵੈ॥ ਸੋ ਨਿਹਚੈ ਸਾਹਿਬ ਕੌ ਪਾਵੈ॥ ੧੮੭॥*

੬. ਪ੍ਰੇਰਣਾ ਇਕ ਰੂਈ ਪਿੰਜਣ ਵਾਲੇ ਪੇਂਜੇ ਤੋਂ ਲਈ ਹੈ। ਬਾਦਸ਼ਾਹ ਦੀ ਫ਼ੌਜ ਕੋਲ ਦੀ ਲੰਘੀ, ਪਰ ਪੇਂਜੇ ਨੇ ਰੰਚਕ ਮਾਤ੍ਰ ਵੀ ਉਸ ਤਰਫ ਨਹੀਂ ਵੇਖਿਆ, ਆਪਣੇ ਕੰਮ ਦੇ ਧਿਆਨ 'ਚ ਮਸਤ ਰਿਹਾ :

*ਤੈਸੀਏ ਪ੍ਰਭ ਸੋ ਪ੍ਰੀਤ ਲੱਗਈਐ॥ ਤਬ ਹੀ ਪੁਰਖ ਪੁਰਾਤਨ ਪੱਈਐ॥ ੧੯੧॥*

੭. ਪ੍ਰੇਰਣਾ ਇਕ ਮਛੇਰੇ ਤੋਂ ਲਈ ਹੈ ਜੋ ਮੱਛੀਆਂ ਫੜਨ ਵਾਲਾ ਸੀ।

*ਇਹ ਬਿਧ ਨੇਹ ਨਾਥ ਸੌ ਲਈਐ॥ ਤਬ ਹੀ ਪੂਰਨ ਪੁਰਖ ਕਹ ਪਈਐ॥ ੧੯੪॥*

੮. ਇਕ ਦਾਸੀ ਤੋਂ ਪ੍ਰੇਰਣਾ ਲਈ ਹੈ ਜੋ ਚੰਦਨ ਘਸਾ ਰਹੀ ਸੀ, ਰਾਜੇ ਦੇ ਤਿਲਕ ਲਗਾਉਣ ਵਾਸਤੇ।

*ਜਾਕੀ ਪ੍ਰੀਤ ਨਾਥ ਸੰਗ ਲਾਗੀ॥ ੧੯੮॥*

*ਐਸ ਪ੍ਰੀਤ ਹਰਿ ਹੇਤ ਲਗੱਇਯੈ॥ ਤਬ ਹੀ ਨਾਥ ਨਿਰੰਜਨ ਪੱਇਯੈ॥ ੧੯੯॥*

੯. ਪ੍ਰੇਰਣਾ ਇਕ ਵਣਜਾਰੇ ਤੋਂ ਲਈ ਹੈ :

*ਆਵਤ ਲਖਾ ਏਕ ਬਨਜਾਰਾ॥ ੨੦੦॥*

*ਐਸ ਭਾਂਤਿ ਜੌ ਸਾਹਿਬ ਧਿਆਈਐ॥ ਤਬ ਹੀ ਪੁਰਖ ਪੁਰਾਤਨ ਪਾਈਐ॥ ੨੦॥*

੧੦. ਪ੍ਰੇਰਣਾ ਇਕ ਮਾਲਨ ਤੋਂ ਲਈ ਹੈ :

*ਕਾਛਨ ਏਕ ਤਹਾ ਮਿਲ ਗਈ॥ ਸੋ ਆਚੁਕ ਪੁਕਾਰਤ ਭਈ॥.. ॥ ੨੦੯॥*

ਇਸ ਤੋਂ ਇਹ ਪ੍ਰੇਰਣਾ ਲਈ ਹੈ :

*ਜੋ ਸੋਵੈ ਸੋ ਮੂਲੁ ਗਵਾਵੈ॥ ਜੋ ਜਾਗੈ ਹਰਿ ਹ੍ਰਿਦੈ ਬਸਾਵੈ॥ ੨੧੦॥*

੧੧. ਇਕ ਸੁਰੱਥ ਰਾਜੇ ਦਾ ਪ੍ਰਸੰਗ ਹੈ, ਉਸ ਪਾਸੋਂ ਪ੍ਰੇਰਣਾ ਲੈਣ ਦਾ ਜ਼ਿਕਰ ਹੈ :

*ਤਹ ਸੁਰਥ ਰਾਜ॥ ਸੰਪਤ ਸਮਾਜ॥.... ॥ ੨੧੯॥*

*ਯਥਾ : ਤਿਹ ਨਿਰਖ ਦੱਤ॥ ਅਤਿ ਬਿਮਲ ਮੱਤਿ॥ ੨੨੪॥*

੧੨. ਇਕ ਲੜਕੀ ਤੋਂ ਪ੍ਰੇਰਣਾ ਲੈਣ ਦਾ ਪ੍ਰਸੰਗ ਹੈ :

*ਲਖੀ ਏਕ ਕੰਨਿਆ॥ ਤਿਹੂੰ ਲੋਗ ਧੰਨਿਆ॥ ੨੬੦॥*

੧੩. ਇਕ ਪਹਿਰੇਦਾਰ ਦਾ ਪ੍ਰਸੰਗ ਹੈ, ਜਿਸ ਨੂੰ ਸਾਰੀ ਰਾਤ ਮੀਂਹ ਪੈਂਦੇ ਵਿਚ ਪਹਿਰੇ 'ਤੇ ਖੜੇ ਤੱਕਿਆ ਹੈ :

*ਅਦਭੁਤ ਉੱਤਮ ਗਾਤ॥ ਹਰਿ ਨਾਮ ਲੇਤ ਪ੍ਰਭਾਤ॥ ੨੭੦॥*

ਯਥਾ :

*ਇਕ ਚਿੱਤ ਠਾਢਹੁ ਐਸ॥ ਸੋਵਰਨ ਮੂਰਤ ਜੈਸ॥*

*ਦ੍ਰਿੜ ਦੇਖ ਤਾ ਕੀ ਮੱਤਿ॥ ਅਤਿ ਮਨਹਿ ਰੀਝੇ ਦੱਤ॥ ੨੭੪॥*

*ਤਥਾ : ਚਿਤ ਤਾਸ ਕੇ ਰਸ ਭੀਨ॥ ਗੁਰ ਤ੍ਰਉਦਸਮੋ ਤਿਹ ਕੀਨ॥ ੨੯੬॥*

੧੪. ਇਕ ਪਤਿਬ੍ਰਤਾ ਇਸਤ੍ਰੀ ਦਾ ਪ੍ਰਸੰਗ ਹੈ :

*ਪ੍ਰਿਯ ਭਕਤਾ ਬਕਤਾ ਹਰਿ ਨਾਮੰ॥... ॥ ੩੩੬॥*

*ਯਥਾ : ਤਨ ਮਨ ਭਰਤਾ ਕਰ ਰਸ ਭੀਨਾ॥*

*ਚਵ ਦਸਵੋਂ ਤਾਂਕੋ ਗੁਰ ਕੀਨਾ॥ ੩੪੨॥*

੧੫. ਇਕ ਤੀਰ ਬਣਾਉਣ ਵਾਲੇ ਕਾਰੀਗਰ ਦੀ ਕਥਾ ਹੈ :

*ਅਵਿਲੋਕ ਸਰੰ ਕਰਿ ਧਿਆਨ ਜਤੰ॥ ਰਹਿ ਰੀਝ ਜਟੀ ਹਠਵੰਤ ਬ੍ਰਤੰ॥*

*ਗੁਰ ਮਾਨਸ ਪੰਚਦਸ੍ਵੋਂ ਪ੍ਰਬਲੰ॥ ਹਠ ਛਾਡਿ ਸਬੈ ਤਿਨ ਪਾਨ ਪਰੰ॥ ੩੫੭॥*

*ਇਮ ਨਾਹ ਸੌ ਜੋ ਕਰ ਨੇਹ ਕਰੈ॥ ਭਵ ਧਾਰ ਅਪਾਰਹਿ ਪਾਰ ਪਰੈ॥... ॥ ੩੫੮॥*

੧੬. ਇਕ ਇੱਲ ਤੋਂ ਤਿਆਗ ਕਰਨ ਦੀ ਪ੍ਰੇਰਣਾ ਲਈ ਹੈ :

*ਕੋਊ ਐਸ ਤਜੈ ਜਬ ਸਰਬ ਧਨੰ॥ ਕਰਿ ਕੈ ਬਿਨ ਆਸ ਉਦਾਸ ਮਨੰ॥*

*ਤਬ ਪਾਚਉ ਇੰਦ੍ਰੀ ਤਿਆਗ ਰਹੈ॥ ਇਨ ਚੀਲਨ ਜਿਉ ਸੁਤ ਐਸ ਕਹੈ॥ ੩੬॥*

੧੭. ਇਕ ਦੁਧੀਰੀਆ ਪੰਛੀ ਦਾ ਪ੍ਰਸੰਗ ੫ ਪਉੜੀਆਂ ਵਿਚ ਕਥਨ ਕੀਤਾ ਹੈ। ਇਹ ਦੱਤਾਤ੍ਰੇਯ ਦੇ ਸਤਾਰ੍ਹਵੇਂ ਗੁਰੂ ਦਾ ਪ੍ਰਸੰਗ ਹੈ :

*ਤਹਾਂ ਜਾਇ ਮਹਾਂ ਮੁਨ ਮੱਜਨ ਕੈ॥ ਉਠਿ ਕੈ ਹਰਿ ਧਿਆਨ ਲਗਾ ਸੁਚ ਕੈ॥.... ॥ ੩੬੮॥*

੧੮. ਇਕ ਸ਼ਿਕਾਰੀ ਦਾ ਸ਼ਿਕਾਰ ਖੇਡਣ ਦਾ ਪ੍ਰਸੰਗ ੧੯ ਪਉੜੀਆਂ ਵਿਚ ਅੰਕਿਤ ਹੈ :

*ਕਰਿ ਮੱਜਨ ਗੋਬਿੰਦ ਗਾਇ ਗੁਨੰ॥ ਉਠਿ ਜਾਤਿ ਭਏ ਬਨ ਮੱਧਿ ਮੁਨੰ॥.... ॥ ੩੭੦॥*

*ਯਥਾ : ਮ੍ਰਿਗ ਸੌ ਜਿਹ ਕੌ ਚਿਤ ਐਸ ਲਗਯੋ॥*

*ਪਰਮੇਸ਼ਰ ਕੇ ਰਸ ਜਾਨ ਪਗਯੋ॥ ੩੮੪॥*

੧੯. ਇਕ ਤੋਤੇ ਨੂੰ ਗੁਰੂ ਧਾਰਨ ਦਾ ਪ੍ਰਸੰਗ ੪੯ ਪਉੜੀਆਂ ਵਿਚ ਕਥਨ ਕੀਤਾ ਗਿਆ ਹੈ। ਇਹ ਦੱਤਾਤ੍ਰੇਯ ਦੇ ਉਨ੍ਹੀਵੇਂ ਗੁਰੂ ਧਾਰਨ ਦਾ ਪ੍ਰਸੰਗ ਹੈ।

*ਤਜਿਤੰ ਸਰਬੰ॥ ਗ੍ਰਹਿਤੰ ਏਕੰ॥ ਪ੍ਰਭਤੰ ਭਾਵੰ॥ ਤਜਿਤੰ ਦ੍ਵੈਖੰ॥ ੪੩੬॥*

*ਨਲਿਨੀ ਸੁਕਿ ਜਜੰ॥ ਤਜਿਤੰ ਦਿਰਬੰ॥ ਸਫਲੀ ਕਰਮੰ॥ ਲਹਿਤੰ ਸਰਬੰ॥ ੪੩॥*

੨੦. ਇਕ ਸ਼ਾਹੂਕਾਰ ਦਾ ਪ੍ਰਸੰਗ ੮ ਪਉੜੀਆਂ ਵਿਚ ਦੱਤਾਤ੍ਰੇਯ ਦੇ ਗੁਰੂ ਧਾਰਨ ਦਾ ਕਥਨ ਕੀਤਾ ਗਿਆ ਹੈ :

*ਐਸ ਪ੍ਰੇਮ ਪ੍ਰਭ ਸੰਗ ਲਗਏਐ॥ ਤਬਹੀ ਪੁਰਖ ਪੁਰਾਤਨ ਪੱਏਐ॥ ੪੪੫॥*

੨੧. ਇਕ ਮਨੁੱਖ ਤੋਤੇ ਨੂੰ ਬੋਲਣਾ ਸਿਖਾ ਰਿਹਾ ਸੀ, ਇਹ ਪ੍ਰਸੰਗ ੫ ਪਉੜੀਆਂ ਵਿਚ ਸੰਪੂਰਨ ਕੀਤਾ ਗਿਆ ਹੈ :

*ਐਸੋ ਨੇਹੁ ਨਾਥ ਸੌ ਲਾਵੈ॥ ਤਬ ਹੀ ਪਰਮ ਪੁਰਖ ਕਹ ਪਾਵੈ॥... ॥ ੪੫੦॥*

੨੨. ਇਕ ਜ਼ਿਮੀਦਾਰ ਨੂੰ ਗੁਰੂ ਧਾਰਨ ਦੀ ਕਥਾ ੧੨ ਪਉੜੀਆਂ ਵਿਚ ਅੰਕਿਤ ਹੈ :

*ਸਭਾਰ ਭਾਰ ਬਸਨਿਨੰ ਜਜੱਪਿ ਜਾਪਣੰ ਰਿਖੰ॥*

*ਨਿਹਾਰਿ ਪਾਨ ਪੈ ਪਰਾ ਬਿਚਾਰ ਬਾਇਸਵੋ ਗੁਰੰ॥... ॥ ੪੬੨॥*

੨੩. ਇਕ ਜੱਛਾਂ ਦੀ ਇਸਤ੍ਰੀ ਜੋ ਬਹੁਤ ਸੰਗੀਤਕਾਰ ਸੀ, ਉਸ ਦਾ ਪ੍ਰਸੰਗ ੧੧ ਪਉੜੀਆਂ ਵਿਚ ਕਥਨ ਕੀਤਾ ਗਿਆ ਹੈ।

*ਇਹ ਭਾਂਤਿ ਜੋ ਹਰਿ ਸੰਗਿ॥ ਹਿਤ ਕੀਜੀਐ ਅਨਰੰਗ॥*

*ਤਬ ਪਾਈਐ ਹਰਿ ਲੋਕ॥ ਇਹ ਬਾਤ ਮੈ ਨਹੀ ਸੋਕ॥... ॥ ੪੭੨॥*

੨੪. ਇਹ ਪ੍ਰਸੰਗ ੨੧ ਪਉੜੀਆਂ ਵਿਚ ਕਥਨ ਕੀਤਾ ਗਿਆ ਹੈ। ਇਸ ਵਿਚ ਦੱਤਾਤ੍ਰੇਯ ਜੀ ਦੇ ਅਕਾਲ ਪੁਰਖ ਨੂੰ ਗੁਰੂ ਧਾਰਨ ਦਾ ਪ੍ਰਸੰਗ ਹੈ ਤੇ ਇਸ ਤਰ੍ਹਾਂ ਦੱਤਾਤ੍ਰੇਯ ਦੀ ਕਥਾ ਸੰਪੂਰਨ ਹੋਈ ਹੈ:

*ਤਬ ਨਾਥ ਸਨਾਥ ਹੁਐ ਬਜੋਤ ਬਤਾਈ॥ ਤਬ ਹੀ ਦਸੌ ਦਿਸ ਸੁਝ ਬਨਾਈ॥ ੪੮੪॥*

*ਦਿਜ ਦੇਵ ਤਬੈ ਗੁਰ ਚਉਬਿਸ ਕੈਕੈ॥ ਗਿਰਮੇਰ ਗਏ ਸਭ ਹੀ ਮੁਨ ਲੈਕੈ॥ ੪੮੫॥*

ਯਥਾ :

*ਬ੍ਰਹਮ ਨਿਰੰਧ੍ਰ ਕੋ ਫੋਰ ਮੁਨੀਸ਼ ਕੀ ਜੋਤਿ ਸੁ ਜੋਤਿ ਕੇ ਮੱਧਿ ਮਿਲਾਨੀ॥*

*ਪ੍ਰੀਤਿ ਰਲੀ ਪਰਮੇਸ਼ਰ ਸੌ ਇਮ ਬੇਦਨ ਸੰਗਿ ਮਿਲੈ ਜਿਮ ਬਾਨੀ॥... ॥ ੪੯੮॥*

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਦੱਤ ਮਹਾਤਮ ਰੁਦ੍ਰਵਤਾਰ ਪ੍ਰਬੰਧ ਸਮਾਪਤੰ ਸੁਭੰ ਭਵੇਤ ਗੁਰੂ ਚਉਬੀਸ॥੨੪॥

ਨੋਟ :- ਉਪਰੋਕਤ ਦੱਤਾਤ੍ਰੇਯ ਦੇ ਚੌਵੀ ਗੁਰੂ ਧਾਰਣ ਦੇ ਪ੍ਰਸੰਗਾਂ ਦੀ ਜਾਣਕਾਰੀ ਜਿਥੇ ਦਿੱਤੀ ਗਈ ਹੈ। ਉਥੇ ਵੱਖ-ਵੱਖ ਸਾਰੇ ਪ੍ਰਸੰਗਾਂ ਤੋਂ ਅਕਾਲ ਪੁਰਖ ਨਾਲ ਜੁੜਨ ਦੀ ਪ੍ਰੇਰਨਾ ਲਈ ਗਈ ਸਿੱਧ ਹੁੰਦੀ ਹੈ ਅਤੇ ਪ੍ਰਸੰਗਾਂ ਤੋਂ ਜਾਣਕਾਰੀ ਤੇ ਪ੍ਰੇਰਨਾ ਪ੍ਰਮਾਤਮਾ ਨਾਲ ਜੁੜਨ ਦੀ ਪ੍ਰੇਰਨਾ ਹੀ ਸਮਝਣੀ ਚਾਹੀਦੀ ਹੈ। ਪਰ ਗੁਰਮਤਿ ਦਾ ਸਿਧਾਂਤ ਸ਼ਬਦ-ਗੁਰੂ ਨਾਲ ਜੁੜ ਕੇ ਜੀਵਨ ਸਫਲਾ ਕਰਨ ਦਾ ਹੈ।

❑

ੴ ਸਤਿਗੁਰ ਪ੍ਰਸਾਦਿ ॥

# ਅਥ ਪਾਰਸ ਨਾਥ ਰੁਦ੍ਰ ਅਵਤਾਰ ਕਥਨੰ ॥

## ਪਾਤਸ਼ਾਹੀ ੧੦ ॥

***ਚੌਪਈ॥***

*ਇਹ ਬਿਧ ਦੱਤ ਰੁੱਦ੍ਰ ਅਵਤਾਰਾ॥ ਪੂਰਣ ਮਤ ਕੌ ਕੀਨ ਪਸਾਰਾ॥*

*ਅੰਤ ਜੋਤ ਸੋ ਜੋਤਿ ਮਿਲਾਨੀ॥ ਜਿਹ ਬਿਧਿ ਸੋ ਪਾਰਬ੍ਰਹਮ ਭਵਾਨੀ॥ ੧॥*

*ਏਕ ਲੱਛ ਦਸ ਬਰਖ ਪ੍ਰਮਾਨਾ॥ ਪਾਛੇ ਚਲਾ ਜੋਗ ਕੌ ਬਾਨਾ॥*

*ਗਜਾਰਵ ਬਰਖ ਬਿਤੀਤਤ ਭਯੋ॥ ਪਾਰਸ ਨਾਥ ਪੁਰਖ ਭੂਅ ਵਯੋ॥ ੨॥*

ਇਹ ਪਾਰਸ ਨਾਥ ਸ਼ਿਵਜੀ ਦਾ ਦੂਸਰਾ ਅਵਤਾਰ ਦੱਸਿਆ ਹੈ। ਇਹ ਕਥਾ ਸਾਰੀ ੩੫੮ ਪਉੜੀਆਂ ਵਿਚ ਕਥਨ ਕੀਤੀ ਗਈ ਹੈ। ਇਸ ਕਥਾ ਦੇ ਦੋ ਅਧਿਆਇ ਹਨ। ਪਹਿਲੇ ਅਧਿਆਇ ਦੀਆਂ ੨੨੭ ਪਉੜੀਆਂ ਹਨ, ਦੂਸਰੇ ਅਧਿਆਇ ਦੀਆਂ ੧੩੧ ਪਉੜੀਆਂ ਹਨ।

*ਰੋਹ ਦੇਸ ਸੁਭ ਦਿਨ ਭਲ ਥਾਨੁ॥ ਪਾਰਸ ਨਾਥ ਭਯੋ ਸੁਰ ਗਜਾਨੁ॥*

*ਅਮਿਤ ਤੇਜ ਅਸਿ ਅਵਰ ਨ ਹੋਊ॥ ਚੱਕ੍ਰਤ ਰਹੇ ਮਾਤ ਪਿਤ ਦੋਊ॥ ੩॥*

ਕੁਲ ੩੫੮ ਛੰਦਾਂ ਦੀ ਦੂਜੀ ਰਚਨਾ ਵਿਚ ਪਾਰਸ ਨਾਥ ਦੀ ਅਵਤਾਰ-ਕਥਾ ਦਾ ਵਰਣਨ ਹੈ ਜੋ ਰੁਦ੍ਰ ਦੇ ਦੂਜੇ ਅਵਤਾਰ ਵਜੋਂ ਚਿਤਰਿਆ ਗਿਆ ਹੈ। ਇਸ ਅਵਤਾਰ ਦੀਆਂ ਪ੍ਰਮੁੱਖ ਘਟਨਾਵਾਂ ਇਸ ਪ੍ਰਕਾਰ ਹਨ— ਦੱਤਾਤ੍ਰੇਯ ਤੋਂ ਬਾਅਦ ਇਕ ਲੱਖ ਦਸ ਵਰ੍ਹੇ 'ਯੋਗ ਦਾ ਭੇਖ' ਜਾਰੀ ਰਿਹਾ।

ਯਾਰ੍ਹਵੇਂ ਵਰ੍ਹੇ ਰੋਹ ਪ੍ਰਦੇਸ਼ ਵਿਚ ਪਾਰਸ ਨਾਥ ਦਾ ਅਵਤਾਰ ਹੋਇਆ। ਰੋਹ ਪ੍ਰਦੇਸ਼ ਦੇ ਰਾਜਾ ਨੇ ਪਾਰਸ ਨਾਥ ਤੋਂ ਪ੍ਰਭਾਵਿਤ ਹੋ ਕੇ ਆਪਣੀ ਪੁੱਤਰੀ ਦਾ ਵਿਆਹ ਉਸ ਨਾਲ ਕਰ ਦਿੱਤਾ। ਪਾਰਸ ਨਾਥ ਨੇ ਤਪੱਸਿਆ ਕਰਕੇ ਦੇਵੀ ਤੋਂ ਦੈਵੀ ਸ਼ਸਤ੍ਰ ਪ੍ਰਾਪਤ ਕੀਤਾ ਅਤੇ ਇਕ ਵੇਦ-ਵਿੱਦਿਆ ਯੱਗ ਕੀਤਾ। ਦੇਵੀ ਦੇ ਵਰਦਾਨ ਕਾਰਨ ਉਸ ਨੂੰ ਸਾਰੀਆਂ ਵਿਦਿਆਵਾਂ ਦਾ ਗਿਆਨ ਅਤੇ ਚਕ੍ਰਵਰਤੀ ਪਦ ਪ੍ਰਾਪਤ ਹੋਇਆ। ਪਾਰਸ ਨਾਥ ਨੇ ਦੱਤਾਤ੍ਰੇਯ ਦੇ ਅਨੁਯਾਈਆਂ

ਨੂੰ ਘੋਰ ਯੁੱਧ ਕਰਨ ਤੋਂ ਬਾਅਦ ਹਰਾ ਕੇ ਆਪਣੇ ਧਰਮ ਦਾ ਪ੍ਰਚਾਰ ਕੀਤਾ। ਉਸ ਤੋਂ ਬਾਅਦ ਪਾਰਸ ਨਾਥ ਨੇ ਭੂਪ-ਮੇਧ ਯੱਗ ਕੀਤਾ। ਮਛਿੰਦ੍ਰ ਨਾਥ ਨੂੰ ਮੱਛ ਦੇ ਪੇਟ ਵਿਚੋਂ ਕੱਢਣ ਦਾ ਯਤਨ ਕੀਤਾ। ਅੰਤ ਵਿਚ ਗਿਆਨ ਦੇ ਜਾਲ ਨਾਲ ਉਸ ਮੱਛ ਨੂੰ ਪਕੜਿਆ ਅਤੇ ਵਿਵੇਕ ਦੇ ਛੁਰੇ ਨਾਲ ਉਸ ਦਾ ਪੇਟ ਚੀਰਿਆ ਅਤੇ ਸਮਾਧੀ ਵਿਚ ਬੈਠੇ ਮਛਿੰਦ੍ਰ ਨੂੰ ਬਾਹਰ ਕੱਢਿਆ। ਗਿਆਨ-ਚਰਚਾ ਹੋਣ 'ਤੇ ਮਛਿੰਦ੍ਰ ਨੇ ਅਵਿਵੇਕ ਅਤੇ ਵਿਵੇਕ ਦੇ ਸੈਨਾ-ਨਾਇਕਾਂ ਦਾ ਵਿਸਥਾਰ ਸਹਿਤ ਵਰਣਨ ਕੀਤਾ। ਅਵਿਵੇਕ ਦੇ ਸੈਨਾ-ਨਾਇਕਾਂ ਵਿਚੋਂ ਕੁਝ ਪ੍ਰਮੁੱਖ ਇਹ ਹਨ—ਕਾਮਦੇਵ, ਮਦ, ਗੁਮਾਨ, ਅਪਮਾਨ, ਅਨਰਥ, ਨਿੰਦਾ, ਕਪਟ, ਲੋਭ, ਮੋਹ, ਹੰਕਾਰ, ਕ੍ਰੋਧ, ਦ੍ਰੋਹ, ਸੰਦੇਹ, ਝੂਠ, ਚਿੰਤਾ, ਸ਼ੰਕਾ, ਅਸੰਤੋਸ਼, ਹਿੰਸਾ, ਚੋਰੀ, ਵਿਭਚਾਰ, ਮਿੱਤਰਦ੍ਰੋਹ, ਰਾਜਦ੍ਰੋਹ, ਈਰਖਾ, ਉਚਾਟ, ਘਾਟ, ਖੇਦ ਆਦਿ। ਇਹ ਅਸਲ ਵਿਚ ਸਭ ਬੁਰਾਈਆਂ ਹਨ ਜੋ ਮਨੁੱਖ ਨੂੰ ਆਪਣੇ ਪ੍ਰਭਾਵ ਵਿਚ ਲੈ ਲੈਂਦੀਆਂ ਹਨ। ਇਨ੍ਹਾਂ ਨੂੰ ਵਿਵੇਕ ਦੇ ਸੈਨਿਕਾਂ ਰਾਹੀਂ ਜਿੱਤਿਆ ਜਾ ਸਕਦਾ ਹੈ। ਵਿਵੇਕ ਦੇ ਸੈਨਾਪਤੀਆਂ ਵਿਚ ਪ੍ਰਮੁੱਖ ਨਾਂ ਇਹ ਹਨ—ਧੀਰਜ, ਬ੍ਰਤ, ਸੰਜਮ, ਨਿਯਮ, ਅਰਚਾ, ਪੂਜਾ, ਅਵਿਕਾਰ, ਵਿਦਿਆ, ਲੱਜ, ਅਮੋਹ, ਅਲੋਭ, ਅਕਾਮ, ਅਕ੍ਰੋਧ, ਭਗਤੀ, ਪਾਠ, ਸੁਕਰਮ, ਦਾਨ, ਸਤਿ, ਸੰਤੋਖ, ਤਪ, ਪ੍ਰੇਮ, ਧਿਆਨ, ਉਦਮ, ਉਪਕਾਰ, ਸਤਿਸੰਗ ਆਦਿ। ਇਸ ਤੋਂ ਬਾਅਦ ਇਨ੍ਹਾਂ ਦੋਹਾਂ ਧੜਿਆਂ ਦਾ ਯੁੱਧ ਹੁੰਦਾ ਹੈ ਜੋ ਵੀਹ ਲੱਖ ਵਰ੍ਹਿਆਂ ਤੋਂ ਅਧਿਕ ਸਮੇਂ ਤਕ ਚਲਦਾ ਰਹਿੰਦਾ ਹੈ, ਪਰ ਕਿਸੇ ਧੜੇ ਨੂੰ ਜਿੱਤ ਹਾਸਲ ਨਹੀਂ ਹੁੰਦੀ। ਮਛਿੰਦ੍ਰ ਦੇ ਚੁੱਪ ਹੋਣ 'ਤੇ ਚਰਪਟ ਨੇ ਉਸ ਦੇ ਬਿਆਨ ਨੂੰ ਅੱਗੇ ਤੋਰਦਿਆਂ ਕਿਹਾ ਕਿ ਵਿਵੇਕ ਅਤੇ ਅਵਿਵੇਕ ਦਾ ਸੰਘਰਸ਼ ਆਦਿ ਕਾਲ ਤੋਂ ਲੈ ਕੇ ਅੱਜ ਤੱਕ ਹੋ ਰਿਹਾ ਹੈ। ਅੰਤ ਵਿਚ ਪਾਰਸ ਨਾਥ ਨੇ ਯੋਗ-ਅਗਨੀ ਵਿਚ ਆਪਣੇ ਆਪ ਨੂੰ ਭਸਮ ਕਰ ਦਿੱਤਾ।

ਦੱਤਾਤ੍ਰੇਯ ਦੇ ਸਮਾਉਣ ਤੋਂ ਇਕ ਲੱਖ ਗਿਆਰਾਂ ਬਰਸ ਪੂਰੇ ਹੋਣ ਤੋਂ ਮਗਰੋਂ, ਸ਼ਿਵਜੀ ਦੇ ਅਵਤਾਰ ਪਾਰਸ ਨਾਥ ਜੀ 'ਰੋਹ' ਰੁਹੇਲੇ ਦੇਸ਼ ਵਿਚ ਸੁੰਦਰ ਜਟਾਂ ਦੇ ਸਹਿਤ ਪੈਦਾ ਹੋਏ। ਪ੍ਰਭਾਵਸ਼ਾਲੀ ਚੇਹਰਾ ਤੇਜ ਸਹਿਤ ਹੋਣ ਕਰਕੇ, ਦੂਰੋਂ-ਦੂਰੋਂ ਆ ਕੇ ਲੋਕਾਂ ਨੇ ਨਮਸਕਾਰਾਂ ਕੀਤੀਆਂ, ਭੇਟਾ ਦਿੱਤੀਆਂ। ਉਸ ਦੇਸ਼ ਦਾ ਰਾਜਾ ਭੀ ਰਾਣੀਆਂ ਸਮੇਤ ਨਮਸਕਾਰ ਕਰਨ ਵਾਸਤੇ ਚਰਨਾਂ ਵਿਚ ਆਇਆ ਅਤੇ ਮੋਹਿਤ ਹੋ ਕੇ ਆਪਣੀ ਪੁੱਤਰੀ ਦੇ ਦਿੱਤੀ। ਐਨਾ ਸੁੰਦਰ ਅਤੇ ਤੇਜ ਸਹਿਤ ਸੀ ਕਿ ਜੋ ਜੋ ਦੇਖਦਾ, ਉਹ ਮੋਹਿਤ ਹੋ ਜਾਂਦਾ ਸੀ।

ਜੁਆਨ ਹੋਣ ਤੇ ਸ਼ਸਤ੍ਰ ਅਤੇ ਸ਼ਾਸਤਰ ਵਿਚ ਬੜਾ ਮਾਹਰ ਹੋ ਗਿਆ। ਸ਼ਾਸਤ੍ਰ ਵਿੱਦਿਆ ਨਾਲ ਸਭ ਪੰਡਤ ਵਿਦਵਾਨ ਜਿੱਤ ਲਏ ਅਤੇ ਸ਼ਸਤ੍ਰ ਵਿੱਦਿਆ ਨਾਲ ਸਾਰੇ ਰਾਜੇ ਜਿੱਤ ਲਏ। ਦੱਤਾਤ੍ਰੇਉ ਦਾ ਜੋ ਸੰਨਿਆਸ ਮੱਤ ਸੀ, ਉਸ ਨੂੰ ਪਖੰਡ ਰੂਪ ਜਣਾ ਕੇ ਉਸ ਤੋਂ ਸਭ ਨੂੰ ਹਟਾਇਆ ਅਤੇ ਕਿਹਾ ਸੀ :

ਸੋਰਠ॥

ਜੋਗੀ ਜੋਗ ਜਟਨ ਮੋ ਨਾਹੀ॥
ਭ੍ਰਮ ਭ੍ਰਮ ਮਰਤ ਕਹਾ ਪਚਿ ਪਚਿ ਕਰ ਦੇਖਿ ਸਮਝ ਮਨ ਮਾਹੀ॥
ਜੋ ਜਨ ਮਹਾ ਤੱਤ ਕਹੁ ਜਾਨੈ ਪਰਮ ਗਜਾਨ ਕਹੁ ਪਾਵੈ॥
ਤਬ ਯਹ ਏਕ ਠਉਰ ਮਨ ਰਾਖੈ ਦਰ ਦਰ ਭ੍ਰਮਤ ਨ ਧਾਵੈ॥
ਕਹਾ ਭਯੋ ਗ੍ਰਹਿ ਤਜਿ ਉਠਿ ਭਾਗੇ ਬਨ ਮੈ ਕੀਨ ਨਿਵਾਸਾ॥
ਮਨ ਤੌ ਰਹਾ ਸਦਾ ਘਰ ਹੀ ਮੋ ਸੋ ਨਹੀ ਭਯੋ ਉਦਾਸਾ॥
ਅਧਕ ਪ੍ਰਪੰਚ ਦਿਖਾਇ ਠਗਾ ਜਗ ਜਾਨ ਜੋਗ ਕੌ ਜੋਰਾ॥
ਤੁਮ ਜੀਅ ਲਖਾ ਤਜੀ ਹਮ ਮਾਯਾ ਮਾਯਾ ਤੁਮੈ ਨ ਛੋਰਾ॥ ੨੩॥ ੯੭॥

ਬਿਸਨ ਪਦ॥ ਸੋਰਠ॥

ਭੇਖੀ ਜੋਗ ਨ ਭੇਖ ਦਿਖਾਏ॥
ਨਾਹਨ ਜਟਾ ਬਿਭੂਤ ਨਖਨ ਮੈ ਨਾਹਿਨ ਬਸਤ੍ਰ ਰੰਗਾਏ॥
ਜੌ ਬਨ ਬਸੈ ਜੋਗ ਕਹੁ ਪਈਐ ਪੰਛੀ ਸਦਾ ਬਸਤ ਬਨ॥
ਕੁੰਚਰ ਸਦਾ ਧੂਰ ਸਿਰ ਮੇਲਤ ਦੇਖਹੁ ਸਮਝ ਤੁਮਹੀ ਮਨ॥
ਦਾਦਰ ਮੀਨ ਸਦਾ ਤੀਰਥ ਮੋ ਕਰਜੋ ਕਰਤ ਇਸਨਾਨਾ॥
ਧਜਾਨ ਬਿੜਾਲ ਬਕੀ ਬਕ ਲਾਵਤ ਤਿਨ ਕਿਆ ਜੋਗੁ ਪਛਾਨਾ॥
ਜੈਸੇ ਕਸਟ ਠਗਨ ਕੱਹ ਠਾਟਤ ਐਸੇ ਹਰਿ ਹਿਤ ਕੀਜੈ॥
ਤਬ ਹੀ ਮਹਾਂ ਗਜਾਨ ਕੋ ਜਾਨੈ, ਪਰਮ ਪਯੂਖਹਿ ਪੀਜੈ॥ ੨੪॥ ੯੮॥

(ਸ੍ਰੀ ਦਸਮ ਗ੍ਰੰਥ, ਅੰਗ ੬੭੯)

ਪਾਰਸ ਨਾਥ ਦੇ ਐਸੇ ਬਚਨ ਸੁਣ ਕੇ ਸਿਆਣੇ-ਸਿਆਣੇ ਸਭ ਪਾਰਸ ਨਾਥ ਦੇ ਚਰਨੀਂ ਲਪਟ ਗਏ ਅਤੇ ਉਸ ਦੀ ਸ਼ਰਨ ਲਈ। ਪਾਰਸ ਨਾਥ ਦੇ ਦੱਸੇ ਰਾਹ 'ਤੇ ਤੁਰੇ ਤੇ ਜਿਹੜੇ ਨਾ ਮੰਨੇ, ਉਨ੍ਹਾਂ ਨੂੰ ਜੰਗ ਕਰਕੇ ਮਾਰ ਦਿੱਤਾ। ਜਿਹੜੇ ਡਰ ਕੇ ਭੱਜ ਕੇ ਪਹਾੜਾਂ ਆਦਿ ਵਿਚ ਜਾ ਲੁਕੇ, ਉਹ ਬਚੇ, ਬਾਕੀ ਸਭ ਮਾਰ ਦਿੱਤੇ।

ਫਿਰ ਸਾਰੇ ਦੇਸ਼ਾਂ ਦੇ ਰਾਜੇ ਜਿੱਤੇ ਅਤੇ ਆਪਣੇ ਅਧੀਨ ਕੀਤੇ। ਜੋ ਅੜੇ ਸਭ ਨੂੰ ਜੰਗ ਕਰਕੇ ਨਾਸ਼ ਕੀਤਾ। ਸਭ ਜਗ੍ਹਾ ਆਪਣੀ ਦੁਹਾਈ ਫਿਰਾਈ। ਇਸ ਤਰ੍ਹਾਂ ਤੇਜ ਪ੍ਰਤਾਪ ਦੇ ਸਹਿਤ ਦਸ ਸਹੰਸਰ ਬਰਸ ਰਾਜ ਕੀਤਾ। ਦੇਸ਼ਾਂ ਦੇਸ਼ਾਂਤਰਾਂ ਦੇ ਇਕ ਲੱਖ ਰਾਜੇ ਬੰਨ੍ਹ ਕੇ ਕੈਦ ਕਰ ਲਏ। ਅਖ਼ੀਰ ਪਾਰਸ ਨਾਥ ਨੇ ਭੂਪ ਮੇਧ ਯੱਗ ਕਰਨ ਦੀ ਸਲਾਹ ਕੀਤੀ, ਜਿਵੇਂ ਸਤਿਜੁਗ ਵਿਚ ਰਾਜੇ ਜੰਭ ਨੇ ਕੀਤਾ ਸੀ। ਮੰਤ੍ਰੀ ਤੋਂ ਸਲਾਹ ਲਈ ਤਾਂ ਉਸ ਨੇ ਕਿਹਾ :

*ਭੂਪ ਮੇਧ ਕਰੋ ਸਬੈ ਤੁਮ ਆਜ ਜੱਗ ਅਰੰਭ॥*
*ਸਤਜੁੱਗ ਮਾਹ ਭਯੋ ਜਿਹੀ ਬਿਧ ਕੀਨ ਰਾਜੈ ਜੰਭ॥ ੧੨੩॥*

ਪਾਰਸ ਨਾਥ ਦਾ ਸੰਖੇਪ ਰੂਪ ਵਿਚ ਸਾਰਾ ਪ੍ਰਸੰਗ ਇਸ ਪ੍ਰਕਾਰ ਹੈ :

**ਮੰਤ੍ਰੀਯ ਬਾਚ :**

*ਲੱਛ ਜਉ ਨ੍ਰਿਪ ਮਾਰੀਯੈ ਤਬ ਹੋਤ ਹੈ ਨ੍ਰਿਪ ਮੇਧ॥*
*ਏਕ ਏਕ ਅਨੇਕ ਸੰਪਤ ਦੀਜੀਐ ਭਵਿਖੇਧ॥*
*ਲੱਛ ਲੱਛ ਤੁਰੰਗ ਏਕਹਿ ਦੀਜੀਐ ਅਬਿਚਾਰ॥*
*ਜਗ ਪੂਰਣ ਹੋਤੁ ਹੈ ਸੁਨ ਰਾਜ ਰਾਜਵਤਾਰ॥ ੧੨੪॥*

(ਸ੍ਰੀ ਦਸਮ ਗ੍ਰੰਥ ਸਾਹਿਬ ਜੀ)

ਇਹ ਸੁਣ ਕੇ ਪਾਰਸ ਨਾਥ ਨੇ ਕਿਹਾ ਕਿ ਸੋਨੇ, ਮਾਯਾ, ਪਦਾਰਥਾਂ, ਘੋੜਿਆਂ, ਹਾਥੀਆਂ ਦਾ ਕੋਈ ਘਾਟਾ ਨਹੀਂ ਹੈ। ਸਭ ਕੁਝ ਮਰਯਾਦਾ ਕਰਕੇ ਫਿਰ ਯੱਗ ਕਰਾਂਗਾ। ਜਦੋਂ ਸਾਰੀ ਸਲਾਹ ਹੋ ਗਈ ਤਾਂ ਇਕ ਗਿਆਨ ਦੇਵ ਰਾਜੇ ਨੇ ਕਿਹਾ ਕਿ ਮਹਾਰਾਜ ! ਯੱਗ ਤਾਂ ਹੋ ਸਕਦਾ ਹੈ, ਜੇ ਸਭ ਰਾਜੇ ਫ਼ਤਹ ਕੀਤੇ ਜਾਣ। ਇਕ ਰਾਜਾ ਅਜੇ ਫ਼ਤਹ ਕਰਨ ਵਾਲਾ ਬਾਕੀ ਹੈ। ਤਾਂ ਪਾਰਸ ਨਾਥ ਨੇ ਪੁੱਛਿਆ, ਉਹ ਕੌਣ ਹੈ, ਦੱਸ, ਮੈਂ ਫ਼ਤਹ ਕਰਾਂਗਾ। ਤਾਂ ਗਿਆਨ ਦੇਵ ਰਾਜੇ ਨੇ ਕਿਹਾ, ਉਹ ਮੈਂ ਨਹੀਂ ਦੱਸ ਸਕਦਾ, ਉਹ ਮਛੰਦਰ ਨਾਥ ਦੱਸੇਗਾ, ਜੋ ਛੀਰ ਸਮੁੰਦਰ ਵਿਚ ਮੱਛੀ ਦੇ ਪੇਟ ਵਿਚ ਹੈ। ਤਾਂ ਪਾਰਸ ਨਾਥ ਨੇ ਅਨੇਕਾਂ ਜਤਨ ਕਰ ਕੇ ਸਮੁੰਦਰ ਵਿਚ ਜਾਲ ਪਾ ਕੇ ਮੱਛੀ ਨੂੰ ਫੜਿਆ। ਛੁਰੀ ਨਾਲ ਪੇਟ ਚੀਰ ਕੇ ਮਛਿੰਦ੍ਰ ਨਾਥ ਨੂੰ ਕੱਢਿਆ।

ਪੁੱਛਿਆ, ਮੁਨੀ ਜੀ, ਮੈਂ ਵਿੱਦਿਆ ਕਰਕੇ ਸਭ ਪੰਡਤ ਜਿੱਤ ਲਏ ਹਨ ਅਤੇ ਬਲ ਕਰਕੇ ਸਭ ਰਾਜੇ ਜਿੱਤ ਲਏ ਹਨ। ਉਹ ਕਿਹੜਾ ਰਾਜਾ ਹੈ ਜੋ ਮੈਥੋਂ ਜਿੱਤਿਆ ਨਹੀਂ ਗਿਆ ? ਤਾਂ ਮਛਿੰਦ੍ਰ ਨਾਥ ਨੇ ਕਿਹਾ :

**ਮਛਿੰਦ੍ਰ ਬਾਚ : ਪਾਰਸ ਨਾਥ ਸੋ॥ ਤੋਮਰ ਛੰਦ॥**

*ਸੁਨ ਰਾਜ ਰਾਜਨ ਹੰਸ॥ ਭਵ ਭੂਮ ਕੇ ਅਵਿਤੰਸ॥*
*ਤੁਹਿ ਜੀਤਏ ਸਭ ਰਾਇ॥ ਪਰ ਸੋ ਨ ਜੀਤਜੋ ਜਾਇ॥ ੧੬੪॥*
*ਅਬਿਬੇਕ ਹੈ ਤਿਹ ਨਾਉ॥ ਤਬ ਹੀਯ ਮੈਂ ਤਿਹ ਠਾਉ॥*
*ਤਿਹ ਜੀਤ ਕਹੀ ਨ ਭੂਪ॥ ਵਹ ਹੈ ਸਰੂਪ ਅਨੂਪ॥ ੧੬੫॥*

(ਸ੍ਰੀ ਦਸਮ ਗ੍ਰੰਥ, ਅੰਗ ੬੮੮)

ਹੇ ਰਾਜਨ ! ਜਿਸ ਨੇ ਸਾਰੀ ਦੁਨੀਆਂ ਨੂੰ ਜਿੱਤ ਲਿਆ ਹੈ, ਕਾਮ, ਕ੍ਰੋਧ, ਲੋਭ, ਮੋਹ,

ਹੰਕਾਰ ਆਦਿ ਇਸ ਦੇ ਸੂਰਮੇ ਹਨ ਅਤੇ ਆਸੁਰੀ ਸੰਪਦਾ ਇਸ ਦੀ ਫ਼ੌਜ ਹੈ। ਜਿਸ ਨੇ ਬ੍ਰਹਮਾ, ਸ਼ਿਵਜੀ ਵਰਗੇ, ਪੀਰ, ਪੈਗ਼ੰਬਰ, ਰਿਖੀ, ਮੁਨੀ ਸਭ ਜਿੱਤ ਲਏ ਹਨ ਅਤੇ ਆਪ ਉਹ ਕਿਸੇ ਤੋਂ ਜਿੱਤਿਆ ਨਹੀਂ ਜਾਂਦਾ। ਉਹ ਅਗਿਆਨ ਸਹਿਤ ਹੈ ਮਨ, ਉਹ ਤੈਥੋਂ ਨਹੀਂ ਜਿੱਤਿਆ ਗਿਆ।

ਹੇ ਰਾਜਨ ! ਜੇ ਮਨ ਨੂੰ ਜਿੱਤ ਲਉ ਤਾਂ ਭੂਪਮੇਧ ਯੱਗ ਕਰ ਸਕਦੇ ਹੋ। ਇਹ ਸੁਣ ਕੇ ਪਾਰਸ ਨਾਥ ਮਨ ਨੂੰ ਰੋਕਣ ਲੱਗਾ, ਪਰ ਰੁਕ ਨਾ ਸਕਿਆ। ਕਦੇ ਰਾਜ ਵੱਲ ਜਾਵੇ, ਕਦੇ ਹਾਥੀਆਂ ਵੱਲ, ਕਦੇ ਘੋੜਿਆਂ ਦੇ ਤਬੇਲੇ ਵੱਲ ਭੱਜੇ, ਕਦੇ ਹੀਰੇ ਮੋਤੀਆਂ ਦਾ ਸੰਕਲਪ ਫੁਰੇ, ਕਦੇ ਸੋਨੇ ਚਾਂਦੀ ਵੱਲ ਜਾਵੇ, ਕਦੇ ਕਿਸੇ ਪਾਸੇ, ਕਦੇ ਕਿਸੇ ਪਾਸੇ ਵੱਲ ਸੰਕਲਪ ਦੌੜੇ। ਪਾਰਸ ਨਾਥ ਜ਼ੋਰ ਲਾ ਲਾ ਕੇ ਹਾਰ ਗਿਆ, ਰੋਕ ਨਾ ਸਕਿਆ। ਦੁਖੀ ਹੋ ਕੇ ਕਹਿਣ ਲੱਗਾ :

***ਚਉਪਈ॥***

*ਜੌ ਇਨ ਜੀਤਿ ਸਕੌ ਨਹਿ ਭਾਈ॥ ਤਉ ਮੈ ਜਰੌ ਚਿਤਾਹਿ ਜਰਾਈ॥*
*ਮੈ ਇਨ ਕਹਿ ਮੁਨਿ ਜੀਤਿ ਨ ਸਾਕਾ॥ਅਬ ਮੁਰ ਬਲ ਪੌਰਖ ਸਭ ਥਾਕਾ॥੧੨੨॥੩੪੯॥*
*ਐਸ ਭਾਂਤ ਮਨ ਬੀਚ ਬਿਚਾਰਾ॥ ਪ੍ਰਗਟ ਸਭਾ ਸਭ ਸੁਨਤ ਉਚਾਰਾ॥*
*ਮੈ ਬਡ ਭੂਪ ਬਡੋ ਬਰਿਆਰੂ॥ ਮੈ ਜੀਤਯੋ ਇਹ ਸਭ ਸੰਸਾਰੂ॥ ੧੨੩॥ ੩੫੦॥*
*ਏ ਦ੍ਵੈ ਬੀਰ ਬਡੇ ਬਰਿਆਰਾ॥ ਇਨ ਜੀਤੇ ਜੀਤੌ ਸੰਸਾਰਾ॥ ੧੨੪॥ ੩੫੧॥*

ਮਨ ਨਾ ਜਿੱਤੇ ਜਾਣ ਤੋਂ ਇਸ਼ਨਾਨ ਕਰਕੇ ਸੜਨ ਵਾਸਤੇ ਚਿਖਾ ਬਣਵਾਈ। ਸੰਬੰਧੀਆਂ, ਦੋਸਤਾਂ, ਅਹਿਲਕਾਰਾਂ, ਅਮੀਰਾਂ, ਵਜ਼ੀਰਾਂ, ਰਾਣੀਆਂ ਨੇ ਬਹੁਤ ਰੋਕਿਆ। ਕਾਹਲੀ ਨਾਲ ਇਸ ਦੇ ਚਰਨੀਂ ਲੱਗੇ। ਕਿਹਾ, ਹੇ ਰਾਜਾ ! ਇਉਂ ਨਾ ਕਰ, ਪਰ ਓਸ ਨੇ ਕਟਾਸ਼ ਤੀਰਥ 'ਤੇ ਇਸ਼ਨਾਨ ਕਰਕੇ ਕੇਸਰੀ ਬਸਤਰ ਪਹਿਨ ਕੇ, ਬਿਧੀ ਪੂਰਬਕ ਹੀਰੇ ਜਵਾਹਰਾਤ, ਸੁੰਦਰ ਬਸਤ੍ਰ, ਭੋਜਨ ਆਦਿਕ ਦਾਨ ਦਿੱਤਾ। ਚਿਖਾ 'ਤੇ ਬੈਠਣ ਤੇ ਚਿਖਾ ਨੂੰ ਅੱਗ ਨਹੀਂ ਲੱਗੀ। ਇਸ ਨੇ ਜੋਗ ਅਗਨਿ ਕੱਢ ਕੇ ਚਿਖਾ ਨੂੰ ਲਾਈ ਤਾਂ ਲਟ ਲਟ ਕਰਕੇ ਅੱਗ ਮੱਚਣ ਤੋਂ ਵਿਚੇ ਸੜ ਗਿਆ।

*ਤਬ ਜੋਗ ਅਗਨਿ ਨਿਕਾਰਿ॥ ਅਤਿ ਜ੍ਵਲਤ ਰੂਪ ਅਪਾਰਿ॥*
*ਤਬ ਕੀਅਸ ਆਪਨ ਦਾਹ॥ ਪੁਰ ਲਖਤ ਸ਼ਾਹਨ ਸ਼ਾਹ॥ ੧੨੯॥ ੩੫੬॥*
*ਯਥਾ: ਭਈ ਭੂਤ ਭਸਮੀ ਦੇਹ॥ ਧਨ ਧਾਮ ਛਾਡਯੋ ਨੇਹ॥ ੧੩੧॥ ੩੫॥*

(ਰੁਦ੍ਰ ਅਵਤਾਰ ਸੰਪੂਰਨ॥ )

❑

# ਸ਼ਬਦ ਹਜ਼ਾਰੇ ਪਾਤਸ਼ਾਹੀ ੧੦ ॥

## ੴ ਸਤਿਗੁਰ ਪ੍ਰਸਾਦਿ॥ ਰਾਮਕਲੀ ਪਾਤਸ਼ਾਹੀ ੧੦॥

*ਰੇ ਮਨ ਐਸੋ ਕਰਿ ਸੰਨਿਆਸਾ॥*

*ਬਨ ਸੇ ਸਦਨ ਸਭੈ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ॥ ੧॥ ਰਹਾਉ॥*

ਦਸਮੇਸ਼ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਉਚਾਰਨ ਕੀਤੇ ਹੋਏ ਸ਼ਬਦ ਹਜ਼ਾਰੇ। ਗੁਰਦੇਵ ਨੇ ਇਹ ਪਾਵਨ ਸ਼ਬਦ ਰਾਗਾਂ ਵਿਚ ਉਚਾਰਨ ਕੀਤੇ ਹਨ। ਇਹਨਾਂ ਸ਼ਬਦਾਂ ਵਿਚ ਪ੍ਰਭੂ ਸਿਮਰਨ ਅਤੇ ਪ੍ਰਭੂ ਗਿਆਨ ਦੀ ਵਡਿਆਈ ਤੇ ਅਵਤਾਰਵਾਦ ਦਾ ਖੰਡਨ ਕੀਤਾ ਹੈ। ਹਜ਼ੂਰ ਨੇ ਨਾਲ ਹੀ ਸੱਚੇ ਜੋਗ ਤੇ ਸੰਨਿਆਸ ਦਾ ਵਰਣਨ ਕੀਤਾ ਹੈ। ਇਹ ਰਾਮਕਲੀ, ਸੋਰਠਿ, ਕਲਿਆਣ, ਤਿਲੰਗ, ਬਿਲਾਵਲ, ਦੇਵਗੰਧਾਰੀ ਆਦਿ ਰਾਗਾਂ ਵਿਚ ਹਜ਼ੂਰ ਨੇ ਉਚਾਰਨ ਕੀਤੇ ਹਨ।

ਇਹ ਰਚਨਾ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਅੰਗ ੭੦੯ ਤੋਂ ਲੈ ਕੇ ੭੧੨ ਅੰਗ ਤੱਕ ਅੰਕਿਤ ਹੈ। ਸ਼ਬਦ ਹਜ਼ਾਰੇ ਪਾਤਸ਼ਾਹੀ ੧੦ ਕਰ ਕੇ ਗੁਟਕਿਆਂ ਵਿਚ ਬਾਣੀ ਦਰਜ ਹੈ।

*ੴ ਸਤਿਗੁਰ ਪ੍ਰਸਾਦਿ॥ ਰਾਮਕਲੀ ਪਾਤਸ਼ਾਹੀ ੧੦॥*

*ਰੇ ਮਨ ਐਸੋ ਕਰਿ ਸੰਨਿਆਸਾ॥*

*ਬਨ ਸੇ ਸਦਨ ਸਭੈ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ॥ ੧॥ ਰਹਾਉ॥*

*ਜਤ ਕੀ ਜਟਾ ਜੋਗ ਕੋ ਮੱਜਨੁ ਨੇਮ ਕੇ ਨਖਨ ਬਢਾਓ॥*

*ਗਯਾਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ॥ ੧॥*

*ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ॥*

*ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ॥ ੨॥*

*ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸੋ ਲਯਾਵੈ॥*

*ਤਬ ਹੀ ਆਤਮ ਤਤ ਕੋ ਦਰਸੇ ਪਰਮ ਪੁਰਖ ਕਹ ਪਾਵੈ॥ ੩॥*

ਯਥਾ :—

ਰਾਗੁ ਦੇਵਗੰਧਾਰੀ ਪਾਤਿਸ਼ਾਹੀ ੧੦॥

ਬਿਨ ਹਰਿ ਨਾਮ ਨ ਬਾਚਨ ਪੈਹੈ॥
ਚੌਦਹ ਲੋਕ ਜਾਹਿ ਬਸਿ ਕੀਨੇ ਤਾ ਤੇ ਕਹਾਂ ਪਲੈ ਹੈ॥ ੧॥ ਰਹਾਉ॥
ਰਾਮ ਰਹੀਮ ਉਬਾਰ ਨ ਸਕਿ ਹੈ ਜਾਕਰ ਨਾਮ ਰਟੈ ਹੈ॥
ਬ੍ਰਹਮਾ ਬਿਸ਼ਨ ਰੁਦ੍ਰ ਸੂਰਜ ਸਸਿ ਤੇ ਬਸਿ ਕਾਲ ਸਭੈ ਹੈ॥ ੧॥
ਬੇਦ ਪੁਰਾਨ ਕੁਰਾਨ ਸਭੈ ਮਤ ਜਾਕਹ ਨੇਤਿ ਕਹੈ ਹੈ॥
ਇੰਦ੍ਰ ਫਨਿੰਦ੍ਰ ਮੁਨਿੰਦ੍ਰ ਕਲਪ ਬਹੁ ਧਜਾਵਤ ਧਜਾਨ ਨ ਐਹੈ॥ ੨॥
ਜਾਕਰ ਰੂਪ ਰੰਗ ਨਹਿ ਜਨਿਯਤ ਸੋ ਕਿਮ ਸਜਾਮ ਕਹੈ ਹੈ॥
ਛੁਟਹੋ ਕਾਲ ਜਾਲ ਤੇ ਤਬ ਹੀ ਤਾਹਿ ਚਰਨ ਲਪਟੈ ਹੈ॥ ੩॥ ੧੦॥

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੭੧੨)

## ੩੩ ਸਵੱਯੇ

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ॥ ਸ੍ਰੀ ਮੁਖਵਾਕ ਪਾਤਿਸ਼ਾਹੀ ੧੦॥
ਸ੍ਵੈਯਾ॥

ਜਾਗਤਿ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹ ਏਕ ਪਛਾਨੈ॥
ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ॥ ੧॥

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੭੧੨)

ਇਹ ੩੩ ਸਵੱਈਏ ਇਕ ਤਰ੍ਹਾਂ ਅਕਾਲ ਉਸਤਤਿ ਹੀ ਹਨ। ਵਿਸ਼ੇਸ਼ ਕਰ ਕੇ ਇਹਨਾਂ ਵਿਚ ਅਵਤਾਰਵਾਦ ਤੇ ਮੂਰਤੀ-ਪੂਜਾ ਦਾ ਸਖ਼ਤ ਵਿਰੋਧ ਹੈ। ਗੁਰੂ ਸਾਹਿਬ ਜੀ ਅਸੀਮ ਤੇ ਅਨੰਤ ਸ਼ਕਤੀ ਨੂੰ ਜਨਮ ਮਰਨ ਦੀ ਸੀਮਾ ਵਿਚ ਨਹੀਂ ਮੰਨਦੇ, ਕਿਉਂਕਿ ਇਸ ਨਾਲ ਸਰਬ ਵਿਆਪਕ ਸੱਤਾ ਦਾ ਸੰਕਲਪ ਧੁੰਧਲਾ ਪੈਂਦਾ ਹੈ। ਹਿੰਦੂ ਮੱਤ ਵਿਚ ਅਜਿਹੀਆਂ ਅਨੇਕਾਂ ਮਨੌਤਾਂ ਸਨ, ਜਿਨ੍ਹਾਂ ਨੂੰ ਗੁਰਦੇਵ ਨੇ ਸਪੱਸ਼ਟ ਸ਼ਬਦਾਂ ਵਿਚ ਖੰਡਨ ਕੀਤਾ ਹੈ ਅਤੇ ਇਸ ਤੋਂ ਇਲਾਵਾ ਪ੍ਰੋਹਤ ਜਮਾਤ—ਪੰਡਿਤ, ਜੋਗੀ ਤੇ ਮਸੰਦਾਂ ਦੀਆਂ ਕਰਤੂਤਾਂ ਉੱਤੇ ਵੀ ਸਖ਼ਤ ਅਲੋਚਨਾ ਕੀਤੀ ਹੈ। ਇਹਨਾਂ ਸਵੱਈਆਂ ਦੇ ਆਦਿ ਵਿਚ ਖ਼ਾਲਸੇ ਦੇ ਗੁਰਮਤਿ ਸਿਧਾਂਤ ਨੂੰ ਉਜਾਗਰ ਕੀਤਾ ਗਿਆ ਹੈ। ਇਸ ਗੁਰਮਤਿ ਸਿਧਾਂਤ ਨੂੰ ਇਸ ਤਰ੍ਹਾਂ ਸਪੱਸ਼ਟ ਕਰਕੇ ਦੱਸਿਆ ਹੈ।

(1) ਖ਼ਾਲਸੇ ਦਾ ਜਾਗਤ ਜੋਤ ਦਾ ਪੁਜਾਰੀ ਹੋਣਾ।

(2) ਮੁਰਦਾ ਕਬਰਾਂ, ਮੜੀਆਂ, ਮੱਠਾਂ ਆਦਿ ਦੀ ਪੂਜਾ ਤੋਂ ਬਚਣਾ ਹੈ ਖ਼ਾਲਸੇ ਨੇ।

(3) ਕਰਮ-ਕਾਂਡਾਂ ਤੋਂ ਪ੍ਰਹੇਜ਼ ਕਰਨਾ ਹੈ।

(4) ਪ੍ਰੇਮਾ ਭਗਤੀ ਦੁਆਰਾ ਅੰਤਰ ਆਤਮੇ ਪਰਮ ਜੋਤਿ ਨੂੰ ਅਨੁਭਵ ਕਰਨਾ ਹੈ।

ਇਹ ਬਾਣੀ ੩੩ ਸਵੱਈਏ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਅੰਗ ੭੧੨ ਤੋਂ ਲੈ ਕੇ ੭੧੬ ਤੱਕ ਦਰਜ ਹੈ, ਇਹਨਾਂ ਵਿਚੋਂ ਕੁਝ ਕੁ ਮੂਲ ਪਾਠ ਇਥੇ ਦੇ ਰਹੇ ਹਾਂ :

*ਆਦਿ ਅਨਾਦਿ ਅਗਾਧਿ ਕਥਾ ਧ੍ਰੂਅ ਸੇ ਪ੍ਰਹਿਲਾਦਿ ਅਜਾਮਲ ਤਾਰੇ॥*
*ਨਾਮੁ ਉਚਾਰ ਤਰੀ ਗਨਿਕਾ ਸੋਈ ਨਾਮ ਅਧਾਰ ਬੀਚਾਰ ਹਮਾਰੇ॥ ੧੦॥*

(ਸ੍ਰੀ ਦਸਮ ਗ੍ਰੰਥ ਸਾਹਿ, ਅੰਗ ੭੧੩)

*ਕਜੋਂ ਕਹੁ ਕ੍ਰਿਸ਼ਨ ਕ੍ਰਿਪਾਨਿਧ ਹੈ ਕਿਹ ਕਾਜ ਤੇ ਬੱਧਕ ਬਾਣ ਲਗਾਯੋ॥*
*ਅਉਰ ਕੁਲੀਨ ਉਧਾਰਤ ਜੋ ਕਿਹ ਤੇ ਅਪਨੋ ਕੁਲ ਨਾਸੁ ਕਰਾਯੋ॥*
*ਆਦਿ ਅਜੋਨਿ ਕਹਾਇ ਕਹੋ ਕਿਮ ਦੇਵਕਿ ਕੇ ਜਠਰੰਤਰ ਆਯੋ॥*
*ਤਾਤ ਨ ਮਾਤ ਕਹੈ ਜਿਹ ਕੋ ਤਿਹ ਕਜੋਂ ਬਸੁਦੇਵਹਿ ਬਾਪੁ ਕਹਾਯੋ॥ ੧੪॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੭੧੩)

*ਕਾਹੇ ਕੋ ਏਸ਼ ਮਹੇਸ਼ਹਿ ਭਾਖਤ ਕਾਹਿ ਦਿਜੇਸ਼ ਕੋ ਏਸ਼ ਬਖਾਨਜੋ॥*
*ਹੈ ਨ ਰਘ੍ਵੇਸ਼ ਜਦ੍ਵੇਸ਼ ਰਮਾਪਤਿ ਤੈ ਜਿਨਕੋ ਬਿਸ੍ਵਨਾਥ ਪਛਾਨਜੋ॥*
*ਏਕ ਕੋ ਛਾਡਿ ਅਨੇਕ ਭਜੈ ਸੁਕਦੇਵ ਪਰਾਸਰ ਬਜਾਸ ਝੁਠਾਨਜੋ॥*
*ਫੋਕਟ ਧਰਮ ਸਜੇ ਸਭ ਹੀ ਹਮ ਏਕ ਹੀ ਕੌ ਬਿਧ ਨੇਕ ਪ੍ਰਮਾਨਜੋ॥ ੧੫॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੭੧੪)

*ਕੋਊ ਦਿਜੇਸ਼ ਕੌ ਮਾਨਤ ਹੈ ਅਰੁ ਕੋਊ ਮਹੇਸ਼ ਕੌ ਏਸ਼ ਬਤੈ ਹੈ॥*
*ਕੋਊ ਕਹੈ ਬਿਸ਼ਨੋ ਬਿਸ਼ਨਾਇਕ ਜਾਹਿ ਭਜੇ ਅਘ ਓਘ ਕਟੈ ਹੈ॥*
*ਬਾਰ ਹਜ਼ਾਰ ਬਿਚਾਰ ਅਰੇ ਜੜ ਅੰਤ ਸਮੈ ਸਭ ਹੀ ਤਜਿ ਜੈ ਹੈ॥*
*ਤਾਹੀ ਕੋ ਧਜਾਨ ਪ੍ਰਮਾਨਿ ਹੀਏ ਜੋਊ ਥੇ ਅਬ ਹੈ ਅਰੁ ਆਗੈਊ ਹ੍ਵੈ ਹੈ॥ ੧੬॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੭੧੪)

*ਕੋਟਕ ਇੰਦ੍ਰ ਕਰੇ ਜਿਹਕੋ ਕਈ ਕੋਟਿ ਉਪਿੰਦ੍ਰ ਬਨਾਇ ਖਪਾਯੋ॥*
*ਦਾਨਵ ਦੇਵ ਫਨਿੰਦ੍ਰ ਧਰਾਧਰ ਪੱਛ ਪਸ਼ੂ ਨਹਿ ਜਾਤਿ ਗਨਾਯੋ॥*
*ਆਜ ਲਗੇ ਤਪੁ ਸਾਧਤ ਹੈ ਸ਼ਿਵਊ ਬ੍ਰਹਮਾ ਕਛੂ ਪਾਰ ਨ ਪਾਯੋ॥*

*ਬੇਦ ਕਤੇਬ ਨ ਭੇਦ ਲਖਯੋ ਜਿਹ ਸੋਊ ਗੁਰੂ ਗੁਰ ਮੋਹਿ ਬਤਾਯੋ॥ ੧੭॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੭੧੪)

*ਕਾਹੇ ਕਉ ਪੂਜਤ ਪਾਹਨ ਕਉ ਕਛੁ ਪਾਹਨ ਮੈ ਪਰਮੇਸ਼ਰ ਨਾਹੀ॥*
*ਤਾਹੀ ਕੋ ਪੂਜ ਪ੍ਰਭੂ ਕਰਿ ਕੈ ਜਿਹ ਪੂਜਤ ਹੀ ਅਘ ਓਘ ਮਿਟਾਹੀ॥*
*ਆਧਿ ਬਿਆਧਿ ਕੇ ਬੰਧਨ ਜੇਤਕ ਨਾਮ ਕੇ ਲੇਤ ਸਭੈ ਛੁਟਿ ਜਾਹੀ॥*
*ਤਾਹੀ ਕੋ ਧਯਾਨੁ ਪ੍ਰਮਾਨ ਸਦਾ ਇਨ ਫੋਕਟ ਧਰਮ ਕਰੇ ਫਲੁ ਨਾਹੀ॥ ੨੦॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੭੧੪)

## ਖ਼ਾਲਸਾ ਮਹਿਮਾ

*ੴ ਸ੍ਰੀ ਵਾਹਿਗੁਰੂ ਜੀ ਕੀ ਫਤੇਹ॥*
*ਸ੍ਰੀ ਮੁਖਵਾਕ ਪਾਤਸ਼ਾਹੀ ੧੦॥*

*ਸ੍ਵੈਯਾ॥ ਜੋ ਕਿਛੁ ਲੇਖੁ ਲਿਖਿਓ ਬਿਧਨਾ ਸੋਈ ਪਾਈਯਤੁ ਮਿਸ਼ਰ ਜੂ ਸ਼ੋਕ ਨਿਵਾਰੋ॥*

ਪਹਿਲੇ ਸਵੱਈਏ ਵਿਚ ਭਾਰਤ ਦੀ ਪੁਰਾਣੀ ਪ੍ਰੋਹਤ ਜਮਾਤ ਉੱਤੇ ਵਿਅੰਗ ਕੱਸਿਆ ਗਿਆ ਹੈ ਜੋ ਆਪਣੇ ਆਪ ਨੂੰ ਪੂਜਯ ਬਣਾ ਕੇ ਲੋਕਾਂ ਨੂੰ ਵਰਗਲਾਉਂਦੀ ਰਹਿੰਦੀ ਸੀ। ਦੋ ਸਵੱਈਏ ਖ਼ਾਲਸਾ ਦੀ ਮਹਿਮਾ ਵਡਿਆਈ ਕਰਦਿਆਂ ਗੁਰਦੇਵ ਨੇ ਉਚਾਰਨ ਕੀਤੇ ਹਨ। ਹਜ਼ੂਰ ਨੇ ਸਪੱਸ਼ਟ ਤੌਰ 'ਤੇ ਆਖਿਆ ਹੈ ਕਿ ਖ਼ਾਲਸੇ ਦੀ ਕਿਰਪਾ ਨਾਲ ਹੀ ਜੰਗ ਜੁੱਧ ਜਿੱਤੇ ਹਨ ਅਤੇ ਖ਼ਾਲਸਾ ਹੀ ਸਾਰੇ ਕਰਮ ਖੇਤਰਾਂ ਵਿਚ, ਵਿਦਿਅਕ, ਧਾਰਮਿਕ ਤੇ ਰਾਜਸੀ ਆਦਿ ਖੇਤਰਾਂ ਵਿਚ ਸਫਲਤਾ ਦੇਣ ਵਾਲਾ ਹੈ। ਇਸ ਕਰ ਕੇ ਗੁਰਦੇਵ ਨੇ ਕਿਹਾ ਹੈ ਕਿ ਖ਼ਾਲਸੇ ਦੀ ਸੇਵਾ ਕਰਨੀ ਹੈ ਅਤੇ ਹੋਰ ਵਿਹਲੜ ਬ੍ਰਾਹਮਣਾਂ ਦੀ ਨਹੀਂ ਕਰਨੀ।

ਕਲਗੀਧਰ ਜੀ ਨੇ ਇਥੋਂ ਤੱਕ ਵੀ ਕਹਿ ਦਿੱਤਾ ਹੈ ਕਿ ਮੇਰੇ ਘਰ ਜੋ ਵੀ ਸਮੱਗਰੀ ਹੈ ਅਤੇ ਮੇਰਾ ਤਨ ਮਨ ਖ਼ਾਲਸੇ ਨੂੰ ਹੀ ਸਮਰਪਣ ਹੈ। ਇਸ ਤੋਂ ਸ਼ਾਇਦ ਪਹਿਲਾਂ ਕਿਸੇ ਵੀ ਪੀਰ, ਪੈਗ਼ੰਬਰ, ਅਵਤਾਰ ਆਦਿ ਨੇ ਆਪਣੇ ਸ਼ਿਸ਼, ਸੇਵਕਾਂ, ਮੁਰੀਦਾਂ ਨੂੰ ਇਤਨਾ ਮਾਨ ਸਤਿਕਾਰ ਨਹੀਂ ਦਿੱਤਾ। ਇਹ ਹਜ਼ੂਰ ਦਾ ਬੜਾ ਹੀ ਕ੍ਰਾਂਤੀਕਾਰੀ ਵਿਚਾਰ ਸੀ, ਜਿਸ ਨਾਲ ਗ਼ਰੀਬ ਕਿਰਤੀਆਂ ਦਾ ਆਤਮ-ਵਿਸ਼ਵਾਸ ਵਧਿਆ ਹੈ, ਜਿਸ ਦਾ ਸਦਕਾ ਉਹ ਹਰ ਮੈਦਾਨ ਫਤੇਹ ਪਾਉਂਦੇ ਗਏ ਹਨ ਅਤੇ ਇਸ ਵਿਚਾਰ ਨਾਲ ਪ੍ਰੋਹਤ ਜਗਤ ਦੀ ਮਾਨ ਪ੍ਰਤਿਸ਼ਠਾ ਨੂੰ ਠੇਸ ਲੱਗਣਾ ਕੁਦਰਤੀ ਗੱਲ ਸੀ।

*ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ, ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ॥*
*ਅਘ ਅਉਘ ਟਰੇ ਇਨ ਹੀ ਕੇ ਪ੍ਰਸਾਦਿ, ਇਨ ਹੀ ਕੀ ਕ੍ਰਿਪਾ ਫੁਨ ਧਾਮ ਭਰੇ॥*

*ਇਨ ਹੀ ਕੇ ਪ੍ਰਸਾਦਿ ਸੁ ਬਿਦਿਆ ਲਈ ਇਨ ਹੀ ਕੀ ਕ੍ਰਿਪਾ ਸਭ ਸ਼ੱਤ੍ਰੂ ਮਰੇ॥*
*ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀ ਮੋਸੋ ਗਰੀਬ ਕਰੋਰ ਪਰੇ॥ ੨॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੭੧੬)

*ਸੇਵ ਕਰੀ ਇਨ ਹੀ ਕੀ ਭਾਵਤ ਅਉਰ ਕੀ ਸੇਵ ਸੁਹਾਤ ਨ ਜੀਕੋ॥*
*ਦਾਨ ਦਯੋ ਇਨ ਹੀ ਕੋ ਭਲੋ ਅਰੁ ਆਨ ਕੋ ਦਾਨ ਨ ਲਾਗਤ ਨੀਕੋ॥*
*ਆਗੈ ਫਲੈ ਇਨ ਹੀ ਕੋ ਦਯੋ ਜਗ ਮੈ ਜਸੁ ਅਉਰ ਦਯੋ ਸਭ ਫੀਕੋ॥*
*ਮੋ ਗ੍ਰਿਹ ਮੈ ਮਨ ਤੇ ਤਨ ਤੇ ਸਿਰ ਲਉ ਧਨ ਹੈ ਸਭ ਹੀ ਇਨ ਹੀ ਕੋ॥ ੩॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੭੧੬)

❑

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਸ੍ਰੀ ਭਗਉਤੀ ਜੀ ਸਹਾਇ॥

# ਅਥ ਸ੍ਰੀ ਸ਼ਸਤ੍ਰਨਾਮ ਮਾਲਾ ਪੁਰਾਣ ਲਿਖਯਤੇ॥ ਪਾਤਸ਼ਾਹੀ ੧੦॥

ਹਿੰਦੀ ਵਿਚ 'ਨਾਮ ਮਾਲਾ' ਕੋਸ਼ ਜਾਂ ਡਿਕਸ਼ਨਰੀ ਨੂੰ ਕਹਿੰਦੇ ਹਨ। ਇਹ ਇਕ ਤਰ੍ਹਾਂ ਸ਼ਸਤ੍ਰਾਂ ਦਾ ਕੋਸ਼ ਹੈ, ਜਿਸ ਦੇ ਪੰਜ ਅਧਿਆਵਾਂ ਵਿਚ ਪੰਜ ਮੁਖ ਸ਼ਸਤਰਾਂ—ਤਲਵਾਰ, ਚਕ੍ਰ, ਤੀਰ, ਪਾਸ਼ ਤੇ ਤੁਪਕ (ਬੰਦੂਕ) ਦੇ ਅਨੇਕ-ਭਾਂਤੀ ਨਾਮ ਅਦ੍ਰਿਸ਼ਟ ਕੂਟ ਦੇ ਅਲੰਕਾਰਕ ਚਮਤਕਾਰ ਦੁਆਰਾ ਇਹ ਅੰਕਿਤ ਕੀਤੇ ਗਏ ਹਨ। ਸੋ ਇਹ ਦਸਮ ਗ੍ਰੰਥ ਸ਼ਸਤਰ-ਚਮਤਕਾਰ ਵੀ ਹੈ ਤੇ ਸ਼ਾਸਤਰ ਚਮਤਕਾਰ ਵੀ ਹੈ। ਯੁੱਧਜੀਵੀ ਤੇ ਬੁਧਿਜੀਵੀ ਦੋਹਾਂ ਤਰ੍ਹਾਂ ਦੇ ਪਾਠਕ ਇਸ ਦਾ ਰਸ ਮਾਣ ਸਕਦੇ ਹਨ। ਜਿਹਾ ਕਿ ਅਸੀਂ ਅੱਗੇ ਵੀ ਕਈ ਥਾਂ ਆਖ ਚੁੱਕੇ ਹਾਂ ਕਿ ਗੁਰੂ ਸਾਹਿਬ ਦਾ ਹਰ ਸਾਹਿਤਕ ਕਰਮ ਮਨੁੱਖੀ ਸਾਹਸ ਤੇ ਬੀਰਤਾ ਨੂੰ ਜਗਾਉਣਹਾਰਾ ਹੈ, ਚਾਹੇ ਉਹ ਅਧਿਆਤਮਕ ਸਾਹਿਤ ਹੈ, ਚਾਹੇ ਅਵਤਾਰਾਂ ਦੀ ਕਥਾ-ਸਾਹਿਤ, ਇਹ ਕੋਸ਼-ਸਾਹਿਤ ਵੀ ਇਸੇ ਲੜੀ ਦਾ ਹੀ ਇਕ ਮਣਕਾ ਹੈ। ਸ਼ਾਇਦ ਹਿੰਦੀ ਵਿਚ ਇਹ ਆਪਣੀ ਤਰ੍ਹਾਂ ਦੀ ਇਕ ਅਨੋਖੀ ਰਚਨਾ ਹੈ, ਜਿਸ ਵਿਚ ਕੇਵਲ ਸ਼ਸਤਰਾਂ ਦੀ ਨਾਮਮਾਲਾ ਅੰਕਿਤ ਹੈ।

ਗੁਰੂ ਸਾਹਿਬ ਜੀ ਦੇ ਹੁਕਮਨਾਮਿਆਂ ਵਿਚ ਸੰਗਤਾਂ ਨੂੰ ਬਾਰ-ਬਾਰ ਤਾਕੀਦ ਕੀਤੀ ਮਿਲਦੀ ਹੈ :

*'ਸੰਗਤਿ ਹਥੀਆਰ ਬੰਨ ਕੈ ਦਰਸ਼ਨ ਆਵਣਾ।'*

*ਸਰਬਤਿ ਖਾਲਸੇ ਹਥੀਯਾਰ ਬਨਿ ਕੈ ਹਜੂਰਿ ਆਵਣਾ।'*

*'ਜੋ ਸਿਖ ਹਥੀਆਰ ਬਨਿ ਕੇ ਦਰਸਨਿ ਆਵਗੁ।*

*ਸੋ ਨਿਹਾਲ ਹੋਵਗੁ।'*

ਇਹ ਪੰਜ ਹਥਿਆਰ ਹਨ—ਕ੍ਰਿਪਾਨ, ਤੀਰ ਕਮਾਨ, ਨੇਜ਼ਾ, ਕਟਾਰ ਤੇ ਬੰਦੂਕ। ਸ਼ਸਤ੍ਰਨਾਮ ਮਾਲਾ ਦੇ ਪੰਜਾਂ ਅਧਿਆਵਾਂ ਵਿਚ ਕ੍ਰਿਪਾਨ, ਚਕਰ, ਤੀਰ, ਪਾਸ਼ ਤੇ ਤੁਪਕ—ਇਨ੍ਹਾਂ ਪੰਜ ਹਥਿਆਰਾਂ ਦੀ ਨਾਮਾਵਲੀ ਦਿੱਤੀ ਹੈ। ਪਹਿਲੇ ਅਧਿਆਇ ਵਿਚ ਇਨ੍ਹਾਂ ਸ਼ਸਤਰਾਂ

ਦੇ ਨਾਲ ਬਰਛੀ ਤੇ ਕਟਾਰ ਆਦਿ ਦੇ ਨਾਮ ਵੀ ਦਿੱਤੇ ਹਨ।

ਪਹਿਲੇ ੨੭ ਛੰਦ ਮੰਗਲਾਚਰਣ ਦੇ ਹਨ, ਜਿਸ ਵਿਚ ਸ਼ਸਤਰ ਤੇ ਰੱਬੀ ਸ਼ਕਤੀ ਨੂੰ ਇਕ ਰੂਪ ਕਰਕੇ ਪੇਸ਼ ਕੀਤਾ ਗਿਆ ਹੈ ਤਾਂ ਕਿ ਸੰਤ ਸਿਪਾਹੀ ਸ਼ਸਤਰ-ਪਿਆਰ ਤੇ ਰੱਬੀ-ਪਿਆਰ ਨੂੰ ਇਕੋ ਤਸਵੀਰ ਦੇ ਦੋ ਪਹਿਲੂ ਜਾਣ ਸਕਣ। ਫਿਰ ਵੇਰਵਾ ਇਸ ਪ੍ਰਕਾਰ ਹੈ :

੧ ਅਧਿਆਇ ੨੮ ਤੋਂ ੫੬ ਛੰਦ ਤਕ—ਤਲਵਾਰ ਦੇ ਨਾਮ ਹਨ।

੨ ਅਧਿਆਇ ੫੭ ਤੋਂ ੭੪ ਛੰਦ ਤਕ—ਚੱਕਰ ਦੇ ਨਾਮ ਹਨ।

੩ ਅਧਿਆਇ ੭੫ ਤੋਂ ੨੫੨ ਛੰਦ ਤਕ—ਤੀਰਾਂ ਦੇ ਨਾਮ ਅੰਕਿਤ ਹਨ।

੪ ਅਧਿਆਇ ੨੫੩ ਤੋਂ ੪੬੦ ਛੰਦ ਤਕ—ਪਾਸ਼ ਦੇ ਨਾਮ ਹਨ।

੫ ਅਧਿਆਇ ੪੬੧ ਤੋਂ ੧੩੧੮ ਛੰਦ ਤਕ—ਤੁਪਕ ਦੇ ਨਾਮ ਹਨ।

ਪਹਿਲੇ ਮੰਗਲਾਚਰਣ ਰੂਪ ਵਿਚ ਦਿੱਤੀ ਭੂਮਿਕਾ ਗੁਰੂ-ਕਵੀ ਦੇ ਪੱਖ ਨੂੰ ਬਹੁਤ ਸੁੰਦਰ ਭਾਂਤ ਉਜਾਗਰ ਕਰਦੀ ਹੈ। ਕਲਾਕਾਰ ਦਾ ਇਹ ਢੰਗ ਨਵਾਂ ਰੰਗ ਭਰਨ ਵਾਲਾ ਹੈ। ਸੰਤਾਂ ਵਿਚ ਸਿਪਾਹੀ ਦਾ ਰੰਗ ਤੇ ਕਮਜ਼ੋਰਾਂ ਨਿਤਾਣਿਆਂ ਵਿਚ ਜੋਧਿਆਂ ਦਾ ਰੰਗ ਭਰਨ ਵਾਲੇ ਗੁਰੂ ਸਾਹਿਬ ਜੀ ਇਉਂ ਸ਼ੁਰੂ ਕਰਦੇ ਹਨ :

*ਸਾਂਗ ਸਰੋਹੀ ਸੈਫ ਅਸ ਤੀਰੁ ਤੁਪਕ ਤਲਵਾਰ॥*
*ਸੱਤ੍ਰਾਂਤਕ ਕਵਚਾਂਤਿ ਕਰਿ ਕਰੀਐ ਰੱਛ ਹਮਾਰ॥ ੧॥*
*ਅਸਿ ਕ੍ਰਿਪਾਨ ਧਾਰਾਧਰੀ ਸੈਲ ਸੂਫ ਜਮਦਾਢ॥*
*ਕਵਚਾਂਤਕ ਸੱਤ੍ਰਾਂਤ ਕਰ ਤੇਗ ਤੀਰ ਰਨਬਾਢ॥ ੨॥*
*ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ॥*
*ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ॥ ੩॥*
*ਤੀਰ ਤੁਹੀ ਸੈਹਥੀ ਤੁਹੀ ਤੁਹੀ ਤਬਰ ਤਰਵਾਰ॥*
*ਨਾਮ ਤਿਹਾਰੋ ਜੋ ਜਪੈ ਭਏ ਸਿੰਧ ਭਵ ਪਾਰ॥ ੪॥*
*ਕਾਲ ਤੁਹੀ ਕਾਲੀ ਤੁਹੀ ਤੁਹੀ ਤੇਗ ਅਰੁ ਤੀਰ॥*
*ਤੁਹੀ ਨਿਸ਼ਾਨੀ ਜੀਤ ਕੀ ਆਜੁ ਤੁਹੀ ਜਗਬੀਰ॥ ੫॥*
*ਤੁਹੀ ਸੂਲ ਸੈਹਥੀ ਤਬਰ ਤੂੰ ਨਿਖੰਗ ਅਰੁ ਬਾਨ॥*
*ਤੁਹੀ ਕਟਾਰੀ ਸੇਲ ਸਭ ਤੁਮਹੀ ਕਰਦ ਕ੍ਰਿਪਾਨ॥ ੬॥*
*ਸ਼ਸਤਰ ਅਸਤ੍ਰ ਤੁਮਹੀ ਸਿਪਰ ਤੁਮਹੀ ਕਵਚ ਨਿਖੰਗ॥*
*ਕਵਚਾਂਤਕ ਤੁਮਹੀ ਬਨੇ ਤੁਮ ਬਯਾਪਕ ਸਰਬੰਗ॥ ੭॥*

ਇਸ ਮਹਾਂ ਸ਼ਕਤੀ ਨੂੰ ਸ਼ਸਤਰਾਂ ਤੱਕ ਹੀ ਸੀਮਤ ਨਹੀਂ ਰੱਖਿਆ, ਗੁਰੂ ਸਾਹਿਬ ਜੀ ਉਸ ਦੇ ਅਸ਼ਸਤ੍ਰ ਰੂਪ ਨੂੰ ਵੀ ਮੂਰਤੀਮਾਨ ਕਰਦੇ, ਹਰ ਯੁੱਗ ਦੇ ਅਵਤਾਰ ਵਿਚ ਉਸ ਦੀ ਸੱਤਾ ਦੇਖ ਰਹੇ ਹਨ :

*ਪ੍ਰਿਥਮ ਉਪਾਵਹੁ ਜਗਤ ਤੁਮ ਤੁਮਹੀਂ ਪੰਥ ਬਨਾਇ॥*
*ਆਪ ਤੁਹੀ ਝਗਰਾ ਕਰੋ ਤੁਮਹੀਂ ਕਰੋ ਸਹਾਇ॥ ੧੫॥*
*ਮੱਛ ਕੱਛ ਬਾਰਾਹ ਤੁਮ ਤੁਮ ਬਾਵਨ ਅਵਤਾਰ॥*
*ਨਰਸਿੰਘ ਬਉਧਾ ਤੁਹੀਂ ਤੁਹੀਂ ਜਗਤ ਕੋ ਸਾਰ॥ ੧੬॥*
*ਤੁਹੀਂ ਰਾਮ ਸ੍ਰੀ ਕ੍ਰਿਸ਼ਨ ਤੁਮ ਤੁਹੀਂ ਬਿਸ਼ਨ ਕੋ ਰੂਪ॥*
*ਤੁਹੀਂ ਪ੍ਰਜਾ ਸਭ ਜਗਤ ਕੀ ਤੁਹੀਂ ਆਪ ਹੀ ਭੂਪ॥ ੧੭॥*
*ਤੁਹੀਂ ਬਿਪ੍ਰ ਛਤ੍ਰੀ ਤੁਹੀਂ ਤੁਹੀਂ ਰੰਕ ਅਰ ਰਾਉ॥*
*ਸਾਮ ਦਾਮ ਅਰ ਡੰਡ ਤੂੰ ਤੁਮਹੀ ਭੇਦ ਉਪਾਉ॥ ੧੮॥*
*ਸੀਸ ਤੁਹੀਂ ਕਾਯਾ ਤੁਹੀਂ ਤੈਂ ਪ੍ਰਾਨੀ ਕੇ ਪ੍ਰਾਨ॥*
*ਤੈਂ ਬਿਦਯਾ ਜਗ ਬਕਤ੍ਰ ਹੁਇ ਕਰੇ ਬੇਦ ਬਖਯਾਨ॥ ੧੯॥*

ਇਹ ਮੰਗਲਾਚਰਣ ਪ੍ਰਗਟ ਕਰਦਾ ਹੈ ਕਿ ਗੁਰੂ ਸਾਹਿਬ ਦੀ ਨਜ਼ਰ ਵਿਚ ਮਹਾਂ ਸ਼ਕਤੀ ਉਹੋ ਹੀ ਹੈ ਜੋ ਸਾਰੀ ਸ੍ਰਿਸ਼ਟੀ ਦੀ ਸਾਜਨਹਾਰ ਤੇ ਬਿਨਾਸਨਹਾਰ ਹੈ। ਇਸ ਤੋਂ ਵੀ ਅੱਗੇ ਸਤਿਗੁਰੂ ਆਪਣਾ ਅਨੁਭਵ ਦੱਸਦੇ ਕਹਿੰਦੇ ਹਨ ਕਿ ਇਹ ਮਹਾਂ ਸ਼ਕਤੀ, ਰਚਨਾ ਤੋਂ ਭਿੰਨ ਨਹੀਂ ਬਲਕਿ ਕਾਇਆ ਤੇ ਪ੍ਰਾਣ ਰੂਪ ਵੀ ਇਹੋ ਹੈ, ਵਿਦਿਆ ਤੇ ਗਿਆਨ ਰੂਪ ਵੀ ਇਹੋ ਹੈ। ਫਿਰ ਸਮੁੱਚੇ ਤੌਰ 'ਤੇ ੭-੮ ਦੋਹਰਿਆਂ ਵਿਚ ਸਾਰੇ ਮੁਖ ਸ਼ਸਤਰਾਂ ਨੂੰ ਪ੍ਰਣਾਮ ਕੀਤੀ ਤੇ ਆਖਿਆ ਕਿ ਤੁਹਾਡੀ ਕ੍ਰਿਪਾ ਨਾਲ ਹੀ ਰਾਜੇ ਬਣਦੇ ਤੇ ਜਮਾਂ ਦੇ ਫਾਹੇ ਕੱਟੇ ਜਾਂਦੇ ਹਨ ਅਰਥਾਤ ਰਾਜ ਤੇ ਮੁਕਤੀ ਦੋਵੇਂ ਤੁਹਾਡੇ ਹੱਥ ਵਿਚ ਹਨ। ਤੁਸੀਂ ਆਪਣਾ ਜਾਣ ਕੇ ਮੇਰੇ ਵੀ ਕੰਮ ਸਵਾਰੋ :

*ਬਾਂਕ ਬਜ੍ਰ ਬਿਛੂਓ ਬਿਸਿਖ, ਬਿਰਹਬਾਨ ਸਭ ਰੂਪ॥*
*ਜਿਨਕੋ ਤੁਮ ਕਿਰਪਾ ਕਰੀ, ਭਏ ਜਗਤ ਕੇ ਭੂਪ॥ ੨੫॥*
*ਸ਼ਸਤ੍ਰ ਸ਼ੇਰ ਸਮਰਾਂਤ ਕਰਿ, ਸਿੱਪਰਾਰਿ ਸ਼ਮਸ਼ੇਰ॥*
*ਮੁਕਤ ਜਾਲ ਜਮ ਕੇ ਭਏ, ਜਿਮੈ ਕਹਿਯੋ ਇਕ ਬੇਰ॥ ੨੬॥*
*ਸੈਫ ਸਰੋਹੀ ਸ਼ੱਤ੍ਰ ਅਰਿ, ਸਾਰੰਗਾਰਿ ਜਿਹ ਨਾਮ॥*
*ਸਦਾ ਹਮਾਰੇ ਚਿਤ ਬਸੋ, ਸਦਾ ਕਰੋ ਮਮ ਕਾਮ॥ ੨੭॥*

ਇਸ ਸੰਖਿਪਤ ਭੂਮਿਕਾ ਪਿੱਛੋਂ ਕੋਸ਼ ਸ਼ੁਰੂ ਹੁੰਦਾ ਹੈ।

ਗੁਰੂ ਸਾਹਿਬ ਨੇ ਅਦ੍ਰਿਸ਼ਟ ਕੂਟ ਅਲੰਕਾਰ ਨਾਲ ਕਿਸ ਤਰ੍ਹਾਂ ਸ਼ਸਤਰਾਂ ਦੀ ਅਨੇਕ ਭਾਂਤੀ ਨਾਮ ਮਾਲਾ ਪੇਸ਼ ਕੀਤੀ ਹੈ, ਇਹ ਵੱਖੋ ਵੱਖ ਵੰਨਗੀਆਂ ਰਾਹੀਂ ਹੀ ਸਮਝਿਆ ਤੇ ਸੁਆਦਿਆ ਜਾ ਸਕਦਾ ਹੈ।

(ੳ) ਜਿਵੇਂ ਤਲਵਾਰ ਦੇ ਨਾਂ ਕਵਚ-ਅਰਿ, (ਸੰਜੋਅ ਦੀ ਦੁਸ਼ਮਣ) ਸ਼ਤਰੂ-ਦੁਸ਼ਟ (ਦੁਸ਼ਟਾਂ ਦੀ ਵੈਰਨ) ਸ਼ਸਤ੍ਰਪਤਿ (ਸ਼ਸਤਰਾਂ ਦੀ ਮਲਕਾ) ਆਦਿ ਇਉਂ ਅੰਕਿਤ ਕੀਤੇ ਗਏ ਹਨ :

*ਕਵਚ ਸ਼ਬਦ ਪ੍ਰਿਥਮੈ ਕਹੌ, ਅੰਤ ਸ਼ਬਦ ਅਰਿ ਦੇਹੁ॥*
*ਸਭ ਹੀ ਨਾਮ ਕ੍ਰਿਪਾਨ ਕੇ, ਜਾਨ ਚਤੁਰ ਜੀਅ ਲੇਹੁ॥ ੨੮॥*
*ਸ਼ਤ੍ਰੁ ਸ਼ਬਦ ਪ੍ਰਿਥਮੌ ਕਹੌ, ਅੰਤ ਦੁਸ਼ਟ ਪਦ ਭਾਖੁ॥*
*ਸਭੈ ਨਾਮ ਜਗੰਨਾਥ ਕੌ, ਸਦਾ ਹ੍ਰਿਦੇ ਮੌ ਰਾਖੁ॥ ੨੯॥*
*ਸਭ ਸ਼ਸਤ੍ਰਨ ਕੇ ਨਾਮ ਕਹਿ, ਪ੍ਰਿਥਮ ਅੰਤ ਪਤਿ ਭਾਖੁ॥*
*ਸਭ ਹੀ ਨਾਮ ਕਿਰਪਾਨ ਕੇ, ਜਾਣ ਹ੍ਰਿਦੇ ਮਹਿ ਰਾਖੁ॥ ੩੪॥*

(ਅ) ਚੱਕਰ ਦੇ ਨਾਮ :—

*ਬਿਸ਼ਨ ਨਾਮ ਪ੍ਰਿਥਮੈ ਉਚਰਿ, ਪੁਨ ਪਦ ਸ਼ਸਤ੍ਰ ਉਚਾਰਿ॥*
*ਨਾਮ ਸੁਦਰਸ਼ਨ ਕੇ ਸਭੈ, ਨਿਕਸਤ ਜਾਹਿ ਅਪਾਰ॥ ੫੭॥*
*ਮੁਰ ਪਦ ਪ੍ਰਿਥਮ ਉਚਾਰਿਕੈ, ਮਰਦਨ ਬਹੁਰ ਕਹੌ॥*
*ਨਾਮ ਸੁਦਰਸ਼ਨ ਚੱਕ੍ਰ ਕੇ, ਚਿਤ ਮੈ ਚਤੁਰ ਲਹੌ॥ ੫੮॥*

ਅਰਥਾਤ ਬਿਸ਼ਨੁ-ਸ਼ਸਤਰ ਯਾ ਮੁਰ-ਮੁਰਦਨ ਆਦਿ।

(ੲ) ਤੀਰ ਦੇ ਨਾਮ :—

*ਬਿਸਖ ਬਾਣ ਸਰ ਧਨੁਜ ਭਨ ਕਵਚਾਂਤਕ ਕੇ ਨਾਮ॥*
*ਸਦਾ ਹਮਾਰੀ ਜੈ ਕਰੋ ਸਕਲ ਕਰੋ ਮਮ ਕਾਮ॥ ੭੫॥*
*ਧਨੁਖ ਸ਼ਬਦ ਪ੍ਰਿਥਮੈ ਉਚਰਿ ਅਗ੍ਰਜ ਬਹੁਰ ਉਚਾਰ॥*
*ਨਾਮ ਸਿਲੀਮੁਖ ਕੇ ਸਭੈ ਲੀਜਹੁ ਚਤੁਰ ਸੁਧਾਰ॥ ੭੬॥*

ਅਰਥਾਤ ਧਨੁਖ-ਅਗ੍ਰਜ—ਧਨੁਖ ਦੇ ਅੱਗੇ ਤੋਂ ਪ੍ਰਗਟਣ ਵਾਲਾ।

*ਸਕਲ ਕਵਚ ਕੇ ਨਾਮ ਕਹਿ ਭੇਦਕ ਬਹੁਰ ਬਖਾਨ॥*
*ਨਾਮ ਸਕਲ ਸ੍ਰੀ ਬਾਨ ਕੇ; ਨਿਕਸਤ ਚਲੇ ਪ੍ਰਮਾਨ॥ ੮੦॥*

ਕਵਚ-ਭੇਦਕ—ਸੰਜੋਅ ਵਿੰਨ੍ਹਣ ਵਾਲਾ।

*ਸਭ ਅਕਾਸ਼ ਕੇ ਨਾਮ ਕਹਿ; ਚਰ ਪਦ ਬਹੁਰ ਬਖਾਨ॥*

*ਨਾਮ ਸਿਲੀਮੁਖ ਕੇ ਸਭੈ; ਲੀਜੈ ਚਤੁਰ ਪਛਾਨ॥ ੮੫॥*

ਅਕਾਸ਼ ਚਰ—ਅਕਾਸ਼ ਵਿਚ ਚਲਣ ਵਾਲਾ (ਤੀਰ)।

ਕਈ ਔਖੇ ਨਾਮ ਬਣਾਏ ਹਨ, ਜਿਵੇਂ ਨਿਸਾ, ਚਰ, ਧਰ, ਚਰ। ਰਾਤ ਨੂੰ ਚਲਣ ਵਾਲਾ ਚੰਦ੍ਰਮਾ, ਚੰਦ੍ਰਮਾ ਨੂੰ ਧਾਰਨ ਵਾਲੇ ਅਕਾਸ਼ ਵਿਚ ਵਿਚਰਨ ਵਾਲਾ ਤੀਰ :—

*ਰਾਤ੍ਰਿ ਨਿਸਾ ਦਿਨ ਘਾਤਿਨੀ ਚਰ ਧਰ ਸ਼ਬਦ ਬਖਾਨ॥*

*ਨਾਮ ਸਕਲ ਸ੍ਰੀ ਬਾਨ ਕੇ, ਕਰੀਅਹੁ ਚਤੁਰ ਬਖਾਨ॥ ੯੧॥*

*ਰਾਤ੍ਰਿ ਚਰ ਧਰ ਚਰ॥ ਨਿਸਾ ਚਰ ਧਰ ਚਰ॥ ਦਿਨ ਘਾਤਿਨੀ ਚਰ ਧਰ ਚਰ॥*

(ਸ) ਇਸ ਤਰ੍ਹਾਂ ਕਈ ਬਚਿਤਰ ਢੰਗ ਦੇ ਸੰਕੇਤ ਬਣਾ ਕੇ ਤੀਰ ਦੀ ਅਨੇਕ ਭਾਂਤੀ ਸ਼ਬਦਾਵਲੀ ਗਿਣਾਈ ਹੈ। ਚੌਥੇ ਅਧਿਆਇ ਵਿਚ ਪਾਸ਼ ਫਾਹੀ ਦੇ ਨਾਮ ਹਨ। ਪੁਰਾਣੇ ਜ਼ਮਾਨੇ ਵਿਚ ਇਹ ਇਕ ਤਰ੍ਹਾਂ ਦਾ ਸ਼ਸਤਰ ਸੀ ਜੋ ਸੂਤ ਜਾਂ ਚਮੜੇ ਦੀ ਇਕ ਪ੍ਰਕਾਰ ਦੀ ਰੱਸੀ ਹੁੰਦੀ ਸੀ। ਇਸ ਨੂੰ ਦੂਰੋਂ ਸੁੱਟ ਕੇ ਵੈਰੀ ਨੂੰ ਗਲ੍ਹ ਤੋਂ ਜਕੜ ਲਿਆ ਜਾਂਦਾ ਸੀ ਤੇ ਘੁੱਟ ਕੇ ਮਾਰ ਦਿੱਤਾ ਜਾਂਦਾ ਸੀ। ਲੋਹੇ ਦੀ ਵੀ ਪਾਸ਼ ਹੁੰਦੀ ਸੀ। ਗੁਰੂ ਜੀ ਨੇ ਇਸ ਭਾਵ ਨੂੰ ਇਸ ਤਰ੍ਹਾਂ ਦਰਸਾਇਆ ਹੈ :

*ਬੀਰ ਗ੍ਰਸਤਨੀ ਗ੍ਰੀਵਤ੍ਰ, ਵਰਣਾ ਯੁੱਧ ਕਹਿ ਅੰਤ॥*

*ਸਕਲ ਨਾਮ ਸ੍ਰੀ ਪਾਸ਼ ਕੇ, ਨਿਕਸਤ ਚਲੈਂ ਅਨੰਤ॥ ੩੫੩॥*

ਬੀਰ ਗ੍ਰਸਤਨੀ ਆਯੁਧ :—ਜੋਧਿਆਂ ਨੂੰ ਫਾਹੁਣ ਵਾਲਾ ਹਥਿਆਰ।

ਗ੍ਰੀਵ ਧਰ ਆਯੁਧ :—ਗਲ੍ਹ ਵਿਚ ਪਾਇਆ ਜਾਣ ਵਾਲਾ।

ਵਰਣਾਯੁਧ :—ਵਰਣ ਦੇਵਤਾ ਦਾ ਸ਼ਸਤਰ।

ਪਾਸ਼ ਦਾ ਨਾਂ ਕਾਲ ਪਿਤਾ ਤਨੁਜਾਪਤਿ ਅਸਤਰ ਵੀ ਹੈ।

ਕਾਲ ਪਿਤਾ—ਸੂਰਜ, ਸੂਰਜ ਦੀ ਸਪੁੱਤਰੀ ਜਮਨਾ, ਜਮਨਾ ਦਾ ਪਤੀ ਵਰਣ ਦੇਵਤਾ ਉਸ ਦਾ ਅਵਤਾਰ—ਪਾਸ਼।

(ਹ) ਪੰਜਵੇਂ ਅਧਿਆਇ ਵਿਚ ੪੬੧ ਛੰਦ ਤੋਂ ਤੁਪਕ ਦੇ ਨਾਮ ਦਿੱਤੇ ਹਨ ਜੋ ਸਭ ਤੋਂ ਵੱਧ ਹਨ।

ਤੁਪਕ :—ਬੰਦੂਕ ਨੂੰ ਕਹਿੰਦੇ ਹਨ। ਇਸ ਦਾ ਮਹੱਤਵ ਹੋਰ ਹਥਿਆਰਾਂ ਦੇ ਮੁਕਾਬਲੇ ਵੈਸੇ ਵੀ ਵੱਧ ਹੈ, ਇਸੇ ਦੇ ਜ਼ੋਰ ਸਦਕਾ ਬਾਬਰ ਨੇ ਲੋਧੀਆਂ ਪਠਾਣਾਂ ਉੱਤੇ ਵਿਜਯ ਪਾਈ ਸੀ। ਗੁਰੂ ਨਾਨਕ ਸਾਹਿਬ ਨੇ ਇਸ ਦਾ ਜ਼ਿਕਰ ਗੁਰਬਾਣੀ ਵਿਚ ਇਸ ਤਰ੍ਹਾਂ ਕੀਤਾ ਹੈ :

*ਓਨੀ ਤੁਪਕਿ ਤਾਣਿ ਚਲਾਈ ਓਨੀ ਹਸਤਿ ਚਿੜਾਈ॥*

ਗੁਰੂ ਸਾਹਿਬ ਨੇ ਇਸ ਦੇ ਨਾਮ ਸਿਧੇ-ਸਾਦੇ ਵੀ ਦਿੱਤੇ ਹਨ ਤੇ ਅਤਿਅੰਤ ਗੁੰਝਲਦਾਰ ਵੀ। ਸੌਖੇ ਨਾਮ, ਜਿਵੇਂ ਕਿ :

ਕਵਚ ਘਾਤਨੀ ਰਿਪੁ :—ਸੰਜੋਅ ਤੋੜਨ ਵਾਲੀ ਵੈਰਣ—ਬੰਦੂਕ, ਸੁਭਟ ਘਾਇਨੀ ਰਿਪੁ, ਸ਼ਤਰੂ ਸ਼ੰਘਰਣੀ ਰਿਪੁ ਆਦਿ।

ਔਖੇ ਨਾਮਾਂ ਦਾ ਨਮੂਨਾ ਵੀ ਦੇਖ ਲਵੋ :

ਜਿਵੇਂ ਮ੍ਰਿਗ ਅਰਿ ਨਾਦਨਿ ਰਿਪੁ—ਮ੍ਰਿਗ ਅਰਿ ਸ਼ੇਰ, ਸ਼ੇਰ ਵਾਂਗ ਗਰਜਣ ਵਾਲੀ ਫ਼ੌਜ ਤੇ ਉਸ ਦੀ ਫ਼ੌਜ ਦੀ ਦੁਸ਼ਮਣ—ਬੰਦੂਕ।

*ਮ੍ਰਿਗ ਅਰਿਨਾਦਨਿ ਆਦਿ ਕਹਿ, ਰਿਪੁ ਅਰਿ ਬਹੁਰ ਬਖਾਨ॥*
*ਨਾਮ ਤੁਪਕ ਕੇ ਹੋਤ ਹੈਂ, ਚੀਨਹੁ ਪ੍ਰਗਿਆਵਾਨ॥ ੫੭੭॥*

ਇਵੇਂ ਜਿਵੇਂ ਧਰਾਧਾਰ ਪ੍ਰਿਸ਼ਟਣੀ—ਧਰਤੀ ਹੈ ਜਿਸ ਦਾ ਅਧਾਰ—ਰੁੱਖ ਅਰਥਾਤ ਲਕੜੀ ਦੀ ਪਿੱਠ ਵਾਲੀ, ਬੰਦੂਕ।

*ਧਰਾਧਾਰ ਪਦ ਪ੍ਰਿਥਮ ਉਚਾਰਨ ਕੀਜੀਐ॥*
*ਪ੍ਰਿਸਠਣ ਪਦ ਕੌ ਬਹੁਰ ਠਉਰ ਤਹ ਦੀਜੀਐ॥*
*ਸਕਲ ਤੁਪਕ ਕੇ ਨਾਮ ਚਤੁਰ ਜੀਅ ਜਾਨੀਐ॥*
*ਹੋ ਯਾਂ ਕੇ ਭੀਤਰ ਭੇਦ ਨੈਕੁ ਨਹੀ ਮਾਨੀਐ॥ ੬੯੭॥*

ਕਈ ਨਾਮ ਕਾਫ਼ੀ ਕਲਿਸ਼ਟ ਹਨ ਜਿਵੇਂ—ਤਿਮਰ ਹਾ ਭਗਣਿ, ਸੁਤ ਚਰ ਪਤਿ ਸ਼ਤਰੂ।

ਤਿਮਰ ਹਾ—ਹਨੇਰੇ ਨੂੰ ਨਾਸ਼ ਕਰਨ ਵਾਲਾ ਚੰਦ।

ਤਿਮਰ ਹਾ ਭਗਣਿ—ਚੰਦਰ ਭਗਾ ਨਦੀ ਵਾਲੀ ਧਰਤੀ, ਉਸ ਦਾ ਪੁੱਤਰ—ਘਾਹ।

ਘਾਹ ਨੂੰ ਚਰਨ ਵਾਲਾ—ਮਿਰਗ, ਮਿਰਗਾਂ ਦਾ ਪਤੀ—ਸ਼ੇਰ।

ਸ਼ੇਰ ਦੀ ਵੈਰਨ—ਬੰਦੂਕ।

*ਤਿਮਰ ਉ ਚਰ ਹਾ ਭਗਣਿ ਬਖਾਨਹੁ॥ ਸਤ ਚਰ ਕਹਿ ਪਤਿ ਸ਼ਬਦ ਪ੍ਰਮਾਨਹੁ॥*
*ਸ਼ਤਰੁ ਸ਼ਬਦ ਤਿਹ ਅੰਤ ਭਣੀਜੈ॥ ਨਾਮ 'ਤੁਪਕ' ਕੇ ਸਭ ਲੇਹਿ ਲੀਜੈ॥ ੧੦੦੬॥*

ਗੁਰੂ ਸਾਹਿਬ ਚੂੰਕਿ ਮਨੁੱਖੀ ਚੇਤਨਾ ਦੀ ਲਹਿਰ ਦੇ ਮੋਢੀ ਸਨ, ਇਸ ਕਰਕੇ ਪਾਠਕਾਂ ਦੀ ਰੁਚੀ ਨੂੰ ਮੁਖ ਰੱਖ ਕੇ ਸ਼ਬਦ ਚਮਤਕਾਰ ਵਾਲੀ ਰਚਨਾ ਤਾਂ ਕੀਤੀ, ਪਰ ਸ਼ਸਤਰਾਂ ਦੀ ਬਹੁ-ਬਿਧਿ ਵਿਆਖਿਆ ਕਰਕੇ ਆਪਣਾ ਨਿਸ਼ਾਨਾ ਵੀ ਨਹੀਂ ਛੱਡਿਆ। ਸ਼ਾਇਦ ਸ਼ਸਤਰ ਨਾਮ ਮਾਲਾ ਆਪਣੀ ਤਰ੍ਹਾਂ ਦਾ ਹੀ ਹਿੰਦੀ ਕੋਸ਼ ਹੈ, ਜਿਸ ਵਿਚ ਕੇਵਲ ਸ਼ਸਤਰਾਂ ਦੇ ਨਾਮ ਇਸ ਤਰ੍ਹਾਂ

ਸ਼ਬਦ ਚਮਤਕਾਰ ਦਰਸਾ ਕੇ ਦਿੱਤੇ ਗਏ ਹਨ। ਦੂਜਾ ਲਾਭ ਇਹ ਵੀ ਮੰਨਿਆ ਜਾ ਸਕਦਾ ਹੈ ਕਿ ਦੁਸ਼ਮਨ ਤੋਂ ਛੁਪਾਉਣ ਲਈ ਆਮ ਤੌਰ 'ਤੇ ਫ਼ੌਜੀ ਗੁਪਤ-ਭਾਸ਼ਾ ਦਾ ਪ੍ਰਯੋਗ ਕਰਦੇ ਹਨ, ਇਸ ਮੰਤਵ ਦੀ ਪੂਰਤੀ ਲਈ ਵੀ ਇਹ ਸ਼ਸਤਰ ਕੋਸ਼ ਕੰਮ ਆਉਣ ਵਾਲਾ ਹੈ।

ਇਸ ਤਰ੍ਹਾਂ ਗੁਰੂ ਸਾਹਿਬ ਨੇ ਆਪਣੇ ਉਦੇਸ਼ ਲਈ ਸ਼ਸਤਰਾਂ ਦਾ ਕੋਸ਼ ਲਿਖ ਕੇ ਜਿਥੇ ਸਿਪਾਹੀਆਂ ਜੋਧਿਆਂ ਨੂੰ ਉਤਸ਼ਾਹਤ ਕੀਤਾ, ਉਥੇ ਕਵੀਆਂ ਵਿਦਵਾਨਾਂ ਲਈ ਸ਼ਬਦ ਚਮਤਕਾਰ ਵਿਖਾ ਕੇ ਇਕ ਨਵਾਂ ਅਨੋਖਾ ਤਜਰਬਾ ਕੀਤਾ। ਸੋ ਇਹ ਕੋਸ਼ ਇਕ ਦੁਧਾਰਾ ਖੰਡਾ ਹੈ ਜੋ ਸ਼ਸਤਰ ਤੇ ਸ਼ਾਸਤਰ ਚਮਤਕਾਰ ਦਾ ਅਜਾਇਬ ਘਰ ਹੈ। ਤਨ ਦੇ ਜੋਧੇ ਸੂਰਮੇਂ ਤੇ ਮਨ ਦੇ ਜੋਧੇ ਗੁਣੀ ਗਿਆਨੀ ਦੋਵੇਂ ਇਸ ਦਾ ਲਾਭ ਲੈ ਸਕਦੇ ਹਨ। ਗੁਰੂ ਸਾਹਿਬ ਦੀ ਕਲਾ-ਚੇਤਨਾ ਦੀ ਦਾਦ ਦੇਣੀ ਪੈਂਦੀ ਹੈ ਕਿ ਕਿਵੇਂ ਉਨ੍ਹਾਂ ਹਰ ਪਾਸਿਓਂ ਆਪਣੀ ਲਹਿਰ ਲਈ ਸਮੱਗਰੀ ਇਕੱਤਰ ਕੀਤੀ, ਭੰਡਾਰ ਭਰੇ ਤੇ ਇਹ ਸ਼ਸਤਰ-ਭੰਡਾਰ ਵੀ ਇਸੇ ਸੁਤੰਤਰਤਾ- ਸੰਗਰਾਮ ਵਿਚ ਸਹਾਇਕ ਹੋਣ ਵਾਲਾ ਹੈ। ਜਿਸ ਦੇਸ਼ ਦੇ ਲੋਕ ਸ਼ਸਤਰ ਅਤੇ ਮੌਤ ਤੋਂ ਭੈਅ ਖਾਂਦੇ ਸਨ, ਉਹਨਾਂ ਨੂੰ ਨਿਰਭੈਤਾ ਪ੍ਰਦਾਨ ਕਰਨ ਲਈ ਧਰਮ-ਯੁੱਧ ਦੇ ਅਜੇਹੇ ਸਾਹਿਤ ਦੀ ਡਾਢੀ ਲੋੜ ਸੀ, ਜਿਸ ਨੂੰ ਮਹਾਂਬਲੀ ਸਮਰੱਥ ਗੁਰੂ ਜੀ ਨੇ ਹਰ ਪਾਸਿਓਂ ਪੂਰਾ ਕੀਤਾ ਹੈ। ਹਥਿਆਰਾਂ ਦੀ ਇਹ ਚਮਤਕਾਰੀ ਪ੍ਰਦਰਸ਼ਨੀ ਅੱਜ ਵੀ ਉਤਸ਼ਾਹ ਤੇ ਸਾਹਸ ਪ੍ਰਦਾਨ ਕਰਨ ਵਾਲੀ ਹੈ ਅਤੇ ਆਉਣ ਵਾਲੇ ਸਮੇਂ ਵਿਚ ਵੀ ਕਾਇਰ, ਡਰਪੋਕ, ਅਣਖ ਦੀ ਜ਼ਿੰਦਗੀ ਗੁਆ ਬੈਠੀ ਮਨੁੱਖਤਾ ਲਈ ਸੂਰਬੀਰ ਬਹਾਦਰ ਬਣ, ਕੁਰਬਾਨੀਆਂ ਕਰਨ ਲਈ ਆਪਾ ਵਾਰਨ ਵਾਲੇ ਸੂਰਮੇਂ ਪੈਦਾ ਕਰਨ ਵਿਚ ਗੁਰੂ ਜੀ ਦੀ ਇਹ ਰਚਨਾ ਸਹਾਇਕ ਹੋਵੇਗੀ।

❑

# ਚਰਿਤ੍ਰੋ ਪਖ੍ਯਾਨ

ਕਰਤੇ ਪ੍ਰਮੇਸ਼ਰ ਦੀ ਮਾਇਆ ਬੜੀ ਪ੍ਰਬਲ ਹੈ। ਇਸ ਚੇਤਨ ਮਾਇਆ ਨੇ ਵੱਡੇ-ਵੱਡੇ ਰਿਸ਼ੀ ਮੁਨੀ ਤਪੱਸਵੀ ਛਲ ਲਏ ਹਨ। ਗੁਰਦੇਵ ਜੀ ਦਾ ਸੁੰਦਰ ਫ਼ੁਰਮਾਨ ਹੈ :

*ਸਰਪਨੀ ਤੇ ਊਪਰਿ ਨਹੀ ਬਲੀਆ॥ ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥*

(ਅੰਗ ੪੮੦)

ਤਿੰਨੇ ਮੁੱਖ ਦੇਵਤੇ ਬ੍ਰਹਮਾ, ਵਿਸ਼ਨੂੰ, ਸ਼ਿਵਜੀ ਆਦਿ ਅਤੇ ਹੋਰ ਸਭ ਛਲ ਲਏ ਹਨ। ਗਿਆਨੀ ਗਿਆਨ ਸਿੰਘ ਜੀ ਨੇ ਸ੍ਰੀ ਗੁਰੂ ਪੰਥ ਪ੍ਰਕਾਸ਼ ਵਿਚ ਲਿਖਿਆ ਹੈ— ਕਾਮ ਐਸਾ ਬਲੀ ਹੈ ਕਿ ਇਸ ਨੇ ਪੰਜ ਤੀਰ ਲੈ ਕੇ, ਇਸਤ੍ਰੀ ਰੂਪੀ ਤੋਪ ਨਾਲ ਸਾਰਿਆਂ ਨੂੰ ਉਡਾ ਦਿੱਤਾ ਹੈ।

*ਕਾਮ ਬਲੀ ਸਰ ਪਾਂਚ ਲੀਏ ਕਰ, ਤੋਪ ਤੀਆ ਧਰਿ ਦੇਤਿ ਉਡਾਏ।*

(ਸ੍ਰੀ ਗੁਰੂ ਪੰਥ ਪ੍ਰਕਾਸ਼, ਪੂਰਬਾਰਧ ਬਿਸ੍ਰਾਮ ੧੨)

*ਬਿਸ੍ਵ ਬਿਬੱਸ ਕਰੀ ਜਿਹ ਨੈ, ਛਲ ਕੈ ਬਲ ਕੈ ਝਲਕੈ ਦਿਖਰੈ ਕੈ।*
*ਮੋਹਿਤ ਹ੍ਵੈ ਪਰੇ ਜਿਹ ਪੈ ਸਭਿ, ਚਾਹਤਿ ਪੇਖਨ ਰੂਪ ਨਿਸੈ ਕੈ।*
*ਤਾਂ ਬਲ ਨਾਹਿ ਚਲੈ ਗੁਰ ਪੈ।*

ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਚਰਿੱਤ੍ਰ ਸ਼ਬਦ ਦੇ ਅਰਥ ਇਸ ਤਰ੍ਹਾਂ ਹਨ : ਕਰਨੀ, ਕਰਤੂਤ, ਆਚਾਰ, ਬ੍ਰਿਤਾਂਤ, ਹਾਲ। ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਇਸਤ੍ਰੀ ਪੁਰਸ਼ਾਂ ਦੇ ਛਲ ਕਪਟ ਭਰੇ ਪ੍ਰਸੰਗ ਜਿਸ ਭਾਗ ਵਿਚ ਹਨ, ਉਸ ਦੀ "ਚਰਿੱਤ੍ਰੋ ਪਖ੍ਯਾਨ" ਸੰਗਿਆ ਹੈ। (ਮਹਾਨ ਕੋਸ਼ ਭਾਸ਼ਾ ਵਿਭਾਗ, ਪੰਨਾ ੪੫੮)

ਇਸ ਤੋਂ ਬਿਨਾਂ ਵਿਦਵਾਨਾਂ ਨੇ 'ਚਰਿੱਤ੍ਰ' ਸ਼ਬਦ ਦੇ ਅਰਥ ਇਹ ਭੀ ਕੀਤੇ ਹਨ— ਜੀਵਨ-ਚਰਿੱਤ੍ਰ, ਆਦਤ, ਚਾਲ-ਚਲਨ ਅਤੇ ਇਤਿਹਾਸ ਅੰਦਰ ਚਰਿੱਤ੍ਰ ਦਾ ਅਰਥ ਕੌਤਕ ਭੀ ਆਇਆ ਹੈ। ਯਥਾ :

*ਪਾਂਚ ਬਾਣ ਮਾਰੇ ਗੁਰ ਬਰਾ। ਇਹ ਬਿਧ 'ਚਰਿਤ੍ਰ' ਦਯਾਨਿਧ ਕਰਾ।*

(ਗੁਰਬਿਲਾਸ ਪਾ: ੧੦, ਸੁੱਖਾ ਸਿੰਘ, ਪੰਨਾ ੨੭੫)

*ਅਥਵਾ : ਸੁਨੌ ਚਰਿੱਤ੍ਰ ਪਵਿਤ੍ਰ ਗੁਰੁ, ਕਾਰਨ ਸੁਖ ਕਲਿਆਨ।*

(ਸ੍ਰੀ ਗੁਰੁ ਪੰਥ ਪ੍ਰਕਾਸ਼, ਪੂਰਬਾਰਧ ਬਿਸ੍ਰਾਮ ੮)

ਪਰ ਇਥੇ ਪ੍ਰਕਰਣ ਅਨੁਸਾਰ (ਚਰਿੱਤ੍ਰ) ਦਾ ਅਰਥ ਇਸਤ੍ਰੀ ਪੁਰਸ਼ਾਂ ਦੇ ਛਲ ਕਪਟ ਭਰੇ ਪ੍ਰਸੰਗ ਹੀ ਬਣਦਾ ਹੈ।

ਪਖਯਾਨ=ਸੰ, ਉਪਾਖਯਾਨ=ਸੰਗਿਯ-ਕਥਾ, ਕਹਾਣੀ,

*ਉਪਦੇਸੈ ਕਹਿ ਕਹਿ ਪਖਯਾਨ।*

(ਗੁ.ਪ੍ਰ.ਸੂ., ਮਹਾਨ ਕੋਸ਼ ਭਾਸ਼ਾ ਵਿਭਾਗ, ਪੰਨਾ ੩੭੧)

ਅਥਵਾ :—'ਚਰਿੱਤ੍ਰੋ ਪਖਯਾਨ' ਦਾ ਅੱਖਰੀ ਅਰਥ ਹੈ—ਦਿਲਚਸਪ ਕਹਾਣੀਆਂ, ਛਲੀਆ ਕਿੱਸੇ। (ਦਸਮ ਗ੍ਰੰਥ ਦਰਸ਼ਨ, ਪੰਨਾ ੧੨੧)

ਅਸਲ ਵਿਚ 'ਚਰਿਤ੍ਰੋ ਪਖਯਾਨ' ਸਿਰਲੇਖ ਹੇਠ ਵੱਖ-ਵੱਖ ਇਨ੍ਹਾਂ ਚਰਿੱਤ੍ਰਾਂ ਦੇ ਪਾਤਰ ਸਿਰਜ ਕੇ ਸਮਾਜ ਦੀਆਂ ਕਮਜ਼ੋਰੀਆਂ ਨੂੰ ਉਜਾਗਰ ਕੀਤਾ ਹੈ। ਇਹ ਚਰਿੱਤ੍ਰ ਇਸਤ੍ਰੀਆਂ ਦੇ ਹੀ ਨਹੀਂ, ਮਰਦਾਂ ਦੇ ਵੀ ਇਸ ਵਿਚ ਸ਼ਾਮਲ ਹਨ। ਬਹੁਤੀ ਗਿਣਤੀ ਇਸਤ੍ਰੀਆਂ ਦੇ ਚਰਿੱਤ੍ਰਾਂ ਦੀ ਹੈ। ਇਨ੍ਹਾਂ ਚਰਿੱਤ੍ਰਾਂ ਵਿਚ ੩੬ ਇਸਤ੍ਰੀਆਂ ਦੀ ਬਹਾਦਰੀ ਵੀ ਦਿਖਾਈ ਗਈ ਹੈ, ਜਿਵੇਂ ਚਰਿੱਤ੍ਰ ਨੰਬਰ ੪੮, ੮੨, ੧੦੨, ੧੨੨, ੧੨੮, ੧੩੭, ੧੪੧, ੧੫੧, ੧੫੨, ੧੬੩, ੧੮੪, ੨੦੭, ੨੧੬, ੨੩੭, ੩੩੨, ੨੧, ੬੫, ੯੬, ੧੦੦, ੧੨੫, ੧੨੬, ੧੪੭, ੧੫੩, ੧੬੨, ੧੭੬, ੧੮੫, ੧੮੬, ੧੯੧, ੧੯੭, ੨੧੫, ੨੪੬, ੨੪੮, ੩੩੧, ੩੩੯, ੩੫੪, ੩੯੭, ੩੨ ਆਦਿ ਚਰਿੱਤ੍ਰਾਂ ਵਿਚ ਕਥਨ ਹੈ ਅਤੇ ਤਕਰੀਬਨ ੫੭ ਚਰਿੱਤ੍ਰ ਜੋਗੀਆਂ, ਮੁੱਲ੍ਹਾਂ, ਕਾਜ਼ੀਆਂ ਤੇ ਪਖੰਡੀ ਸਾਧਾਂ ਸੰਤਾਂ ਤੇ ਕ੍ਰਿਸ਼ਨ ਆਦਿ ਨਾਲ ਸਬੰਧਤ ਦੇ ਵਿਸਥਾਰ ਸਹਿਤ ਦਿੱਤਾ ਹੈ। ਇਥੇ ਚਰਿੱਤ੍ਰੋ ਪਖਯਾਨ ਅੰਦਰ, ਭਾਵ ਇਨ੍ਹਾਂ ਚਰਿੱਤ੍ਰਾਂ ਵਿਚ ਆਏ ਚਰਿੱਤ੍ਰ ਸ਼ਬਦ ਦੇ ਅਰਥ ਇਨ੍ਹਾਂ ਪੰਗਤੀਆਂ ਨਾਲ ਹੋਰ ਸਪੱਸ਼ਟ ਹੋ ਜਾਂਦੇ ਹਨ :

*ਸ਼ਾਹਜਹਾਨਾਬਾਦ ਮੈ ਏਕ ਤੁਰਕ ਕੀ ਨਾਰਿ॥*
*ਇਕ ਚਰਿਤ੍ਰ ਅਤਿ ਤਿਨ ਕਿਯੋ ਸੋ ਤੁਹਿ ਕਹੌਂ ਸੁਧਾਰਿ॥ ੧॥*
*ਤ੍ਰਿਯ ਕੋ ਐਸੋ ਚਰਿਤ੍ਰ ਵਾਹਿ ਕੋ ਦਿਖਾਇ*
*ਜਾਰ ਆਪੁ ਟਰਿ ਗਯੋ ਮਹਾ ਮੂਰਖ ਕੋ ਟਾਰਿ ਕੈ॥ ੮॥*

(ਸ੍ਰੀ ਦਸਮ ਗ੍ਰੰਥ, ਚਰਿੱਤ੍ਰ ਸੱਤਵਾਂ)

*ਬਿੰਦ੍ਰਾਬਨ ਬ੍ਰਿਖਭਾਨ ਕੀ ਸੁਤਾ ਰਾਧਿਕਾ ਨਾਮ॥*
*ਹਰਿ ਸੋਂ ਕਿਯਾ ਚਰਿਤ੍ਰ ਤਿਹ ਦਿਨ ਕਹਾਂ ਦੇਖਤ ਬਾਮ॥ ੧॥*

(ਸ੍ਰੀ ਦਸਮ ਗ੍ਰੰਥ, ਚਰਿੱਤ੍ਰ ਬਾਰ੍ਹਵਾਂ)

*ਕੈਸੋ ਹੀ ਬੁਧਿਜਨ ਕੋਊ, ਚਤੁਰ ਕੈਸਊ ਹੋਇ॥*
*ਚਰਿਤ ਚਤੁਰਿਯਾ ਤ੍ਰਿਯਨ ਕੋ ਪਾਇ ਸਕਤ ਨਹਿ ਕੋਇ॥ ੮॥*

(ਸ੍ਰੀ ਦਸਮ ਗ੍ਰੰਥ, ਚਰਿੱਤ੍ਰ ਤੇਰ੍ਹਵਾਂ)

*ਜੰਤ੍ਰ ਮੰਤ੍ਰ ਰਹੀ ਹਾਰਿ ਕਰਿ, ਰਾਇ ਮਿਲਯੋ ਨਹਿ ਆਇ॥*

*ਏਕ ਚਰਿਤ੍ਰ ਤਬ ਤਿਨ ਕਿਯੋ, ਬਸਿ ਕਰਬੇ ਕੇ ਭਾਇ॥ ੬॥*

(ਸ੍ਰੀ ਦਸਮ ਗ੍ਰੰਥ, ਚਰਿੱਤ੍ਰ ਸੋਲ੍ਹਵਾਂ)

ਇਨ੍ਹਾਂ ਚਰਿੱਤ੍ਰਾਂ ਵਿਚ ਅਸ਼ਲੀਲਤਾ ਸਬੰਧੀ ਵਿਚਾਰ ਹਨ। ਰੂੜ ਅਰਥਾਂ ਵਿਚ ਅਸ਼ਲੀਲ ਦਾ ਸੰਬੰਧ ਕਾਮ ਨਾਲ ਹੈ। ਇਸਤ੍ਰੀ ਦੇ ਰੂਪ ਗਿਆਨੀ ਗਿਆਨ ਸਿੰਘ ਜੀ ਨੇ ਵੱਖ-ਵੱਖ ਇਸ ਤਰ੍ਹਾਂ ਕਥਨ ਕੀਤੇ ਹਨ :

*ਜਨਨ ਹੇਤ ਜਨਨੀ ਭਈ, ਭੋਗ ਹੇਤ ਭਈ ਨਾਰ।*

*ਪੂਜਨ ਹਿਤ ਭਗਨੀ ਸੁਤਾ, ਦੇਵੀ ਰੂਪ ਅਪਾਰ।*

(ਸ੍ਰੀ ਗੁਰੁ ਪੰਥ ਪ੍ਰਕਾਸ਼, ਪੂਰਬਾਰਧ ਬਿਸ੍ਰਾਮ ੯)

ਇਥੇ ਇਸਤ੍ਰੀ ਦੇ ਚਾਰ ਰੂਪ ਦੱਸੇ ਹਨ—ਜਨਮ ਦੇਣ ਵਾਲੀ ਮਾਂ, ਅਰਧ ਸਰੀਰੀ ਇਸਤ੍ਰੀ, ਭੈਣ ਤੇ ਪੁੱਤਰੀ— ਇਨ੍ਹਾਂ ਚਾਰਾਂ ਨੂੰ ਵੱਖ-ਵੱਖ ਦ੍ਰਿਸ਼ਟੀ ਨਾਲ ਹੀ ਵੇਖਿਆ ਜਾ ਸਕਦਾ ਹੈ। ਹਰ ਗੁਰਸਿੱਖ ਨੂੰ ਇਸ ਦ੍ਰਿਸ਼ਟੀ ਨਾਲ ਵੇਖਣ ਦਾ ਹੁਕਮ ਹੈ :

*ਦੇਖ ਪਰਾਈਆ ਚੰਗੀਆ ਮਾਵਾਂ ਭੈਣਾਂ ਧੀਆਂ ਜਾਣੈ।*

*ਏਕਾ ਨਾਰੀ ਜਤੀ ਹੋਇ, ਪਰ ਨਾਰੀ ਧੀ ਭੈਣ ਵਖਾਣੈ।*

ਅਥਵਾ :—

*ਪਰ ਬੇਟੀ ਕਉ ਬੇਟੀ ਜਾਨੈ। ਪਰ ਇਸਤ੍ਰੀ ਕਉ ਮਾਤ ਬਖਾਨੈ।*

*ਅਪਨੀ ਇਸਤ੍ਰੀ ਸਿਉ ਰਤਿ ਹੋਈ। ਰਹਿਤਵਾਨ ਗੁਰ ਕਾ ਸਿੰਘ ਸੋਈ।*

(ਰਹਿਤਨਾਮਾ)

ਬਾਕੀ ਅਸ਼ਲੀਲਤਾ ਜਿਨ੍ਹਾਂ ਸ਼ਬਦਾਂ ਨੂੰ ਅਸੀਂ ਕਹਿੰਦੇ ਹਾਂ, ਐਸੇ ਸ਼ਬਦ ਤਾਂ ਗੁਰਬਾਣੀ ਅਤੇ ਗੁਰ-ਇਤਿਹਾਸ ਅੰਦਰ ਬੇਅੰਤ ਮਿਲਦੇ ਹਨ :

*ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ॥*

*ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ॥ ੧॥*

(ਅੰਗ ੧੩੪੪)

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਨ ਕੀਤਾ ਪ੍ਰਭਾਤੀ ਰਾਗੁ ਅੰਦਰ ਇਹ ਅੱਠ ਬੰਦਾਂ ਵਾਲਾ ਸ਼ਬਦ ਹੈ, ਜਿਸ ਦੀ ਪਹਿਲੀ ਪਉੜੀ ਇਥੇ ਦਿੱਤੀ ਹੈ। ਪ੍ਰੋ: ਸਾਹਿਬ ਸਿੰਘ ਜੀ ਨੇ ਇਸ ਸ਼ਬਦ ਦੇ ਪਹਿਲੇ ਬੰਦ ਦੇ ਅਰਥ ਇਸ ਤਰ੍ਹਾਂ ਕੀਤੇ ਹਨ :

ਅਰਥ :—ਗੋਤਮ (ਇਕ ਪ੍ਰਸਿੱਧ) ਤੱਪੀ (ਸੀ), ਅਹਿਲਿਆ (ਉਸ ਦੀ) ਇਸਤ੍ਰੀ (ਸੀ), ਉਸ ਦਾ ਰੂਪ ਵੇਖ ਕੇ (ਦੇਵਤਿਆਂ ਦਾ ਰਾਜਾ ਅਖਵਾਂਦਾ) ਇੰਦਰ ਮਸਤ ਹੋ ਗਿਆ।

(ਗੋਤਮ ਦੇ ਸਰਾਪ ਨਾਲ) (ਉਸ ਇੰਦ੍ਰ ਦੇ) ਸਰੀਰ ਉੱਤੇ ਹਜ਼ਾਰ ਭਗਾਂ ਦੇ ਨਿਸ਼ਾਨ ਬਣ ਗਏ, ਤਦੋਂ ਇੰਦ੍ਰ ਆਪਣੇ ਮਨ ਵਿਚ (ਉਸ ਕੁਕਰਮ 'ਤੇ) ਪਛਾਇਆ।੧।

(ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪੋਥੀ ਨੌਵੀਂ, ਪੰਨਾ ੬੨੨)

ਗੁਰਬਾਣੀ ਅੰਦਰ ਗੁਰੂ ਜੀ ਨੇ ਵਿਸ਼ੇਸ਼ ਰੂਪ ਵਿਚ ਸੁਹਾਗਣ ਅਤੇ ਦੁਹਾਗਣ ਅਥਵਾ ਸੁਚੱਜੀ ਤੇ ਕੁਚੱਜੀ ਆਦਿ ਇਸਤ੍ਰੀਆਂ ਦਾ ਜ਼ਿਕਰ ਕੀਤਾ ਹੈ। ਇਹਨਾਂ ਚਰਿੱਤ੍ਰਾਂ ਵਿਚ ਜਿੱਥੇ ਸੁਚੱਜੀ ਇਸਤਰੀ ਦਾ ਕੁਝ ਥਾਵਾਂ 'ਤੇ ਜ਼ਿਕਰ ਆਇਆ ਹੈ, ਉਥੇ ਕੁਚੱਜੀ ਅਤੇ ਦੁਹਾਗਣ ਬਾਰੇ ਵਿਸਥਾਰ ਨਾਲ ਜ਼ਿਕਰ ਆਇਆ ਹੈ। ਗੁਰਬਾਣੀ ਵਿਚ ਇਸ ਕੁਲਖਣੀ ਇਸਤਰੀ ਬਾਰੇ ਇਸ ਪ੍ਰਕਾਰ ਜ਼ਿਕਰ ਕੀਤਾ ਹੈ :

*ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ॥*
*ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ॥*

(ਮਹਲਾ ੪, ਅੰਗ ੮੯)

*ਮਨਮੁਖੀ ਦੁਹਾਗਣਿ ਨਾਹਿ ਭੇਉ॥* (ਮ: ੧, ਅੰਗ ੧੧੭੦)
*ਖਸਮਿ ਦੁਹਾਗਨਿ ਤਜਿ ਅਉਹੇਰੀ॥* (ਬਾਣੀ ਕਬੀਰ ਜੀ, ਅੰਗ ੮੭੨)
*ਦੁਖੀ ਦੁਹਾਗਨਿ ਦੁਇ ਪਖ ਹੀਨੀ॥* (ਬਾਣੀ ਰਵਿਦਾਸ ਜੀ, ਅੰਗ ੭੯੩)
*ਜਿਉ ਛੁਟੜਿ ਘਰਿ ਘਰਿ ਫਿਰੈ ਦੁਹਚਾਰਣਿ ਬਦਨਾਉ॥* (ਮ: ੪, ਅੰਗ ੬੪੫)
*ਸਾ ਕੁਸੁਧ ਸਾ ਕੁਲਖਣੀ ਨਾਨਕ ਨਾਰੀ ਵਿਚਿ ਕੁਨਾਰਿ॥* (ਮ: ੪, ਅੰਗ ੬੫੨)
*ਕੁਚਿਲ ਕੁਰੂਪਿ ਕੁਨਾਰਿ ਕੁਲਖਨੀ ਪਿਰ ਕਾ ਸਹਜੁ ਨ ਜਾਨਿਆ॥*

(ਮ: ੧, ਅੰਗ ੧੧੯੭)

ਕਾਵਯ-ਗ੍ਰੰਥਾਂ ਅੰਦਰ ਕਾਵਯ ਕਲਾ ਅਨੁਸਾਰ ਨੌਂ ਰਸ ਵਿਸਥਾਰ ਸਹਿਤ ਵੇਖਣ ਨੂੰ ਮਿਲਦੇ ਹਨ। ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਨੌਂ ਰਸ ਕਾਵਯ ਗ੍ਰੰਥਾਂ ਅੰਦਰ ਆਏ ਇਸ ਤਰ੍ਹਾਂ ਦਰਸਾਏ ਹਨ : ਨੌਂ ਰਸ — ਸ਼ਿੰਗਾਰ, ਹਾਸਯ, ਕਰੁਣਾ, ਰੌਦ੍ਰ, ਵੀਰ, ਭਯਾਨਕ, ਬੀਭਤਸ, ਅਦਭੁਤ ਅਤੇ ਸ਼ਾਂਤ ਹਨ।

(ਮਹਾਨ ਕੋਸ਼ ਭਾਸ਼ਾ ਵਿਭਾਗ, ਪੰਨਾ ੧੦੧੧-੧੨)

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਨੌਂ ਰਸ ਇਹ ਲਿਖੇ ਹਨ :

੧. ਸ਼ਿੰਗਾਰ (ਇਸ਼ਕ), ੨. ਹਾਸਯ, ੩. ਕਰੁਣਾ (ਸ਼ੋਕ), ੪. ਬੀਰ (ਬਹਾਦਰੀ), ੫. ਰੌਦ੍ਰ (ਕ੍ਰੋਧ), ੬. ਭਯਾਨਕ (ਭੈ), ੭. ਬੀਭਤਸ (ਨਫ਼ਰਤ), ੮. ਅਦਭੁਤ ਤੇ ੯. ਸ਼ਾਂਤਿ।

(ਸ੍ਰੀ ਕਲਗੀਧਰ ਚਮਤਕਾਰ ਉਤਾਰਾਰਧ, ਪੰਨਾ ੪੩੩)

ਕਵੀ ਜਨ ਰਸ ਪੂਰਤੀ ਕਰਨ ਵਾਸਤੇ ਕਈ ਵਾਰੀ ਚਲ ਰਹੇ ਪ੍ਰਸੰਗ ਅਨੁਸਾਰ ਜਿਸ ਰਸ

ਦਾ ਕਥਨ ਕਰਦੇ ਹਨ, ਉਸ ਰਸ ਦਾ ਵਿਸਥਾਰ ਖੋਲ੍ਹ ਕੇ ਕਰਦੇ ਹਨ, ਇਹ ਵੀ ਇਕ ਕਾਵਯ ਕਲਾ ਹੈ। ਇਥੇ ਸੰਖੇਪ ਰੂਪ ਵਿਚ ਕੁਝ ਕੁ ਇਤਿਹਾਸ ਵਿਚੋਂ ਪ੍ਰਮਾਣ ਦੇ ਰਹੇ ਹਾਂ :

*ਨਾਗਨ ਸਮ ਲਟਕੀ ਲਟ ਜਾਕੀ। ਮਦਨ ਧਨੁਖ ਭ੍ਰਿਕੁਟੀ ਸੁਠ ਬਾਂਕੀ।*
*ਕੁੰਦ ਰਦਨ ਬਦਨ ਸਸਿਰਾਂਕਾ। ਉਦਰ ਸਤ੍ਰਿ ਵਲਿ ਮਨੋਹਰ ਜਾਂਕਾ॥ ੧੪॥*
*ਗਤਿ ਰਤੀਕ ਹ੍ਵੈ ਜਿਹ ਦੁਤਿਦੇਖੀ। ਤੀਛਨ ਬਾਨ ਕਟਾਛ ਬਿਸੇਖੀ।*
*ਕੁਚਾ ਬਨੇ ਜੁਗ ਕਾਮ ਨਗਾਰੇ। ਸਭ ਜਗੁ ਜੀਤ ਉਲਟ ਜਨੁ ਡਾਰੇ॥ ੧੫॥*
*ਦੀਪ ਸਿਖਾ ਸੀ ਕੋਕਲ ਬੈਨੀ। ਗਜ ਗਾਮਨਿ ਮ੍ਰਿਗ ਸਾਵਕ ਨੈਨੀ।*
*ਜਮਨ ਭ੍ਰਮਰੀ ਨਾਭ ਗੰਭੀਰਾ। ਨਖਨ ਬਿਲੋਕਤ ਲਾਜਤ ਹੀਰਾ॥ ੧੬॥*
*ਬਹੁਰ ਗ੍ਰੀਵਕੀ ਰੁਚਿਰਤਾ ਮਨੁਹੁ ਉਤਾਈ ਭਾਏ।*
*ਚਿਬਕ ਸਯਾਮਤਾ ਰਾਹੁ ਦੁਰਯੋ ਸਸੀ ਮੈਂ ਆਏ॥ ੧੭॥*

(ਨਾਨਕ ਪ੍ਰਕਾਸ਼ ਉਤਰਾਰਧ, ਧਿਆਇ ੨੪)

*ਪੁਰਿ ਮੈ ਬਰਿਕੈ ਉਰ ਮੈ ਹਰਖਾ ਬਰ, ਹੇਰਤਿ ਨਾਰਨ ਰੂਪ ਅਪਾਰੈ।*
*ਤਰੁ ਪਾਤਰ ਮੂਲ ਉਖਾਰਨ ਕੋ ਕਰਨੀ ਸੀ, ਅਹੈਂ ਬਿਭਚਾਰ ਬਿਹਾਰੈ।*
*ਸਿਰ ਬਾਰ ਸਵਾਰਿ ਕੈ ਅੰਜਨ ਡਾਰਿ, ਸਿੰਗਾਰ ਸੁਧਾਰਿ ਕਟਾਛ ਨਿਹਾਰੈਂ।*
*ਨਰ ਜੋ ਪਰਦੇਸੀ ਕਰੈ ਪਰਵੇਸ, ਬਸੀ ਕਰਿ ਲੇਤਿ ਹੈ ਮੰਤ੍ਰ ਉਚਾਰੈ॥ ੨੬॥*
*ਰਮਤ ਪੁਰਖ ਸੋਂ ਬਕਤਿ ਨਹਿ ਅਸ ਕੁਲਟਾ ਤਹਿਂ ਨਾਰ।*
*ਪਤਿ ਕੋ ਰਾਖਹਿ ਸਬਸਿ ਕਰਿ ਆਪ ਕਰੈਂ ਬਿਭਚਾਰ॥ ੨੭॥*

(ਨਾਨਕ ਪ੍ਰਕਾਸ਼ ਪੂਰਬਾਰਧ, ਅਧਿਆਇ ੪੬)

*ਚੌਬੀਸ ਅਵਤਾਰ ਕੀ ਭਾਖਾ ਕੀਨੀ। ਚਾਰ ਸੌ ਚਾਰ ਚਲਿਤ੍ਰ ਨਵੀਨੀ।*
*ਭਾਖਾ ਬਨਾਇ ਪ੍ਰਭ ਸ੍ਰਵਨ ਕਰਾਈ। ਭਏ ਪ੍ਰਸੰਨ ਸਤਗੁਰ ਮਨ ਭਾਈ॥ ੮॥*

(ਮਹਿਮਾ ਪ੍ਰਕਾਸ਼, ਭਾਗ ਦੂਜਾ, ਪੰਨਾ ੭੬੯)

ਭਾਈ ਦੇਸਾ ਸਿੰਘ ਜੀ ਨੇ ਰਹਿਤਨਾਮੇ ਅੰਦਰ ਚਰਿੱਤ੍ਰਾਂ ਦੇ ਸਬੰਧ ਵਿਚ ਇਸ ਤਰ੍ਹਾਂ ਕਥਨ ਕੀਤਾ ਹੈ :

*ਚਾਰ ਸੈ ਚਾਰ ਚਰਿਤ੍ਰ ਬਨਾਏ। ਜਹਾਂ ਜੁਵਤਿਨ ਕੇ ਛਲ ਦਿਖਰਾਏ।*

(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

ਸਿੱਖਾਂ ਦੀ ਭਗਤ ਮਾਲਾ ਅੰਦਰ ਸ਼ਹੀਦ ਭਾਈ ਮਨੀ ਸਿੰਘ ਜੀ ਨੇ ਇਸ ਤਰ੍ਹਾਂ ਲਿਖਿਆ ਹੈ : "ਤਾਂ ਸਿੱਖਾਂ ਭਾਈ ਮਨੀ ਸਿੰਘ ਜੀ ਹੋਰਾਂ ਥੀਂ ਪ੍ਰਸ਼ਨ ਕੀਤਾ ਜੋ ਆਦਿ ਬਾਣੀ (ਗੁਰੂ ਗ੍ਰੰਥ ਸਾਹਿਬ) ਜੋ ਹੋਈ ਸੋ ਭਗਤ ਮਈ ਹੈ ਤੇ ਸਾਹਿਬ ਦਸਵੇਂ ਪਾਤਸ਼ਾਹ ਜੋ ਬਾਣੀ ਕੀਤੀ ਹੈ, ਜੁੱਧ

ਮਈ ਹੈ। ਕੈ ਇਸਤ੍ਰੀਆਂ ਦੇ ਚਰਿੱਤਰ ਹਨ। ਇਸ ਦਾ ਸਿਧਾਂਤ ਕਿਉਂ ਕਰ ਸਮਝੀਐ। ਤਾਂ ਭਾਈ ਜੀ ਕਹਿਆ, ਜੈਸੇ ਅਰਜਨ ਯੁੱਧ ਦੇ ਸਮੇਂ ਸ਼ਸਤ੍ਰ ਛੋਡ ਬੈਠਾ ਸੀ ਤੇ ਕ੍ਰਿਸ਼ਨ ਜੀ ਨੇ ਉਸ ਨੂੰ ਗੀਤਾ ਉਪਦੇਸ਼ ਕਰਕੇ ਫੇਰ ਵਰਨ ਆਸ਼੍ਰਮ ਦਾ ਯੁੱਧ ਦ੍ਰਿੜ੍ਹਾਇਆ ਸੀ, ਤੈਸੇ ਹਿੰਦੂਆਂ ਨੇ ਅਹਿੰਸਾ ਧਰਮ ਜਾਣ ਕੇ ਸ਼ਸਤ੍ਰ ਛੋਡ ਦਿੱਤੇ ਸਨ ਤੇ ਮਲੇਸ਼ਾਂ ਨੇ ਸ਼ਸਤ੍ਰ ਪਕੜ ਲੀਤੇ ਸਨ ਤੇ ਹਿੰਦੂਆਂ ਵਿਚ ਭਗਤ ਹੋਵਨ ਨਹੀਂ ਸਨ ਦਿੰਦੇ। ਤੇ ਸਾਹਿਬ ਨੇ ਖ਼ਾਲਸੇ ਨੂੰ ਫੇਰ ਰਾਜ ਲੈ ਦੇਵਣਾ ਸੀ ਤਾਂ ਜੁੱਧ ਮਈ ਬਾਣੀਆਂ ਉਚਾਰਨ ਕੀਤੀਆਂ ਹੈਨ ਤੇ ਸ਼ਸਤ੍ਰਾਂ ਦੀ ਵਿਦਿਆ ਦ੍ਰਿੜ੍ਹ ਕੀਤੀ। ਉਪਦੇਸ਼ ਜੋ ਸਰੀਰ ਤੁਸਾਂ ਝੂਠੇ ਜਾਨਣੇ ਤੇ ਤੁਸਾਡੇ ਵਰਨ ਦਾ ਧਰਮ ਜੁੱਧ ਹੈ, ਜੁੱਧ ਕਰਨਾ ਜੀਤੋਗੇ ਤਾਂ ਰਾਜ ਭੋਗੋਗੇ। ਚਰਿੱਤ੍ਰ ਇਸ ਵਾਸਤੇ ਲਿਖੇ ਹੈਨਿ ਜੋ ਇਸਤ੍ਰੀਆਂ ਦੇ ਭੋਗਾਂ ਵਿਚ ਤੁਸਾਂ ਮਨ ਨਹੀਂ ਬੰਧਨਾ।'' (ਸਿੱਖਾਂ ਦੀ ਭਗਤ ਮਾਲਾ, ਸਾਖੀ 128, ਪੰਨਾ 264)

ਸਤਿਕਾਰਯੋਗ ਡਾ. ਰਤਨ ਸਿੰਘ ਜੀ ਜੱਗੀ ਨੇ ''ਸਿੱਖ ਪੰਥ ਵਿਸ਼ਵ ਕੋਸ਼'' ਅੰਦਰ ਸ੍ਰੀ ਦਸਮ ਗ੍ਰੰਥ ਦੀ ਰਚਨਾ ਸਬੰਧੀ ਇਸ ਤਰ੍ਹਾਂ ਲਿਖਿਆ ਹੈ। ਇਸ ਪ੍ਰਕਾਰ ਦੀਆਂ ਰਚਨਾਵਾਂ ਦੀ ਸਿਰਜਨਾ ਦਾ ਮੂਲ-ਉਦੇਸ਼ ਇਨ੍ਹਾਂ ਦੋ ਟੂਕਾਂ ਤੋਂ ਭਲੀਭਾਂਤ ਸਪੱਸ਼ਟ ਹੈ :

*੧. ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ।*
*ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁਧ ਕੇ ਚਾਇ॥ ੨੪੯੧॥*

(ਕ੍ਰਿਸ਼ਨਾਵਤਾਰ)

*੨. ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ।*
*ਸੁਨੈ ਮੂੜ ਚਿਤ ਲਾਇ ਚਤੁਰਤਾ ਆਵਈ॥ ੪੦੧॥*

(ਚਰਿੱਤ੍ਰੋ ਪਾਖਿਆਨ)

ਉਪਰੋਕਤ ਪਹਿਲੀ ਟੂਕ ਅਵਤਾਰ ਪ੍ਰਸੰਗਾਂ ਦਾ ਰਚਨਾ-ਮਨੋਰਥ ਸਪੱਸ਼ਟ ਕਰਦੀ ਹੈ ਅਤੇ ਉਹ ਹੈ ਧਰਮ-ਯੁੱਧ ਲਈ ਸਿੱਖ ਸੈਨਾਨੀਆਂ ਅਤੇ ਅਨੁਯਾਈਆਂ ਨੂੰ ਪ੍ਰੇਰਿਤ ਅਤੇ ਉਤਸ਼ਾਹਿਤ ਕਰਨਾ। ਦੂਜੀ ਟੂਕ ਰਾਹੀਂ ''ਚਰਿਤ੍ਰੋ ਪਖ੍ਯਾਨ'' ਪਿੱਛੇ ਕੰਮ ਕਰ ਰਹੀ ਬਿਰਤੀ ਵੱਲ ਸੰਕੇਤ ਹੁੰਦਾ ਹੈ ਕਿ ਨਵੇਂ ਸਿਰਜੇ ਜਾ ਰਹੇ ਸਿੱਖ-ਭਾਈਚਾਰੇ ਨੂੰ ਕੁਮਾਰਗ ਉੱਤੇ ਕਦਮ ਵਧਾਉਣ ਤੋਂ ਸੁਚੇਤ ਕਰਨਾ।

(ਸਿੱਖ ਪੰਥ ਵਿਸ਼ਵ ਕੋਸ਼, ਭਾਗ ਦੂਜਾ, ਪੰਨਾ ੯੩੬)

❐

# ਚਰਿੱਤ੍ਰਾਂ ਦੀ ਆਰੰਭਤਾ

ੴ ਸ੍ਰੀ ਵਾਹਿਗੁਰੂ ਜੀ ਫਤਹਿ॥

ਸ੍ਰੀ ਭਗਉਤੀ ਜੀ ਸਹਾਇ॥

ਅਥ ਪਖ੍ਯਾਨ ਚਰਿਤ੍ਰ ਲਿਖ੍ਯਤੇ ਪਾਤਿਸ਼ਾਹੀ ੧੦॥

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੮੦੯)

## ੧. ਚੰਡੀ ਚਰਿੱਤ੍ਰ

'ਚਰਿਤ੍ਰੋ ਪਖ੍ਯਾਨ'' ਦੇ ਆਦਿ ਵਿਚ ਉਪਰੋਕਤ ਮੰਗਲ ਕਰਕੇ ਇਸਤ੍ਰੀਆਂ ਅਤੇ ਪੁਰਸ਼ਾਂ ਦੇ ਚਰਿੱਤ੍ਰਾਂ ਸਬੰਧੀ ਰੋਚਕ ਕਥਾਵਾਂ ਪ੍ਰਾਰੰਭ ਕਰਦਿਆਂ 'ਚੰਡੀ ਚਰਿੱਤ੍ਰ' ਪਹਿਲੇ ਅਧਿਆਇ ਅੰਦਰ ਨਿਰੂਪਣ ਕੀਤਾ ਹੈ। ਇਸ ਅਧਿਆਇ ਦੇ ੪੮ ਬੰਦ ਹਨ। ਇਸ ਵਿਚ ਬੀਰ ਰਸ ਭਰਪੂਰ ਸੁੰਭ ਨਿਸੁੰਭ ਆਦਿ ਦੈਂਤਾਂ ਨਾਲ ਜੰਗ ਦੀ ਕਥਾ ਹੈ।

*ਸੁੰਭ ਨਿਸੁੰਭ ਤੇ ਆਦਿਕ ਸੂਰ ਸਭੇ ਉਮਡੇ ਕਰਿ ਕੋਪ ਅਖੰਡਾ॥*
*ਕੌਚ ਕ੍ਰਿਪਾਨ ਕਮਾਨਨ ਬਾਨ ਕਸੇ ਕਰ ਧੋਪ ਫਰੀ ਅਰੁ ਖੰਡਾ॥*

ਪਰ ਇਸ ਅਧਿਆਇ ਦੇ ਪਹਿਲੇ ਚਰਿੱਤ੍ਰ, ਚੰਡੀ ਚਰਿੱਤ੍ਰ ਵਿਚ ਚੰਡੀ ਚਰਿੱਤ੍ਰ ਦੀ ਸੁਰੂਆਤ ਇਸ ਤਰ੍ਹਾਂ ਕੀਤੀ ਹੈ :

*ਭੁਜੰਗ ਛੰਦ॥ ਤ੍ਵ ਪ੍ਰਸਾਦਿ॥*
*ਤੁਹੀ ਖੜਗਧਾਰਾ ਤੁਹੀ ਬਾਢਵਾਰੀ॥ ਤੁਹੀ ਤੀਰ ਤਰਵਾਰ ਕਾਤੀ ਕਟਾਰੀ॥*
*ਹਲੱਬੀ ਜੁਨੱਬੀ ਮਗਰਬੀ ਤੁਹੀ ਹੈਂ॥ ਨਿਹਾਰੋ ਜਹਾਂ ਆਪੁ ਠਾਢੀ ਵਹੀ ਹੈਂ॥ ੧॥*

(ਸ੍ਰੀ ਦਸਮ ਗ੍ਰੰਥ, ਅੰਗ ੮੦੯)

ਇਹ ਉਪਰੋਕਤ ਛੰਦ ਮਹਾਰਾਜਾ ਨਾਭਾ ਦੇ ਤੋਸ਼ੇਖ਼ਾਨੇ ਵਿਚ ਇਕ ਖ਼ੰਜਰ ਉੱਪਰ ਲਿਖਿਆ ਹੈ ਤੇ ਨਾਲ ਸੰਮਤ ੧੭੪੧ ਬਿ. ਇਉਂ ਦਿੱਤਾ ਹੈ :

*ਸੰਮਤ ੧੭੪੧ ਸਤਿ ਸ੍ਰੀ ਅਕਾਲ ਪੁਰਖ ਜੀ ਸਹਾਇ।*

ਜ਼ਾਹਰ ਹੈ ਕਿ ਇਹ ਛੰਦ ਗੁਰੂ ਜੀ ਨੇ ੨੩-੨੪ ਸਾਲ ਦੀ ਉਮਰ ਵਿਚ ਉਚਾਰਿਆ ਸੀ।

*ਮੂਕ ਉਚਰੈ ਸ਼ਾਸਤ੍ਰ ਖਟ ਪਿੰਗ ਗਿਰਨ ਚੜਿ ਜਾਇ॥*
*ਅੰਧ ਲਖੈ ਬਧਰੌ ਸੁਨੈ ਜੌ ਤੁਮ ਕਰੌ ਸਹਾਇ॥ ੪੩॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੮੧੩)

*ਸਵੈਯਾ॥*

*ਮੇਰ ਕਰੋ ਤ੍ਰਿਣ ਤੇ ਮੁਹਿ, ਜਾਹਿ, ਗਰੀਬ ਨਿਵਾਜ ਨ ਦੂਸਰ ਤੋਸੋ॥*
*ਭੂਲ ਛਿਮੋ ਹਮਰੀ ਪ੍ਰਭੁ, ਆਪੁਨ, ਭੂਲਨਹਾਰ ਕਹੂੰ ਕੋਊ ਮੋਸੋ॥*
*ਸੇਵ ਕਰੈ ਤੁਮਰੀ ਤਿਨ ਕੇ ਛਿਨ ਮੈ ਧਨ ਲਾਗਤ ਧਾਮ ਭਰੋਸੋ॥*
*ਯਾ ਕਲਿ ਮੈ ਸਭ ਕਾਲਿ ਕ੍ਰਿਪਾਨ ਕੀ ਭਾਰੀ ਭੁਜਾਨ ਕੋ ਭਾਰੀ ਭਰੋਸੋ॥ ੪੭॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੮੧੩)

ਪਹਿਲਾ ਚਰਿੱਤ੍ਰ ਸਮਾਪਤ॥ ੪੮॥ ੧॥

## ੨. ਚਰਿੱਤ੍ਰ : ਰਾਜਾ ਚਿਤਰ ਸਿੰਘ ਤੇ ਰਾਣੀ ਚਿਤਰਮਤੀ

ਇਸ ਚਰਿੱਤ੍ਰ ਵਿਚ ਚਿਤ੍ਰ ਸਿੰਘ ਰਾਜਾ ਤੇ ਰਾਣੀ ਚਿਤ੍ਰਮਤੀ ਦਾ ਪ੍ਰਸੰਗ ਹੈ। ਚਿਤ੍ਰਮਤੀ ਰਾਣੀ ਰਾਜੇ ਦੇ ਪਹਿਲੇ ਵਿਆਹ ਦੇ ਪੁੱਤਰ ਹਨਵੰਤ ਸਿੰਘ 'ਤੇ ਮੋਹਤ ਹੋ ਜਾਂਦੀ ਹੈ। ਹਨਵੰਤ ਸਿੰਘ ਚਿਤ੍ਰਮਤੀ ਮਤਰੇਈ ਮਾਂ ਦੇ ਆਖੇ ਨਹੀਂ ਲੱਗਦਾ। ਉਹ ਆਪਣੇ ਧਰਮ ਵਿਚ ਪੂਰਾ ਰਹਿੰਦਾ ਹੈ। ਮਤਰੇਈ ਮਾਂ ਚਿਤ੍ਰਮਤੀ ਆਪਣੇ ਕੱਪੜੇ ਪਾੜ ਕੇ ਹਨਵੰਤ ਸਿੰਘ ਪੁੱਤਰ 'ਤੇ ਕੱਪੜੇ ਪਾੜਨ ਦਾ ਦੋਸ਼ ਲਾ ਕੇ ਅਤੇ ਰਾਜਾ ਚਿਤ੍ਰ ਸਿੰਘ ਨੂੰ ਭੜਕਾ ਕੇ ਪੁੱਤਰ ਨੂੰ ਮਾਰਨ ਲਈ ਤਿਆਰ ਕਰ ਲੈਂਦੀ ਹੈ। ਰਾਜੇ ਦਾ ਸੂਝਵਾਨ ਵਜ਼ੀਰ ਰਾਜੇ ਨੂੰ ਸਮਝਾਉਂਦਾ ਹੈ ਕਿ ਇਸਤ੍ਰੀ ਦੇ ਚਰਿੱਤ੍ਰ ਵਿਚ ਨਾ ਆਉ।

*ਫਾਰਿ ਚੀਰ ਕਰ ਆਪਨੇ, ਮੁਖ ਨਖ ਘਾਇ ਲਗਾਇ॥*
*ਰਾਜਾ ਕੌ ਰੌਖਿਤ ਕਿਯੋ, ਤਨ ਕੌ ਚਿਹਨ ਦਿਖਾਇ॥ ੨੯॥*
*ਬਚਨ ਸੁਨਤ ਕ੍ਰੁਧਿਤ ਨ੍ਰਿਪ ਭਯੋ॥ ਮਾਰਨ ਹੇਤ ਸੁਤਹਿ ਲੈ ਗਯੋ॥*
*ਮੰਤ੍ਰਿਨ ਆਨ ਰਾਵ ਸਮੁਝਾਯੋ॥ ਤ੍ਰਿਯਾ ਚਰਿਤ੍ਰ ਨ ਕਿਨਹੂੰ ਪਾਯੋ॥ ੩੦॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੮੧੫)

ਇਸ ਚਰਿੱਤ੍ਰ ਵਿਚ ਰਾਜੇ ਦੇ ਵਜ਼ੀਰ ਨੇ ਰਾਜੇ ਚਿਤ੍ਰ ਸਿੰਘ ਨੂੰ ਚਿਤ੍ਰਮਤੀ ਰਾਣੀ ਦੇ ਚਰਿੱਤ੍ਰ ਤੋਂ ਸੁਚੇਤ ਕਰਕੇ ਰਾਜੇ ਦੇ ਪੁੱਤਰ ਹਨਵੰਤ ਸਿੰਘ ਨੂੰ ਮਾਰਨ ਤੋਂ ਬਚਾਇਆ ਹੈ।

*ਬੰਦਿਸਾਲ ਕੌ ਭੂਪ ਤਬ ਨਿਜੁ ਸੁਤ ਦਿਯੋ ਪਠਾਇ॥*
*ਭੋਰ ਹੋਤ ਅਪਨੇ ਨਿਕਟਿ ਬਹੁਰੌ ਲਿਯੋ ਬੁਲਾਇ॥ ੧॥*

(ਸ੍ਰੀ ਦਸਮ ਗ੍ਰੰਥ, ਅੰਗ ੮੧੫)

ਦੂਜੇ ਚਰਿੱਤ੍ਰ ਵਿਚ ਆਏ ਪ੍ਰਸੰਗ ਅਨੁਸਾਰ ਰਾਜੇ ਚਿਤ੍ਰ ਸਿੰਘ ਨੇ ਚਿਤ੍ਰਮਤੀ ਰਾਣੀ ਦੇ ਕਹਿਣ ਤੋਂ ਪੁੱਤਰ ਨੂੰ ਮਾਰਨ ਵਾਸਤੇ ਕੈਦ ਵਿਚ ਪਾ ਦਿੱਤਾ ਸੀ, ਪਰ ਮੰਤਰੀ ਭਾਵ ਵਜ਼ੀਰ ਦੇ ਸਮਝਾਵਣ ਤੋਂ ਰਾਜੇ ਨੇ ਸਵੇਰ ਹੁੰਦਿਆਂ ਹੀ ਪੁੱਤਰ ਹਨਵੰਤ ਸਿੰਘ ਨੂੰ ਕੈਦਖ਼ਾਨੇ ਵਿਚੋਂ ਕੱਢ ਕੇ ਆਪਣੇ ਪਾਸ ਬੁਲਾ ਲਿਆ।

ਨੋਟ :— ਇਸ ਉਪਰੰਤ ਰਾਜੇ ਚਿਤ੍ਰ ਸਿੰਘ ਦਾ ਵਜ਼ੀਰ ਵੱਖ-ਵੱਖ ਇਸਤ੍ਰੀਆਂ ਦੇ ਚਰਿੱਤ੍ਰਾਂ ਦੀਆਂ ਕਹਾਣੀਆਂ ਰਾਜੇ ਨੂੰ ਸੁਣਾਉਣ ਲੱਗਿਆ ਕਿ ਜੋ ਆਚਰਣਹੀਨ ਇਸਤ੍ਰੀਆਂ ਹੁੰਦੀਆਂ ਹਨ, ਉਹ ਕਿਸ ਤਰ੍ਹਾਂ ਮਨੁੱਖਾਂ ਨੂੰ ਭਰਮਾ ਲੈਂਦੀਆਂ ਹਨ। ਅਗਲੇ ਚਰਿੱਤ੍ਰਾਂ ਦੀ ਇਸ ਤਰ੍ਹਾਂ ਲੜੀ ਸ਼ੁਰੂ ਹੁੰਦੀ ਹੈ, ਕਿਉਂਕਿ ਹਰ ਇਕ ਚਰਿੱਤ੍ਰ ਦੇ ਅਖ਼ੀਰ ਵਿਚ ਸਮਾਪਤੀ ਸਮੇਂ ਲਿਖਿਆ ਆਇਆ ਹੈ— ਤ੍ਰਿਯਾ ਚਰਿੱਤ੍ਰੇ ਮੰਤ੍ਰੀ ਭੂਪ ਸੰਬਾਦੇ, ਜਿਸ ਦਾ ਭਾਵ ਸਪੱਸ਼ਟ ਹੈ ਕਿ ਮੰਤਰੀ ਤੇ ਰਾਜੇ ਦਾ ਸੰਬਾਦ ਭਾਵ ਵਜ਼ੀਰ ਅੱਗੇ ਰਾਜੇ ਨੂੰ ਤ੍ਰਿਯਾ ਚਰਿੱਤ੍ਰ ਸੁਣਾ ਰਿਹਾ ਹੈ।

## ੩. ਚਰਿੱਤ੍ਰ : ਮ੍ਰਿਗਚਛ ਮਤੀ

ਇਸ ਚਰਿੱਤ੍ਰ ਅੰਦਰ ਦੋ ਬਿਭਚਾਰੀ ਮਨੁੱਖ ਤੇ ਇਕ ਕੁਲੱਖਣੀ ਇਸਤ੍ਰੀ ਦੀ ਕਹਾਣੀ ਹੈ। ਖੋਟੀ ਇਸਤ੍ਰੀ ਦੇ ਚਰਿੱਤ੍ਰ ਖੇਡ ਕੇ ਬੁੱਢੇ ਦੋਸਤ ਨੂੰ ਖ਼ੁਸ਼ ਕਰਨ ਤੇ ਛਲਣ ਦਾ ਭਾਵ ਇਸ ਕਹਾਣੀ ਅੰਦਰ ਹੈ :

*ਭੂਲਿ ਗਯੋ ਪਸੁ ਬਾਤ ਸੁਨਿ ਨਿਜ ਸੁਭ ਮਾਨੈ ਅੰਗ॥..... ॥ ੧੩॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੮੧੬)

*ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ॥*
*ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ॥* (ਅੰਗ ੮੯)

## ੪. ਚਰਿੱਤ੍ਰ : ਘੁਰਕੀ

ਇਸ ਚਰਿੱਤ੍ਰ ਅੰਦਰ ਇਕ ਗ਼ਰੀਬ ਮਹਾਂ ਨੰਦ ਨਾਮ ਦੇ ਮਨੁੱਖ ਨੂੰ ਉਸ ਦੀ ਘਰਵਾਲੀ, ਜਿਸ ਦਾ ਨਾਮ ਘੁਰਕੀ ਸੀ, ਜੋ ਆਪਣੇ ਪਤੀ ਨੂੰ ਹਮੇਸ਼ਾ ਘੂਰਦੀ ਰਹਿੰਦੀ ਸੀ :

*ਮਹਾਂਨੰਦ ਮੁਰਦਾਰ ਕੀ ਘੁਰਕੀ ਤ੍ਰਿਯ ਕੋ ਨਾਮ॥*
*ਕੋਪ ਸਮੈ ਨਿਜੁ ਨਾਹ ਕੋ ਘੁਰਕਤ ਆਠੋ ਜਾਮ॥ ੨॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੮੧੬)

ਇਸ ਇਸਤ੍ਰੀ ਦਾ ਗੁਰਬਾਣੀ ਦੇ ਇਸ ਕਥਨ ਅਨੁਸਾਰ :

*ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲ ਪਿਆਰ॥*

(ਅੰਗ ੮੯)

ਪਰਾਏ ਪੁਰਖ ਨਾਲ ਪ੍ਰੇਮ ਸੀ, ਇਸ ਦਾ ਘਰਵਾਲਾ ਇਕ ਅੱਖ ਤੋਂ ਕਾਣਾ ਸੀ। ਇਸ ਘੁਰਕੀ ਨੇ ਇਕ ਵਾਰ ਐਸਾ ਚਰਿੱਤ੍ਰ ਖੇਡਿਆ, ਜਿਸ ਦੀ ਇਸ ਦੇ ਘਰਵਾਲੇ ਨੂੰ ਸਮਝ ਨਹੀਂ ਪਈ।

ਜਿਸ ਚਰਿੱਤ੍ਰ ਨਾਲ ਘੁਰਕੀ ਦੇ ਘਰਵਾਲਾ ਮਹਾ ਨੰਦ ਛਲਿਆ ਗਿਆ, ਉਸ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ :

*ਇਹ ਛਲ ਸੌ ਛਲ ਕੈ ਜੜਹਿ, ਯਾਰ ਬਿਦਾ ਕਰਿ ਦੀਨ॥ ੭॥*

(ਸ੍ਰੀ ਦਸਮ ਗ੍ਰੰਥ, ਅੰਗ ੮੧੭)

## ੫ਵਾਂ ਚਰਿੱਤ੍ਰ : ਸਹਿਜ ਕਲਾ

ਇਸ ਚਰਿੱਤ੍ਰ ਅੰਦਰ ਇਕ ਜੋਗੀ ਜੰਗਲ ਵਿਚ ਦਰੱਖ਼ਤਾਂ ਅੰਦਰ ਕੁਟੀਆ ਬਣਾ ਕੇ ਰਹਿੰਦਾ ਸੀ। ਇਹ ਜੋਗੀ ਮੰਦ ਕਰਮੀ ਬਿਭਚਾਰੀ ਸੀ। ਗੁਰਬਾਣੀ ਦੇ ਇਸ ਕਥਨ ਅਨੁਸਾਰ 'ਮਾਈ ਮਾਗਤ ਤ੍ਰਿਆ ਲੁਭਾਵਹਿ॥' ਇਕ ਸ਼ਾਹੂਕਾਰ ਦੀ ਲੜਕੀ ਨੂੰ ਆਪਣੇ ਜਾਲ ਵਿਚ ਫਸਾ ਕੇ ਆਪਣੀ ਕੁਟੀਆ ਵਿਚ ਲੈ ਗਿਆ ਸੀ।

*ਇਕ ਜੋਗੀ ਬਨ ਮੈ ਹੁਤੋ, ਦ੍ਰੁਮ ਮੈ ਕੁਟੀ ਬਨਾਇ॥*
*ਏਕ ਸ਼ਾਹ ਕੀ ਸੁਤਾ ਕੋ, ਲੈ ਗਯੋ ਮੰਤ੍ਰ ਚਲਾਇ॥ ੩॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੮੧੭)

ਇਕ ਰਾਜੇ ਦਾ ਲੜਕਾ ਚਤਰ ਸਿੰਘ ਸੀ, ਉਸ ਨੂੰ ਪਤਾ ਲੱਗ ਗਿਆ ਕਿ ਇਹ ਜੋਗੀ ਸ਼ਾਹੂਕਾਰ ਦੀ ਲੜਕੀ, ਜਿਸ ਦਾ ਨਾਮ ਸਹਿਜ ਕਲਾ ਹੈ, ਉਸ ਨੂੰ ਚੁਰਾ ਕੇ ਲੈ ਗਿਆ ਹੈ। ਚਤਰ ਸਿੰਘ ਸਹਿਜ ਕਲਾ ਨੂੰ ਜੋਗੀ ਦੇ ਜਾਲ ਵਿਚੋਂ ਛੁਡਾ ਕੇ ਆਪਣੇ ਘਰ ਵਸਾ ਲੈਂਦਾ ਹੈ। ਇਸ ਚਰਿੱਤ੍ਰ ਵਿਚ ਜੋਗੀ ਤੇ ਸਹਿਜ ਕਲਾ ਅਤੇ ਚਤਰ ਸਿੰਘ ਦੀ ਕਹਾਣੀ ਹੈ। ਚਰਿੱਤ੍ਰ ਵਿਚ ਵਿਖਾਵੇ ਦੇ ਭੇਖਧਾਰੀ ਜੋਗੀਆਂ ਤੋਂ ਸੁਚੇਤ ਕੀਤਾ ਹੈ।

## ੬ਵਾਂ ਚਰਿੱਤ੍ਰ : ਮਾਲ ਮਤੀ

ਇਸ ਚਰਿੱਤ੍ਰ ਵਿਚ ਇਕ ਜੱਟ ਦੀ ਬਦਚਲਨ ਔਰਤ ਅਤੇ ਮੰਦ ਕਰਮੀ ਰਾਜੇ ਦੀ ਕਹਾਣੀ ਹੈ।

*ਰਾਜੇ ਪਾਪੁ ਕਮਾਂਵਦੇ, ਉਲਟੀ ਵਾੜ ਖੇਤ ਕਉ ਖਾਈ।*

(ਵਾਰ ੧, ਪਉੜੀ ੩੦)

*ਏਕ ਬਧੂ ਥੀ ਜਾਟ ਕੀ, ਦੂਜੈ ਬਰੀ ਗਵਾਰ॥.... ॥ ੩॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੮੧੮)

ਜੱਟ ਦੀ ਇਸਤਰੀ ਦਾ ਨਾਮ ਸੀ ਮਾਲਮਤੀ, ਰਾਜੇ ਦਾ ਨਾਮ ਸੀ ਮਧੁਕਰ ਸ਼ਾਹ।

*ਮਧੁਕਰ ਸ਼ਾਹ ਸੁ ਬੀਰ ਜਗਤ ਮੈਂ ਜਾਨਿਯੈ॥ ੪॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੮੧੮)

ਮਾਲਮਤੀ ਨੇ ਆਪਣੇ ਘਰ ਰਾਜੇ ਨੂੰ ਸੱਦਿਆ। ਜਦ ਇਸ ਦਾ ਘਰਵਾਲਾ ਆ ਗਿਆ ਤਾਂ ਮਾਲਮਤੀ ਨੇ ਰਾਜੇ ਨੂੰ ਕੋਠੜੀ ਵਿਚ ਬੰਦ ਕਰਕੇ ਆਪਣੇ ਘਰਵਾਲੇ ਨੂੰ ਕਿਹਾ ਕਿ ਮੈਨੂੰ ਸੁਪਨਾ ਆਇਆ ਹੈ ਕਿ ਤੈਨੂੰ ਕਾਲੇ ਸਰਪ ਨੇ ਡੰਗ ਮਾਰ ਦਿੱਤਾ ਹੈ। ਤੇਰੇ ਬਚਾਅ ਲਈ ਮੈਂ ਜਾਪ ਕਰਕੇ ਇਕ ਰਾਜੇ ਜੈਸਾ ਪੁਰਖ ਪ੍ਰਗਟ ਕਰਾਂਗੀ। ਉਹ ਤੇਰੇ ਸਿਰ 'ਤੇ ਪੈਰ ਰੱਖ ਕੇ ਚਲਿਆ ਜਾਵੇਗਾ ਤਾਂ ਤੇਰਾ ਬਚਾਅ ਹੋਵੇਗਾ। ਇਸ ਤਰ੍ਹਾਂ ਚਰਿੱਤ੍ਰ ਕਰਕੇ ਮਾਲਮਤੀ ਨੇ ਆਪਣੇ ਘਰਵਾਲੇ ਨੂੰ ਛਲਿਆ ਸੀ ਤੇ ਰਾਜੇ ਨੂੰ ਘਰੋਂ ਭੇਜ ਦਿੱਤਾ ਸੀ।

*ਸੁਨਤ ਬਚਨ ਰਾਜਾ ਉਠਜੌ, ਤਾਕੇ ਸਿਰ ਪਗ ਠਾਨਿ॥*
*ਗਯੋ ਪ੍ਰਸੰਨਜ ਮੂਰਖ ਭਯੋ, ਤ੍ਰਿਯਾ ਪਤਿਬ੍ਰਤ ਜਾਨਿ॥ ੧੩॥*

(ਸ੍ਰੀ ਦਸਮ ਗ੍ਰੰਥ ਸਾਹਿਬ, ਅੰਗ ੮੧੯)

## ੭ਵਾਂ ਚਰਿੱਤ੍ਰ : ਜੈਨਾਬਾਦੀ

ਇਸ ਚਰਿੱਤ੍ਰ ਅੰਦਰ ਸ਼ਾਹਜਹਾਨਾਬਾਦ ਸ਼ਹਿਰ ਦੇ ਰਹਿਣ ਵਾਲੀ ਇਕ ਮੁਸਲਮਾਨ ਦੀ ਇਸਤ੍ਰੀ ਜਿਸ ਦਾ ਨਾਮ ਜੈਨਾਬਾਦੀ ਸੀ, ਇਹ "ਪਰ ਪੁਰਖੈ ਨਾਲ ਪਿਆਰ" ਵਿਭਚਾਰਨ ਸੀ। ਇਸ ਦੇ ਦੋ ਮਿੱਤਰ ਇਕ ਜ਼ਾਹਿਦ ਖ਼ਾਂ ਤੇ ਦੂਜਾ ਬੇਗ ਯੂਸਫ ਖ਼ਾਂ ਸੀ। ਜ਼ਾਹਿਦ ਖ਼ਾਂ ਪਹਿਲਾਂ ਇਸ ਦੇ ਪਾਸ ਸੀ। ਬੇਗ ਯੂਸਫ ਖ਼ਾਂ ਵੀ ਆ ਗਿਆ ਤਾਂ ਜੈਨਾਬਾਦੀ ਔਰਤ ਨੇ ਪਹਿਲੇ ਮਿੱਤਰ ਜ਼ਾਹਿਦ ਖ਼ਾਂ ਨਾਲ ਛਲ ਕੀਤਾ। ਉਸ ਨੂੰ ਕਿਹਾ ਕਿ ਤੇਰੇ ਇਲਾਜ ਵਾਸਤੇ ਇਹ ਵੈਦ ਸੱਦਿਆ ਹੈ।

*ਜਾਹਿਦ ਖਾਂ ਆਗੇ ਹੁਤੌ, ਬੇਗ ਯੂਸਫ ਗਜੌ ਆਇ॥*
*ਭਰਭਰਾਇ ਉਠ ਠਾਢ ਭੀ, ਤਾਹਿ ਬੈਦ ਠਹਰਾਇ॥ ੪॥*

(ਸ੍ਰੀ ਦਸਮ ਗ੍ਰੰਥ, ਅੰਗ ੮੧੯)

*ਦੌਰੈ ਆਵਤ ਹੌਕਨੀ, ਸੋਏ ਊਰਧ ਸ੍ਵਾਸ॥*
*ਬਹੁ ਠਾਢੇ ਜਾਨੂੰ ਦੁਖੈਂ, ਯਹੈ ਤ੍ਰਿਦੋਖ ਪ੍ਰਕਾਸ॥ ੬॥*

(ਸ੍ਰੀ ਦਸਮ ਗ੍ਰੰਥ, ਅੰਗ ੮੧੯)

ਇਸ ਚਰਿੱਤ੍ਰ ਵਿਚ ਇਹ ਤਿੰਨਾਂ ਦੀ ਕਹਾਣੀ ਹੈ। ਇਸਤ੍ਰੀ ਨੇ ਬੇਗ ਯੂਸਫ ਖ਼ਾਂ ਨੂੰ ਵੈਦ ਬਣਾ ਕੇ ਪਹਿਲੇ ਮਿੱਤਰ ਨੂੰ ਛਲਿਆ ਹੈ, ਭਾਵ ਬੁੱਧੂ ਬਣਾਇਆ ਹੈ।

*ਤਾਕੋ ਕਹਜੋ ਸੱਤ ਕਰ ਮਾਨਜੋ॥ ਭੇਦ ਅਭੇਦ ਜੜ ਕਛੂ ਨ ਜਾਨਜੋ॥.... ॥ ੧॥*

(ਸ੍ਰੀ ਦਸਮ ਗ੍ਰੰਥ, ਅੰਗ ੮੨੦)

## ੮ਵਾਂ ਚਰਿੱਤ੍ਰ : ਅਨੁਰਾਗ ਮਤੀ

ਇਸ ਚਰਿੱਤ੍ਰ ਅੰਦਰ ਅਕਬਰਾਬਾਦ ਸ਼ਹਿਰ ਦੇ ਰਹਿਣ ਵਾਲੀ ਕੁੰਵਰ ਅਨੁਰਾਗ ਮਤੀ ਨਾਮ ਦੀ ਔਰਤ ਸੀ। ਇਹ ਮੰਤਰ ਜੰਤ੍ਰ ਤੰਤ੍ਰ ਕਰਨ ਵਿਚ ਮਾਹਿਰ ਸੀ ਅਤੇ ਚਾਲ ਚਲਨ ਦੀ ਮਾੜੀ ਸੀ। ਜਿਸ ਤਰ੍ਹਾਂ ਨਾਨਕ ਪ੍ਰਕਾਸ਼ ਵਿਚ ਜ਼ਿਕਰ ਆਉਂਦਾ ਹੈ ਢਾਕੇ ਬੰਗਾਲ ਦੀਆਂ ਇਸਤ੍ਰੀਆਂ ਦਾ, ਜਿਨ੍ਹਾਂ ਨੇ ਭਾਈ ਮਰਦਾਨੇ ਨੂੰ ਮੀਢਾ ਬਣਾਇਆ ਸੀ, ਇਸ ਤਰ੍ਹਾਂ ਉਹ ਵੀ ਮੰਤਰਾਂ ਯੰਤਰਾਂ ਦੇ ਕਰਨ ਵਿਚ ਮਾਹਿਰ ਸੀ। ਨਾਨਕ ਪ੍ਰਕਾਸ਼ ਅਨੁਸਾਰ ਆਚਰਣ ਤੋਂ ਵੀ ਗਿਰੀ ਹੋਈ ਸੀ।

*ਮੰਤ੍ਰ ਜੰਤ੍ਰ ਅਰੁ ਤੰਤ੍ਰ ਸਭ, ਤਿਨ ਮੈ ਅਧਿਕ ਪ੍ਰਬੀਨ॥ ੧॥*

(ਸ੍ਰੀ ਦਸਮ ਗ੍ਰੰਥ ਅੰਗ ੮੨੦)

ਇਸ ਮੰਦ ਕਰਮੀ ਔਰਤ ਨੇ ਆਪਣੇ ਚਾਰ ਮਿੱਤਰਾਂ ਨੂੰ ਅਤੇ ਘਰ ਨੂੰ ਅੱਗ ਲਾ ਕੇ ਸਭ ਕੁਝ ਮਿੱਤਰਾਂ ਦੇ ਸਮੇਤ ਸਾੜ ਦਿੱਤਾ ਸੀ।

*ਘੇਰਿ ਪਿਯਾਦਨ ਜਬ ਲਈ, ਰਹਯੋ ਨ ਕਛੂ ਉਪਾਇ॥*
*ਨਿਕਸਿ ਆਪੁ ਠਾਢੀ ਭਈ, ਗ੍ਰਿਹ ਕੌ ਆਗਿ ਲਗਾਇ॥ ੯॥*
*ਦੁਹੂੰ ਹਾਥ ਪੀਟਤ ਭਈ, ਜਰਜੋ ਜਰਜੋ ਗ੍ਰਹਿ ਭਾਖਿ॥*
*ਵੈ ਚਾਰੌ ਤਾ ਮੈ ਜਰੇ, ਕਿਨਹੂੰ ਨ ਹੇਰੀ ਰਾਖਿ॥ ੧੦॥*

(ਸ੍ਰੀ ਦਸਮ ਗ੍ਰੰਥ, ਅੰਗ ੮੨੧)

ਵੇਸ਼ਵਾ ਗਾਮੀ ਚਾਰੇ ਇਸ ਦੇ ਮਿੱਤ੍ਰ ਸੜ ਕੇ ਭਸਮ ਹੋ ਗਏ। ਘਰ ਵੀ ਇਸ ਔਰਤ ਦਾ ਸੜ ਗਿਆ ਸੀ। ਮਾੜੇ ਕਰਮਾਂ ਦਾ ਨਤੀਜਾ ਵੀ ਮਾੜਾ ਹੀ ਨਿਕਲਦਾ ਹੈ।

## ੯ਵਾਂ ਚਰਿੱਤ੍ਰ : ਜਗਜੋਤਮਤੀ

ਇਸ ਚਰਿੱਤ੍ਰ ਅੰਦਰ ਲਾਹੌਰ ਸ਼ਹਿਰ ਦੇ ਰਹਿਣ ਵਾਲੀ ਇਕ ਸ਼ਾਹੂਕਾਰ ਦੀ ਘਰਵਾਲੀ ਜਿਸ ਦਾ ਨਾਮ ਸੀ ਜਗਜੋਤਮਤੀ। ਇਸ ਜਗਜੋਤਮਤੀ ਦੀ ਇਕ ਦਾਸੀ ਸੀ ਜਿਸ ਦਾ ਨਾਮ ਸੀ ਚਿਤ੍ਰਕਲਾ। ਇਸ ਚਿਤ੍ਰਕਲਾ ਰਾਹੀਂ ਜਗਜੋਤਮਤੀ ਆਪਣੇ ਘਰ ਸੁਘਰ ਸਿੰਘ ਰਾਜੇ ਨੂੰ ਬੁਲਾ ਕੇ ਪ੍ਰੇਮ ਕਰਦੀ ਸੀ।

*ਸੋ ਨ੍ਰਿਪ ਪਰ ਅਟਕਤ ਭਈ, ਨਿਤਿ ਗ੍ਰਹਿ ਲੇਤ ਬੁਲਾਇ॥*
*ਚਿਤ੍ਰ ਕਲਾ ਇਕ ਸਹਚਰੀ, ਤਿਹ ਗ੍ਰਹਿ ਤਾਹਿ ਪਠਾਇ॥ ੪॥*

(ਸ੍ਰੀ ਦਸਮ ਗ੍ਰੰਥ, ਅੰਗ ੮੨੧)

ਚਿਤ੍ਰ ਕਲਾ ਦਾਸੀ ਨੇ ਰਾਜੇ ਨੂੰ ਆਪਣੇ ਪ੍ਰੇਮ 'ਚ ਫਸਾਉਣਾ ਚਾਹਿਆ, ਪਰ ਰਾਜਾ ਨਾ ਮੰਨਿਆ ਤਾਂ ਚਿਤ੍ਰਕਲਾ ਨੇ ਰਾਜੇ ਨੂੰ ਜਗਜੋਤਮਤੀ ਪਾਸ ਭੇਜ ਕੇ ਆਪ ਜਗਜੋਤਮਤੀ ਦੇ ਘਰਵਾਲੇ ਸ਼ਾਹੂਕਾਰ ਨੂੰ ਦੱਸ ਦਿੱਤਾ ਕਿ ਤੇਰੇ ਘਰ ਰਾਜਾ ਗਿਆ ਹੈ ਅਤੇ ਤੇਰੀ ਘਰਵਾਲੀ ਦਾ ਉਸ ਰਾਜੇ ਨਾਲ ਪ੍ਰੇਮ ਹੈ। ਇਸ ਗੱਲ ਦਾ ਪਤਾ ਜਗਜੋਤਮਤੀ ਨੂੰ ਲੱਗ ਜਾਂਦਾ ਹੈ ਅਤੇ ਨਾਲੇ ਰਾਜਾ ਚਿਤ੍ਰਕਲਾ ਬਾਰੇ ਜਗਜੋਤਮਤੀ ਨੂੰ ਦਸ ਦਿੰਦਾ ਹੈ। ਤਾਂ ਜਗਜੋਤਮਤੀ ਚਰਿੱਤ੍ਰ ਖੇਡ ਕੇ ਆਪਣੇ ਘਰਵਾਲੇ ਤੋਂ ਰਾਜੇ ਨੂੰ ਬਚਾਅ ਲੈਂਦੀ ਹੈ। ਛਲ ਕਰਕੇ ਘਰਵਾਲੇ ਨੂੰ ਖ਼ੁਸ਼ ਕਰਕੇ ਬਾਹਰ ਭੇਜ ਦਿੰਦੀ ਹੈ। ਮਗਰੋਂ ਚਿਤ੍ਰਕਲਾ ਦਾਸੀ ਨੂੰ ਜਗਜੋਤਮਤੀ ਬਹੁਤ ਕੁੱਟਣਾ ਮਾਰਨਾ ਕਰਦੀ ਹੈ।

*ਸਾਹੁ ਗਏ ਤ੍ਰਿਯ ਸ਼ਾਹ ਕੀ, ਨ੍ਰਿਪ ਕੌ ਦਯੌ ਨਿਕਾਰਿ॥*
*ਸੁਨਤ ਬਾਤ ਅਤਿ ਕੋਪ ਕੈ, ਅਧਿਕ ਲੌਡਿਯਹਿ ਮਾਰਿ॥ ੧੯॥*

(ਸ੍ਰੀ ਦਸਮ ਗ੍ਰੰਥ, ਅੰਗ ੮੨੨)

ਨੋਟ :- ਅਗਲਾ ਚਰਿੱਤ੍ਰ ਵੀ ਇਸੇ ਪ੍ਰਸੰਗ ਨਾਲ ਸਬੰਧਿਤ ਹੈ। ਚਿਤ੍ਰਕਲਾ ਦਾਸੀ ਨੇ ਅਗਲੇ ਚਰਿੱਤ੍ਰ ਵਿਚ ਗ਼ੁੱਸੇ ਵਿਚ ਸਾਰਾ ਕੁਝ ਕੀਤਾ ਹੈ।

## ੧੦ਵਾਂ ਚਰਿੱਤ੍ਰ : ਚਿਤਰਕਲਾ

ਇਸ ਚਰਿੱਤ੍ਰ ਅੰਦਰ ਚਿਤ੍ਰਕਲਾ ਦਾਸੀ ਨੇ ਜਿਸ ਨੂੰ ਜਗਜੋਤਮਤੀ ਤੇ ਇਸ ਦੇ ਮਿੱਤ੍ਰ ਰਾਜਾ ਸੁਘਰ ਸਿੰਘ ਨੇ ਕੁਟਿਆ ਮਾਰਿਆ ਸੀ, ਜਿਸ ਦਾ ਜ਼ਿਕਰ ਨੌਵੇਂ ਚਰਿੱਤ੍ਰ ਵਿਚ ਆਇਆ ਹੈ। ਇਸ ਚਰਿੱਤ੍ਰ ਵਿਚ ਚਿਤ੍ਰਕਲਾ ਦਾਸੀ ਨੇ ਐਸਾ ਚਰਿੱਤ੍ਰ ਕੀਤਾ ਜਿਸ ਨਾਲ ਜਗਜੋਤਮਤੀ ਨੂੰ ਇਕ ਚੋਰ ਪਾਸ ਭੇਜ ਕੇ ਮਰਵਾ ਦਿੱਤਾ ਅਤੇ ਰਾਜੇ ਨੂੰ ਸਈਅਦ ਤੋਂ ਮਰਵਾ ਦਿੱਤਾ। ਇਸ ਚਿਤ੍ਰਕਲਾ ਦੇ ਚਰਿੱਤ੍ਰ ਨੂੰ ਇਹ ਸਮਝ ਨਹੀਂ ਸਕੇ। ਚਿਤ੍ਰਕਲਾ ਨੂੰ ਉਸ ਦਾ ਮਿੱਤ੍ਰ ਸਈਅਦ ਆਪਣੇ ਘਰ ਲੈ ਗਿਆ।

*ਸ਼ਾਹੁ ਬਧੂ ਚੋਰਨ ਹਨੀ, ਸੈਯਦ ਨ੍ਰਿਪ ਕੌ ਘਾਇ॥*
*ਤਵਨ ਲੌਡਿਯਹਿ ਲੈ ਗਯੋ, ਅਪਨੇ ਸਦਨ ਬਨਾਇ॥ ੧੦॥।*

(ਸ੍ਰੀ ਦਸਮ ਗ੍ਰੰਥ, ਅੰਗ ੮੨੩)

ਲੌਂਡਿਯਹਿ=ਇਸ ਦਾ ਭਾਵ ਹੈ ਚਿਤ੍ਰਕਲਾ ਦਾਸੀ

*ਗੰਧ੍ਰਬ ਜੱਛ ਭੁਜੰਗ ਗਨ, ਨਰ ਬਪੁਰੇ ਕਿਨ ਮਾਂਹਿ॥*
*ਦੇਵ ਅਦੇਵ ਤ੍ਰਿਯਾਨ ਕੇ, ਭੇਵ ਪਛਾਨਤ ਨਾਹਿ॥ ੧੩॥*

(ਸ੍ਰੀ ਦਸਮ ਗ੍ਰੰਥ, ਅੰਗ ੮੨੩)

## ੧੧ਵਾਂ ਚਰਿੱਤ੍ਰ : ਬਾਣੀਏ ਦੀ ਇਸਤ੍ਰੀ

ਇਸ ਚਰਿੱਤ੍ਰ ਅੰਦਰ ਪਿਸ਼ੌਰ ਸ਼ਹਿਰ ਦੇ ਰਹਿਣ ਵਾਲੀ ਇਕ ਬਾਣੀਏ ਦੇ ਘਰਵਾਲੀ

ਕੁਲੱਖਣੀ ਔਰਤ ਦੀ ਕਥਾ ਹੈ। ਇਸ ਨੇ ਪਹਿਲਾਂ ਆਪਣਾ ਬੱਚਾ ਦੁੱਧ ਚੁੰਘਦਾ ਗਲ੍ਹ ਘੁੱਟ ਕੇ ਮਾਰਿਆ, ਇਸ ਮਗਰੋਂ ਇਸ ਪਾਪਣ ਔਰਤ ਨੇ ਆਪਣਾ ਮਿੱਤਰ ਬਿਭਚਾਰੀ ਵੀ ਮਾਰ ਦਿੱਤਾ, ਕਿਉਂਕਿ ਉਸ ਨੇ ਬੱਚੇ ਨੂੰ ਮਾਰਨ ਦਾ ਬੁਰਾ ਮੰਨਿਆ ਸੀ। ਆਪਣੇ ਬੱਚੇ ਨੂੰ ਤੇ ਦੋਸਤ ਨੂੰ ਮਾਰ ਕੇ, ਦੋਨਾਂ ਇਕੱਠਿਆਂ ਨੂੰ ਇਕ ਬੰਦੇ ਜਿੰਨਾ ਡੂੰਘਾ ਟੋਇਆ ਪੁੱਟ ਕੇ ਦੱਬ ਦਿੱਤਾ ਸੀ।

*ਪੁੱਤ੍ਰ ਔਰ ਤਿਹ ਜਾਰ ਕੌ, ਇਕ ਕੌਨਾ ਮੈ ਜਾਇ॥*
*ਮਰਦ ਏਕ ਲਗਿ ਭੂਮਿ ਖਨਿ, ਦੁਹੂੰਅਨ ਦਯੋ ਦਬਾਇ॥ ੧੦॥*

(ਸ੍ਰੀ ਦਸਮ ਗ੍ਰੰਥ, ਅੰਗ ੮੨੩)

ਇਹ ਸਾਰਾ ਪਾਪ ਕਰਮ ਇਕ ਸਾਧੂ ਨੇ ਅੱਖੀਂ ਵੇਖਿਆ ਤਾਂ ਉਸ ਨੇ ਪਾਪਣ ਔਰਤ ਦੇ ਘਰਵਾਲੇ ਬਾਣੀਏ ਨੂੰ, ਜੋ ਸਾਧੂ ਦਾ ਮਿੱਤਰ ਸੀ, ਸਾਰਾ ਹਾਲ ਦੱਸ ਦਿੱਤਾ ਕਿ ਤੇਰੀ ਘਰਵਾਲੀ ਨੇ ਐਸਾ ਪਾਪ ਕਰਮ ਕੀਤਾ ਹੈ।

*ਅਤਿਥ ਏਕ ਤਿਹ ਘਰ ਹੁਤੌ, ਤਿਨ ਸਭ ਚਰਿਤ ਨਿਹਾਰਿ॥*
*ਬਨਿਕ ਮਿਤ੍ਰ ਤਾਕੌ ਹੁਤੌ, ਤਾਸੌ ਕਹਿਯੌ ਸੁਧਾਰਿ॥ ੧੧॥*

(ਸ੍ਰੀ ਦਸਮ ਗ੍ਰੰਥ, ਅੰਗ ੮੨੩)

ਬਾਣੀਏ ਪਤੀ ਨੇ ਘਰ ਆ ਕੇ ਘਰਵਾਲੀ ਨੂੰ ਕਿਹਾ ਕਿ ਟੋਆ ਪੁੱਟ ਕੇ ਵਿਖਾ ਇਸ ਵਿਚ ਕੀ ਦੱਬਿਆ ਹੈ। ਤਾਂ ਪਾਪਣ ਔਰਤ ਨੇ ਤਲਵਾਰ ਮਾਰ ਕੇ ਘਰਵਾਲੇ ਬਾਣੀਏ ਨੂੰ ਵੀ ਮਾਰ ਦਿੱਤਾ ਅਤੇ ਰੌਲਾ ਪਾ ਦਿੱਤਾ ਕਿ ਚੋਰ ਇਸ ਨੂੰ ਮਾਰ ਕੇ ਮੇਰਾ ਘਰ ਲੁੱਟ ਕੇ ਲੈ ਗਏ ਹਨ। ਆਪ ਪਾਪਣ ਔਰਤ ਲੋਕਾਂ ਵਿਚ ਸੱਚੀ ਹੋਣ ਲਈ, ਢੋਲ ਵਜਾ ਕੇ ਪਤੀ ਨਾਲ ਚਿਖਾ ਵਿਚ ਸੜ ਕੇ ਸਤੀ ਹੋ ਗਈ।

*ਸੁਤ ਘਾਯੌ ਮਿਤ ਘਾਇਯੌ, ਅਰੁ ਨਿਜੁ ਕਰਿ ਪਤਿ ਘਾਇ॥*
*ਤਿਹ ਪਾਛੈ ਆਪਨ ਜਰੀ, ਢੋਲ ਮ੍ਰਿਦੰਗ ਬਜਾਇ॥ ੧੯॥*

(ਸ੍ਰੀ ਦਸਮ ਗ੍ਰੰਥ, ਅੰਗ ੮੨੪)

## ੧੨ਵਾਂ ਚਰਿੱਤ੍ਰ : ਰਾਧਿਕਾ ਤੇ ਕ੍ਰਿਸ਼ਨ ਜੀ

ਇਸ ਚਰਿੱਤ੍ਰ ਅੰਦਰ ਰਾਧਕਾ ਦੇ ਕ੍ਰਿਸ਼ਨ ਜੀ ਨੂੰ ਮਿਲਣ ਦੀ ਕਥਾ ਹੈ। ਰਾਧਕਾ ਨੇ ਕ੍ਰਿਸ਼ਨ ਜੀ ਦੇ ਪ੍ਰੇਮ ਵਿਚ ਬਿਹਬਲ ਹੋ ਕੇ, ਕ੍ਰਿਸ਼ਨ ਜੀ ਨੂੰ ਮਿਲਣ ਵਾਸਤੇ ਇਕ ਚਿੱਠੀ ਲਿਖ ਕੇ ਮੈਨ ਪ੍ਰਭਾ ਨਾਮ ਦੀ ਸਹੇਲੀ ਹੱਥ ਭੇਜ ਦਿੱਤੀ।

*ਤਾਕੇ ਕਰ ਪਤਿਯਾ ਦਈ, ਕਹੌ ਕ੍ਰਿਸ਼ਨ ਸੌ ਜਾਇ॥*
*ਤੁਮਰੇ ਬਿਰਹ ਰਾਧਾ ਬਿਧੀ, ਬੇਗਿ ਮਿਲੌ ਤਿਹ ਆਇ॥ ੧੧॥*

(ਸ੍ਰੀ ਦਸਮ ਗ੍ਰੰਥ, ਅੰਗ ੮੨੫)

ਚਿੱਠੀ ਪੜ੍ਹ ਕੇ ਕ੍ਰਿਸ਼ਨ ਜੀ ਨੇ ਰਾਧਕਾ ਨੂੰ ਜਮਨਾ ਦੇ ਪਾਣੀ ਵਿਚ ਇਸ਼ਨਾਨ ਕਰਦਿਆਂ ਮਿਲਣ ਦਾ ਇਕਰਾਰ ਕਰਕੇ ਅਤੇ ਇਸ ਦਾ ਪ੍ਰਬੰਧ ਕਰਨ ਲਈ ਤੇ ਰਾਧਕਾ ਨਾਲ ਮੇਲ ਕਰਾਉਣ ਲਈ ਇਕ ਚਤਰ ਸਖੀ ਰਾਧਕਾ ਵੱਲ ਭੇਜੀ।

*ਤੜਿਤਾ ਕ੍ਰਿਤ ਜਾਕੌ ਸਖੀ, ਚਤੁਰਿ ਕਹਤ ਤ੍ਰਿਯ ਆਇ॥*

*ਸੋ ਹਰਿ ਰਾਧਾ ਪ੍ਰਤਿ ਪਠੀ, ਭੇਦ ਸਕਲ ਸਮਝਾਇ॥ ੨੧॥*

(ਸ੍ਰੀ ਦਸਮ ਗ੍ਰੰਥ, ਅੰਗ ੮੨੬)

ਕੀਤੇ ਇਕਰਾਰ ਅਨੁਸਾਰ ਰਾਧਕਾ ਜਮਨਾ ਕਿਨਾਰੇ ਕ੍ਰਿਸ਼ਨ ਜੀ ਨੂੰ ਜਾ ਕੇ ਮਿਲੀ। ਇਥੇ ਕ੍ਰਿਸ਼ਨ ਜੀ ਤੇ ਗੋਪੀਆਂ ਦੇ ਇਸ਼ਨਾਨ ਤੇ ਗੀਤ ਗਾਵਣ ਦਾ ਪ੍ਰਸੰਗ ਵਿਸਥਾਰ ਸਹਿਤ ਦਿੱਤਾ ਹੈ।

*ਨ੍ਹਾਵਤ ਜਹਾਂ ਆਪੁ ਹਰਿ ਠਾਢੇ॥ ਅਧਿਕ ਹ੍ਰਿਦੈ ਮੈ ਆਨੰਦ ਬਾਢੇ॥*

*ਵਾਰ ਗੁਪਾਲ ਪਾਰ ਬ੍ਰਿਜ ਨਾਰੀ॥ ਗਾਵਤ ਗੀਤ ਬਜਾਵਤ ਤਾਰੀ॥ ੨੭॥*

(ਸ੍ਰੀ ਦਸਮ ਗ੍ਰੰਥ ਅੰਗ ੮੨੭)

## ੧੩ਵਾਂ ਚਰਿੱਤ੍ਰ : ਗੈਨ ਨਾਮ ਦੀ ਇਸਤ੍ਰੀ

ਇਸ ਚਰਿੱਤ੍ਰ ਅੰਦਰ ਇਕ ਗੈਨ ਨਾਮ ਦੀ ਆਚਰਨਹੀਣ ਔਰਤ ਦਾ ਟਿਬਿਆ ਨਾਮੇ ਪਹਾੜ 'ਤੇ ਰਹਿਣ ਵਾਲੇ ਸੇਵਕ ਨਾਲ ਪ੍ਰੇਮ ਕਰਨ ਦਾ ਜ਼ਿਕਰ ਹੈ। ਇਸ ਔਰਤ ਦਾ ਪਤੀ, ਜਿਸ ਦਾ ਨਾਮ ਸੀ ਰਾਮਦਾਸ, ਉਹ ਹੋਰ ਕਿਤੇ ਰਹਿੰਦਾ ਸੀ।

*ਪਦੂਆ ਉਹ ਟਿਬਿਯਾ ਬਸੈ, ਗੈਨੀ ਹਮਰੇ ਗਾਉਂ॥ ੨॥*

(ਸ੍ਰੀ ਦਸਮ ਗ੍ਰੰਥ, ਅੰਗ ੮੨੭)

ਅਥਵਾ :-

*ਰਾਮਦਾਸ ਅਨਤੈ ਰਹਤ, ਪਦੂਆ ਕੇ ਸੰਗ ਸੋਇ॥ ੩॥*

(ਸ੍ਰੀ ਦਸਮ ਗ੍ਰੰਥ, ਅੰਗ ੮੨੭)

ਇਸ ਚਰਿੱਤ੍ਰ ਵਿਚ ਵੀ ਮਨੁੱਖ ਨੂੰ ਸੁਚੇਤ ਕੀਤਾ ਹੈ।

*ਕੈਸੋ ਹੀ ਬੁਧਿਜਨ ਕੋਊ ਚਤੁਰ ਕੈਸਊ ਹੋਇ॥*

*ਚਰਿਤ ਚਤੁਰਿਯਾ ਤ੍ਰਿਯਨ ਕੋ, ਪਾਇ ਸਕਤ ਨਹਿ ਕੋਇ॥ ੮॥*

(ਸ੍ਰੀ ਦਸਮ ਗ੍ਰੰਥ, ਅੰਗ ੮੨੮)

## ੧੪ਵਾਂ ਚਰਿੱਤ੍ਰ : ਪੁਹਪ ਮਤੀ

ਇਸ ਚਰਿੱਤ੍ਰ ਅੰਦਰ ਮੰਤਰੀ ਨੇ ਰਾਜੇ ਨੂੰ ਇਕ ਪੁਹਪਮਤੀ, ਜੋ ਆਪਣੇ ਮਿੱਤ੍ਰ ਨਾਲ ਬਾਗ਼

ਵਿਚ ਗਈ ਸੀ, ਉਪਰੋਂ ਉਸ ਦਾ ਦੂਜਾ ਮਿੱਤ੍ਰ ਆ ਗਿਆ, ਉਸ ਦੂਜੇ ਮਿੱਤ੍ਰ ਨੂੰ ਛਲਣ ਦੀ ਕਥਾ ਕਹੀ ਹੈ। ਪੁਹਪਮਤੀ ਨੇ ਪਹਿਲੇ ਮਿੱਤਰ ਨੂੰ ਬਾਗ਼ ਦਾ ਮਾਲੀ ਬਣਾ ਕੇ, ਦੂਜੇ ਮਿੱਤਰ ਨੂੰ ਕਿਹਾ ਕਿ ਇਹ ਬਾਗ਼ ਦਾ ਮਾਲੀ ਹੈ, ਇਸ ਮਾਲੀ ਨੂੰ ਧਨ ਦਿਉ।

*ਸੁਨਤ ਬਚਨ ਤ੍ਰਿਯ ਕੌ ਤਰੁਨਿ, ਬਹੁ ਧਨ ਦਿਯ ਤਿਹ ਹਾਥ॥*
*ਮਾਲੀ ਕਰਿ ਕਾਢਯੋ ਹਿਤੂ, ਤਿਹ ਚਰਿਤ੍ਰ ਕੇ ਸਾਥ॥ ੮॥*
*ਪੁਹਪਮਤੀ ਇਹ ਛਲ ਭਏ, ਮਿਤ੍ਰਹਿ ਦਿਯੋ ਟਰਾਇ॥*
*ਮਾਲੀ ਕਰਿ ਕਾਢਯੋ ਤਿਸੈ, ਰੂਪ ਨਗਰ ਕੇ ਰਾਇ॥ ੯॥*

(ਸ੍ਰੀ ਦਸਮ ਗ੍ਰੰਥ, ਅੰਗ ੮੨੮)

## ੧੫ਵਾਂ ਚਰਿੱਤ੍ਰ : ਭਾਨ ਮਤੀ

ਇਸ ਚਰਿੱਤ੍ਰ ਅੰਦਰ ਅੰਮ੍ਰਿਤਸਰ ਦੇ ਰਹਿਣ ਵਾਲੀ ਇਕ ਭਾਨ ਮਤੀ ਨਾਮ ਦੀ ਮੰਦ-ਕਰਮੀ ਬਦ-ਚਲਨ ਔਰਤ ਦੀ ਕਥਾ ਹੈ। ਇਸ ਦਾ ਇਕ ਭਾਨੂ ਨਾਮ ਦਾ ਪੁੱਤਰ ਸੀ ਜੋ ਛੋਟੀ ਉਮਰ ਦਾ ਸੀ। ਇਸ ਭਾਨਮਤੀ ਦਾ ਘਰਵਾਲਾ ਮਰ ਗਿਆ ਸੀ। ਇਸ ਦਾ ਪਰਾਏ ਪੁਰਖਾਂ ਨਾਲ ਪ੍ਰੇਮ ਸੀ। ਪਰਾਏ ਸੰਗ ਕਰਕੇ ਇਸ ਦੇ ਬੱਚਾ ਹੋਣ ਦੀ ਉਮੀਦ ਹੋ ਆਈ। ਲੋਕ-ਚਰਚਾ ਤੋਂ ਬਚਣ ਵਾਸਤੇ ਇਸ ਨੇ ਚਰਿੱਤ੍ਰ ਖੇਡਿਆ। ਘਰ ਵਿਚ ਭੋਜਨ ਛਕਾਉਣ ਦੇ ਬਹਾਨੇ ਲੋਕਾਂ ਨੂੰ ਇਕੱਠੇ ਕਰਕੇ ਕਿਹਾ ਕਿ ਮੇਰੇ ਘਰਵਾਲੇ ਨੇ ਮਰਨ ਸਮੇਂ ਮੈਨੂੰ ਕਿਹਾ ਸੀ ਕਿ ਤੈਂ ਮੇਰੇ ਨਾਲ ਨਹੀਂ ਮਰਨਾ। ਭਾਨੂ ਛੋਟਾ ਹੈ। ਜਿਸ ਸਮੇਂ ਭਾਨੂ ਪੁੱਤਰ ਵੱਡਾ ਹੋ ਗਿਆ ਤਾਂ ਮੈਂ ਸੁਪਨੇ ਵਿਚ ਤੈਨੂੰ ਦਰਸ਼ਨ ਦੇ ਕੇ ਕਹਾਂਗਾ ਕਿ ਹੁਣ ਤੂੰ ਸੜ ਕੇ ਸਤੀ ਹੋ ਜਾ। ਅੱਜ ਮੈਨੂੰ ਸੁਪਨੇ ਵਿਚ ਘਰਵਾਲੇ ਨੇ ਦਰਸ਼ਨ ਦੇ ਕੇ ਕਿਹਾ ਕਿ ਸਤੀ ਹੋ ਜਾ। ਹੁਣ ਮੈਂ ਕੀਰਤਪੁਰ ਸਾਹਿਬ ਜਾ ਕੇ ਸੜ ਮਰਾਂਗੀ।

*ਭਾਨ ਕਰੌ ਕਰ ਤੇ ਬਡੌ, ਸੁਪਨ ਦਿਯੋ ਪਤਿ ਆਇ॥*
*ਤਾਤੇ ਹੌ ਹਰਿ ਰਾਇ ਕੇ, ਜਰਤ ਕੀਰਤਿ ਪੁਰ ਜਾਇ॥ ੮॥*
*ਰਾਮਦਾਸ ਪੁਰ ਛਾਡਿ, ਕੀਰਤਿ ਪੁਰ ਆਇਕੈ॥*
*ਹੌ ਇਕ ਪਗ ਠਾਢੇ ਜਰੀ, ਮ੍ਰਿਦੰਗ ਬਜਾਇਕੈ॥ ੯॥*

(ਸ੍ਰੀ ਦਸਮ ਗ੍ਰੰਥ, ਅੰਗ ੮੨੯)

## ੧੬ਵਾਂ ਚਰਿੱਤ੍ਰ : ਛਜੀਆ

ਇਸ ਚਰਿੱਤ੍ਰ ਅੰਦਰ ਛਜੀਆ ਨਾਮ ਦੀ ਵੇਸ਼ਵਾ, ਜਿਸ ਨੂੰ ਲਧੀਆ ਨਾਮ ਕਰਕੇ ਵੀ ਕਈ ਜਾਣਦੇ ਸਨ, ਇਸ ਨੇ ਰਾਜੇ ਨੂੰ ਵਸ ਵਿਚ ਕਰਨ ਲਈ ਬਹੁਤ ਜਤਨ ਕੀਤੇ ਪਰ ਰਾਜਾ

ਇਸ ਦੇ ਵੱਸ ਵਿਚ ਨਹੀਂ ਹੋਇਆ। ਰਾਜਾ ਬਚ ਕੇ ਜਾਣ ਵਿਚ ਸਫਲ ਹੋਇਆ। ਸਿਧਾਂਤ :-

*ਰੀਤ ਨ ਜਾਨਤ ਪ੍ਰੀਤ ਕੀ, ਪੈਸਨ ਕੀ ਪਰਤੀਤ॥*
*ਬਿਛੂ ਬਿਸੀਅਰ ਬੇਸਯਾ, ਕਹੌ ਕਵਨ ਕੇ ਮੀਤ॥ ੪੩॥*

## ੧੭ਵਾਂ ਚਰਿੱਤ੍ਰ : ਬਿਤਨ ਮਤੀ

ਇਸ ਚਰਿੱਤ੍ਰ ਅੰਦਰ ਬਿਤਨ ਮਤੀ ਇਸਤ੍ਰੀ ਅਤੇ ਇਕ ਕਾਜ਼ੀ ਦੀ ਘਰਵਾਲੀ, ਇਨ੍ਹਾਂ ਦੋਵਾਂ ਨੇ ਚਰਿੱਤ੍ਰ ਖੇਡ ਕੇ ਆਪਣੇ ਘਰਵਾਲਿਆਂ ਨੂੰ ਛਲਿਆ। ਸਿਧਾਂਤ :-

*ਨਾਨ ਖਾਨ ਅਰੁ ਦਾਨ ਹਿਤ ਦਿਨਿ ਦਿਖ ਜਗਿ ਹੈ ਰਾਜ॥*
*ਦੁਜਨ ਦਲਣ ਦੀਨੋਧਰਨ ਦੁਸਟਨ ਦਹਿਬੇ ਕਾਜ॥ ੧੦॥*

## ੧੮ਵਾਂ ਚਰਿੱਤ੍ਰ : ਛਲਛਿਦ੍ਰ ਕੁਮਾਰੀ

ਇਸ ਚਰਿੱਤ੍ਰ ਅੰਦਰ ਛਲਛਿਦ੍ਰ ਕੁਮਾਰੀ ਇਸਤ੍ਰੀ ਨੇ ਚਰਿੱਤ੍ਰ ਖੇਡ ਕੇ ਆਪਣੇ ਘਰਵਾਲੇ ਨੂੰ ਛਲਿਆ ਅਤੇ ਇਕ ਰਾਜੇ ਨਾਲ ਪ੍ਰੀਤ ਵੱਸ ਹੋ ਕੇ ਕੁਕਰਮ ਕਮਾਇਆ।

*ਮੁਹਰ ਪਰਾਪਤਿ ਹੋਇ, ਟਕਾ ਕੋ ਲੇਵਈ॥*
*ਬਿਨ ਦੀਨੇ ਧਨ ਸਰੈ, ਤਕੋ ਧਨ ਦੇਵਈ॥*
*ਧਨੀ ਤ੍ਯਾਗਿ ਨਿਰਧਨ ਕੇ, ਕੋ ਗ੍ਰਿਹ ਜਾਵਈ॥*
*ਹੋ ਰਾਵ ਤ੍ਯਾਗਿ ਕਰਿ, ਰੰਕ ਕਵਨ ਚਿਤ ਲ੍ਯਾਵਈ॥ ੭॥*

## ੧੯ਵਾਂ ਚਰਿੱਤ੍ਰ : ਨਾਦਰਾ ਬਾਨੋ

ਇਸ ਚਰਿੱਤ੍ਰ ਅੰਦਰ ਦਿੱਲੀ ਸ਼ਹਿਰ ਦੇ ਰਹਿਣ ਵਾਲੀ ਨਾਦਰਾ ਬਾਨੋ ਨਾਮ ਦੀ ਇਸਤ੍ਰੀ ਆਪਣੇ ਘਰਵਾਲੇ ਦਾ ਆਚਰਨ ਗਿਰਿਆ ਦੇਖ ਕੇ ਆਪ ਵੀ ਮੰਦ ਕਰਮਾਂ ਵਿਚ ਗ਼ਰਕ ਹੋ ਗਈ। ਇਸ ਚਰਿੱਤ੍ਰ ਅੰਦਰ ਔਰਤ ਨੂੰ ਇਹ ਸਿਖਿਆ ਮਿਲਦੀ ਕਿ :-

*ਪਿਯ ਕੋ ਪ੍ਰਿਥਮ ਜਵਾਇ, ਆਪ ਪੁਨਿ ਖਾਇਯੈ॥*
*ਪਿਯ ਪੂਛੇ ਬਿਨ ਨੈਕ ਨ ਲਘੁ ਕਹ ਜਾਇਯੈ॥*
*ਜੋ ਪਿਯ ਆਇਸੁ ਦੇਇ, ਸੁ ਸਿਰ ਪਰ ਲੀਜਿਯੈ॥*
*ਬਿਨ ਤਾਕੇ ਕਛੁ ਕਹੇ, ਨ ਕਾਰਜ ਕੀਜਿਯੈ॥ ੯॥*

## ੨੦ਵਾਂ ਚਰਿੱਤ੍ਰ : ਲਾਲ ਮਤੀ

ਇਸ ਚਰਿੱਤ੍ਰ ਅੰਦਰ ਲਾਲ ਮਤੀ ਨਾਮ ਦੀ ਇਸਤ੍ਰੀ ਦੇ ਜਾਲ ਵਿਚ ਫਸਣ ਦਾ ਇਕ

ਰਾਜੇ ਦਾ ਪ੍ਰਸੰਗ ਹੈ।

*ਭੂਪ ਲਖਯੋ ਚਿਤ ਮੈ ਫਸਯੋ, ਆਨਿ ਤ੍ਰਿਯਾ ਕੇ ਹੇਤ॥*
*ਅਧਿਕ ਚਿੱਤ ਭੀਤਰ ਡਰਜੋ, ਸ੍ਵਾਸ ਨ ਊਚੋ ਲੇਤ॥ ੧੧॥*

## ੨੧ਵਾਂ -੨੨ਵਾਂ- ੨੩ਵਾ ਚਰਿੱਤ੍ਰ :

ਇਥੇ ਤਿੰਨ ਚਰਿਤ੍ਰਾਂ ੨੧-੨੨ ਤੇ ੨੩ ਅੰਦਰ ਇਕ ਮਹਾਬਲੀ ਰਾਜੇ ਤੇ ਅਨੂਪ ਕੌਰ ਜਿਸਦੇ ਨਾਮ ਨੂਪ ਕੌਰ ਤੇ ਰੂਪ ਕੌਰ ਵੀ ਵੱਖ-ਵੱਖ ਵਿਦਵਾਨਾਂ ਵਲੋਂ ਲਿਖੇ ਮਿਲਦੇ ਹਨ ਦੀ ਵਾਰਤਾਲਾਪ ਹੈ। ਅਨੂਪ ਕੌਰ ਨੇ ਚਰਿਤ੍ਰ ਖੇਡ ਕੇ ਰਾਜੇ ਨੂੰ ਵੱਸ ਵਿਚ ਕਰਨਾ ਚਾਹਿਆ ਪਰ ਮਹਾਂਬਲੀ ਰਾਜੇ ਨੇ ਐਸਾ ਚਰਿਤ੍ਰ ਖੇਡਿਆ ਜਿਸ ਕਰਕੇ ਜਿੱਤ ਹਾਸਲ ਕੀਤੀ ਹੈ।

*ਤੁਮ ਕ੍ਰਿਪਿ ਹਮ ਪਰਿ ਚਰਿਤ ਬਨਾਯੋ॥*
*ਹਮਹੂੰ ਤੁਮ ਕਹ ਚਰਿਤ ਦਿਖਾਯੋ॥ ੧੦॥*

੨੧ਵੇਂ ਚਰਿਤ੍ਰ ਅੰਦਰ ਸਿਖਿਆਦਾਇਕ ਬਚਨ ਇਸ ਪ੍ਰਕਾਰ ਹਨ :-

*ਧਰਮ ਕਰੇ ਸੁਭ ਜਨਮ ਧਰਮ ਤੇ ਰੂਪਹਿ ਪੈਯੈ॥*
*ਧਰਮ ਕੇ ਧਨ ਧਾਮ ਧਰਮ ਤੇ ਰਾਜ ਸੁਹੈਯੈ॥*
*ਕਹਯੋ ਤੁਹਾਰੋ ਮਾਨਿ ਧਰਮ ਕੈਸੇ ਕੌ ਛੋਰੌਂ॥*
*ਮਹਾਂ ਨਰਕ ਕੇ ਬੀਚ ਦੇਹ ਅਪਨੀ ਕਯੋਂ ਬੋਰੌਂ॥ ੧੬॥*
*ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ॥*
*ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ॥*
*ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿਤ ਬਢੈਯਹੁ॥*
*ਪਰ ਨਾਰੀ ਕੀ ਸੇਜ ਭੁਲਿ ਸੁਪਨੇ ਹੂੰ ਨ ਜੈਯਹੁ॥ ੫੧॥*
*ਪਰ ਨਾਰੀ ਕੇ ਭਜੇ ਸਹਸ ਬਾਸਵ ਭਗ ਪਾਏ॥*
*ਪਰ ਨਾਰੀ ਕੇ ਭਜੇ ਚੰਦ੍ਰ ਕਾਲੰਕ ਲਗਾਏ॥*
*ਪਰ ਨਾਰੀ ਕੇ ਹੇਤ ਸੀਸ ਦਸ ਸੀਸ ਗਵਾਯੋ॥*
*ਹੋ ਪਰ ਨਾਰੀ ਕੇ ਹੇਤ ਕਟਕ ਕਵਰਨ ਕੌ ਘਾਯੋ॥ ੫੨॥*
*ਪਰ ਨਾਰੀ ਸੌ ਨੇਹੁ ਛੁਰੀ ਪੈਨੀ ਕਰਿ ਜਾਨਹੁ॥*
*ਪਰ ਨਾਰੀ ਕੇ ਭਜੇ ਕਾਲ ਬਯਾਪਯੋ ਤਨ ਮਾਨਹੁ॥*

*ਅਧਿਕ ਹਰਖਿ ਜਾਨਿ ਭੋਗ ਪਰ ਤ੍ਰਿਯ ਜੋ ਕਰਹੀ॥*
*ਹੋ ਅੰਤ ਸ੍ਵਾਨ ਕੀ ਮ੍ਰਿਤ ਹਾਥ ਲੇਡੀ ਕੇ ਮਰਹੀ॥ ੫੩॥*

ਨੋਟ :- ਇਨ੍ਹਾਂ ੨੧-੨੨ ਤੇ ੨੩ ਤਿੰਨਾਂ ਚਰਿਤ੍ਰਾਂ ਦੀ ਵਾਰਤਾਲਾਪ ਕਥਾ ਕਹਾਣੀ ਅਨੂਪ ਕੌਰ ਤੇ ਮਹਾਂਬਲੀ ਰਾਜੇ ਦੇ ਸਬੰਧ ਵਿਚ "ਗੁਰਮਤਿ ਪ੍ਰਕਾਸ਼" ਮਹੀਨਾ ਅਕਤੂਬਰ, ੧੯੯੩ ਵਿਚ ਪ੍ਰਕਾਸ਼ਤ ਲੇਖ "ਕਿੱਸਾ ਰੂਪ ਕੌਰ ਦਾ" ਹੂ-ਬ-ਹੂ ਦੇ ਰਹੇ ਹਾਂ। ਇਹੋ ਹੀ 'ਕਿੱਸਾ ਰੂਪ ਕੌਰ ਦਾ' ਹੂ-ਬ-ਹੂ ਸ੍ਰੀ ਦਸਮ ਗ੍ਰੰਥ ਸਾਹਿਬ, ਦਸਮੇਸ਼-ਕ੍ਰਿਤ ਪ੍ਰਮਾਣਿਕਤਾ ਦੇ ਲੇਖਕ ਸਤਿਕਾਰ ਯੋਗ ਸ੍ਰ. ਅਮਰਜੀਤ ਸਿੰਘ ਖੋਸਾ ਨੇ ਇਸ ਪੁਸਤਕ ਦੇ ਪੰਨਾ ੧੪੯ ਤੋਂ ੧੬੫ ਤੱਕ ਦਿੱਤਾ ਹੈ ਅਤੇ "ਸ੍ਰੀ ਦਸਮ ਗ੍ਰੰਥ ਸਾਹਿਬ ਦਾ ਇਤਿਹਾਸਕ ਅਤੇ ਅਧਿਆਤਮਿਕ ਪੱਖ" ਪੁਸਤਕ ਦੇ ਸੰਪਾਦਕ ਸਤਿਕਾਰ ਯੋਗ ਸ੍ਰ. ਕੰਵਰ ਅਜੀਤ ਸਿੰਘ ਨੇ ਪੰਨਾ ੯੩ ਤੋਂ ੧੧੬ ਤੱਕ ਦਿੱਤਾ ਹੈ। ਪਾਠਕਾਂ ਦੀ ਜਾਣਕਾਰੀ ਅਤੇ ਲਾਭ ਵਾਸਤੇ ਇਥੇ "ਹੂ-ਬ-ਹੂ" ਧੰਨਵਾਦ ਸਾਹਿਤ ਦੇ ਰਹੇ ਹਾਂ।

❑

# ਕਿੱਸਾ ਰੂਪ ਕੌਰ ਦਾ

(ਸਿਰਦਾਰ ਕਪੂਰ ਸਿੰਘ ਜੀ, ਆਈ.ਸੀ.ਐਸ. ਨੈਸ਼ਨਲ ਪ੍ਰੋਫ਼ੈਸਰ ਆਫ਼ ਸਿਖਿਜ਼ਮ)

'ਗੁਰਮਤਿ ਪ੍ਰਕਾਸ਼' ਦੇ ਫ਼ਰਵਰੀ, ੧੯੫੯ ਅੰਕ ਵਿਚ, ਸ੍ਰ. ਰਾਮ ਪ੍ਰਕਾਸ਼ ਸਿੰਘ ਐਮ.ਏ., ਐਲ.ਐਲ.ਬੀ., ਪ੍ਰੋਫ਼ੈਸਰ ਖਾਲਸਾ ਕਾਲਜ, ਅੰਮ੍ਰਿਤਸਰ ਦਾ ਇਕ ਲੇਖ 'ਚਾਨਣ ਮੁਨਾਰਾ' ਦੇ ਸਿਰਨਾਵੇਂ ਹੇਠ ਛਪਿਆ ਹੈ, ਜਿਸ ਵਿਚ ਦਸਮ ਪਾਤਸ਼ਾਹ, ਗੁਰੂ ਗੋਬਿੰਦ ਸਿੰਘ ਜੀ ਨੂੰ 'ਮਹਾਂਪੁਰਖ, ਚਾਨਣ ਮੁਨਾਰੇ' ਦੀ ਨਿਆਈਂ ਸਿੱਧ ਕਰਨ ਹਿੱਤ ਲਿਖਿਆ ਹੈ :—

ਭਰ ਜੁਆਨੀ ਵਿਚ ਇਕ ਸਨੁੱਖੀ ਤੇ ਮਾਲਦਾਰ ਮੁਟਿਆਰ ਆਪ 'ਤੇ ਆਸ਼ਕ ਹੋ ਜਾਂਦੀ ਹੈ। ਆਪ ਜੀ ਨੂੰ ਘਰ ਬੁਲਾ ਕੇ ਆਪਣੀ ਜੁਆਨੀ, ਆਪਣੇ ਹੁਸਨ ਤੇ ਆਪਣੇ ਮਾਲ ਦਾ ਜਾਦੂ ਪਾਉਣ ਦਾ ਪੂਰਾ ਯਤਨ ਕਰਦੀ ਹੈ। ਪਰ ਜਦੋਂ ਆਸ ਪੂਰੀ ਨਹੀਂ ਹੁੰਦੀ ਤਾਂ ਇਕ ਹੋਰ ਬੜਾ ਖ਼ਤਰਨਾਕ ਤੀਰ ਛੱਡਦੀ ਹੈ। ਆਪ ਜੀ ਨੂੰ ਸੰਬੋਧਨ ਕਰਕੇ ਆਖਦੀ ਹੈ : "ਤੁਸੀਂ ਮੇਰੇ ਜੁਆਨੀ ਤੇ ਮੇਰੇ ਹੁਸਨ ਦਾ ਅਪਮਾਨ ਕਰ ਰਹੇ ਹੋ। ਇਕ ਮੁਟਿਆਰ ਹੋਰ ਸਭ ਕੁਝ ਜਰ ਸਕਦੀ ਹੈ, ਪਰ ਹੁਸਨ ਤੇ ਜੁਆਨੀ ਦਾ ਅਪਮਾਨ ਉਸ ਤੋਂ ਜਰਿਆ ਨਹੀਂ ਜਾਂਦਾ। ਤੁਸੀਂ ਜਾਣਦੇ ਹੋਵੋਗੇ ਕਿ ਇਸੇ ਹੀ ਅਪਮਾਨ ਦਾ ਬਦਲਾ ਲੈਣ ਲਈ ਲੂਣਾ ਨੇ ਪੂਰਨ ਭਗਤ ਦਾ ਕੀ ਹਾਲ ਕੀਤਾ ਸੀ। ਲੂਣਾ ਦੀ ਰੂਹ ਇਸ ਵੇਲੇ ਮੇਰੇ ਵਿਚ ਪ੍ਰਵੇਸ਼ ਕਰ ਚੁੱਕੀ ਹੈ।...ਮੈਂ ਹੁਣੇ ਹੀ ਰੌਲਾ ਪਾਉਣ ਲੱਗੀ ਹਾਂ। ਮੈਂ ਚੀਕਾਂ ਮਾਰਾਂਗੀ ਤੇ ਕਹਾਂਗੀ ਕਿ ਇਸ....ਗੁਰੂ ਨੇ ਮੈਨੂੰ ਇਕੱਲਾ ਵੇਖ ਕੇ ਮੇਰੀ ਇੱਜ਼ਤ 'ਤੇ ਹੱਥ ਪਾਉਣ ਦਾ ਯਤਨ ਕੀਤਾ ਹੈ। ਜੇ ਭਲੀ ਚਾਹੁੰਦੇ ਹੋ ਤਾਂ ਸਮਝੋ ਤੇ ਹੱਠ ਨਾ ਕਰੋ। ਆਪਣੀ ਇੱਜ਼ਤ ਬਚਾਉ ਤੇ ਮੈਨੂੰ ਤਪਦੀ ਨੂੰ ਠਾਰੋ।"...ਪਰ ਸਤਿਗੁਰੂ ਘਬਰਾਏ ਨਹੀਂ....। ਬੋਲੇ ਸਾਧੋ...ਕਾਮ, ਕ੍ਰੋਧੁ ਸੰਗਤਿ ਦੁਰਜਨ ਕੀ ਤਾਂ ਤੇ ਅਹਿਨਿਸਿ ਭਾਗਉ।...ਹੁਣ ਮੈਂ ਜਾਂਦਾ ਹਾਂ। ਇਸ ਤਰ੍ਹਾਂ ਦਸਮ ਪਿਤਾ ਉਸ ਦੇ ਜਾਲ 'ਚੋਂ ਅਡੋਲ ਹੀ ਨਿਕਲ ਗਏ।

(ਸਫ਼ਾ ੨੬-੨੭)

ਲੇਖਕ ਡਬਲ ਗ੍ਰੈਜੂਏਟ, ਸਿੱਖ ਵਿਦਵਾਨ ਹੈ। ਕਾਨੂੰਨ ਤੇ ਨਿਆਂ ਦਾ ਸਨਾਤਕ ਹੈ, ਤੇ ਇਉਂ ਉਕਤੀ ਯੁਕਤੀ, ਪ੍ਰਤੱਖ, ਪ੍ਰਮਾਣ, ਉਪਮਾ, ਸ਼ਬਦ ਆਦਿ ਦੇ ਭੇਦ ਸਮਝਦਾ ਹੈ। ਖ਼ਾਲਸਾ ਕਾਲਜ ਦਾ ਪ੍ਰੋਫ਼ੈਸਰ ਹੈ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ-ਕਥਾ ਤੇ ਚਰਿੱਤ੍ਰ ਲਖਸ਼ ਤੋਂ ਅਣਜਾਣ ਨਹੀਂ ਕਿਹਾ ਜਾ ਸਕਦਾ ਅਤੇ ਇਸ ਵਿਸ਼ੇ ਉੱਤੇ ਜੋ ਸਬੰਧਤ ਸਾਹਿਤ ਮੌਜੂਦ ਹੈ, ਉਸ ਤੋਂ ਵੀ ਲੇਖਕ ਅਗਿਆਤ ਨਹੀਂ ਮੰਨਿਆ ਜਾ ਸਕਦਾ। ਫੇਰ, ਇਹ ਲੇਖ, ਸ਼੍ਰੋਮਣੀ

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਿਜ ਪ੍ਰਮਾਣੀਕ ਰਸਾਲੇ ਵਿਚ ਛਪਿਆ ਹੈ, ਜਿਸ ਦੀਆਂ ਲਿਖਤਾਂ ਨੂੰ ਸਿੱਖ ਤੇ ਅਨਮਤ ਦੇ ਪੈਰੋਕਾਰ ਸਨਦ ਦੇ ਤੌਰ 'ਤੇ ਅਪਣਾ ਸਕਦੇ ਹਨ। ਕੀ ਸਮਝ ਕੇ ਵਿਦਵਾਨ ਲੇਖਕ ਨੇ ਇਸ ਕਹਾਣੀ ਨੂੰ ਜਿਹੜੀ ਕਿ ਲੋਕ-ਵਾਰਤਾ (folklore) ਤੇ ਲੋਕ-ਸਾਹਿਤ (folk literature) ਤੋਂ ਉਚੇਰਾ ਕੋਈ ਵਾਸਤਵਿਕ ਦਰਜਾ ਨਹੀਂ ਰੱਖਦੀ, ਇਕ ਇਤਿਹਾਸਕ ਘਟਨਾ ਸਵੀਕਾਰ ਕਰ ਲਿਆ ਹੈ ?

***ਬਸੋਖ਼ਤ ਅਕਲ ਜ਼ ਹੈਰਤ ਕਿਹ ਈਂ ਚਿਹ ਬੁਲਅਜਬੀਸਤ।***

ਇਹ ਰੂਪ ਕੌਰ 'ਸੁਨੱਖੀ ਤੇ ਮਾਲਦਾਰ ਮੁਟਿਆਰ' ਦੀ ਲੋਕ-ਵਾਰਤਾ ਦਸਮ-ਗ੍ਰੰਥ ਸੰਹਿਤਾ ਦੇ ਉਸ ਅਧਿਆਇ ਵਿਚ ਦਰਜ ਹੈ, ਜਿਸ ਨੂੰ ਕਿ 'ਤ੍ਰਿਯਾ ਚਰਿਤ੍ਰ' ਆਖਿਆ ਜਾਂਦਾ ਹੈ। 'ਅਥ ਪਾਖਯਾਨ ਚਰਿਤ੍ਰ ਲਿਖਯਤੇ', ਤੋਂ ਇਹ ਅਧਿਆਇ ਆਰੰਭ ਹੁੰਦਾ ਹੈ। 'ਉਪਾਖਯਾਨ' ਸੰਸਕ੍ਰਿਤ ਸ਼ਬਦ ਦੇ ਅਰਥ-ਕੋਸ਼ਾਂ ਵਿਚ 'ਵਾਰਤਾ ਵਤ੍ਰ' ਦਿੱਤੇ ਹਨ, ਜਿਸ ਦੇ ਮਾਇਨੇ ਹਨ— ਲੌਕਿਕ ਕਹਾਣੀ (secular story), ਇਤਿਹਾਸ, ਵਾਸਤਵਿਕ, ਸੱਚੀ ਮੁੱਚੀ ਵਾਪਰੀ ਹੋਈ ਘਟਨਾ ਸਹਿਤ, ਹਿਤਕਰ ਵਿਚਾਰਾਂ ਕਰਕੇ ਮਨੋਕਲਪਿਤ ਕੀਤੀ ਤੇ ਕਥੀ ਹੋਈ ਵਾਰਤਾ, (Fiction) ਆਦਿ ਸਮਿਆਂ ਤੋਂ ਸਾਡੇ ਦੇਸ਼ ਦੀ ਪ੍ਰੰਪਰਾ ਵਿਚ ਕਥਾ ਕਥਨੀ ਨੂੰ ਦੋਂਹ ਭਾਗਾਂ ਵਿਚ ਵੰਡਿਆ ਹੋਇਆ ਹੈ, ਪ੍ਰਭੁਸੰਹਿਤਾ ਤੇ ਸੁਹਿਦਰ ਸੰਹਿਤਾ। ਵੇਦ ਪ੍ਰਭੁਸੰਹਿਤਾ ਹਨ ਤੇ ਪੁਰਾਣ ਪੂਰਵਵਤ੍ਰ, ਬੀਤ ਚੁੱਕੀਆਂ ਕਥਾ ਕਹਾਣੀਆਂ, ਸੁਹਿਦਰ ਸੰਹਿਤਾ ਹਨ। ਵੇਦ ਉਹ ਹਨ ਜਿਨ੍ਹਾਂ ਦਾ ਵਿਸ਼ਾ-ਵਸਤੂ ਤ੍ਰਿੰਨ ਕਾਲ ਸਤਯ ਹੈ, ਤੇ ਇਸ ਲਈ ਵੇਦ ਵਿਚਾਰ ਪ੍ਰਭੂ ਆਗਿਆ ਦਾ ਦਰਜਾ ਰੱਖਦੇ ਹਨ। ਸੁਹਿਦਰ ਸੰਹਿਤਾ ਦਾ ਦਿਸ਼ਾ-ਵਸਤੂ ਵਾਸਤਵਿਕ ਸਤਯ ਨਹੀਂ ਹੈ, ਇਸ ਲਈ ਉਹ ਮਿੱਤਰ, ਦੋਸਤ ਦੀ ਨੇਕ ਸਲਾਹ ਮਸ਼ਵਰੇ ਦੇ ਤੁੱਲ ਹੈ, ਜਿਸ ਨੂੰ ਸੁਣਨ ਵਿਚਾਰਨ ਨਾਲ ਲਾਭ ਪ੍ਰਾਪਤ ਹੁੰਦਾ ਹੈ। ਅਸਾਡੇ ਪੁਰਾਤਨ ਗ੍ਰੰਥਾਂ ਵਿਚ ਚਤ੍ਰਸੂਹ ਵਿਦਿਆ (Four Branches of Knowledge) ਦਾ ਵਰਨਣ ਹੈ :

੧. ਆਨਵਿਕਸ਼ੀ (Logic, metaphysics)

੨. ਤ੍ਰੈਯ (Three Vedas)

੩. ਵਾਰਤਾ (Secular arts and fiction) ਅਤੇ

੪. ਦੰਡਨੀਤੀ (Politics, Statecraft etc.) ਤੇ ਉਪਾਖਯਾਨ ਵਾਰਤਾ ਹੈ।

ਇਉਂ ਦਸਮ-ਗ੍ਰੰਥ ਵਿਚ, 'ਤ੍ਰਿਯਾ ਚਰਿਤ੍ਰ' ਦੇ ਆਰੰਭ ਵਿਚ ਹੀ, ਇਸ ਸਾਰੇ ਅਧਿਆਇ ਨੂੰ ਜਿਸ ਵਿਚ ਕਿ ਪ੍ਰੋਫ਼ੈਸਰ ਰਾਮ ਪ੍ਰਕਾਸ਼ ਸਿੰਘ ਜੀ ਵਾਲੀ 'ਰੂਪਕੋਅਰ' ਦੀ ਵਾਰਤਾ ਦਰਜ ਹੈ, ਗੁਰੂ ਸਾਹਿਬ ਜੀ ਨੇ ਆਪ ਹੀ 'ਪਾਖਯਾਨ ਚਰਿਤ੍ਰ ਲਿਖਯਤੇ' ਕਹਿ ਕੇ ਗੱਲ ਸਪੱਸ਼ਟ ਕਰ ਦਿੱਤੀ ਹੈ ਕਿ ਰੂਪ ਕੌਰ ਕੀ ਕਥਾ ਇਕ ਮਨੋਕਲਪਤ ਕਹਾਣੀ ਕਿੱਸਾ ਹੈ, ਸੁਹਿਦਰ ਸੰਹਿਤਾ ਹੈ, ਜੋ

ਕਿ ਮਨੋਵਿਲਾਸ ਲਈ ਤੇ ਹਿਤੋਪਦੇਸ਼, ਨਸੀਹਤ ਦੇਣ ਲਈ ਕਹੀ ਤੇ ਕਥਨੀ ਗਈ ਹੈ। ਇਉਂ ਦਸਮ-ਗ੍ਰੰਥ ਵਿਚ ਪਾਤਸ਼ਾਹ ਨੇ 'ਤ੍ਰਿਯਾ ਚਰਿਤ੍ਰ' ਦੇ ਅੰਤ ਵਿਚ, ਸਮਾਪਤ ਭਾਗ (**Epilogue**) ਰਾਹੀਂ ਆਪ ਕਿਹਾ ਹੈ :-

*ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ॥*

*ਸੁਨੈ ਮੂੜ ਚਿਤ ਲਾਇ ਚਤੁਰਤਾ ਆਵਈ॥ ੪੦੪॥*

(ਤ੍ਰਿਯਾ ਚਰਿਤ੍ਰ ੪੦੫)

'ਪਖਜਾਨ ਚਰਿਤ੍ਰ' ਅਥਵਾ ਤ੍ਰਿਯਾ ਚਰਿਤ੍ਰ ਨਾਮੀ ਅਧਿਆਇ ਵਿਚ ਪਹਿਲਾ ਚਰਿਤ੍ਰ ਯਾ ਵਾਰਤਾ ਇਸਤ੍ਰੀ ਦੇ ਵਿਰਾਟ ਰੂਪ (**metaphysical reality**) ਦੀ ਹੈ, ਤੇ ਇਸ ਦੇ ਆਰੰਭ ਵਿਚ ਹੀ ਇਸਤ੍ਰੀ ਤੇ ਅਕਾਲ ਪੁਰਖ ਨੂੰ ਅਭੇਦ ਕਰਕੇ ਦਰਸਾਇਆ ਹੈ :

*ਤੁਹੀ ਖੜਗਧਾਰ ਤੁਹੀ ਬਾਢਵਾਰੀ॥ ਤੁਹੀ ਤੀਰ ਤਰਵਾਰ ਕਾਤੀ ਕਟਾਰੀ॥...*

*ਤੁਹੀ ਬਿਸਨ ਤੂੰ ਬ੍ਰਹਮ ਤੂੰ ਰੁਦ੍ਰ ਰਾਜੈ॥ ਤੁਹੀ ਬਿਸ੍ਵ ਮਾਤਾ...... ॥*

*ਤੁਹੀ ਤੁਰਕ ਹਿੰਦੂ ਜਗਤ ਮੈ ਬਨਾਏ॥ ਤੁਹੀ ਪੰਥ ਹ੍ਵੈ ਅਵਤਰੀ ਸ੍ਰਿਸਟਿ ਮਾਹਿ॥*

ਸਭ ਤੋਂ ਪਹਿਲਾ ਚਰਿਤ੍ਰ ਗੁਰੂ ਜੀ ਨੇ ਉਸ ਤ੍ਰਿਯਾ ਦਾ ਵਰਨਣ ਕੀਤਾ ਹੈ, ਜੋ ਅਕਾਲ ਪੁਰਖ, ਸਰਬਾਧਾਰ ਪਾਰਬ੍ਰਹਮ, ਸ੍ਰਿਸ਼ਟੀ ਦਾ ਕਰਤਾ ਹੈ ਅਤੇ ਫੇਰ,

*ਤੁਹੀ ਜੋਗ ਮਾਯਾ ਤੁਹੀ ਜੋਗ ਬਾਨੀ॥*

ਸਰਵ ਵਿਸ਼ਵ ਤੇ ਜੀਵ ਵਿਚ ਚੇਤਨਸੱਤਾ ਰੂਪ ਭੀ ਹੈ, ਜਿਸ ਸੱਤਾ ਦੀ ਪ੍ਰਤਿਭਾ ਦੇ ਆਸਰੇ ਕਵੀ, ਲਿਖਾਰੀ ਤੇ ਬੁੱਧਿਵਾਨ ਸਾਹਿਤਕ ਰਚਨਾ ਕਰਦੇ ਹਨ।

*ਤਾਰਨ ਲੋਕ ਉਧਾਰਨ ਭੂਮਹਿ ਦੈਤ ਸੰਘਾਰਨ ਚੰਡ ਤੁਹੀ ਹੈ॥*

*ਕਾਰਨ ਈਸ ਕਲਾ ਕਮਲਾ ਹਰਿ ਅਦ੍ਰ ਸੁਤਾ ਜਹ ਦੇਖੋ ਉਹੀ ਹੈ॥*

*ਤਾਮਸਤਾ ਮਮਤਾ ਨਮਤਾ ਕਵਿਤਾ ਕਵਿ ਕੇ ਮਨ ਮੱਧਿ ਗੁਹੀ ਹੈ॥*

(ਚੰਡੀ ਚਰਿਤ੍ਰ ਉਕਤਿ ਬਿਲਾਸ, ਪੰਨਾ ੭੪)

ਇਹੋ ਅਨਾਦੀ ਤਿੰਨ ਕਾਲ ਸਤਯ ਸ਼ਕਤੀ ਇਸਤ੍ਰੀ ਦਾ ਦਿੱਬ ਤੇ ਸਨਾਤਨ ਰੂਪ ਗੁਰੂ ਗੋਬਿੰਦ ਸਿੰਘ ਜੀ ਨੇ ਵਰਨਣ ਕੀਤਾ ਹੈ ਅਤੇ ਇਸੇ ਸ਼ਕਤੀ ਦਾ ਕਿਰਦਾਰ 'ਤ੍ਰਿਯਾ ਚਰਿਤ੍ਰ ਉਪਾਖਯਾਨ' ਦੇ ਪਹਿਲੇ ਚਰਿਤ੍ਰ ਦਸਮ ਗ੍ਰੰਥ ਵਿਚ ਵਰਨਣ ਹੋਇਆ ਹੈ, ਜਿਸ ਵਿਚ ਕਿ 'ਦੈਂਤ ਸੰਘਾਰਨ ਚੰਡ' ਦੀ ਵਾਰਤਾ ਕਹੀ ਹੈ। ਮਨੁੱਖ ਦੇ ਅੰਤਰ ਆਤਮੇ ਪ੍ਰੋਖ ਇਸਥਿਤ ਉਹ ਈਸ਼ਵਰੀ-ਸ਼ਕਤੀ ਹੈ, ਜਿਸ ਦੁਆਰਾ ਜੀਵ ਬਦੀ ਤੇ ਅਧਰਮ ਉੱਤੇ ਫ਼ਤਹਿ ਪਾਉਂਦਾ ਹੈ।

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥*

(ਪੰਨਾ ੪੪੧)

ਗੁਰਵਾਕ ਦਾ ਆਸ਼ਾ ਭੀ ਇਹੋ ਹੈ।

ਇਉਂ ਆਰੰਭ ਦਸਮ ਗ੍ਰੰਥ ਦੀ ਉਸ ਰਚਨਾ ਦਾ ਹੁੰਦਾ ਹੈ, ਜੋ ਕਿ ਸਾਰੇ ਗ੍ਰੰਥ ਦਾ ਲੱਗ-ਭੱਗ ਅਰਧ ਭਾਗ ਹੈ ਤੇ ਕਥਾ ਇਉਂ ਤੁਰਦੀ ਹੈ :-

*ਪ੍ਰਥਮ ਧਯਾਇ ਸ੍ਰੀ ਭਗਵਤੀ ਬਰਨੌ ਤ੍ਰਿਯਾ ਪ੍ਰਸੰਗ॥*
*ਮੋ ਘਟ ਮੈ ਤੁਮ ਹ੍ਵੈ ਨਦੀ ਉਪਜਹੁ ਬਾਕ ਤ੍ਰੰਗ॥ ੪੬॥*

ਇਥੇ ਭੀ ਸਪੱਸ਼ਟ ਕਰ ਦਿੱਤਾ ਹੈ ਕਿ ਜੋ ਕਥਾ ਕਹਾਣੀਆਂ ਗੁਰੂ ਸਾਹਿਬ ਅੱਗੇ ਲਿਖਣ ਲੱਗੇ ਹਨ, ਉਹ ਵਾਸਤਵਿਕ ਇਤਿਹਾਸ ਨਹੀਂ, ਮਨ ਰੂਪੀ ਨਦੀ ਵਿਚ ਉਪਜੇ ਹੋਏ ਵਾਕ-ਤਰੰਗ ਹਨ। ਹੁਣ 'ਤ੍ਰਿਯ ਚਰਿਤ੍ਰ' ਆਰੰਭ ਕਰਦੇ ਹਨ।

*ਚਿਤ੍ਰਵਤੀ ਨਗਰੀ ਬਿਖੈ ਚਿਤ੍ਰ ਸਿੰਘ ਨ੍ਰਿਪ ਏਕ॥...*
*ਤਾ ਕੌ ਰੂਪ ਅਨੂਪ ਅਤਿ ਜੋ ਬਿਧਿ ਧਰਯੋ ਸੁਧਾਰਿ॥...*
*ਏਕ ਅਪਸਰਾ ਇੰਦ੍ਰ ਕੇ ਜਾਤ ਸਿੰਗਾਰ ਬਨਾਇ॥...*
*ਨਿਰਖ ਰਾਇ ਅਟਕਤਿ ਭਈ..॥*
*ਬਰੀ ਰਾਇ ਸੁਖ ਪਾਇ ਮਨ ਦੁੰਦਭਿ ਢੋਲ ਬਜਾਇ॥ ੫॥...*
*ਬਹੁਤ ਬਰਸ ਸੰਗ ਅਪਸਰਾ ਭੂਪਤਿ ਮਾਨੇ ਭੋਗ॥*
*ਬਹੁਰਿ ਅਪਸਰਾ ਇੰਦ੍ਰ ਕੇ ਜਾਤ ਭਈ ਉਡਿ ਲੋਗ॥ ੭॥*

ਚਿਤ੍ਰਵਤੀ ਨਗਰ ਵਿਚ ਚਿਤ੍ਰ ਸਿੰਘ ਨਾਮੀ ਇਕ ਅਨੂਪਮ ਸੁੰਦਰ ਰਾਜਾ ਸੀ, ਜਿਸ ਉੱਤੇ ਇਕ ਅਪਸਰਾ ਮੋਹਿਤ ਹੋ ਗਈ ਤੇ ਕਈ ਵਰ੍ਹੇ ਉਸ ਦੀ ਵਹੁਟੀ ਬਣ ਕੇ ਰਾਜੇ ਨਾਲ ਰਹੀ। ਇਕ ਪੁੱਤ੍ਰ ਭੀ ਜਨਮਿਆ ਇਸ ਸੰਜੋਗ ਵਿਚੋਂ, ਪਰ ਫੇਰ ਅਪਸਰਾ ਆਪਣੇ ਮਨੁੱਸ਼ ਪ੍ਰੇਮੀ ਨੂੰ ਛੱਡ ਕੇ, ਆਪਣੇ ਅਸਲੀ ਘਰ, ਇੰਦ੍ਰ ਲੋਕ ਚਲੀ ਗਈ।

ਇਹ ਕਹਾਣੀ ਸੰਸਾਰ ਭਰ ਦੇ 'ਗ੍ਰੰਥ ਸਾਹਿਤ' ਦੀ ਪਹਿਲੀ ਕਹਾਣੀ ਹੈ, ਤੇ ਰਿਗ ਵੇਦ (੧੦.੧੫) ਵਿਚ ਉਰਵਸ਼ੀ ਤੇ ਪੁਰੂਰਵਾ ਦੇ ਨਾਵਾਂ ਨਾਲ ਅੰਕਿਤ ਕੀਤੀ ਹੋਈ ਹੈ। ਰਿਗ ਵੇਦ ਦੇ ਦਸਵੇਂ ਮੰਡਲ ਵਿਚ ਅੰਕਿਤ ਵਾਕਯੋਵਾਕ ਦੇ ਅਨੁਸਾਰ ਜਦੋਂ ਪੁਰੂਰਵਾ, ਉਰਵਸ਼ੀ ਦੀ ਜੁਦਾਈ ਵਿਚ ਅਤੀ ਬਿਹਬਲ ਹੋ ਜਾਂਦਾ ਹੈ ਅਤੇ ਆਤਮਘਾਤ ਦਾ ਨਿਸਚਾ ਕਰਦਾ ਹੈ, ਤਾਂ ਉਰਵਸ਼ੀ ਸੁਰਲੋਕ ਤੋਂ ਮ੍ਰਿਤੂਲੋਕ ਵਿਚ ਉਤਰਦੀ ਹੈ, ਤੇ ਪੁਰੂਰਵਾ ਨੂੰ ਕਹਿੰਦੀ ਹੈ :

*ਪੁਰੂਰਵਾ, ਮਰਨ ਨਿਸਚਾ ਤਿਆਗ ਦਿਉ, ਆਤਮਘਾਤ ਨ ਕਰੋ,*
*ਨਿਰਦਈ ਬਨ ਜੀਵਾਂ ਦੀ ਭੇਟਾ ਆਪਣਾ ਸਰੀਰ ਮਤ ਕਰੋ।*
*ਤ੍ਰਿਯਾ ਦੀ ਮਿੱਤ੍ਰਤਾ ਤਿੰਨ ਕਾਲ ਅਸਥਿਰ ਹੈ,*
*ਕਿਉ ਜੁ ਉਨ੍ਹਾਂ ਦਾ ਹਿਰਦਾ ਬਿੱਜੂ, ਮੁਰਦਾਖੋਰ ਦਾ ਹੈ।* *(ਰਿਚ, ੧੫)*

ਇਸਤ੍ਰੀ ਦੇ ਮਨ 'ਤੇ ਚਰਿਤ੍ਰ ਦਾ ਇਹ ਵਿਸ਼ਲੇਸ਼ਨ ਤੇ ਜਾਇਜ਼ਾ ਰਿਗ ਵੇਦ ਵਿਚ ਅੰਕਿਤ ਹੈ, ਅਤੇ ਇਸ੍ਰਤੀ ਦੀ ਆਤਮਕ ਕ੍ਰਤ ਤੇ ਸਮਾਜਕ ਸਥਾਨ, ਨੀਵਾਂ ਤੇ ਘਟੀਆ ਦਰਜੇ ਦਾ ਹੈ, ਜੋ ਕਿ ਹਿੰਦੂ ਸ਼ਾਸਤ੍ਰਾਂ ਦੇ ਗ੍ਰੰਥਾਂ ਵਿਚ ਪ੍ਰਮਾਣੀਕ ਮੰਨਿਆ ਗਿਆ ਹੈ, ਅਤੇ ਜੋ ਪਿਛਲੇਰੀਆਂ ਸਹੰਸ੍ਰਾਬਦੀਆਂ ਵਿਚ ਵਰਤੋਂ ਵਿਚ ਲਿਆਂਦਾ ਗਿਆ ਹੈ, ਉਹ ਸਾਰੀ ਵਿਚਾਰਧਾਰਾ ਤੇ ਸਥਿਤੀ (Doctrine and practice) ਦਾ ਮੂਲ ਗਰਭ ਇਹੋ ਵਾਕਯੋਵਾਕ ਹੀ ਹੈ। ਗੁਰੂ ਨਾਨਕ ਜੀ ਦੇਵ ਨੇ ਜਦੋਂ ਬਚਨ ਕੀਤਾ :

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥*

(ਵਾਰ ਆਸਾ ਮ: ੧)

ਤਾਂ ਸੰਕੇਤ ਇਸ ਰਿਗ ਵੇਦ ਵਿਚੋਂ ਉਗਮੀ ਤੇ ਪਿਛਲੇਰੀਆਂ ਕਈ ਸਹੰਸ੍ਰਾਬਦੀਆਂ ਵਿਚ ਪ੍ਰਪੱਕ ਹੋ ਚੁੱਕੀ ਵਿਚਾਰਧਾਰਾ ਤੇ ਸਥਿਤੀ ਵੱਲ ਹੀ ਸੀ ਅਤੇ ਨਿਸ਼ਾਨਾ ਇਸ ਦਾ ਵਿਰੋਧ ਤੇ ਨਿਰੋਧ ਕਰਨਾ ਹੀ ਸੀ, ਜੋ ਵਿਚਾਰਧਾਰਾ ਤੇ ਸਥਿਤੀ ਨਾ ਕੇਵਲ ਹਿੰਦੂ ਸਮਾਜ, ਸਗੋਂ ਸੰਸਾਰ ਦੇ ਮਹਾਨ ਸਾਮੀ ਸਮਾਜਾਂ, ਈਸਾਈ, ਮੂਸਾਈ ਤੇ ਮੁਸਲਮ ਸਮਾਜਾਂ ਦੀ ਭੀ ਬੁਨਿਆਦ ਕਮਜ਼ੋਰੀ ਦਾ ਕਾਰਣ ਹਜ਼ਾਰਾਂ ਵਰ੍ਹੇ ਬਣੀ ਰਹੀ ਹੈ, ਅਤੇ ਜਿਸ ਦੇ ਹਾਨੀਕਾਰਕ ਪਰਿਣਾਮ ਦੀ ਸੋਝੀ ਕਿਤੇ ਹੁਣ ਉਨ੍ਹੀਵੀਂ ਸਦੀ ਵਿਚ ਸੰਸਾਰ ਨੂੰ ਪਈ ਹੈ।

ਚਿਤ੍ਰ ਸਿੰਘ, ਦਸਮ-ਗ੍ਰੰਥ ਦੇ 'ਤ੍ਰਿਯਾ ਚਰਿਤ੍ਰ' ਵਿਚ ਪੁਰੁਰਵਾ ਦੇ ਪਰਛਾਵੇਂ ਪੁਣੇ ਤੋਂ ਕੰਮ ਲੈਂਦਾ ਹੈ ਅਤੇ ਅਪਸਰਾ ਦੇ ਅਲੋਪ ਹੋ ਜਾਣ ਉਤੇ

*ਤਿਹ ਬਿਨੁ ਭੂਪਤਿ ਦੁਖਿਤ ਹ੍ਵੈ ਮੰਤ੍ਰੀ ਲਏ ਬੁਲਾਇ॥*
*ਚਿਤ੍ਰ ਚਿੱਤ੍ਰ ਤਾ ਕੌ ਤੁਰਿਤ ਦੇਸਨ ਦਯੋ ਪਠਾਇ॥ ੮॥*

ਉਸ ਅਪੱਸਰਾ ਦੀ ਮੂਰਤ ਬਣਾ ਕੇ, ਆਪਣੇ ਜਸੂਸ ਬਾਹਰ ਅੰਦਰ ਦੇਸ਼ਾਂ ਵਿਦੇਸ਼ਾਂ ਵਿਚ ਭੇਜ ਦਿੱਤੇ ਕਿ ਇਹੋ ਜਿਹੀ ਸੁੰਦਰ ਤ੍ਰੀਮਤ ਲੱਭੋ। ਉਨ੍ਹਾਂ ਜਸੂਸਾਂ ਨੇ :

*ਖੋਜਤ ਓਡਛ ਨਾਥ ਕੇ ਲਹੀ ਕੰਨਿਆ ਏਕ॥*
*ਰੂਪ ਸਕਲ ਸਮ ਅਪਸਰਾ ਤਾਂ ਤੇ ਗੁਨਨ ਬਿਸੇਖ॥ ੯॥*

ਉੜੀਸਾ ਦੇਸ਼ ਦੇ ਰਾਜੇ ਦੀ ਧੀ ਜਾ ਲੱਭੀ, ਜੋ ਕਿ ਸੁੰਦਰ ਤਾਂ ਅਪਸਰਾ ਵਰਗੀ ਸੀ, ਪਰ ਗੁਣਾਂ ਵਿਚ ਅਪੱਸਰਾ ਨਾਲੋਂ ਵੱਧ ਸੀ, ਭਾਵ ਇਹ ਹੀ ਹੈ ਕਿ ਵਿਦਿਆ, ਕਲਾ ਆਦਿ ਵਿਚ ਅਪੱਸਰਾ ਨਾਲੋਂ ਵਧੇਰੇ ਪ੍ਰਬੀਨ ਸੀ, ਕਿਉਂ ਜੋ ਪਤੀਬ੍ਰਤ ਧਰਮ ਤਾਂ ਇਸ 'ਓਡਛਨਾਥ' ਕੰਨਿਆ ਦਾ ਭੀ ਇਸ ਅਪੱਸਰਾ ਅਥਵਾ ਉਰਵਸ਼ੀ ਨਾਲੋਂ ਕੋਈ ਵਧੇਰੇ ਪ੍ਰਪੱਕ ਨਹੀਂ ਸੀ।

ਖ਼ੈਰ ! ਦਸਮ-ਗ੍ਰੰਥ ਵਿਚ ਅੰਕਿਤ ਕਥਾ ਇਉਂ ਹੈ ਕਿ ਇਸ ਉੜੀਸਾ ਦੀ ਰਾਜਕੁਮਾਰੀ ਨੂੰ ਚਿੱਤ੍ਰ ਸਿੰਘ ਨੇ ਖੋਹ ਲਿਆਂਦਾ। ਇਸ ਯੁੱਧ ਵਿਚ ਚਿੱਤ੍ਰ ਸਿੰਘ ਦਾ ਯੁਵਰਾਜ, ਹਨਿਵਤਿ

ਸਿੰਘ, ਸੰਗ੍ਰਾਮ ਸ਼ਾਹ ਯਾ ਫ਼ੌਜਾਂ ਦਾ ਕਮਾਨ ਅਫ਼ਸਰ ਸੀ। ਚਿੱਤ੍ਰ ਸਿੰਘ ਆਪ ਰਣ ਤੱਤੇ ਵਿਚ ਹੋ ਕੇ ਨਹੀਂ ਲੜਿਆ :—

*ਹਨਿਵਤਿ ਸਿੰਘ ਆਗੇ ਕਿਯੌ ਅਮਿਤ ਸੈਨ ਦੇ ਸਾਥ॥*
*ਚਿੱਤ੍ਰ ਸਿੰਘ ਪਾਛੈ ਰਹਯੋ ਗਹੈ ਬਰਛਿਯਾ ਹਾਥ॥ ੧੪॥*

ਫੇਰ—

*ਮਾਰਿ ਓਡਛਾ ਰਾਇ ਕੌ ਲਈ ਸੁਤਾ ਤਿਹ ਜੀਤ॥*
*ਬਰੀ ਰਾਇ ਸੁਖ ਪਾਇ ਮਨ ਮਾਨ ਸਾਸਤ੍ਰ ਕੀ ਰੀਤਿ॥ ੧੭॥*

ਧੱਕੇ ਨਾਲ ਪਰਾਈ ਧੀ ਖੋਹ ਕੇ ਵਿਆਹ ਲੈਣੀ, 'ਸੁਖ ਪਾਇ ਮਨ' ਇਹ 'ਸਾਸਤ੍ਰ ਕੀ ਰੀਤਿ' ਹੈ। ਮਨੂ ਧਰਮ ਸ਼ਾਸਤ੍ਰ ਵਿਚ ਅਸ਼ਟ ਵਿਵਾਹ ਵਿਧਾਨ ਹਨ।

੧. ਬ੍ਰਾਹਮਣ ਵਿਵਾਹ : ਵਰ ਨੂੰ ਘਰ ਬੁਲਾ ਕੇ ਕੰਨਿਆ ਦੇਣੀ

੨. ਦੇਵ ਵਿਵਾਹ : ਯੱਗ ਕਰਵਾਉਣ ਵਾਲੇ ਨੂੰ ਕੰਨਿਆ ਦੇਣੀ

੩. ਆਰਸ਼ : ਵਰ ਤੋਂ ਬੈਲ ਆਦਿ ਕੀਮਤ ਲੈ ਕੇ ਕੰਨਿਆ ਦੇਣੀ

ਜਿਸ ਬਾਬਤ ਕਿ ਸਾਡੇ ਰਹਿਤਨਾਮਿਆਂ ਵਿਚ ਲਿਖਿਆ ਹੈ ਕਿ—

'ਧੀ ਭੈਣ ਕਾ ਪੈਸਾ ਲੇਈ। ਪਾਤਤ ਸਿੱਖ ਹੋਤ ਹੈ ਸੇਈ।'

੪. ਪ੍ਰਾਜਾਪਤਯ : ਕੁੜੀ ਤੇ ਮੁੰਡੇ ਦਾ ਪਰਸਪਰ ਰਜ਼ਾਮੰਦੀ ਨਾਲ ਵਿਆਹ, ਜਿਸ ਨੂੰ ਅੱਜ ਕੱਲ ਪ੍ਰੇਮ-ਸੰਯੋਗ (Love Marriage) ਆਖੀਦਾ ਹੈ, ਤੇ ਜਿਸ ਦਾ ਰੂਪਾਂਤ੍ਰ ਅਦਾਲਤੀ ਸ਼ਾਦੀ ਹੈ।

੫. ਗਾਂਧਰਵ ਵਿਵਾਹ : ਜਿੱਥੇ ਤੇ ਜਦੋਂ ਮਨ ਕੀਤਾ, ਸੰਯੋਗ ਕਰ ਲਿਆ, ਜਿਸ ਦਾ ਰੂਪਾਂਤ੍ਰ ਕਿ ਆਧੁਨਿਕ ਸੰਗਤ-ਵਿਵਾਹ (Companionnate marriage) ਹੈ, ਜਿਸ ਦਾ ਪ੍ਰਚਾਰ ਬਰਟ੍ਰੰਡ ਰਸਲ ਨੇ ਕੀਤਾ ਹੈ।

੬. ਆਸੁਰ : ਧੀ ਲੈਣੀ ਤੇ ਦੇਣੀ (ਵੱਟਾ), ਜਿਸ ਦਾ ਰਿਵਾਜ ਕਿ ਅੱਜ ਤੱਕ ਅਸਾਡੇ ਦੇਸ਼ ਦੀਆਂ ਕਈ ਜਾਤੀਆਂ ਵਿਚ ਹੈ।

੭. ਰਾਕਸ਼ਸ਼ ਵਿਵਾਹ : ਯੁੱਧ ਵਿਚ ਜਿੱਤ ਕੇ ਕੰਨਿਆ ਵਰ ਲੈਣੀ, ਜਿਸ ਤਰ੍ਹਾਂ ਕਿ ਅਸਾਡੇ ਪਾਤ੍ਰ ਚਿੱਤ੍ਰ ਸਿੰਘ ਨੇ ਕੀਤਾ ਅਤੇ ਜਿਵੇਂ ਕਿ ਬਿਦੇਸ਼ੀ ਤੁਰਕ ਜਰਵਾਣੇ ਅਸਾਡੇ ਦੇਸ਼ ਦੀਆਂ ਧੀਆਂ ਭੈਣਾਂ ਨਾਲ ਕਈ ਸੌ ਵਰ੍ਹੇ ਕਰਦੇ ਚਲੇ ਆਏ ਸਨ ਅਤੇ ਜਿਸ ਤੋਂ ਸਿੰਘਾਂ ਨੂੰ ਦਸਮ ਪਾਤਸ਼ਾਹ ਨੇ ਇਉਂ ਕਹਿ ਕੇ ਵਰਜਿਆ ਸੀ, ਕਿ 'ਤੁਰਕਾਂ ਜਰਵਾਣਿਆਂ ਦੀ ਰੀਸ ਨਾ ਕਰਨ, ਕਿਉਂ ਜੁ ਸਿੰਘ-ਆਦਰਸ਼ ਉਚੇਰੇ ਹਨ :-

*ਹਮ ਲੈ ਜਾਨੋ ਪੰਥ ਉਚੇਰੇ। ਨਹੀਂ ਅਧੋਗਤਿ ਬਿਖੈ ਪੁਚਾਵੈਂ।*

(ਗੁਰ ਪ੍ਰਤਾਪ ਸੂਰਜ, ਰੁਤ ੬, ਅੰਸੂ ੨੦)

੮. ਪੈਸ਼ਾਚ ਵਿਵਾਹ : ਰੋਂਦੀ ਕੁਰਲਾਂਦੀ ਕੰਨਿਆ ਖੋਹ ਕੇ ਲੈ ਜਾਣੀ, ਜਿਵੇਂ ਕ੍ਰਿਸ਼ਨ ਜੀ ਰੁਕਮਣੀ ਨੂੰ ਦੇਵ ਪੂਜਾ ਕਰਦੀ ਨੂੰ ਖੋਹ ਕੇ ਲੈ ਗਏ ਸਨ ਤੇ ਜਿਵੇਂ ੧੯੪੭ ਦੀ ਦੇਸ਼-ਵੰਡ ਵੇਲੇ ਹਜ਼ਾਰਾਂ ਬੱਚੀਆਂ ਖੋਹ ਲਈਆਂ ਗਈਆਂ। ਇਹ ਅੱਠੇ ਤਰੀਕੇ ਕੰਨਿਆ ਵਰਨ ਦੇ 'ਸ਼ਾਸਤ੍ਰ ਕੀ ਰੀਤਿ' ਹੈ, ਤੇ ਇਸੇ ਲਈ ਚਿਤ੍ਰ ਸਿੰਘ ਨੇ ਉੜੀਸਾ ਦੀ ਰਾਜਕੁਮਾਰੀ, ਜਿਸ ਦਾ ਨਾਮ ਚਿਤ੍ਰਮਤੀ ਸੀ, ਨੂੰ ਨਿਸ਼ਚਿੰਤ ਹੋ ਕੇ, 'ਸੁਖ ਪਾਇ ਮਨ' ਵਿਆਹ ਲਿਆ। ਚਿਤ੍ਰਮਤੀ, ਚਿਤ੍ਰ ਸਿੰਘ ਦੀ ਵਿਆਹੁਤਾ ਇਸਤ੍ਰੀ ਤਾਂ ਬਣ ਗਈ, ਪਰ ਇਸ ਦਾ ਭਾਵ ਇਹ ਨਹੀਂ ਕਿ ਪਤਿਬ੍ਰਤ ਧਰਮ ਵਿਚ ਭੀ ਪ੍ਰਪੱਕ ਹੋ ਗਈ :

*ਹਨਿਵਤਿ ਸਿੰਘਹਿ ਸੋਂ ਰਹੈ ਚਿਤਵਤ ਆਠੋ ਜਾਮ॥ ੧੮॥*

ਅੱਠੇ ਪਹਿਰ ਆਪਣੇ ਮਤ੍ਰੇਏ ਪੁੱਤ੍ਰ ਹਨਵੰਤ ਸਿੰਘ ਦਾ ਧਿਆਨ ਹੀ ਆਪਣੇ ਮਨ ਵਿਚ ਵਸਾਈ ਰੱਖੇ। ਗੱਲ ਕੀ, ਚਿਤ੍ਰਮਤੀ ਰਾਜ ਕੁਮਾਰ ਨੂੰ ਕਿਸੇ ਬਹਾਨੇ ਆਪਣੇ ਕੋਲ ਲੈ ਆਈ।

*ਚੋਰਿ ਚਤੁਰਿ ਚਿਤ ਲਯੋ ਕਹੋ ਕਸ ਕੀਜੀਐ॥*
*ਸਾਹਮਨੇ ਬੈਠ ਕੇ ਦਿਲ ਕੋ ਜੋ ਚੁਰਾਏ ਕੋਈ।*
*ਐਸੀ ਚੋਰੀ ਕਾ ਪਤਾ ਖ਼ਾਕ ਲਗਾਏ ਕੋਈ।*
*ਅਤਿ ਸਰੂਪ ਸੁੰਦਰ ਸਰਸ ਮਨੋ ਮੈਨ ਕੇ ਐਨ॥*
*ਮੋ ਮਨ ਕੋ ਮੋਹਤ ਸਦਾ ਮਿਤ੍ਰ ਤਿਹਾਰੇ ਨੈਨ॥ ੨੪॥*

ਰਾਜਕੁਮਾਰ ਜੀ ਤੁਹਾਡੇ ਨੈਣ ਸੁੰਦਰ, ਰਸੀਲੇ, ਮਾਨੋ ਮੈਨਿਕਾ ਅਪੱਸਰਾ ਦੀਆਂ ਅੱਖਾਂ ਹਨ, ਇਸੇ ਲਈ ਇਹ ਮੋਮਨਾਂ ਨੂੰ (ਯਾ ਮੇਰੇ ਮਨ ਨੂੰ) ਸਦਾ ਮੋਂਹਦੇ ਹਨ। ਇਹੋ ਜਿਹੇ ਕਾਵਿ ਮਈ ਬਿਲਾਸ ਦੇ ਬਹੁਤ ਬਚਨ ਚਿਤ੍ਰਮਤੀ ਨੇ ਆਪਣੇ ਰਾਜ ਕੁਮਾਰ ਮਤ੍ਰੇਏ ਪੁੱਤ੍ਰ ਨਾਲ ਕੀਤੇ, ਪਰ :

*ਵਾਂ ਕੀ ਕਹੀ ਨ ਨ੍ਰਿਪਸੁਤ ਮਾਨੀ॥*
*ਚਿਤ੍ਰਮਤੀ ਤਬ ਭਈ ਖਿਸਾਨੀ॥*

ਬੱਸ, ਫਿਰ ਜਿਵੇਂ ਕਿ ਰਾਮ ਪ੍ਰਕਾਸ਼ ਸਿੰਘ ਜੀ ਨੇ ਲਿਖਿਆ ਹੈ, ਚਿਤ੍ਰਮਤੀ ਨੇ ਜਾਤਾ, ਕਿ ਮੇਰੀ ਜੁਆਨੀ ਤੇ ਹੁਸਨ ਦਾ ਅਪਮਾਨ ਹੋਇਆ ਹੈ ਅਤੇ :

*ਚਿਤ੍ਰ ਸਿੰਘ ਪੈ ਜਾਇ ਪੁਕਾਰੇ॥*
*ਬਡੋ ਦੁਸ਼ਟ ਇਹ ਪੁਤ੍ਰ ਤੁਹਾਰੇ॥ ੨੮॥*

*ਫਾਰਿ ਚੀਰ ਕਰ ਅਪਨੇ ਮੁਖ ਨਖ ਘਾਇ ਲਗਾਇ॥*
*ਰਾਜਾ ਕੌ ਰੋਖਿਤ ਕਿਯੌ ਤਨ ਕੇ ਚਿਹਨ ਦਿਖਾਇ॥ ੨੯॥*

ਆਪਣੇ ਬਸਤਰ ਆਪ ਹੀ ਫਾੜ ਲਏ ਤੇ ਆਪ ਹੀ ਨਹੁੰਆਂ ਨਾਲ ਆਪਣੇ ਮੂੰਹ ਉੱਤੇ ਘਾਉ ਕਰ ਲਏ ਤੇ ਆਪਣੇ ਪਤੀ ਨੂੰ ਜਾ ਆਖਿਆ ਕਿ ਤੇਰਾ ਪੁੱਤਰ ਬੜਾ ਦੁਸ਼ਟ ਹੈ।

*ਬਚਨ ਸੁਨਤ ਕ੍ਰੌਧਿਤ ਨ੍ਰਿਪ ਭਯੋ॥ ਮਾਰਨ ਹੇਤ ਸੁਤਹਿ ਲੈ ਗਯੋ॥*
*ਮੰਤ੍ਰਿਨ ਆਨਿ ਰਾਵ ਸਮੁਝਾਯੋ॥ ਤ੍ਰਿਯਾ ਚਰਿਤ੍ਰ ਨ ਕਿਨਹੂੰ ਪਾਯੋ॥ ੩੦॥*

ਰਾਜੇ ਨੇ ਆਪਣੇ ਪੁੱਤ੍ਰ ਦੇ ਕਤਲ ਦਾ ਹੁਕਮ ਦੇ ਦਿੱਤਾ ਪਰ ਵਜ਼ੀਰਾਂ ਨੇ ਸਮਝਾਇਆ ਕਿ ਹੇ ਰਾਜਨ ! ਇਸਤ੍ਰੀ ਦਾ ਚਰਿੱਤ੍ਰ ਬੜਾ ਡੂੰਘਾ ਹੈ, ਇਸ ਦੀਆਂ ਗੱਲਾਂ ਵਿਚ ਝੱਟਪੱਟ ਨਹੀਂ ਆ ਜਾਈਦਾ।

*ਇਤਿ ਸ੍ਰੀ ਚਰਿਤ੍ਰ ਪਖਯਾਨੇ ਤ੍ਰਿਯਾ ਚਰਿਤ੍ਰੇ*
*ਮੰਤ੍ਰੀ ਭੂਪ ਸੰਬਾਦੇ ਦੁਤਿਯ ਚਰਿਤ੍ਰ ਸਮਾਪਤਮ-ਸਤੁਸੁਭਮਸਤੁ।*

ਇਹ ਦਸਮ ਗ੍ਰੰਥ ਦੇ 'ਤ੍ਰਿਯਾ ਚਰਿਤ੍ਰ' ਨਾਮੀ ਭਾਗ ਦਾ ਦੂਜਾ ਅਧਿਆਇ ਹੈ ਅਤੇ ਅੱਗੇ ਜੋ 'ਤ੍ਰਿਯਾ ਚਰਿਤ੍ਰ' ਦੀਆਂ ਕਹਾਣੀਆਂ ਆਉਂਦੀਆਂ ਹਨ, ਉਹ 'ਮੰਤ੍ਰੀ ਭੂਪ ਸੰਬਾਦੇ' ਰਾਜਾ ਚਿਤ੍ਰ ਸਿੰਘ ਤੇ ਉਸ ਦੇ ਵਜ਼ੀਰ ਦੀ ਆਪੋ ਵਿਚ ਦੀ ਗੱਲ ਬਾਤ ਹੈ, ਕੋਈ ਵਾਸਤਵਿਕ ਇਤਿਹਾਸ ਨਹੀਂ ਹੈ।

ਇਥੇ ਦੋ ਗੱਲਾਂ ਕਥਨ ਯੋਗ ਹਨ : ਮਾਤਾ ਪੁੱਤ੍ਰ ਦੇ ਵਿਭਚਾਰ ਦਾ ਵਿਸ਼ਾ ਲੋਕ-ਵਾਰਤਾ ਵਿਚ ਪਹਾੜਾਂ ਵਾਂਗ ਪੁਰਾਤਨ ਹੈ। ਯੂਨਾਨੀਆਂ ਦੀ ਉਡੀਪਸ (Oedepus) ਦੀ ਵਾਰਤਾ ਦਾ ਸਾਰੰਸ਼ (Motif) ਇਹ ਵਿਭਚਾਰ ਹੀ ਹੈ, ਜਿਸ ਦੇ ਆਧਾਰ ਤੇ ਆਧੁਨਿਕ ਮਹਾਂਵਿਗਿਆਨੀ 'ਫਰਾਇਡ' (Freud) ਨੇ ਉਡੀਪਸ ਮਾਨਸਕ ਰੋਗ (oedepus complex) ਦੀ ਉਲੇਖਨਾ ਕੀਤੀ ਹੈ। ਇਹ ਵਾਰਤਾ ਸਾਰੰਸ਼ ਵਿਚ ਇਕ ਤੋਂ ਵੱਧ ਥਾਂ ਮੌਜੂਦ ਹੈ, ਪਰ ਸਾਊ (Sophisticated) ਭਾਰਤੀ ਪ੍ਰੰਪਰਾ ਤੇ ਲੋਕਵਾਰਤਾ ਵਿਚ ਇਹ ਮਨੋਬ੍ਰਿਤੀ ਸਾਰੰਸ਼ ਮਤ੍ਰੇਈ ਮਾਂ ਦੀ ਯੁਵਕ ਪੁੱਤ੍ਰ ਨਾਲ ਵਿਭਚਾਰ ਦੀ ਇੱਛਾ ਦਾ ਰੂਪ ਧਾਰਨ ਕਰ ਗਿਆ ਹੈ, ਘੱਟੋ ਘੱਟ, ਲੋਕ-ਸਾਹਿਤ ਤੇ ਗ੍ਰੰਥ-ਸਾਹਿਤ ਵਿਚ। ਦਸਮ-ਗ੍ਰੰਥ ਦੇ ਤ੍ਰਿਯਾ ਚਰਿਤ੍ਰ ਦੀ ਵੱਡੀ ਕਹਾਣੀ, ਜਿਸ ਵਿਚੋਂ ਬਾਕੀ ਦੀਆਂ ਕਹਾਣੀਆਂ ਜੋ ਕਿ ੪੦੦ ਕੁ ਹਨ, ਨਿਕਲਦੀਆਂ ਹਨ, ਦਾ ਮਨੋਬ੍ਰਿਤੀ ਸਾਰੰਸ਼ ਇਹ ਉਡੀਪਸ ਮਾਨਸਕ ਰੋਗ ਹੀ ਹੈ, ਜਿਸ ਨੂੰ ਆਧਾਰ ਬਣਾ ਕੇ ਮਨਾਲੋਚਨਾ (psychoanalysis) ਦੇ ਵਿਗਿਆਨੀ, ਮਨੁੱਖ ਦੇ ਸਮੁੱਚੇ ਚਰਿਤ੍ਰ ਨੂੰ ਉਲੇਖਣ ਤੇ ਦਰਸਾਉਣ ਦੇ ਯਤਨ ਕਰਦੇ ਹਨ। ਇਉਂ ਵਿਚਾਰਿਆਂ ਤ੍ਰਿਯਾ ਚਰਿਤ੍ਰ ਦੇ ਕਰਤਾ ਨੇ ਚਿਤ੍ਰਮਤੀ ਤੇ ਹਨਿਵੰਤਿ ਸਿੰਘ ਦੀ ਕਹਾਣੀ ਨੂੰ ਆਧਾਰ ਬਣਾ ਕੇ ਜਿਹੜਾ ਬਾਕੀ ੪੦੦ ਕਹਾਣੀਆਂ ਨੂੰ ਇਸ ਸੰਦੂਕ ਵਿਚ ਬੰਦ ਕੀਤਾ ਹੈ, ਇਸ ਦਾ ਗੋਜਯ ਰਹੱਸਯ ਬੜਾ ਮਹਾਨ ਪ੍ਰਤੀਤ ਹੋ ਆਉਂਦਾ ਹੈ। ਉਂਜ, ਇਕ

ਕਹਾਣੀ ਕਥਾ ਨੂੰ ਅਵਿਲੰਭ ਬਣਾ ਕੇ, ਉਸ ਨਾਲ ਅਨੇਕ ਹੋਰ ਕਥਾ ਕਹਾਣੀਆਂ ਟੂੰਗਣ ਦੀ ਪ੍ਰਪਾਟੀ ਸਾਡੇ ਦੇਸ਼ ਦੀ ਸਾਹਿਤ-ਪ੍ਰੰਪਰਾ ਵਿਚ ਬਹੁਤ ਪੁਰਾਣੀ ਹੈ। ਪੰਡਤ ਗੁਣਾਡਯ ਦੀ ਰਚਿਤ 'ਬ੍ਰਹਤਕਥਾ' ਜੋ ਕਿ ਅਲੋਪ ਹੋ ਚੁੱਕੀ ਹੈ, ਅਤੇ ਜਿਸ ਬਾਬਤ ਡਾ: ਕੀਥ ਕਹਿੰਦਾ ਹੈ ਕਿ ਇਸ ਦੀ ਸਾਹਿਤਕ ਮਹਾਨਤਾ ਰਾਮਾਇਣ ਤੇ ਮਹਾਂਭਾਰਤ ਨਾਲੋਂ ਕਿਸੇ ਪ੍ਰਕਾਰ ਵੀ ਘੱਟ ਨਹੀਂ ਸੀ, (See A History of Sanskrit Literature, by Dr. Keith. p. 266) ਅਤੇ ਜਿਸ ਦੇ ਕਿ ਸੱਤ ਲੱਖ ਲੋਕ-ਸ਼ਲੋਕ ਸਨ, ਜਿਨ੍ਹਾਂ ਦਾ ਕਿ ਭੋਰ ਚੋਰ ਕਸ਼ੇਮੇਂਦ੍ਰ ਦੀ 'ਬ੍ਰਹਮਕਥਾਮੰਜਰੀ' (1063-66 A.D) ਤੇ ਸੋਮ ਦੇਵ ਦੀ 'ਕਥਾ ਸਰਿਤ-ਸਾਗਰ' (1081 A.D) ਹਨ, ਦੀ ਸਾਹਿਤਕ ਬਣਤਰ ਇਵੇਂ ਹੀ ਹੈ ਕਿ ਇਕ ਵੱਡੀ ਕਹਾਣੀ ਆਰੰਭ ਕਰਕੇ, ਬਾਕੀ ਅਨੇਕ ਕਹਾਣੀਆਂ ਉਸ ਵਿਚ ਪਾਈ ਗਏ। 'ਕਥਾ ਸਰਿਤ-ਸਾਗਰ' ਦੀ 'ਵੈਤਾਲਪੰਚਵਿਸਤੀ' ਅਤੇ ਵਿਸ਼ਨੂੰ ਸ਼ਰਮਾ ਦੇ 'ਪੰਚਤੰਤ੍ਰ' ਵਿਚ ਇਹੋ ਪ੍ਰਪਾਟੀ, ਇਕ ਕਹਾਣੀ ਨਾਲ ਅਨੇਕ ਵਿਲੋਕਤ੍ਰੀਆਂ ਕਹਾਣੀਆਂ ਟੂੰਗ ਦੇਣ ਦੀ, ਵਰਤੀ ਗਈ ਹੈ ਤੇ ਇਥੋਂ ਹੀ ਅਰਬੀ ਲਿਖਾਰੀਆਂ ਨੇ ਮਾਂਗਵੀ ਲੈ ਕੇ 'ਅਲਫ ਲੈਲਾ' ਆਦਿ ਪੁਸਤਕਾਂ ਵਿਚ ਵਰਤੀ ਹੈ, ਜਿਥੋਂ ਕਿ ਇਹ ਸਾਰੇ ਯੂਰਪ ਵਿਚ ਫੈਲੀ। ਪਰ ਦਸਮ-ਗ੍ਰੰਥ ਦੇ ਤ੍ਰਿਯਾ ਚਰਿਤ੍ਰ ਵਾਲਾ ਉਪਰੋਕਤ ਮਨੋਬ੍ਰਤੀ ਗੋਜਯ ਰਹੱਸ ਹੋਰ ਕਿਤੇ ਨਹੀਂ ਹੈ।

ਦੂਜੀ ਗੱਲ ਕਰਨ ਯੋਗ ਇਹ ਹੈ ਕਿ ਇਹੋ ਮਾਤਾ-ਪੁੱਤ੍ਰ ਵਿਭਚਾਰ ਦੀ ਕਹਾਣੀ ਅਨੇਕਾਂ ਢੰਗਾਂ ਨਾਲ, ਸਮਾਂ ਸਥਾਨ ਬਦਲ ਕੇ, ਅਸਾਡੇ ਦੇਸ਼ ਦੀਆਂ ਅਨੇਕ ਭਾਸ਼ਾਵਾਂ ਵਿਚ ਵਰਨੀ ਹੋਈ ਹੈ, ਜਿਹਾ ਕਿ ਉੜੀਆ ਅਤੇ ਤਾਮਿਲ ਵਿਚ। ਪੰਜਾਬੀ ਵਿਚ ਪੂਰਨ ਭਗਤ ਦੀ ਕਹਾਣੀ ਇਸੇ ਵਾਰਤਾ ਦਾ ਸਪੱਸ਼ਟ ਨਕਸ਼ ਹੈ :-

*ਅਲਫ ਆਖ ਸਾਖੀ ਸਿਆਲਕੋਟ ਅੰਦਰ, ਪੂਰਨ ਪੁੱਤ ਸਲਵਾਨ ਦੇ ਜਾਇਆ ਏ।*

(ਸੀਹਰਫੀ ਕਾਦਰਯਾਰ)

ਇਹ ਦੋ ਗੱਲਾਂ ਤੇ ਤੀਜੀ ਇਕ ਹੋਰ ਗੱਲ, ਅਸਾਡੇ ਦੇਸ਼ ਦੇ ਲੋਕ-ਸਾਹਿਤ ਅਤੇ ਗ੍ਰੰਥ-ਸਾਹਿਤ ਬਾਰੇ ਨਾ ਸਮਝਣ ਦੇ ਕਾਰਨ ਹੀ, ਅਨੇਕ ਲੋਕਾਂ ਵਿਚ ਅਤੇ ਸ੍ਰਦਾਰ ਰਾਮ ਪ੍ਰਕਾਸ਼ ਸਿੰਘ ਜੀ ਜਿਹੇ ਵਿਦਵਾਨਾਂ ਵਿਚ ਭੀ ਇਹ ਹਾਨੀਕਾਰਕ ਭੁਲੇਖਾ ਪ੍ਰਚੱਲਤ ਹੋ ਗਿਆ ਹੈ ਕਿ ਦਸਮ-ਗ੍ਰੰਥ ਦੇ 'ਤ੍ਰਿਯਾ ਚਰਿਤ੍ਰ' ਵਿਚ ਬਿਆਨੀ ਹੋਈ 'ਰੂਪ ਕੋਇਰ' ਦੀ ਕਹਾਣੀ, ਗੁਰੂ ਗੋਬਿੰਦ ਸਿੰਘ, 'ਤ੍ਰਿਯਾ ਚਰਿਤ੍ਰ' ਦੇ ਕਰਤਾ ਦੀ ਸ੍ਵੈ-ਜੀਵਨੀ ਤੇ ਇਤਿਹਾਸ ਦਾ ਭਾਗ ਹੈ। ਇਹ ਤੀਜਾ ਕਾਰਨ, ਅੱਗੇ ਚੱਲ ਕੇ, ਰੂਪ ਕੌਰ ਦੀ ਕਹਾਣੀ ਦੀ ਚੀਰ ਫਾੜ ਕਰਨ ਵੇਲੇ ਦੱਸਾਂਗੇ।

ਕਹਾਣੀ ਇਉਂ ਚੱਲਦੀ ਹੈ ਕਿ ਜਿਸ ਵੇਲੇ ਚਿਤ੍ਰ ਸਿੰਘ ਦਾ ਮੰਤ੍ਰੀ ਉਸ ਨੂੰ ਵੀਹ ਤ੍ਰਿਯਾ ਚਰਿਤ੍ਰ ਸੁਣਾ ਚੁੱਕਿਆ ਤਾਂ :—

*ਰੀਝ ਰਾਇ ਐਸੇ ਕਹਿਯੋ ਬਚਨ ਮੰਤ੍ਰਿਯਨ ਸੰਗ॥*
*ਪੁਰਖ ਤ੍ਰਿਯਨ ਚਤੁਰਨ ਚਰਿਤ ਮੋ ਸੌ ਕਹਹੁ ਪ੍ਰਸੰਗ॥ ੨॥*

ਰਾਜਾ ਕਹਿਣ ਲੱਗਾ ਕਿ ਹੁਣ ਕੋਈ ਐਸੀ ਕਹਾਣੀ ਸੁਣਾਉ, ਜਿਸ ਵਿਚ ਪੁਰਸ਼ ਨੇ ਇਸਤ੍ਰੀ ਨਾਲ ਚਰਿਤ੍ਰ ਖੇਡਿਆ ਹੋਵੇ।

ਤਦ ਮੰਤ੍ਰੀ ੨੧ਵੀਂ ਤੇ ੨੨ਵੀਂ ਕਹਾਣੀ ਤ੍ਰਿਯਾ ਚਰਿਤ੍ਰ ਦੀ ਸੁਣਾ ਕੇ, ਉਸ ਕਹਾਣੀ ਦਾ ਅੰਤ ੨੩ਵੀਂ ਕਹਾਣੀ 'ਤੇ ਕਰਦਾ ਹੈ, ਜਿਸ ਵਿਚ ਕਿ ਪੁਰਖ ਚਲਾਕੀ ਨਾਲ ਇਸਤ੍ਰੀ ਨੂੰ ਮਾਤ ਦੇ ਦਿੰਦਾ ਹੈ ਅਤੇ ਇਹ ੨੩ਵੀਂ ਕਹਾਣੀ, 'ਇਤਿ ਸ੍ਰੀ ਚਰਿਤ੍ਰ ਪਾਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ...'

ਇਹ ੨੧ਵੀਂ, ੨੨ਵੀਂ ਤੇ ੨੩ਵੀਂ ਕਹਾਣੀ ਹੀ 'ਰੂਪ ਕੌਇਰ' ਦਾ ਕਿੱਸਾ ਹੈ, ਜਿਸ ਨੂੰ ਸ਼ਰਧਾ ਪੂਰਤ ਪਰ ਸਾਹਿਤ ਰਚਨਾ ਦੇ ਰੂਪਾਂਤ੍ਰਾਂ ਤੋਂ ਅਣਜਾਣ ਸਿੱਖ, ਗੁਰੂ ਗੋਬਿੰਦ ਸਿੰਘ, ਕਰਤਾ 'ਤ੍ਰਿਯਾ ਚਰਿਤ੍ਰ' ਦੀ, ਸ੍ਵੈ-ਜੀਵਨੀ ਇਤਿਹਾਸ ਸਮਝ ਲੈਂਦੇ ਹਨ ਅਤੇ ਪੁਸਤਕ ਕਰਤਾ ਜੋ ਮੁੜ ਮੁੜ 'ਚਰਿਤ੍ਰ ਪਖਯਾਨੇ' 'ਭੂਪ ਮੰਤ੍ਰੀ ਸੰਬਾਦੇ' ਦਾ ਹੋਕਾ ਦੇਈ ਜਾਂਦਾ ਹੈ, ਉਸ ਨੂੰ ਅਣਡਿੱਠ ਕਰੀ ਜਾਂਦੇ ਹਨ।

ਇਹ ਤਿੰਨੇ ਕਹਾਣੀਆਂ, ਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਇਨ੍ਹਾਂ ਦਾ ਇਤਿਹਾਸਕ ਪਾਤ੍ਰ ਮੰਨੀਏ ਤਾਂ ਸਪੱਸ਼ਟ ਅਜਿਹੀਆਂ ਹਨ, ਜਿਨ੍ਹਾਂ ਤੋਂ ਗੁਰੂ ਗੋਬਿੰਦ ਸਿੰਘ ਜੀ ਦੀ ਭਰਪੂਰ ਨਿਰਾਦਰੀ ਹੁੰਦੀ ਹੈ ਅਤੇ ਉਨ੍ਹਾਂ ਦਾ ਚਰਿਤ੍ਰ ਜੋ ਇਨ੍ਹਾਂ ਕਹਾਣੀਆਂ ਨੂੰ ਇਤਿਹਾਸਕ ਘਟਨਾ ਮੰਨਣ ਕਰਕੇ ਉਘੜਦਾ ਹੈ, ਉਹ ਕੋਈ ਉਤੇਜਨ-ਜਨਕ (inspiring) ਨਹੀਂ ਅਤੇ ਨਾ ਹੀ ਉਹ ਗੁਰੂ ਮਹਾਰਾਜ ਦੇ ਪ੍ਰਮਾਣੀਕ ਜੀਵਨ-ਚਰਿਤ੍ਰ ਨਾਲ ਮੇਲ ਖਾਂਦਾ ਹੈ।

ਫੇਰ, ਕਿਉਂ ਕਈ ਸਿੱਖ, ਇਨ੍ਹਾਂ ਤਿੰਨਾਂ ਕਹਾਣੀਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਵਾਸਤਵਿਕ ਇਤਿਹਾਸ ਮੰਨਦੇ ਹਨ ਅਤੇ ਕਿਉਂ ਪ੍ਰੋਫ਼ੈਸਰ ਰਾਮ ਪ੍ਰਕਾਸ਼ ਸਿੰਘ ਜੀ ਜਿਹੇ ਵਿਦਵਾਨ ਭੀ ਇਸੇ ਹਾਨੀਕਾਰਕ ਭੁਲੇਖੇ ਵਿਚ ਫਸੇ ਪਏ ਹੋਏ ਹਨ ?

ਇਸ ਦੇ ਦੋਂਹ ਕਾਰਨਾਂ ਬਾਬਤ ਪਿੱਛੇ ਕਹਿ ਆਏ ਹਾਂ :-

(੧) ਤ੍ਰਿਯਾ ਚਰਿਤ੍ਰ ਲੌਕਿਕ ਸਾਹਿਤ ਹੈ, ਗੁਰਬਾਣੀ ਅਥਵਾ ਗੁਰਵਾਕ, ਜਿਵੇਂ ਕਿ ਬਚਿਤ੍ਰ ਨਾਟਕ ਹੈ, ਇਹ ਨਹੀਂ ਹੈ। ਇਹ ਲੌਕਿਕ ਗ੍ਰੰਥ (secular writing) ਨਹੀਂ ਹੈ। ਇਸ ਦੀਆਂ ਕਹਾਣੀਆਂ ਤੇ ਕਥਾ ਵਸਤੂ ਅਸਾਡੇ ਦੇਸ਼ ਦੇ ਹਜ਼ਾਰਾਂ ਵਰ੍ਹੇ ਪੁਰਾਣੇ ਲੋਕ-ਸਾਹਿਤ, ਲੋਕ-ਵਾਰਤਾ ਅਤੇ ਗ੍ਰੰਥ-ਸਾਹਿਤ ਵਿਚੋਂ ਮਾਂਗਵਾ ਲਿਆ ਗਿਆ ਹੈ।

(੨) ਤ੍ਰਿਯਾ ਚਰਿਤ੍ਰ ਦੀ ਰਚਨਾ-ਸ਼ੈਲੀ (literary form) ਭੀ ਇਵੇਂ ਹੀ ਪ੍ਰਾਚੀਨ ਤੇ ਮਾਂਗਵੀਂ ਹੈ, ਜਿਵੇਂ ਕਿ ਇਸ ਦੀ ਕਥਾ-ਵਸਤੂ। ਇਨ੍ਹਾਂ ਦੋਹਾਂ ਗੱਲਾਂ ਨਾਲ ਭਲੀ ਭਾਂਤੀ ਵਾਕਫ਼ੀ

ਪਰਿਚੈ ਨਾ ਹੋਣਾ ਹੀ ਇਸ ਭੁਲੇਖੇ ਦਾ ਕਾਰਨ ਹੈ ਕਿ 'ਗੁਰੂ ਕ੍ਰਿਤ' ਰਚਨਾ, ਅਵੱਸ਼ ਗੁਰਬਾਣੀ ਯਾ ਗੁਰਵਾਕ ਹੀ ਹੋ ਸਕਦਾ ਹੈ, ਲੌਕਿਕ ਸਾਹਿਤ (secular fiction) ਨਹੀਂ।

ਇਕ ਹੋਰ ਤੀਜੇ ਕਾਰਨ ਨੇ, ਜਿਸ ਦਾ ਕਿ ਸਬੰਧ ਭੀ ਸਾਹਿਤ ਕਲਾ-ਭੇਦਾਂ (literary technique) ਨਾਲ ਹੈ, ਇਸ ਭੁਲੇਖੇ ਨੂੰ ਪ੍ਰਪੱਕ ਕੀਤਾ ਹੈ, ਉਹ ਹੈ ਸਾਹਿਤ ਲਿਖਾਰੀ ਦਾ ਆਪਣੀ ਰਚਨਾ ਵਿਚ ਸਥਾਨਕ ਰੰਗ ਭਰਨ ਦਾ ਗੁਣ। ਹਰ ਪ੍ਰਕਾਰ ਦੇ ਕੋਮਲ ਹੁਨਰਾਂ ਦਾ ਅੰਤਿਮ ਨਿਸ਼ਾਨਾ ਇਹੋ ਹੁੰਦਾ ਹੈ ਕਿ ਕੋਮਲ ਰਚਨਾ (artisttic creation) ਦੁਆਰਾ ਅਜਿਹਾ ਰੂਪ ਵਿਦਮਾਨ ਕੀਤਾ ਜਾਵੇ, ਜਿਸ ਨਾਲ ਦਰਸ਼ਕ ਨੂੰ ਸਰਵਤ੍ਰ ਸਤਯ ਦਾ ਭੁਲੇਖਾ ਪਵੇ। ਮਨੋਕਲਪਤ ਵਾਸਤਵ-ਨਿਰਾਧਾਰ ਰਚਨਾ ਇਉਂ ਦਿਸ ਆਵੇ ਕਿ ਇਹ ਸ੍ਵਤਾਹ ਸਤਯ ਹੈ, ਐਵੇਂ ਕਥਨੀ ਮਾਤ੍ਰ ਮਾਯਾਧਾਰ ਦ੍ਰਿਸ਼ ਰੂਪ ਨਹੀਂ। ਜਿਸ ਹੱਦ ਤੱਕ ਕਲਾਕਾਰ ਇਹ ਇੰਦ੍ਰਜਾਲ ਰਚਨ ਵਿਚ ਸਫਲ ਹੁੰਦਾ ਹੈ, ਉਸ ਹੱਦ ਤੱਕ ਉਸ ਦੀ ਕਲਾ ਤੇ ਕ੍ਰਿਤ ਕਾਮਯਾਬ ਕਹੀ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਜੀ, ਜਿਥੇ ਗੁਰੂ ਅਵਤਾਰ, ਜਨਮ ਤੋਂ ਸਰਵਸਿਧੀ ਦੇ ਧਾਰਣੀ, ਮੁਕੰਦ ਤੇ ਮੁਕਤੀ ਪੱਥ-ਦਰਸ਼ਕ-ਜਯੋਤੀ ਤੇ ਗੁਰਬਾਣੀ ਦੇ ਪੈਗ਼ੰਬਰ ਸਨ, ਉਥੇ ਇਕ ਮਹਾਨ ਕਲਾਕਾਰ ਤੇ ਧੁਰੰਧਰ ਵਿਦਵਾਨ ਭੀ ਸਨ। ਉਹ ਜਾਣਦੇ ਸਨ ਕਿ ਮਾਯਾ ਚਰਿਤ੍ਰ ਤੇ ਰੂਪ ਨਿਰਮਿਤ ਕਰਨਾ, ਜਿਨ੍ਹਾਂ ਤੋਂ ਕਿ ਵਾਸਤਵਿਕ ਸਤਯ ਦਾ ਅਤੁੱਟ ਭੁਲੇਖਾ ਪਵੇ, ਇਹੋ ਉੱਚੀ ਕਲਾ ਦਾ ਆਸ਼ਾ ਹੈ। ਤਾਹੀਉਂ ਤਾਂ ਗੁਰੂ ਨੇ ਕਲਾਕਾਰ ਦੀ ਪ੍ਰਤਿਭਾ ਬਾਰੇ ਕਿਹਾ ਹੈ ਕਿ 'ਤੁਹੀ ਜੋਗ ਮਾਯਾ ਤੁਹੀ ਬਾਕ ਬਾਨੀ'। ਇਸ ਆਸ਼ਾ ਪੂਰਤੀ ਲਈ ਕਲਾਕਾਰ ਆਪਣੀ ਰਚਨਾ ਵਿਚ ਸਥਾਨਿਕ ਤੇ ਇਤਿਹਾਸਕ ਰੰਗ ਭਰਦੇ ਹਨ, ਤਾਂ ਜੁ ਉਨ੍ਹਾਂ ਦੀ ਰਚਨਾ ਆਪਣੇ ਅੰਤਿਮ ਆਸ਼ੇ ਵਿਚ ਸਫਲ ਹੋਵੇ। ਪਿੱਛੇ ਜੋ ਕਾਦਰਯਾਰ ਦੀ ਸੀਹਰਫ਼ੀ ਦੀ ਤੁਕ ਦਿੱਤੀ ਹੈ, 'ਅਲਫ ਆਖ ਸਾਖੀ ਸਿਆਲਕੋਟ ਅੰਦਰ ਪੂਰਨ ਪੁੱਤ ਸਲਵਾਨ ਦੇ ਜਾਇਆ ਏ'। ਇਸ ਵਿਚ 'ਸਿਆਲਕੋਟ' 'ਪੂਰਨ' ਤੇ 'ਸਾਲਵਾਹਨ' ਸਥਾਨਿਕ, ਵਾਸਤਵਿਕ ਤੇ ਇਤਿਹਾਸਕ ਰੰਗ ਕਵੀ ਨੇ ਭਰੇ ਹਨ। 'ਸਿਆਲਕੋਟ' ਪੰਜਾਬ ਦਾ ਪ੍ਰਸਿੱਧ ਨਗਰ ਹੈ ਤੇ ਕਾਦਰਯਾਰ ਦੀ 'ਸੀਹਰਫ਼ੀ' ਪੰਜਾਬੀ ਵਿਚ ਪੰਜਾਬੀਆਂ ਲਈ ਲਿਖੀ ਗਈ। ਇਸ ਤਰ੍ਹਾਂ ਮਾਤ-ਪੁੱਤ੍ਰ ਵਿਭਚਾਰ ਦੀ ਇਸ ਵਿਸ਼ਵ ਪ੍ਰਚੱਲਤ ਪ੍ਰਾਚੀਨ ਕਹਾਣੀ ਦੇ ਭਾਰਤੀ ਰੂਪਾਂਤ੍ਰ ਨੂੰ ਸਥਾਨਿਕ ਪਿਛੋਕੜ ਕਵੀ ਨੇ ਦਿੱਤਾ ਹੈ। 'ਪੂਰਨ' ਨਾਮ ਵਾਸਤਵਿਕ ਰੰਗ ਹੈ, ਕਿਉਂਕਿ ਇਹ ਇਕ ਆਮ ਪੰਜਾਬੀ ਨਾਮ ਹੈ, ਅਤੇ 'ਸਾਲਵਾਹਨ' ਰਾਜਾ ਭਾਰਤੀ ਇਤਿਹਾਸ ਵਿਚ ਹੋਇਆ ਤਾਂ ਹੈ, ਪਰ 'ਸਿਆਲਕੋਟ' ਉਸ ਦੀ ਰਾਜਧਾਨੀ ਨਹੀਂ ਸੀ, ਅਤੇ ਨਾ ਉਸ ਦਾ ਨਿਵਾਸ ਅਸਥਾਨ। ਐਵੇਂ ਰਾਜ-ਪ੍ਰਬੰਧ ਕੇਂਦਰ ਸੀ, ਜਿਵੇਂ ਪਿਸ਼ੌਰ ਮਹਾਰਾਜਾ ਰਣਜੀਤ ਸਿੰਘ ਦਾ ਸੀ, ਪਰ ਕਾਦਰਯਾਰ ਦਾ ਮੰਤਵ ਕੇਵਲ ਇਸ ਜਗਤ-ਪ੍ਰਸਿੱਧ ਤੇ ਵਿਸ਼ਵ-ਪ੍ਰਚੱਲਤ ਕਿੱਸੇ ਨੂੰ ਇਤਿਹਾਸਕ ਰੰਗ ਦੇਣਾ ਸੀ, ਤਾਂ ਜੁ ਉਸ ਦੀ ਕਾਵਿ-ਰਚਨਾ ਦਾ ਮਾਯਾ ਜਾਲ ਅਸਲੀ ਹੋ ਭਾਸੇ, ਜੋ ਕਿ ਹਰ ਕਲਾ ਦਾ ਮੁੱਖ ਮੰਤਵ ਹੁੰਦਾ ਹੈ। ਇਸ ਤੋਂ ਇਹ ਅਨੁਮਾਨਣਾ ਕਿ ਮਹਾਰਾਜਾ ਸਾਲਵਾਹਨ, ਜਿਸ ਤੋਂ ਕਿ ਅੱਜ ਤੋਂ ੧੯੮੦ ਵਰ੍ਹੇ ਪਹਿਲੋਂ ਸ਼ਾਕਾ

ਸੰਮਤ ਆਰੰਭ ਹੋਇਆ ਅਤੇ ਜਿਸ ਦੀ ਰਾਜਧਾਨੀ ਪ੍ਰਤਿਸ਼ਠਾਨ (ਦੱਖਣ) ਸੀ, ਉਹ ਸਿਆਲਕੋਟ ਰਹਿੰਦਾ ਸੀ ਤੇ ਲੂਣਾ ਨੂੰ ਵਿਆਹ ਲਿਆਇਆ ਸੀ, ਇਕ ਭਾਰੀ ਭੁੱਲ ਹੋਵੇਗੀ ਤੇ ਅਨੁਮਾਨਣ ਵਾਲੇ ਦੀ ਅਵਿੱਦਿਆ ਦਾ ਸਬੂਤ ਭੀ।

'ਤ੍ਰਿਯਾ ਚਰਿਤ੍ਰ' ਦੀ ੨੧ਵੀਂ, ੨੨ਵੀਂ ਤੇ ੨੩ਵੀਂ ਸਾਖੀ ਵਿਚ, ਇਸ ਗ੍ਰੰਥ ਦੇ ਕਰਤਾ, ਗੁਰੂ ਗੋਬਿੰਦ ਸਿੰਘ ਜੀ ਨੇ ਸਥਾਨਿਕ ਤੇ ਵਾਸਤਵਿਕ ਰੰਗ, ਹੁਨਰ-ਪੂਰਤੀ ਦੇ ਆਸ਼ੇ ਨੂੰ ਮੁੱਖ ਰੱਖ ਕੇ ਭਰਿਆ ਹੈ, ਉਸ ਤੋਂ ਹੀ ਅਣਜਾਣ ਆਦਮੀ ਭੁਲੇਖਾ ਖਾ ਕੇ ਇਉਂ ਅਨੁਮਾਨਦੇ ਹਨ, ਕਿ ਕਰਤਾ, ਆਪਣੇ ਜੀਵਨ ਦੀ ਇਤਿਹਾਸਕ ਘਟਨਾ ਬਿਆਨ ਕਰ ਰਿਹਾ ਹੈ। ਦਸਮ ਗੁਰੂ ਮਹਾਰਾਜ ਦੀ ਬਹੁਪੱਖੀ ਸ਼ਖ਼ਸੀਅਤ ਨੇ ਇਸ ਬੱਜਰ ਭੁਲੇਖੇ ਨੂੰ ਹੋਰ ਪ੍ਰਪੱਕ ਕੀਤਾ ਹੈ, ਜਿਸ ਕਾਰਨ ਕਿ ਸ਼ਰਧਾ-ਯੁਕਤ ਸਿੱਖ ਇਉਂ ਸਮਝਦੇ ਹਨ, ਕਿ ਇਹ ਵਾਕ ਗੁਰੂ ਦੇ ਹਨ ਅਤੇ ਇਸ ਲਈ ਹਰ ਪਹਿਲੂ ਤੋਂ ਤ੍ਰਿੰਨ ਕਾਲ ਸਤਯ ਹਨ।

ਇਹ ਹੈ ਤੀਜਾ ਕਾਰਨ, ਪ੍ਰੋਫ਼ੈਸਰ ਰਾਮ ਪ੍ਰਕਾਸ਼ ਸਿੰਘ ਜੀ ਵਰਗੇ ਵਿਦਵਾਨਾਂ ਦਾ ਇਸ ਭੁਲੇਖੇ ਵਿਚ ਫਸ ਜਾਣ ਦਾ, ਕਿ ਰੂਪ ਕੌਰ ਦੀ ਕਹਾਣੀ, ਇਸ ਦੇ ਕਰਤਾ ਦੀ ਇਤਿਹਾਸਕ ਘਟਨਾ ਹੈ, ਮਨੋਕਲਪਿਤ ਵਾਰਤਾ ਨਹੀਂ। ਉਹ ਸਾਹਿਤ ਕਲਾ ਭੇਦ (Literary Technique) ਨੂੰ ਯਥਾਰਥ ਵਰਨਣ ਸਮਝਣ ਦੀ ਭੁੱਲ ਕਰਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਾਹਿਤ ਕਲਾ ਦੇ ਭੇਦ ਨੂੰ ਇਨ੍ਹਾਂ ਤਿੰਨਾਂ ਚਰਿਤ੍ਰਾਂ, ੨੧, ੨੨ ਤੇ ੨੩ ਵਿਚ, ਐਸੀ ਚਤੁਰਤਾ ਨਾਲ ਵਰਤਿਆ ਹੈ, ਕਿ ਸਾਧਾਰਣ ਪੁਰਸ਼ ਦਾ ਭੁਲੇਖਾ ਖਾ ਜਾਣਾ ਅਚੰਭੇ ਦੀ ਗੱਲ ਨਹੀਂ ਭਾਸਦੀ। ਤਾਂਹੀ ਤਾਂ ਗੁਰੂ ਜੀ ਨੇ ਆਪ ਇਸ ਰਚਨਾ ਬਾਰੇ ਕਿਹਾ ਹੈ ਕਿ, 'ਸੁਨੈ ਮੂੜ ਚਿੱਤ ਲਾਇ ਚਤੁਰਤਾ ਆਵਈ।' ਭਾਵ ਇਹ ਕਿ ਤ੍ਰਿਯਾ ਚਰਿਤ੍ਰ ਦੇ ਕਥਾ ਵਸਤੂ ਨੂੰ ਬੜੇ ਗੋਹ ਨਾਲ, 'ਚਿੱਤ ਲਾਇ', ਵਿਚਾਰੋ ਤਾਂ ਭੇਦ ਖੁੱਲ੍ਹਣਗੇ, ਜਿਸ ਨਾਲ ਪਾਠਕ ਦੀ ਬੁੱਧੀ ਦੀ ਤੀਕਸ਼ਣਤਾ ਵਿਚ ਵਾਧਾ ਹੋਵੇਗਾ।

*ਤੀਰ ਸਤੁੱਦ੍ਰਵ ਕੇ ਹੁਤੋ ਪੁਰ ਆਨੰਦ ਇਕ ਗਾਂਉ॥*
*ਨੇਤ੍ਰ ਤੁੰਗ ਕੇ ਢਿਗ ਬਸਤ ਕਾਹਿਲੂਰ ਕੇ ਠਾਉ॥ ੩॥*

ਇਹ, ਸਤਲੁਜ ਦੇ ਕੰਢੇ ਨੈਣਾ ਦੇਵੀ ਦੇ ਟਿੱਲੇ ਕੋਲ, ਕਾਹਲੂਰ ਰਾਜ ਵਿਚ, ਆਨੰਦਪੁਰ ਨਾਮੀ ਪਿੰਡ ਉਹੋ ਹੈ, ਜੋ ਭੰਗਾਣੀ ਦੇ ਯੁੱਧ ਉਪ੍ਰਾਂਤ ਦਸਮ ਪਾਤਸ਼ਾਹ ਨੇ ਆਣ ਵਸਾਇਆ ਸੀ।

*ਕਾਹਲੂਰ ਮੈ ਬਾਂਧਿਯੋ ਆਨ ਅਨੰਦਪੁਰ ਗਾਂਵ॥*

ਹੁਣ ਅਜਿਹੇ ਮਹਾਨ ਤੇ ਪ੍ਰਸਿੱਧ ਨਗਰ ਵਿਚ ਵਾਪਰੀ ਘਟਨਾ, 'ਤ੍ਰਿਯਾ ਚਰਿਤ੍ਰ' ਦਾ ਕਰਤਾ, ਵਰਨਣ ਕਰਨ ਲੱਗਾ ਹੈ, ਤਾਂ ਕਿਹੜਾ ਸ੍ਰੋਤ ਹੈ ਜੋ ਆਪਣੀਆਂ ਬਿਰਤੀਆਂ ਇਕਾਗਰ ਕਰਕੇ, ਹਿਤ ਚਿੱਤ ਲਾ ਕੇ ਨਾ ਸੁਣੇਗਾ ? ਬੱਸ ਇਹੋ ਨਿਸ਼ਾਨਾ ਸੀ ਕਰਤਾ ਦਾ, ਪਾਠਕਾਂ

ਸਰੋਤਿਆਂ ਦਾ ਧਿਆਨ ਇਕਾਗਰ ਕਰ ਲੈਣ ਦਾ ਤੇ ਇਸ ਵਿਚ ਉਹ ਸਫਲ ਹੋਇਆ ਹੈ। ਹੋਰ, ਇਸ ਤੋਂ ਅੱਗੇ ਕਹੀ ਜਾਣ ਵਾਲੀ ਕਹਾਣੀ ਦਾ ਆਨੰਦਪੁਰ, ਖਾਲਸੇ ਦੀ ਜਨਮ ਭੂਮੀ ਦੀ ਤਾਰੀਖ਼ ਨਾਲ, ਕੋਈ ਸਿੱਧਾ ਯਾ ਅਸਿੱਧਾ ਸੰਬੰਧ ਨਹੀਂ ਹੈ।

*ਏਕ ਤ੍ਰਿਯਾ ਧਨਵੰਤ ਕੀ ਤੌਨ ਨਗਰ ਮੈ ਆਨਿ॥*
*ਹੇਰਿ ਰਾਇ ਪੀੜਤ ਭਈ ਬਧੀ ਬਿਰਹਾ ਕੇ ਬਾਨ॥ ੫॥*

ਕਿਸੇ ਅਮੀਰ ਆਦਮੀ ਦੀ ਵਹੁਟੀ, ਜਿਸ ਦੇ ਪਤੀ ਨੂੰ ਦਫ਼ਤਰ ਵਾਲਿਆਂ ਨੇ ਛੁੱਟੀ ਨਹੀਂ ਦਿੱਤੀ ਹੋਵੇਗੀ, ਆਨੰਦਪੁਰ ਆਈ ਤੇ ਉਥੋਂ ਦੇ 'ਰਾਇ' ਨੂੰ ਦੇਖਦੇ ਸਾਰ ਮੋਹਿਤ ਤੇ ਬ੍ਰਿਹਾ ਵਿਚ ਬਿਹਬਲ ਹੋ ਗਈ। ਆਪਣੇ ਨੌਕਰਾਂ ਨੂੰ ਕਹਿਣ ਲੱਗੀ, ਜਿਵੇਂ ਕਿਵੇਂ ਹੋਵੇ, ਇਸ ਰਾਜੇ ਨੂੰ ਮੇਰੇ ਘਰ ਲੈ ਆਉ :—

*ਨਗਰ ਰਾਇ ਤੁਮਰੋ ਬਸਤ ਤਾਹਿ ਮਿਲਾਵਹੁ ਮੋਹਿ॥'*

ਉਸ ਤੀਵੀਂ, ਜਿਸ ਦਾ ਨਾਮ ਰੂਪ ਕੌਰ ਸੀ, ਯਾ ਜੋ ਸ਼ਹਿਜ਼ਾਦਿਆਂ ਵਰਗੀ ਰੂਪਵਤੀ ਸੀ, ਦੇ ਨੌਕਰ ਰਾਜੇ ਨੂੰ ਕਹਿਣ ਲੱਗੇ, ਜੇ ਤੂੰ ਮੰਤ੍ਰ ਸਿੱਖਣਾ ਚਾਹੁੰਦਾ ਹੈਂ, ਜਿਸ ਦੀ ਕਿ ਤੂੰ ਢੂੰਡ ਵਿਚ ਹੈਂ, ਤਾਂ ਜਿਵੇਂ ਅਸੀਂ ਕਹੀਏ ਤੇ ਜਿੱਥੇ ਕਹੀਏ, ਉਥੇ ਚੱਲ। ਜਿਸ ਗੁਰੂ ਘਰ ਦੀ ਸਿੱਖਿਆ ਹੈ, ਕਿ-

*ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ॥*

(ਪੰਨਾ ੭੬੬)

ਉਹ ਗੁਰੂ ਇਹ "ਰਾਇ" ਕਿਵੇਂ ਹੋ ਸਕਦਾ ਹੈ ? ਸਿਦਕਵਾਨ ਸਿੱਖ ਇਉਂ ਵਿਚਾਰਨ। ਖ਼ੈਰ, 'ਰਾਇ' ਸਾਹਿਬ ਸਾਧੂ ਦਾ ਭੇਖ ਬਣਾ ਕੇ ਰਾਤ੍ਰੀ ਦੇ ਸਮੇਂ ਰੂਪ ਕੌਰ ਦੇ ਡੇਰੇ 'ਤੇ ਪੁੱਜ ਗਏ, ਤਾਂ ਇਸ ਨੇ ਮਨ ਦੀ ਮੁਰਾਦ ਪੂਰੀ ਹੋਈ ਜਾਣ, ਵਸਤ੍ਰ ਭੂਖਣ ਸਜਾ ਲਏ ਅਤੇ 'ਰਾਇ' ਸਾਹਿਬ ਵਾਸਤੇ :

*ਫੂਲ ਪਾਨ ਅਰੁ ਕੈਫ ਮੰਗਾਯੋ॥...ਆਗੇ ਟਰਿ ਤਾ ਕੌ ਤਿਨ ਲੀਨਾ॥*

ਪਾਨ ਬਾਬਤ ਦਸਮ ਗੁਰੂ ਦਾ ਰਹਿਤਨਾਮਿਆਂ ਦੁਆਰਾ ਹੁਕਮ ਹੈ ਕਿ, "ਸਿੱਖ ਹੋਇ ਕਰ ਪਾਨ ਖਾਇ ਸੋ ਭੀ ਤਨਖਾਹੀਆ", ਪਰ ਇਸ ਕਹਾਣੀ ਦੇ ਪਾਤ੍ਰ ਨੇ ਅਗਾਂਹ ਵੱਧ ਕੇ 'ਆਗੇ ਟਰਿ' ਪਾਨ ਤੇ ਅਫ਼ੀਮ ਮਿਲੀ ਸ਼ਰਾਬ ਫੜ ਕੇ ਛੱਕ ਲਈ।

ਕੈਫ ਛਕਿਆ ਹੋਇਆ ਹੋਵੇ, ਪਾਨ ਦਾ ਬੀੜਾ ਮੂੰਹ ਵਿਚ ਹੋਵੇ ਤੇ ਮੰਚ ਪੁਸ਼ਪ ਸੁਸ਼ੋਭਿਤ ਹੋਵੇ ਤਾਂ 'ਤ੍ਰਿਯਾ' ਇਉਂ ਨਾ ਕਹਿੰਦੀ ਤਾਂ ਹੋਰ ਕੀ ਕਰਦੀ ?—

*ਤਬ ਤਾ ਸੋਂ ਤ੍ਰਿਯ ਯੌ ਕਹੀ ਭੋਗ ਕਰਹੁ ਮੋਹਿ ਸਾਥ॥*

'ਰਾਇ' ਸਾਹਿਬ ਐਵੇਂ ਹੈਰਾਨ ਹੁੰਦੇ ਪਏ ਹਨ ਕਿ,

*ਮੰਤ੍ਰ ਲੈਨ ਆਯੋ ਹੁਤੋ ਭਈ ਔਰ ਕੀ ਔਰ॥ ੧੪॥*

ਹੁਣ ਅੱਗੇ 'ਰਾਇ' ਸਾਹਿਬ ਤੇ ਰੂਪ ਕੌਰ ਵਿਚਕਾਰ ਜੋਗੀ ਤੇ ਸਹਿਤੀ ਦੇ ਸੁਆਲ ਜੁਆਬ ਸ਼ੁਰੂ ਹੁੰਦੇ ਹਨ :-

*ਸੁਆਲ :- ਕਹਯੋ ਤੁਹਾਰੋ ਮਾਨਿ ਭੋਗ ਤੌ ਸੌ ਨਹਿ ਕਰਿਹੋ॥...*
*ਧਰਮਰਾਜ ਕੀ ਸਭਾ ਠੌਰ ਕੈਸੇ ਕਰਿ ਪਾਊਂ ?॥ ੧੭॥*
*ਜੁਆਬ :- ਕਾਮਾਤੁਰ ਹ੍ਵੈ ਜੋ ਤ੍ਰਿਯਾ ਆਵਤ ਨਰ ਕੇ ਪਾਸ॥*
*ਮਹਾ ਨਰਕ ਮੌ ਡਾਰਿਯੈ ਦੈ ਜੋ ਜਾਨ ਨਿਰਾਸ॥ ੧੮॥*
*ਸੁਆਲ:- ਪਾਂਇ ਪਰਤ ਮੋਰੇ ਸਦਾ ਪੂਜ ਕਹਿਤ ਹੈ ਮੋਹਿ॥*
*ਤਾ ਸੋ ਰੀਝ ਰਮਯੋ ਚਹਤ ਲਾਜ ਨ ਆਵਤ ਤੋਹਿ ?॥ ੧੯॥*
*ਜੁਆਬ :- ਕ੍ਰਿਸਨ ਪੂਜ ਜਗ ਕੇ ਭਏ ਕੀਨੀ ਰਾਸਿ ਬਨਾਇ॥*
*ਭੋਗ ਰਾਧਕਾ ਸੋ ਕਰੇ ਪਰੇ ਨਰਕ ਨਹਿ ਜਾਇ॥ ੨੦॥*

ਗੱਲ ਕੀ, 'ਤ੍ਰਿਯਾ' ਰੂਪੀ ਸਹਿਤੀ ਨੇ 'ਰਾਇ' ਰੂਪੀ ਜੋਗੀ ਰਾਂਝੇ ਨੂੰ ਨਿਰੁਤ੍ਰ ਕਰ ਦਿੱਤਾ, ਇਉਂ ਕਹਿ ਕੇ :

*ਪੰਚ ਤਤ ਲੈ ਬ੍ਰਹਮ ਕਰ ਕੀਨੀ ਨਰ ਕੀ ਦੇਹ॥*
*ਕੀਯਾ ਆਪ ਹੀ ਤਿਨ ਬਿਖੈ ਇਸਤ੍ਰੀ ਪੁਰਖ ਸਨੇਹ॥ ੨੧॥*

ਕਾਤਹਉਲਬੁਰਹਾਨ, ਸ਼ੰਕਾਸਮਾਧਾਨਕ ਸਤਿਗੁਰੂ ਗੋਬਿੰਦ ਸਿੰਘ ਜਿਨ੍ਹਾਂ ਉਤੇ ਉਕਤੀ ਯੁਕਤੀ ਸੰਬਾਦ ਦੁਆਰਾ ਵਿਜੈ ਪ੍ਰਾਪਤ ਕਰਨ ਦੀ ਸ਼ਕਤੀ ਮ੍ਰਿਤੂ ਲੋਕ, ਦੇਵ ਲੋਕ ਤੇ ਪਾਤਾਲ ਲੋਕ ਵਿਚ, ਕਿਸੇ ਜੀਵ ਨੂੰ ਨਹੀਂ ਸੀ, ਜਿਨ੍ਹਾਂ ਦੀ ਦੁਪਹਿਰ ਦੇ ਸੂਰਜਵਤ ਤੇਜਮਈ ਕ੍ਰਾਂਤੀ ਵੱਲ ਕੋਈ ਝਾਕ ਨਹੀਂ ਸੀ ਸਕਦਾ, 'ਦੁਰਨਰਿੱਛ ਦਰਸ਼ਨ ਸਤਿਗੁਰ ਕੇ', ਇਹ ਉਪਰੋਕਤ ਫੋਕੀਆਂ ਗੱਲਾਂ ਰੂਪ ਕੌਰ ਉਨ੍ਹਾਂ ਨਾਲ ਕਰ ਰਹੀ ਸੀ ? ਬੁੱਧੀਵਾਨਾਂ ਨੂੰ ਇਉਂ ਵਿਚਾਰ ਕਰਨਾ ਯੋਗ ਹੈ।

'ਰਾਇ' ਸਾਹਿਬ ਨੂੰ ਜੱਕੋ ਤੱਕਿਆਂ ਵਿਚ ਦੇਖ ਕੇ 'ਰੂਪ ਕੌਰ' ਨੇ ਇਕ ਹੋਰ ਤੀਰ ਛੱਡਿਆ :

*ਆਜੁ ਹਮਾਰੇ ਸਾਥ ਮਿਤ੍ਰ ਰੁਚਿ ਸੌ ਗਤਿ ਕਰਿਯੈ॥*
*ਹੋ ਨਾਤਰ ਛਾਡੌ ਟਾਂਗ ਤਰੇ ਅਬਿ ਹੋਇ ਨਿਕਰਯੈ॥ ੨੮॥*

ਨਹੀਂ ਤਾਂ ਮੇਰੇ ਨਾਲ ਭੋਗ ਕਰੋ, ਯਾ ਮੰਨ ਲਉ, ਕਿ ਤੁਸੀਂ ਨਾਮਰਦ ਹੋ ਤੇ ਮੇਰੀ ਟੰਗ ਹੇਠੋਂ ਨਿਕਲ ਜਾਉ। ਇਹ ਚੈਲੰਜ ਸੁਣ ਕੇ :

*ਰਾਇ ਚਿੱਤ ਇਹ ਭਾਂਤਿ ਬਿਚਾਰੋ॥*

*ਇਹਾਂ ਸਿੱਖ ਕੋਈ ਨ ਹਮਾਰੋ॥...੪੧॥...*

*ਕਵਨ ਸਿਖਯ ਮੋਹਿ ਆਨਿ ਉਬਾਰੈ॥ ੪੨॥*

ਇਥੇ ਤਾਂ ਕੋਈ 'ਸਿੱਖਯ' ਨੇੜੇ ਨਹੀਂ ਜਿਹੜਾ ਮੈਨੂੰ ਬਚਾਅ ਲਵੇ, ਕੀ ਇਹ ਵਿਚਾਰ ਉਸ ਗੁਰੂ ਗੋਬਿੰਦ ਸਿੰਘ ਦੇ ਹਨ ? ਜਿਨ੍ਹਾਂ ਬਾਬਤ ਕਿਹਾ ਹੈ :

*ਜਾਹਿ ਸੰਗ੍ਰਾਮ ਬਾਰਤਾ ਹੋਇ, ਸ਼ਸਤ੍ਰ ਪ੍ਰਹਾਰਨ ਕਰਹਿ ਬਖਾਨ।*

*ਤਹ ਪ੍ਰਥਮ ਗਿਨਤੀ ਮਹਿ ਸਗਰੇ, ਕਲਗੀਧਰ ਕੋ ਗਿਨਹ ਮਹਾਨ।*

ਸਰਲ ਸੁਭਾਅ ਸ਼ਰਧਾਲੂ ਸਿੱਖ ਇਉਂ ਨਹੀਂ ਵਿਚਾਰਦੇ। 'ਸਿੱਖਯ' ਸ਼ਬਦ ਤੋਂ ਧੋਖਾ ਖਾ ਕੇ ਸਮਝਦੇ ਹਨ ਕਿ 'ਸਿੱਖ' ਤਾਂ ਗੁਰੂ ਦੇ ਹੀ ਹੁੰਦੇ ਹਨ। 'ਸਿੱਖਯ' ਸ਼ਬਦ ਇਥੇ, 'ਨੌਕਰ', 'ਮੁਲਾਜ਼ਮ' ਦੇ ਅਰਥਾਂ ਵਿਚ ਆਇਆ ਹੈ ਅਤੇ ਇਨ੍ਹਾਂ ਹੀ ਅਰਥਾਂ ਵਿਚ ਇਹ 'ਸਿੱਖਯ' ਸ਼ਬਦ ਅੱਗੇ ਜਾ ਕੇ ਭੀ ਵਰਤਿਆ ਹੋਇਆ ਹੈ, ਜਿੱਥੇ ਕਿਹਾ ਹੈ, ਕਿ ਰੂਪ ਕੌਰ ਨੇ 'ਚੋਰ ਚੋਰ' ਦਾ ਰੌਲਾ ਪਾ ਕੇ ਆਪਣੇ ਨੌਕਰ ਜਗਾ ਦਿੱਤੇ,

*ਚੋਰ ਚੋਰ ਕਹਿ ਕੈ ਉਠੀ ਸਿੱਖਯਨ ਦਿਯੋ ਜਗਾਇ॥*

ਕਬਿਉਬਾਚ ਬੇਨਤੀ ਚੌਪਈ, ਜੋ ਕਿ 'ਤ੍ਰਿਯ ਚਰਿਤ੍ਰ' ਦਾ ਹੀ ਸਾਹਿਤਕ ਭਾਗ ਹੈ, ਵਿਚ ਭੀ 'ਸਿੱਖ' ਸ਼ਬਦ, ਨੌਕਰਾਂ ਚਾਕਰਾਂ ਦੇ ਅਰਥ ਵਿਚ ਹੀ, ਇਸੇ ਲੇਖਕ ਗੁਰੂ ਸਾਹਿਬ ਨੇ ਵਰਤਿਆ ਹੈ :-

*ਸੁਖੀ ਬਸੈ ਮੋਰੋ ਪਰਿਵਾਰਾ॥*

*ਸੇਵਕ ਸਿੱਖ ਸਭੈ ਕਰਤਾਰਾ॥'*

ਇਥੇ 'ਸਿੱਖ' ਦੇ ਅਰਥ ਸਿੱਖ ਮੱਤ ਦਾ ਧਾਰਣੀ ਨਹੀਂ ਹਨ, ਨੌਕਰ ਚਾਕਰ, ਨਾਲ ਰਹਿ ਕੇ ਸੇਵਾ ਵਾਲੇ ਹਨ। ਐਸੇ ਅਰਥ-ਭੇਦਾਂ ਬਾਬਤ ਹੀ ਕਿਹਾ ਹੈ, ਕਿ :

*ਸੁਨੈ ਮੂੜ ਚਿਤ ਲਾਇ ਚਤੁਰਤਾ ਆਵਈ॥*

ਜੇ 'ਤ੍ਰਿਯਾ ਚਰਿਤ੍ਰ' ਵਰਗੇ ਗ੍ਰੰਥ-ਸਾਹਿਤ ਨੂੰ ਗੌਹ ਨਾਲ ਨਾ ਵੀਚਾਰੀਏ ਤਾਂ, ਚਤੁਰਤਾ ਦੀ ਥਾਂ ਬੁੱਧੀ ਤੇ ਮਨ ਵਿਚ ਗਿਲਾਨੀ ਆਉਂਦੀ ਹੈ।

'ਤ੍ਰਿਯਾ ਚਰਿਤ੍ਰ' ਦੇ ਕਰਤਾ ਨੇ ਇਥੇ 'ਸਿੱਖਯ' ਪਦ, ਬਹੁ ਭਾਵਾਰਥ ਵਾਚਕ, ਭੀ ਜਾਣ ਬੁੱਝ ਕੇ ਵਰਤਿਆ ਹੈ, ਤਾਂ ਜੁ ਇਹ ਕਹਾਣੀ ਆਰੰਭਣ ਵੇਲੇ, 'ਆਨੰਦਪੁਰ' ਦਾ ਜ਼ਿਕਰ ਕਰਕੇ, ਜਿਹੜਾ ਮਾਯਾ ਜਾਲ ਤਣਿਆ ਸੀ, ਉਸ ਨੂੰ ਕੁੱਝ ਸਹਾਰਾ ਮਿਲੇ। ਕਥਾ ਦੇ ਇਸ ਥਾਂ 'ਤੇ ਆ ਕੇ ਇਸ ਸਹਾਰੇ ਦੀ ਲੋੜ ਡਾਢੀ ਵਧ ਗਈ ਸੀ, ਕਿਉਂ ਜੁ ਸਰਲ ਤੋਂ ਸਰਲ ਸੁਭਾਅ ਦੇ ਪਾਠਕ, ਸ੍ਰੋਤਾ ਭੀ ਇਥੇ ਆ ਕੇ ਚੈਤੰਨ ਹੋ ਉਠਦਾ ਹੈ, ਕਿ ਇਹ ਜੰਤ੍ਰ ਮੰਤ੍ਰ ਲਈ ਭੇਸ

ਬਦਲਣ ਵਾਲੀ ਹਸਤੀ, ਹੁੱਕੇ ਸ਼ਰਾਬਾਂ ਪੀਣ ਵਾਲਾ, ਅਵਾਰਾ ਤ੍ਰੀਮਤਾਂ ਦੇ ਪੰਜੇ ਵਿਚ ਫਸ ਜਾਣ ਵਾਲਾ 'ਰਾਇ' ਅਨੰਦਪੁਰਾਧੀਸ਼, ਗੁਰੂ ਨਹੀਂ ਹੋ ਸਕਦਾ। ਪਰ ਕਲਾ ਦੀ ਆਸ਼ਾ ਪੂਰਤੀ ਲਈ ਇਹ ਅਤਿ ਜ਼ਰੂਰੀ ਹੈ ਕਿ ਪਾਠਕ, ਸੁੱਤੇ ਕਾਵਿ ਕਲਾ ਦੇ ਮਾਯਾ ਜਾਲ ਦੀ ਨੀਂਦ੍ਰ ਤੋਂ ਅੰਤ ਤੱਕ ਜਾਗਰਤ ਨਾ ਹੋਣ, ਤਾਂ ਜੁ ਅੰਤ ਨੂੰ ਜਦੋਂ ਉਨ੍ਹਾਂ ਦੀ ਮਨ ਦੀ ਅੱਖ ਖੁੱਲ੍ਹੇ, ਤਾਂ ਕਲਾ ਦਾ ਅਸਰ ਹੋ ਚੁੱਕਾ ਹੋਵੇ, ਤੇ ਕਲਾਕਾਰ, ਜੋ ਭਾਵ ਚੈਤੰਨਤਾ ਤੇ ਮਾਨਸਿਕ ਪਰਿਵਰਤਨ ਪਾਠਕਾਂ ਅੰਦਰ ਉਪਜਾਣਾ ਚਾਹੁੰਦਾ ਹੈ, ਹੋਂਦ ਵਿਚ ਆ ਚੁੱਕੀ ਹੋਵੇ। ਇਸੇ ਨੂੰ ਅਰਸਤੂ (Aristotle) ਮਲਨਵ੍ਰਿਤੀ ਕਹਿੰਦਾ ਹੈ, ਜੋ ਕਿ ਹਰ ਉੱਚੀ ਕਲਾ ਦਾ ਅੰਤਿਮ ਨਿਸ਼ਾਨਾ ਹੈ।

ਅੰਤ ਵਿਚ 'ਰੂਪ ਕੌਰ' ਨੇ ਡਰਾਇਆ ਕਿ ਕਿਵੇਂ ਭੀ ਨਹੀਂ ਮੰਨਦੇ ਤਾਂ :

*ਅਬ ਹੀ ਚੋਰ ਚੋਰ ਕਹਿ ਉਠਹੌ॥ ਤੁਹਿ ਕੌ ਪਕਰ ਮਾਰ ਹੀ ਸੁਟਿਹੌ॥ ੫੫॥*

ਫੇਰ 'ਚੋਰ ਚੋਰ' ਦਾ ਰੌਲਾ ਪਾ ਕੇ ਆਪਣੇ ਡੇਰੇ ਦੇ 'ਸਿੱਖਯਨ' ਜਗਾ ਦਿੱਤੇ ਅਤੇ 'ਰਾਇ' ਸਾਹਿਬ ਆਪਣੀ ਜੁੱਤੀ ਧੋਤੀ ਛੱਡ ਕੇ ਨੱਸ ਗਏ। ਇਉਂ 'ਇਕੀਸਮੋ ਚਰਿਤ੍ਰ' ਸਮਾਪਤ ਹੁੰਦਾ ਹੈ। ਹੁਣ ਬਾਈ ਚਰਿਤ੍ਰ ਬੱਸ ਇਤਨਾ ਹੀ ਹੈ ਕਿ :

*ਚੋਰ ਬਚਨ ਸਭ ਹੀ ਸੁਨਿ ਧਾਇ॥*
*ਕਾਢੇ ਖੜਗ ਰਾਇ ਪ੍ਰਤਿ ਆਇ॥...*
*ਆਗੇ ਪਾਛੇ ਦਾਹਿਨੇ ਘੇਰਿ ਦਸੋ ਦਿਸ ਲੀਨ॥...*
*ਲਾਤ ਮੁਸਟ ਬਾਜਨ ਲਗੀ ਸਿੱਖਯ ਪਹੂੰਚੇ ਆਇ॥*
*ਭ੍ਰਾਤ ਭ੍ਰਾਤ ਤ੍ਰਿਯ ਕਹਿ ਰਹੀ ਕੋਊ ਨ ਸਕਯੋ ਛੁਰਾਇ॥ ੭॥*

'ਰਾਇ' ਆਪ ਤਾਂ ਰੌਲੇ ਗੌਲੇ ਵਿਚ ਬਚ ਕੇ ਨਿਕਲ ਗਿਆ ਤੇ ਰੂਪ ਕੌਰ ਦਾ ਭਾਈ ਲੋਕਾਂ ਨੇ ਚੋਰ ਜਾਣ ਕੇ ਫੜ ਲਿਆ ਤੇ ਮਾਰਿਆ ਕੁਟਿਆ ਤੇ ਅੰਤ ਨੂੰ ਹਵਾਲਾਤੇ ਪਾ ਦਿੱਤਾ। ਇਹ 'ਤ੍ਰਿਯਾ ਚਰਿਤ੍ਰ ਮੰਤ੍ਰੀ ਭੂਪ ਸੰਬਾਦੇ ਬਾਈਸਵੌਂ ਚਰਿਤ੍ਰ ਸਮਾਪਤ' ਹੈ।

ਦੋ ਗੱਲਾਂ ਉਤੇ ਦੱਸ ਆਏ ਹਾਂ, ਜਿਨ੍ਹਾਂ ਤੋਂ ਸਾਧਾਰਣ ਬ੍ਰਿਤੀ ਅਤੇ ਸਾਹਿਤ ਰਚਨਾ ਭੇਦਾਂ ਤੋਂ ਅਣਜਾਣ ਪਾਠਕ ਨੂੰ ਇਕੀਵਾਂ ਬਾਈਵਾਂ ਚਰਿਤ੍ਰ ਪੜ੍ਹ ਕੇ ਇਹ ਭੁਲੇਖਾ ਪੈਂਦਾ ਹੈ, ਕਿ ਇਹ ਕਹਾਣੀਆਂ ਕਰਤਾ ਦੀਆਂ ਸ੍ਵੈ-ਜੀਵਨੀਆਂ ਹਨ। ਇਕ 'ਆਨੰਦਪੁਰ' ਦਾ ਸਥਾਨਕ ਰੰਗ ਅਤੇ ਦੂਜਾ 'ਸਿੱਖਯ' 'ਗੁਰੂ' ਆਦਿਕ ਸ਼ਬਦ, ਜੋ ਕਿ ਨੌਕਰਾਂ ਚਾਕਰਾਂ ਅਤੇ 'ਰਾਇ' ਸੰਬੋਧਕ ਹਨ। ਇਕ ਤੀਜੀ ਗੱਲ ਇਸ ਬਾਈਵੇਂ ਚਰਿਤ੍ਰ ਵਿਚ ਹੋਰ ਹੈ, ਜਿਸ ਨੇ ਇਸ ਸਾਹਿਤਕ ਮਾਯਾ (Literary Illusion) ਨੂੰ ਹੋਰ ਵੀ ਪਕੇਰਾ ਰੂਪ ਦੇ ਦਿੱਤਾ ਹੈ।

ਇਸੇ ਬਾਈਵੇਂ ਚਰਿਤ੍ਰ ਵਿਚ, 'ਰੂਪ ਕੌਰ' ਅਤੇ 'ਰਾਇ' ਦੇ ਵਾਕਯੋਵਾਕ ਯਾ ਸਵਾਲਾਂ ਜਵਾਬਾਂ ਦੇ ਰੂਪ ਵਿਚ, ਉਹ ਗੁਰਵਾਕ ਦਰਜ ਹਨ, ਜਿਹੜੇ ਕਿ ਕਿਸੇ ਸ਼ਰਧਾਵਾਨ ਤੇ ਹਿਤਕਰ

ਜੱਥੇਦਾਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਹੇਠਲੀਆਂ ਪਉੜੀਆਂ ਦੀ ਉਪਰਲੀ ਮਹਿਰਾਬ ਉੱਤੇ ਲਿਖੇ ਹੋਏ ਸਨ ਅਤੇ ਜਿਨ੍ਹਾਂ ਨੂੰ ਚਿਰੰਕਾਲ ਤੋਂ ਅਨੇਕ ਸਿੱਖ ਸ਼ਰਧਾਲੂ ਹਰ ਰੋਜ਼ ਪੜ੍ਹਦੇ ਸਨ, ਉਹ ਵਾਕ ਹਨ :-

*ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ॥*
*ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ॥*
*ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿਤ ਬਢੈਯਹੁ॥*
*ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜਯਹੁ॥ ੫੧॥...*
*ਬਾਲ ਹਮਾਰੇ ਪਾਸ ਦੇਸ ਦੇਸਨ ਤ੍ਰਿਯ ਆਵਹਿ॥*
*ਮਨ ਬਾਂਛਤ ਬਰ ਮਾਂਗਿ ਜਾਨਿ ਗੁਰ ਸੀਸ ਝੁਕਾਵਹਿ॥*
*ਸਿੱਖਯ ਪੁੱਤ੍ਰ ਤ੍ਰਿਯ ਸੁਤਾ ਜਾਨਿ ਅਪਨੇ ਚਿਤ ਧਰਿਯੈ॥*
*ਹੋ ਕਹੁ ਸੁੰਦਰਿ ਤੁਹਿ ਸਾਥ ਗਵਨ ਕੈਸੇ ਕਰ ਕਰਿਯੈ॥ ੫੪॥*

ਇਹ ਛੰਦ 'ਤ੍ਰਿਯਾ ਚਰਿਤ੍ਰ' ਨਾਮੀ ਗ੍ਰੰਥ ਦਾ, ਨਿਰਸੰਸੇ ਵਾਸਤਵਿਕ ਹੈ। ਇਹ ਇਤਿਹਾਸ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਪੁੱਤਰ ਗੁਰੂ ਗੋਬਿੰਦ ਸਿੰਘ ਨੂੰ ਉਪਰੋਕਤ ਉਪਦੇਸ਼ ਦਿੱਤਾ, ਜਿਸਨੂੰ ਕਿ ਹਿਤੋਪਦੇਸ਼ ਨਮਿਤ 'ਤ੍ਰਿਯਾ ਚਰਿਤ੍ਰ' ਦੇ ਕਰਤਾ ਨੇ, ਬਾਈਵੇਂ ਚਰਿਤ੍ਰ ਵਿਚ ਗੁੰਦ ਦਿੱਤਾ। ਇਸ ਤੋਂ ਇਹ ਭਾਵ ਕੱਢਣਾ ਕਿ, ਕਿਉਂਕਿ ਇਹ ਛੰਦ ਵਾਸਤਵਿਕ ਘਟਨਾ ਅਧਾਰਿਤ ਹੈ ਇਸ ਲਈ ਬਾਈਵੇਂ ਚਰਿਤ੍ਰ ਦੀ ਕਥਾ ਮਨੋਕਲਪਿਤ ਸਾਹਿਤ ਨਹੀਂ, ਸਗੋਂ ਇਤਿਹਾਸਕ ਵਰਨਣ ਹੈ, ਜਿਸ ਦੇ ਪਾਤ੍ਰ 'ਤ੍ਰਿਯਾ ਚਰਿਤ੍ਰ' ਦੇ ਕਰਤਾ, ਆਪ ਗੁਰੂ ਗੋਬਿੰਦ ਸਿੰਘ ਜੀ ਹਨ, ਸਾਹਿਤ ਰਚਨਾ ਭੇਦਾਂ ਤੋਂ ਅਗਿਆਨਤਾ ਦਾ ਸੂਚਕ ਹੈ। ਅੱਠਵੀਂ ਸਦੀ ਦੀ ਬਗ਼ਦਾਦ ਵਿਚ ਰਚੀ ਗਈ ਅਰਬੀ ਭਾਸ਼ਾ ਦੀ 'ਅਲਫ ਲੈਲਾ' ਗਿਆਰਵੀਂ ਸਦੀ ਦੀ ਸੰਸਕ੍ਰਿਤ ਦੀ ਪੁਸਤਕ 'ਕਥਾਸਰਿਤ ਸਾਗਰ', ਤੇਰ੍ਹਵੀਂ ਸਦੀ ਦੀ ਫ਼ਾਰਸੀ ਦੀ ਪ੍ਰਸਿੱਧ ਪੁਸਤਕ 'ਬੁਸਤਾਨ', ਵਿਚ ਇਹ ਰਚਨਾ ਭੇਦ (Literary Technique) ਆਮ ਵਰਤੀ ਗਈ ਹੈ, ਜਿਥੇ ਕਿ ਕਥਾ ਕਹਾਣੀ ਵਿਚ ਆਇਆ ਕੋਈ ਨੁਕਤਾ ਵਿਸਤਾਰ ਕਰਨ ਦੇ ਆਸ਼ੇ ਨਾਲ, ਹੋਰਨਾਂ ਕਵੀਆਂ ਦੇ ਕਿਸੇ ਹੋਰ ਪ੍ਰਸੰਗ ਪ੍ਰਥਾਇ ਕਹੇ ਹੋਏ ਕਾਵਿ-ਟੋਟੇ, ਕਥਾ ਕਹਾਣੀ ਦੇ ਪਾਤ੍ਰਾਂ ਦੇ ਮੂੰਹ ਵਿਚ ਪਾ ਦਿੱਤੇ ਗਏ ਹਨ, ਅਤੇ ਇਸ ਨੂੰ ਦੋਸ਼, ਸਗੋਂ ਕਾਵਿ ਕਲਾ ਦਾ ਗੁਣ ਸਮਝਿਆ ਗਿਆ ਹੈ। ਅਠਾਰ੍ਹਵੀਂ ਸਦੀ ਦੀ ਕ੍ਰਿਤ 'ਹੀਰ ਵਾਰਸ ਸ਼ਾਹ' ਵਿਚ ਕੁਰਾਨ ਸ਼ਰੀਫ਼ ਦੀਆਂ ਤੁਕਾਂ ਦੇ ਟੋਟੇ ਇਸੇ ਢੰਗ ਨਾਲ ਆਮ ਵਰਤੇ ਗਏ ਹਨ, ਜਿਸ ਤੋਂ ਕਿਸੇ ਨੇ ਇਹ ਭੁੱਲ ਕੇ ਭੀ ਨਹੀਂ ਅਨੁਮਾਨਿਆ ਕਿ ਹੀਰ ਰਾਂਝੇ ਦੀ ਪ੍ਰੇਮ-ਕਥਾ ਹਜ਼ਰਤ ਮੁਹੰਮਦ ਸਾਹਿਬ ਯਾ ਅੱਲਾ ਦੀ ਸ੍ਵੈ-ਜੀਵਨੀ ਨਾਲ ਇਤਿਹਾਸਕ ਸੰਬੰਧ ਰੱਖਦੀ ਹੈ, ਜਿਵੇਂ ਕਿ ਸਰਲ ਸੁਭਾਅ ਸ਼ਰਧਾਵਾਨ ਸਿੱਖ ਯਾ ਪ੍ਰੋਫ਼ੈਸਰ ਰਾਮਪ੍ਰਕਾਸ਼ ਸਿੰਘ ਜੀ ਸਮਝੀ ਫਿਰਦੇ ਹਨ। ਵਾਰਸ ਸ਼ਾਹ ਦਾ ਇਹ ਦਾਹਵਾ ਕਿ ਉਸਨੇ ਕੁਰਾਨ

ਸ਼ਰੀਫ਼ ਦੀਆਂ ਤੁਕਾਂ ਹੀਰ ਰਾਂਝੇ ਦੀ ਪ੍ਰੇਮ-ਵਾਰਤਾ ਵਿਚ ਵਰਤ ਕੇ ਉਨ੍ਹਾਂ ਤੁਕਾਂ ਦੇ ਪ੍ਰਯਾਯ ਲਿਖੇ ਹਨ ਤੇ ਤਸ਼ਰੀਹ ਕੀਤੀ ਹੈ।

ਇਹ ਕੁਰਾਨ ਸ਼ਰੀਫ਼ ਦੇ ਮਾਇਨੇ ਹਨ ਜਿਹੜੇ ਸ਼ਿਅਰ ਮੀਆਂ ਵਾਰਸਸ਼ਾਹ ਦੇ ਨੇ। ਇਉਂ ਹੀ ਇਸ ਉਪਰੋਕਤ ਗੁਰਵਾਕ ਛੰਦ ਦੇ 'ਤ੍ਰਿਯਾ ਚਰ੍ਰਿਤ' ਦੀ ਬਾਈਵੀਂ ਕਹਾਣੀ ਵਿਚ ਗੁੰਦੇ ਜਾਣ ਬਾਰੇ ਜਾਨਣਾ ਤੇ ਸਮਝਣਾ ਉਚਿਤ ਹੈ। ਅਸਾਂ ਇਸ ਲੇਖ ਵਿਚ ਇਉਂ ਕਿਹਾ ਹੈ ਕਿ:

੧. 'ਤ੍ਰਿਯਾ ਚਰ੍ਰਿਤ' ਦੀ ਸਾਹਿਤਕ ਪ੍ਰਣਾਲੀ ਦਾ ਪਿਛੋਕੜ ਬਹੁਤ ਪ੍ਰਾਚੀਨ ਤੇ ਨਿਰੋਲ ਭਾਰਤੀ ਹੈ, ਜਿਸ ਦੀਆਂ ਜੜ੍ਹਾਂ ਰਿਗ ਵੇਦ ਵਿਚ ਹਨ।

੨. 'ਤ੍ਰਿਯਾ ਚਰਿਤ੍ਰ' ਲੌਕਿਕ ਸਾਹਿਤ ਹੈ, ਗੁਰਬਾਣੀ ਅਥਵਾ ਗੁਰਵਾਕ ਨਹੀਂ ਹੈ।

੩. ਇਕੀਵੀਂ, ਬਾਈਵੀਂ ਤੇ ਤੇਈਵੀਂ ਸਾਖੀਆਂ—ਜਿਨ੍ਹਾਂ ਵਿਚ, ਜੋ ਕਿ 'ਰੂਪ ਕੋਇਰ' ਨਾ ਨੂਪ ਕੌਰ ਦੀ ਕਹਾਣੀ ਦਿੱਤੀ ਗਈ ਹੈ, ਉਹ ਸ੍ਵੈ-ਜੀਵਨ ਯਾ ਇਤਿਹਾਸ ਅਧਾਰਿਤ ਨਹੀਂ, ਮਨੋਕਲਪਿਤ ਰਚਨਾ ਹੈ। ਸੱਚ ਤਾਂ ਇਹ ਹੈ, ਕਿ ਇਹ ਤਿੰਨੇ ਕਹਾਣੀਆਂ, ਪਿੰਜਰ ਰੂਪ ਵਿਚ, ਅਰਬੀ ਦੀ ਅੱਠਵੀਂ ਸਦੀ ਦੀ ਪੁਸਤਕ 'ਅਲਫ਼ ਲੈਲਾ' ਵਿਚ ਮੌਜੂਦ ਹਨ।

੪. 'ਅਨੰਦਪੁਰ', 'ਸਿਖਯ', 'ਗੁਰੁ' ਆਦਿ ਵਿਸ਼ੇਸ਼ ਵਰਨਣ ਇਨ੍ਹਾਂ ਕਹਾਣੀਆਂ ਵਿਚ ਸਥਾਨਕ ਤੇ ਵਾਸਤਵਿਕ ਰੰਗ ਭਰਨ ਲਈ ਕੀਤਾ ਗਿਆ ਹੈ, ਜੋ ਕਿ ਸਾਹਿਤ ਰਚਨਾ ਭੇਦਾਂ ਦੇ ਐਨ ਅਨੁਕੂਲ ਹੈ ਅਤੇ ਉੱਚੀ ਕਲਾ ਦੇ ਉੱਚ ਆਸ਼ਿਆਂ ਦੀ ਪੂਰਤੀ ਲਈ ਕੀਤਾ ਗਿਆ ਹੈ।

੫. 'ਸੁਧ ਜਬ ਤੇ ਹਮ ਧਰੀ' ਛੰਦ ਇਤਿਹਾਸ ਅਧਾਰਿਤ ਹੈ, ਪਰ ਇਸ ਦੀ 'ਤ੍ਰਿਯਾ ਚਰ੍ਰਿਤ' ਦੀਆਂ ਕਹਾਣੀਆਂ ਵਿਚ ਗੋਂਦ ਦਾ ਕਦਾਚਿਤ ਇਹ ਭਾਵ ਨਹੀਂ ਨਿਕਲਦਾ ਕਿ ਇਨ੍ਹਾਂ ਕਹਾਣੀਆਂ ਦੀ ਕਥਾ ਵਸਤੂ ਇਤਿਹਾਸਕ ਹੈ ਅਤੇ ਇਨ੍ਹਾਂ ਦਾ ਮੁੱਖ ਪਾਤਰ, ਕਰਤਾ ਆਪ ਹੈ।

ਇਹ ਪੰਜ ਨੁਕਤੇ ਅਸਾਂ ਇਸ ਲੇਖ ਵਿਚ ਸਿੱਧ ਕਰਨ ਦਾ ਯਤਨ ਕੀਤਾ ਹੈ, ਜਿਨ੍ਹਾਂ ਨੂੰ ਸਮਝੇ ਤੋਂ ਬਿਨਾਂ, ਇਸ ਪ੍ਰਕਾਰ ਦੇ ਹਾਨੀਕਾਰਕ ਭੁਲੇਖੇ, ਜਿਵੇਂ ਕਿ ਪ੍ਰੋਫ਼ੈਸਰ ਰਾਮਪ੍ਰਕਾਸ਼ ਸਿੰਘ ਜੀ ਦਾ ਲੇਖ, ਨਵਿਰਤ ਨਹੀਂ ਹੋ ਸਕਦੇ।

(ਸ਼੍ਰੋ: ਗੁ. ਪ੍ਰ. ਕ. ਅੰਮ੍ਰਿਤਸਰ ਵੱਲੋਂ ਪ੍ਰਕਾਸ਼ਤ ਗੁਰਮਤਿ ਪ੍ਰਕਾਸ਼
ਅਕਤੂਬਰ, ੧੯੯੩ ਵਿਚੋਂ ਧੰਨਵਾਦ ਸਹਿਤ)

## ੨੪ਵਾਂ ਚਰਿੱਤ੍ਰ : ਸੁਮੇਰ ਕੌਰ

ਇਸ ਚਰਿੱਤ੍ਰ ਅੰਦਰ ਚੰਦ੍ਰਮਤੀ ਦੀ ਪੁੱਤਰੀ ਸੁਮੇਰ ਕੌਰ ਨੇ ਆਪਣੇ ਪਤੀ ਰਾਜੇ ਦੇ ਮਰਨ

ਮਗਰੋਂ ਇਕ ਆਪਣਾ ਮਿੱਤਰ ਬਣਾਇਆ। ਉਸ ਨੂੰ ਆਪਣੇ ਕੋਲ ਰੱਖਣ ਲਈ ਲੋਕਾਂ ਦੇ ਅੱਖੀਂ ਘੱਟਾ ਪਾਵਣ ਵਾਸਤੇ ਚਰਿੱਤ੍ਰ ਖੇਡਿਆ :-

*ਮੱਜਨ ਕਰ ਬਾਪੀ ਬਿਖੈ, ਬੈਠਯੋ ਧਯਾਨ ਲਗਾਇ॥*
*ਕਹਿਯੋ ਆਨਿ ਮੁਹਿ ਦੈ ਗਏ, ਦਰਸਨ ਸ੍ਰੀ ਜਦੁਰਾਇ॥ ੨੪॥*
*ਯੌਂ ਸੁਨਿ ਲੋਕ ਸਕਲ ਹੀ ਧਾਏ॥*
*ਛੇਰਾ ਸਕਰ ਕੁਚਾਰੁ ਲਯਾਏ॥*
*ਦੂਧ ਭਾਤ ਆਗੇ ਲੈ ਧਰਹੀਂ॥*
*ਭਾਂਤਿ ਭਾਂਤਿ ਸੌ ਪਾਇਨ ਪਰਹੀਂ॥ ੨੫॥*

ਇਸ ਤਰ੍ਹਾਂ ਉਸ ਮਿੱਤਰ ਨੂੰ ਪੂਜ ਬਣਾ ਕੇ ਸਮੇਰ ਕੌਰ ਨੇ ਆਪਣੇ ਘਰ ਰੱਖਿਆ।

*ਤਵਰ ਜਾਰ ਸੌਂ ਯੌਂ ਰਹੈ, ਨਿਜੁ ਨਾਰੀ ਜਯੌਂ ਹੋਇ॥*
*ਲੋਗ ਗੁਰੂ ਕਹਿ ਪਰ ਪਰੈ, ਭੇਦ ਨ ਪਾਵੈ ਕੋਇ॥ ੪੮॥*
*ਚੰਚਲਾਨ ਕੇ ਚਰਿਤ੍ਰ ਕੌ, ਸਕਤ ਨ ਕੋਊ ਪਾਇ॥*
*ਚੰਦ੍ਰ ਸੂਰ ਸੁਰ ਅਸੁਰ ਸਭ, ਬ੍ਰਹਮ ਬਿਸਨ ਸੁ ਰਾਇ॥ ੪੯॥*

## ੨੫ਵਾਂ ਚਰਿੱਤ੍ਰ : ਪ੍ਰੇਮ ਕੁਮਾਰੀ

ਇਸ ਚਰਿੱਤ੍ਰ ਅੰਦਰ ਪ੍ਰੇਮ ਕੁਮਾਰੀ ਨਾਮ ਦੀ ਰਾਣੀ ਨੇ ਰਾਜੇ ਨੂੰ ਬੁੱਢਾ ਜਾਣ ਕੇ ਕਿ ਹੁਣ ਮੇਰੇ ਪੁੱਤਰ ਕੋਈ ਹੋਣਾ ਨਹੀਂ, ਚਰਿੱਤ੍ਰ ਖੇਡ ਕੇ ਕਿਸੇ ਗ਼ਰੀਬਣੀ ਦੇ ਜਨਮ ਸਮੇਂ ਬੱਚੇ ਨੂੰ ਆਪਣੇ ਪੇਟੋਂ ਜਨਮਿਆ ਦਸ ਕੇ ਪੁੱਤਰ ਬਣਾਇਆ। ਉਸ ਦਾ ਨਾਮ ਸ਼ੇਰ ਸਿੰਘ ਰੱਖਿਆ। ਸਮੇਂ ਨਾਲ ਉਹ ਰਾਜਾ ਬਣਿਆ।

*ਕਰਮ ਰੇਖ ਕੀ ਗਤਿ ਹੁਤੇ, ਭਏ ਰੰਕ ਤੇ ਰਾਇ॥*
*ਰਾਵਤ ਤੇ ਰਾਜਾ ਕਰੇ, ਤ੍ਰਿਯਾ ਚਰਿਤ੍ਰ ਬਨਾਇ॥ ੧੧॥*

## ੨੬ਵਾਂ ਚਰਿੱਤ੍ਰ : ਨਿਰਤ ਮਤੀ

ਇਸ ਚਰਿੱਤ੍ਰ ਅੰਦਰ ਇਕ ਬਾਣੀਆ ਆਪਣੀ ਘਰਵਾਲੀ ਨਿਰਤ ਮਤੀ ਪਾਸ ਹਰ ਰੋਜ਼ ਆਪਣੀ ਵਡਿਆਈ ਵਾਸਤੇ ਝੂਠ ਬੋਲ ਕੇ ਕਿਹਾ ਕਰੇ ਕਿ ਅੱਜ ਮੈਂ ੨੦ ਚੋਰ ਮਾਰ ਦਿੱਤੇ ਹਨ, ਅੱਜ ਮੈਂ ੩੦ ਚੋਰ ਮਾਰੇ ਹਨ।

*ਜਬ ਹੀ ਬਨਿਕ ਬਨਿਜ ਤੇ ਆਵੈ॥ ਬੀਸ ਚੋਰ ਅਬ ਹਨੇ ਸੁਨਾਵੈ॥*
*ਪ੍ਰਾਤ ਆਨਿ ਇਸ ਬਚਨ ਉਚਾਰੇ॥ ਤੀਸ ਚੋਰ ਮੈਂ ਆਜੁ ਸੰਘਾਰੇ॥ ੨॥*

ਇਕ ਦਿਨ ਨਿਰਤ ਮਤੀ ਨੇ ਮਨੁੱਖਾਂ ਵਾਲਾ ਲਿਬਾਸ ਧਾਰ ਕੇ, ਹੱਥ ਵਿਚ ਤਲਵਾਰ, ਢਾਲ, ਬਰਛੀ ਫੜ ਘੋੜੇ 'ਤੇ ਚੜ੍ਹ ਕੇ ਜਾ ਡਰਾਇਆ :-

*ਬਨਿਕ ਬਚਨ ਸੁਨਿ ਬਸਤ੍ਰ ਉਤਾਰੇ॥ ਘਾਸ ਦਾਂਤ ਗਹਿ ਰਾਮ ਉਚਾਰੇ॥ ੧੦॥*

## ੨੭ਵਾਂ ਚਰਿੱਤ੍ਰ : ਬਿਓਮ ਕਲਾ

ਇਸ ਚਰਿੱਤ੍ਰ ਅੰਦਰ ਬਿਓਮ ਕਲਾ ਰਾਣੀ ਨੂੰ ਕੰਕ ਨਾਮ ਦੇ ਬ੍ਰਾਹਮਣ ਨਾਲ, ਜਿਸ ਪਾਸ ਮੁਸ਼ਕ ਕਪੂਰ ਸੀ, ਰਾਜੇ ਨੇ ਪ੍ਰੇਮ ਕਰਦਿਆਂ ਵੇਖ ਲਿਆ ਤਾਂ ਰਾਣੀ ਨੇ ਕਿਹਾ, ਹੇ ਸੂਰਮੇ ! ਮੇਰੇ ਰਾਜਾ ਸਾਹਿਬ, ਮੈਂ ਤਾਂ ਮੁਸ਼ਕ ਕਪੂਰ ਸੁੰਘ ਰਹੀ ਸੀ। ਇਸ ਤਰ੍ਹਾਂ ਕਹਿ ਕੇ ਰਾਜੇ ਨੂੰ ਪ੍ਰਸੰਨ ਕਰਕੇ ਛਲਿਆ।

*ਸੁਰ ਨਾਮ ਸੁਨਿ ਮੂਰਿ ਮਤਿ, ਅਤਿ ਹਰਖਤ ਭਯੋ ਜੀਯ॥*
*ਸੰਘਿਤ ਹੁਤੀ ਕਪੂਰ ਕਹ, ਧੰਨਯ ਧੰਨਯ ਇਹ ਤ੍ਰੀਯ॥ ੭॥*

## ੨੮ਵਾਂ ਚਰਿੱਤ੍ਰ : ਸੂਰਛਟਾ

ਇਸ ਚਰਿਤ੍ਰ ਅੰਦਰ ਗੁੱਜਰ ਦੀ ਘਰਵਾਲੀ ਸੂਰਛਟ ਤੇ ਛੱਤ੍ਰਕੇਤ ਰਾਜੇ ਦਾ ਜ਼ਿਕਰ ਹੈ :

*ਰੂਪ ਕੁਰੂਪ ਅਹੀਰ ਕੋ, ਸੁੰਦਰ ਤਾਕੀ ਨਾਰਿ॥*
*ਵਹੁ ਤਰੁਨੀ ਇਕ ਰਾਵ ਕੋ, ਅਟਕੀ ਰੂਪ ਨਿਹਾਰਿ॥ ੨॥*
*ਦੁਖਤ ਅਹੀਰ ਨਾਰਿ ਕੋ ਰਾਖੈ॥ ਕਟੁ ਕਟੁ ਬਚਨ ਰੈਨ ਦਿਨਿ ਭਾਖੈ॥*

## ੨੯ਵਾਂ ਚਰਿੱਤ੍ਰ : ਮਦਨ ਮਤੀ

ਇਸ ਚਰਿੱਤ੍ਰ ਅੰਦਰ ਮਦਨ ਕੇਤ ਰਾਜਾ ਤੇ ਮਦਨਮਤੀ ਇਸਤ੍ਰੀ ਦਾ ਜ਼ਿਕਰ ਹੈ :

*ਕਬਹੂੰ ਪੈਰ ਨਦੀ ਨ੍ਰਿਪ ਜਾਵੈ॥ ਕਬਹੂੰ ਤਰਿ ਤਾਂਕੋ ਤ੍ਰਿਯ ਆਵੈ॥*

ਇਕ ਦਿਨ ਨਦੀ ਵਿਚ ਤੇਜ਼ ਪਾਣੀ ਮਦਨਮਤੀ ਇਸਤ੍ਰੀ ਨੂੰ ਕਈ ਕੋਹ ਦੂਰ ਤੇਜ਼ੀ ਨਾਲ ਲੈ ਗਿਆ। ਡੁੱਬਦੀ-ਡੁੱਬਦੀ ਰੌਲਾ ਪਾਉਂਦੀ ਨੂੰ ਇਕ ਗੁੱਜਰ ਨੇ ਬਚਾਇਆ, ਪਰ ਆਖ਼ਿਰ ਨੂੰ ਛਲ ਕਰ ਕੇ ਇਸ ਪਾਪਨ ਇਸਤ੍ਰੀ ਨੇ ਉਸ ਗੁੱਜਰ ਨੂੰ ਰਾਜੇ ਪਾਸੋਂ ਮਰਵਾ ਦਿੱਤਾ ਹੈ।

*ਪ੍ਰਾਨ ਉਬਾਰਯੋ ਸੁਖ ਦੀਆ, ਜਮ ਤੇ ਲੀਯਾ ਬਚਾਇ॥*
*ਨ੍ਰਿਪ ਹਿਤ ਤੇ ਮਾਰਯੋ ਤਿਸੈ ਐਸੋ ਚਰਿਤ੍ਰ ਦਿਖਾਇ॥੨੩॥*

## ੩੦ਵਾਂ ਚਰਿੱਤ੍ਰ : ਚਾਚਰ ਮਤੀ

ਇਸ ਚਰਿੱਤ੍ਰ ਅੰਦਰ ਮਾਨੀ ਸੈਨ ਨਾਮ ਦਾ ਰਾਜਾ ਇਕ ਅੱਖ ਤੋਂ ਕਾਣਾ ਸੀ। ਚਾਚਰ ਮਤੀ ਨਾਮ ਦੀ ਉਸ ਦੀ ਇਸਤ੍ਰੀ ਨੇ ਹੋਲੀ ਦੇ ਦਿਨਾਂ ਵਿਚ ਇਕ ਨਟ, ਜਿਸ ਦਾ ਨਾਮ ਨਵਰੰਗ ਸੀ, ਉਸ ਨਾਲ ਪ੍ਰੇਮ ਪਾ ਕੇ ਰਾਜੇ ਦੇ ਅੱਖਾਂ ਵਿਚ ਅੰਬੀਰ ਪਾ ਕੇ ਪਾਪ ਕਮਾਇਆ ਅਤੇ ਆਪਣੇ ਪਤੀ ਰਾਜੇ ਨੂੰ ਇਸ ਤਰ੍ਹਾਂ ਧੋਖਾ ਦਿੱਤਾ।

*ਏਕ ਆਂਖਿ ਕਾਨਾ ਹੁਤੋ, ਦੁਤਿਯੋ ਪਰਾ ਅੰਬੀਰ॥*
*ਗਿਰਯੋ ਅੰਧ ਜਿਮਿ ਹ੍ਵੈ ਨ੍ਰਿਪਤਿ, ਦ੍ਰਿਗ ਜੁਤ ਭਯੋ ਅਸੀਰ॥ ੧੯॥*

## ੩੧ਵਾਂ ਚਰਿੱਤ੍ਰ : ਮਾਨ ਮੰਜਰੀ

ਇਸ ਚਰਿੱਤ੍ਰ ਅੰਦਰ ਇਕ ਸ਼ਾਹੂਕਾਰ ਦੀ ਇਸਤ੍ਰੀ ਮਾਨ ਮੰਜਰੀ ਨੇ ਵਿਦਿਆਨਿਧ ਨਾਮ ਦੇ ਸਾਧੂ ਰੂਪੀ ਮਨੁੱਖ ਨਾਲ ਪ੍ਰੇਮ ਕਰਨਾ ਚਾਹਿਆ, ਪਰ ਉਹ ਉਸ ਦੇ ਆਖੇ ਨਾ ਲੱਗਿਆ ਤਾਂ ਇਸ ਪਾਪਨ ਇਸਤ੍ਰੀ ਨੇ ਉਸ ਨੂੰ ਮਰਵਾ ਦਿੱਤਾ ਸੀ।

*ਤਦ ਲੌ ਤ੍ਰਿਯ ਕੁਟਵਾਰ ਕੇ, ਭਈ ਪੁਕਾਰੂ ਜਾਇ॥*
*ਧਨ ਬਲ ਤੇ ਤਿਹ ਸਾਧ ਕਹ, ਜਮ ਪੁਰਿ ਦਯੋ ਪਠਾਇ॥ ੭॥*

## ੩੨ਵਾਂ ਚਰਿੱਤ੍ਰ : ਰਸ ਮੰਜਰੀ

ਇਸ ਚਰਿੱਤ੍ਰ ਅੰਦਰ ਰਸ ਮੰਜਰੀ ਔਰਤ, ਜਿਸ ਦਾ ਘਰਵਾਲਾ ਵਿਦੇਸ਼ ਗਿਆ ਸੀ। ਇਕੱਲੀ ਔਰਤ ਤੱਕ ਕੇ ਰਾਤ ਨੂੰ ਚੋਰ ਆ ਪਏ, ਪਰ ਇਸ ਨੇ ਚਰਿੱਤ੍ਰ ਖੇਡ ਕੇ ਸਾਰੇ ਚੋਰ ਮਾਰ ਮੁਕਾਏ ਸਨ।

*ਚੋਰ ਰਾਜ ਜਰਿ ਕੈ ਮਰਯੋ, ਚੋਰ ਮਰਯੋ ਬਿਖੁ ਖਾਇ॥*
*ਪ੍ਰਾਤ ਭਏ ਕੁਟਵਾਰ ਕੇ, ਸਭ ਹੀ ਦਏ ਬੰਧਾਇ॥ ੧੩॥*

## ੩੩ਵਾਂ ਚਰਿੱਤ੍ਰ : ਛੱਤਰ ਮੰਜਰੀ

ਇਸ ਚਰਿੱਤ੍ਰ ਅੰਦਰ ਛਤ੍ਰਕੇਤ ਰਾਜਾ ਤੇ ਉਸ ਦੀ ਰਾਣੀ ਛੱਤਰ ਮੰਜਰੀ ਸੀ। ਰਾਜ ਪੁੱਤਰ ਨਾ ਜਨਮਿਆ ਤਾਂ ਰਾਣੀ ਨੇ ਰਾਜੇ ਤੋਂ ਚੋਰੀ ਕਿਸੇ ਹੋਰ ਪੁਰਸ਼ ਤੋਂ ਪੁੱਤਰ ਪੈਦਾ ਕਰਨ ਲਈ ਉਸ ਦਾ ਸੰਗ ਕੀਤਾ, ਪਰ ਰਾਜੇ ਨੇ ਰਾਣੀ ਨੂੰ ਵੇਖ ਲਿਆ, ਜਿਸ ਕਰ ਕੇ ਮੁੜ ਰਾਜੇ ਦਾ ਮਨ ਰਾਣੀ ਨਾਲ ਨਹੀਂ ਮਿਲਿਆ।

*ਸਭ ਕਛੁ ਟੂਟੇ ਜੁਰਤ ਹੈਂ, ਜਾਨਿ ਲੇਹੁ ਮਨ ਮਿੱਤ॥*
*ਏ ਦ੍ਵੈ ਟੂਟੇ ਨਾ ਜੁਰਹਿ, ਏਕੁ ਸੀਸ ਅਰੁ ਚਿਤ॥ ੪੧॥*

## ੩੪ਵਾਂ ਚਰਿੱਤ੍ਰ : ਮਾਨਮਤੀ

ਇਸ ਚਰਿੱਤ੍ਰ ਅੰਦਰ ਸਿਰਹੰਦ ਸ਼ਹਿਰ ਦੇ ਰਹਿਣ ਵਾਲਾ ਇਕ ਮੰਦ ਕਰਮੀ ਸੁਰਗ ਨਾਥ ਨਾਮ ਦਾ ਜੋਗੀ ਸੀ। ਉਹ ਕਿਸੇ ਗ੍ਰਿਹਸਤੀ ਦੀ ਮਾਨਮਤੀ ਨਾਮ ਦੀ ਇਸਤ੍ਰੀ ਨਾਲ ਸੀ। ਇਕ ਦਿਨ ਜੋਗੀ ਦੇ ਘਰ ਹੁੰਦਿਆਂ ਮਾਨਮਤੀ ਦੇ ਘਰਵਾਲਾ ਆ ਗਿਆ ਤਾਂ ਮਾਨਮਤੀ ਨੇ ਚਰਿੱਤ੍ਰ ਕਰਕੇ ਜੋਗੀ ਨੂੰ ਬਚਾਇਆ।

*ਇਕ ਦਿਨ ਜੋਗੀ ਘਰ ਹੁਤੋ, ਗ੍ਰਿਹਸਤੀ ਪਹੁੰਚਯੋ ਆਇ॥*
*ਤਾ ਸੌ ਕਹਾ ਬਨਾਇ ਤ੍ਰਿਯ, ਏਕ ਚਰਿਤ ਸਮਝਾਇ॥ ੪॥*

## ੩੫ਵਾਂ ਚਰਿੱਤ੍ਰ : ਅਸਮਾਨ ਕਲਾ

ਇਸ ਚਰਿੱਤ੍ਰ ਅੰਦਰ ਰੁਕਮਕੇਤ ਰਾਜੇ ਦੀਆਂ ਦੋ ਰਾਣੀਆਂ ਸਨ। ਦੋਨਾਂ ਨਾਲ ਅੱਖਾਂ ਮੀਟਣ ਦੀ ਖੇਲ ਰਚ ਕੇ ਰਾਜੇ ਨੇ ਇਕ ਰਾਣੀ ਨੂੰ ਚਰਿੱਤ੍ਰ ਖੇਡ ਕੇ ਛਲਿਆ।

*ਸ੍ਰੀ ਅਸਮਾਨ ਕਲਾ ਭਜ ਦਈ ਉਠਾਇ ਕੈ॥*
*ਰੁਕਮਕੇਤ ਨ੍ਰਿਪ ਐਸੋ ਚਰਿਤ ਦਿਖਾਇ ਕੈ॥*
*ਮੂਰਖ ਰਾਨੀ ਦੁਤਿਯ ਨ ਕਛੂ ਜਾਨਤ ਭਈ॥*
*ਹੋ ਲੁਕ ਮੀਚਨ ਕੀ ਖੇਲ ਜਾਨ ਜਿਯ ਮੈ ਲਈ॥ ੭॥*

## ੩੬ਵਾਂ ਚਰਿੱਤ੍ਰ : ਫਤਹਿ ਮਤੀ

ਇਸ ਚਰਿੱਤ੍ਰ ਅੰਦਰ ਗੈਂਡੇ ਖ਼ਾਂ ਡੋਗਰ ਤੇ ਉਸ ਦੀ ਇਸਤ੍ਰੀ ਫਤਹਿ ਮਤੀ ਸੀ। ਫਤਹਿ ਮਤੀ ਨੂੰ ਗੈਂਡੇ ਖ਼ਾਂ ਨੇ ਆਪਣੇ ਨੌਕਰ ਨਾਲ ਵੇਖਿਆ ਤਾਂ ਨੌਕਰ ਨੂੰ ਮਾਰ ਦਿੱਤਾ, ਪਰ ਫ਼ਤਹਿ ਮਤੀ ਨੂੰ ਇਹ ਪਤਾ ਨਹੀਂ ਲੱਗਿਆ ਕਿ ਕਿਸ ਨੇ ਮਾਰਿਆ ਹੈ। ਨਾ ਹੀ ਉਸ ਨੂੰ ਇਹ ਪਤਾ ਲੱਗਿਆ ਕਿ ਮੇਰੇ ਘਰਵਾਲੇ ਨੇ ਮੈਨੂੰ ਵੇਖ ਲਿਆ ਹੈ। ਜਦ ਸਾਲ ਬੀਤ ਜਾਣ ਮਗਰੋਂ ਡੋਗਰ ਨੇ ਭੇਤ ਖੋਲ੍ਹਿਆ ਤਾਂ ਫਤਹਿ ਮਤੀ ਨੇ ਆਪਣੇ ਘਰਵਾਲੇ ਡੋਗਰ 'ਤੇ ਹਮਲਾ ਕਰ ਦਿੱਤਾ, ਪਰ ਉਹ ਬਚ ਗਿਆ।

*ਚਮਕਿ ਉਠੀ ਜਬ ਬਚਨ ਉਚਾਰੇ॥ ਮੋਰ ਭੇਦ ਇਨ ਸਕਲ ਨਿਹਾਰੇ॥*

## ੩੭ਵਾਂ ਚਰਿੱਤ੍ਰ : ਗੈਂਡੇ ਖ਼ਾਂ

ਇਸ ਚਰਿੱਤ੍ਰ ਅੰਦਰ ਡੋਗਰ ਗੈਂਡੇ ਖ਼ਾਂ ਨੇ ਫ਼ਤਹਿ ਮਤੀ ਆਪਣੀ ਇਸਤ੍ਰੀ ਨੂੰ ਮਾਰ ਮੁਕਾਇਆ ਹੈ, ਪਰ ਆਪ ਚਰਿਤ੍ਰ ਕਰ ਕੇ ਲੋਕਾਂ ਦੀ ਨਿਗ੍ਹਾ ਵਿਚ ਚੰਗਾ ਬਣਿਆ ਹੈ।

*ਲੋਗਨ ਸਭਨ ਬੁਲਾਇਕੈ, ਆਛੌ ਕਠਨ ਬਨਾਇ॥*

*ਦੁਰਾਚਾਰਨੀ ਨਾਰਿ ਕਹ, ਇਹ ਬਿਧਿ ਦਿਯਾ ਦਬਾਇ॥ ੮॥*

ਨੋਟ :—ਪਿਛਲੇ ੩੬ ਤੇ ੩੭ ਚਰਿੱਤ੍ਰ ਦੋਵੇਂ ਇਕ ਹੀ ਇਸਤ੍ਰੀ ਪੁਰਸ਼ ਦੇ ਹਨ, ਪਰ 36 ਇਸਤ੍ਰੀ ਚਰਿੱਤ੍ਰ ਹੈ ਅਤੇ ੩੭ ਪੁਰਸ਼ ਚਰਿੱਤ੍ਰ ਹੈ।

## ੩੮ਵਾਂ ਚਰਿੱਤ੍ਰ : ਮਦਨ ਰਾਇ

ਇਸ ਚਰਿੱਤ੍ਰ ਅੰਦਰ ਮਦਨ ਰਾਇ ਠੱਗ ਤੇ ਏਦਿਲ ਸ਼ਾਹ ਚੋਰ ਦੋਨਾਂ ਦੀ ਇਕ ਇਸਤ੍ਰੀ ਰਾਜਮਤੀ ਨਾਮ ਦੀ ਸੀ।

*ਠਗ ਜਾਨੈ ਮੋਰੀ ਹੈ ਨਾਰੀ॥ ਚੋਰ ਕਹੈ ਮੋਰੀ ਹਿਤਕਾਰੀ॥*

*ਤ੍ਰਿਯ ਕੌ ਤਾਹਿ ਦੋਊ ਪਹਿਚਾਨੈ॥ ਮੂਰਖ ਭੇਦ ਨ ਕੋਊ ਜਾਨੈ॥ ੩॥*

ਮਦਨ ਰਾਇ ਠੱਗ ਨੇ ਇਕ ਬਾਣੀਏ ਦੀਆਂ ਮੋਹਰਾਂ ਠੱਗੀਆਂ ਤੇ ਝਗੜਾ ਕਾਜ਼ੀ ਪਾਸ ਚੱਲਿਆ ਗਿਆ, ਪਰ ਠੱਗ ਨੇ ਕਾਜ਼ੀ ਨੂੰ ਵੀ ਹੱਕ ਵਿਚ ਕਰ ਕੇ ਮੋਹਰਾਂ ਸੱਤ ਸੌ ਲੈ ਲਈਆਂ ਸਨ। ਪੁਰਸ਼ ਚਰਿੱਤ੍ਰ ਹੈ।

## ੩੯ਵਾਂ ਚਰਿੱਤ੍ਰ : ਏਦਲ ਸ਼ਾਹ

ਇਸ ਚਰਿੱਤ੍ਰ ਅੰਦਰ ਪਿਛਲੇ ਚਰਿੱਤ੍ਰ ਵਿਚ ਆਇਆ ਪ੍ਰਸੰਗ ਚਲ ਰਿਹਾ ਹੈ। ਏਦਲ ਸ਼ਾਹ ਨਾਮ ਦਾ ਚੋਰ ਬਾਦਸ਼ਾਹ ਸ਼ਾਹਜਹਾਂ ਪਾਸ ਆਇਆ ਹੈ :

*ਏਦਿਲ ਸ਼ਾਹ ਨਾਮ ਤਸਕਰ ਬਰ॥ ਆਯੋ ਸ਼ਾਹਿਜਹਾਂ ਜੂ ਕੇ ਘਰ॥*

ਰਾਜਮਤੀ ਇਸਤ੍ਰੀ ਬਾਦਸ਼ਾਹ ਰਾਹੀਂ ਏਦਲਸ਼ਾਹ ਨੇ ਲੈ ਲਈ ਅਤੇ ਠੱਗ ਮਦਨ ਰਾਇ ਨੂੰ ਕੱਢ ਦਿੱਤਾ।

*ਏਦਿਲ ਰਾਜਮਤੀ ਲਈ, ਠਗ ਕਹਿ ਦਿਯਸਿ ਨਿਕਾਰ॥*

## ੪੦ਵਾਂ ਚਰਿੱਤ੍ਰ : ਦਿਲਜਾਨ ਮਤੀ

ਇਸ ਚਰਿਤ੍ਰ ਅੰਦਰ ਇਕ ਜੱਟ ਅਚਲ ਦੇਵ ਦੀ ਇਸਤ੍ਰੀ ਦਿਲਜਾਨ ਮਤੀ ਸੀ। ਬਹੁਤ ਭੈੜੇ ਬੋਲ ਘਰਵਾਲੇ ਨੂੰ ਬੋਲਦੀ ਸੀ। ਘਰਵਾਲੇ ਦੇ ਕਹਿਣ ਤੋਂ ਹਰ ਗੱਲ ਉਲਟ ਕਰਦੀ ਸੀ।

*ਪਾਨੀ ਕੇ ਮਾਂਗਤ ਪਾਥਰ ਮਾਰਤ, ਨਾਰਿ ਕਿਧੌ ਘਰ ਨਾਹਰ ਆਨੀ॥ ੧੪॥*

ਘਰਵਾਲਾ ਕਹਿੰਦਾ ਹੈ ਕਿ ਜੇ ਪੇਕੇ ਜਾਣਾ ਹੈ ਤਾਂ ਬੇੜੀ ਵਿਚ ਬੈਠ ਕੇ ਚਲੀ ਜਾ, ਪਰ ਉਸ ਦੇ ਉਲਟ ਉਹ ਕਹਿੰਦੀ ਹੈ ਕਿ ਬੈਲ ਦੀ ਪੂਛ ਫੜ ਕੇ ਜਾਵਾਂਗੀ। ਲੋਕਾਂ ਨੇ ਕਿਹਾ, ਪੂਛ ਨਾ ਛੱਡੀਂ, ਪਰ ਉਸ ਨੇ ਉਲਟ ਕੀਤਾ ਤੇ ਪੂਛ ਛੱਡ ਕੇ ਡੁੱਬ ਮਰੀ।

*ਛੋਰਿ ਪੂਛਿ ਕਰ ਤੇ ਦਈ, ਸੁਨੀ ਬੂਕਿ ਜਬ ਕਾਨ॥*

## ੪੧ਵਾਂ ਚਰਿੱਤ੍ਰ : ਪ੍ਰੀਤ ਮੰਜਰੀ

ਇਸ ਚਰਿੱਤ੍ਰ ਅੰਦਰ ਸ਼ਾਹਜਹਾਨਪੁਰ ਦੇ ਰਹਿਣ ਵਾਲਾ ਸੈਨਾਪਤੀ ਰੇਸ਼ਮ ਦਾ ਕੰਮ ਕਰਨਾ ਵਾਲਾ ਸੀ। ਪ੍ਰੀਤ ਮੰਜਰੀ ਇਸ ਦੀ ਇਸਤ੍ਰੀ ਸੀ, ਪਰ ਉਸ ਦਾ ਬੀਰਭੱਦ੍ਰ ਨਾਮ ਦੇ ਮਨੁੱਖ ਨਾਲ ਪ੍ਰੇਮ ਸੀ। ਇਕ ਦਿਨ ਸੈਨਾਪਤੀ ਉੱਪਰ ਆ ਗਿਆ ਤਾਂ ਪ੍ਰੀਤ ਮੰਜਰੀ ਨੇ ਬੀਰਭੱਦ੍ਰ ਨੂੰ ਮੱਟ ਵਿਚ ਵਾੜ ਕੇ ਉੱਪਰ ਹਦਵਾਣੇ ਰੱਖ ਕੇ ਛਲ ਨਾਲ ਛੁਪਾ ਰੱਖਿਆ।

*ਤਬ ਲੌ ਆਵਤ ਪਟੂਆ ਭਯੋ॥ ਮਿਤ੍ਰਹ ਡਾਰਿ ਮਾਟ ਮਹਿ ਦਯੋ॥ ੩॥*

## ੪੨ਵਾਂ ਚਰਿੱਤ੍ਰ ਰੁਸਤਮ ਕਲਾ

ਇਸ ਚਰਿੱਤ੍ਰ ਅੰਦਰ ਪੀਰ ਇਨਾਯਤ ਖ਼ਾਂ ਮੁਲਤਾਨ ਸ਼ਹਿਰ ਦਾ ਸੀ। ਉਸ ਦੀ ਇਸਤ੍ਰੀ ਰੁਸਤਮ ਕਲਾ ਸੀ। ਇਸ ਦੇ ਘਰ ਪੁੱਤਰ ਨਹੀਂ ਸੀ ਹੋਇਆ। ਪੀਰ ਇਨਾਯਤ ਖ਼ਾਂ ਬੁੱਢਾ ਸੀ। ਇਸ ਦੀ ਇਸਤ੍ਰੀ ਨੇ ਇਕ ਹੋਰ ਪੀਰ ਦਾ ਸੰਗ ਕਰ ਕੇ ਪੁੱਤਰ ਨੂੰ ਜਨਮ ਦਿੱਤਾ, ਪਰ ਲੋਕਾਂ ਨੂੰ ਕਿਹਾ ਕਿ ਇਸ ਪੀਰ ਨੇ ਮੈਨੂੰ ਲੌਂਗ ਦਿੱਤਾ ਹੈ, ਜਿਸ ਕਰਕੇ ਮੇਰੇ ਪੁੱਤਰ ਹੋਇਆ ਹੈ।

*ਰੁਸਤਮ ਕਲਾ ਤਰੁਨਿ ਕੌ, ਨਾਮੁ ਬਖਾਨਿਯੈ॥*
*ਸੇਖ ਇਨਾਯਤ ਭਰਤਾ, ਤਾਕੋ ਜਾਨਿਯੈ॥*

## ੪੩ਵਾਂ ਚਰਿੱਤ੍ਰ : ਗ਼ੁਲਾਮ (ਨੌਕਰ)

ਇਸ ਚਰਿੱਤ੍ਰ ਅੰਦਰ ਗ਼ਾਜ਼ੀਪੁਰ ਦੇ ਰਹਿਣ ਵਾਲਾ ਮਿਰਜ਼ਾ ਖ਼ਾਂ ਪਠਾਨ ਸੀ। ਇਸ ਦੀ ਘਰਵਾਲੀ ਦਾ ਨਾਮ ਸੰਖਿਆ ਸੀ। ਪਠਾਨ ਨੇ ਇਕ ਨੌਕਰ ਲਿਆਂਦਾ ਸੀ ਜੋ ਇਕ ਤਰ੍ਹਾਂ ਦਾ ਰਾਖਸ਼ ਹੀ ਸੀ। ਇਸ ਨੌਕਰ ਨੇ ਦੋਵਾਂ ਜੀਆਂ ਨੂੰ ਗ਼ਲਤ ਗੱਲਾਂ ਕਹਿ ਕਹਿ ਕੇ ਮਰਵਾ ਦਿੱਤਾ।

*ਖਾਨ ਪਠਾਨੀ ਆਪੁ ਮਹਿ, ਲਰਿ ਮਰਿ ਭਏ ਪਰੇਤ॥*
*ਨਾਸ ਦੁਹਨ ਕੋ ਹ੍ਵੈ ਗਯੋ, ਵਾ ਗੁਲਾਮ ਕੇ ਹੇਤ॥ ੯॥*

## ੪੪ਵਾਂ ਚਰਿੱਤ੍ਰ : ਤਿਲਕ ਮੰਜਰੀ

ਇਸ ਚਰਿੱਤ੍ਰ ਅੰਦਰ ਓੜਛਾ ਨਗਰ ਦਾ ਇਕ ਬਾਣੀਆ ਸੀ। ਤਿਲਕ ਮੰਜਰੀ ਉਸ ਦੀ ਇਸਤ੍ਰੀ ਸੀ। ਬੀਰਕੇਤ ਰਾਜੇ ਨਾਲ ਉਸ ਦੇ ਪ੍ਰੇਮ ਦੀ ਕਹਾਣੀ ਹੈ। ਪਤੀ ਦੇ ਉੱਪਰ ਆ ਜਾਣ ਤੋਂ ਰਾਜੇ ਨੂੰ ਸੰਦੂਕ ਵਿਚ ਬੰਦ ਕਰ ਦਿੱਤਾ।

*ਜਾਰ ਹਮਾਰੋ ਚੋਰ ਤਵ, ਯਾ ਸੰਦੂਕ ਕੇ ਮਾਹਿ॥*

## ੪੫ਵਾਂ ਚਰਿੱਤ੍ਰ : ਰਾਜ ਮਤੀ

ਇਸ ਚਰਿੱਤ੍ਰ ਅੰਦਰ ਨੈਨੂੰ ਨਾਮ ਦਾ ਜੱਟ ਦਿੱਲੀ ਸ਼ਹਿਰ ਵਿਚ ਰਹਿੰਦਾ ਸੀ। ਉਸ ਦੀ ਘਰਵਾਲੀ ਰਾਜ ਮਤੀ ਸੀ। ਰਾਜਮਤੀ ਅਤੇ ਇਕ ਜੋਗੀ ਦੀ ਕਹਾਣੀ ਇਸ ਚਰਿੱਤ੍ਰ ਵਿਚ ਹੈ।

*ਸ੍ਰੀ ਤ੍ਰਿਯ ਰਾਜਮਤੀ ਤਿਹ ਨਾਮਾ॥ ਨੈਨੋਂ ਨਾਮ ਜਾਟ ਕੀ ਬਾਮਾ॥*

*(ਅਥਵਾ) ਏਕ ਹੁਤੋ ਤਿਹ ਠਾਂ ਕੋ ਜੋਗੀ॥*

## ੪੬ਵਾਂ ਚਰਿੱਤ੍ਰ : ਨੂਰ ਬੀਬੀ

ਇਸ ਚਰਿੱਤ੍ਰ ਅੰਦਰ ਅਦਲ ਮੁਹੰਮਦ ਤੇ ਉਸ ਦੀ ਘਰਵਾਲੀ ਨੂਰ ਬੀਬੀ ਨੇ ਘਰਵਾਲੇ ਨੂੰ ਛਲ ਕੇ ਇਕ ਜੱਟ ਨਾਲ ਪ੍ਰੇਮ ਨਿਭਾਇਆ ਹੈ।

*ਤਿਨ ਇਕ ਜਾਟ ਭਏ ਗਤਿ ਠਾਨੀ॥ ਕਛੁ ਕਾਜੀ ਕੀ ਕਾਨਿ ਨ ਮਾਨੀ॥* (ਸ੍ਰੀ ਦਸਮ ਗ੍ਰੰਥ,ਅੰਗ ੮੭੦)

## ੪੭ਵਾਂ ਚਰਿੱਤ੍ਰ : ਬਾਦਲ ਕੁਮਾਰੀ

ਇਸ ਚਰਿੱਤ੍ਰ ਅੰਦਰ ਬਾਦਲ ਕੁਮਾਰੀ ਤੇ ਇਕ ਮੁਗ਼ਲ ਦੀ ਕਹਾਣੀ ਹੈ।

*ਏਕ ਮੁਗਲ ਤਿਨ ਧਾਮ ਬੁਲਾਯੋ॥ ਆਛੋ ਭੋਜਨ ਤਾਹਿ ਖਵਾਯੋ॥*

*ਤਾਹਿ ਭਜਨ ਕਰ ਹਾਥ ਪਸਾਰਾ॥ ਤਬ ਤ੍ਰਿਯ ਤਾਹਿ ਜੁਤਿਯਨ ਮਾਰਾ॥ ੨॥*

## ੪੮ਵਾਂ ਚਰਿੱਤ੍ਰ : ਨੂਰਜਹਾਂ

ਇਸ ਚਰਿੱਤ੍ਰ ਅੰਦਰ ਜਹਾਂਗੀਰ ਬਾਦਸ਼ਾਹ ਤੇ ਨੂਰਜਹਾਂ ਬੇਗਮ ਸਹੇਲੀਆਂ ਸਮੇਤ ਸ਼ਿਕਾਰ ਖੇਡਣ ਗਏ ਸਨ। ਇਕ ਸ਼ੇਰ ਨਿਕਲ ਆਇਆ ਤਾਂ ਜੋਧਾ ਬਾਈ ਨੇ ਨਿਸ਼ਾਨਾ ਮਾਰ ਕੇ ਸ਼ੇਰ ਨੂੰ ਮਾਰ ਦਿੱਤਾ, ਪਰ ਇਸ ਘਟਨਾ ਤੋਂ ਨੂਰਜਹਾਂ ਦੀ ਸਹੇਲੀ ਨੇ ਬਾਦਸ਼ਾਹ ਨੂੰ ਕਿਹਾ ਕਿ ਜੋ ਇਸਤ੍ਰੀ ਸ਼ੇਰ ਨੂੰ ਮਾਰ ਸਕਦੀ ਹੈ ਤਾਂ ਉਸ ਅੱਗੇ ਮਨੁੱਖ ਕੀ ਚੀਜ਼ ਹੈ।

*ਜਿਨ ਕੇਹਰਿ ਤ੍ਰਿਯ ਬਲੀ ਸੰਘਾਰੋ॥ ਤਿਹ ਆਗੇ ਕਹਾ ਮਨੁਖ ਬਿਚਾਰੋ॥...੨੨॥*

*ਜਹਾਂਗੀਰ ਸੁਨਿ ਬਚਨ ਡਰਾਨਯੋ॥ ਤ੍ਰਿਯ ਕੋ ਤ੍ਰਾਸ ਅਧਿਕ ਜਿਯ ਮਾਨਯੋ॥...੨੪॥*

## ੪੯ਵਾਂ ਚਰਿੱਤ੍ਰ : ਨੰਦ ਮਤੀ

ਇਸ ਚਰਿੱਤ੍ਰ ਅੰਦਰ ਅਨੰਦਪੁਰ ਦੇ ਰਹਿਣ ਵਾਲੀ ਨੰਦਮਤੀ ਬਿਭਚਾਰਨ ਨਾਇਣ ਸੀ, ਜੋ ਘਰਵਾਲੇ ਨੂੰ ਰੱਬ ਦਾ ਭਗਤ ਕਹਿ ਕੇ ਖ਼ੁਸ਼ ਕਰ ਲੈਂਦੀ ਸੀ, ਪਰ ਆਪ ਦਿਨ ਰਾਤ ਕੁਕਰਮ ਕਰਦੀ ਸੀ।

*ਯਹ ਜੜ ਭੂਲਿ ਬਚਨ ਸੁਨਿ ਜਾਵੈ॥ ਅਧਿਕ ਆਪੁ ਕਹ ਸਾਧੁ ਕਹਾਵੈ॥...੫॥*

## ੫੦ਵਾਂ ਚਰਿੱਤ੍ਰ : ਪੁਸ਼ਪ ਮੰਜਰੀ

ਇਸ ਚਰਿੱਤ੍ਰ ਅੰਦਰ ਪੁਸ਼ਪ ਮੰਜਰੀ ਇਕ ਬਿਭਚਾਰਣ ਰਾਣੀ ਦੀ ਕਥਾ ਹੈ, ਪਰ ਰਾਜਾ, ਰਾਣੀ ਦੇ ਅਧੀਨ ਹੋ ਕੇ ਰਹਿੰਦਾ ਸੀ। ਰਾਣੀ ਦਾ ਪਰ-ਪੁਰਖੈ ਨਾਲ ਪਿਆਰ ਸੀ। ਰਾਜੇ ਨੂੰ ਇਸ ਗੱਲ ਦਾ ਕੋਈ ਭੇਤ ਨਹੀਂ ਸੀ ਅਤੇ ਰਾਣੀ ਹੀ ਰਾਜ ਕਰਦੀ ਸੀ। ਲੋਗ ਰਾਣੀ ਨੂੰ ਹੀ ਰਾਜਾ ਮੰਨਦੇ ਸਨ।

*ਰਾਨੀ ਰਾਜ ਕਮਾਵਈ, ਪਤਿ ਕੀ ਕਰੈ ਨ ਕਾਨਿ॥*

*ਰਾਜਾ ਕੌ ਰਾਨੀ ਕਿਯਾ, ਦੇਖਤ ਸਕਲ ਜਹਾਨ॥ ੪॥*

ਰਾਣੀ ਦਾ ਚਰਿੱਤਰ ਇਸ ਤਰ੍ਹਾਂ ਹੈ :

*ਚਿੱਤ ਨ ਦੀਜੈ ਆਪਨੌ, ਸਭ ਕੌ ਲੇਹੁ ਬਨਾਇ॥*

*ਤਬ ਸਭ ਕਹੱ ਜੀਤਤ ਰਹੌ, ਰਾਜ ਕਰੌ ਸੁਖ ਪਾਇ॥੧੩॥*

ਪੰਜਾਹ ਚਰਿੱਤ੍ਰ ਸਮਾਪਤੰ॥

## ੫੧ਵਾਂ ਚਰਿੱਤ੍ਰ : ਸੀਲ ਮੰਜਰੀ

ਇਸ ਚਰਿੱਤ੍ਰ ਅੰਦਰ ਸੀਲ ਮੰਜਰੀ ਦੀ ਕਥਾ ਹੈ। ਇਸ ਚਰਿੱਤਰ ਦੀ ਕਥਾ ਹੈ ਕਿ ਇਕ ਉਦੈਕਰਨ ਨਾਮ ਦਾ ਸ਼ਾਹੂਕਾਰ ਸੀ ਅਤੇ ਸੀਲ ਮੰਜਰੀ ਉਸ ਦੀ ਇਸਤ੍ਰੀ ਦਾ ਨਾਮ ਸੀ। ਇਕ ਹੋਰ ਇਸਤ੍ਰੀ ਨੇ ਸੀਲ ਮੰਜਰੀ ਨੂੰ ਧਰਮ ਦੀ ਭੈਣ ਬਣਾ ਕੇ ਧੋਖਾ ਦਿੱਤਾ ਅਤੇ ਆਪ ਸੀਲ ਮੰਜਰੀ ਦੇ ਪਤੀ ਸ਼ਾਹੂਕਾਰ ਉਦੈਕਰਨ ਨਾਲ ਪਿਆਰ ਪਾ ਲਿਆ।

*ਛਲਜੋ ਸ਼ਾਹੁ ਤ੍ਰਿਯ ਤ੍ਰਿਯਾਜੁਤ, ਐਸੋ ਚਰਿਤ ਸੁਧਾਰਿ॥*

*ਤਾ ਸੋਂ ਨੇਹੁ ਤੁਰਾਇਕੈ, ਕਿਯਾ ਆਪੁਨੋ ਯਾਰ॥੧੬॥*

## ੫੨ਵਾਂ ਚਰਿੱਤ੍ਰ : ਰਾਜਾ ਬਿਜੈ ਸਿੰਘ ਦੀ ਕੰਨਿਆ

ਰਾਜਾ ਬਿਜੈ ਸਿੰਘ ਦੀ ਰਾਣੀ ਇੰਦ੍ਰ ਪ੍ਰਭਾ ਸੀ। ਇਹਨਾਂ ਦੀ ਇਕ ਰਾਜਕੁਮਾਰੀ ਕੰਨਿਆ ਸੀ। ਇਸ ਰਾਜਕੁਮਾਰੀ ਦੀ ਸ਼ਾਦੀ ਵਾਸਤੇ ਸੁਯੰਬਰ ਰਚਿਆ ਗਿਆ। ਚੰਗੇ ਚੰਗੇ ਰਾਜਕੁਮਾਰ

ਸੱਦੇ ਗਏ, ਪਰ ਰਾਜ-ਕੰਨਿਆ ਨੇ ਕਿਸੇ ਨੂੰ ਵੀ ਪਸੰਦ ਨਾ ਕੀਤਾ। ਰਾਜ-ਕੰਨਿਆ ਨੇ ਇਕ ਸੁਭਟ ਸਿੰਘ ਨੂੰ ਪਸੰਦ ਕੀਤਾ। ਪਰ ਸੁਭਟ ਸਿੰਘ ਨੇ ਵਿਆਹ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਮੇਰੀ ਇਕ ਇਸਤ੍ਰੀ ਪਹਿਲਾਂ ਹੈ, ਇਸ ਲਈ ਮੈਨੂੰ ਹੋਰ ਨਹੀਂ ਚਾਹੀਦੀ, ਪਰ ਰਾਜ-ਕੰਨਿਆ ਨੇ ਹਠ ਕੀਤਾ ਕਿ ਮੈਂ ਇਸ ਨੂੰ ਹੀ ਆਪਣਾ ਪਤੀ ਕਰਾਂਗੀ ਤਾਂ ਬਾਕੀ ਸਾਰੇ ਰਾਜਕੁਮਾਰਾਂ ਨੇ ਵਿਰੋਧ ਕੀਤਾ। ਕਿਹਾ ਕਿ ਅਸੀਂ ਜੰਗ ਕੀਤੇ ਬਗ਼ੈਰ ਸੁਭਟ ਸਿੰਘ ਨਾਲ ਵਿਆਹ ਨਹੀਂ ਹੋਣ ਦੇਵਾਂਗੇ। ਰਾਜ-ਕੰਨਿਆ ਨੇ ਫੇਰ ਆਪਣਾ ਫ਼ੈਸਲਾ ਇਸ ਤਰ੍ਹਾਂ ਸੁਣਾ ਦਿੱਤਾ ਕਿ ਮੇਰੇ ਨਾਲ ਜੰਗ ਕਰ ਕੇ ਜੋ ਮੈਨੂੰ ਜਿੱਤ ਲਵੇਗਾ, ਮੈਂ ਉਸ ਨੂੰ ਵਰ ਲਵਾਂਗੀ। ਤਾਂ ਰਾਜ-ਕੰਨਿਆ ਨੇ ਜੰਗ ਕਰ ਕੇ ਬਾਕੀ ਸਾਰੇ ਰਾਜੇ ਮਾਰ ਦਿੱਤੇ, ਕੋਈ ਵੀ ਆਕੀ ਨਹੀਂ ਰਿਹਾ, ਬੜਾ ਕਮਾਲ ਦਾ ਜੰਗ ਜੁੱਧ ਦਾ ਪ੍ਰਸੰਗ ਕਥਨ ਕੀਤਾ ਹੈ। ਆਖ਼ਰ ਨੂੰ ਸੁਭਟ ਸਿੰਘ ਨਾਲ ਜੰਗ ਲੜਿਆ ਤਾਂ ਜੰਗ ਕਰ ਕੇ ਜੰਗ ਵਿਚ ਸੁਭਟ ਸਿੰਘ ਨੂੰ ਆਪਣਾ ਪਤੀ ਬਣਾ ਲਿਆ ਕਥਨ ਕੀਤਾ ਗਿਆ ਹੈ।

*ਸਭ ਰਾਜਨ ਕੌ ਦਲ ਬਲ ਹਰਾ॥ ਆਪਨ ਸੁਭਟ ਸਿੰਘ ਪਤਿ ਕਰਾ॥ ੧੦੯॥*

## ੫੩ਵਾਂ ਚਰਿੱਤ੍ਰ : ਵਿਜੈ ਕੌਰ

ਵਿਜੈ ਕੌਰ ਰਾਜ-ਕੰਨਿਆ ਸੀ। ਇਸ ਦਾ ਪਰਾਏ ਪੁਰਖ ਨਾਲ ਪਿਆਰ ਸੀ। ਇਹ ਦਾਸੀ ਰਾਹੀਂ ਉਸ ਪੁਰਖ ਨੂੰ ਸੱਦ ਕੇ ਪ੍ਰੇਮ ਕਰਦੀ ਸੀ। ਇਕ ਦਿਨ ਉਹ ਮਨੁੱਖ ਵਾਪਸ ਜਾਂਦਾ ਫੜਿਆ ਗਿਆ ਤਾਂ ਦਾਸੀ ਨੇ ਰਾਜ-ਕੰਨਿਆ ਨੂੰ ਜਾ ਕੇ ਦੱਸਿਆ। ਪਰ ਰਾਜ-ਕੰਨਿਆ ਨੇ ਲੋਕ-ਲੱਜਿਆ ਕਰ ਕੇ ਉਸ ਨੂੰ ਬਚਾਉਣ ਦੀ ਬਜਾਏ, ਸਗੋਂ ਰਾਜੇ ਨੂੰ ਮਾਰਨ ਆਏ ਦਾ ਦੋਸ਼ ਲਾ ਕੇ ਮਾਰ ਕੇ ਨਦੀ ਵਿਚ ਸੁਟਵਾ ਦਿੱਤਾ।

*ਲੋਕ ਲਾਜ ਕੇ ਤ੍ਰਾਸ ਤੇ, ਤਾਹਿ ਨ ਸਕੀ ਬਚਾਇ॥*
*ਮੀਤ ਪ੍ਰੀਤ ਤਜਿ ਕੈ ਹਨ੍ਯੋ, ਸਤੁਦ੍ਰਵ ਦਯੋ ਬਹਾਇ॥੧੨॥*

## ੫੪ਵਾਂ ਚਰਿੱਤ੍ਰ : ਬਾਲਮਤੀ

ਚਾਂਭਾ ਨਾਮ ਦਾ ਇਕ ਜੱਟ ਸੀ। ਬਾਲਮਤੀ ਉਸ ਦੀ ਇਸਤ੍ਰੀ ਦਾ ਨਾਮ ਸੀ। ਬਾਲਮਤੀ ਦਾ ਪ੍ਰੇਮ ਇਕ ਕਾਂਧਲ ਨਾਮ ਦੇ ਮਨੁੱਖ ਨਾਲ ਸੀ ਅਤੇ ਬਾਲਮਤੀ ਦਾ ਪਤੀ ਚਾਂਭਾ ਇਕ ਅੱਖ ਤੋਂ ਅੰਨ੍ਹਾ ਸੀ :

*ਏਕ ਚਛੁ ਤਾਕੇ ਰਹੈ ਮੁਖ ਕੁਰੂਪ ਕੇ ਸਾਥ॥*

ਇਕ ਦਿਨ ਚਾਂਭੇ ਨੇ ਕਾਂਧਲ ਨੂੰ ਆਪਣੇ ਘਰ ਆਇਆ ਵੇਖ ਲਿਆ ਤਾਂ ਚਾਂਭਾ ਕ੍ਰਿਪਾਨ ਲੈ ਕੇ ਉਸ ਨੂੰ ਮਾਰਨ ਪਿਆ, ਪਰ ਉਸ ਕਾਂਧਲ ਨੇ ਰੇਤੇ ਦੀ ਮੁੱਠੀ ਭਰ ਕੇ ਇਸ ਦੀ ਅੱਖ ਵਿਚ

ਪਾ ਦਿੱਤੀ ਤੇ ਆਪ ਦੌੜ ਕੇ ਬਚ ਗਿਆ :

*ਕਾਢਿ ਕ੍ਰਿਪਾਨ ਪਹੂੰਚਿਯੋ, ਤਬੈ ਤੁਰਤ ਹੀ ਜਾਰ॥*
*ਭਰ ਮੁਠੀ ਕਰ ਰੇਤ ਕੀ, ਗਯੋ ਆਂਖਿ ਮੈਂ ਡਾਰਿ॥ ੭॥*

## ੫੫ਵਾਂ ਚਰਿੱਤ੍ਰ : ਰੂਪਮਤੀ

ਇਕ ਰਾਜਾ ਬੜਾ ਪ੍ਰਤਾਪੀ ਸੀ, ਪਰ ਉਸ ਦੀ ਰਾਣੀ, ਜਿਸ ਦਾ ਨਾਮ ਸੀ ਰੂਪਮਤੀ, ਉਸ ਦਾ ਕਿਸੇ ਨੀਚ ਪੁਰਸ਼ ਨਾਲ ਪ੍ਰੇਮ ਸੀ। ਰਾਜੇ ਨੂੰ ਰਾਣੀ ਦਾ ਪਤਾ ਲੱਗ ਗਿਆ ਤਾਂ ਰਾਜੇ ਨੇ ਉਸ ਰਾਣੀ ਦਾ ਪ੍ਰੇਮ ਤਿਆਗ ਕੇ ਦੂਸਰੀਆਂ ਰਾਣੀਆਂ ਨਾਲ ਪ੍ਰੇਮ ਕਰਨਾ ਸ਼ੁਰੂ ਕਰ ਦਿੱਤਾ ਅਤੇ ਰਾਜੇ ਨੇ ਰਾਣੀ ਦੇ ਯਾਰ ਦੇ ਨਾਮ 'ਤੇ ਚਿੱਠੀ ਰਾਣੀ ਨੂੰ ਭੇਜ ਕੇ ਉਸ ਪਾਸੋਂ ਸਾਰਾ ਧਨ ਵੀ ਬਹਾਨੇ ਨਾਲ ਲੈ ਲਿਆ :

*ਜੋ ਜਨੁ ਜਾ ਸੌ ਰੁਚਿ ਕਰੈ, ਤਾਹੀ ਕੌ ਲੈ ਨਾਮੁ॥*
*ਦਰਬੁ ਕਢਾਵੈ ਤ੍ਰਿਯਨ ਤੇ, ਆਪੁ ਚਲਾਵੈ ਕਾਮ॥ ੩੯॥*

## ੫੬ਵਾਂ ਚਰਿੱਤ੍ਰ : ਚੰਦਰ ਕਲਾ

ਚੰਦਰ ਸੈਨ ਰਾਜੇ ਦੀ ਇਕ ਇਸਤਰੀ ਸੀ, ਜਿਸ ਦਾ ਨਾਮ ਸੀ ਚੰਦਰ ਕਲਾ, ਪਰ ਉਸ ਦਾ ਪ੍ਰੇਮ ਕਿਸੇ ਹੋਰ ਪੁਰਸ਼ ਨਾਲ ਸੀ। ਇਕ ਦਿਨ ਰਾਜੇ ਨੂੰ ਪਤਾ ਲੱਗ ਗਿਆ ਤਾਂ ਰਾਜੇ ਨੇ ਚੰਦਰ ਕਲਾ ਤੇ ਉਸ ਦੇ ਮਿੱਤਰ ਦੋਵਾਂ ਨੂੰ ਮਾਰ ਕੇ ਚਾਰ ਟੋਟੇ ਕਰ ਕੇ ਆਪਣੇ ਪਲੰਘ ਥੱਲੇ ਰੱਖ ਕੇ ਰੌਲਾ ਪਾ ਦਿੱਤਾ ਕਿ ਕੋਈ ਮਨੁੱਖ ਮੇਰੀ ਰਾਣੀ ਚੰਦਰ ਕਲਾ ਨੂੰ ਮਾਰਨ ਆ ਪਿਆ ਤਾਂ ਮੈਂ ਉਸ ਮਨੁੱਖ ਨੂੰ ਮਾਰ ਕੇ ਰਾਣੀ ਦਾ ਬਦਲਾ ਲੈ ਲਿਆ ਹੈ। ਇਸ ਤਰ੍ਹਾਂ ਰਾਜੇ ਨੇ ਚਰਿੱਤ੍ਰ ਖੇਡ ਕੇ ਆਪਣੀ ਇੱਜ਼ਤ ਬਚਾਅ ਲਈ।

*ਨਰ ਨਾਰੀ ਪੁਰ ਸਭ ਕਹੈ, ਧੰਨ ਰਾਜਾ ਤਵ ਹੀਯ॥*
*ਬਦਲੋ ਲੀਨੋ ਬਾਮ ਕੋ, ਚੋਰ ਸੰਘਾਰਾਯੋ ਜੀਯ॥ ੧੩॥*

## ੫੭ਵਾਂ ਚਰਿੱਤ੍ਰ : ਇੰਦਰਮਤੀ

ਬੰਗ ਦੇਸ਼ ਵਿਚ ਬੰਗੇਸ਼੍ਵਰ ਨਾਂ ਦਾ ਰਾਜਾ, ਸਾਰਿਆਂ ਰਾਜਿਆਂ ਦਾ ਸਿਰਤਾਜ ਸੀ। ਕੁਝ ਸਮਾਂ ਬਾਅਦ ਰਾਜਾ ਚਲ ਵਸਿਆ। ਰਾਜ ਛੱਤਰ ਇੰਦ੍ਰਮਤੀ ਨੇ ਸੰਭਾਲਿਆ। ਥੋੜੇ ਦਿਨ ਉਹ ਸਤ ਰੱਖ ਕੇ ਅਤੇ ਮਰਦਾਵਾਂ ਭੇਸ ਰੱਖ ਕੇ ਰਾਜੇ ਵਾਂਗ ਰਾਜ ਕਰਨ ਲੱਗੀ। ਕੁਝ ਸਮਾਂ ਲੰਘਿਆ ਤਾਂ ਇਕ ਪ੍ਰੇਮੀ ਨਾਲ ਪਿਆਰ ਪੈ ਗਿਆ।

ਉਸ ਪ੍ਰੇਮੀ ਦੇ ਸੰਬੰਧ ਕਰ ਕੇ ਰਾਣੀ ਦੇ ਪੁੱਤਰ ਪੈਦਾ ਹੋਇਆ, ਜਿਸ ਨੂੰ ਰਾਣੀ ਨੇ ਕਿਸੇ

ਦੇ ਘਰ ਰੱਖ ਕੇ ਪਾਲਿਆ ਅਤੇ ਉਸ ਪਾਲਣਾ ਕਰਨ ਵਾਲੀ ਨੂੰ ਬੇਅੰਤ ਧਨ ਦਿੱਤਾ। ਕੁਝ ਸਮੇਂ ਬਾਅਦ ਇਕ ਸਭਾ ਬੁਲਾਈ। ਉਸ ਵਿਚ ਸਾਰੀਆਂ ਇਸਤ੍ਰੀਆਂ ਬੁਲਾਈਆਂ ਤੇ ਉਸ ਨੂੰ ਸੱਦਿਆ। ਜਦੋਂ ਰਾਣੀ ਨੇ ਉਸ ਪੁੱਤਰ ਨੂੰ ਦੇਖਿਆ ਤਾਂ ਉਹ ਪੁੱਤਰ ਆਪਣਾ ਬਣਾ ਲਿਆ। ਲੜਕੇ ਨੂੰ ਲੈ ਕੇ ਉਹਨੇ ਪਾਲਿਆ। ਇਸ ਗੱਲ ਨੂੰ ਕੋਈ ਸਮਝ ਨਾ ਸਕਿਆ।

*ਲੈ ਪਾਰਕ ਕਰਿ ਪਾਲਿਯੋ, ਕਿਨੂੰ ਨ ਪਾਯੋ ਭੇਦ॥*
*ਰਮਾ ਸ਼ਾਸਤ੍ਰ ਕੌ ਸੁਰ ਅਸੁਰ, ਉਚਰਿ ਨ ਸਾਕਹਿ ਬੇਦ॥ ੧੦॥*

## ੫੮ਵਾਂ ਚਰਿੱਤ੍ਰ : ਚਿਤਰ ਦੇਵੀ

ਕਸ਼ਮੀਰ ਸ਼ਹਿਰ ਦੇ ਬੀਰਜ ਸੈਨ ਦੀ ਇਕ ਇਸਤ੍ਰੀ ਸੀ। ਇਸ ਨੇ ਰਸੋਈਏ ਨੂੰ ਆਖਿਆ ਕਿ ਰਾਜੇ ਦੇ ਖਾਣੇ ਵਿਚ ਜ਼ਹਿਰ ਪਾ ਦੇ, ਮੈਂ ਤੈਨੂੰ ਰਾਜ ਦੇ ਦਿਆਂਗੀ। ਰਸੋਈਆ ਨਾ ਮੰਨਿਆ। ਰਾਣੀ ਨੇ ਮੰਤਰੀਆਂ ਸਮੇਤ ਰਾਜੇ ਨੂੰ ਨਿਉਤਾ ਦਿੱਤਾ। ਰਾਜੇ ਦੇ ਖਾਣੇ ਵਿਚ ਜ਼ਹਿਰ ਪਾ ਦਿੱਤੀ। ਖਾਣਾ ਖਾਣ ਸਾਰ ਰਾਜਾ ਮਰ ਗਿਆ ਤੇ ਰਾਣੀ ਨੇ ਰਸੋਈਏ ਨੂੰ ਫੜ ਲਿਆ। ਉਸ ਨੂੰ ਭੋਜਨ ਖੁਆਇਆ ਤੇ ਮਾਰ ਦਿੱਤਾ।

*ਜਬ ਰਾਜਾ ਜੂ ਮ੍ਰਿਤ ਬਸਿ ਭਏ॥ ਤਬ ਹੀ ਪਕਰ ਰਸੋਈਆ ਲਏ॥*
*ਵਾਹੈ ਤਾਮ ਲੈ ਤਾਂਹਿ ਖੁਆਰਯੋ॥ ਤਾਹੂ ਕੌ ਤਬ ਹੀ ਹਨਿ ਡਾਰਯੋ॥ ੬॥*

## ੫੯ਵਾਂ ਚਰਿੱਤ੍ਰ : ਲਾਡਮ ਕੌਰ ਤੇ ਸੁਹਾਗਮ ਦੇਵੀ

ਨਕੋਦਰ ਸ਼ਹਿਰ ਵਿਚ ਬਾਣੀਆ ਰਹਿੰਦਾ ਸੀ। ਉਸ ਬਾਣੀਏ ਦੀਆਂ ਦੋ ਇਸਤ੍ਰੀਆਂ ਸਨ। ਇਕ ਲਾਡਮ ਕੌਰ ਤੇ ਦੂਸਰੀ ਸੁਹਾਗਮ ਦੇਵੀ। ਬਾਣੀਆ ਬਾਹਰ ਦੇ ਦੇਸ਼ ਗਿਆ। ਜਦੋਂ ਵਾਪਿਸ ਆਇਆ ਤਾਂ ਇਸਤ੍ਰੀਆਂ ਨੂੰ ਪਤਾ ਲੱਗਾ ਕਿ ਸਾਡਾ ਆਦਮੀ ਆਇਆ ਹੈ। ਉਹ ਇਸਤ੍ਰੀਆਂ ਰਾਤ ਨੂੰ ਜਾਗਦੀਆਂ ਰਹੀਆਂ ਤੇ ਬਾਣੀਆ ਨਾ ਆਇਆ। ਉਸ ਦਿਨ ਚੋਰ ਆ ਗਿਆ। ਇਹਨਾਂ ਇਸਤ੍ਰੀਆਂ ਨੇ ਆਦਮੀ ਕਰ ਕੇ ਪ੍ਰੇਮ ਕੀਤਾ ਤੇ ਕੋਤਵਾਲ ਨੂੰ ਫੜਾ ਦਿੱਤਾ ਤੇ ਕੈਦ ਕਰਵਾ ਦਿੱਤਾ।

*ਤਸਕਰ ਕੌ ਪਤਿ ਭਾਵ ਤੇ, ਦੇਖਯੋ ਦਿਯਾ ਜਗਾਇ॥*
*ਚੋਰ ਜਾਨਿ ਕੁਟਵਾਰ ਕੇ, ਦੀਨੌ ਧਾਮ ਪਠਾਇ॥ ੭॥*

## ੬੦ਵਾਂ ਚਰਿੱਤ੍ਰ : ਰੰਗਰਾਇ ਰਾਣੀ

ਰੰਨਥੰਭੋਰ ਰਾਜੇ ਦੀ ਇਸਤ੍ਰੀ ਦਾ ਨਾਮ ਰੰਗਰਾਇ ਸੀ। ਇਸ ਕਥਾ ਦਾ ਸਾਰ ਹੈ ਕਿ ਰਾਣੀ ਨੇ ਆਪਣੇ ਮਿੱਤਰ ਨੂੰ ਆਪਣੀ ਭੈਣ ਬਣਾ ਕੇ ਇਸ ਤਰ੍ਹਾਂ ਰਾਜੇ ਨੂੰ ਛਲਿਆ ਕਿ ਆਪਣੇ ਯਾਰ

ਅਨਦਾੜ੍ਹੀਏ ਨੂੰ ਇਸਤ੍ਰੀਆਂ ਵਾਲੇ ਕੱਪੜੇ ਪੁਵਾ ਕੇ ਕੋਲ ਬੈਠ ਗਈ। ਇਸ ਪਾਸੇ ਯਾਰ ਵਿਚਕਾਰ ਆਪ ਅਤੇ ਦੂਸਰੇ ਪਾਸੇ ਰਾਜਾ ਬੈਠਾ ਸੀ। ਰਾਣੀ ਆਪਣੇ ਯਾਰ ਨਾਲ ਗੱਲਾਂ ਕਰਦੀ ਹੈ। ਇਸ ਇਸਤ੍ਰੀ ਦਾ ਭੇਦ ਕੋਈ ਨਹੀਂ ਪਾ ਸਕਿਆ। ਰਾਜੇ ਨੂੰ ਮੂਰਖ ਬਣਾ ਕੇ ਕੋਲ ਬਿਠਾਇਆ ਪਰ ਕੁਝ ਸਮਝ ਨਾ ਸਕਿਆ।

*ਯਹ ਭਗਨੀ ਤੈਂ ਪ੍ਰਾਨ ਪਤਿ, ਯਾਤੇ ਪ੍ਰੀਤਮ ਕੌਨ॥*
*ਦਿਨ ਦੇਖਤ ਤ੍ਰਿਯ ਛਲਿ ਗਈ, ਜਿਹ ਲਖਿ ਭਜਿਯੈ ਮੌਨ॥ ੧੧॥*

## ੬੧ਵਾਂ ਚਰਿੱਤ੍ਰ : ਸੇਠਾਣੀ (ਸ਼ਾਹੂਕਾਰਨੀ)

ਗਵਾਲੀਅਰ ਦੇ ਸ਼ਹਿਰ ਵਿਚ ਰਹਿਣ ਵਾਲੇ ਬਾਣੀਏ ਦੀ ਇਕ ਇਸਤ੍ਰੀ ਸੀ। ਬਾਣੀਆ ਬਹੁਤ ਕੰਜੂਸ ਸੀ। ਇਕ ਦਿਨ ਉਸ ਦੇ ਘਰ ਚੋਰ ਆ ਗਿਆ। ਉਸ ਚੋਰ ਨੂੰ ਪੁੱਤਰ ਬਣਾ ਲਿਆ। ਦਿਨ ਚੜ੍ਹਨ ਸਾਰ ਪੁਲਿਸ ਨੂੰ ਫੜਾ ਦਿੱਤਾ ਤੇ ਫ਼ਾਸੀ ਲੁਆ ਦਿੱਤਾ।

*ਪੁਤ ਪੁਤ ਬਨਿਯਾ ਕਹਿ ਰਹਯੋ॥ ਪੰਚ ਪਯਾਦਨ ਤਸਕਰ ਗਹਯੋ॥*
*ਤਾਕੋ ਕਹਯੋ ਏਕ ਨਹਿ ਕੀਨੋ॥ ਲੈ ਤਸਕਰ ਫਾਸੀ ਸੋ ਦੀਨੋ॥ ੧੦॥*

## ੬੨ਵਾਂ ਚਰਿੱਤ੍ਰ : ਮਹਾਂ ਸਿੰਘ

ਮਹਾਂ ਸਿੰਘ ਦੇ ਘਰ ਬਹੁਤ ਚੋਰ ਆਉਂਦੇ ਸਨ ਤੇ ਧਨ ਬਹੁਤ ਲਿਆਉਂਦੇ ਸਨ। ਇਕ ਦਿਨ ਚੋਰ ਨੂੰ ਆਖਿਆ ਕਿ ਤੂੰ ਇਥੇ ਖੜਾ ਰਹਿ ਮੈਂ ਤੈਨੂੰ ਕੁਝ ਨਹੀਂ ਕਹਿੰਦਾ। ਚੋਰ ਉਥੇ ਹੀ ਖੜਾ ਰਿਹਾ। ਮਹਾਂ ਸਿੰਘ ਨੇ ਚੋਰ 'ਤੇ ਤਲਵਾਰ ਦਾ ਇਕ ਵਾਰ ਕੀਤਾ ਤੇ ਚੋਰ ਦਾ ਸਿਰ ਵੱਢ ਦਿੱਤਾ। ਉਸ ਨੂੰ ਮਾਰ ਕੇ ਕੋਈ ਦੁੱਖ ਨਹੀਂ ਹੋਇਆ ਤੇ ਸਾਰਾ ਨਗਰ ਸੁਖੀ ਵੱਸਣ ਲੱਗਾ। ਲੋਕਾਂ ਨੇ ਕੋਈ ਭੇਦ ਨਾ ਪਾਇਆ।

*ਤਾਕੋ ਹਨਿ ਡਾਰਤ ਭਯੋ, ਕਛੂ ਨ ਪਾਯੋ ਖੇਦ॥*
*ਗਾਂਵ ਸੁਖੀ ਅਪਨੇ ਬਸਯੋ, ਕਿਨੂੰ ਨ ਜਾਨਯੋ ਭੇਦ॥ ੬॥*

## ੬੩ਵਾਂ ਚਰਿੱਤ੍ਰ : ਪਰਬਲ ਸਿੰਘ ਦੀ ਰਾਣੀ

ਪਰਬਲ ਸਿੰਘ ਦੱਖਣ ਦੇਸ਼ ਦਾ ਰਾਜਾ ਸੀ। ਉਸ ਕੋਲ ਧਨ ਦੌਲਤ ਬੇਅੰਤ ਸੀ। ਉਸ ਦੀ ਇਕ ਰਾਣੀ ਬਹੁਤ ਸੁੰਦਰ ਸੀ ਤੇ ਉਹ ਜੋ ਕਹਿੰਦੀ, ਰਾਜਾ ਉਹੀ ਕਰਦਾ ਸੀ। ਰਾਜਾ ਉਸ ਨੂੰ ਬਹੁਤ ਪਿਆਰ ਕਰਦਾ ਸੀ। ਕੌੜੇ ਬਚਨ ਉਸ ਨੂੰ ਕਦੇ ਨਹੀਂ ਸਨ ਬੋਲੇ। ਉਹ ਬੰਗਸ ਦੇ ਰਾਜੇ ਕਹਾਉਂਦੇ ਸਨ। ਰਾਣੀ ਨੇ ਇਕ ਸੁੰਦਰ ਆਦਮੀ ਨੂੰ ਵੇਖਿਆ ਤੇ ਉਸ ਨਾਲ ਪ੍ਰੇਮ ਕੀਤਾ। ਉਸ ਪ੍ਰੇਮੀ ਨੂੰ ਸਮਝਾਇਆ ਤੇ ਇਕ ਚਰਿੱਤ੍ਰ ਖੇਡਿਆ। ਪ੍ਰੇਮੀ ਨੂੰ ਤਨ 'ਤੇ ਭੈੜੇ ਕਪੜੇ ਪੁਵਾ ਕੇ

ਬਾਹਰ ਦਰਵਾਜ਼ੇ ਕੋਲ ਖੜਾ ਕਰ ਦਿੱਤਾ। ਜਦ ਰਾਜੇ ਨੇ ਘਰ ਵਿਚ ਪੈਰ ਪਾਇਆ ਤਾਂ ਰਾਣੀ ਨੇ ਜ਼ਹਿਰ ਦੇ ਕੇ ਮਾਰ ਦਿੱਤਾ ਅਤੇ ਕੁਰਲਾਉਣ ਲੱਗ ਪਈ ਕਿ ਰਾਜਾ ਮੈਨੂੰ ਛੱਡ ਕੇ ਤੁਰ ਗਿਆ ਹੈ ਤੇ ਮਰਨ ਲੱਗੇ ਨੇ ਮੈਨੂੰ ਜੋ ਬਚਨ ਆਖਿਆ ਹੈ, ਉਹ ਮੈਨੂੰ ਯਾਦ ਹੈ ਕਿ ਰਾਜ ਦੀ ਤਾਕਤ ਕਿਸੇ ਗ਼ਰੀਬ ਆਦਮੀ ਨੂੰ ਦੇਣੀ ਤੇ ਹੁਕਮ ਦੀ ਪਾਲਣਾ ਕਰਨੀ। ਰਾਣੀ ਨੇ ਮੰਤਰੀਆਂ ਨੂੰ ਕਿਹਾ, ਮੇਰੀ ਗੱਲ ਧਿਆਨ ਨਾਲ ਸੁਣੋ। ਜਿਹੜਾ ਦਰਵਾਜ਼ੇ ਦੇ ਬਾਹਰ ਖੜਾ ਹੋਵੇ, ਉਸ ਨੂੰ ਲੈ ਆਉ ਤੇ ਰਾਜ ਤਖ਼ਤ 'ਤੇ ਬਿਠਾਉ। ਰਾਣੀ ਨੂੰ ਨਾਲ ਲੈ ਕੇ ਮੰਤਰੀ ਵੇਖਣ ਲੱਗੇ ਤਾਂ ਦਰਵਾਜ਼ੇ ਦੇ ਬਾਹਰ ਆਪਣੇ ਪ੍ਰੇਮੀ ਨੂੰ ਵੇਖਿਆ ਤੇ ਉਸ ਨੂੰ ਅੰਦਰ ਲਿਆ ਕੇ ਸਾਰੇ ਰਾਜ ਦੀ ਤਾਕਤ ਉਸ ਗ਼ਰੀਬ ਆਦਮੀ ਨੂੰ ਦੇ ਦਿੱਤੀ। ਸਾਰਾ ਰਾਜ ਸੰਭਾਲ ਦਿੱਤਾ।

*ਨਿਜ ਨ੍ਰਿਪ ਆਪੁ ਸੰਘਾਰਿਕੈ, ਰਾਨੀ ਚਰਿਤ ਬਨਾਇ॥*
*ਰੰਕਹਿ ਲੈ ਰਾਜਾ ਕਿਯੋ, ਹ੍ਰਿਦੈ ਹਰਖ ਉਪਜਾਇ॥ ੧੭॥*

## ੬੪ਵਾਂ ਚਰਿੱਤ੍ਰ : ਦੰਤ ਪ੍ਰਭਾ

ਮੈਂਗਲ ਸਿੰਘ ਇਕ ਰਾਜਾ ਰਘੁਬੰਸੀ ਕਰ ਕੇ ਲੋਕ ਜਾਣਦੇ ਸਨ। ਉਸ ਦੀ ਇਕ ਇਸਤ੍ਰੀ ਸੀ। ਉਸ ਇਸਤ੍ਰੀ ਦਾ ਨਾਮ ਦੰਤ ਪ੍ਰਭਾ ਸੀ। ਉਸ ਦੇ ਘਰ ਇਕ ਦਾਸੀ ਰਹਿੰਦੀ ਸੀ। ਉਹ ਚੌਦਾਂ ਵਿਦਿਆ ਨਿਪੁੰਨ ਸੀ। ਰਾਜਾ ਉਸ ਦੇ ਰੂਪ ਨੂੰ ਦੇਖ ਕੇ ਮੋਹਿਤ ਹੋ ਗਿਆ। ਆਪਣੀ ਇਸਤ੍ਰੀ ਤੋਂ ਡਰਦਾ ਉਸ ਨੂੰ ਕਹਿੰਦਾ ਕੁਝ ਨਹੀਂ ਸੀ। ਰਾਜੇ ਨੇ ਇਕ ਛੱਲਾ ਉਸ ਦਾਸੀ ਨੂੰ ਦੇ ਦਿੱਤਾ ਤੇ ਸਮਝਾ ਦਿੱਤਾ ਕਿ ਤੂੰ ਕਹੀਂ ਮੈਨੂੰ ਲੱਭਾ ਹੈ। ਇਹ ਛਲ ਕਰਕੇ ਰਾਣੀ ਛਲੀ ਗਈ।

*ਏਕ ਅੰਗੂਠੀ ਨ੍ਰਿਪ ਕਰ ਲਈ॥ ਲੈ ਤਵਨੈ ਚੇਰੀ ਕੌ ਦਈ॥*
*ਤਾਹਿ ਕਥਾ ਇਹ ਭਾਂਤਿ ਸਿਖਾਈ॥ ਕਹਿਯਹੁ ਪਰੀ ਮੁੰਦ੍ਰਕਾ ਪਾਈ॥ ੫॥*
*ਯਥਾ : ਜਾਕੌਂ ਪਰਮੇਸੁਰ ਦਈ, ਮੈ ਤਾਹ ਕੌਂ ਦੀਨ॥*
*ਭੇਦ ਨ ਕਾਹੂ ਤ੍ਰਿਯ ਲਹਯੋ, ਨ੍ਰਿਪ ਛਲ ਗਯੋ ਪ੍ਰਬੀਨ॥ ੮॥*

## ੬੫ਵਾਂ ਚਰਿੱਤ੍ਰ : ਮਿਰਤ ਸਿੰਘ ਦੀ ਇਸਤ੍ਰੀ

ਮਿਰਤ ਸਿੰਘ ਇਕ ਰਾਜਪੂਤ ਲੁਟੇਰਾ ਸੀ। ਪਿੰਡ ਮਹੋਬੇ ਵਿਚ ਰਹਿੰਦਾ ਸੀ। ਮਾੜੇ ਆਦਮੀ ਨੂੰ ਲੁੱਟ ਲੈਂਦਾ ਸੀ ਤੇ ਆਕੜ ਖ਼ਾਂ ਨੂੰ ਮਾਰ ਦਿੰਦਾ ਸੀ। ਇਕ ਵਾਰ ਉਸ ਦੀ ਭੇੜ ਸੂਰਮਿਆਂ ਨਾਲ ਹੋਈ। ਜਦੋਂ ਘੋੜਾ ਭਜਾਇਆ ਤਾਂ ਘੋੜੇ ਤੋਂ ਥੱਲੇ ਡਿੱਗ ਪਿਆ। ਸੂਰਮਿਆਂ ਨੇ ਫੜ ਲਿਆ ਤੇ ਉਸ ਨੂੰ ਮਾਰਨ ਵਾਸਤੇ ਪਿੰਡ ਕਾਲਪੀ ਲੈ ਗਏ। ਇਸ ਗੱਲ ਦਾ ਜਦੋਂ ਉਸ ਦੀ ਇਸਤ੍ਰੀ ਨੂੰ ਪਤਾ ਲੱਗਾ ਤਾਂ ਉਹ ਉਥੇ ਪਹੁੰਚੀ। ਉਸ ਨੇ ਬਾਂਹ ਦਾ ਝਟਕਾ ਮਾਰ ਕੇ ਆਪਣੇ ਪਤੀ ਨੂੰ ਘੋੜੇ 'ਤੇ ਬਿਠਾ ਲਿਆ। ਚੰਡਾਲ ਦੀ ਕ੍ਰਿਪਾਨ ਖੋਹ ਕੇ ਉਸ 'ਤੇ ਵਾਰ ਕਰਕੇ ਸਿਰ ਵੱਢ ਦਿੱਤਾ।

ਸਾਰਿਆਂ ਦੁਸ਼ਮਨਾਂ ਨੂੰ ਮਾਰ ਕੇ ਆਪਣੇ ਪਤੀ ਨੂੰ ਬਚਾਅ ਲਿਆ।

*ਝਟਿਕ ਬਾਂਹ ਤੇ ਨਿਜੁ ਪਤਿਹ, ਹੈ ਪਰ ਲਯੋ ਚਰਾਇ॥*
*ਤਾਹੀ ਕੌ ਅਸਿ ਛੀਨਿ ਕੈ, ਤਾਂਹਿ ਚੰਡਾਰਹਿ ਘਾਇ॥ ੬॥*

## ੬੬ਵਾਂ ਚਰਿੱਤ੍ਰ : ਰੋਸ਼ਨ ਰਾਇ

ਇਕ ਵਜ਼ੀਰ ਦੀ ਲੜਕੀ ਰੂਪ ਨਗਰ ਵਿਚ ਵਸਦੀ ਸੀ। ਉਹ ਬਹੁਤ ਸੁੰਦਰ ਸੀ। ਬੇਅੰਤ ਧਨ ਦੌਲਤ ਦੀ ਮਾਲਕ ਸੀ। ਸ਼ਿਆਮ ਦੇਸ਼ ਦੇ ਰਾਜੇ ਦਾ ਇਕ ਪੁੱਤਰ ਸੀ ਜੋ ਬਹੁਤ ਸੁੰਦਰ ਸੀ। ਉਸ ਦਾ ਨਾਮ ਸੁਮਤ ਸੈਨ ਸੀ। ਉਹ ਬੜਾ ਸੂਰਮਾ ਤੇ ਸ਼ਿਕਾਰੀ ਸੀ।

ਸ਼ਿਕਾਰ ਖੇਡਦਿਆਂ ਵਜ਼ੀਰ ਦੀ ਲੜਕੀ ਨਾਲ ਮੇਲ ਹੋ ਗਿਆ ਤਾਂ ਲੜਕੀ ਨੇ ਸੁਮੱਤ ਸੈਨ ਨੂੰ ਆਪਣਾ ਪਤੀ ਮੰਨ ਲਿਆ। ਸੁਮੱਤ ਸੈਨ ਫੜਿਆ ਗਿਆ ਸੀ, ਪਰ ਵਜ਼ੀਰ ਦੀ ਲੜਕੀ ਛੁਡਾ ਕੇ ਆਪਣੇ ਨਾਲ ਬਚਾਅ ਕੇ ਲੈ ਗਈ।

*ਦੁਹਿਤਾ ਦਈ ਵਜ਼ੀਰ ਕੀ, ਹੈ ਗੈ ਦਏ ਅਨੇਕ॥*
*ਪਤਿ ਕੀਨੋ ਛਲ ਕੈ ਤੁਰਤੁ, ਬਾਰ ਨ ਬਾਂਕਯੋ ਏਕ॥ ੨੬॥*

## ੬੭ਵਾਂ ਚਰਿੱਤ੍ਰ : ਰੂਪ ਕਲਾ

ਰਾਜੇ ਦਾ ਨਾਮ ਚਤਰ ਸਿੰਘ ਸੀ, ਜੋ ਚੰਦਰ ਬੰਸ਼ ਦਾ ਮਹਾਂਬਲੀ ਸੂਰਮਾ ਰਾਜਾ ਸੀ। ਉਸ ਦੇ ਘਰ ਧਨ ਦੌਲਤ ਬੇਅੰਤ ਸੀ। ਉਸ ਦੀ ਰਾਣੀ ਦਾ ਨਾਮ ਰੂਪ ਕਲਾ ਸੀ। ਇਸ ਰੂਪ ਕਲਾ ਨੇ ਸ਼ਿਵਜੀ ਦਾ ਨਾਮ ਲੈ ਕੇ ਰਾਜੇ ਚਤਰ ਸਿੰਘ ਨੂੰ ਛਲਿਆ :

*ਜੁ ਕਛੁ ਮੋਹਿ ਸਿਵਜੂ ਕਹਯੋ, ਸੁ ਕਛੁ ਕਹਯੋ ਤੁਹਿ ਦੇਵ॥*
*ਚਿਤ ਅਪਨੇ ਮੈ ਰਾਖਿਯਹੁ, ਕਿਸੂ ਨ ਦੀਜਹੁ ਭੇਵ॥ ੭॥*
*ਯਥਾ : ਤ੍ਰਿਯ ਚਰਿਤ੍ਰ ਕੌ ਚਿਤ ਮੈ, ਰੰਚ ਨ ਚੀਨਤ ਭੇਵ॥ ੧੫॥*

## ੬੮ਵਾਂ ਚਰਿੱਤ੍ਰ : ਸ਼ਾਹੂਕਾਰ ਦਾ ਪੁੱਤਰ

ਗੁਜਰਾਤ ਦਾ ਇਕ ਸ਼ਾਹੂਕਾਰ ਸੀ। ਉਸ ਦੇ ਘਰ ਇਕ ਪੁੱਤਰ ਸੀ, ਜੋ ਆਪਣੇ ਪਿਤਾ ਤੋਂ ਪੈਦਾ ਹੋਇਆ ਸੀ। ਉਸ ਲੜਕੇ ਦਾ ਆਪਣੇ ਪ੍ਰੇਮੀ ਇਕ ਨਾਈ ਦੇ ਪੁੱਤਰ ਨਾਲ ਬਹੁਤ ਪਿਆਰ ਸੀ। ਇਕ ਦਿਨ ਸ਼ਾਹੂਕਾਰ ਦਾ ਪੁੱਤਰ ਸੌਹਰੇ ਗਿਆ ਤਾਂ ਨਾਲ ਨਾਈ ਦੇ ਪੁੱਤਰ ਨੂੰ ਵੀ ਲੈ ਗਿਆ। ਉਹਨਾਂ ਦੀ ਸ਼ਕਲ ਇਕੋ ਜਿਹੀ ਸੀ। ਕੋਈ ਪਹਿਚਾਣ ਨਹੀਂ ਸੀ ਕਰ ਸਕਦਾ ਕਿ ਨਾਈ ਦਾ ਪੁੱਤਰ ਕਿਹੜਾ ਹੈ ਤੇ ਸ਼ਾਹੂਕਾਰ ਦਾ ਪੁੱਤਰ ਕਿਹੜਾ ਹੈ। ਨਾਈ ਦਾ ਪੁੱਤਰ ਸ਼ਾਹੂਕਾਰ ਦੇ ਪੁੱਤਰ ਨੂੰ ਆਖਦਾ ਹੈ ਕਿ ਆ ਗੰਠੜੀ ਤੂੰ ਫੜ ਲੈ ਤੇ ਆਪਣੇ ਬਸਤਰ ਉਤਾਰ

ਕੇ ਮੈਨੂੰ ਦੇ ਤੇ ਨਾਲ ਘੋੜਾ ਵੀ ਦੇ। ਉਸ ਸ਼ਾਹੂਕਾਰ ਦੇ ਪੁੱਤਰ ਨੇ ਇੰਝ ਹੀ ਕੀਤਾ। ਜਦੋਂ ਸੌਹਰੇ ਘਰ ਗਿਆ ਤਾਂ ਨਾ ਸ਼ਾਹੂਕਾਰ ਦੇ ਸੱਸ ਸੌਹਰੇ ਤੇ ਨਾ ਘਰਵਾਲੀ ਨੇ ਸ਼ਾਹੂਕਾਰ ਨੂੰ ਪਛਾਣਿਆ ਕਿ ਕਿਹੜਾ ਸ਼ਾਹ ਦਾ ਪੁੱਤਰ ਹੈ ਤੇ ਕਿਹੜਾ ਨਾਈ ਦਾ ਪੁੱਤਰ ਹੈ। ਸ਼ਾਹੂਕਾਰ ਦਾ ਪੁੱਤਰ ਬੜਾ ਦੁਖੀ ਹੋਇਆ। ਇਕ ਦਿਨ ਸ਼ਿਵਜੀ ਤੇ ਪਾਰਬਤੀ ਦੋਵੇਂ ਮਿਲੇ। ਰੋਂਦੇ ਹੋਏ ਨੂੰ ਵੇਖ ਕੇ ਤਰਸ ਆਇਆ ਤੇ ਕਿਹਾ, ਹੇ ਸ਼ਾਹੂਕਾਰ ਦੇ ਪੁੱਤਰ ! ਤੂੰ ਜਦੋਂ ਆਪਣੇ ਮੂੰਹੋਂ ਚੰਬੜ ਆਖੇਂਗਾ ਤਾਂ ਉਹ ਧਰਤੀ ਨਾਲ ਚੰਬੜ ਜਾਣਗੇ। ਜਦੋਂ ਆਖੇਂਗਾ ਉਠ ਛੇਤੀ ਨਾਲ ਤਾਂ ਉਹ ਉਠ ਜਾਣਗੇ। ਅਖ਼ੀਰ ਨੂੰ ਨਾਈ ਦਾ ਪੁੱਤਰ ਚੰਬੜ ਕੇ ਮਰਿਆ। ਸਾਰੀ ਨਗਰੀ ਤੇ ਘਰ ਵਾਲਿਆਂ ਨੂੰ ਜਦੋਂ ਪਤਾ ਲੱਗਾ ਤਾਂ ਫਿਰ ਦੂਜੀ ਲੜਕੀ ਨਾਲ ਵਿਆਹ ਕੀਤਾ।

*ਔਰ ਸਕਲ ਪੁਰ ਛੋਰਿ ਉਬਾਰਜੋ॥ ਨਊਆ ਸੁਤ ਚਿਮਟਜੋ ਹੀ ਮਾਰਜੋ॥*

*ਬਜਾਹ ਦੂਸਰੋ ਅਪਨੋ ਕੀਨੋ॥ ਨਿਜੁ ਪੁਰ ਕੌ ਬਹੁਰੋ ਮਗੁ ਲੀਨੋ॥ ੩੫॥*

## ੬੯ਵਾਂ ਚਰਿੱਤ੍ਰ : ਰਾਜ ਕਲਾ

ਚਪਲ ਸਿੰਘ ਰਾਜੇ ਦੀ ਰਾਣੀ ਦਾ ਨਾਮ ਰਾਜ ਕਲਾ ਸੀ। ਉਹ ਇਕ ਮੰਦ ਕਰਮੀ ਮਨੁੱਖ ਨੂੰ ਸੱਦ ਕੇ ਪ੍ਰੇਮ ਕਰਦੀ ਸੀ। ਇਸ ਗੱਲ ਦਾ ਪਤਾ ਰਾਜੇ ਨੂੰ ਲੱਗ ਗਿਆ ਤਾਂ ਰਾਜੇ ਨੇ ਉਸ ਮਨੁੱਖ ਨੂੰ ਸੂਲੀ 'ਤੇ ਚਾੜ੍ਹ ਕੇ ਮਾਰ ਦਿੱਤਾ ਅਤੇ ਰਾਣੀ ਦਾ ਵੀ ਨੱਕ ਕੱਟਿਆ ਗਿਆ।

*ਲੂਟਿ ਕੂਟਿ ਤਸਕਰ ਲਯੋ, ਸੂਰੀ ਦਿਯੋ ਚਰਾਇ॥ ੩॥*

*ਯਥਾ : ਨਾਕ ਕਟਯੋ ਮੁਖ ਮੈ ਰਹਜੋ, ਰਾਨੀ ਭਈ ਬਿਹਾਲ॥ ੯॥*

## ੭੦ਵਾਂ ਚਰਿੱਤ੍ਰ : ਜੈਮਲ ਸੁਨਿਆਰਾ

ਲਾਹੌਰ ਦਾ ਇਕ ਸੁਨਿਆਰਾ ਸੀ। ਉਸ ਨੂੰ ਲੋਕ ਚੋਰ ਕਹਿੰਦੇ ਸਨ। ਸ਼ਾਹੂਕਾਰ ਦੀ ਇਸਤ੍ਰੀ ਨੇ ਉਸ ਬਾਰੇ ਸੁਣਿਆ ਸੀ। ਉਸ ਨੂੰ ਗਹਿਣੇ ਬਣਾਉਣ ਲਈ ਘਰ ਸੱਦਿਆ। ਸ਼ਾਹੂਕਾਰ ਦੀ ਇਸਤ੍ਰੀ ਦਾ ਨਾਮ ਚਿਤਰ ਪ੍ਰਭਾ ਸੀ। ਸੁਨਿਆਰੇ ਚੋਰ ਦਾ ਨਾਮ ਜੈਮਲ ਸੀ ਜਿਹੜਾ ਗਹਿਣਾ ਬਣਾਉਣ ਵਾਸਤੇ ਇਸਤ੍ਰੀ ਦੇ ਘਰ ਆਇਆ ਸੀ। ਜਦੋਂ ਵੀ ਸੁਨਿਆਰਾ ਸੋਨਾ ਚੁਰਾਉਣ ਲੱਗਿਆ ਕਰੇ ਤਾਂ ਉਸ ਵਕਤ ਇਸਤ੍ਰੀ ਉਸ ਦੇ ਕੋਲ ਆ ਜਾਇਆ ਕਰੇ ਕਿ ਕਿਤੇ ਸੋਨਾ ਚੋਰੀ ਕਰ ਨਾ ਲਵੇ। ਉਹ ਚਰਿੱਤ੍ਰ ਕਰ ਕੇ ਆਪਣੇ ਪੁੱਤਰ ਦਾ ਨਾਮ ਲੈ ਕੇ ਰੋਣ ਲੱਗਾ। ਉਸ ਦਾ ਇਕ ਪੁੱਤਰ ਸੀ, ਉਹ ਵੀ ਮਰ ਗਿਆ ਹੈ। ਇਹ ਸੁਣ ਕੇ ਇਸਤ੍ਰੀਆਂ ਆ ਗਈਆਂ। ਉਸ ਵੇਲੇ ਸੁਨਿਆਰੇ ਦਾ ਦਾਅ ਲੱਗ ਗਿਆ। ਉਸ ਨੇ ਇਕ ਫੂਕਨੀ ਵਿਚ ਸੋਨਾ ਪਾ ਕੇ ਲੁਕਾ ਲਿਆ। ਸੁਨਿਆਰਾ ਇਸਤ੍ਰੀ ਨੂੰ ਚਰਿੱਤ੍ਰ ਨਾਲ ਛਲਦਾ ਹੈ। ਸੁਨਿਆਰਾ ਸਾਰਾ ਧਨ ਚੁਰਾ ਕੇ ਤੇ ਰੋਂਦਾ ਹੋਇਆ ਘਰ ਨੂੰ ਚਲਿਆ ਗਿਆ।

*ਏਕ ਪੁਤ੍ਰ ਤਾਹੂ ਕੋ ਮਰਿਯੋ॥ ਸੋ ਚਿਤਾਰ ਤਿਨ ਰੋਦਨ ਕਰਿਯੋ॥*

*ਤਬ ਹੀ ਘਾਤ ਸੁਨਾਰੇ ਪਾਯੋ॥ ਨਾਲ ਬੀਚ ਕਰਿ ਸੂਰਨ ਚੁਰਾਯੋ॥ ੬॥*

## ੭੧ਵਾਂ ਚਰਿੱਤ੍ਰ : ਕਪਾਲ ਮੋਚਨ ਸਿਰੋਪਾਉ ਦੇਣੇ

ਸਾਰਮੌਰ-ਦੂਨ ਉਸ ਨੂੰ ਆਖਦੇ ਹਨ, ਜਿਸ ਦੇ ਦੋਨੋਂ ਪਾਸੇ ਪਹਾੜ ਹੀ ਪਹਾੜ ਹੋਣ ਤੇ ਜੋ ਵਿਚ ਖ਼ਾਲੀ ਜਗ੍ਹਾ ਹੋਵੇ, ਉਸ ਨੂੰ ਦੂਨ ਆਖਦੇ ਹਨ। ਉਸ ਦੂਨ ਦੇਸ਼ ਦੇ ਕੋਲ ਪਾਉਂਟਾ ਸਾਹਿਬ ਨਗਰ ਵੱਸਦਾ ਸੀ। ਕੋਲ ਦੀ ਜਮਨਾ ਵਹਿੰਦੀ ਸੀ। ਕੁਬੇਰ ਦੇਵਤਿਆਂ ਦੀ ਪੁਰੀ ਵਾਂਗੂੰ ਪਾਉਂਟਾ ਨਗਰ ਛੱਡ ਕੇ ਕਪਾਲ ਮੋਚਨ ਜਮਨਾ ਦੇ ਕੰਢੇ 'ਤੇ ਹੈ, ਅਸੀਂ ਉਥੇ ਚਲ ਕੇ ਆਏ ਅਤੇ ਇਥੇ ਸਿਰੋਪਾਉ ਦੇਣ ਦੀ ਸਾਖੀ ਹੈ ਜੋ ਗੁਰ-ਇਤਿਹਾਸ ਵਿਚ ਵੀ ਅੰਕਿਤ ਹੈ :

*ਪ੍ਰਾਤ ਲੇਤ ਸਭ ਧੋਇ ਮਗਾਈ॥ ਸਭ ਹੀ ਸਿਖਜਨ ਕੋ ਬੰਧਵਾਈ॥*

## ੭੨ਵਾਂ ਚਰਿੱਤ੍ਰ : ਗੁਜਰਾਤ ਦਾ ਸ਼ਾਹੂਕਾਰ

ਇਕ ਰਾਜਾ ਸੀ, ਉਸ ਦਾ ਨਾਮ ਚਿਤਰ ਨਾਥ ਸੀ। ਉਹ ਇਕ ਪਹਾੜੀ ਦੇਸ਼ ਦਾ ਰਾਜਾ ਸੀ। ਉਸ ਦੀ ਇਸਤ੍ਰੀ ਇੰਦਰ ਮਤੀ ਸੀ। ਇੰਦਰ ਮਤੀ ਰਾਣੀ ਦਾ ਇਕ ਸ਼ਾਹੂਕਾਰ ਨਾਲ ਪ੍ਰੇਮ ਸੀ।

*ਪਿਰੁ ਛੋਡਿਆ ਘਰਿ ਆਪਣੈ, ਪਰ ਪੁਰਖੈ ਨਾਲ ਪਿਆਰ॥* (ਅੰਗ ੭੮੫)

*ਜਬ ਰਾਨੀ ਐਸੇ ਸੁਨੁ ਪਾਯੋ॥ ਬੋਲ ਸ਼ਾਹੁ ਕੋ ਧਾਮ ਪਠਾਯੋ॥*

ਰਾਣੀ ਦਾ ਆਚਰਣ ਗਿਰਿਆ ਦੱਸਿਆ ਹੈ ਤੇ ਨਾਲ ਹੀ ਰਾਜੇ ਨੂੰ ਧੋਖਾ ਦੇਣਾ ਪ੍ਰਗਟ ਹੈ।

## ੭੩ਵਾਂ ਚਰਿੱਤ੍ਰ : ਪੁਹਪ ਮਤੀ

ਬਜਵਾਰੇ ਸ਼ਹਿਰ ਵਿਚ ਕੇਵਲ ਨਾਮ ਦਾ ਇਕ ਬਾਣੀਆ ਸੀ। ਪਠਾਨ ਉਸ ਦੇ ਘਰ ਦਿਨ ਰਾਤ ਘਰ ਦਾ ਕੰਮ ਕਰਦਾ ਸੀ। ਉਸ ਦੀ ਇਸਤ੍ਰੀ ਬੜੀ ਸੁੰਦਰ ਸੀ। ਇਕ ਦਿਨ ਕੇਵਲ ਕੰਮ ਕਰਨ ਬਾਹਰ ਗਿਆ। ਘਰ ਵਿਚ ਗੱਭਰੂ ਤੇ ਇਸਤ੍ਰੀ ਦੋਵੇਂ ਸਨ। ਇਸਤ੍ਰੀ ਨੇ ਜਦੋਂ ਵੇਖਿਆ ਕਿ ਮੇਰਾ ਆਦਮੀ ਆਉਂਦਾ ਹੈ ਤਾਂ ਉਸ ਨੇ ਘਰ ਵੜਨ ਸਾਰ ਹੀ ਮੂੰਹ 'ਤੇ ਜੁੱਤੀਆਂ ਮਾਰੀਆਂ ਤੇ ਆਖਿਆ, ਇਸ ਗੱਭਰੂ ਨੂੰ ਕਿਉਂ ਘਰ ਛੱਡ ਗਏ ਸੀ ? ਉਸ ਸਮੇਂ ਦੋਵੇਂ ਜਣੇ ਇਸਤ੍ਰੀ ਜੁੱਤੀਆਂ ਮਾਰਨ ਵਿਚ ਤੇ ਆਦਮੀ ਮੂੰਹ 'ਤੇ ਮਾਰ ਪੈਂਦੀ ਵਿਚ ਰੁਝ ਗਏ ਤੇ ਗੱਭਰੂ ਮਿੱਤਰ ਨੂੰ ਭਜਾ ਦਿੱਤਾ। ਇਸਤ੍ਰੀ ਦਾ ਛਲ ਕਰਨਾ ਦੱਸਿਆ ਹੈ।

*ਬਨਿਯੈ ਜੁਤੀ ਖਾਇ ਕੈ, ਸੀਖ ਲਈ ਮਨ ਮਾਹਿ॥*

*ਕਹ ਸਜਾਨੀ ਤ੍ਰਿਯ ਗ੍ਰਿਹਿ ਗਯੋ, ਭੇਦ ਪਛਾਨਜੋ ਨਾਹਿ॥ ੮॥*

## ੭੪ਵਾਂ ਚਰਿੱਤ੍ਰ : ਬੈਰਮ ਚੋਰ

ਬੈਰਮ ਨਾਮ ਦਾ ਇਕ ਚੋਰ ਸੀ ਤੇ ਉਹ ਜਾਤੀ ਦਾ ਸੇਖੁ ਸੀ। ਪਿੰਡ ਕਾਲਪੀ ਵਿਚ ਰਹਿੰਦਾ ਸੀ। ਉਸ ਨੇ ਚੋਰੀ ਕਰਨ ਦਾ ਤਰੀਕਾ ਬਣਾਇਆ। ਪਹਿਲੇ ਥੋੜੇ ਜਿਹੇ ਪੈਸੇ ਚੁਰਾ ਲਏ। ਫਿਰ ਉਹਨਾਂ ਬਾਣੀਏ ਤੋਂ ਮੋਹਰਾਂ ਮੰਗਵਾ ਲਈਆਂ ਤੇ ਆਖਿਆ ਮੈਂ ਜਹਾਨਾਬਾਦ ਦਿੱਲੀ ਪਹੁੰਚਾ ਦਿਆਂਗਾ। ਚੋਰ ਮੋਹਰਾਂ ਲੈ ਕੇ ਭੱਜ ਗਿਆ।

*ਔਰ ਖਜਾਨੋ ਸ਼ਾਹੁ ਕੌ, ਸਭ ਹੀ ਲਯੋ ਮੰਗਾਇ॥*

*ਜਾਇ ਜਹਾਨਾਬਾਦ ਮੈ, ਦੈਹੌਂ ਧਨ ਪਹੁਚਾਇ॥ ੭॥*

ਚੋਰ ਦੀ ਚਤੁਰਾਈ ਦੱਸ ਕੇ ਸੁਚੇਤ ਕੀਤਾ ਹੈ ਅਤੇ ਭਰੋਸਾ ਕਰਨ ਵਾਲੇ ਅੱਜ ਵੀ ਅਨੇਕਾਂ ਠੱਗੇ ਜਾ ਰਹੇ ਹਨ।

## ੭੫ਵਾਂ ਚਰਿੱਤ੍ਰ : ਕਰਜ਼ਦਾਰ ਚੋਰ

ਗ਼ਜ਼ਨੀ ਸ਼ਹਿਰ ਵਿਚ ਇਕ ਬਖ਼ਤਿਆਰ ਨਾਮ ਦਾ ਮੁਗ਼ਲ ਸੀ। ਉਸ ਕੋਲ ਧਨ ਬਹੁਤ ਸੀ। ਉਸ ਦੇ ਕੋਲ ਇਕ ਬਹੁਤ ਸੁੰਦਰ ਘੋੜਾ ਸੀ। ਚੋਰ ਨੇ ਵੇਖ ਲਿਆ ਤੇ ਪਠਾਨ ਨੂੰ ਆਖਦਾ ਹੈ ਕਿ ਮੈਂ ਨੌਕਰੀ ਕਰਨੀ ਹੈ। ਪਠਾਨ ਨੇ ਉਸ ਨੂੰ ਰੱਖ ਲਿਆ। ਮਹੀਨਾ ਲਿਖ ਲਿਆ ਤੇ ਨਾਮ ਕਰਜ਼ਦਾਰ ਲਿਖਿਆ। ਉਹ ਕੰਮ ਕਰਦਾ ਰਿਹਾ। ਲੋਕਾਂ ਨੂੰ ਆਖਿਆ ਕਰੇ, ਮੁਗ਼ਲ ਮੇਰਾ ਕਰਜ਼ਾਈ ਹੈ। ਇਕ ਦਿਨ ਉਹ ਘੋੜਾ ਤੇ ਧਨ ਲੈ ਕੇ ਤਿੱਤਰ ਹੋ ਗਿਆ ਤੇ ਲੋਕਾਂ ਨੂੰ ਆਖੇ ਕਿ ਮੇਰਾ ਘੋੜਾ ਚੋਰੀ ਹੋ ਗਿਆ ਤੇ ਕਰਜ਼ਦਾਰ ਲੈ ਗਿਆ।

*ਪਾਛੇ ਮੁਗਲ ਪੀਟਤੌ ਆਯੋ॥ ਕਰਜਾਈ ਧਨੁ ਤੁਰਾ ਚੁਰਾਯੋ॥*

ਚੋਰ ਦੀ ਚਤੁਰਾਈ ਦੱਸੀ ਹੈ ਅਤੇ ਅੱਜ ਵੀ ਘਰਾਂ ਵਿਚ ਨੌਕਰਾਂ ਦੀਆਂ ਅਨੇਕਾਂ ਖ਼ਬਰਾਂ ਸੁਣੀਦੀਆਂ ਹਨ।

## ੭੬ਵਾਂ ਚਰਿਤ੍ਰ : ਘਰ-ਜਵਾਈ ਚੋਰ

ਇਕ ਵਜ਼ੀਰ ਨੇ ਰਾਜੇ ਨੂੰ ਆਖਿਆ ਕਿ ਇਕ ਹੋਰ ਚੋਰ ਦੀ ਗੱਲ ਸੁਣ। ਚੋਰ ਘੋੜਾ ਤੇ ਧਨ ਚੋਰੀ ਕਰ ਕੇ ਲੈ ਗਿਆ। ਉਸ ਨੇ ਇਕ ਰੰਡੀ ਇਸਤ੍ਰੀ ਦੇ ਘਰ ਆਸਨ ਲਾ ਲਿਆ, ਭਾਵ ਨੌਕਰ ਲੱਗਾ। ਉਸ ਚੋਰ ਨੇ ਆਪਣਾ ਨਾਮ ਘਰ-ਜਵਾਈ ਰੱਖਿਆ। ਉਹ ਇਕ ਸਾਲ ਨੌਕਰੀ ਕਰਦਾ ਰਿਹਾ। ਉਹ ਔਰਤ ਦੀ ਲੜਕੀ ਨੂੰ ਕੱਢ ਕੇ ਲੈ ਗਿਆ। ਦਿਨ ਚੜ੍ਹੇ ਉਹ ਔਰਤ ਕਾਜ਼ੀ ਕੁਤਵਾਲ ਕੋਲ ਗਈ ਤੇ ਆਖਿਆ, ਮੇਰੀ ਲੜਕੀ ਨੂੰ ਘਰ ਜਵਾਈ ਚੋਰ ਲੈ ਗਿਆ। ਕਾਜ਼ੀ ਤੇ ਕੋਤਵਾਲ ਹੱਸਣ ਲੱਗ ਪਏ।

*ਕਾਜੀ ਕੋਟਵਾਰ ਜਬ ਸੁਨਜੋ॥ ਦੁਹੂੰ ਬਿਹਸਕੈ ਮਾਥੋ ਧੁਨਯੋ॥*

*ਜਾਕੋ ਸੁਤਾ ਦਾਨੁ ਤੈਂ ਦਯੋ॥ ਕਹਾ ਭਯੋ ਜੌ ਗ੍ਰਿਹ ਲੈ ਗਯੋ॥ ੮॥*

ਅੱਜ ਵੀ ਅਨੇਕਾਂ ਘਰਾਂ ਵਿਚ ਐਸਾ ਹੋ ਰਿਹਾ ਹੈ ਤੇ ਲੋੜ ਹੈ ਸਿੱਖਿਆ ਧਾਰ ਕੇ ਸੁਚੇਤ ਹੋਣ ਦੀ।

## ੭੭ਵਾਂ ਚਰਿੱਤ੍ਰ : ਭਾਗਵਤੀ

ਇਕ ਰਾਜਾ ਸੀ। ਉਸ ਦਾ ਨਾਮ ਚੰਦਰ ਸੈਨ ਸੀ। ਉਸ ਦੀ ਇਕ ਇਸਤ੍ਰੀ ਸੀ, ਉਸ ਦਾ ਨਾਮ ਭਾਗਵਤੀ ਸੀ। ਉਹ ਹੋਰ ਕਿਸੇ ਪੁਰਸ਼ ਨਾਲ ਪ੍ਰੇਮ ਕਰਨ ਲੱਗ ਪਈ। ਉਸ ਨੂੰ ਰਾਜੇ ਨੇ ਦੇਖ ਲਿਆ। ਰਾਣੀ ਨੇ ਚਰਿੱਤ੍ਰ ਖੇਡ ਕੇ ਬਚਾਉ ਕੀਤਾ ਹੈ।

*ਤਬ ਰਾਨੀ ਐਸੋ ਕਹਜੋ ਸੁਨਿਯੈ ਬਚਨ ਰਸਾਲ॥*

*ਯਥਾ : ਬਚਨ ਸੁਨਤ ਰਾਜਾ ਤਬੈ ਪਠਏ ਮਨੁਖ ਅਨੇਕ॥*

## ੭੮ਵਾਂ ਚਰਿੱਤ੍ਰ : ਗੀਗੋ

ਸੁਮਤ ਨਾਮ ਦਾ ਇਕ ਤਰਖਾਣ ਸੀ। ਉਜੈਨ ਸ਼ਹਿਰ ਵਿਚ ਰਹਿੰਦਾ ਸੀ। ਉਸ ਦੀ ਘਰਵਾਲੀ ਦਾ ਨਾਮ ਗੀਗੋ ਸੀ। ਉਹ ਬਹੁਤ ਖੋਟੀ ਮੱਤ ਵਾਲੀ ਇਸਤ੍ਰੀ ਸੀ। ਉਸ ਨੇ ਪਰਾਏ ਆਦਮੀ ਦਾ ਸੰਗ ਕੀਤਾ ਤਾਂ ਤਰਖਾਣ ਨੂੰ ਪਤਾ ਲੱਗ ਗਿਆ, ਪਰ ਗੀਗੋ ਨੇ ਚਰਿੱਤ੍ਰ ਖੇਡ ਕੇ ਪਤੀ ਨੂੰ ਖ਼ੁਸ਼ ਕਰ ਕੇ ਬਚਾਅ ਕੀਤਾ :

*ਬਾਢੀ ਐਸੋ ਬਚਨ ਸੁਨਿ, ਮਨ ਮੈ ਭਯੋ ਖੁਸਾਲ॥*

## ੭੯ਵਾਂ ਚਰਿੱਤ੍ਰ : ਬਿਸਵਮਤੀ

ਬਨਾਰਸ ਸ਼ਹਿਰ ਵਿਚ ਇਕ ਬਾਣੀਆ ਰਹਿੰਦਾ ਸੀ। ਉਸ ਦਾ ਨਾਮ ਬਿਸ਼ਨ ਦੱਤ ਸੀ। ਉਹ ਬਹੁਤ ਧਨੀ ਸੀ। ਉਸ ਦੀ ਇਸਤ੍ਰੀ ਦਾ ਨਾਮ ਬਿਸਵਮਤੀ ਸੀ। ਬਾਣੀਆ ਵਪਾਰ ਕਰਨ ਦੂਰ ਗਿਆ ਸੀ, ਪਰ ਮਗਰੋਂ ਬਿਸਵਮਤੀ ਦੇ ਪਰ-ਪੁਰਸ਼ ਦੇ ਸੰਗ ਕਰ ਕੇ ਪੁੱਤਰ ਹੋ ਗਿਆ। ਜਦ ਬਾਣੀਏ ਨੇ ਘਰਵਾਲੀ ਨੂੰ ਪੁੱਤਰ ਹੋਣ ਦਾ ਕਾਰਨ ਪੁੱਛਿਆ ਤਾਂ ਘਰਵਾਲੀ ਨੇ ਕਿਹਾ ਕਿ ਜੋਗੀ ਜੀ ਦੀ ਦ੍ਰਿਸ਼ਟੀ ਨਾਲ ਪੁੱਤਰ ਜੰਮਿਆ ਹੈ। ਇਹ ਚਰਿੱਤ੍ਰ ਖੇਡਿਆ ਬਿਸਵਮਤੀ ਨੇ :

*ਇਕ ਜੋਗੀ ਤੁਮਰੇ ਗ੍ਰਿਹ ਆਯੋ॥ ਤਿਹ ਪ੍ਰਸਾਦਿ ਤੇ ਗ੍ਰਹਿ ਸੁਤ ਪਾਯੋ॥ ੫॥*

## ੮੦ਵਾਂ ਚਰਿੱਤ੍ਰ : ਰਾਧਾ ਗੋਪੀ

ਬ੍ਰਿੰਦਾਬਨ ਵਿਚ ਨੰਦ ਦੇ ਘਰ ਕ੍ਰਿਸ਼ਨ ਜੀ ਨੇ ਅਵਤਾਰ ਲਿਆ, ਜਿਸ ਨੂੰ ਨਿੱਤ ਉਠ

ਕੇ ਨਮਸ਼ਕਾਰ ਕਰਦੇ ਸਨ। ਸਾਰੀਆਂ ਗੋਪੀਆਂ ਗੀਤ ਗਾਉਂਦੀਆਂ ਸਨ ਤੇ ਸਿਰ ਵੀ ਨਿਵਾਉਂਦੀਆਂ ਸਨ। ਉਹਨਾਂ ਵਿਚ ਇਕ ਰਾਧਾ ਨਾਮ ਦੀ ਗੋਪੀ ਸੀ। ਉਹ ਕ੍ਰਿਸ਼ਨ ਦੀ ਬਹੁਤ ਪ੍ਰੇਮਣ ਸੀ। ਮਾਂ ਪਿਉ ਤੋਂ ਵੀ ਬਹੁਤ ਡਰਦੀ ਸੀ ਤੇ ਜਸ਼ੋਧਾ ਤੇ ਨੰਦ ਨੂੰ ਵੇਖ ਕੇ ਅੱਖਾਂ ਨੀਵੀਆਂ ਕਰ ਲੈਂਦੀ ਸੀ। ਉਸ ਨੇ ਕ੍ਰਿਸ਼ਨ ਨੂੰ ਅੱਖ ਦੇ ਇਸ਼ਾਰੇ ਨਾਲ ਕਿਹਾ ਕਿ ਇਥੋਂ ਚਲੇ ਜਾਉ। ਕ੍ਰਿਸ਼ਨ ਨੇ ਅੱਖ ਦੇ ਇਸ਼ਾਰੇ ਨਾਲ ਉਸ ਨੂੰ ਉੱਤਰ ਦਿੱਤਾ।

*ਨੈਨਨ ਸੌ ਹਰਿ ਰਾਇ ਕਹਿ, ਭੌਹਨ ਉੱਤਰ ਦੀਨ॥*

*ਭੇਦ ਨ ਪਾਯੌ ਕਉਨਹੂੰ, ਕ੍ਰਿਸ਼ਨ ਬਿਦਾ ਕਰਿ ਦੀਨ॥ ੭॥*

## ੮੧ਵਾਂ ਚਰਿੱਤ੍ਰ : ਦ੍ਰਿਗ ਧੰਨਿਆ

ਸ਼ਰਮੋਨੀ ਸਿੰਘ ਇਕ ਰਾਜਾ ਸੀ। ਉਹਦੀ ਇਕ ਰਾਣੀ ਸੀ। ਉਸ ਦਾ ਨਾਮ ਧੰਨਿਆ ਸੀ। ਉਹ ਰਾਜੇ ਨੂੰ ਬਹੁਤ ਪਿਆਰੀ ਸੀ। ਇਕ ਦਿਨ ਉਸ ਨੇ ਰੰਗ ਨਾਥ ਨੂੰ ਬੁਲਾਇਆ। ਜੋਗੀ ਨੇ ਰਾਜੇ ਨੂੰ ਪ੍ਰਮੇਸ਼ਰ ਦੀਆਂ ਗੱਲਾਂ ਦੱਸੀਆਂ। ਪ੍ਰਮਾਤਮਾ ਨੇ ਚੌਰਾਸੀ ਲੱਖ ਜੂਨਾਂ ਬਣਾਈਆਂ ਹਨ ਤੇ ਸਾਰਿਆਂ ਨੂੰ ਰੋਜ਼ੀ ਦਿੰਦਾ ਹੈ। ਪਾਲਦਾ ਵੀ ਹੈ ਤੇ ਲੈਤਾ ਵੀ ਕਰਦਾ ਹੈ। ਜਿਹੜਾ ਸਤਿਨਾਮ ਵਾਹਿਗੁਰੂ ਨੂੰ ਜਪਦਾ ਹੈ, ਉਸ ਨੂੰ ਕਾਲ ਕੁਝ ਨਹੀਂ ਕਹਿੰਦਾ। ਅਕਾਸ਼ ਤੇ ਧਰਤੀ ਇਸੇ ਦੇ ਆਸਰੇ ਖੜੇ ਹਨ, ਵਾਹਿਗੁਰੂ ਜੀ ਦੇ ਆਸਰੇ 'ਤੇ। ਕਾਲ ਵੀ ਵਾਹਿਗੁਰੂ ਅਕਾਲ ਪੁਰਖ ਤੋਂ ਡਰਦਾ ਹੈ।

ਰਾਜਾ ਰਾਜ ਛੱਡਣ ਲਈ ਤਿਆਰ ਹੋ ਗਿਆ ਸੀ ਤਾਂ ਵਜ਼ੀਰ ਨੂੰ ਕਹਿ ਕੇ ਜੋਗੀ ਨੂੰ ਦਬਾ ਕੇ ਮਰਵਾਉਣਾ ਪਿਆ ਅਤੇ ਚਰਿੱਤ੍ਰ ਖੇਡ ਕੇ ਰਾਣੀ ਨੇ ਰਾਜੇ ਨੂੰ ਘਰ ਵਿਚ ਰੱਖ ਲਿਆ।

*ਦਿਨ ਕੌ ਰਾਜੁ ਆਪਨੌ ਕਰਹੌ॥ ਪਰੇ ਰਾਤ੍ਰਿ ਕੇ ਰਾਮ ਸੰਭਰਿਹੌ॥ ੯੬॥*

*ਬਿਨਾ ਨਾਮ ਤਾਕੇ ਜਪੇ, ਬਾਲ ਬ੍ਰਿਧ ਕੋਊ ਹੋਇ॥*

*ਰਾਵ ਰੰਕ ਰਾਜਾ ਸਭੈ, ਜਿਯਤ ਨ ਰਹਸੀ ਕੋਇ॥ ੨੦॥*

*(ਅਥਵਾ) ਸਤਿਨਾਮੁ ਜੋ ਜਿਯ ਲਖਿ ਪਾਵੈ॥ ਤਾਕੇ ਕਾਲ ਨਿਕਟ ਨਹਿ ਆਵੈ॥*

## ੮੨ਵਾਂ ਚਰਿੱਤ੍ਰ : ਸ਼ਾਹਜਹਾਨ ਦੀ ਬੇਗਮ

ਜਦੋਂ ਜਹਾਂਗੀਰ ਮਰ ਗਿਆ ਤਾਂ ਬਾਅਦ ਵਿਚ ਸ਼ਾਹਜਹਾਂ ਬਾਦਸ਼ਾਹ ਬਣਿਆ। ਦਰੀਆ ਖ਼ਾਂ ਨਾਲ ਉਸ ਦਾ ਬਹੁਤ ਵੈਰ ਸੀ, ਪਰ ਉਹ ਹੱਥ ਨਾ ਆਇਆ। ਆਪਣੇ ਦੁਸ਼ਮਨ ਨੂੰ ਮਾਰਨਾ ਚਾਹੁੰਦਾ ਸੀ। ਉਸ ਦਾ ਖ਼ਿਆਲ ਸੁੱਤਿਆਂ ਜਾਗਦਿਆਂ ਉਸ ਵਿਚ ਰਹਿੰਦਾ ਸੀ। ਸੁੱਤਾ ਪਿਆ ਵੀ ਬਰੜਾਈ ਜਾਂਦਾ ਸੀ ਤੇ ਸੋਚਾਂ ਸੋਚੀ ਜਾਂਦਾ ਸੀ ਕਿ ਕਿਵੇਂ ਨਾ ਕਿਵੇਂ ਦਰੀਆ ਖ਼ਾਂ ਮਾਰਿਆ ਜਾਵੇ।

ਇਕ ਦਿਨ ਸੁੱਤਾ ਪਿਆ ਬਰੜਾਇਆ ਤੇ ਕੋਲ ਪਈ ਬੇਗਮ ਜਾਗ ਪਈ। ਉਸ ਨੇ ਕਿਹਾ, ਦੁਸ਼ਮਨ ਨੂੰ ਮਾਰ ਕੇ ਪਤੀ ਨੂੰ ਸੁਖ ਦੇਈਏ। ਦਰੀਆ ਖ਼ਾਂ ਨੂੰ ਮਾਰਨ ਦਾ ਤਰੀਕਾ ਸੋਚਿਆ। ਸਿਆਣੇ ਦੁਸ਼ਮਨ ਨੂੰ ਮਾਰਨਾ ਬੜਾ ਔਖਾ ਹੈ ਤੇ ਸਿਧਰੇ ਨੂੰ ਮਾਰਨਾ ਸੌਖਾ ਹੈ। ਬੇਗਮ ਨੇ ਦਾਸੀ ਨੂੰ ਕੋਲ ਸੱਦਿਆ ਤੇ ਕਿਹਾ, ਤੂੰ ਦਰੀਆ ਖ਼ਾਂ ਨੂੰ ਇਥੇ ਲਿਆ। ਸਿਆਣੀ ਦਾਸੀ ਨੇ ਦਰੀਆ ਖ਼ਾਂ ਨੂੰ ਆਖਿਆ, ਤੈਨੂੰ ਬੇਗਮ ਨੇ ਯਾਦ ਕੀਤਾ ਹੈ। ਸੁਣ ਕੇ ਬੜਾ ਖ਼ੁਸ਼ ਹੋਇਆ ਤੇ ਫੁੱਲ ਗਿਆ। ਉਸ ਨੂੰ ਦੇਗ ਵਿਚ ਬਿਠਾ ਕੇ ਲੈ ਗਈ ਮਹਿਲਾਂ ਵਿਚ। ਦਾਸੀ ਨੂੰ ਬਹੁਤ ਧਨ ਦਿੱਤਾ ਤੇ ਰਾਜੇ ਨੂੰ ਬੁਲਾਇਆ ਤੇ ਦੱਸਿਆ। ਇਸ ਢੰਗ ਨਾਲ ਰਾਣੀ ਨੇ ਦੁਸ਼ਮਣ ਮਾਰ ਦਿੱਤਾ। ਉਸ ਨੂੰ ਦੇਗ ਸਮੇਤ ਚਾਂਦਨੀ ਚੌਂਕ ਵਿਚ ਦਬਾ ਦਿੱਤਾ।

*ਭੂਤ ਏਕ ਇਹ ਦੇਗ ਮੈਂ, ਕਹੁ ਕਾਜ਼ੀ ਕਜਾ ਨਜਾਇ॥*
*ਕਹੌ ਤੌ ਯਾਕੌ ਗਾਡਿਯੈ, ਕਹੌ ਤੌ ਦੇਉ ਜਰਾਇ॥ ੩੦॥*

## ੮੩ਵਾਂ ਚਰਿੱਤ੍ਰ : ਰਾਜੋ

ਰੋਜਰੀ ਦੇਸ਼ ਵਿਚ ਰਾਜਪੁਰ ਨਾਮ ਦਾ ਇਕ ਪਿੰਡ ਸੀ। ਉਥੇ ਰਾਜ ਮੱਲ ਨਾਮ ਦਾ ਇਕ ਗੁੱਜਰ ਵੱਸਦਾ ਸੀ। ਇਸ ਦੀ ਰਾਜੋ ਨਾਮ ਦੀ ਇਸਤ੍ਰੀ ਸੀ। ਉਸ ਦਾ ਪਰਾਏ ਆਦਮੀ ਨਾਲ ਪ੍ਰੇਮ ਹੋ ਗਿਆ। ਗੁੱਜਰ ਨੂੰ ਪਤਾ ਲੱਗਾ। ਪ੍ਰੇਮੀ ਵੀ ਜਾਣ ਗਿਆ ਤੇ ਡਰਿਆ ਤੇ ਪਿੰਡ ਛੱਡ ਕੇ ਚਲਿਆ ਗਿਆ। ਰਾਜੋ ਨੂੰ ਜਦੋਂ ਪਤਾ ਲੱਗਾ ਕਿ ਮੇਰਾ ਪ੍ਰੇਮੀ ਚਲਾ ਗਿਆ ਤਾਂ ਮਨ ਵਿਚ ਬਹੁਤ ਦੁੱਖ ਮੰਨਿਆ। ਇਸਤ੍ਰੀ ਨੂੰ ਚਿੱਠੀ ਲਿਖੀ ਕਿ ਮੈਂ ਬਹੁਤ ਦੁਖੀ ਹਾਂ। ਗੁੱਜਰ ਨੂੰ ਚਿੱਠੀ ਦਾ ਪਤਾ ਲੱਗ ਗਿਆ ਤਾਂ ਗੁੱਜਰ ਨੇ ਛਲ ਕਰ ਕੇ ਚਿੱਠੀ ਰਾਜੋ ਦੇ ਪ੍ਰੇਮੀ ਦੇ ਨਾਮ 'ਤੇ ਲਿਖ ਕੇ ਰਾਜੋ ਪਾਸੋਂ ਸਾਰਾ ਧਨ ਲੈ ਲਿਆ :

*ਯਾਹੀ ਜਤਨ ਸਕਲ ਧਨ ਹਰਯੋ॥ ਰਾਨੀ ਹੁਤੇ ਰੰਕ ਤਹ ਕਰਯੋ॥*
*ਹਾਥ ਮਿੱਤ੍ਰ ਕੇ ਦਰਬੁ ਨ ਆਯੋ॥ ਨਾਹਕ ਅਪਨੋ ਮੂੰਡ ਮੁੰਡਾਯੋ॥ ॥੧੪॥*

## ੮੪ਵਾਂ ਚਰਿੱਤ੍ਰ : ਇੰਦਰਮਤੀ

ਮਹਾਰਾਸ਼ਟਰ ਸ਼ਹਿਰ ਵਿਚ ਮਹਾਰਾਸ਼ਟਰ ਨਾਮ ਦਾ ਇਕ ਰਾਜਾ ਸੀ। ਉਸ ਦੀ ਪਟਰਾਨੀ ਇੰਦਰਮਤੀ ਸੀ। ਉਹ ਰਾਜੇ ਨੂੰ ਬਹੁਤ ਪਿਆਰੀ ਸੀ। ਦਰਾਵੜ ਦੇਸ਼ ਦੇ ਰਾਜੇ ਦਾ ਪੁੱਤਰ ਮੋਹਨ ਸਿੰਘ ਸਾਧੂ ਦਾ ਭੇਸ ਧਾਰ ਕੇ ਮਹਾਰਾਸ਼ਟਰ ਨਗਰ ਵਿਚ ਆ ਗਿਆ। ਰਾਣੀ ਨੇ ਰਾਜੇ ਨੂੰ ਆਖਿਆ, ਜੋਗੀ ਭੇਸ ਵਾਲੇ ਮੋਹਨ ਸਿੰਘ ਨੂੰ ਮੰਗਾ ਲਿਆ ਜਾਵੇ। ਆਦਮੀ ਭੇਜ ਕੇ ਪਕੜ ਕੇ ਲੈ ਆਵੋ। ਆਦਮੀਆਂ ਨੇ ਫੜ ਲਿਆਂਦਾ ਤੇ ਉਸ ਨੂੰ ਦੇਸ਼ ਦਾ ਰਾਜਾ ਸਮਝ ਕੇ ਰਾਣੀ ਨੇ ਆਪਣੀ ਲੜਕੀ ਦਾ ਵਿਆਹ ਉਸ ਨਾਲ ਕਰ ਦਿੱਤਾ। ਇਹ ਗੱਲ ਸੁਣ ਕੇ ਰਾਜਾ ਦੁਖੀ

ਹੋਇਆ ਤੇ ਆਖਣ ਲੱਗਾ, ਨਾ ਇਸ ਦੀ ਮਾਂ ਤੇ ਨਾ ਇਸ ਦਾ ਪਿਉ, ਮੇਰੀ ਲੜਕੀ ਦਾ ਵਿਆਹ ਇਸ ਨਾਲ ਕਰ ਦਿੱਤਾ ਹੈ। ਰਾਜੇ ਨੇ ਕਿਹਾ, ਲੜਕੇ ਤੇ ਲੜਕੀ ਨੂੰ ਮਾਰ ਦਿਉ। ਤਾਂ ਰਾਣੀ ਨੇ ਚਰਿੱਤ੍ਰ ਕਰਕੇ ਰਾਜੇ ਨੂੰ ਮਠਿਆਈ ਖੁਆਈ ਅਤੇ ਜਵਾਈ ਤੇ ਧੀ ਨੂੰ ਬਚਾਅ ਲਿਆ।

*ਦੁਹਿਤਾ ਜਾਮਾਤਾ ਸਹਿਤ, ਜੀਯਤ ਦਯੋ ਪਠਾਇ॥*

*ਸਭ ਦੇਖਤ ਦਿਨ ਕਾਢਿਯੋ, ਨ੍ਰਿਪਹਿ ਮਿਠਾਈ ਖ੍ਵਾਇ॥ ੨੦॥*

## ੮੫ਵਾਂ ਚਰਿੱਤ੍ਰ : ਰਾਜਾ ਉਚਿੱਸ੍ਰਵ

ਉਰੀਚੰਗ ਸ਼ਹਿਰ ਵਿਚ ਉਚਿੱਸ੍ਰਵ ਰਾਜਾ ਰਹਿੰਦਾ ਸੀ। ਉਸ ਦੇ ਘਰ ਉਸ ਦੀ ਰਾਣੀ ਰੂਪ ਕਲਾ ਨਾਮ ਦੀ ਇਸਤ੍ਰੀ ਸੀ। ਉੱਥੇ ਇੰਦਰ ਨਾਥ ਜੋਗੀ ਆਇਆ ਤੇ ਉਸ ਨੇ ਰਾਣੀ ਨੂੰ ਸੁਰਮਾ ਦਿੱਤਾ। ਜਦੋਂ ਰਾਣੀ ਸੁਰਮਾ ਅੱਖਾਂ ਵਿਚ ਪਾ ਲੈਂਦੀ ਸੀ ਤਾਂ ਉਹ ਸਾਰਿਆਂ ਨੂੰ ਵੇਖਦੀ ਸੀ, ਪਰ ਉਸ ਨੂੰ ਕੋਈ ਨਹੀਂ ਸੀ ਵੇਖ ਸਕਦਾ। ਆਪਣੀ ਮਰਜ਼ੀ ਨਾਲ ਉੱਡ ਕੇ ਜਿਥੇ ਮਰਜ਼ੀ ਜਾ ਸਕਦੀ ਸੀ। ਸੁਰਮੇ ਵਿਚ ਇੰਨੀ ਸ਼ਕਤੀ ਸੀ। ਇਕ ਦਿਨ ਰਾਜੇ ਨੂੰ ਪਤਾ ਲੱਗਾ ਤੇ ਬੜਾ ਦੁਖੀ ਹੋਇਆ। ਰਾਜੇ ਨੇ ਚਰਿੱਤ੍ਰ ਕੀਤਾ। ਰਾਣੀ ਨੂੰ ਚਿੱਠੀ ਲਿਖੀ ਆਪ ਜੋਗੀ ਵੱਲੋਂ ਕਿ ਮੈਂ ਬਹੁਤ ਗ਼ਰੀਬ ਹਾਂ ਤੇ ਮੈਨੂੰ ਧਨ ਦੇ। ਰਾਣੀ ਤੋਂ ਹੌਲੀ-ਹੌਲੀ ਸਾਰਾ ਧਨ ਚੁਰਾ ਲਿਆ। ਰਾਜੇ ਦੀਆਂ ਦੂਜੀਆਂ ਰਾਣੀਆਂ ਸਨ। ਪਹਿਲੀਆਂ ਰਾਣੀਆਂ ਸੌਂਕਣਾਂ, ਉਸ ਤੋਂ ਉਨ੍ਹਾਂ ਕੋਲੋਂ ਭਿਖਿਆ ਮੰਗਾਈ। ਅਖ਼ੀਰ ਤੱਕ ਹੱਥ ਵਿਚ ਟੁੱਟਾ ਭਾਂਡਾ ਫੜ ਕੇ ਭਿਖਿਆ ਮੰਗਦੀ ਮਰ ਗਈ।

*ਜੋਗੀ ਦੈ ਅੰਜਨੁ ਤਹ ਆਵੈ॥ ਗੁਟਕੈ ਬਲੁ ਕੈ ਬਹੁ ਉਡਿ ਜਾਵੈ॥*

*ਯਥਾ : ਦ੍ਵਾਰ ਦ੍ਵਾਰ ਤੇ ਭੀਖ ਮੰਗਾਈ॥ ਦਰਬੁ ਹੁਤੋ ਸੋ ਰਹਯੋ ਨ ਕਾਈ॥*

ਇਹ ਪੁਰਸ਼ ਚਰਿੱਤ੍ਰ ਹੈ।

## ੮੬ਵਾਂ ਚਰਿੱਤ੍ਰ : ਇੰਦਰ ਸਿੰਘ

ਇੰਦਰ ਸਿੰਘ ਨਾਮ ਦਾ ਇਕ ਰਾਜਾ ਸੀ। ਚੰਦ੍ਰਕਲਾ ਉਸ ਦੀ ਇਸਤ੍ਰੀ ਸੀ। ਰਾਜਾ ਆਪਣੀ ਰਾਣੀ ਦੇ ਅਧੀਨ ਰਹਿੰਦਾ ਸੀ। ਰਾਜੇ ਦੀ ਇਕ ਦਾਸੀ ਬਹੁਤ ਸੁੰਦਰ ਸੀ। ਉੱਥੇ ਇਕ ਸੈਂਟ ਵੇਚਣ ਵਾਲਾ ਵਪਾਰੀ ਆਇਆ ਜੋ ਜਾਤ ਦਾ ਖੱਤਰੀ ਸੀ। ਉਸ ਦਾ ਨਾਮ ਫਤਹ ਚੰਦ ਸੀ। ਦਾਸੀ ਨੂੰ ਉਸ ਦੇ ਸੰਗ ਕਰਕੇ ਗਰਭ ਠਹਿਰ ਗਿਆ। ਦਾਸੀ ਆਖੇ, ਰਾਜੇ ਨੇ ਮੇਰੇ ਨਾਲ ਧੱਕਾ ਕੀਤਾ ਤੇ ਮੇਰੇ ਗਰਭ ਹੋ ਗਿਆ। ਜਦੋਂ ਰਾਜੇ ਨੂੰ ਪਤਾ ਲੱਗਾ ਤਾਂ ਰਾਜਾ ਬਹੁਤ ਦੁਖੀ ਹੋਇਆ। ਰਾਜੇ ਨੇ ਦਾਸੀ ਨੂੰ ਸੱਦਿਆ ਕਿ ਤੈਨੂੰ ਫਤਹ ਚੰਦ ਸੱਦਦਾ ਹੈ। ਦਾਸੀ ਗਈ ਤੇ ਉਸ ਨੂੰ ਫੜ ਕੇ ਟੋਇਆ ਪੁੱਟ ਕੇ ਦੱਬ ਦਿੱਤਾ।

*ਫਤਹ ਚੰਦ ਕੋ ਨਾਮੁ ਲੈ, ਚੇਰੀ ਲਈ ਬੁਲਾਇ॥*

*ਮਾਰਿ ਆਪਨੇ ਹਾਥ ਹੀ, ਗਡਹੇ ਦਈ ਗਡਾਇ॥ ੭॥*

ਇਹ ਪੁਰਸ਼ ਚਰਿੱਤ੍ਰ ਹੈ।

## ੮੭ਵਾਂ ਚਰਿੱਤ੍ਰ : ਚੰਦਰ ਪ੍ਰਭਾ

ਭੁਟੰਤ ਦੇਸ਼ ਦਾ ਚੰਦਰ ਸਿੰਘ ਨਾਮ ਦਾ ਰਾਜਾ ਸੀ ਜੋ ਜਗਨਨਾਥ ਦੀ ਪੂਜਾ ਕਰਦਾ ਸੀ, ਉਸ ਦੇ ਘਰ ਚੰਦਰ ਪ੍ਰਭਾ ਨਾਮ ਦੀ ਇਸਤ੍ਰੀ ਸੀ। ਰਾਜਾ ਇਸਤ੍ਰੀ ਨੂੰ ਵੇਖ ਕੇ ਪਾਣੀ ਪੀਂਦਾ ਸੀ, ਪਰ ਰਾਣੀ ਦਾ ਪ੍ਰੇਮ ਇਕ ਹੋਰ ਪੁਰਸ਼ ਨਾਲ ਸੀ। ਇਕ ਦਿਨ ਰਾਜਾ ਉੱਤੇ ਆ ਗਿਆ ਤਾਂ ਰਾਣੀ ਨੇ ਆਪਣੇ ਮਿੱਤ੍ਰ 'ਤੇ ਕੁੱਤੇ ਦੀ ਖੱਲ ਪਾ ਕੇ ਉਸ ਨੂੰ ਕੁੱਤਾ ਬਣਾ ਕੇ ਰਾਜੇ ਨੂੰ ਧੋਖਾ ਦਿੱਤਾ।

*ਤਾਕੋ ਖਲਰੀ ਸ੍ਵਾਨ ਕੀ, ਲਈ ਤੁਰਤੁ ਪਹਿਰਾਇ॥*

*ਰਾਜਾ ਜੂ ਕੇ ਦੇਖਤੇ, ਗ੍ਰਿਹ ਕੌ ਦਯੋ ਪਠਾਇ॥ ੫॥*

## ੮੮ਵਾਂ ਚਰਿੱਤ੍ਰ : ਕੰਜ ਪ੍ਰਭਾ

ਗੋਖਾ ਨਗਰ ਵਿਚ ਇੰਦਰ ਸਿੰਘ ਨਾਮ ਦਾ ਇਕ ਰਾਜਾ ਸੀ, ਜਿਸ ਦੀ ਕੰਜ ਪ੍ਰਭਾ ਰਾਣੀ ਸੀ। ਗੋਖਾ ਨਗਰ ਵਿਚ ਇਕ ਦੇਵੀ ਦਾ ਮੰਦਰ ਸੀ। ਦੇਵੀ ਦੀ ਸਾਰੇ ਲੋਕ ਪੂਜਾ ਕਰਦੇ ਸਨ। ਰਾਣੀ ਹੋਰ ਕਿਸੇ ਆਦਮੀ 'ਤੇ ਡੋਲ ਗਈ ਤੇ ਰਾਜੇ ਨੂੰ ਆਖਿਆ, ਉਹ ਮੰਦਰ ਗਈ ਹੈ ਤਾਂ ਰਾਜਾ ਬਹੁਤ ਖ਼ੁਸ਼ ਹੋਇਆ।

*ਯੌ ਕਹਿਕੈ ਰਾਨੀ ਉਠੀ, ਕਰਜੋ ਮੀਤ ਗ੍ਰਿਹਿ ਗੌਨ॥*

*ਨ੍ਰਿਪਤਿ ਪ੍ਰਫੁੱਲਿਤ ਚਿਤ ਭਯੋ, ਗਈ ਸ਼ਿਵਾ ਕੇ ਭੌਨ॥ ੧੬॥*

## ੮੯ਵਾਂ ਚਰਿੱਤ੍ਰ : ਰਾਮ ਸਿੰਘ ਜਾਟ

ਇਕ ਜੱਟ ਸੀ। ਉਹ ਸਾਰਾ ਦਿਨ ਖੇਤੀ ਦਾ ਕੰਮ ਕਰਦਾ ਸੀ। ਉਸ ਦਾ ਨਾਮ ਰਾਮ ਸਿੰਘ ਸੀ। ਉਸ ਦੇ ਘਰ ਵਿਚ ਇਕ ਇਸਤ੍ਰੀ ਸੀ ਜਿਸ ਦਾ ਨਾਮ ਰਾਧਾ ਸੀ। ਉਹ ਬੜੀ ਕੁਚੱਜੀ ਸੀ ਤੇ ਮਾੜੇ ਕੰਮ ਕਰਦੀ ਸੀ। ਆਪਣੇ ਪਤੀ ਨੂੰ ਭੁਲੇਖੇ ਵਿਚ ਰੱਖਦੀ ਸੀ।

*ਪਿਰ ਛੋਡਿਆ ਘਰ ਅਪਨੈ, ਪਰ ਪੁਰਖੈ ਨਾਲ ਪਿਆਰ॥*

(ਅੰਗ ੭੮੫)

ਇਸ ਤਰ੍ਹਾਂ ਇਹ ਮਾੜੇ ਆਚਰਨ ਵਾਲੀ ਸੀ।

*ਰਾਧਾ ਨਾਮ ਨਾਰਿ ਗ੍ਰਿਹਿ ਤਾਂਕੇ॥ ਕਛੂ ਨ ਲਾਜ ਰਹਤ ਤਨ ਵਾਂਕੇ॥*

## ੯੦ਵਾਂ ਚਰਿੱਤ੍ਰ : ਦੀਪ ਕਲਾ

ਇਸ ਚਰਿੱਤ੍ਰ ਵਿਚ ਦੀਪ ਕਲਾ ਨੇ ਬਾਪ ਨੂੰ ਧੋਖਾ ਦਿੱਤਾ ਹੈ। ਇਟਾਵਾ ਸ਼ਹਿਰ ਵਿਚ ਨਾਨਾ ਨਾਮ ਦਾ ਇਕ ਸੁਨਿਆਰਾ ਰਹਿੰਦਾ ਸੀ ਜੋ ਬਹੁਤ ਸੁੰਦਰ ਸੀ। ਉਥੇ ਇਕ ਦੀਪ ਕਲਾ ਕੁਮਾਰੀ ਸੀ। ਇਹ ਦੀਪ ਕਲਾ ਸੁਨਿਆਰੇ ਨਾਲ ਪ੍ਰੇਮ ਕਰਦੀ ਸੀ। ਇਸ ਨੇ ਆਪਣੇ ਬਾਪ ਨੂੰ ਕਿਸ ਤਰ੍ਹਾਂ ਧੋਖਾ ਦਿੱਤਾ ਹੈ, ਇਹ ਪ੍ਰਸੰਗ ਇਸ ਚਰਿੱਤ੍ਰ ਵਿਚ ਕਥਨ ਕੀਤਾ ਹੈ।

*ਏਕ ਦਿਵਸ ਤਿੱਹ ਧਾਮ ਬੁਲਾਯੋ॥ ਤਬ ਲੌ ਪਿਤੁ ਤਾਕੇ ਗ੍ਰਿਹ ਆਯੋ॥*

## ੯੧ਵਾਂ ਚਰਿੱਤ੍ਰ : ਕਾਮ ਕੰਦਲਾ

ਗੋਬਿੰਦ ਚੰਦ ਰਾਜੇ ਦਾ ਮਾਧਵਨਲ ਮਿੱਤਰ ਸੀ। ਉਹ ਬੰਸਰੀ ਬੜੀ ਪਿਆਰੀ ਸੁਰ ਵਿਚ ਵਜਾਉਂਦਾ ਸੀ। ਬੰਸਰੀ ਦੀ ਸੁਰ ਸੁਣ ਕੇ ਸਾਰੀਆਂ ਇਸਤ੍ਰੀਆਂ ਮੋਹਿਤ ਹੋ ਜਾਂਦੀਆਂ ਸਨ। ਰਾਜੇ ਨੇ ਮਾਧਵਨਲ ਪੰਡਤ ਨੂੰ ਨਗਰ ਵਿਚੋਂ ਬਾਹਰ ਕੱਢ ਦਿੱਤਾ, ਪਰ ਮਾਰਿਆ ਨਹੀਂ। ਬ੍ਰਾਹਮਣ ਉਥੇ ਆ ਗਿਆ, ਜਿੱਥੇ ਕਾਮ ਸੈਨ ਨਾਂ ਦਾ ਰਾਜਾ ਸੀ। ਉਸ ਦੇ ਸਾਹਮਣੇ 360 ਇਸਤ੍ਰੀਆਂ ਨਾਚ ਕਰਦੀਆਂ ਸਨ। ਉਥੇ ਸਾਰੇ ਸੂਰਮੇਂ ਬੈਠੇ ਸਨ ਤੇ ਕਾਮ ਕੰਦਲਾ ਨਾਚ ਕਰ ਰਹੀ ਸੀ। ਮਾਧਵਨਲ ਦਾ ਉਸ ਨਾਲ ਪ੍ਰੇਮ ਹੋ ਗਿਆ। ਬਿਕ੍ਰਮ ਰਾਇ ਨੇ ਕਾਮਸੈਨ ਰਾਜੇ ਨਾਲ ਜੰਗ ਕਰਕੇ ਕਾਮ ਕੰਦਲਾ ਬ੍ਰਾਹਮਣ ਨੂੰ ਦੇ ਦਿੱਤੀ ਸੀ।

*ਦੂਤ ਪਠਾਯੋ ਏਕ ਕਾਮਸੈਨ ਨ੍ਰਿਪ ਸੌ ਕਹੈ॥*
*ਕਾਮ ਕੰਦਲਾ ਏਕ ਦੈ ਸਭ ਦੇਸ ਉਬਾਰਿਯੈ॥ ੪੧॥*
*ਕਾਮਾ ਦਈ ਦਿਜੋਤ ਮਹਿ ਧੰਨਯ ਬ੍ਰਿਕਮਾ ਰਾਇ॥ ੬੫॥* (ਪੁਰਖ ਚਰਿੱਤ੍ਰ)

## ੯੨ਵਾਂ ਚਰਿੱਤ੍ਰ : ਸਰੂਪ ਕਲਾ

ਦੱਖਣ ਦੇਸ਼ ਦੀਆਂ ਇਸਤ੍ਰੀਆਂ ਐਨੀਆਂ ਸੋਹਣੀਆਂ ਸਨ ਕਿ ਜੋਗੀ ਵੀ ਘਰ-ਬਾਰੀ ਹੋ ਜਾਂਦੇ ਸਨ। ਉਥੋਂ ਦਾ ਮੰਗਲ ਸੈਨ ਰਾਜਾ ਸੀ। ਜਿਵੇਂ ਸ਼ਿਵਜੀ ਨੂੰ ਆਪਣੀ ਪਾਰਬਤੀ ਪਿਆਰੀ ਸੀ, ਉਸ ਤਰ੍ਹਾਂ ਉਸ ਨੂੰ ਸਰੂਪ ਕਲਾ ਪਿਆਰੀ ਸੀ। ਜਦੋਂ ਰਾਜਾ ਮਹਿਲਾਂ ਵਿਚ ਆਉਂਦਾ ਤਾਂ ਸਰੂਪ ਕਲਾ ਆਪਣੀਆਂ ਸਹੇਲੀਆਂ ਨੂੰ ਨਾਲ ਲੈ ਕੇ ਕਾਨੜੇ ਰਾਗ ਵਿਚ ਬੰਸਰੀ ਵਜਾਉਂਦੀ ਸੀ। ਵਿਸ਼ਨੂੰ ਦੱਤ ਨਟ ਉਥੇ ਰਹਿੰਦਾ ਸੀ। ਰਾਣੀਆਂ ਨੇ ਨਟ ਨਾਲ ਪ੍ਰੇਮ ਕੀਤਾ ਤੇ ਰਾਜੇ ਨੂੰ ਛਲਿਆ।

*ਦਛਿਨ ਦੇਸ ਬਿਚੱਛਨ ਨਾਰੀ॥ ਜੋਗੀ ਗਏ ਭਏ ਘਰ ਬਾਰੀ॥*

## ੯੩ਵਾਂ ਚਰਿੱਤ੍ਰ : ਜੁਲਾਹਾ

ਜੁਲਾਹਾ ਸਹੁਰੇ ਜਾ ਰਿਹਾ ਸੀ। ਰਸਤੇ ਵਿਚ ਉੱਡ ਜਾਉ, ਉੱਡ ਜਾਉ ਕਹਿੰਦਾ ਜਾਂਦਾ ਸੀ। ਇਕ ਸ਼ਿਕਾਰੀ ਨੇ ਫੜ ਕੇ ਕੁੱਟਿਆ ਅਤੇ ਕਿਹਾ, ਉੱਡ ਜਾਉ, ਉੱਡ ਜਾਉ ਦੀ ਥਾਂ ਫਸ ਜਾਉ, ਫਸ ਜਾਉ ਕਿਹਾ ਕਰ। ਅੱਗੇ ਚੋਰ ਮਿਲ ਗਏ ਤੇ ਜੁਲਾਹੇ ਨੇ ਕਿਹਾ ਕਿ ਫਸ ਜਾਉ, ਫਸ ਜਾਉ ਕਿਹਾ ਕਰ, ਚੋਰਾਂ ਨੇ ਫੜ ਕੇ ਜੁਲਾਹੇ ਨੂੰ ਕੁੱਟਿਆ। ਚੋਰ ਕਹਿਣ ਲੱਗੇ, ਲੈ ਆਉ, ਧਰ ਜਾਉ, ਇਹ ਕਹਿੰਦਾ ਹੋਇਆ ਤੁਰਿਆ ਜਾਹ। ਅੱਗੇ ਰਾਜੇ ਦੇ ਚਾਰ ਪੁੱਤਰਾਂ ਵਿਚੋਂ ਇਕ ਮਰ ਗਿਆ। ਉਸ ਰਾਜੇ ਦੇ ਪੁੱਤਰ ਨੂੰ ਦੱਬਣ ਵਾਸਤੇ ਲੈ ਚਲੇ ਸਨ। ਜਦੋਂ ਸੈਨਾ ਨੇ ਸੁਣਿਆ, ਲੈ ਆਉ, ਧਰ ਜਾਉ ਤਾਂ ਸੈਨਾ ਨੇ ਫੜ ਕੇ ਜੁਲਾਹੇ ਨੂੰ ਕੁੱਟਿਆ ਤੇ ਸੈਨਾ ਨੇ ਕਿਹਾ, ਤੂੰ ਕਹਿ, ਬਹੁਤ ਮਾੜਾ ਹੋਇਆ, ਬਹੁਤ ਮਾੜਾ ਹੋਇਆ, ਇਸ ਤਰ੍ਹਾਂ ਆਖੀ ਜਾ। ਅੱਗੇ ਇਕ ਰਾਜੇ ਦਾ ਕੋਈ ਪੁੱਤਰ ਨਹੀਂ ਸੀ ਅਤੇ ਉਸ ਨੇ ਦੂਸਰਾ ਵਿਆਹ ਕਰਵਾਇਆ ਤੇ ਇਕ ਪੁੱਤਰ ਹੋਇਆ। ਲੋਕ ਖ਼ੁਸ਼ੀ ਮਨਾ ਰਹੇ ਸਨ ਤੇ ਜੁਲਾਹਾ ਆਖੇ, ਮਾੜਾ ਹੋਇਆ, ਮਾੜਾ ਹੋਇਆ। ਜਦੋਂ ਲੋਕਾਂ ਨੇ ਸੁਣਿਆ ਤਾਂ ਫੜ ਕੇ ਜੁੱਤੀਆਂ ਮਾਰੀਆਂ ਤੇ ਕਹਿਣ ਲੱਗੇ, ਭਲਾ ਹੋਇਆ, ਭਲਾ ਹੋਇਆ, ਇਸ ਤਰ੍ਹਾਂ ਆਖੀ ਜਾ। ਜੁਲਾਹਾ ਅੱਗੇ ਪਹੁੰਚਿਆ ਤਾਂ ਇਕ ਪਿੰਡ ਨੂੰ ਅੱਗ ਲੱਗੀ ਹੋਈ ਸੀ। ਜੁਲਾਹਾ ਆਖੇ ਭਲਾ ਹੋਇਆ, ਭਲਾ ਹੋਇਆ। ਜਦੋਂ ਪਿੰਡ ਵਾਲਿਆਂ ਨੇ ਸੁਣਿਆ ਤਾਂ ਉਸ ਜੁਲਾਹੇ ਨੂੰ ਕੁੱਟਿਆ। ਜਦੋਂ ਆਪਣੇ ਸਹੁਰੇ ਪਹੁੰਚ ਗਿਆ ਤਾਂ ਸੌਹਰਿਆਂ ਨੇ ਰੋਟੀ ਦਿੱਤੀ ਤਾਂ ਇਸ ਨੇ ਨਾ ਖਾਧੀ। ਸ਼ਰਮ ਦਾ ਮਾਰਿਆ ਦੱਸੇ ਕੁਝ ਨਾ। ਜੁਲਾਹੇ ਨੇ ਸੂਤ ਦੀ ਤਾਣੀ ਵੇਚ ਕੇ ਕ੍ਰਿਪਾਨ ਲਈ ਤੇ ਉਥੇ ਪਹੁੰਚ ਗਿਆ ਜਿੱਥੇ ਪਿੰਡ ਦੇ ਲੋਕਾਂ ਨੂੰ ਸ਼ੇਰ ਮਾਰਿਆ ਕਰਦਾ ਸੀ। ਜੁਲਾਹਾ ਬਰਛਾ ਲੈ ਕੇ ਦਰੱਖ਼ਤ 'ਤੇ ਚੜ੍ਹ ਗਿਆ। ਉਥੇ ਸ਼ੇਰ ਗ਼ੁੱਸੇ ਦਾ ਭਰਿਆ ਆ ਖੜੋਤਾ। ਜਦੋਂ ਸ਼ੇਰ ਨੇ ਦੇਖਿਆ ਤਾਂ ਜੁਲਾਹੇ ਦੇ ਹੱਥੋਂ ਬਰਛੀ ਡਿੱਗ ਪਈ ਤੇ ਬਰਛੀ ਸ਼ੇਰ ਦੇ ਸ਼ਾਹ ਰਗ ਵਿਚ ਲੱਗੀ ਤੇ ਦੂਜੇ ਪਾਸੇ ਨਿਕਲ ਗਈ। ਸ਼ੇਰ ਮਰ ਗਿਆ। ਸ਼ੇਰ ਦੀ ਪੂਛ ਤੇ ਕੰਨ ਵੱਢ ਕੇ ਰਾਜੇ ਦੇ ਸਾਹਮਣੇ ਪੇਸ਼ ਹੋਇਆ। ਰਾਜੇ ਨੇ ਇਨਾਮ ਦਿੱਤਾ। ਇਸ ਰਾਜੇ ਦਾ ਇਕ ਰਾਜਾ ਦੁਸ਼ਮਨ ਸੀ। ਉਹ ਫ਼ੌਜਾਂ ਲੈ ਕੇ ਉਸ ਰਾਜੇ ਦੇ ਉੱਤੇ ਆ ਚੜ੍ਹਿਆ। ਰਾਜੇ ਨੇ ਸ਼ੇਰ-ਮਾਰ ਜੁਲਾਹੇ ਨੂੰ ਸੈਨਾਪਤੀ ਬਣਾ ਦਿੱਤਾ। ਜੁਲਾਹੇ ਨੇ ਆਪਣੀ ਇਸਤ੍ਰੀ ਨੂੰ ਸੱਦਿਆ ਤੇ ਡਰਦੇ ਮਾਰੇ ਅੱਧੀ ਰਾਤ ਨੂੰ ਜੰਗਲ ਦਾ ਰਾਹ ਫੜਿਆ ਤੇ ਦੋਵੇਂ ਜੀਅ ਭੱਜ ਗਏ। ਰਸਤੇ ਵਿਚ ਬੱਦਲ ਹੋ ਗਿਆ। ਬਿਜਲੀ ਚਮਕੇ ਤੇ ਦਿੱਸਦਾ ਕੁਝ ਨਹੀਂ ਸੀ। ਅੱਗੇ ਖੂਹੀ ਆ ਗਈ ਤੇ ਜੁਲਾਹਾ ਵਿਚ ਡਿੱਗ ਪਿਆ। ਉਥੇ ਦੁਸ਼ਮਨ ਰਾਜੇ ਦੀ ਫ਼ੌਜ ਸੀ। ਜੁਲਾਹੇ ਨੂੰ ਖੂਹ ਵਿਚ ਡਿੱਗੇ ਹੋਏ ਨੂੰ, ਜੁਲਾਹੀ ਨੇ ਸ਼ੇਰ ਮਾਰ ਆਖਿਆ। ਜਦੋਂ ਸ਼ੇਰ ਦਾ ਨਾਂ ਸੁਣਿਆ ਤਾਂ ਸੈਨਾ ਮਨ ਵਿਚ ਡਰ ਗਈ ਤੇ ਆਪਸ ਵਿਚ ਲੜ ਕੇ ਫ਼ੌਜ ਮਰ ਗਈ। ਜੁਲਾਹੀ ਫੇਰ ਰਾਜੇ ਪਾਸ ਗਈ। ਸਾਰੀ ਵਾਰਤਾ ਦੱਸੀ। ਰਾਜੇ ਨੇ ਜੁਲਾਹੇ ਨੂੰ ਖੂਹੀ ਵਿਚੋਂ ਬਾਹਰ ਕੱਢਿਆ ਤੇ ਪਾਲਕੀ ਵਿਚ ਬਿਠਾ ਕੇ ਲੈ ਗਏ।

*ਚਲਯੋ ਜੁਲਾਹੋ ਸਾਹੁਰੇ, ਉਡਿ ਜਾ ਕਹਤਾ ਜਾਇ॥*

*ਬੱਧਿਕ ਕੁਸਗਨ ਜਾਨਿ ਕੈ, ਮਾਰਜੋ ਤਾਹਿ ਬਨਾਇ॥੧॥*

*ਯਥਾ : ਫਸਿ ਫਸਿ ਜਾਵਹੁ ਉਡਿ ਉਡਿ ਆਇ॥*

*ਐਸੇ ਕਹਤ ਜੁਲਾਹੋ ਜਾਇ॥*

## ੯੪ਵਾਂ ਚਰਿੱਤ੍ਰ : ਦੀਨ ਦਿਆਲ ਬ੍ਰਾਹਮਣ

ਚਾਂਦਪੁਰ ਨਾਮ ਦਾ ਇਕ ਪਿੰਡ ਸੀ। ਉਥੇ ਦੀਨ ਦਿਆਲ ਬ੍ਰਾਹਮਣ ਰਹਿੰਦਾ ਸੀ। ਸਾਰੀਆਂ ਇਸਤ੍ਰੀਆਂ ਉਥੇ ਆ ਕੇ ਮੱਥਾ ਟੇਕਦੀਆਂ ਸਨ। ਇਹ ਬ੍ਰਾਹਮਣ ਆਚਰਣਹੀਨ ਸੀ। ਜਿਸ ਇਸਤਰੀ ਨਾਲ ਇਸ ਦਾ ਪ੍ਰੇਮ ਸੀ, ਉਹ ਚਰਿੱਤ੍ਰ ਕਰ ਕੇ ਦੂਸਰੀਆਂ ਇਸਤ੍ਰੀਆਂ ਦੇ ਅੱਖੀਂ ਘੱਟਾ ਪਾਉਂਦਾ ਸੀ।

*ਦਿਸਨ ਦਿਸਨ ਕੀ ਇਸਤ੍ਰੀ ਆਵਹਿ॥ ਆਇ ਬਿੱਪ ਕੌ ਸੀਸ ਝੁਕਾਵਹਿ॥*

## ੯੫ਵਾਂ ਚਰਿੱਤ੍ਰ : ਬਿੰਦੂ

ਇਕ ਜੱਟ ਦੀ ਲੜਕੀ ਸੀ। ਇਹ ਰਾਜੇ ਕੋਲ ਰਹਿੰਦੀ ਸੀ। ਉਸ ਦਾ ਨਾਮ ਬਿੰਦੂ ਸੀ। ਉਹ ਇਕ ਸਹੇਲੀ ਨਾਲ ਔਖੀ ਰਹਿੰਦੀ ਸੀ। ਉਸ ਨੇ ਜਿਸ ਸਹੇਲੀ ਦਾ ਨਾਮ ਲਿਆ, ਰਾਜੇ ਨੇ ਉਸ ਨੂੰ ਫੜ ਕੇ ਮੰਗਵਾਇਆ 'ਤੇ ਉਸ ਨੂੰ ਕੋੜਿਆਂ ਨਾਲ ਮਾਰ ਪਈ, ਪਰ ਉਹਨੇ ਸੀ ਨਾ ਕੀਤੀ। ਮਾਰ ਪੈਣ ਤੇ ਮੰਨੀ ਨਾ। ਰਾਜੇ ਨੇ ਆਖਿਆ, ਇਹ ਬੇਸ਼ਰਮ ਹੈ। ਜਦੋਂ ਰਾਤ ਹੋਈ ਤਾਂ ਉਹ ਅੱਧੀ ਰਾਤ ਨੂੰ ਭੱਜ ਗਈ, ਪਰ ਰਾਜੇ ਨੇ ਆਪਣੇ ਆਦਮੀ ਫੜਨ ਵਾਸਤੇ ਭੇਜੇ ਤੇ ਉਹਨਾਂ ਨੇ ਫੜ ਕੇ ਰਾਜੇ ਅੱਗੇ ਪੇਸ਼ ਕੀਤੀ ਤੇ ਕੋਠੜੀ ਵਿਚ ਬੰਦ ਕਰ ਕੇ ਉਸ ਨੂੰ ਖਾਣੇ ਵਿਚ ਜ਼ਹਿਰ ਪਾ ਕੇ ਮਾਰ ਦਿੱਤੀ।

*ਭੇਜਿ ਮਨੁਖ ਨ੍ਰਿਪ ਪਕਰਿ ਮੰਗਾਈ॥ ਏਕ ਕੋਠਰੀ ਮੈ ਰਖਵਾਈ॥*

*ਬਿਖੁ ਕੋ ਖਾਨਾ ਤਾਂਹਿ ਖਵਾਯੋ॥ ਵਾਹਿ ਮ੍ਰਿਤੁ ਕੋ ਧਾਮ ਪਠਾਯੋ॥੭॥*

## ੯੬ਵਾਂ ਚਰਿੱਤ੍ਰ : ਗੌਹਰਾ

ਮਰਗ ਜੌਹੜੇ ਨਾਮ ਦੇ ਪਿੰਡ ਵਿਚ ਬੈਰਮ ਖ਼ਾਂ ਨਾਮ ਦਾ ਇਕ ਪਠਾਣ ਰਹਿੰਦਾ ਸੀ। ਉਹ ਬਹੁਤ ਚੰਗੇ ਕੰਮ ਕਰਦਾ ਸੀ। ਉਸ ਦੇ ਘਰ ਇਕ ਪਠਾਣੀ ਰਹਿੰਦੀ ਸੀ। ਉਸ ਦਾ ਨਾਮ ਗੌਹਰਾ ਸੀ। ਉਹ ਬਹੁਤ ਸੁੰਦਰ ਸੀ। ਦੁਸ਼ਮਣ ਫ਼ੌਜ ਨਾਲ ਲੈ ਕੇ ਉਸ ਇਸਤ੍ਰੀ ਨੂੰ ਖੋਹਣ ਵਾਸਤੇ ਆਇਆ। ਬੈਰਮ ਖ਼ਾਂ ਦੇ ਕੋਲ ਆ ਕੇ ਦੂਤ ਨੇ ਆਖਿਆ, ਕਿਸਮਤ ਦੇ ਮਾਰੇ, ਕਿੱਥੇ ਬੈਠਾ ਹੈਂ। ਦੁਸ਼ਮਨ ਫ਼ੌਜ ਲੈ ਕੇ ਆ ਗਿਆ ਹੈ। ਬੈਰਮ ਖ਼ਾਂ ਬੜਾ ਡਰਿਆ ਤੇ ਸਲਾਹ ਕਰਨ ਲਈ ਇਸਤ੍ਰੀ

ਕੋਲ ਗਿਆ ਤੇ ਪਠਾਣੀ ਨੇ ਆਖਿਆ, ਤੇਰਾ ਪਿਉ ਬੜਾ ਦਲੇਰ ਸੀ। ਲੜਾਈ ਵਿਚ ਤੂੰ ਕਿਉਂ ਡਰ ਰਿਹਾ ਹੈਂ ? ਤੂੰ ਆਪਣੀ ਪੱਗ ਮੈਨੂੰ ਦੇ ਦੇ ਤੇ ਮੇਰੀ ਸਲਵਾਰ ਤੂੰ ਪਾ ਲੈ। ਸ਼ਸਤ੍ਰ ਵੀ ਮੈਨੂੰ ਦੇ, ਫਿਰ ਵੇਖ ਮੈਂ ਦੁਸ਼ਮਨਾਂ ਦੇ ਕਿਵੇਂ ਟੋਟੇ ਕਰਦੀ ਹਾਂ। ਜਿਹੜਾ ਰਾਜਾ ਫ਼ੌਜ ਲੈ ਕੇ ਆਇਆ ਸੀ, ਉਸ ਦਾ ਨਾਮ ਅਰਬ ਰਾਇ ਸੀ। ਉਹਦੇ ਸੂਰਮੇਂ ਗੁਰੀਏ ਮੁਹੰਮਦੀ ਦਉਜਈ ਅਫਰੀਦੀ ਪਠਾਣ ਸੂਰਮਿਆਂ ਨੇ ਬੜਾ ਘਮਸਾਨ ਦਾ ਜੰਗ ਕੀਤਾ। ਮੁਹੰਮਦ ਨੇ ਜਾਦੂ ਨਾਲ ਸਾਰਿਆਂ ਨੂੰ ਮਾਰ ਦਿੱਤਾ। ਅਰਬ ਰਾਇ ਨੇ ਜੰਗ ਕੀਤਾ ਤੇ ਹਾਰ ਖਾਧੀ। ਗੌਹਰਾ ਨੇ ਅਰਬ ਰਾਇ ਨੂੰ ਫੜ ਲਿਆ ਤੇ ਆਪਣੇ ਪਤੀ ਦੇ ਕੋਲ ਲੈ ਗਈ ਜਿਥੇ ਆਪਣੇ ਪਤੀ ਨੂੰ ਭੋਰੇ ਵਿਚ ਬਿਠਾਇਆ ਸੀ। ਅਰਬ ਰਾਇ ਨੂੰ ਇਕ ਘੋੜਾ ਅਤੇ ਇਕ ਪੱਗ ਦੇ ਕੇ ਛੱਡ ਦਿੱਤਾ। ਇਸ ਚਰਿੱਤ੍ਰ ਵਿਚ ਗੋਹਰਾ ਇਸਤ੍ਰੀ ਦੀ ਸੂਰਮਤਾਈ ਦਰਸਾਈ ਗਈ ਹੈ।

*ਬੇਧਿ ਬਾਨ ਜਬ ਤਨ ਗਏ, ਤਬ ਤ੍ਰਿਯ ਕੋਪ ਬਢਾਇ॥*
*ਅਮਿਤ ਜੁੱਧ ਤਿਹ ਠਾਂ ਕਿਯੋ, ਸੋ ਮੈ ਕਹਤ ਬਨਾਇ॥ ੩੫॥*

## ੯੭ਵਾਂ ਚਰਿੱਤ੍ਰ : ਰਾਜਾ ਰਸਾਲੂ ਤੇ ਰਾਣੀ ਕੋਕਲਾ

ਸਿਆਲਕੋਟ ਸ਼ਹਿਰ ਵਿਚ ਸਾਲਵਾਨ ਨਾਮ ਦਾ ਇਕ ਰਾਜਾ ਰਹਿੰਦਾ ਸੀ। ਉਹ ਸਾਰਿਆਂ ਨਾਲ ਪ੍ਰੇਮ ਕਰਦਾ ਸੀ। ਉਸ ਦੀ ਇਸਤ੍ਰੀ ਦਾ ਨਾਮ ਤ੍ਰਿਪਰਾਰ ਮਤੀ ਸੀ। ਉਹ ਅੱਠੇ ਪਹਿਰ ਜਾਪ ਕਰਦੀ ਸੀ। ਜਦੋਂ ਰਾਜਾ ਬਿਕ੍ਰਮ ਵੱਡੀ ਫ਼ੌਜ ਲੈ ਕੇ ਚੜ੍ਹ ਆਇਆ ਤਾਂ ਰਾਜਾ ਸਾਲਵਾਨ ਜ਼ਰਾ ਨਾ ਡਰਿਆ ਤੇ ਸੂਰਮਿਆਂ ਸਮੇਤ ਸਾਹਮਣੇ ਹੋ ਕੇ ਲੜਿਆ। ਸਾਲਵਾਨ ਤੇ ਬਿਕ੍ਰਮ ਦਾ ਆਪਸ ਵਿਚ ਆਹਮੋ ਸਾਹਮਣੇ ਲੋਹਾ ਖੜਕਣ ਲੱਗਾ। ਅਖ਼ੀਰ ਰਾਜਾ ਬਿਕ੍ਰਮ ਮਾਰਿਆ ਗਿਆ। ਸਾਲਵਾਨ ਬੜਾ ਖ਼ੁਸ਼ ਹੋਇਆ। ਉਸ ਦਾ ਇਕ ਪੁੱਤਰ ਸੀ, ਜਿਸ ਦਾ ਨਾਮ ਸੀ ਰਸਾਲੂ। ਰਸਾਲੂ ਜਵਾਨ ਹੋਇਆ। ਸ਼ਿਕਾਰ ਕਰਨ ਜਾਇਆ ਕਰੇ। ਰਸਾਲੂ ਸਿਰਕਪ ਦੇਸ਼ ਗਿਆ। ਉਥੋਂ ਦਾ ਰਾਜਾ ਬੜਾ ਕਪਟੀ ਸੀ। ਰਸਾਲੂ ਨੇ ਬਾਜ਼ੀ ਜਿੱਤ ਲਈ ਤੇ ਰਾਣੀ ਦੇ ਮਹਿਲਾਂ ਵਿਚੋਂ ਅਵਾਜ਼ ਆਈ ਕਿ ਇਸ ਦੀ ਧੀ ਕੋਕਲਾ ਲੈ ਜਾਵੇ, ਪਰ ਇਹਨੂੰ ਜਾਨੋਂ ਨਾ ਮਾਰੋ। ਰਸਾਲੂ ਨੇ ਉਸ ਦੀ ਧੀ ਲੈ ਲਈ। ਅਖ਼ੀਰ ਨੂੰ ਕੋਕਲਾ ਨੇ ਦੁਖੀ ਹੋ ਕੇ ਪ੍ਰਾਨ ਤਿਆਗ ਦਿੱਤੇ।

*ਜੋ ਬਨਿਤਾ ਪਤਿ ਆਪਨੋ, ਤ੍ਯਾਗਿ ਔਰ ਪੈ ਜਾਇ॥*
*ਸੋ ਐਸੋ ਪੁਨਿ ਤੁਰਤੁ ਹੀ, ਕਸੋਂ ਨਹਿ ਲਹਤ ਸਜਾਇ॥ ੭੩॥*

## ੯੮ਵਾਂ ਚਰਿੱਤ੍ਰ : ਹੀਰ ਰਾਂਝਾ

ਹੀਰ ਰਾਂਝੇ ਦਾ ਸੰਖੇਪ ਪ੍ਰਸੰਗ ਇਥੇ ਦਿੱਤਾ ਹੈ। ਇਹਨਾਂ ਦੇ ਪਹਿਲੇ ਜਨਮ ਦੀ ਕਥਾ ਇਸ ਪ੍ਰਕਾਰ ਹੈ : ਇੰਦਰ ਰਾਜੇ ਦੇ ਨਗਰ ਵਿਚ ਮੈਨ ਕਲਾ ਨਾਮ ਦੀ ਅਪਸਰਾ ਰਹਿੰਦੀ ਸੀ। ਜਿਹੜਾ ਕੋਈ ਉਸ ਨੂੰ ਦੇਖਦਾ, ਉਹ ਮੋਹਿਤ ਹੋ ਜਾਂਦਾ ਸੀ। ਉਸ ਥਾਂ 'ਤੇ ਕਪਲ ਮੁਨੀ ਆਇਆ। ਉਸ

ਨੇ ਮੈਨ ਕਲਾ ਨੂੰ ਵੇਖ ਕੇ ਸਰਾਪ ਦਿੱਤਾ ਕਿ ਹੁਣ ਤੁਸੀਂ ਮਾਤ ਲੋਕ ਵਿਚ ਜਾਉ ਅਤੇ ਸਿਆਲਕੋਟ ਸ਼ਹਿਰ ਵਿਚ ਜੱਟ ਦੇ ਘਰ ਜਨਮ ਲਵੋ ਤੇ ਆਪਣਾ ਨਾਮ ਹੀਰ ਰਖਾਉ ਤੇ ਤੁਰਕਾਂ ਦੀ ਜੂਠ ਖਾਉ। ਇਹ ਗੱਲ ਆਖੀ ਤਾਂ ਮੈਨ ਕਲਾ ਮੁਨੀ ਜੀ ਦੇ ਪੈਰਾਂ 'ਤੇ ਡਿੱਗ ਪਈ। ਉਸ ਨੇ ਆਖਿਆ, ਰਿਖੀ ਜੀ, ਮੇਰੀ ਕਲਿਆਣ ਦਾ ਕੋਈ ਉਪਾਅ ਕਰੋ। ਉਸ ਨੇ ਆਖਿਆ, ਇੰਦਰ ਜਦੋਂ ਸੰਸਾਰ ਵਿਚ ਆਵੇਗਾ ਤੇ ਰਾਂਝਾ ਨਾਮ ਰਖਾਵੇਗਾ। ਉਹ ਤੇਰੇ ਨਾਲ ਪ੍ਰੇਮ ਕਰੇਗਾ ਅਤੇ ਅਮਰਾਵਤੀ ਵਿਚ ਲੈ ਜਾਵੇਗਾ।

ਹੁਣ ਮੈਨ ਕਲਾ ਸੰਸਾਰ ਵਿਚ ਆਈ ਤੇ ਜੱਟ ਦੇ ਘਰ ਜਨਮ ਲਿਆ ਤੇ ਹੀਰ ਨਾਮ ਰੱਖਿਆ ਤੇ ਚੂਚਕ ਦੇ ਘਰ ਪੈਦਾ ਹੋਈ। ਰਾਂਝਾ ਮੱਝਾਂ ਚਾਰ ਕੇ ਆਉਂਦਾ ਤੇ ਦੋਹਾਂ ਵਿਚ ਪਿਆਰ ਹੋ ਗਿਆ। ਲੋਕਾਂ ਵਿਚ ਰਾਂਝਾ-ਰਾਂਝਾ ਤੇ ਹੀਰ-ਹੀਰ ਹੋਣ ਲੱਗੀ। ਜਦੋਂ ਚੂਚਕ ਨੂੰ ਪਤਾ ਲੱਗਾ ਕਿ ਹੁਣ ਹੀਰ ਬਚਦੀ ਨਹੀਂ। ਇਸ ਨੂੰ ਖੇੜਿਆਂ ਦੇ ਵਿਆਹ ਦੇਣਾ ਚਾਹੀਦਾ ਹੈ। ਉਹਨੇ ਖੇੜਿਆਂ ਨੂੰ ਤੁਰੰਤ ਬੁਲਾਇਆ। ਰਾਂਝਾ ਵੀ ਭਿਖਿਆ ਮੰਗਦਾ ਫ਼ਕੀਰ ਬਣ ਕੇ ਆ ਗਿਆ। ਜਦੋਂ ਸਮਾਂ ਲੱਗਾ ਤਾਂ ਹੀਰ ਨੂੰ ਨਾਲ ਲੈ ਕੇ ਚਲਾ ਗਿਆ। ਹੀਰ ਤੇ ਰਾਂਝਾ ਦੋਵੇਂ ਮਿਲੇ। ਰਾਂਝਾ ਇੰਦਰ ਬਣਿਆ, ਹੀਰ ਅਪਸਰਾ ਮੇਨਕਾ ਬਣੀ।

*ਰਾਂਝਨ ਹੀਰ ਪਰੇਮ ਮੌਂ, ਰਹੈ ਏਕ ਹੀ ਹੋਇ॥*
*ਕਹਿਬੇ ਕੌ ਤਨ ਏਕ ਹੀ, ਲਹਿਬੇ ਕੌ ਤਨ ਦੋਇ॥ ੨੬॥*

## ੯੯ਵਾਂ ਚਰਿੱਤ੍ਰ : ਰੁੱਦਰਕਲਾ

ਪੋਠੋਹਾਰ ਵਿਚ ਇਕ ਇਸਤ੍ਰੀ ਰਹਿੰਦੀ ਸੀ ਤੇ ਉਸ ਨੂੰ ਲੋਕ ਰੁੱਦਰਕਲਾ ਕਹਿੰਦੇ ਸਨ। ਉਸ ਦੇ ਕੋਲ ਮੌਲਾਣੇ ਆਉਂਦੇ ਸਨ। ਉਸ ਨੂੰ ਡਰਾ ਕੇ ਧਨ ਲੈ ਜਾਂਦੇ ਸਨ। ਇਕ ਦਿਨ ਇਸਤ੍ਰੀ ਨੇ ਇਹਨਾਂ ਨੂੰ ਧਨ ਨਾ ਦਿੱਤਾ। ਸਾਰੇ ਮੌਲਾਣੇ ਹੱਥਾਂ ਵਿਚ ਕਿਤਾਬਾਂ ਫੜ ਕੇ ਆ ਗਏ। ਉਹਨਾਂ ਨੇ ਕਿਹਾ, ਇਸ ਨੇ ਮੁਹੰਮਦ ਦੀ ਨਿੰਦਾ ਕੀਤੀ ਹੈ। ਇਸਤ੍ਰੀ ਮਨ ਵਿਚ ਬਹੁਤ ਡਰੀ ਤੇ ਰਾਜੇ ਮੁਹੱਬਤ ਖ਼ਾਂ ਨੂੰ ਸਾਰੀ ਗੱਲ ਦੱਸੀ। ਇਸਤ੍ਰੀ 'ਤੇ ਝੂਠੀ ਤੋਹਮਤ ਲਾਈ ਤੇ ਅਖ਼ੀਰ ਨੂੰ ਉਹਨਾਂ ਮੁਲਾਣਿਆਂ ਦੇ ਜੁੱਤੀਆਂ ਮਾਰੀਆਂ।

*ਚੁਪ ਤਬ ਤੇ ਹ੍ਵੈ ਰਹੇ ਖੁਦਾਈ॥ ਕਾਹੂ ਸਾਥ ਨ ਰਾਰਿ ਬਢਾਈ॥*
*ਸੋਈ ਕਰੈ ਜੁ ਹਿੰਦੂ ਕਹੈਂ॥ ਤੁਹਮਤਿ ਦੈ ਕਾਹੂੰ ਨਾ ਗਹੈਂ॥ ੧੫॥*

## ੧੦੦ਵਾਂ ਚਰਿੱਤ੍ਰ : ਚਲਾਕ ਇਸਤ੍ਰੀ

ਰੋਪੜ ਨਾਮ ਦੇ ਸ਼ਹਿਰ ਵਿਚ ਰੁਪੇਸ਼ਵਰ ਨਾਮ ਦਾ ਇਕ ਵੱਡਾ ਰਾਜਾ ਸੀ, ਜਿਹੜਾ ਰਘੂਕੁਲ ਦਾ ਚਾਨਣ ਸੀ। ਉਸ ਦੀ ਰਾਣੀ ਚਿੱਤਰ ਕੁਮਾਰੀ ਸੀ, ਜਿਹੜੀ ਕਿ ਬਹੁਤ ਸੁੰਦਰ ਸੀ। ਲੰਕਾ ਤੋਂ ਇਕ ਰਾਖਸ਼ਸ ਆਇਆ ਤੇ ਉਸ ਦਾ ਰੂਪ ਦੇਖ ਕੇ ਮਨ ਵਿਚ ਬੜਾ ਪ੍ਰਸੰਨ

ਹੋਇਆ। ਰਾਜੇ ਨੇ ਰਾਖਸ਼ਸ ਨੂੰ ਮਾਰਨ ਲਈ ਆਦਮੀ ਭੇਜੇ। ਜੋ ਵੀ ਉਸ ਕੋਲ ਆਵੇ, ਰਾਖਸ਼ਸ ਉਸ ਨੂੰ ਮਾਰ ਦੇਵੇ। ਇਕ ਇਸਤ੍ਰੀ ਚੱਲ ਕੇ ਆਈ ਤੇ ਰਾਖਸ਼ਸ ਦੀ ਬੜੀ ਉਪਮਾ ਕੀਤੀ ਤੇ ਸ਼ਰਾਬ ਪਿਆਈ। ਝਾੜੂ ਮਾਰਿਆ ਕਰੇ ਤੇ ਮਨ ਪ੍ਰਸੰਨ ਕਰਿਆ ਕਰੇ। ਇਕ ਦਿਨ ਉਦਾਸ ਹੋ ਕੇ ਬੈਠੀ ਨੂੰ ਰਾਖਸ਼ਸ ਨੇ ਉਸ ਨੂੰ ਆਖਿਆ, ਤੂੰ ਸਾਡਾ ਸਾਰਾ ਕੰਮ ਕਰਦੀ ਹੈਂ, ਪਰ ਕੁਝ ਖਾਂਦੀ ਪੀਂਦੀ ਨਹੀਂ। ਅੱਜ ਜੋ ਕੁਝ ਮੈਥੋਂ ਮੰਗਣਾ ਹੈ ਮੰਗ, ਮੈਂ ਸਭ ਕੁਝ ਤੈਨੂੰ ਦੇਵਾਂਗਾ। ਰਾਖਸ਼ਸ ਨੇ ਇਕ ਮੰਤਰ ਲਿਖ ਕੇ ਇਸਤ੍ਰੀ ਨੂੰ ਦਿੱਤਾ ਤੇ ਕਿਹਾ, ਜਿਸ ਨੂੰ ਇਹ ਮੰਤਰ ਵਿਖਾਏਂਗੀ, ਉਹ ਭਸਮ ਹੋ ਜਾਵੇਗਾ। ਇਸਤ੍ਰੀ ਨੇ ਉਹ ਮੰਤਰ ਰਾਖਸ਼ਸ ਨੂੰ ਵਿਖਾਇਆ ਤਾਂ ਉਹ ਭਸਮ ਹੋ ਗਿਆ। ਵੱਡੇ-ਵੱਡੇ ਰਾਜੇ ਵੀ ਰਾਖਸ਼ਸ ਨੂੰ ਜਿੱਤ ਨਾ ਸਕੇ, ਪਰ ਇਸਤ੍ਰੀ ਨੇ ਚਰਿੱਤ੍ਰ ਕਰਕੇ ਮਾਰ ਦਿੱਤਾ।

*ਦੇਵਰਾਜ ਜਿਹ ਦੈਤ ਕੌ, ਜੀਤ ਸਕਤ ਨਹਿ ਜਾਇ॥*

*ਸੌ ਅਬਲਾ ਇਹ ਛਲ ਭਏਂ, ਜਮਪੁਰ ਦਯੋ ਪਠਾਇ॥ ੧੩॥*

## ੧੦੧ਵਾਂ ਚਰਿੱਤ੍ਰ : ਸੋਹਣੀ ਤੇ ਮਹੀਂਵਾਲ

ਇਹ ਚਰਿੱਤ੍ਰ ਸੋਹਣੀ ਤੇ ਮਹੀਂਵਾਲ ਦਾ ਹੈ। ਸੋਹਣੀ ਦੇ ਭਰਾ ਨੂੰ ਪਤਾ ਲੱਗ ਗਿਆ ਸੀ। ਉਸ ਨੇ ਪੱਕਾ ਘੜਾ ਭੰਨ ਦਿੱਤਾ ਸੀ ਤੇ ਉਸ ਦੀ ਥਾਂ 'ਤੇ ਕੱਚਾ ਰੱਖ ਦਿੱਤਾ ਸੀ।

*ਅਧਿਕ ਜਬ ਸਰਿਤਾ ਤਰੀ ਮਾਟਿ ਗਯੋ ਤਬ ਛੂਟਿ॥*

*ਡੁਬਕੀ ਲੇਤੇ ਤਨ ਗਯੋ ਪ੍ਰਾਨ ਬਹੁਰਿ ਗੇ ਛੂਟਿ॥ ੭॥*

ਮਹੀਂਵਾਲ, ਸੋਹਣੀ ਨੂੰ ਲੱਭਦਾ-ਲੱਭਣਾ ਪਾਣੀ ਵਿਚ ਹੀ ਡੁੱਬ ਕੇ ਮਰ ਗਿਆ।

## ੧੦੨ਵਾਂ ਚਰਿੱਤ੍ਰ : ਦੇਵਤੇ ਤੇ ਦੈਂਤ

ਇਸ ਚਰਿੱਤ੍ਰ ਵਿਚ ਦੇਵਤੇ ਤੇ ਦੈਂਤਾਂ ਦੇ ਜੁੱਧ ਦਾ ਜ਼ਿਕਰ ਹੈ। ਇਕ ਜੁੱਧ ਵਿਚ ਰਾਜਾ ਦਸਰਥ ਦੇਵਤਿਆਂ ਦੀ ਮਦਦ ਕਰਨ ਗਿਆ। ਦਸਰਥ ਨਾਲ ਉਸ ਦੀ ਘਰਵਾਲੀ ਕੈਕਈ ਵੀ ਨਾਲ ਗਈ। ਦਸਰਥ ਦਾ ਰਥਵਾਹੀ ਜਦ ਮਾਰ ਦਿੱਤਾ ਗਿਆ ਤਾਂ ਕੈਕਈ ਨੇ ਰਥਵਾਹੀ ਦਾ ਲਿਬਾਸ ਧਾਰ ਕੇ ਉਸ ਦੀ ਡਿਊਟੀ ਸਾਂਭ ਲਈ। ਇਸ ਚਰਿੱਤ੍ਰ ਵਿਚ ਕੈਕਈ ਦੀ ਬਹਾਦਰੀ ਦਰਸਾਈ ਗਈ ਹੈ।

*ਪਤਿ ਰਾਖਜੋ ਰਥ ਹਾਂਕਿਯੋ, ਸੁਰਨ ਦਯੋ ਖਪਾਇ॥*

*ਜੀਤਿ ਜੁੱਧ ਦ੍ਵੈ ਬਰ ਲਏ, ਕੈ ਕੈ ਅਤਿ ਸੁਭ ਕਾਇ॥ ੩੪॥*

ਇਸ ਚਰਿੱਤ੍ਰ ਵਿਚ ਬੀਰ ਰਸ ਭਰਪੂਰ ਸੂਰਮਿਆਂ ਨੂੰ ਉਤਸ਼ਾਹਿਤ ਕਰਨ ਵਾਲਾ ਦਰਸਾਇਆ ਗਿਆ ਹੈ।

*ਮਚਯੋ ਜੁਧ ਗਾੜੋ ਮੰਡੋ ਬੀਰ ਭਾਰੇ॥ ਚਹੂੰ ਓਰ ਕੇ ਕੋਪ ਕੈ ਕੈ ਹਕਾਰੇ॥*

*ਹੁਏ ਪਾਕ ਸ਼ਾਹੀਦ ਜੰਗਾਹ ਮਯਾਨੈ॥ ਗਏ ਜੂਝਿ ਜੋਧਾ ਘਣਸ ਸਯਾਮ ਜਾਨੈ॥੩੦॥*

## ੧੦੩ਵਾਂ ਚਰਿੱਤ੍ਰ :

ਇਸ ਚਰਿੱਤ੍ਰ ਅੰਦਰ ਸ਼ਾਹ ਜਲਾਲ ਦੀ ਬੂਬਨਾ ਸ਼ਹਿਰ ਦੇ ਬਾਦਸ਼ਾਹ ਦੀ ਲੜਕੀ ਨਾਲ ਸ੍ਵਯੰਬਰੀ ਵਿਆਹ ਰਾਹੀਂ ਪ੍ਰੇਮ ਦੀ ਕਹਾਣੀ ਦਾ ਜ਼ਿਕਰ ਹੈ।

*ਐਸੀ ਪ੍ਰੀਤਿ ਦੁਹੂ ਕੀ ਲਾਗੀ॥ ਜਾਕੋ ਸਭ ਗਾਵਤ ਅਨੁਰਾਗੀ॥*

*ਸੌ ਤਜ ਗਤ ਡੋਲਤ ਹੀ ਮਗ ਮੈ॥ ਜਾਹਿਰ ਭਈ ਸਗਲ ਹੀ ਜਗ ਮੈ॥ ੩੬॥*

## ੧੦੪ਵਾਂ ਚਰਿੱਤ੍ਰ :

ਇਸ ਚਰਿੱਤ੍ਰ ਅੰਦਰ ਇਸਤ੍ਰੀ ਚਰਿੱਤ੍ਰ ਹੈ। ਜੱਟ ਦੀ ਔਰਤ ਛਲ ਕਰ ਕੇ, ਸੰਨ੍ਹ ਲਾ ਕੇ ਘਰੋਂ ਸਾਰਾ ਸਾਮਾਨ ਆਪਣੇ ਨਾਲ ਲੈ ਕੇ, ਆਪਣੇ ਮਿੱਤਰ ਚੋਰ ਨੂੰ ਕਢਾ ਕੇ ਅਤੇ ਲੋਕਾਂ ਨੂੰ ਚੋਰ ਦਾ ਬਹਾਨਾ ਲਾ ਕੇ ਮਗਰੋਂ ਆਪ ਵੀ ਚੱਲੀ ਜਾਂਦੀ ਹੈ।

*ਪ੍ਰਥਮੈ ਧਨੁ ਪਹੁਚਾਇਕੈ, ਬਹੁਰ ਮਿਲੀ ਤਿਹ ਜਾਇ॥ ੧੦॥*

## ੧੦੫ਵਾਂ ਚਰਿੱਤ੍ਰ :

ਇਸ ਚਰਿੱਤ੍ਰ ਵਿਚ ਤਾਸ ਬੇਗ ਨੂੰ, ਉਸ ਦਾ ਨੌਕਰ ਸ਼ਰਾਬ ਪਿਆ ਕੇ, ਬੇਹੋਸ਼ ਕਰ ਕੇ ਹਰ ਰੋਜ਼ ਲੁੱਟਦਾ ਦਰਸਾਇਆ ਗਿਆ ਹੈ।

*ਯਹ ਚਰਿਤ੍ਰ ਵਹ ਨਿੱਤਿ ਬਨਾਵੈ॥ ਮਦਰੋ ਪਜਾਇ ਅਧਿਕ ਤਿਹ ਸ੍ਵਾਵੈ॥*

*ਸੁਧਿ ਬਿਨੁ ਭਯੋ ਤਾਂਹਿ ਜਬ ਜਾਨੈ॥ ਲੇਤ ਉਤਾਰਿ ਜੁ ਕਛੁ ਮਨੁ ਮਾਨੈ॥ ੧੫॥*

## ੧੦੬ਵਾਂ ਚਰਿੱਤ੍ਰ :

ਇਸ ਚਰਿੱਤ੍ਰ ਵਿਚ *"ਚਾਰ ਯਾਰ ਮਿਲ ਮਤਾ ਪਕਾਯੋ॥"* ਬੱਕਰੇ ਦੇ ਛਲ ਕਰ ਕੇ ਖੋਹ ਲੈਣ ਦੀ ਸਾਖੀ ਹੈ।

*ਕੂਕਰ ਤੈਂ ਕਾਂਧੈ ਲਯੋ ਲਾਜ ਲਗਤ ਹੈ ਮੋਹਿ॥ ੪॥*

*ਸਾਚ ਸਮੁਝਿ ਲਾਜਤ ਚਿਤ ਭਯੋ॥ ਬਕਰਾ ਸ੍ਵਾਨ ਜਾਨ ਤਜਿ ਦਯੋ॥ ੫॥*

## ੧੦੭ਵਾਂ ਚਰਿੱਤ੍ਰ :

ਇਸ ਚਰਿੱਤ੍ਰ ਅੰਦਰ ਜੋਧਨ ਦੇਵ ਦੀ ਘਰਵਾਲੀ ਮੈਨ ਕੌਰ ਦੀ ਸਾਖੀ ਹੈ। ਇਹ ਛਲ ਕਰ ਕੇ ਆਪਣੇ ਮੰਦ ਕਰਮ ਦਾ ਆਪਣੇ ਘਰਵਾਲੇ ਨੂੰ ਪਤਾ ਨਹੀਂ ਲੱਗਣ ਦੇਂਦੀ, ਪਰ ਘਰ

ਆ ਕੇ ਘਰਵਾਲੇ ਨੂੰ ਜਗਾ ਕੇ, ਚੋਰਾਂ ਤੋਂ ਆਪਣਾ ਘਰ ਬਚਾਅ ਕੇ ਅਤੇ ਆਪ ਘਰਵਾਲੇ ਜੋਧਨ ਦੇਵ ਦੀ ਨਿਗ੍ਹਾ ਵਿਚ ਚੰਗੀ ਬਣ ਜਾਂਦੀ ਹੈ।

*ਜੋਧਨ ਦੇਵ ਪ੍ਰਫੁੱਲਿਤ ਭਯੋ॥ ਮੇਰੋ ਧਾਮ ਰਾਖਿ ਇਹ ਲਯੋ॥*
*ਤ੍ਰਿਯ ਕੀ ਅਧਿਕ ਬਡਾਈ ਕਰੀ॥ ਜੜ੍ਹ ਕੋ ਕਛੂ ਖਬਰ ਨਹਿਂ ਪਰੀ॥ ੫॥*

## ੧੦੮ਵਾਂ ਚਰਿੱਤ੍ਰ : ਪੁਨੂੰ ਦੀ ਵੱਡੀ ਰਾਣੀ

ਇਸ ਚਰਿੱਤ੍ਰ ਵਿਚ ਸੱਸੀ ਪੁਨੂੰ ਦੀ ਕਹਾਣੀ ਹੈ। ਪੁਨੂੰ ਦੀ ਵੱਡੀ ਰਾਣੀ ਨੇ ਸ਼ਿਕਾਰ ਖੇਡਣ ਗਏ ਪੁਨੂੰ ਨੂੰ ਮਰਵਾ ਦਿੱਤਾ, ਪਰ ਸੱਸੀ ਨੂੰ ਜਦ ਪਤਾ ਲੱਗਿਆ ਤਾਂ ਆਪਣੇ ਪਤੀ ਪੁਨੂੰ ਪਾਸ ਜਾ ਕੇ ਨਾਲ ਹੀ ਪ੍ਰਾਨ ਤਿਆਗ ਦਿੱਤੇ।

*ਮਰਨ ਸਭਨ ਕੇ ਮੂੰਡ ਪੈ, ਸਫਲ ਮਰਨ ਹੈ ਤਾਹਿ॥*
*ਤਨਕ ਬਿਖੈ ਤਨ ਕੋ ਤਜੈ, ਪਿਯ ਸੌ ਪ੍ਰੀਤ ਬਨਾਇ॥ ੪੪॥*

## ੧੦੯ਵਾਂ ਚਰਿੱਤ੍ਰ : ਉਰਬਸੀ

ਇਸ ਚਰਿੱਤ੍ਰ ਅੰਦਰ ਪੁਨੂੰ ਦੀ ਵੱਡੀ ਰਾਣੀ, ਜਿਸ ਨੇ ਪੁਨੂੰ ਨੂੰ ਮਾਰਿਆ ਸੀ, ਉਸ ਨੂੰ ਉਰਬਸੀ ਅਪਸਰਾ ਨੇ ਮੋਹਨ ਨਾਮ ਦਾ ਭੇਸ ਬਦਲ ਕੇ ਮਾਰਨ ਦੀ ਕਥਾ ਹੈ। ਉਰਬਸੀ ਨੇ ਮਨੁੱਖ ਦਾ ਰੂਪ ਧਾਰਨ ਕੀਤਾ ਸੀ ਅਤੇ ਆਪਣਾ ਨਾਮ ਮੋਹਨ ਰੱਖਿਆ ਸੀ।

*ਗੀਤ ਹੈ ਧਾਮ ਇਹੈ ਹਮਰੇ, ਨਿਜੁ ਨਾਰਿ ਬਿਨਾ ਨਹੀ ਔਰ ਨਿਹਾਰੋ॥*
*ਅਥਵਾ : ਉਰਬਸਿ ਜਬ ਤਾਕੋ ਬਧ ਕੀਯੋ॥ ਸੁਰਪੁਰ ਕੋ ਮਾਰਗ ਤਬ ਲੀਯੋ॥*

## ੧੧੦ਵਾਂ ਚਰਿੱਤ੍ਰ : ਰਾਜਾ ਰੂਪੇਸ਼ਵਰ

ਇਸ ਚਰਿੱਤ੍ਰ ਅੰਦਰ ਰਾਜੇ ਰੂਪੇਸ਼ਵਰ ਦੀ ਕਥਾ ਹੈ। ਇਸ ਦੇ ਘਰ ਕੋਈ ਪੁੱਤਰ ਨਹੀਂ ਸੀ ਹੋਇਆ ਤਾਂ ਰਾਜੇ ਦੀ ਮਾਂ ਨੇ ਇਕ ਰਾਜ-ਕੰਨਿਆ ਪਸੰਦ ਕੀਤੀ, ਪਰ ਰਾਜੇ ਨੇ ਉਸ ਨੂੰ ਪਸੰਦ ਨਾ ਕੀਤਾ। ਉਸ ਰਾਜ-ਕੰਨਿਆ ਦੇ ਬਾਪ ਨੇ ਰਾਜੇ ਉੱਪਰ ਹਮਲਾ ਕਰ ਦਿੱਤਾ, ਪਰ ਰਾਜਾ ਰੂਪਸ਼ੇਵਰ ਜੰਗ ਜਿੱਤ ਗਿਆ। ਰਾਜ-ਕੰਨਿਆ ਚਿਖਾ ਬਣਾ ਕੇ ਸਤੀ ਹੋਣ ਲੱਗੀ ਤਾਂ ਫੇਰ ਰਾਜੇ ਰੂਪਸ਼ੇਵਰ ਦੇ ਮਨ ਵਿਚ ਤਰਸ ਆ ਗਿਆ ਕਿ ਇਹ ਮੇਰੇ ਵਾਸਤੇ ਮਰ ਰਹੀ ਹੈ। ਰਾਜੇ ਨੇ ਉਸ ਚਿਖਾ ਦੁਆਲੇ ਪ੍ਰਕਰਮਾ ਕਰ ਕੇ ਉਸ ਨਾਲ ਸ਼ਾਦੀ ਕਰ ਲਈ।

*ਚਿਤਾ ਅਗਨਿ ਜੋ ਸਤੀ ਜਗਾਈ॥ ਬਿਰਹਾਨਲ ਸੋਈ ਠਹਿਰਾਈ॥*
*ਤਾਕੇ ਤੀਰ ਭਾਵਰੈ ਦੀਨੀ॥ ਰਾਂਕ ਹੁਤੀ ਰਾਨੀ ਬਿਧਿ ਕੀਨੀ॥ ੨੧॥*

## ੧੧੧ਵਾਂ ਚਰਿੱਤ੍ਰ : ਰਾਜਪ੍ਰਭਾ

ਇਸ ਚਰਿਤ੍ਰ ਅੰਦਰ ਰਾਜਾ ਦੁਰਜਨ ਸਿੰਘ ਤੇ ਉਸ ਦੀ ਰਾਣੀ ਰਾਜਪ੍ਰਭਾ ਦੀ ਕਥਾ ਹੈ। ਚਕਵਾ ਤੇ ਚਕਵੀ ਨੇ ਪੰਛੀਆਂ ਦੇ ਖੰਭ ਆਪਣੇ ਸਿਰਾਂ 'ਤੇ ਬੰਨ੍ਹ ਕੇ ਰਾਜਪ੍ਰਭਾ ਦੇ ਬਾਪ ਨੂੰ ਛਲ ਕੇ, ਜਮਨਾ ਨਦੀ ਤਰ ਕੇ ਦੁਰਜਨ ਸਿੰਘ ਰਾਜਾ ਦੇ ਰਾਜ ਮਹਿਲ ਤਕ ਪਹੁੰਚ ਕੀਤੀ ਸੀ।

*ਚੰਦਨ ਕੀ ਚੌਕੀ ਭਲੀ, ਕਾਸਟ ਦ੍ਰੁਮ ਕਿਹ ਕਾਜ॥*
*ਚਤੁਰਾ ਕੌ ਨੀਕੌ ਚਿਤਜੌ, ਕਹਾ ਮੂੜ ਕੌ ਰਾਜ॥ ੨੬॥*
*ਪਛਿਯਨ ਕੌ ਪੌਛਤ ਧਰੇ ਪਿਤੁ ਕੀ ਦ੍ਰਿਸ਼ਟਿ ਬਚਾਇ॥*
*ਪੰਛੀ ਹੀ ਸਭ ਕੌ ਲਖੈ, ਮਾਨੁਖ ਲਖਜੌ ਨ ਜਾਇ॥ ੫੦॥*

## ੧੧੨ਵਾਂ ਚਰਿੱਤ੍ਰ : ਸਮਰਕੰਦ ਤੇ ਪਰਾਈ ਔਰਤ

ਇਸ ਚਰਿੱਤ੍ਰ ਅੰਦਰ ਸਮਰਕੰਦ ਦਾ ਰਾਜਾ ਸੁਰਸੈਨ ਅਤੇ ਉਸ ਦੀ ਰਾਣੀ ਚਿਤ੍ਰਕਲਾ ਦੀ ਕਥਾ ਹੈ। ਸਮਰਕੰਦ ਰਾਜੇ ਨੇ ਪਰਾਈ ਔਰਤ ਦੇ ਵੱਸ ਵਿਚ ਹੋ ਕੇ ਉਸ ਨੂੰ ਪਟਰਾਣੀ ਬਣਾ ਲਿਆ ਅਤੇ ਚਿਤ੍ਰਕਲਾ ਰਾਣੀ ਨਾਲ ਦੋਵਾਂ ਨੇ ਚਰਿੱਤ੍ਰ ਕਰ ਕੇ ਛਲ ਕੀਤਾ ਹੈ।

*ਹੌ ਅਬ ਏਕ ਚਰਿੱਤ੍ਰ ਬਨਾਊਂ॥ ਜਾਤੇ ਤੁਮ ਸੇ ਨ੍ਰਿਪ ਕੌ ਪਾਊ॥*
*ਸਕਲ ਸਤੀ ਕੌ ਸਾਜ ਸਵਰਿਹੌਂ॥ ਅਰੁਨ ਬਸਤ੍ਰ ਅੰਗਨ ਮੇ ਕਰਹੌਂ॥ ੧੨॥*
*ਸਭਹਿਨ ਕੇ ਦੇਖਤ ਤਿਸੈ, ਲਯੋ ਬਿਵਾਨ ਚੜਾਇ॥*
*ਇਹ ਚਰਿਤ੍ਰ ਤਾਕੌ ਬਰਜੌ, ਰਾਨੀ ਕਿਯੋ ਬਨਾਇ॥ ੨੮॥*

## ੧੧੩ਵਾਂ ਚਰਿੱਤ੍ਰ : ਕ੍ਰਿਸ਼ਨ ਕੌਰ

ਇਸ ਚਰਿੱਤ੍ਰ ਅੰਦਰ ਬੰਗ ਦੇਸ਼ ਦੇ ਰਾਜਾ ਬਿਸ਼ਨ ਸਿੰਘ ਤੇ ਉਸ ਦੀ ਰਾਣੀ ਕ੍ਰਿਸ਼ਨ ਕੌਰ ਦੀ ਕਥਾ ਹੈ। ਰਾਜੇ ਬਿਸ਼ਨ ਸਿੰਘ ਨੂੰ ਪਰਾਈ ਔਰਤ ਨਾਲ ਵੇਖ ਕੇ ਕ੍ਰਿਸ਼ਨ ਕੌਰ ਨੇ ਦੋਵਾਂ ਨੂੰ ਮਾਰ ਦਿੱਤਾ, ਪਰ ਰਾਜੇ ਦਾ ਮਾੜਾ ਕਰਮ ਲੋਕਾਂ ਵਿਚ ਪ੍ਰਗਟ ਨਹੀਂ ਹੋਣ ਦਿੱਤਾ ਅਤੇ ਕ੍ਰਿਸ਼ਨ ਕੌਰ ਨੇ ਆਪ ਵੀ ਆਪਣੀ ਜਾਨ ਦੇ ਦਿੱਤੀ।

*ਨ੍ਰਿਪ ਤ੍ਰਿਯ ਮਾਰਿ ਪ੍ਰਾਨ ਨਿਜੁ ਦੀਨੋ॥ ਚਹਿਤ ਚੰਚਲਾ ਐਸੋ ਕੀਨੋ॥ ੨੨॥*

## ੧੧੪ਵਾਂ ਚਰਿੱਤ੍ਰ : ਸ੍ਰਿੰਗੀ ਰਿਖੀ

ਜੰਗਲ ਵਿਚ ਸ੍ਰਿੰਗੀ ਰਿਖੀ ਰਹਿੰਦਾ ਸੀ। ਉਸ ਨੇ ਕਦੀ ਸ਼ਹਿਰ ਨਹੀਂ ਦੇਖਿਆ ਸੀ ਤੇ ਬੜੀ ਤਪੱਸਿਆ ਕਰਦਾ ਸੀ। ਜੰਗਲ ਵਿਚ ਜਦੋਂ ਭੁੱਖ ਲੱਗਿਆ ਕਰੇ, ਉਦੋਂ ਦਰੱਖ਼ਤਾਂ ਦੇ ਪੱਤੇ

ਖਾ ਕੇ ਵਿਚਰਦਾ ਸੀ। ਬਹੁਤ ਸਮਾਂ ਬੀਤ ਗਿਆ ਤੇ ਕਾਲ ਪੈ ਗਿਆ। ਪ੍ਰਜਾ ਬੜੀ ਦੁਖੀ ਹੋਈ। ਬ੍ਰਾਹਮਣ ਸੱਦਿਆ ਤੇ ਬ੍ਰਾਹਮਣ ਨੇ ਆਪਣੀ ਵਿੱਦਿਆ ਦੇ ਅਨੁਸਾਰ ਆਖਿਆ, ਹੇ ਰਾਜਨ ! ਇਸ ਸ਼ਹਿਰ ਵਿਚ ਸਿੰਗ੍ਰੀ ਰਿਖੀ ਆ ਜਾਵੇ ਤਾਂ ਕਾਲ ਦੂਰ ਹੋ ਸਕਦਾ ਹੈ। ਰਾਜੇ ਨੇ ਆਦਮੀ ਭੇਜੇ, ਪਰ ਰਿਖੀ ਨਾ ਆਇਆ। ਫਿਰ ਪੁੱਤਰ ਭੇਜਿਆ ਤਾਂ ਵੀ ਨਾ ਆਇਆ ਤੇ ਫਿਰ ਰਾਜਾ ਆਪ ਗਿਆ। ਰਿਖੀ ਦੇ ਚਰਨਾਂ 'ਤੇ ਮੱਥਾ ਟੇਕਿਆ, ਫਿਰ ਵੀ ਰਿਖੀ ਜੀ ਨਾ ਆਏ। ਰਾਜਾ ਸ਼ਰਮਿੰਦਾ ਹੋ ਕੇ ਬੈਠ ਗਿਆ। ਰਾਜੇ ਨੇ ਆਖਿਆ, ਜਿਹੜਾ ਸ੍ਰਿੰਗੀ ਰਿਖੀ ਨੂੰ ਲੈ ਕੇ ਆਵੇਗਾ, ਉਸ ਨੂੰ ਮੈਂ ਅੱਧਾ ਰਾਜ-ਭਾਗ ਦੇਵਾਂਗਾ। ਇਥੇ ਇਕ ਵੇਸਵਾ ਰਹਿੰਦੀ ਸੀ। ਰਾਜੇ ਨੇ ਉਸ ਨੂੰ ਸਾਰੀ ਗੱਲ ਸਮਝਾਈ। ਵੇਸਵਾ ਨੇ ਪਾਨਾਂ ਦਾ ਬੀੜਾ ਚੁਕਿਆ ਤੇ ਕਿਹਾ, ਰਿਖੀ ਦੀਆਂ ਜਟਾਂ ਕਟਾ ਕੇ ਪੱਗ ਬੰਨ੍ਹ ਕੇ ਤੇਰੇ ਕੋਲ ਲੈ ਕੇ ਆਉਂਦੀ ਹਾਂ। ਵੇਸਵਾ ਰਿਖੀ ਦੇ ਕੋਲ ਗਈ। ਗੱਲਾਂ ਬਾਤਾਂ ਹੋਈਆਂ ਤੇ ਅਖ਼ੀਰ ਵਿਚ ਆਖੇ, ਮੈਂ ਤੇਰੇ ਨਾਲ ਵਿਆਹ ਕਰਾਉਂਦੀ ਹਾਂ। ਰਿਖੀ ਨੇ ਜਟਾਂ ਮੁਨਾ ਲਈਆਂ ਤੇ ਪੱਗ ਬੰਨ੍ਹ ਲਈ। ਉਹੋ ਰਿਖੀ ਗ੍ਰਹਿਸਤੀ ਬਣ ਗਿਆ। ਰਿਖੀ ਦੀਆਂ ੭ ਲੜਕੀਆਂ ਪੈਦਾ ਹੋਈਆਂ ਤੇ ੬ ਲੜਕੇ ਪੈਦਾ ਹੋਏ। ਉਸ ਰਿਖੀ ਨੇ ਜੰਗਲ ਛੱਡ ਕੇ ਸ਼ਹਿਰ ਵੱਲ ਆਉਣ ਦੀ ਸਕੀਮ ਬਣਾਈ। ਇਸਤ੍ਰੀ ਨੇ ਆਪਣੀ ਪੋਟਲੀ ਛੱਡ ਕੇ ਕੰਗਣ ਕੱਢ ਕੇ ਕਨਕ ਕੁੰਡਲ ਹੀਰੇ ਮੋਤੀ ਪਹਿਨ ਲਏ ਤੇ ਸੱਤ ਪੁੱਤਰਾਂ ਨੂੰ ਅੱਗੇ ਲਾ ਲਿਆ। ਇਸਤ੍ਰੀ ਨੇ ਤਿੰਨ ਪੁੱਤਰ ਚੁੱਕੇ, ਰਿਖੀ ਨੇ ਵੀ ਤਿੰਨ ਪੁੱਤਰ ਚੁੱਕੇ ਤੇ ਨਗਰ ਵਿਚ ਆ ਗਿਆ ਤਾਂ ਮੀਂਹ ਪੈਣ ਲੱਗ ਗਿਆ ਤੇ ਕਾਲ ਦੂਰ ਹੋ ਗਿਆ। ਰਾਜੇ ਨੇ ਵੇਸਵਾ ਨੂੰ ਬੁਲਾਇਆ ਤੇ ਅੱਧਾ ਰਾਜ-ਭਾਗ ਦਿੱਤਾ। ਰਿਖੀ ਸਭ ਕੁਝ ਤਿਆਗ ਕੇ ਫਿਰ ਜੰਗਲ ਵਿਚ ਆ ਗਿਆ। ਰਿਖੀ ਦਾ ਸਤ ਤੋੜਿਆ ਤੇ ਅੱਧਾ ਰਾਜ-ਭਾਗ ਲਿਆ।

*ਸਤ ਟਾਰਜੋ ਤਿਹ ਮੁਨਿਜ ਕੋ, ਅਰਧ ਦੇਸ ਕੌ ਪਾਇ॥*
*ਭਾਂਤਿ ਭਾਂਤਿ ਕੇ ਸੁਖ ਕਰੇ, ਹ੍ਰਿਦੈ ਹਰਖ ਉਪਜਾਇ॥ ੩੨॥*

## ੧੧੫ਵਾਂ ਚਰਿੱਤ੍ਰ : ਰਿਖੀ ਗੋਤਮ ਤੇ ਅਹਿੱਲਿਆ

ਗੌਤਮ ਰਿਖੀ ਜੰਗਲ ਵਿਚ ਰਹਿੰਦਾ ਸੀ। ਉਸ ਦੀ ਇਸਤ੍ਰੀ ਦਾ ਨਾਮ ਅਹਿੱਲਿਆ ਸੀ। ਉਸ ਨੇ ਮਨ ਕਰ ਕੇ ਆਪਣੇ ਪਤੀ ਨੂੰ ਵੱਸ ਕੀਤਾ ਸੀ। ਚੌਦਾਂ ਲੋਕਾਂ ਵਿਚ ਕੋਈ ਇਸਤ੍ਰੀ ਉਸ ਤੋਂ ਸੋਹਣੀ ਨਹੀਂ ਸੀ । ਜੇ ਹੈ ਸੀ ਤਾਂ ਇਕ ਅਹਿੱਲਿਆ ਹੀ ਸੀ। ਰਿਖੀ ਜੀ ਬਾਹਰੋਂ ਆਏ ਕੰਮ ਕਰਕੇ। ਦੇਵਤੇ ਰਿਖੀ ਜੀ ਦੇ ਘਰ ਆਏ ਤੇ ਉਹਨਾਂ ਵਿਚ ਇੰਦਰ ਦੇਵਤਾ ਵੀ ਸੀ। ਉਹ ਅਹਿੱਲਿਆ ਦਾ ਰੂਪ ਦੇਖ ਕੇ ਡੋਲ ਗਿਆ। ਇੰਦਰ ਦਾ ਵੀ ਸਰੀਰ ਵੇਖ ਕੇ ਅਹਿੱਲਿਆ ਡੋਲ ਗਈ। ਦੋਨਾਂ ਦੇ ਮਨ ਵੱਸ ਵਿਚ ਨਹੀਂ ਰਹੇ ਤੇ ਉਸ ਨੇ ਜੋਗਨੇਸਰੀ ਸਖੀ ਨੂੰ ਬੁਲਾਇਆ ਤੇ ਆਖਿਆ, ਇੰਦਰ ਨੂੰ ਬੁਲਾ ਕੇ ਲਿਆ ਤੇ ਸਾਰੀ ਗੱਲ ਸਹੇਲੀ ਨੂੰ ਦੱਸ ਦਿੱਤੀ। ਇੰਦਰ ਨੂੰ ਅਹਿੱਲਿਆ ਦੀ ਸਹੇਲੀ ਨੇ ਸਮਝਾਇਆ, ਸੁਣ ਕੇ ਇੰਦਰ ਬਹੁਤ ਖ਼ੁਸ਼ ਹੋਇਆ। ਤਪੱਸਵੀ ਦੀ

ਅਹਿੱਲਿਆ ਨੇ ਸੁਣ ਕੇ ਹਾਰ ਸ਼ਿੰਗਾਰ ਲਾਏ। ਇੰਦਰ ਉੱਧਰ ਨੂੰ ਚੱਲ ਪਿਆ ਜਿਥੇ ਅਹਿੱਲਿਆ ਬੈਠੀ ਸੀ। ਰਿਖੀ ਤੋਂ ਡਰਦਾ ਡਰਦਾ ਲੁੱਕ ਕੇ ਇੰਦਰ ਆਉਂਦਾ ਹੈ। ਰਿਖੀ ਜੀ ਇਸ਼ਨਾਨ ਕਰਨ ਗਏ ਸਨ। ਇਧਰ ਦੋਵੇਂ ਮਿੱਤਰ ਆਪਸ ਵਿਚ ਮਿਲ ਗਏ ਤੇ ਆਪਣੇ ਮਨ ਸ਼ਾਂਤ ਕੀਤੇ। ਅਹਿੱਲਿਆ ਦੀ ਖ਼ੁਸ਼ੀ ਦੀ ਹੱਦ ਨਾ ਰਹੀ। ਰਿਖੀ ਨੂੰ ਭੁਲਾ ਦਿੱਤਾ। ਇੰਦਰ ਰਿਖੀ ਦੇ ਪੈਰਾਂ ਦਾ ਖੜਕਾਅ ਸੁਣ ਕੇ ਮੰਜੀ ਥੱਲੇ ਲੁੱਕ ਗਿਆ। ਐਸਾ ਕੌਣ ਹੈ ਜਿਸ ਨੇ ਕੁਕਰਮ ਕੀਤਾ ਹੈ। ਅਹਿੱਲਿਆ ਨੇ ਉੱਤਰ ਦਿੱਤਾ ਹੱਸ ਕੇ, ਇਕ ਬਿੱਲਾ ਆਇਆ ਸੀ ਤੁਹਾਨੂੰ ਵੇਖ ਕੇ ਡਰ ਗਿਆ ਹੈ ਤੇ ਮੰਜੀ ਥੱਲੇ ਵੜ ਗਿਆ ਹੈ। ਮੁਨੀ ਜੀ, ਆਪ ਜੀ ਨੂੰ ਸੱਚ ਕਿਹਾ ਹੈ। ਇਸਤ੍ਰੀ ਦਾ ਕਹਿਆ ਸਮਝ ਨਾ ਸਕਿਆ। ਇੰਦਰ ਬਿੱਲਾ ਬਣ ਕੇ ਮੰਜੇ ਥੱਲੇ ਬੈਠਾ ਸੀ। ਰਿਖੀ ਜੀ, ਕਿਸੇ ਹੋਰ ਘਰ ਜਾ ਕੇ ਹੋਮ ਕਰੋ ਤੇ ਨਾਮ ਜਪੋ। ਇਸ ਗੱਲ ਦਾ ਕਈ ਦਿਨਾਂ ਬਾਅਦ ਜਦ ਰਿਖੀ ਨੂੰ ਪਤਾ ਲੱਗਾ ਤਾਂ ਰਿਖੀ ਜੀ ਆਪਣੇ ਸਿਰ ਦੇ ਵਾਲ ਪੁੱਟਣ ਲੱਗਾ। ਇੰਦਰ ਨੂੰ ਸਰਾਪ ਦੇ ਦਿੱਤਾ। ਦੇਵਤਿਆਂ ਦਾ ਰਾਜਾ ਹੋ ਕੇ ਰਿਖੀਆਂ ਦੇ ਘਰ ਆਉਂਦਾ ਹੈ। ਸਰਾਪ ਦਿੱਤਾ ਕਿ ਤੇਰੇ ਸਰੀਰ 'ਤੇ ਹਜ਼ਾਰ ਭਗਾਂ ਦਾ ਨਿਸ਼ਾਨ ਹੋ ਜਾਵੇ। ਇੰਦਰ ਵੇਖ ਕੇ ਬੜਾ ਸ਼ਰਮਿੰਦਾ ਹੋਇਆ। ਫਿਰ ਰਿਖੀ ਨੇ ਆਪਣੀ ਇਸਤ੍ਰੀ ਨੂੰ ਸਰਾਪ ਦੇ ਦਿੱਤਾ, ਚਰਿੱਤ੍ਰ ਕੀਤਾ ਸੀ ਇਸ ਲਈ ਚਾਰ ਜੁੱਗ ਪੱਥਰ ਦੀ ਸਿਲ ਬਣ ਕੇ ਰਹਿ।

*ਸ੍ਰਾਪ ਦਿਯੋ ਤ੍ਰਿਯ ਕੌ ਬਹੁਰਿ, ਜੋ ਤੈਂ ਕਿਯੋ ਚਰਿੱਤ੍ਰ॥*
*ਤੈ ਪਾਹਨ ਕੀ ਚਾਰਿ ਜੁਗ, ਹੋਹਿ ਸਿਲਾ ਅਪਵਿੱਤ੍ਰ॥ ੨੨॥*

ਗੁਰਬਾਣੀ ਅੰਦਰ ਜ਼ਿਕਰ ਆਇਆ ਹੈ। ਇਥੇ ਵਿਸਥਾਰ ਸਾਹਿਤ ਨਿਰਣਾ ਕੀਤਾ ਗਿਆ ਹੈ :

*ਸਹੰਸਰ ਦਾਨ ਦੇ ਇੰਦ੍ਰ ਰੋਆਇਆ॥* (ਅੰਗ ੯੫੩)
*ਯਥਾ :- ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ*
*ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ ੧* (ਅੰਗ ੧੩੪੪)

## ੧੧੬ਵਾਂ ਚਰਿੱਤ੍ਰ : ਸੁੰਦ ਅਤੇ ਅਪਸੁੰਦ

ਸੁੰਦ ਤੇ ਅਪਸੁੰਦ ਦੋਨੋਂ ਬਲਵਾਨ ਦੈਂਤ ਸਨ। ਤਿੰਨੇ ਲੋਕ ਇਹਨਾਂ ਨੂੰ ਨਮਸਕਾਰ ਕਰਦੇ ਸਨ। ਤਪੱਸਿਆ ਕਰ ਕੇ ਸ਼ਿਵਾਂ ਤੋਂ ਵਰ ਲਿਆ ਸੀ ਕਿ ਤੁਸੀਂ ਮਾਰੇ ਵੀ ਨਹੀਂ ਮਰੋਗੇ। ਜੇ ਤੁਸੀਂ ਆਪਸ ਵਿਚ ਲੜੋਗੇ ਤਾਂ ਜਮਪੁਰ ਜਾਉਗੇ। ਬਹੁਤ ਹੰਕਾਰ ਵਿਚ ਆ ਗਏ। ਬ੍ਰਹਮਾ ਜੀ ਵਿਸ਼ਵਕਰਮਾ ਜੀ ਕੋਲ ਗਿਆ ਤੇ ਮਸ਼ਵਰਾ ਕੀਤਾ। ਬ੍ਰਹਮਾ ਨੇ ਵਿਸ਼ਵਕਰਮਾ ਨੂੰ ਆਖਿਆ, ਤੁਸੀਂ ਐਸੀ ਇਸਤ੍ਰੀ ਬਣਾਉ ਕਿ ਜਿਹੜਾ ਦੇਖੇ, ਮੋਹਿਤ ਹੋ ਜਾਵੇ। ਵਿਸ਼ਵਕਰਮਾ ਆਪਣੇ ਘਰ ਗਿਆ ਤੇ ਝਟ ਤਿਲੋਤਮਾ ਨਾਮ ਦੀ ਇਸਤ੍ਰੀ ਬਣਾਈ। ਇਸਤ੍ਰੀ ਉਥੇ ਪਹੁੰਚ ਗਈ। ਥਾਨੇਸਰ

ਨਗਰ ਵਿਚ ਦੇਵਤੇ ਤੇ ਦੈਂਤ ਇਸਤ੍ਰੀ ਨੂੰ ਵੇਖ ਕੇ ਭੰਬਲ ਭੂਸੇ ਵਿਚ ਪੈ ਗਏ। ਇਸਤ੍ਰੀ ਬਾਗ਼ ਵਿਚ ਸੈਰ ਕਰਦੀ ਸੀ। ਦੋਵੇਂ ਦੈਂਤ ਆਪਣੀ ਸਭਾ ਛੱਡ ਕੇ ਉਸੇ ਤਿਲੋਤਮਾ ਕੋਲ ਆ ਗਏ। ਦੋਹਾਂ ਨੇ ਆਖਿਆ, ਸਾਡੇ ਨਾਲ ਵਿਆਹ ਕਰਵਾ ਲੈ। ਸੁੰਦ ਆਖੇ, ਮੈਂ ਵਰੂੰਗਾ ਤੇ ਅਪਸੁੰਦ ਆਖੇ ਮੈਂ ਵਰੂੰਗਾ। ਆਪਸ ਵਿਚ ਦੋਹਾਂ ਦੀ ਲੜਾਈ ਹੋ ਗਈ। ਇਸਤ੍ਰੀ ਦੀ ਸੁੰਦਰਤਾ ਨੂੰ ਵੇਖ ਕੇ ਦੋਵੇਂ ਦੈਂਤ ਸੂਰਮੇ ਮਾਰੇ ਗਏ। ਦੇਵਤਿਆਂ ਨੇ ਫੁੱਲ ਵਰਸਾਏ।

*ਦੁਹੂੰ ਭ੍ਰਾਤ ਬਧ ਕੈ ਤ੍ਰਿਯ, ਗਈ ਬ੍ਰਹਮ ਪੁਰ ਧਾਇ॥*
*ਜੈਜੈਕਾਰ ਅਪਾਰ ਹੁਅ, ਹਰਖੇ ਮਨ ਸੁਰਰਾਇ॥ ੨੧॥*

## ੧੧੭ਵਾਂ ਚਰਿੱਤ੍ਰ : ਸੱਚੀ

ਜਦੋਂ ਦੈਂਤਾਂ ਨੇ ਵਿਰਾਟ ਯੁੱਧ ਕੀਤਾ ਤਾਂ ਇੰਦਰ ਨੇ ਰਸਤਾ ਘਰ ਦਾ ਫੜ ਲਿਆ। ਉਹ ਕਮਲ ਦੀ ਨਾਲੀ ਵਿਚ ਲੁੱਕ ਗਿਆ ਤੇ ਸੱਚੀ ਨੇ ਵੀ ਵੇਖਿਆ। ਸਾਰੇ ਦੇਵਤੇ ਸੱਚੀ ਸਮੇਤ ਇੰਦਰ ਨੂੰ ਲੱਭਣ ਲੱਗੇ ਤੇ ਲੱਭਣ ਵਿਚ ਨਾ ਆਇਆ। ਸਾਰੇ ਨਿਰਾਸ਼ ਹੋ ਗਏ। ਦੇਵਤਿਆਂ ਨੇ ਸਲਾਹ ਕੀਤੀ ਤੇ ਬ੍ਰਹਸਪਤੀ ਨੂੰ ਸੱਦਿਆ ਅਤੇ ਆਖਿਆ, ਇੰਦਰ ਦਾ ਪਤਾ ਨਹੀਂ ਕਿੱਥੇ ਗਿਆ ਹੈ, ਪਤਾ ਨਹੀਂ ਜੰਗ ਵਿਚ ਮਾਰਿਆ ਗਿਆ ਹੈ, ਪਤਾ ਨਹੀਂ ਲੱਗਦਾ। ਸ਼ੁਕਰਾਚਾਰੀਆ ਨੇ ਸਲਾਹ ਕਰ ਕੇ ਸਾਰਾ ਰਾਜ ਸਵਰਗ ਦਾ ਜੁਜਾਤ ਨੂੰ ਦੇ ਦਿੱਤਾ। ਜੁਜਾਤ ਨੇ ਆਖਿਆ, ਸੱਚੀ, ਤੂੰ ਮੇਰੀ ਇਸਤ੍ਰੀ ਬਣ ਜਾ, ਹੁਣ ਤੂੰ ਇੰਦਰ ਦੀ ਝਾਕ ਛੱਡ ਦੇ। ਸੱਚੀ ਨੇ ਆਖਿਆ, ਮੇਰਾ ਪਤੀ ਪ੍ਰਦੇਸ ਗਿਆ ਹੈ, ਮੇਰਾ ਸਤ ਭੰਗ ਕਰੇਂਗਾ ਤਾਂ ਨਰਕਾਂ ਵਿਚ ਪਵੇਂਗਾ। ਸੱਚੀ ਨੇ ਸੋਚਿਆ, ਇਹ ਹੁਣ ਮੈਨੂੰ ਨਹੀਂ ਛੱਡੇਗਾ। ਹੁਣ ਚਰਿੱਤ੍ਰ ਖੇਡੀਏ। ਸੱਚੀ ਨੇ ਆਖਿਆ, ਮੈਂ ਇਕ ਪਰਤਿਗਿਆ ਕਰ ਰੱਖੀ ਹੈ ਕਿ ਤੂੰ ਸੱਤਾਂ ਰਿਖੀਆਂ ਤੋਂ ਪਾਲਕੀ ਚੁਕਾ ਕੇ ਲਿਆ, ਫਿਰ ਮੈਂ ਵਿਆਹ ਕਰੂੰਗੀ। ਜੁਜਾਤ ਮੰਨ ਗਿਆ। ਉਸੇ ਵਕਤ ਸੱਤ ਰਿਖੀ ਬੁਲਾਏ, ਪਾਲਕੀ ਚੁਕਾਈ ਤੇ ਵਿਚ ਆਪ ਬੈਠ ਗਿਆ। ਕਾਮ ਦੇ ਵੱਸ ਹੋਇਆ ਰਿਖੀਆਂ ਨੂੰ ਕੋਰੜੇ ਮਾਰਨੇ ਸ਼ੁਰੂ ਕਰ ਦਿੱਤੇ। ਇਕ ਰਿਖੀ ਤਮੋਗੁਣੀ ਸੀ, ਉਸ ਨੇ ਸਰਾਪ ਦੇ ਦਿੱਤਾ । ਉਸ ਰਿਖੀ ਦਾ ਨਾਮ ਉਦਾਲਕ ਸੀ। ਸਰਾਪ ਦਿੱਤਾ ਕਿ ਇੰਦਰ ਦਾ ਰਾਜ ਛੱਡ ਕੇ ਮਾਤ ਲੋਕ ਵਿਚ ਜਾ ਕੇ ਜਨਮ ਧਾਰ। ਸੱਚੀ ਨੇ ਚਰਿੱਤ੍ਰ ਕੀਤਾ, ਇੰਦਰ ਨੂੰ ਲੱਭਿਆ ਤੇ ਰਾਜ ਸਿੰਘਾਸਨ 'ਤੇ ਬਿਠਾਇਆ।

*ਰਾਜ ਜੁਜਾਤਹਿ ਦੀਜਿਯੈ, ਯਹੈ ਮੰਤ੍ਰ ਕੌ ਸਾਰ॥ ੫॥*
*ਏਕ ਉਦਾਲਕ ਰਿਖਿ ਹੁਤੋ, ਦਿਯੋ ਸ੍ਰਾਪ ਰਿਸਿ ਠਾਨਿ॥*

## ੧੧੮ਵਾਂ ਚਰਿੱਤ੍ਰ : ਰਾਣੀ ਮੰਤਰ ਕਲਾ

ਪੱਛਮ ਵਿਚ ਦੇਵ ਨਾਮੀ ਰਾਜਾ ਸੀ। ਉਸ ਦੀ ਇਸਤ੍ਰੀ ਦਾ ਨਾਮ ਮੰਤਰ ਕਲਾ ਸੀ। ਜੋ ਕੁਝ ਰਾਣੀ ਕਹਿੰਦੀ ਸੀ, ਉਹੀ ਕੁਝ ਰਾਜਾ ਕਰਦਾ ਸੀ। ਹਮੇਸ਼ਾ ਨਾਲ ਰਹਿੰਦਾ ਸੀ। ਸਮਾਂ ਪਾ

ਕੇ ਦੋ ਪੁੱਤਰ ਹੋਏ। ਰਾਜਾ ਸਰੀਰ ਛੱਡ ਗਿਆ ਤੇ ਉਸ ਦਾ ਪੁੱਤਰ ਰਾਜਾ ਬਣਿਆ। ਰਾਣੀ ਨੇ ਇਕ ਸੁੰਦਰ ਆਦਮੀ ਵੇਖਿਆ ਤੇ ਉਸ ਉੱਤੇ ਮੋਹਿਤ ਹੋ ਗਈ। ਦਾਸੀ ਨੂੰ ਸੱਦ ਕੇ ਉਸ ਆਦਮੀ ਨੂੰ ਬੁਲਾ ਲਿਆ। ਰਾਣੀ ਨੇ ਉਸ ਆਦਮੀ ਨੂੰ ਕਿਹਾ, ਤੂੰ ਬੇਫ਼ਿਕਰ ਹੋ ਕੇ ਮੇਰੇ ਨਾਲ ਰਹਿ। ਆਦਮੀ ਨੇ ਆਖਿਆ, ਤੇਰੇ ਦੋ ਪੁੱਤਰ ਹਨ, ਜੇ ਉਹਨਾਂ ਨੂੰ ਪਤਾ ਲੱਗ ਗਿਆ ਤਾਂ ਮੈਨੂੰ ਮਾਰ ਦੇਣਗੇ। ਰਾਣੀ ਨੇ ਦੋਹਾਂ ਪੁੱਤਰਾਂ ਨੂੰ ਸ਼ਰਾਬ ਪਿਆ ਕੇ ਬੇਹੋਸ਼ ਕਰ ਦਿੱਤਾ ਤੇ ਹੱਥ ਵਿਚ ਤਲਵਾਰ ਫੜ ਕੇ ਦੋਹਾਂ ਦੇ ਸਿਰ ਵੱਢ ਦਿੱਤੇ। ਦੋਹਾਂ ਪੁੱਤਰਾਂ ਦੇ ਸਿਰ ਝੋਲੀ ਵਿਚ ਪਾ ਕੇ ਆਪਣੇ ਮਿੱਤ੍ਰ ਨੂੰ ਮਿਲੀ।

*ਦੁਹੂੰ ਸੁਤਨ ਕੇ ਕਾਟ ਸਿਰ ਲਏ ਗੋਦ ਮੈ ਡਾਰਿ॥*

ਬਿਭਚਾਰਨ ਔਰਤ ਨੇ ਆਪਣੇ ਪੁੱਤਰਾਂ ਨੂੰ ਵੀ ਮਾਰ ਦਿੱਤਾ।

## ੧੧੯ਵਾਂ ਚਰਿੱਤ੍ਰ : ਰਾਜਕੁਮਾਰੀ ਰੁਦਰ ਕਲਾ

ਇਕ ਤਿਰਹੁਤਪੁਰ ਸ਼ਹਿਰ ਸੀ, ਜਿਹੜਾ ਸਾਰੇ ਪਾਸੇ ਮਸ਼ਹੂਰ ਸੀ। ਉਥੋਂ ਦੀ ਇਕ ਰਾਣੀ ਜੰਤਰ ਕਲਾ ਸੀ, ਜਿਸ ਦੀ ਲੜਕੀ ਦਾ ਨਾਮ ਰੁਦਰ ਕਲਾ ਸੀ। ਲੜਕੀ ਦਾ ਬਚਪਨ ਬੀਤਿਆ, ਜਵਾਨੀ ਨੇ ਹੁਲਾਰਾ ਮਾਰਿਆ। ਉਸ ਨੇ ਇਕ ਸੁੰਦਰ ਰਾਜਕੁਮਾਰ ਦੇਖਿਆ। ਉਸ ਦਾ ਨਾਮ ਸੰਭੁਰਤਿਰ ਸੀ। ਰੁਦਰ ਕਲਾ ਅੱਠੇ ਪਹਿਰ ਉਸ ਦੇ ਧਿਆਨ ਵਿਚ ਰਹਿੰਦੀ ਸੀ।

ਇਕ ਦਿਨ ਸਹੇਲੀ ਘੱਲ ਕੇ ਰਾਜਕੁਮਾਰ ਨੂੰ ਬੁਲਾ ਲਿਆ। ਉਧਰੋਂ ਉਸ ਰੁਦਰ ਕਲਾ ਦੀ ਮਾਂ ਜੰਤਰ ਕਲਾ ਆ ਗਈ। ਲੜਕੀ ਨੇ ਮਾਂ ਤੋਂ ਡਰਦਿਆਂ ਰਾਜਕੁਮਾਰ ਨੂੰ ਲੁਕਾ ਦਿੱਤਾ। ਫਿਰ ਇਸ ਲੜਕੀ ਨੇ ਵਾਲ ਸਾਫ ਕਰਨ ਵਾਲਾ ਪੌਡਰ ਮੰਗਵਾਇਆ ਤੇ ਦਾੜੀ ਮੁੱਛਾਂ ਸਾਫ਼ ਕਰ ਕੇ ਇਸਤ੍ਰੀ ਵਾਲੇ ਕਪੜੇ ਪਾ ਕੇ ਉਸ ਨੂੰ ਆਪਣੀ ਸਹੇਲੀ ਬਣਾ ਲਿਆ।

*ਕੇਸਾਂਤਕ ਤਿਨ ਤੁਰਤੁ ਮੰਗਾਯੋ॥ ਲੀਪਿ ਸਮਸ ਤਾਕੀ ਸੌ ਲਾਯੋ॥*
*ਤਬ ਸਭ ਕੇਸ ਦੂਰ ਹ੍ਵੈ ਗਏ॥ ਰਾਜਕੁਮਾਰ ਤ੍ਰਿਯਾ ਸੇ ਭਏ॥ ੬॥*

## ੧੨੦ਵਾਂ ਚਰਿੱਤ੍ਰ : ਵਿਸ਼ਨੂੰ ਤੇ ਬਰਿੰਦਾ

ਜਲੰਧਰ ਦੈਂਤ ਨੇ ਸ਼ਿਵਜੀ ਪਾਸੋਂ ਪਾਰਬਤੀ ਮੰਗੀ। ਇਸ ਕਰ ਕੇ ਜਲੰਧਰ ਦੈਂਤ ਨਾਲ ਜੰਗ ਹੋਇਆ। ਕਿਉਂਕਿ ਸ਼ਿਵਜੀ ਨੇ ਪਾਰਬਤੀ ਦੇਣ ਤੋਂ ਇਨਕਾਰ ਕਰ ਦਿੱਤਾ, ਇਸ ਕਰ ਕੇ ਦੈਂਤ ਕਰੋਧ ਵਿਚ ਆ ਗਿਆ। ਲੜਾਈ ਦਾ ਸਾਜ ਬਣਾਇਆ। ਲੜਾਈ ਬੜੀ ਘਮਸਾਨ ਦੀ ਹੋਈ। ਜਲੰਧਰ ਦੀ ਘਰਵਾਲੀ ਬੜੀ ਪਤੀਬ੍ਰਤਾ ਇਸਤ੍ਰੀ ਸੀ। ਵਿਸ਼ਨੂੰ ਨੇ ਚਰਿੱਤ੍ਰ ਖੇਡਿਆ। ਜਲੰਧਰ ਦਾ ਰੂਪ ਧਾਰਿਆ ਤੇ ਬਰਿੰਦਾ ਦੇ ਕੋਲ ਗਿਆ। ਬਰਿੰਦਾ ਦਾ ਸਤ ਤੋੜਿਆ। ਜਲੰਧਰ ਨੂੰ ਮਾਰਿਆ ਤੇ ਆਪਣਾ ਰਾਜ ਕਾਇਮ ਕੀਤਾ।

*ਇਹ ਚਰਿਤ੍ਰ ਸੌ ਬਿਸ਼ਨ ਜੂ, ਬ੍ਰਿੰਦਾ ਕੌ ਸਤ ਟਾਰਿ॥*

*ਆਨਿ ਰਾਜ ਅਪਨੌ ਲਯੋ, ਜਾਲੰਧਰ ਕਹ ਮਾਰਿ॥ ੩੦॥*

## ੧੨੧ਵਾਂ ਚਰਿੱਤ੍ਰ : ਚੋਰ ਇਸਤ੍ਰੀ

ਜਹਾਂਗੀਰ ਬਾਦਸ਼ਾਹ ਜਦੋਂ ਤਖ਼ਤ 'ਤੇ ਬੈਠਾ ਤਾਂ, ਉਸ ਸਮੇਂ ਇਕ ਇਸਤ੍ਰੀ ਕਿਸੇ ਨਾ ਕਿਸੇ ਦੀ ਜੇਬ ਕੱਟ ਕੇ ਲੈ ਜਾਂਦੀ ਸੀ, ਪਰ ਉਹ ਮੂੰਹ ਨਹੀਂ ਸੀ ਵਿਖਾਉਂਦੀ। ਬੁਰਕਾ ਪਹਿਨ ਕੇ ਰੱਖਦੀ ਸੀ। ਇਸ ਦੀ ਕਰਤੂਤ ਦਾ ਇਕ ਆਦਮੀ ਨੂੰ ਪਤਾ ਲੱਗਾ, ਪਰ ਕਿਸੇ ਨੂੰ ਨਹੀਂ ਦੱਸਿਆ। ਦੂਜੇ ਦਿਨ ਫਿਰ ਆ ਗਈ। ਆਦਮੀ ਨੇ ਜੁੱਤੀ ਲਾਹ ਲਈ ਤੇ ਇਸਤ੍ਰੀ ਨੂੰ ਫੜ ਲਿਆ। ਬਸ, ਫਿਰ ਜੁੱਤੀਆਂ ਪੈਂਦੀਆਂ 'ਚ ਧਰਤੀ ਹਿਲਦੀ ਵਰਗੀ ਦਿੱਸੇ। ਆਦਮੀ ਆਖੇ ਪਰਦਾ ਛੱਡ ਕੇ ਆਈ ਕਿਉਂ ? ਬਸ, ਇਹ ਲਫ਼ਜ਼ ਬੋਲੇ। ਅਖ਼ੀਰ ਨੂੰ ਜੁੱਤੀਆਂ ਮਾਰ ਮਾਰ ਕੇ ਕਮਲੀ ਕਰ ਦਿੱਤੀ। ਗਹਿਣੇ ਗੱਟੇ ਲਾਹ ਲਏ। ਆਦਮੀ ਨੂੰ ਲੋਕ ਆਖਣ, ਇਸਤ੍ਰੀ ਇਸ ਦੀ ਹੈ, ਛਡਾਏ ਕੋਈ ਨਾ। ਜਦੋਂ ਹੋਸ਼ ਆਈ ਤਾਂ ਮੁੜ ਦਰਬਾਰ ਵਿਚ ਨਾ ਆਈ ਤੇ ਕਿਸੇ ਦੀ ਕੋਈ ਚੋਰੀ ਨਾ ਕੀਤੀ।

*ਖੀਸੇ ਕਾਟਿ ਬਹੁਨ ਕੇ ਲੇਈ॥ ਨਿਜ ਮੁਖ ਕਿਸੂ ਨ ਦੇਖਨ ਦੇਈ॥੧॥*

## ੧੨੨ਵਾਂ ਚਰਿੱਤ੍ਰ : ਰਾਣੀ ਕੁੰਕਮ ਦੇਵੀ ਅਤੇ ਘਨਸਾਰ ਦੇਵੀ

ਕਹਿਲੂਰ ਦੇਸ਼ ਦਾ ਇਕ ਮਸ਼ਹੂਰ ਰਾਜਾ ਸੀ, ਜਿਸ ਦਾ ਨਾਮ ਅਭੈਸਾਂਡ ਸੀ। ਤਤਾਰ ਖ਼ਾਂ ਨੂੰ ਇਸ ਨੇ ਯੁੱਧ ਵਿਚ ਮਾਰਿਆ। ਇਸ ਗੱਲ ਦਾ ਤੈਸ਼ ਖ਼ਾਂ ਨੂੰ ਪਤਾ ਲੱਗਾ ਤਾਂ ਖ਼ਾਨ ਚੜ੍ਹ ਆਏ ਅਤੇ ਉਹਨਾਂ ਨੇ ਅਨੇਕਾਂ ਰਾਜਿਆਂ ਨੂੰ ਮਾਰ ਦਿੱਤਾ। ਜਦ ਰਾਜਾ ਸਾਰੇ ਉਪਾਅ ਕਰ ਕੇ ਥੱਕ ਗਿਆ ਤਾਂ ਦੋਹਾਂ ਰਾਣੀਆਂ ਨੇ ਜੰਗ ਵਿਚ ਜਾਣ ਦਾ ਮਤਾ ਪਕਾਇਆ। ਮਰਦਾਵੇਂ ਕੱਪੜੇ ਪਾ ਕੇ ਇਕ ਪਾਸੇ ਕੁੰਕਮ ਦੇਵੀ ਤੇ ਦੂਜੇ ਪਾਸੇ ਘਨਸਾਰ ਦੇਵੀ। ਦੋਵੇਂ ਰਾਣੀਆਂ ਨੇ ਫ਼ੌਜ ਤਿਆਰ ਕੀਤੀ। ਲੜਾਈ ਵਿਚ ਮਾਰੀਆਂ ਗਈਆਂ ਤੇ ਸਵਰਗ ਨੂੰ ਚੱਲੀਆਂ ਗਈਆਂ। ਆਪਣੇ ਪਤੀ ਦੇ ਬਦਲੇ ਆਪ ਕੁਰਬਾਨੀਆਂ ਕੀਤੀਆਂ।

*ਪ੍ਰੀਤਿ ਪਿਯਾ ਕੀ ਜੇ ਲਰੀ, ਧੰਨਿ ਧੰਨਿ ਤੇ ਨਾਰਿ॥*

*ਪੁਰ ਰਹਯੋ ਜਸੁ ਜਗਤ ਮੈ, ਸੁਰ ਪੁਰ ਬਸੀ ਸੁਧਾਰ॥ ੨੧॥*

ਇਸ ਚਰਿੱਤ੍ਰ ਵਿਚ ਦੋਵੇਂ ਰਾਣੀਆਂ ਦੀ ਸੂਰਮਤਾਈ ਦੱਸੀ ਗਈ ਹੈ।

## ੧੨੩ਵਾਂ ਚਰਿੱਤ੍ਰ : ਭਗਵਾਨ ਵਿਸ਼ਨੂੰ

ਦੇਵਤਿਆਂ ਨੇ ਜਦੋਂ ਸਮੁੰਦਰ ਰਿੜਕਿਆ ਤੇ ਚੌਦਾਂ ਰਤਨ ਕੱਢੇ ਤਾਂ ਦੈਂਤ ਗ਼ੁੱਸੇ ਹੋ ਗਏ।

ਦੇਵਤਿਆਂ ਦੀ ਅਤੇ ਦੈਂਤਾਂ ਦੀ ਘਮਸਾਨ ਦੀ ਲੜਾਈ ਹੋਈ। ਬਹੁਤ ਨੁਕਸਾਨ ਹੋਇਆ। ਦੋਹਾਂ ਪਾਸਿਆਂ ਤੋਂ ਸੂਰਮੇਂ ਲਲਕਾਰੇ ਮਾਰ-ਮਾਰ ਕੇ ਸ਼ਸਤ੍ਰ ਤੇ ਅਸਤ੍ਰ ਚਲਾਉਂਦੇ ਸਨ। ਤੀਰਾਂ ਦੀ ਵਰਖਾ ਹੁੰਦੀ ਸੀ। ਵਿਸ਼ਨੂੰ ਜੀ ਨੇ ਮੋਹਣੀ ਇਸਤ੍ਰੀ ਦਾ ਰੂਪ ਧਾਰਿਆ ਤਾਂ ਸਾਰੇ ਖ਼ੁਸ਼ ਹੋ ਗਏ, ਲੜਾਈ ਨਹੀਂ ਕੀਤੀ। ਦੇਵਤਿਆਂ ਨੂੰ ਅੰਮ੍ਰਿਤ ਅਤੇ ਦੈਂਤਾਂ ਨੂੰ ਸ਼ਰਾਬ ਵੰਡ ਦਿੱਤੀ। ਵਿਸ਼ਨੂੰ ਨੇ ਇਸਤ੍ਰੀ ਦਾ ਰੂਪ ਧਾਰਿਆ, ਦੈਂਤਾਂ ਨੂੰ ਛਲਿਆ। (ਪੁਰਖ ਚਰਿੱਤ੍ਰ)

*ਧਰਯੋ ਰੂਪ ਤ੍ਰਿਯ ਕੌ ਤਹਾਂ, ਆਪੁਨ ਤੁਰਤਿ ਮੁਰਾਰਿ॥*
*ਛਲੀ ਛਿਨਿਕ ਮੋ ਛਲਿ ਗਯੋ, ਜਿਤੇ ਹੁਤੇ ਅਸੁਰਾਰਿ॥ ੨੬॥*

## ੧੨੪ਵਾਂ ਚਰਿੱਤ੍ਰ : ਫੂਲਵਤੀ

ਨਾਰਨੌਲ ਦਾ ਇਕ ਬਿਜੈ ਸਿੰਘ ਨਾਮੀ ਰਾਜਾ ਸੀ। ਇਸ ਦੀ ਫੂਲਵਤੀ ਰਾਣੀ ਸੀ। ਬਿਜੈ ਸਿੰਘ ਨੂੰ ਇਕ ਇਸਤ੍ਰੀ ਭਰਮ ਕਲਾ ਮਿਲੀ, ਉਹ ਉਸ ਉੱਤੇ ਮੋਹਿਤ ਹੋ ਗਿਆ। ਜਦੋਂ ਫੂਲਵਤੀ ਨੂੰ ਪਤਾ ਲੱਗਾ ਕਿ ਰਾਜੇ ਨੇ ਦੂਸਰੀ ਇਸਤ੍ਰੀ ਲੈ ਆਂਦੀ ਹੈ ਤਾਂ ਮਨ ਵਿਚ ਬਹੁਤ ਖੁਨਸ ਖਾਧੀ, ਫਿਰ ਵੀ ਸਤਿਕਾਰ ਨਾਲ ਘਰ ਲੈ ਆਈ। ਆਪਣੀ ਧਰਮ ਦੀ ਭੈਣ ਬਣਾਇਆ ਤੇ ਮਨ ਵਿਚ ਮਾਰਨ ਦੀ ਵਿਉਂਤ ਬਣਾਈ। ਨਵੀਂ ਇਸਤ੍ਰੀ ਸ਼ਿਵਾਂ ਦੀ ਪੂਜਾ ਕਰਦੀ ਸੀ। ਰਾਜੇ ਨੇ ਇਕ ਸ਼ਿਵਾਂ ਦੀ ਮੂਰਤੀ ਬਣਾਈ। ਇਕ ਦਿਨ ਦੋਵੇਂ ਸੌਂਕਣਾਂ ਸ਼ਿਵਾਂ ਦੇ ਮੰਦਰ ਗਈਆਂ। ਫੂਲਵਤੀ, ਭਰਮ ਕਲਾ ਨੂੰ ਨਾਲ ਲੈ ਕੇ ਗਈ ਤੇ ਰਾਣੀ ਨੇ ਹੱਥ ਵਿਚ ਤਲਵਾਰ ਫੜ ਲਈ। ਉਸ ਨੇ ਇਸਤ੍ਰੀ ਦਾ ਸਿਰ ਵੱਢ ਕੇ ਸ਼ਿਵਾਂ ਦੀ ਮੂਰਤੀ 'ਤੇ ਚੜ੍ਹਾ ਦਿੱਤਾ। ਆਉਂਦੀ ਰੋਂਦੀ ਹੋਈ ਨੇ ਰਾਜੇ ਨੂੰ ਆਖਿਆ, ਉਸ ਨੇ ਆਪਣਾ ਸਿਰ ਕੱਟ ਕੇ ਸ਼ਿਵਾਂ ਦੇ ਚੜ੍ਹਾ ਦਿੱਤਾ ਹੈ। ਜਿਥੇ ਭਰਮ ਕਲਾ ਨੂੰ ਮਾਰਿਆ ਸੀ ਰਾਣੀ ਨੇ, ਉਸ ਜਗ੍ਹਾ 'ਤੇ ਰਾਜਾ ਆਇਆ। ਵੇਖ ਕੇ ਹੈਰਾਨ ਹੋਇਆ। ਰਾਜੇ ਨੇ ਇਸਤ੍ਰੀ ਦੀ ਬੜੀ ਉਸਤਤ ਕੀਤੀ। ਫੂਲਵਤੀ ਨੇ ਚਰਿੱਤ੍ਰ ਕਰਕੇ ਸੌਂਕਣ ਨੂੰ ਮਾਰ ਕੇ, ਰਾਜੇ ਨੂੰ ਆਪਣੇ ਵੱਲ ਕਰ ਲਿਆ।

## ੧੨੫ਵਾਂ ਚਰਿੱਤ੍ਰ : ਵੇਸਵਾ ਇੰਦਰਮਤੀ

ਲੰਕਾ ਵਿਚ ਇਕ ਬਾਂਕੇ ਰਾਖਸ਼ ਨੇ ਜਦੋਂ ਕਹਾਣੀ ਸੁਣੀ ਕਿ ਰਾਮ ਨੇ ਰਾਵਣ ਦੇ ਸਾਰੇ ਪਰਿਵਾਰ ਨੂੰ ਰਣ-ਖੇਤਰ ਵਿਚ ਮਾਰ ਦਿੱਤਾ ਹੈ ਤਾਂ ਉਸ ਨੂੰ ਬਹੁਤ ਗ਼ੁੱਸਾ ਆਇਆ। ਸਾਰੇ ਸ਼ਸਤ੍ਰ ਲੈ ਕੇ ਮਦ ਦਾ ਗੱਜਿਆ ਹੋਇਆ, ਕਿਲ੍ਹੇ ਦੇ ਉੱਪਰੋਂ ਛਾਲ ਮਾਰ ਕੇ ਅਤੇ ਸਮੁੰਦਰ ਪਾਰ ਕਰ ਕੇ ਦੂਸਰੇ ਦੇਸ਼ 'ਤੇ ਹਮਲਾ ਕਰ ਦਿੱਤਾ। ਰਾਜਿਆਂ ਨੇ ਫ਼ੌਜਾਂ ਇਕੱਠੀਆਂ ਕਰ ਕੇ ਘਮਸਾਨ ਦਾ ਯੁੱਧ ਕੀਤਾ, ਪਰ ਰਾਖਸ਼ ਨਾ ਮਰਿਆ। ਸੂਰਜ ਡੁੱਬ ਗਿਆ। ਫ਼ੌਜਾਂ ਵਾਪਸ ਘਰਾਂ ਨੂੰ ਆਈਆਂ। ਦੂਸਰੇ ਦਿਨ ਫਿਰ ਬਹੁਤ ਜਾਨੀ ਨੁਕਸਾਨ ਹੋਇਆ। ਰਾਖਸ਼ ਨੇ ਹਾਰ ਨਾ ਖਾਧੀ। ਉਥੇ ਵੇਸਵਾ ਇੰਦਰਮਤੀ ਰਹਿੰਦੀ ਸੀ। ਉਹ ਬਹੁਤ ਸੋਹਣੀ ਸੀ। ਵੇਸਵਾ ਨੇ ਹਾਰ ਸ਼ਿੰਗਾਰ ਲਾ ਲਏ। ਜਿਥੇ

ਰਾਖਸ਼ ਰਹਿੰਦਾ ਸੀ, ਉਥੇ ਮੇਵੇ ਸੋਗੀ ਲੈ ਕੇ ਪਹੁੰਚ ਗਈ। ਰਾਖਸ਼ ਆਇਆ, ਸਾਰਾ ਸਾਮਾਨ ਖਾਧਾ, ਮੱਦ ਦਾ ਮਸਤਿਆ ਹੋਇਆ, ਵੇਸਵਾ ਨਾਚ ਕਰਦੀ ਸੀ ਤੇ ਰਾਖਸ਼ ਸਿਰ ਹਿਲਾਉਂਦਾ ਸੀ। ਵੇਸਵਾ ਨੇ ਰਾਖਸ਼ ਨੂੰ ਕੈਦ ਕਰ ਲਿਆ। ਅਖ਼ੀਰ ਨੂੰ ਟੋਆ ਪੁੱਟ ਕੇ ਦੱਬ ਦਿੱਤਾ।

*ਜਿਨ ਖੇਚਰ ਕਰ ਖੱਗ ਲੈ, ਖੱਤ੍ਰੀ ਹਨੇ ਅਪਾਰ॥*

*ਤੇ ਛੈਲੀ ਇਹ ਛਲ ਛਲਯੋ, ਐਸੋ ਚਰਿਤ੍ਰ ਬਿਚਾਰ॥ ੩੯॥*

## ੧੨੬ਵਾਂ ਚਰਿੱਤ੍ਰ : ਬਹਾਦਰ ਇਸਤ੍ਰੀ

ਤਪੀਸਾ ਦੇਸ਼ ਵਿਚ ਇਕ ਕਿਲ੍ਹਾ ਸੀ, ਜਿਸ ਨਾਲ ਸੂਰਮਿਆਂ ਨੇ ਅਨੇਕਾਂ ਲੜਾਈਆਂ ਲੜੀਆਂ, ਫਿਰ ਵੀ ਕਿਸੇ ਕੋਲੋਂ ਜਿੱਤ ਨਾ ਹੋਈ। ਅਬਦੁਲ ਨੈਬੀ ਸੂਰਮੇ ਨੇ ਉਸ ਕਿਲ੍ਹੇ ਉੱਤੇ ਚੜ੍ਹਾਈ ਕੀਤੀ ਤੇ ਬਹੁਤ ਸਾਰਾ ਜਾਨੀ ਨੁਕਸਾਨ ਹੋਇਆ। ਅਖ਼ੀਰ ਨੂੰ ਕਿਲ੍ਹਾ ਤੋੜ ਦਿੱਤਾ। ਇਕ ਇਸਤ੍ਰੀ ਨੇ ਨੈਬੀ ਖ਼ਾਂ ਦੇ ਸੀਨੇ ਵਿਚ ਗੋਲੀ ਮਾਰੀ ਤੇ ਨੈਬੀ ਖ਼ਾਂ ਨੇ ਪਾਣੀ ਵੀ ਨਾ ਮੰਗਿਆ। ਪਰ ਕਿਸੇ ਨੂੰ ਪਤਾ ਨਹੀਂ ਲੱਗਾ ਕਿ ਕਿਸ ਨੇ ਸੂਰਮੇ ਨੂੰ ਨਿਸ਼ਾਨਾ ਲਾ ਕੇ ਮਾਰ ਦਿੱਤਾ। ਪਹਿਲਾਂ ਆਪਣੇ ਮਰੇ ਪੁੱਤਰ ਨੂੰ, ਫਿਰ ਆਪਣੇ ਪਤੀ ਨੂੰ ਤੇ ਮੁਗ਼ਲ ਨੂੰ ਘੁੱਟ ਕੇ ਫੜ ਕੇ ਚਿਖਾ ਵਿਚ ਛਾਲ ਮਾਰ ਦਿੱਤੀ।

*ਦੇਸ ਤਪੀਸਾ ਕੇ ਬਿਖੈ, ਗੜ੍ਹੀ ਸਿਨਸਿਨੀ ਏਕ॥*

*ਜੀਤਿ ਨ ਕੋਊ ਤਿਹ ਸਕ੍ਯੋ, ਭਿਰਿ ਭਿਰਿ ਗਏ ਅਨੇਕ॥ ੧॥*

*ਯਥਾ : ਸੁਤ ਜਰਾਇ ਪਤਿ ਜਾਰਿ ਕੈ, ਬਹੁਰਿ ਮੁਗਲ ਗਹਿ ਲੀਨ॥*

*ਤਾਂ ਪਾਛੇ ਅਗਨ ਜਰੀ, ਤ੍ਰਿਯ ਚਰਿਤ੍ਰ ਯੌ ਕੀਨ॥ ੧੨॥*

## ੧੨੭ਵਾਂ ਚਰਿੱਤ੍ਰ : ਰਤਨ ਸਿੰਘ

ਇਸ ਚਰਿੱਤ੍ਰ ਵਿਚ ਵੀਰ ਦੱਤ ਨਾਮੀ ਇਕ ਚੋਰ ਸੀ। ਉਹ ਰਾਹੀ, ਮੁਸਾਫ਼ਰਾਂ ਨੂੰ ਲੁੱਟ ਲੈਂਦਾ ਸੀ। ਇਕ ਦਿਨ ਰਤਨ ਸਿੰਘ ਨੂੰ ਅੱਗੋਂ ਮਿਲਿਆ ਤੇ ਕਿਹਾ, ਜਾਂ ਕੱਪੜੇ ਲਾਹ ਦੇ ਜਾਂ ਤੀਰ-ਕਮਾਨ ਲੈ ਕੇ ਮੇਰੇ ਸਾਹਮਣੇ ਆ ਜਾ। ਲੜਾਈ ਵਿਚ ਰਤਨ ਸਿੰਘ ਨੇ ਤੀਰ ਚਲਾਏ। ਅਖ਼ੀਰ ਰਤਨ ਸਿੰਘ ਕੋਲ ਇਕ ਤੀਰ ਰਹਿ ਗਿਆ। ਜਿਹੜਾ ਕੋਈ ਰਤਨ ਸਿੰਘ ਨੂੰ ਤੀਰ ਮਾਰਦਾ ਸੀ, ਰਤਨ ਸਿੰਘ ਉਸ ਨੂੰ ਛੁਰੇ ਨਾਲ ਕੱਟ ਦਿੰਦਾ ਸੀ। ਰਤਨ ਸਿੰਘ ਨੇ ਚਰਿੱਤ੍ਰ ਕੀਤਾ ਕਿ ਚੋਰ ਨੂੰ ਤੀਰ ਮਾਰ ਕੇ ਉਸ ਨੂੰ ਪ੍ਰਾਣਾਂ ਤੋਂ ਹੀਣਾ ਕੀਤਾ।

*ਰਤਨ ਸਿੰਘ ਇਹ ਛਲ ਭਏ, ਖਲ ਕੀ ਦ੍ਰਿਸ਼ਟ ਬਚਾਇ॥*

*ਮਰਮ ਸਥਲ ਮਾਰ੍ਯੋ ਬਿਸਿਖ, ਦੀਨੋ ਤਾਹਿ ਗਿਰਾਇ॥ ੧੦॥*

## ੧੨੮ਵਾਂ ਚਰਿੱਤ੍ਰ : ਰਾਣੀ ਮਾਨਮਤੀ

ਇਸ ਚਰਿੱਤ੍ਰ ਵਿਚ ਰਾਣੀ ਮਾਨਮਤੀ ਦੀ ਸੂਰਮਤਾਈ ਦੱਸੀ ਹੈ। ਇਕ ਉਗਰ ਦੱਤ ਨਾਮੀ ਰਾਜਾ ਸੀ। ਇਕ ਵਾਰੀ ਵੈਰੀਆਂ ਨੇ ਧਨ ਲੁੱਟ ਲਿਆ ਤੇ ਕੁੱਟ ਮਾਰ ਕਰਨ ਲੱਗੇ। ਲੜਾਈ ਸ਼ੁਰੂ ਹੋ ਗਈ। ਰਾਜੇ ਦੀ ਸੈਨਾ ਸਾਰੀ ਭੱਜ ਗਈ। ਰਾਜੇ ਨੇ ਫਿਰ ਆਪ ਜੰਗ ਕੀਤਾ।

ਇਕ ਪਾਸੇ ਰਾਜਾ ਵਿਧਨ ਦੱਤ ਤੇ ਦੂਸਰੇ ਪਾਸੇ ਰਾਜਾ ਉਗਰ ਦੱਤ। ਆਪਸ ਵਿਚ ਦੋਹਾਂ ਧਿਰਾਂ ਦਾ ਯੁੱਧ ਬਹੁਤ ਘਮਸਾਨ ਦਾ ਹੋਇਆ ਤੇ ਰਾਣੀ ਫ਼ੌਜ ਇਕੱਠੀ ਕਰ ਕੇ ਆਪ ਲੜਾਈ ਕਰਨ ਲਈ ਤਿਆਰ ਹੋ ਗਈ। ਰਾਣੀ ਮਾਨਮਤੀ ਨੇ ਬਹੁਤ ਭਿਆਨਕ ਜੰਗ ਕੀਤਾ। ਪਹਿਲਾਂ ਇੰਦਰ ਦੱਤ ਮਾਰਿਆ। ਫਿਰ ਰਾਣੀ ਨੇ ਉਗਰ ਦੱਤ ਨੂੰ ਜਿਉਂਦਾ ਵੇਖਿਆ ਤੇ ਬਹੁਤ ਖ਼ੁਸ਼ ਹੋਈ ਤੇ ਰਾਜੇ ਨੂੰ ਚੁੱਕ ਲਿਆ। ਰਾਜਾ ਠੀਕ ਹੋ ਗਿਆ ਤੇ ਰਾਣੀ ਨੂੰ ਬਹੁਤ ਸਤਿਕਾਰਿਆ ਤੇ ਆਖਿਆ, ਰਾਣੀ, ਤੂੰ ਮੈਨੂੰ ਦੁਬਾਰਾ ਜਨਮ ਦਿੱਤਾ ਹੈ।

*ਸੁਨੁ ਰਾਨੀ ਤੈ ਮੋਹਿ ਜਿਯਾਰੋ॥ ਅਬ ਚੇਰੋ ਮੈ ਭਯੋ ਤਿਹਾਰੋ॥*
*ਅਬ ਯੌ ਬਸੀ ਮੋਰ ਮਨ ਮਾਹੀ॥ ਤੋ ਸਮ ਔਰ ਤ੍ਰਿਯਾ ਕਹੂੰ ਨਾਹੀ॥ ੩੪॥*

## ੧੨੯ਵਾਂ ਚਰਿੱਤ੍ਰ : ਮਿਰਜ਼ਾ ਸਾਹਿਬਾਂ

ਇਸ ਚਰਿੱਤ੍ਰ ਵਿਚ ਮਿਰਜ਼ਾ ਸਾਹਿਬਾਂ ਦੇ ਪ੍ਰੇਮ ਦੀ ਕਥਾ ਦਾ ਕਥਨ ਹੈ। ਸਾਹਿਬਾਂ ਨਾਮ ਦੀ ਇਕ ਇਸਤ੍ਰੀ ਸੀ ਜੋ ਕਿ ਮਿਰਜ਼ੇ ਨੂੰ ਬਹੁਤ ਪਿਆਰ ਕਰਦੀ ਸੀ। ਸਾਹਿਬਾਂ ਨੂੰ ਵਿਆਹੁਣ ਵਾਸਤੇ ਲਾੜਾ ਆਇਆ ਤੇ ਮਿਰਜ਼ੇ ਨੂੰ ਪਤਾ ਲੱਗਾ ਤਾਂ ਬਹੁਤ ਦੁਖੀ ਹੋਇਆ। ਉਧਰੋਂ ਸਾਹਿਬਾਂ ਨੂੰ ਬਹੁਤ ਦੁੱਖ ਹੋਇਆ। ਸਾਹਿਬਾਂ ਨੇ ਮਨ ਵਿਚ ਸੋਚਿਆ ਕਿ ਵਿਆਹ ਕਰਵਾਉਣਾ ਹੈ ਤਾਂ ਮਿਰਜ਼ੇ ਨਾਲ ਹੀ ਕਰਵਾਉਂਗੀ, ਨਹੀਂ ਤਾਂ ਮਰ ਜਾਵਾਂਗੀ। ਸਾਹਿਬਾਂ ਨੇ ਆਪਣੀ ਦਾਸੀ ਭੇਜੀ ਮਿਰਜ਼ੇ ਵੱਲ। ਜਦ ਮਿਰਜ਼ੇ ਨੂੰ ਮਿਲੀ ਤਾਂ ਮਿਰਜ਼ਾ ਬਹੁਤ ਖ਼ੁਸ਼ ਹੋਇਆ ਤੇ ਉਸੇ ਵਕਤ ਘੋੜੀ 'ਤੇ ਚੜ੍ਹਿਆ ਤੇ ਆ ਗਿਆ ਸਾਹਿਬਾਂ ਦੇ ਪਿੰਡ। ਮਿਰਜ਼ਾ, ਸਾਹਿਬਾਂ ਨੂੰ ਘੋੜੀ 'ਤੇ ਬਿਠਾ ਕੇ ਚੱਲ ਪਿਆ ਆਪਣੇ ਪਿੰਡ ਵੱਲ। ਅਖ਼ੀਰ ਨੂੰ ਮਿਰਜ਼ਾ ਮਾਰਿਆ ਗਿਆ ਤੇ ਸਾਹਿਬਾਂ ਆਪ ਵੀ ਆਪਣੇ ਆਪ ਨੂੰ ਕਟਾਰੀ ਮਾਰ ਕੇ ਮਰ ਗਈ।

*ਪ੍ਰਥਮ ਤਹਾਂ ਤੇ ਕਾਢਿ ਕੈ, ਪੁਨ ਨਿਜ ਮੀਤ ਹਨਾਇ॥*
*ਪੁਨ ਜਮਧਰ ਉਗਨਿ ਮਰੀ, ਭ੍ਰਾਤ ਮੋਹ ਕੇ ਭਾਇ॥ ੩੯॥*

## ੧੩੦ਵਾਂ ਚਰਿੱਤ੍ਰ : ਸੁਮਤ ਦੇਵੀ

ਸੁਮਤ ਦੇਵੀ ਨਾਮ ਦੀ ਇਕ ਰਾਣੀ ਸੀ। ਉਹ ਸ਼ਿਵਜੀ ਦੀ ਉਪਾਸ਼ਨਾ ਕਰਦੀ ਸੀ ਤੇ ਰਾਜਾ ਵਿਸ਼ਨੂੰ ਦਾ ਉਪਾਸ਼ਕ ਸੀ। ਉਹ ਸਾਰਾ ਦਿਨ ਕ੍ਰਿਸ਼ਨ-ਕ੍ਰਿਸ਼ਨ ਕਰਦਾ ਰਹਿੰਦਾ ਸੀ।

ਰਾਣੀ ਤੇ ਰਾਜੇ ਦੋਵਾਂ ਦੀ ਬਹਿਸ ਹੋ ਗਈ। ਰਾਣੀ ਨੇ ਕਿਹਾ, ਪਹਿਲਾਂ ਮੈਂ ਸ਼ਿਵਜੀ ਦਾ ਚਮਤਕਾਰ ਦਿਖਾਉਂਦੀ ਹਾਂ ਤੇ ਫਿਰ ਮੈਂ ਤੈਨੂੰ ਇਸੇ ਰਸਤੇ 'ਤੇ ਲੈ ਆਉਂਦੀ ਹਾਂ। ਇਕ ਦਿਨ ਰਾਜਾ ਸੁੱਤਾ ਪਿਆ ਸੀ। ਰਾਣੀ ਨੇ ਪਲੰਘ ਚੁੱਕ ਕੇ ਮੂਧਾ ਕਰ ਦਿੱਤਾ ਤੇ ਮੂੰਹੋਂ ਸ਼ਿਵ-ਸ਼ਿਵ ਕਰਨ ਲੱਗ ਪਈ। ਰਾਜਾ ਹੈਰਾਨ ਹੋਇਆ ਕਿ ਮੈਨੂੰ ਕਿਸ ਚੀਜ਼ ਨੇ ਥੱਲੇ ਸੁੱਟਿਆ ਹੈ। ਰਾਣੀ ਨੇ ਆਖਿਆ, ਰਾਜਨ ! ਤੂੰ ਸ਼ਿਵਜੀ ਨੂੰ ਬਚਨ ਮਾੜੇ ਬੋਲੇ ਹੋਣਗੇ ਤਾਂ ਹੀ ਤੇਰਾ ਪਲੰਘ ਮੂਧਾ ਹੋਇਆ ਹੈ। ਰਾਜੇ ਨੇ ਆਖਿਆ, ਅੱਜ ਤੋਂ ਮੈਂ ਵਿਸ਼ਨੂੰ ਦੀ ਭਗਤੀ ਛੱਡ ਦਿੱਤੀ ਹੈ ਤੇ ਸ਼ਿਵਜੀ ਦਾ ਚੇਲਾ ਬਣ ਗਿਆ ਹਾਂ।

*ਸਿੱਖਯ ਤੁਰਤ ਸ਼ਿਵ ਕੌ ਕਿਯੌ, ਐਸੌ ਚਰਿਤ੍ਰ ਸੁਧਾਰਿ॥ ੧੨॥*

## ੧੩੧ਵਾਂ ਚਰਿੱਤ੍ਰ : ਭਾਗਮਤੀ

ਇਸ ਚਰਿੱਤ੍ਰ ਵਿਚ ਵਿਭਚਾਰਨ ਧੋਖੇਬਾਜ਼ ਭਾਗਮਤੀ ਰਾਣੀ ਦਾ ਚਰਿੱਤ੍ਰ ਦੱਸਿਆ ਹੈ। ਇਕ ਚੰਦਰਵਤੀ ਰਾਜਾ ਸੀ। ਉਸ ਦੀ ਰਾਣੀ ਦਾ ਨਾਮ ਭਾਗਮਤੀ ਸੀ। ਇਕ ਦਿਨ ਦੇਵੀ ਦੱਤ ਨੂੰ ਵੇਖਿਆ ਤੇ ਸਹੇਲੀ ਨੂੰ ਭੇਜ ਕੇ ਉਸ ਨੂੰ ਬੁਲਾਇਆ। ਰਾਜੇ ਨੇ ਦੇਵੀ ਦੱਤ ਨੂੰ ਵੇਖਿਆ ਕਿ ਕੋਈ ਮਹਿਲਾਂ ਵਿਚ ਆਇਆ ਹੈ। ਰਾਜਾ ਤਲਵਾਰ ਲੈ ਕੇ ਝੱਟ ਆ ਗਿਆ। ਰਾਣੀ ਨੇ ਆਪਣੇ ਯਾਰ ਨੂੰ ਮਹਿਲਾਂ ਉੱਤੇ ਚੜ੍ਹਾ ਦਿੱਤਾ ਤੇ ਆਪ ਰਾਜੇ ਦੇ ਸਾਹਮਣੇ ਦਾਸੀਆਂ ਨੂੰ ਆਖਿਆ ਕਿ ਇਸ ਨੂੰ ਮਹਿਲਾਂ ਤੋਂ ਥੱਲੇ ਸੁੱਟ ਦਿਉ। ਦਾਸੀਆਂ ਲੈ ਗਈਆਂ ਮਹਿਲ 'ਤੇ ਚੜ੍ਹਾ ਕੇ, ਜਿਥੇ ਰੂੰ ਵਾਲਾ ਕਮਰਾ ਸੀ, ਉਸ ਉਤੇ ਸੁੱਟ ਦਿੱਤਾ। ਰਾਜੇ ਨੂੰ ਆਖਿਆ ਕਿ ਥੱਲੇ ਸੁੱਟ ਕੇ ਮਾਰ ਦਿੱਤਾ ਹੈ। ਰਾਣੀ ਨੇ ਚਰਿੱਤ੍ਰ ਕਰਕੇ ਵਿਖਾ ਦਿੱਤਾ। ਦਾਸੀਆਂ ਨੂੰ ਸੱਦ ਕੇ ਮਹਿਲਾਂ ਤੋਂ ਥੱਲੇ ਸੁੱਟ ਕੇ ਰਾਜੇ ਨੂੰ ਵੀ ਵਿਖਾ ਦਿੱਤਾ, ਨਾਲੇ ਆਪਣੇ ਯਾਰ ਨੂੰ ਬਚਾਅ ਲਿਆ।

*ਰਾਨੀ ਅਪਨੌ ਮੀਤ ਬਚਾਯੌ॥ ਵਾ ਪਸੁ ਕੌ ਯੌ ਚਰਿਤ੍ਰ ਦਿਖਾਯੌ॥ ੧੬॥*

## ੧੩੨ਵਾਂ ਚਰਿੱਤ੍ਰ : ਸੁਘਰ ਕੁਮਾਰੀ

ਇਸ ਚਰਿਤ੍ਰ ਵਿਚ ਵਿਭਚਾਰੀ ਤੇ ਵਿਭਚਾਰਨ ਸੁਘਰ ਮਤੀ ਅਤੇ ਮੂਰਖ ਮੰਗਲ ਦੇਵ ਦੀ ਕਹਾਣੀ ਹੈ। ਪਲਾਉ ਨਾਮ ਦਾ ਇਕ ਦੇਸ਼ ਸੀ। ਉਥੋਂ ਦੇ ਰਾਜੇ ਦਾ ਨਾਮ ਮੰਗਲ ਦੇਵ ਸੀ ਤੇ ਸੁਘਰ ਕੁਮਾਰੀ ਉਸ ਦੀ ਰਾਣੀ ਸੀ। ਇਕ ਦਿਨ ਰਾਣੀ ਗਰਬੀ ਰਾਏ ਨੂੰ ਵੇਖ ਕੇ ਮੋਹਿਤ ਹੋ ਗਈ। ਇਸ ਨੇ ਸਖੀ ਭੇਸ ਵਿਚ ਉਸ ਨਾਲ ਪ੍ਰੇਮ ਕੀਤਾ। ਗਰਬੀ ਰਾਏ ਆਪਣੀ ਰਾਣੀ ਨੂੰ ਭੁੱਲ ਗਿਆ। ਰਾਜਾ ਕ੍ਰਿਪਾਨ ਲੈ ਕੇ ਰਾਣੀ ਦੇ ਮਹਿਲਾਂ ਵਿਚ ਆਇਆ। ਰਾਣੀ ਨੇ ਰਾਜੇ ਨੂੰ ਆਪਣੇ ਵੱਸ ਕਰ ਲਿਆ ਤੇ ਮਿੱਤਰ ਆਪਣਾ ਬਾਹਰ ਕੱਢ ਦਿੱਤਾ। ਛਲ ਕਰ ਕੇ ਰਾਣੀ ਨੇ ਸਖੀ ਮਰਵਾ ਦਿੱਤੀ।

*ਰਾਜਾ ਕੌ ਕਰਿ ਬਸਿ ਲਿਯੋ, ਦੀਨੋ ਜਾਰ ਨਿਕਾਰਿ॥*

*ਸਖਿਯਨ ਮੈ ਸਾਚੀ ਭਈ, ਤੌਨੇ ਸਖੀ ਸੰਘਾਰਿ॥ ੩੩॥*

## ੧੩੩ਵਾਂ ਚਰਿੱਤ੍ਰ : ਸੱਜਨ ਕੁਮਾਰੀ

ਹੁਗਲੀ ਬੰਦਰਗਾਹ ਵਿਚ ਇਕ ਹਿੰਮਤ ਸਿੰਘ ਨਾਮ ਦਾ ਰਾਜਾ ਰਹਿੰਦਾ ਸੀ। ਉਸ ਬੰਦਰਗਾਹ 'ਤੇ ਸੰਸਾਰ ਭਰ ਦੇ ਜਹਾਜ਼ ਰੁਕਦੇ ਸਨ। ਸੱਜਨ ਕੁਮਾਰੀ ਉਸ ਦੀ ਰਾਣੀ ਸੀ। ਪਰਮ ਸਿੰਘ ਨਾਮ ਦਾ ਇਕ ਰਾਜਾ ਸੀ। ਇਕ ਦਿਨ ਸੱਜਨ ਕੁਮਾਰੀ ਨੇ ਪਰਮ ਸਿੰਘ ਦਾ ਸਰੀਰ ਵੇਖਿਆ ਤੇ ਉਸ 'ਤੇ ਮੋਹਿਤ ਹੋ ਗਈ। ਸਖੀ ਨੂੰ ਆਖ ਕੇ ਰਾਜੇ ਪਰਮ ਸਿੰਘ ਨੂੰ ਬੁਲਾਇਆ। ਰਾਣੀ ਨੇ ਬਾਂਸ ਦਾ ਇਕ ਕਿੱਲਾ ਗੱਡ ਦਿੱਤਾ ਤੇ ਆਖਿਆ, ਜਿਹੜਾ ਅੱਖਾਂ 'ਤੇ ਪੱਟੀ ਬੰਨ੍ਹ ਕੇ, ਘੋੜੇ 'ਤੇ ਚੜ੍ਹ ਕੇ ਕਿੱਲਾ ਪੁੱਟੇਗਾ, ਮੈਂ ਉਸ ਦੀ ਰਾਣੀ ਬਣਾਂਗੀ। ਉਸ ਦਾ ਮਿੱਤਰ ਪਰਮ ਸਿੰਘ ਵੀ ਆ ਗਿਆ ਅਖਾੜੇ ਵਿਚ। ਰਾਣੀ ਨੇ ਉਸ ਦਾ ਬੜਾ ਸਤਿਕਾਰ ਕੀਤਾ। ਪਰਮ ਸਿੰਘ ਜਿੱਤ ਕੇ ਰਾਣੀ ਨੂੰ ਲੈ ਗਿਆ।

*ਤਿਹ ਰਾਨੀ ਪਾਵਤ ਭਈ, ਐਸੋ ਚਰਿੱਤ੍ਰ ਬਨਾਇ॥*

## ੧੩੪ਵਾਂ ਚਰਿੱਤ੍ਰ : ਬਾਜਮਤੀ

ਇਸ ਚਰਿੱਤ੍ਰ ਵਿਚ ਵਿਭਚਾਰੀ ਰਾਜੇ ਸਬਕ ਸਿੰਘ ਨੂੰ ਰਾਣੀ ਬਾਜਮਤੀ ਨੇ ਚਰਿੱਤ੍ਰ ਕਰਕੇ ਸਬਕ ਸਿਖਾਇਆ। ਸਬਕ ਸਿੰਘ ਇਕ ਵੱਡਾ ਰਾਜਾ ਸੀ, ਜਿਸ ਦੀ ਰਾਣੀ ਦਾ ਨਾਮ ਬਾਜਮਤੀ ਸੀ। ਰਾਜਾ ਕਿਸੇ ਇਸਤ੍ਰੀ ਕੋਲੋਂ ਨਹੀਂ ਸੀ ਸ਼ਰਮਾਉਂਦਾ ਅਤੇ ਸਾਰੀਆਂ ਇਸਤ੍ਰੀਆਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਂਦਾ ਸੀ। ਰਾਣੀ ਬਾਜਮਤੀ ਮਨ ਵਿਚ ਬਹੁਤ ਗ਼ੁੱਸਾ ਕਰਦੀ, ਪਰ ਰਾਜੇ ਅੱਗੇ ਉਸ ਦਾ ਕੋਈ ਜ਼ੋਰ ਨਾ ਚਲਦਾ। ਰਾਣੀ ਨੇ ਇਕ ਚਰਿੱਤ੍ਰ ਖੇਡਿਆ। ਕਿਸੇ ਆਦਮੀ ਨੂੰ ਕਿਹਾ, ਤੇਰੀ ਇਸਤ੍ਰੀ ਰਾਜੇ ਦੇ ਨਾਲ ਪ੍ਰੇਮ ਕਰਦੀ ਹੈ। ਹੇ ਬੰਦੇ ! ਤੂੰ ਸ਼ਰਮ ਦਾ ਮਾਰਿਆ ਕਿਉਂ ਨਹੀਂ ਮਰ ਜਾਂਦਾ ? ਉਸ ਆਦਮੀ ਨੇ ਆਖਿਆ, ਮੈਂ ਰਾਜੇ ਕੋਲੋਂ ਬਦਲਾ ਲੈ ਕੇ ਰਹੂੰਗਾ। ਉਸ ਆਦਮੀ ਨੇ ਪਹਿਲਾਂ ਆਪਣੇ ਵਾਲ ਸਾਫ਼ ਕੀਤੇ, ਫਿਰ ਇਸਤ੍ਰੀਆਂ ਵਾਲੇ ਕੱਪੜੇ ਪਹਿਨੇ। ਹਾਰ ਸ਼ਿੰਗਾਰ ਲਗਾ ਕੇ ਇਸਤ੍ਰੀ ਦਾ ਰੂਪ ਧਾਰ ਲਿਆ ਤੇ ਜਾ ਕੇ ਰਾਜੇ ਨੂੰ ਦਰਸ਼ਨ ਦਿੱਤੇ। ਰਾਜੇ ਨੇ ਇਸਤ੍ਰੀ ਜਾਣ ਕੇ ਹੱਥ ਲਾਇਆ ਤੇ ਆਦਮੀ ਨੇ ਰਾਜੇ ਨੂੰ ਥੱਲੇ ਰੱਖ ਲਿਆ ਤੇ ਘੋਚਰੇ ਕੱਢ ਦਿੱਤੇ। ਰਾਜਾ ਦੁਹਾਈਆਂ ਪਾਵੇ। ਉਸ ਤੋਂ ਬਾਅਦ ਇਸਤ੍ਰੀਆਂ ਆਉਣੋਂ ਬੰਦ ਕਰ ਦਿੱਤੀਆਂ।

*ਤਾਂ ਦਿਨ ਤੇਂ ਕਾਹੂੰ ਤ੍ਰਿਯਹਿ, ਲਯੌ ਨ ਨਿਕਟ ਬੁਲਾਇ॥ ੨੦॥*

## ੧੩੫ਵਾਂ ਚਰਿੱਤ੍ਰ : ਕਲਾ ਕੌਰ

ਇਸ ਚਰਿੱਤ੍ਰ ਵਿਚ ਵਿਭਚਾਰੀ ਮੁਲਾਣੇ ਤੇ ਕਲਾ ਕੌਰ ਅਤੇ ਦਿੱਲੀ ਦੇ ਰਾਜੇ ਦੇ ਪੁੱਤਰ ਦੀ

ਕਹਾਣੀ ਹੈ। ਫਿਰੰਗਾਸ਼ਾਹ ਦੀ ਪੁੱਤਰੀ ਬਹੁਤ ਸੁੰਦਰ ਸੀ। ਅਬਦੁਲ ਨਾਮੀ ਇਕ ਮੁਲਾਣਾ, ਜਿਹੜਾ ਕਿ ਜਹਾਨਾਬਾਦ ਵਿਚ ਬੜਾ ਮਸ਼ਹੂਰ ਸੀ, ਫਿਰੰਗਾਸ਼ਾਹ ਦੀ ਪੁੱਤਰੀ ਕਲਾ ਕੌਰ ਨਾਲ ਜ਼ਬਰਦਸਤੀ ਕਰਦਾ ਸੀ। ਕਲਾ ਕੌਰ ਨੇ ਇਕ ਚਿੱਠੀ ਰਾਹੀਂ ਦਿੱਲੀ ਦੇ ਬਾਦਸ਼ਾਹ ਦੇ ਸ਼ਹਿਜ਼ਾਦੇ ਨੂੰ ਦੱਸ ਕੇ ਮੁੱਲ੍ਹਾਂ ਨੂੰ ਮਰਵਾ ਕੇ ਆਪ ਉਸ ਸਹਿਜ਼ਾਦੇ ਨਾਲ ਸ਼ਾਦੀ ਕੀਤੀ।

*ਨ੍ਰਿਪ ਸੁਤ ਕੌ ਭਰਤਾ ਕਿਯੋ, ਚਤੁਰਾ ਚਰਿਤ ਸੁਧਾਰਿ॥*
*ਮਨ ਮਾਨਤ ਕੌ ਬਰੁ ਬਰਜੌ, ਦੇਵ ਕਾਜਿਯਹਿ ਮਾਰਿ॥ ੨੨॥*

## ੧੩੬ਵਾਂ ਚਰਿੱਤ੍ਰ : ਰਾਣੀ ਭਰਮਰ ਕਲਾ

ਇਸ ਚਰਿੱਤ੍ਰ ਵਿਚ ਵਿਭਚਾਰਨ ਰਾਣੀ ਭਰਮਰ ਕਲਾ ਤੇ ਸੰਨਿਆਸੀ ਦੀ ਕਹਾਣੀ ਹੈ।

ਧਰਮ ਖੇਤਰ ਕੁਰਕੁਸ਼ੇਤਰ ਵਿਚ ਇਕ ਬਚਿਤ੍ਰਰਥ ਨਾਮੀ ਰਾਜਾ ਸੀ। ਉਸ ਨੇ ਬਹੁਤ ਜੰਗ ਕੀਤੇ। ਉਸ ਦੀ ਰਾਣੀ ਭਰਮਰ ਕਲਾ ਬਹੁਤ ਸੁੰਦਰ ਸੀ। ਭਦਰ ਭਵਾਨੀ ਨਾਮੀ ਇਕ ਸੰਨਿਆਸੀ ਬਹੁਤ ਸੁੰਦਰ ਸੀ। ਰਾਣੀ ਨੇ ਭਦਰ ਭਵਾਨੀ ਦੇ ਘਰ ਇਕ ਸਖੀ ਭੇਜੀ ਤੇ ਸੰਨਿਆਸੀ ਨੂੰ ਬੁਲਾਇਆ। ਉਹ ਭਰਮਰ ਕਲਾ ਦਾ ਰੂਪ ਵੇਖ ਕੇ ਬਹੁਤ ਖ਼ੁਸ਼ ਹੋਇਆ। ਜਦ ਰਾਜੇ ਨੂੰ ਪਤਾ ਲੱਗਿਆ ਤਾਂ ਰਾਣੀ ਨੇ ਚਰਿੱਤ੍ਰ ਖੇਡ ਕੇ ਰਾਜੇ ਨੂੰ ਮੂਰਖ ਬਣਾ ਲਿਆ।

*ਸੁਨਤ ਚਤੁਰਿ ਕੌ ਬਚਨ, ਚਤੁਰ ਰੀਝਜੌ ਸੰਨਯਾਸੀ॥...੧੦॥*
*ਯਥਾ : ਪੁਨ ਬਚਿੱਤ੍ਰਰਥ ਕੌ ਛਰਜੌ, ਐਸੌ ਚਰਿਤ ਸੁਧਾਰਿ॥ ੨੦॥*

## ੧੩੭ਵਾਂ ਚਰਿੱਤ੍ਰ : ਦਰੋਪਤੀ

ਇਸ ਚਰਿਤ੍ਰ ਵਿਚ ਦਰੋਪਤੀ ਦੀ ਸੂਰਮਤਾਈ ਤੇ ਇਸ ਨੂੰ ਅਰਜਨ ਨੇ ਵਿਆਹ ਕੇ ਘਰ ਲਿਆਉਣ ਦੀ ਕਥਾ ਹੈ।

ਇਕ ਭਾਗਾਂ ਵਾਲਾ ਦਰੁਪਤ ਦੇਵ ਨਾਮੀ ਰਾਜਾ ਸੀ। ਇਸ ਦੀ ਪੁੱਤਰੀ ਦਰੋਪਤੀ ਮੁਟਿਆਰ ਹੋਈ। ਰਾਜੇ ਨੇ ਇਕ ਸੁਅੰਬਰ ਰਚਿਆ। ਇਕ ਮੱਛੀ ਉੱਪਰ ਟੰਗ ਦਿੱਤੀ ਅਤੇ ਥੱਲੇ ਕੜਾਹਾ ਤੇਲ ਦਾ ਭਰ ਦਿੱਤਾ ਅਤੇ ਆਖਿਆ, ਜਿਹੜਾ ਸੂਰਮਾ ਮੱਛੀ ਦੇ ਪਰਛਾਵੇਂ ਨੂੰ ਵੇਖ ਕੇ ਸੱਜੀ ਅੱਖ ਵਿਚ ਤੀਰ ਲਾ ਦੇਵੇਗਾ, ਉਹ ਦਰੋਪਤੀ ਦਾ ਪਤੀ ਹੋਵੇਗਾ। ਦੇਸ਼ਾਂ ਵਿਦੇਸ਼ਾਂ ਦੇ ਰਾਜੇ ਸੱਦੇ। ਸਾਰੇ ਆਪੋ ਆਪਣੀ ਕਿਸਮਤ ਦੀ ਪੁੜੀ ਪਰਖਣ ਲੱਗੇ, ਪਰ ਕਿਸੇ ਦਾ ਤੀਰ ਨਾ ਲੱਗੇ। ਸਾਰੇ ਰਾਜੇ ਹਾਰ ਗਏ। ਹੌਲੀ-ਹੌਲੀ ਗੱਲ ਪਾਂਡਵ ਦੇ ਪੁੱਤਰਾਂ ਕੋਲ ਪਹੁੰਚ ਗਈ। ਉਹ ਉਥੇ ਪਹੁੰਚ ਗਏ, ਜਿਥੇ ਦਰੋਪਤੀ ਦਾ ਸੁਅੰਬਰ ਰਚਿਆ ਹੋਇਆ ਸੀ। ਅਰਜਨ ਉਥੇ ਆ ਪਹੁੰਚਿਆ ਤੇ ਅਰਜਨ ਨੇ ਕਰੋਧ ਵਿਚ ਚਿੱਲਾ ਚੜ੍ਹਾਇਆ, ਤੀਰ ਮਾਰਿਆ ਤੇ ਨਿਸ਼ਾਨਾ ਲੱਗ ਗਿਆ ਤੇ ਫੁੱਲਾਂ ਦੀ ਵਰਖਾ ਹੋਈ। ਫੇਰ ਇਸਤ੍ਰੀ ਪਿੱਛੇ ਲੜਾਈ ਹੋਈ। ਬੜਾ ਭਾਰੀ ਯੁੱਧ ਹੋਇਆ, ਬਹੁਤ ਜਾਨੀ

ਮਾਲੀ ਨੁਕਸਾਨ ਹੋਇਆ। ਅਰਜਨ ਨੇ ਦਰੋਪਤੀ ਨੂੰ ਰੱਥ ਵਿਚ ਬਿਠਾ ਲਿਆ ਤੇ ਤੁਰ ਪਿਆ। ਵਿਰੋਧੀ ਰਾਜੇ ਦੁਰਯੋਧਨ ਵਰਗੇ ਕਹਿਣ ਲੱਗੇ, ਜਾਂ ਪਾਂਡਵ ਬਚਣਗੇ ਜਾਂ ਕੌਰਵ ਬਚਣਗੇ। ਪਹਿਲਾਂ ਅਰਜਨ ਨੇ ਕਰਣ ਨੂੰ ਤੀਰ ਮਾਰਿਆ, ਫਿਰ ਦੁਰਯੋਧਨ ਨੂੰ ਤੇ ਭੀਸ਼ਮ ਨੂੰ ਤੀਰ ਮਾਰਿਆ। ਭੀਮ ਨੇ ਦਰੋਣ ਦੇ ਘੋੜਿਆਂ ਨੂੰ ਤੀਰ ਮਾਰਿਆ ਤੇ ਇਕ ਤੀਰ ਅਰਜਨ ਨੂੰ ਲੱਗਾ ਤੇ ਅਰਜਨ ਬੇਹੋਸ਼ ਹੋ ਕੇ ਡਿੱਗ ਪਿਆ। ਫਿਰ ਦਰੋਪਤੀ ਨੇ ਤੀਰ-ਕਮਾਨ ਸੰਭਾਲ ਲਈ ਤੇ ਬਹੁਤ ਭਾਰੀ ਜੰਗ ਕੀਤਾ। ਕੌਰਵਾਂ ਦਾ ਨੁਕਸਾਨ ਹੋਇਆ। ਅਰਜਨ ਨੇ ਤੀਰ-ਕਮਾਨ ਸੰਭਾਲ ਲਈ ਤੇ ਸਾਰੇ ਸੂਰਮੇ ਭੱਜ ਗਏ। ਅਰਜਨ ਨੇ ਦਰੋਪਤੀ ਨੂੰ ਰੱਥ ਵਿਚ ਬਿਠਾਇਆ ਤੇ ਤੁਰ ਪਿਆ।

*ਤ੍ਰਿਯ ਕੋ ਜੁੱਧ ਬਿਲੋਕਿ ਕੈ ਪਾਰਥ ਭਯੋ ਪ੍ਰਸੰਨ੍ਯ॥*
*ਕਹਯੋ ਆਜੁ ਤੈ ਦ੍ਰੋਪਤੀ ਧਰਨੀ ਤਲ ਮੈ ਧੰਨ੍ਯ॥ ੩੭॥*

## ੧੩੮ਵਾਂ ਚਰਿੱਤ੍ਰ : ਰਾਣੀ ਅਭਾਵਤੀ

ਇਸ ਚਰਿੱਤ੍ਰ ਵਿਚ ਵਿਭਚਾਰਨ ਰਾਣੀ ਅਭਾਵਤੀ ਨੇ ਚਰਿੱਤ੍ਰ ਕਰਕੇ ਰਾਜੇ ਨੂੰ ਛਲਿਆ ਹੈ।

ਉਡਛਾ ਦੀ ਰਾਣੀ ਅਭਾਵਤੀ ਨੇ ਰੁਪਮਾਨ ਨੂੰ ਜਦੋਂ ਵੇਖਿਆ ਤਾਂ ਉਸ ਨੂੰ ਘਰ ਸੱਦਿਆ ਤੇ ਉਸ ਦੀਆਂ ਮੁੱਛਾਂ, ਦਾੜ੍ਹੀ ਸਾਫ਼ ਕਰਕੇ, ਉਸ ਨੂੰ ਇਸਤ੍ਰੀ ਦਾ ਰੂਪ ਬਣਾ ਕੇ ਭੈਣ ਬਣਾ ਲਿਆ ਤੇ ਆਪਣੇ ਪਤੀ ਰਾਜੇ ਨੂੰ ਨਾਲ ਲੈ ਕੇ ਤੀਰਥ ਯਾਤਰਾ ਕਰਨ ਗਈ। ਰਾਜਾ ਕੁਝ ਭੇਦ ਨਾ ਸਮਝ ਸਕਿਆ।

*ਪਤਿ ਕੋ ਸੰਗ ਗੰਗ ਲੈ ਨ੍ਹਾਈ॥ ਭਾਖਿ ਬਹਿਨਿ ਤਾਸੋ ਲਪਟਾਈ॥*

## ੧੩੯ਵਾਂ ਚਰਿੱਤ੍ਰ :

ਇਸ ਚਰਿੱਤ੍ਰ ਵਿਚ ਬਦਚਲਨ ਰਾਣੀ ਮਨੇਸ਼ਵਰੀ ਨੇ ਰਾਜੇ ਨੂੰ ਮੂਰਖ ਬਣਾਇਆ ਦੱਸਿਆ ਹੈ। ਰਾਜਾ ਗਰੂਰ ਸਿੰਘ ਦੀ ਰਾਣੀ ਮਨੇਸ਼ਵਰੀ ਸੀ। ਜਦ ਰਾਣੀ ਨੇ ਬੈਰਮ ਸਿੰਘ ਨੂੰ ਵੇਖਿਆ ਤਾਂ ਰਾਣੀ ਨੇ ਉਸ ਨੂੰ ਘਰ ਸੱਦਿਆ ਤੇ ਉਸ ਦੇ ਆਖੇ ਲੱਗ ਕੇ ਰਾਜੇ ਨੂੰ ਪੰਜ ਪੀਰਾਂ ਦਾ ਡਰ ਦੇ ਕੇ ਬੁੱਧੂ ਬਣਾਇਆ।

## ੧੪੦ਵਾਂ ਚਰਿੱਤ੍ਰ : ਰਾਣੀ ਮੇਘਵਤੀ

ਇਸ ਚਰਿੱਤ੍ਰ ਵਿਚ ਭੈੜੇ ਆਚਰਣ ਵਾਲੀ ਰਾਣੀ ਮੇਘਵਤੀ ਦੀ ਰਾਜੇ ਮਜਲਗ ਨਾਲ ਪ੍ਰੇਮ ਦੀ ਕਹਾਣੀ ਹੈ।

ਹਿਜਲੀ ਬੰਦਰ ਦਾ ਰਾਜਾ ਉਸ ਦਾ ਨਾਮ ਬਾਨੀ ਰਾਏ ਸੀ। ਉਸ ਦੀ ਇਕ ਮੇਘਵਤੀ

ਰਾਣੀ ਸੀ। ਉਹ ਰਾਣੀ ਮਜਲਗ ਰਾਇ ਨੂੰ ਵੇਖ ਕੇ ਭਰਮ ਗਈ। ਸਖੀ ਨੂੰ ਆਖ ਕੇ ਉਸ ਨੂੰ ਬੁਲਾਇਆ। ਬਾਨੀ ਰਾਏ ਨੂੰ ਜਦੋਂ ਪਤਾ ਲੱਗਾ ਕਿ ਮੇਰੇ ਮਹਿਲਾਂ ਵਿਚ ਕੋਈ ਓਪਰਾ ਆਦਮੀ ਆਇਆ ਹੈ ਤਾਂ ਉਸ ਨੂੰ ਫੜ ਕੇ ਹੱਥ ਪੈਰ ਬੰਨ੍ਹ ਕੇ ਨਦੀ ਵਿਚ ਰੋੜ ਦਿੱਤਾ। ਰਾਣੀ ਨੂੰ ਜਦੋਂ ਪਤਾ ਲੱਗਾ ਤਾਂ ਰਾਣੀ ਨੇ ਪ੍ਰੇਮੀ ਨੂੰ ਰੱਸੇ ਨਾਲ ਬਾਹਰ ਕੱਢ ਲਿਆ ਤੇ ਰਾਜਾ ਹੈਰਾਨ ਰਹਿ ਗਿਆ।

*ਤਾਸੌ ਰੱਸਨ ਬੰਨਾਇਕੇ, ਜਾਰਹਿ ਦਯੋ ਲੰਘਾਇ॥*

*ਮੂੜ ਰਾਵ ਚੌਕ੍ਰਿਤ ਰਹਯੋ ਸਕਯੋ ਚਰਿੱਤ੍ਰ ਨ ਪਾਇ॥ ੫॥*

## ੧੪੧ਵਾਂ ਚਰਿੱਤ੍ਰ : ਪਾਰਬਤੀ

ਇਸ ਚਰਿਤ੍ਰ ਵਿਚ ਚਲਾਕੀ ਨਾਲ ਪਾਰਬਤੀ ਨੇ ਦੈਂਤ ਨੂੰ ਮਾਰਿਆ ਹੈ।

ਭੀਮਪੁਰੀ ਵਿਚ ਭਸਮਾਗਤ ਨਾਮ ਦਾ ਇਕ ਦੈਂਤ ਰਹਿੰਦਾ ਸੀ, ਜਿਸ ਦੇ ਬਰਾਬਰ ਕੋਈ ਜੰਗ ਨਹੀਂ ਸੀ ਕਰ ਸਕਦਾ। ਦੈਂਤ ਨੇ ਤੱਪ ਕੀਤਾ ਸੀ ਤੇ ਸ਼ਿਵਾਂ ਤੋਂ ਵਰ ਲਿਆ ਸੀ ਕਿ ਮੈਂ ਜਿਸ ਦੇ ਸਿਰ 'ਤੇ ਹੱਥ ਰੱਖਾਂ, ਉਹ ਆਦਮੀ ਮਰ ਜਾਵੇ। ਦੈਂਤ ਨੇ ਪਾਰਬਤੀ ਨੂੰ ਵੇਖਿਆ ਤੇ ਮੋਹਿਤ ਹੋ ਗਿਆ ਕਿ ਪਹਿਲਾਂ ਸ਼ਿਵਾਂ ਦਾ ਕੰਮ ਕਰੀਏ ਤੇ ਫਿਰ ਪਾਰਬਤੀ ਨੂੰ ਆਪਣੀ ਇਸਤ੍ਰੀ ਬਣਾਈਏ। ਸ਼ਿਵਜੀ ਨੂੰ ਜਦ ਪਤਾ ਲੱਗਾ ਤਾਂ ਸ਼ਿਵਜੀ ਪਾਰਬਤੀ ਨੂੰ ਲੈ ਕੇ ਭੱਜ ਗਿਆ। ਸ਼ਿਵਜੀ ਚਾਰੇ ਦਿਸ਼ਾਵਾਂ ਵੱਲ ਭਜਿਆ, ਪਰ ਲੁੱਕਣ ਦੀ ਕੋਈ ਥਾਂ ਨਾ ਮਿਲੀ। ਪਾਰਬਤੀ ਨੇ ਦੈਂਤ ਨੂੰ ਆਖਿਆ, ਮੂਰਖਾ ! ਤੂੰ ਸ਼ਿਵਾਂ ਤੋਂ ਵਰ ਲੈ ਤਾਂ ਲਿਆ ਹੈ, ਪਰ ਪਰਖ ਕੇ ਤਾਂ ਵੇਖ ਕਿ ਠੀਕ ਹੈ ਜਾਂ ਝੂਠ ਹੈ। ਪਹਿਲਾਂ ਤੂੰ ਆਪਣੇ ਸਿਰ 'ਤੇ ਹੱਥ ਰੱਖ ਕੇ ਵੇਖ। ਜਦੋਂ ਤੇਰੇ ਵਾਲ ਸੜਨ ਲੱਗਣ ਤਾਂ ਉਦੋਂ ਹੱਥ ਚੁੱਕ ਲਵੀਂ ਤੇ ਮੈਨੂੰ ਆਪਣੀ ਇਸਤ੍ਰੀ ਬਣਾ ਲਵੀਂ। ਦੈਂਤ ਨੇ ਆਪਣਾ ਹੱਥ ਆਪਣੇ ਸਿਰ 'ਤੇ ਰੱਖਿਆ ਤਾਂ ਉਹ ਸੜ ਕੇ ਸੁਆਹ ਹੋ ਗਿਆ। ਸ਼ਿਵਜੀ ਖ਼ੁਸ਼ ਹੋਏ। ਇਹ ਚਰਿੱਤ੍ਰ ਪਾਰਬਤੀ ਨੇ ਕਰਕੇ ਦੈਂਤ ਦਾ ਨਾਸ਼ ਕੀਤਾ।

*ਅਸ ਚਰਿੱਤ੍ਰ ਕਰਿ ਪਾਰਬਤੀ, ਦੀਨੋ ਅਸੁਰ ਜਰਾਇ॥*

## ੧੪੨ਵਾਂ ਚਰਿੱਤ੍ਰ : ਰਾਜਕੁਮਾਰੀ ਊਖਾ

ਇਸ ਚਰਿੱਤ੍ਰ ਵਿਚ ਕ੍ਰਿਸ਼ਨ ਜੀ ਨੇ ਅਨਰੁਧ ਨੂੰ ਛੁਡਾ ਕੇ ਰਾਜਕੁਮਾਰੀ ਊਖਾ ਦਾ ਵਿਆਹ ਕੀਤਾ ਹੈ। ਬਾਣਾਸੁਰ, ਬੇਸਰ ਸ਼ਹਿਰ ਦਾ ਰਾਜਾ ਸੀ। ਉਸ ਦੀ ਰਾਣੀ ਦਾ ਨਾਮ ਜੋਗਮਤੀ ਸੀ। ਉਸ ਦੇ ਘਰ ਊਖਾ ਨਾਮ ਦੀ ਇਕ ਲੜਕੀ ਹੋਈ। ਉਸ ਨੇ ਸੁਪਨੇ ਵਿਚ ਵੇਖਿਆ ਕਿ ਉਹ ਵਿਆਹ ਕੇ ਦੁਆਰਕਾ ਵੱਲ ਗਈ ਹੈ। ਉਠੀ ਤੇ ਡਿੱਗ ਪਈ। ਸਖੀਆਂ ਨੇ ਚੁਕਿਆ ਤੇ ਚਿਤਰ ਰੇਖਾ ਨੇ ਉਸ ਦੀਆਂ ਸਾਰੀਆਂ ਗੱਲਾਂ ਸੁਣੀਆਂ। ਚਿਤਰ ਰੇਖਾ ਆਪਣੀ ਸਖੀ ਦਾ ਦੁੱਖ ਨਾ ਸਹਾਰਦੀ ਹੋਈ ਉਥੇ ਪਹੁੰਚੀ ਤੇ ਚੌਦਾਂ ਲੋਕਾਂ ਦੇ ਰਾਜੇ—ਰੋਹਣੀ ਪੁੱਤਰ, ਪਰਦੁਮਨ ਪੁੱਤਰ,

ਵਿਸ਼ਨੂੰ, ਕ੍ਰਿਸ਼ਨ, ਜਾਦਵ ਕੁਲ ਦੇ ਸਾਰੇ ਸੂਰਮਿਆਂ ਦੇ ਚਿੱਤਰ ਬਣਾਏ ਤੇ ਪ੍ਰਦੁਮਨ ਨੂੰ ਵੇਖ ਕੇ ਸਿਰ ਨੀਵਾਂ ਕਰ ਲਿਆ। ਚਿਤਰ ਰੇਖਾ ਨੇ ਆ ਕੇ ਕਿਹਾ, ਤੁਹਾਡੇ ਨੈਣ ਵੇਖ ਕੇ ਮੋਹਿਤ ਹੋ ਗਈ। ਕੰਵਰ ਇਹ ਸੁਣ ਕੇ ਬੇਸਹਰ ਵੱਲ ਤੁਰ ਪਿਆ। ਸਖੀ ਨੇ ਮਿੱਤਰ ਨੂੰ ਬੁਲਾਇਆ ਤੇ ਮਿੱਤਰ ਨੂੰ ਘਰ ਰੱਖਿਆ। ਧੁਜਾ ਬੰਨ੍ਹੀ ਹੋਈ ਡਿੱਗ ਪਈ ਤੇ ਚਿੰਤਾ ਵਿਚ ਹੋ ਗਿਆ। ਬਾਣਾਸੁਰ ਨਾਲ ਲੜਾਈ ਬੜੀ ਘਮਸਾਨ ਦੀ ਹੋਈ। ਅਖ਼ੀਰ ਨੂੰ ਜ਼ਖ਼ਮੀ ਹੋਏ ਅਨਰੁਧ ਨੂੰ ਫੜ ਲਿਆ। ਊਖਾ ਨੇ ਚਿੱਠੀ ਭੇਜੀ ਦੁਆਰਕਾ ਵੱਲ ਤੇ ਬੇਨਤੀ ਕੀਤੀ ਅਨਰੁਧ ਨੂੰ ਛੁਡਾਉਣ ਦੀ। ਕ੍ਰਿਸ਼ਨ ਜੀ ਨੇ ਬਹੁਤ ਭਾਰੀ ਲੜਾਈ ਕੀਤੀ। ਅਖ਼ੀਰ ਨੂੰ ਅਨਰੁਧ ਨੂੰ ਛੁਡਾ ਲਿਆ। ਅਨਰੁਧ ਨਾਲ ਊਖਾ ਦਾ ਵਿਆਹ ਕੀਤਾ।

*ਆਨਰੁੱਧ ਕੌ ਊਖਾ ਦਈ ਬਿਵਾਹਿਕੈ॥*

*ਯਥਾ : ਉਤੈ ਦੰਤ ਬਕੱਤ੍ਰਾ ਇਤੇ ਕ੍ਰਿਸ਼ਨ ਸੂਰੇ॥ ਹਟੈ ਨ ਹਠੀਲੇ ਮਹਾਂ ਜੁੱਧ ਪੂਰੇ॥*

## ੧੪੩ਵਾਂ ਚਰਿੱਤ੍ਰ : ਰਾਣੀ ਰਾਜਮਤੀ

ਇਸ ਚਰਿੱਤ੍ਰ ਵਿਚ ਦੁਰਾਚਾਰਨੀ ਰਾਣੀ ਰਾਜਮਤੀ ਦੀ ਜੋਗੀ ਨਾਲ ਪ੍ਰੇਮ-ਕਹਾਣੀ ਹੈ।

ਉੱਤਰ ਦੇਸ਼ ਵਿਚ ਇਕ ਰਾਜਮਤੀ ਰਾਣੀ ਸੀ। ਉਸ ਦੇ ਰਾਜੇ ਦਾ ਨਾਮ ਬਿਕਰਮ ਸੀ। ਉਥੇ ਇਕ ਕਿਰਪਾ ਨਾਥ ਨਾਮੀ ਜੋਗੀ ਰਹਿੰਦਾ ਸੀ। ਰਾਣੀ ਜੋਗੀ ਨਾਲ ਪ੍ਰੇਮ ਕਰਦੀ ਸੀ। ਉਥੇ ਇਕ ਭੂਧਰ ਸਿੰਘ ਨਾਮ ਦਾ ਬਹੁਤ ਸੁੰਦਰ ਰਾਜਾ ਰਹਿੰਦਾ ਸੀ। ਰਾਜੇ ਨੂੰ ਸੱਦ ਕੇ ਪ੍ਰੇਮਣ ਬਣੀ, ਪਰ ਫੇਰ ਇਸ ਰਾਜੇ ਭੂਧਰ ਨੂੰ, ਰਾਣੀ ਨੇ ਜੋਗੀ ਦੀ ਸਹਾਇਤਾ ਨਾਲ ਰੱਸਿਆਂ ਨਾਲ ਬੰਨ੍ਹ ਕੇ ਅੱਗ ਲਾ ਦਿੱਤੀ। ਜੋਗੀ ਨੂੰ ਖਾਣ ਪੀਣ ਦਾ ਸਾਮਾਨ ਰੱਖ ਕੇ ਮੱਠ ਦਾ ਦਰਵਾਜ਼ਾ ਬੰਦ ਕਰ ਦਿੱਤਾ ਤੇ ਕਿਹਾ, ਮੈਂ ਇਕ ਚਰਿੱਤ੍ਰ ਖੇਡਦੀ ਹਾਂ ਤੇ ਤੇਰਿਆਂ ਚਰਨਾਂ 'ਤੇ ਰਾਜੇ ਦਾ ਮੱਥਾ ਟਿਕਾਊਂਗੀ। ਦਰਵਾਜ਼ਾ ਬੰਦ ਕਰਕੇ ਸੁਆਹ ਦਾ ਢੇਰ ਅੱਗੇ ਲਾ ਦਿੱਤਾ ਤੇ ਆਖਿਆ, ਮੈਨੂੰ ਰਾਤੀਂ ਇਕ ਸੁਪਨਾ ਆਇਆ ਕਿ ਇਕ ਜੋਗੀ ਦੇ ਦਰਸ਼ਨ ਕੀਤੇ ਹਨ ਤੇ ਰਾਜੇ ਨੂੰ ਕਿਹਾ, ਆਉ ਵੇਖੀਏ। ਜਦ ਰਾਜਾ ਤੇ ਰਾਣੀ ਗਏ ਤਾਂ ਜੋਗੀ ਨੇ ਆਖਿਆ ਮੈਂ ਇਥੇ ਸਤਿਜੁਗ ਦਾ ਰਹਿੰਦਾ ਹਾਂ, ਤੁਸੀਂ ਦੱਸੋ ਹੁਣ ਕਿਹੜਾ ਜੁੱਗ ਹੈ ? ਲੋਕਾਂ ਨੇ ਆਖਿਆ, ਕਲਜੁਗ ਹੈ। ਹਾਇ ਹਾਇ ਕਰਨ ਲੱਗ ਪਿਆ ਤੇ ਆਖਿਆ, ਮੈਨੂੰ ਹਵਾ ਨਾ ਲੱਗਣ ਦਿਉ, ਦਰਵਾਜ਼ੇ ਬੰਦ ਕਰ ਦਿਉ। ਰਾਜੇ ਨੇ ਆਖਿਆ, ਮੇਰੀ ਰਾਣੀ ਲੈ ਲਉ ਸੇਵਾ ਵਿਚ। ਦਰਵਾਜ਼ਾ ਨਾ ਬੰਦ ਕਰੋ ਅਤੇ ਚਰਨਾਂ 'ਤੇ ਢਹਿ ਪਿਆ। ਮੂਰਖ ਰਾਜਾ ਨਾ ਸਮਝ ਸਕਿਆ ਤੇ ਆਪਣੀ ਰਾਣੀ ਸੇਵਾ ਵਿਚ ਲਾ ਦਿੱਤੀ। ਯਾਰ ਰਾਜੇ ਨੂੰ ਮਾਰਿਆ, ਆਪਣੇ ਪਤੀ ਨੂੰ ਚਰਿੱਤ੍ਰ ਕਰਕੇ ਛਲਿਆ ਅਤੇ ਜੋਗੀ ਨਾਲ ਪ੍ਰੇਮ ਕੀਤਾ।

*ਰਾਜ ਮਾਰਿ ਰਾਜਾ ਛਲਯੋ, ਰਤਿ ਜੋਗੀ ਸੋ ਕੀਨ॥*

*ਅਧਿਭੁਤ ਚਰਿਤ੍ਰ ਤ੍ਰਿਯਾਨ ਕੌ, ਸਕਤ ਨ ਕੋਊ ਚੀਨ॥ ੩੧॥*

## ੧੪੪ਵਾਂ ਚਰਿੱਤ੍ਰ : ਸਿੰਗਾਰਮਤੀ

ਇਸ ਚਰਿੱਤ੍ਰ ਵਿਚ ਇਕ ਸੌਦਾਗਰ ਨਾਲ ਸਿੰਗਾਰਮਤੀ ਦੇ ਭੱਜ ਜਾਣ ਦੀ ਕਹਾਣੀ ਹੈ।

ਬੀਕਾਨੇਰ ਦਾ ਇਕ ਰਾਜਾ ਸੀ। ਉਸ ਦੀ ਰਾਣੀ ਦਾ ਨਾਮ ਸਿੰਗਾਰਮਤੀ ਸੀ। ਉਥੇ ਇਕ ਮਹਿਤਾਬ ਰਾਏ ਨਾਮ ਦਾ ਸੌਦਾਗਰ ਆਇਆ। ਉਹ ਰਾਣੀ ਨੂੰ ਵੇਖ ਕੇ ਮੋਹਿਤ ਹੋ ਗਿਆ। ਮੂਰਖ ਰਾਜੇ ਨੂੰ ਰਾਣੀ ਦੀ ਕਰਤੂਤ ਦਾ ਪਤਾ ਲੱਗਾ। ਜਦ ਰਾਣੀ ਨੇ ਸੁਣਿਆ ਤਾਂ ਆਪਣੇ ਪ੍ਰੇਮੀ ਨੂੰ ਸੱਦਿਆ ਤੇ ਆਖਿਆ, ਮੈਨੂੰ ਆਪਣੇ ਦੇਸ਼ ਲੈ ਚੱਲ। ਉਹ ਰਾਜੇ ਦੀ ਊਠਣੀ 'ਤੇ ਚੜ੍ਹ ਕੇ ਭੱਜ ਗਏ। ਰਾਜਾ ਬਥੇਰਾ ਮਗਰ ਗਿਆ, ਪਰ ਹੱਥ ਨਾ ਆਏ।

*ਸੁਨਿ ਰਾਜਾ ਤ੍ਰਿਯ ਭਜੀ, ਚੜਯੋ ਗਿਸਿ ਖਾਇ ਕੈ॥*

*ਯਥਾ : ਛਲ ਬਲ ਸਭ ਅਪਨੇ ਕਰਿ ਹਾਰਯੋ॥ ਲੈ ਰਾਨੀ ਗ੍ਰਿਹਿ ਜਾਰ ਪਧਾਰਯੋ॥*

(ਸ੍ਰੀ ਦਸਮ ਗ੍ਰੰਥ, ਅੰਗ ੧੦੨੯)

## ੧੪੫ਵਾਂ ਚਰਿੱਤ੍ਰ : ਭਾਗਮਤੀ

ਇਸ ਚਰਿੱਤ੍ਰ ਵਿਚ ਭਾਗਮਤੀ ਨੇ ਚਰਿੱਤ੍ਰ ਕਰਕੇ ਘੋੜਾ ਤੇ ਪੰਜ ਹਜ਼ਾਰ ਮੋਹਰ ਰਾਜੇ ਤੋਂ ਖੋਹ ਲਈ।

ਸਿਪਾਹਾ ਸ਼ਹਿਰ ਵਿਖੇ ਭਾਗਮਤੀ ਨਾਮ ਦੀ ਇਕ ਇਸਤ੍ਰੀ ਰਹਿੰਦੀ ਸੀ। ਉਸ ਨੇ ਆਪਣਾ ਵੇਸ ਮਨੁੱਖਾਂ ਵਾਲਾ ਬਣਾ ਲਿਆ। ਪਹਿਲਾਂ ਉਸ ਨੇ ਰਾਜੇ ਦਾ ਘੋੜਾ ਭਜਾ ਕੇ ਵੇਖਿਆ। ਰਾਜੇ ਦੇ ਨੌਕਰਾਂ ਨੇ ਘੋੜੇ ਦਾ ਮੁੱਲ ਦਸ ਲੱਖ ਟਕੇ ਪਾਇਆ। ਇਸਤ੍ਰੀ ਨੇ ਹੱਸ ਕੇ ਆਖਿਆ, ਪਹਿਲਾਂ ਮੈਨੂੰ ਘੋੜਾ ਦਿਉ। ਭਾਗਮਤੀ ਨੇ ਘੋੜੇ ਨੂੰ ਅੱਡੀ ਲਾਈ। ਘੋੜਾ ਪਉਣ ਬਣ ਗਿਆ। ਬਾਦਸ਼ਾਹ ਗੁੱਸੇ ਵਿਚ ਆ ਗਿਆ ਤੇ ਬਹੁਤ ਪਿੱਛਾ ਕੀਤਾ, ਪਰ ਹੱਥ ਨਾ ਆਇਆ।

*ਮੁਹਰੈਂ ਘਰ ਪਹੁਚਾਇਕੈ, ਤਿਨ ਕੌ ਚਰਿਤ ਦਿਖਾਇ॥*

## ੧੪੬ਵਾਂ ਚਰਿੱਤ੍ਰ : ਪ੍ਰਮੁਦ ਕੁਮਾਰੀ

ਇਸ ਚਰਿੱਤ੍ਰ ਵਿਚ ਛਲ ਕਰ ਕੇ ਆਪਣੇ ਪਤੀ ਰਾਜੇ ਨੂੰ ਕਿਹਾ ਕਿ ਮੈਂ ਮੰਦਰ ਜਾਣਾ ਹੈ, ਪਰ ਪ੍ਰਮੁਦ ਕੁਮਾਰੀ ਮੰਦਰ 'ਚੋਂ ਬਿਜੈ ਰਾਜ ਨਾਲ ਚਲੀ ਗਈ। ਪ੍ਰਮੁਦ ਕੁਮਾਰੀ ਇਕ ਰਾਣੀ ਸੀ। ਉਸ ਨੇ ਰਾਜਾ ਬਿਜੈ ਰਾਜ ਨੂੰ ਵੇਖ ਕੇ ਆਪਣਾ ਮਿੱਤਰ ਬਣਾ ਲਿਆ। ਬਿਜੈ ਰਾਜ ਨੂੰ ਘਰ ਸੱਦ ਕੇ ਉਸ ਨੂੰ ਕਿਹਾ, ਮੈਂ ਤੇਰਾ ਰੂਪ ਵੇਖ ਕੇ ਤੇਰੀ ਹੋ ਗਈ ਹਾਂ। ਦੂਜਾ ਰਾਜਾ ਮੈਨੂੰ ਸੁਯੰਬਰ ਵਿਚ ਯੁੱਧ ਕਰਕੇ ਲੈ ਗਿਆ ਤੇ ਮੇਰੀ ਕੋਈ ਪੇਸ਼ ਨਾ ਗਈ। ਹੁਣ ਤੂੰ ਮੈਨੂੰ ਮੰਦਰ ਵਿਚੋਂ ਲੈ ਚੱਲ।

*ਅਵਰ ਰਾਵ ਮੁਹਿ ਲੈ ਗਯੋ, ਜੁੱਧ ਮਚਾਇਕੈ॥* (ਸ੍ਰੀ ਦਸਮ ਗ੍ਰੰਥ, ਅੰਗ ੧੦੩੦)

## ੧੪੭ਵਾਂ ਚਰਿੱਤ੍ਰ : ਖੈਰੀ ਅਤੇ ਸੰਮੀ

ਖੈਰੀ ਨਾਮੀ ਇਕ ਬਲੋਚਨ ਇਸਤ੍ਰੀ ਸੀ ਅਤੇ ਉਸ ਦੀ ਇਕ ਸੌਂਕਣ ਸੀ ਜਿਸ ਦਾ ਨਾਮ ਸੰਮੀ ਸੀ। ਉਹਨਾਂ ਦੇ ਪਤੀ ਦਾ ਨਾਮ ਫ਼ਤਹਿ ਖ਼ਾਨ ਸੀ। ਬਾਦਸ਼ਾਹ ਫ਼ਤਹਿ ਖ਼ਾਨ ਉੱਤੇ ਨਰਾਜ਼ ਹੋ ਗਿਆ ਤੇ ਫ਼ੌਜ ਇਕੱਠੀ ਕਰ ਕੇ ਉਸ ਨੂੰ ਫੜ ਲਿਆ। ਜਦੋਂ ਇਸਤ੍ਰੀਆਂ ਨੂੰ ਪਤਾ ਲੱਗਾ ਤਾਂ ਮਰਦਾਵੇਂ ਕੱਪੜੇ ਪਾ ਕੇ ਬਲੋਚੀ ਸੈਨਾ ਇਕੱਠੀ ਕਰਕੇ ਲੜਾਈ ਕੀਤੀ। ਸੈਦ ਖ਼ਾਂ ਨੂੰ ਘੇਰ ਲਿਆ ਤੇ ਕਿਹਾ, ਜਾਂ ਸਾਡਾ ਪਤੀ ਛੱਡ ਦੇਵੋ ਜਾਂ ਸਾਹਮਣੇ ਹੋ ਕੇ ਲੜਾਈ ਕਰੋ। ਸੈਦ ਖ਼ਾਂ ਫ਼ੌਜ ਇਕੱਠੀ ਕਰ ਕੇ ਆ ਗਿਆ। ਫ਼ੌਜਾਂ ਦਾ ਜਾਨੀ ਨੁਕਸਾਨ ਹੋਇਆ। ਖੈਰੀ ਤੇ ਸੰਮੀ ਉਥੇ ਜਾ ਪਹੁੰਚੀਆਂ ਜਿਥੇ ਦੁਸ਼ਮਣ ਸੈਦ ਖ਼ਾਨ ਖੜਾ ਸੀ। ਤਲਵਾਰਾਂ ਦਾ ਵਾਰ ਕੀਤਾ। ਦੁਸ਼ਮਣ ਦੀ ਸਾਰੀ ਫ਼ੌਜ ਮਾਰ ਕੇ ਅਖ਼ੀਰ ਆਪਣੇ ਪਤੀ ਨੂੰ ਛੁਡਾ ਲਿਆ।

*ਨਿਜੁ ਭਰਤਹਿ ਛੁਰਵਾਇ ਲਯਾਈ॥ ਭਾਂਤਿ ਭਾਂਤਿ ਸੌਂ ਬਜੀ ਬਧਾਈ॥ ੧੮॥*

## ੧੪੮ਵਾਂ ਚਰਿੱਤ੍ਰ : ਰਾਜਾ ਦੁਰਗਾ ਦੱਤ ਦੀ ਰਾਣੀ

ਕਨੌਜ ਸ਼ਹਿਰ ਵਿਚ ਇਕ ਵੇਸਵਾ ਰਹਿੰਦੀ ਸੀ। ਉਹ ਬਹੁਤ ਸੁੰਦਰ ਸੀ। ਉਸ ਨੂੰ ਵੇਖ ਕੇ ਰਾਜਾ ਦੁਰਗਾ ਦੱਤ ਮੋਹਿਤ ਹੋ ਗਿਆ ਤੇ ਆਪਣੀਆਂ ਰਾਣੀਆਂ ਨੂੰ ਭੁਲਾ ਬੈਠਾ। ਰਾਣੀਆਂ ਨੇ ਵੇਸਵਾ ਨੂੰ ਮਾਰਨ ਦਾ ਤਰੀਕਾ ਸੋਚਿਆ। ਰਾਣੀਆਂ ਨੇ ਬਿਸ਼ਨ ਸਿੰਘ ਨੂੰ ਸੱਦਿਆ ਤੇ ਆਖਿਆ, ਸਾਡਾ ਇਕ ਕੰਮ ਜ਼ਰੂਰ ਕਰ। ਵੇਸਵਾ ਨੇ ਰਾਜੇ ਨੂੰ ਮਾਇਆ ਖ਼ਾਤਰ ਧੋਖਾ ਦਿੱਤਾ ਹੈ। ਬਿਸ਼ਨ ਸਿੰਘ ਦੀ ਵੱਡੀ ਰਾਣੀ ਨੇ ਵੇਸਵਾ ਨਾਲ ਚਰਿੱਤ੍ਰ ਕਰਕੇ ਉਸ ਨੂੰ ਮਰਵਾ ਦਿੱਤਾ।

*ਪ੍ਰਥਮ ਦਰਬੁ ਬੇਸ੍ਯਾ ਕਹ, ਦਯੋ ਬਨਾਇਕੈ॥*

## ੧੪੯ਵਾਂ ਚਰਿੱਤ੍ਰ : ਪੋਸਤੀ ਦੀਆਂ ਪੰਜ ਇਸਤ੍ਰੀਆਂ

ਪਰਬਤ ਸਿੰਘ ਨਾਮ ਦਾ ਇਕ ਪੋਸਤੀ ਸੀ। ਉਸ ਦੀਆਂ ਪੰਜ ਇਸਤ੍ਰੀਆਂ ਸਨ। ਉਹ ਪੋਸਤ ਬਹੁਤ ਖਾਂਦਾ ਸੀ। ਇਕ ਦਿਨ ਨਸ਼ਾ ਟੁੱਟ ਗਿਆ ਤੇ ਨਸ਼ਾ ਨਾ ਮਿਲਿਆ, ਬਹੁਤ ਦੁਖੀ ਹੋਇਆ। ਉਸ ਦੀਆਂ ਪੰਜਾਂ ਵਹੁਟੀਆਂ ਨੇ ਰੈਅ ਕਰਕੇ ਉਸ ਦਾ ਮੰਜਾ ਚੁੱਕ ਲਿਆ ਤੇ ਦੱਬਣ ਵਾਸਤੇ ਲੈ ਗਈਆਂ। ਜੰਗਲ ਵਿਚ ਇਕ ਡੂੰਘਾ ਟੋਇਆ ਪੁੱਟਿਆ ਤੇ ਉਧਰੋਂ ਮੁਸਾਫ਼ਰ ਆ ਗਏ। ਆਖਣ ਲੱਗੀਆਂ, ਅਸੀਂ ਆਪਣੇ ਪਤੀ ਨੂੰ ਦੱਬਣ ਆਈਆਂ ਹਾਂ। ਤੁਸੀਂ ਸਾਡੇ ਨਾਲ ਹੱਥ ਪਾਵੋ। ਮੁਸਾਫ਼ਰ ਊਠਾਂ ਤੋਂ ਉਤਰ ਕੇ ਥੱਲੇ ਆ ਗਏ। ਜਦੋਂ ਟੋਏ ਕੋਲ ਖੜੇ ਹੋ ਗਏ ਤਾਂ ਇਸਤ੍ਰੀਆਂ ਨੇ ਟੋਏ ਵਿਚ ਮੁਸਾਫ਼ਰਾਂ ਨੂੰ ਸੁੱਟ ਦਿੱਤਾ ਤੇ ਰੌਲਾ ਪਾਉਣ ਲੱਗੀਆਂ ਕਿ ਸਾਡੇ ਪਤੀ ਨੂੰ ਇਨ੍ਹਾਂ ਨੇ ਫਾਂਸੀ ਦੇ ਕੇ ਮਾਰ ਦਿੱਤਾ ਹੈ। ਪਿੰਡ ਦੇ ਸਰਪੰਚ ਆ ਗਏ। ਠਗਣੀਆਂ ਨੇ ਆਖਿਆ, ਸਾਡਾ ਪਤੀ

ਇਨ੍ਹਾਂ ਨੇ ਮਾਰ ਸੁੱਟਿਆ ਹੈ। ਹੁਣ ਸਾਡਾ ਕੋਈ ਵੀ ਨਹੀਂ ਸਹਾਈ। ਚਰਿੱਤ੍ਰ ਕਰਕੇ ਕਿਥੇ ਪੋਸਤੀ ਨੂੰ ਦੱਬਣ ਆਈਆਂ ਸੀ ਤੇ ਮੁਸਾਫ਼ਰਾਂ ਤੋਂ ਸਾਰਾ ਧਨ ਲੈ ਲਿਆ। ਇਸ ਢੰਗ ਨਾਲ ਆਦਮੀਆਂ ਨੂੰ ਠੱਗਿਆ।

*ਇਕ ਦਿਨ ਟੂਟਿ ਅਮਲ ਤਿਹ ਗਯੋ॥ ਅਧਿਕ ਦੁਖੀ ਤਬਹੀ ਸੋ ਭਯੋ॥*

*ਤਬ ਪਾਂਚੋ ਮਿਲਿ ਮਤੋ ਬਿਚਾਰ੍ਯੋ॥ ਉਪਰ ਖਾਟ ਦੁਖਿਤ ਸੋ ਡਾਰ੍ਯੋ॥*

## ੧੫੦ਵਾਂ ਚਰਿੱਤ੍ਰ : ਰਾਣੀ ਗਰਬਵਤੀ

ਇਸ ਚਰਿੱਤ੍ਰ ਵਿਚ ਰਾਣੀ ਨੇ ਛਲ ਕਰਕੇ ਰਾਜੇ ਦੇ ਪੁੱਤਰਾਂ ਨੂੰ ਮਰਵਾ ਦਿੱਤਾ।

ਨਗੌਰ ਸ਼ਹਿਰ ਵਿਚ ਇਕ ਰਾਣੀ ਰਹਿੰਦੀ ਸੀ, ਜਿਸ ਦਾ ਨਾਮ ਗਰਬਵਤੀ ਸੀ। ਉਸ ਦੇ ਘਰ ਕੋਈ ਪੁੱਤਰ ਨਹੀਂ ਸੀ ਹੁੰਦਾ। ਉਹ ਬਹੁਤ ਦੁਖੀ ਰਹਿੰਦੀ ਸੀ। ਕਿਸੇ ਦਾ ਪੁੱਤਰ ਗੋਦ ਲੈ ਲਿਆ, ਪਰ ਲੋਕਾਂ ਨੇ ਉਸ ਦਾ ਭੇਦ ਨਾ ਪਾਇਆ। ਲੋਕ ਆਖਣ ਲੱਗੇ ਕਿ ਰਾਜੇ ਦਾ ਪੁੱਤਰ ਹੈ। ਰਾਜੇ ਦੇ ਦੋ ਪੁੱਤਰ ਪਹਿਲਾਂ ਸਨ ਜੋ ਦੂਸਰੀਆਂ ਰਾਣੀਆਂ ਤੋਂ ਜੰਮੇ ਸਨ। ਰਾਣੀ ਨੇ ਉਨ੍ਹਾਂ ਨੂੰ ਜ਼ਹਿਰ ਦੇ ਦਿੱਤੀ। ਰਾਣੀ ਆਪਣੇ ਪੁੱਤਰ ਨੂੰ ਰਾਜ ਦੇਣ ਲਈ ਸੋਚੀਂ ਪੈ ਗਈ। ਉਹ ਉੱਚੀ-ਉੱਚੀ ਰੋਣ ਲੱਗ ਪਈ, ਰਾਜੇ ਨੇ ਧੀਰਜ ਦਿੱਤਾ।

*ਤਬ ਉਨ ਦੁਹੂੰ ਪਾਲਕਨ, ਲੈ ਕੈ ਬਿਖੁ ਦੇਈ॥*

*ਹੇ ਨਿਜ ਪੁਤਨ ਕਹ ਰਾਜ, ਪਕਾਵਤ ਤਹ ਭਈ॥ ੩॥*

(ਸ੍ਰੀ ਦਸਮ ਗ੍ਰੰਥ, ਅੰਗ ੧੦੩੫)

## ੧੫੧ਵਾਂ ਚਰਿੱਤ੍ਰ : ਰਾਣੀ ਗੁਮਾਨਮਤੀ

ਰਾਜੌਰੀ ਸ਼ਹਿਰ ਵਿਚ ਇਕ ਕੁਪਿਤ ਸਿੰਘ ਨਾਮ ਦਾ ਰਾਜਾ ਰਹਿੰਦਾ ਸੀ। ਉਸ ਨੂੰ ਕਦੇ ਗ਼ੁੱਸਾ ਨਹੀਂ ਸੀ ਆਉਂਦਾ। ਉਸ ਦੀ ਇਕ ਰਾਣੀ ਸੀ, ਉਹ ਉਸ ਨਾਲ ਬਹੁਤ ਪਿਆਰ ਕਰਦੀ ਸੀ। ਇਕ ਸਮੇਂ ਰਾਜੇ ਨੂੰ ਆਪ ਜੰਗ ਵਿਚ ਜਾਣਾ ਪਿਆ ਤੇ ਰਾਣੀ ਵੀ ਨਾਲ ਚੱਲ ਪਈ। ਲੜਾਈ ਬਹੁਤ ਭਾਰੀ ਹੋਈ। ਰਾਣੀ ਤੇ ਰਾਜਾ ਦੋਵੇਂ ਗ਼ੁੱਸੇ ਵਿਚ ਆਏ, ਤੀਰ ਚਲਾਏ ਤੇ ਵੈਰੀਆਂ ਦਾ ਨਾਸ਼ ਕੀਤਾ। ਰਾਜੇ ਦੇ ਗੋਲੀ ਵੱਜੀ ਤੇ ਰਾਣੀ ਨੇ ਰਾਜੇ ਨੂੰ ਆਪਣੀਆਂ ਬਾਂਹਵਾਂ 'ਤੇ ਚੱਕ ਲਿਆ, ਫਿਰ ਆਪਣੇ ਪੁੱਤਰ ਨੂੰ ਰਾਜ ਗੱਦੀ 'ਤੇ ਬਿਠਾਇਆ।

*ਸੱਤ੍ਰੁ ਨਾਥ ਹਨਿ ਜੁੱਧ ਕਰਿ, ਲੀਨੋ ਪਤਿਹਿ ਜਿਯਾਇ॥*

*ਬਹੁਰ ਰਾਜ ਅਪਨੋ ਕਰ੍ਯੋ, ਨਾਥ ਸਹਿਤ ਸੁਖ ਪਾਇ॥ ੧੭॥*

(ਸ੍ਰੀ ਦਸਮ ਗ੍ਰੰਥ, ਅੰਗ ੧੦੩੬)

## ੧੫੨ਵਾਂ ਚਰਿੱਤ੍ਰ : ਲੱਛਮੀ

ਇਕ ਵਾਰ ਵਿਸ਼ਨੂੰ ਨਾਲ ਜੰਭਾਸੁਰ ਦੈਂਤ ਦਾ ਜੰਗ ਹੋਇਆ। ਉਸ ਦੇ ਪ੍ਰਾਣਾਂ ਨੂੰ ਲੱਛਮੀ ਨੇ ਬਚਾਇਆ। ਜੰਬਾਸੁਰ ਦੈਂਤ ਤੋਂ ਇੰਦਰ ਵੀ ਡਰਦਾ ਸੀ। ਬਲੀ ਦੈਂਤ ਵੀ ਕ੍ਰੋਧ ਵਿਚ ਆਇਆ ਤੇ ਇੰਦਰ ਡਰਦਾ ਭੱਜ ਗਿਆ। ਜਿੱਥੇ ਵਿਸ਼ਨੂੰ ਤੇ ਲੱਛਮੀ ਬੈਠੇ ਸਨ ਉਨ੍ਹਾਂ ਨੂੰ ਆਪਣੀ ਹੱਡ ਬੀਤੀ ਦੱਸੀ। ਵਿਸ਼ਨੂੰ, ਲੱਛਮੀ ਨੂੰ ਲੈ ਆਇਆ ਜਿੱਥੇ ਜੰਭਾਸੁਰ ਜੰਗ ਕਰ ਰਿਹਾ ਸੀ। ਵਿਸ਼ਨੂੰ ਨੇ ਕ੍ਰੋਧ ਵਿਚ ਆ ਕੇ ਦੈਂਤ ਨੂੰ ਵੀਹ ਤੀਰ ਮਾਰੇ ਤੇ ਜ਼ਖ਼ਮੀ ਕਰ ਦਿੱਤਾ। ਲੱਛਮੀ ਨੇ ਵਿਸ਼ਨੂੰ ਨੂੰ ਆਖਿਆ, ਬਚਿਤ੍ਰ ਜੰਗ ਕੀਤਾ। ਲੱਛਮੀ ਨੇ ਚਰਿੱਤ੍ਰ ਕਰਕੇ ਸਾਰੇ ਦੈਂਤਾਂ ਨੂੰ ਭਰਮਾ ਦਿੱਤਾ। ਵਿਸ਼ਨੂੰ ਨੇ ਦੈਂਤ ਨੂੰ ਕਿਹਾ, ਅਸੀਂ ਤੈਨੂੰ ਜੰਗ ਵਿਚੋਂ ਭੱਜ ਕੇ ਨਹੀਂ ਜਾਣ ਦਿਆਂਗੇ। ਵਿਸ਼ਨੂੰ ਨੇ ਸੁਦਰਸ਼ਨ ਚੱਕਰ ਛੱਡ ਦਿੱਤਾ ਤੇ ਦੈਂਤ ਦਾ ਸਿਰ ਵੱਢ ਦਿੱਤਾ। ਇਸ ਤਰ੍ਹਾਂ ਲੱਛਮੀ ਨੇ ਚਰਿੱਤ੍ਰ ਕੀਤਾ ਤੇ ਜੰਭਾਸੁਰ ਦੈਂਤ ਨੂੰ ਮਾਰਿਆ ਤੇ ਆਪਣੇ ਮਿੱਤਰ ਵਿਸ਼ਨੂੰ ਨੂੰ ਬਚਾਅ ਲਿਆ।

*ਲਛਿਮ ਕੁਅਰਿ ਜਬ ਜੰਭ ਸੌ, ਐਸੋ ਕਿਯੋ ਚਰਿੱਤ੍ਰ॥*

*ਮਾਰਿ ਸੁਦਰਸ਼ਨ ਸੌ ਲਯੋ, ਸੁਖਿਤ ਕੀਏ ਹਰਿ ਮਿੱਤ੍ਰ॥*

## ੧੫੩ਵਾਂ ਚਰਿੱਤ੍ਰ : ਨਾਜਮਤੀ

ਨਾਜਮਤੀ ਨਾਮ ਦੀ ਇਕ ਇਸਤ੍ਰੀ ਸੀ ਜਿਹੜੀ ਰਾਜੇ ਨੂੰ ਬਹੁਤ ਪਿਆਰ ਕਰਦੀ ਸੀ। ਰਾਜੇ ਦਾ ਨਾਮ ਬਾਹੂ ਸਿੰਘ ਸੀ। ਨਾਜਮਤੀ ਨੇ ਰਾਜੇ ਨੂੰ ਆਪਣੇ ਵੱਸ ਕਰਨਾ ਚਾਹਿਆ, ਪਰ ਰਾਜਾ ਵੱਸ ਨਾ ਆਇਆ। ਨਾਜਮਤੀ ਨੇ ਇਕ ਸਖੀ ਬੁਲਾਈ ਤੇ ਆਖਿਆ, ਮੇਰਾ ਸੁਨੇਹਾ ਰਾਜੇ ਬਾਹੂ ਸਿੰਘ ਨੂੰ ਦੇਹ। ਰਾਜੇ ਨੂੰ ਸੁਨੇਹਾ ਭੇਜਿਆ ਤੇ ਆਖਿਆ, ਮੇਰੇ ਦੋ ਵੈਰੀ ਹਨ। ਇਕ ਮਾਰ ਲਿਆ ਹੈ ਤੇ ਇਕ ਜ਼ਖ਼ਮੀ ਕੀਤਾ ਹੈ, ਮੈਂ ਉਸ ਨੂੰ ਮਾਰ ਕੇ ਘਰ ਆਵਾਂਗੀ। ਨਾਜਮਤੀ ਆਪਣਾ ਭੇਸ ਆਦਮੀ ਦਾ ਧਾਰ ਕੇ ਨੌਕਰੀ ਕਰਨ ਲੱਗੀ ਫ਼ੌਜ ਦੀ। ਨਾਜਮਤੀ ਨੇ ਜੰਗ ਵਿਚ ਦੋ ਰਾਜੇ ਮਾਰ ਕੇ ਫਿਰ ਰਾਜੇ ਪਾਸ ਆਈ। ਚਰਿੱਤ੍ਰ ਕਰਕੇ ਪਹਿਲੇ ਦੋ ਰਾਜੇ ਮਾਰੇ, ਫਿਰ ਰਾਜੇ ਨੂੰ ਵੱਸ ਵਿਚ ਕੀਤਾ, ਆਪ ਪਟਰਾਣੀ ਬਣ ਕੇ ਬੈਠ ਗਈ।

*ਨਾਜਮਤੀ ਇਹ ਚਰਿਤ੍ਰ ਸੌਂ, ਦੁਹੂੰ ਨ੍ਰਿਪਨ ਕੌ ਘਾਇ॥*

*ਯਥਾ : ਰਾਂਕ ਹੁਤੀ ਰਾਨੀ ਕਰਿ ਡਾਰਜੋ॥ ਤ੍ਰਿਯਾ ਚਰਿੱਤ੍ਰ ਨ ਜਾਤ ਬਿਚਾਰਜੋ॥ ੨੫॥*

## ੧੫੪ਵਾਂ ਚਰਿੱਤ੍ਰ : ਦਰਪ ਕਲਾ

ਸਿਆਲਕੋਟ ਵਿਚ ਇਕ ਦਰਪ ਕਲਾ ਨਾਮ ਦੀ ਇਸਤ੍ਰੀ ਰਹਿੰਦੀ ਸੀ। ਉਥੇ ਦਾਨੀ ਰਾਇ ਨਾਮ ਦਾ ਇਕ ਸ਼ਾਹ ਦਾ ਪੁੱਤਰ ਸੀ। ਦਰਪ ਕਲਾ ਜਿਹੜੀ ਕਿ ਇਕ ਸ਼ਾਹੂਕਾਰ ਦੀ ਪੁੱਤਰੀ ਸੀ, ਇਸ ਨੇ ਸ਼ਾਹ ਦੇ ਪੁੱਤਰ ਨਾਲ ਪਿਆਰ ਕੀਤਾ।

*ਬਹੁਰ ਸਭਨ ਕੌ ਐਸੋ, ਚਰਿੱਤ੍ਰ ਦਿਖਾਇ ਕਰਿ॥*

*ਹੌ ਮਨ ਭਾਵਤ ਕੌ ਮੀਤ, ਬਰਜੌ ਸੁਖ ਪਾਇ ਕਰਿ॥ ੨੮॥*

## ੧੫੫ਵਾਂ ਚਰਿੱਤ੍ਰ : ਪ੍ਰਾਨਮਤੀ

ਸ਼ਾਹਜਹਾਂ ਦੀ ਇਕ ਸੁੰਦਰ ਇਸਤ੍ਰੀ ਸੀ, ਜਿਸ ਦਾ ਨਾਮ ਪ੍ਰਾਨਮਤੀ ਸੀ। ਪ੍ਰਾਨਮਤੀ ਨੇ ਇਕ ਸ਼ਾਹ ਦੇ ਪੁੱਤਰ ਨੂੰ ਵੇਖਿਆ ਤੇ ਇਕ ਦਾਸੀ ਨੂੰ ਭੇਜ ਕੇ ਉਸ ਨੂੰ ਬੁਲਾਇਆ ਅਤੇ ਉਸ ਨੂੰ ਮਿਲੀ। ਫਿਰ ਸ਼ਾਹ ਦੇ ਪੁੱਤਰ ਨੂੰ ਮਾਰਨ ਦੀ ਸਕੀਮ ਕੀਤੀ ਤੇ ਸਖੀ ਨੂੰ ਆਖਿਆ, ਇਸ ਨੂੰ ਮਾਰ ਦੇ। ਸਖੀ ਨੇ ਸ਼ਾਹ ਪੁੱਤਰ ਨੂੰ ਕਿਹਾ, ਮੈਂ ਚਰਿੱਤ੍ਰ ਕਰਕੇ ਤੈਨੂੰ ਬਾਹਰ ਕੱਢ ਦਿੰਦੀ ਹਾਂ। ਹਾਲੇ ਸੂਰਜ ਥੋੜਾ ਹੀ ਨਿਕਲਿਆ ਹੈ, ਮੈਂ ਤੇਰਾ ਹੱਥ ਫੜ ਕੇ ਨਦੀ ਵਿਚ ਸੁੱਟ ਦੇਵਾਂਗੀ ਤਦ ਤੂੰ ਜ਼ੋਰ ਨਾਲ ਹੱਥ ਪੈਰ ਮਾਰਨਾ ਤੇ ਲੋਕ ਭੱਜ ਕੇ ਆਉਣਗੇ, ਤੈਨੂੰ ਬਚਾਅ ਲੈਣਗੇ।। ਦਾਸੀ ਨੇ ਚਰਿੱਤ੍ਰ ਕਰਕੇ ਬਚਾਅ ਲਿਆ।

*ਡੂਬਤ ਤਿਹ ਲਖਿ ਲੋਗ, ਪਹੂਚੇ ਆਇਕੈ॥ ਹੋ ਹਾਥੋ ਹਾਥ ਉਬਾਰਜੋ ਲਯੋ ਬਚਾਇਕੈ॥*

## ੧੫੬ਵਾਂ ਚਰਿੱਤ੍ਰ : ਕੰਦ੍ਰੂਪ ਕਲਾ

ਇਕ ਚੌਧਰੀ ਸੀ ਰੌਸ਼ਨ ਸਿੰਘ ਤੇ ਕੰਦ੍ਰੂਪ ਕਲਾ ਉਸ ਦੀ ਇਸਤ੍ਰੀ ਸੀ। ਉਸ ਦੇ ਘਰ ਵਿਚ ਬਹੁਤ ਧਨ ਸੀ। ਜਿਹੜਾ ਭਿਖਾਰੀ ਆਉਂਦਾ ਸੀ, ਉਸ ਨੂੰ ਖ਼ੁਸ਼ ਕਰ ਕੇ ਭੇਜਦੀ ਸੀ। ਇਕ ਦਿਨ ਇਕ ਭਿਖਾਰੀ ਆਇਆ। ਕੰਦ੍ਰੂਪ ਕਲਾ ਉਸ 'ਤੇ ਮੋਹਿਤ ਹੋ ਗਈ। ਉਧਰੋਂ ਚੌਧਰੀ ਜਦੋਂ ਘਰ ਆਇਆ ਤਾਂ ਚੌਧਰਾਣੀ ਨੇ ਭਿਖਾਰੀ ਨੂੰ ਕੋਠੀ ਵਿਚ ਲੁਕਾ ਦਿੱਤਾ। ਫਿਰ ਚੌਧਰੀ ਨੂੰ ਗ਼ੁੱਸੇ ਨਾਲ ਬੋਲੀ, ਤੁਹਾਡੇ ਰਾਜ ਵਿਚ ਮੈਂ ਕੀ ਸੁਖ ਭੋਗਿਆ। ਅੱਗੋਂ ਚੌਧਰੀ ਬੋਲਿਆ, ਮੈਂ ਤੈਥੋਂ ਕੁਝ ਲੁਕਾਇਆ ਨਹੀਂ, ਜੋ ਮਨਮਰਜ਼ੀ ਖਾ ਪੀ। ਇਸ ਨੇ ਚਰਿੱਤ੍ਰ ਕਰਕੇ ਭਿਖਾਰੀ ਨੂੰ ਦਾਣਿਆਂ ਵਾਲੀ ਕੋਠੀ ਦਾਨ ਕੀਤੀ ਅਤੇ ਆਪਣੇ ਪ੍ਰੇਮੀ ਨੂੰ ਬਾਹਰ ਕੱਢ ਦਿੱਤਾ।

*ਦਾਨ ਭਿਟੌਅਨ ਕੌ ਜਬ ਦਿਯੋ॥ ਕਛੁ ਜੜ ਭੇਦ ਸਮਝਿ ਨਹਿ ਲਿਯੋ॥*

## ੧੫੭ਵਾਂ ਚਰਿੱਤ੍ਰ : ਨਲ ਤੇ ਦਮਯੰਤੀ

ਇਕ ਭੀਮਸੈਨ ਨਾਮ ਦਾ ਰਾਜਾ ਸੀ। ਉਸ ਦੇ ਦਰਵਾਜ਼ੇ ਅੱਗੇ ਹੀਰੇ ਮੋਤੀ ਜੜ੍ਹੇ ਹੋਏ ਸਨ। ਭੀਮਸੈਨ ਦੀ ਇਕ ਪੁੱਤਰੀ ਦਮਯੰਤੀ ਬਹੁਤ ਸੁੰਦਰ ਸੀ। ਭੀਮਸੈਨ ਦੀ ਪੁੱਤਰੀ ਦਮਯੰਤੀ ਨੇ ਰਾਜੇ ਨਲ ਨਾਲ ਵਿਆਹ ਕਰ ਲਿਆ। ਰਾਜਾ ਜੂਏ ਵਿਚ ਸਾਰਾ ਕੁਝ ਹਾਰ ਗਿਆ ਅਤੇ ਜੰਗਲਾਂ ਵਿਚ ਵਿਚਰਨ ਲੱਗਾ ਤੇ ਦੁਖੀ ਹੋਇਆ। ਦਮਯੰਤੀ ਵੀ ਉਸੇ ਰਸਤੇ 'ਤੇ ਪੈ ਗਈ। ਰਾਣੀ ਨੇ ਵੀ ਦੁੱਖ ਬਹੁਤ ਪਾਇਆ।

*ਦਮਯੰਤੀ ਇਹ ਚਰਿਤ ਸੌਂ, ਪੁਨਿ ਪਤਿ ਬਰਜੋ ਬਨਾਇ॥*

*ਸਭ ਤੇ ਜਗ ਜੂਆ ਬੁਰੋ, ਕੋਊ ਨ ਖੇਲਹੁ ਰਾਇ॥ ੩੧॥*

(ਸ੍ਰੀ ਦਸਮ ਗ੍ਰੰਥ, ਅੰਗ ੧੦੪੬)

## ੧੫੮ਵਾਂ ਚਰਿੱਤ੍ਰ : ਰਾਣੀ ਤਾਂਬਰ ਕਲਾ

ਚੌੜਭਰਥ ਨਾਮ ਦਾ ਇਕ ਸੰਨਿਆਸੀ ਸੀ। ਉਹ ਬਹੁਤ ਬਦਮਾਸ਼ ਸੀ। ਉਥੇ ਇਕ ਬਾਲਕ ਰਾਮ ਨਾਮ ਦਾ ਇਕ ਵੈਰਾਗੀ ਰਹਿੰਦਾ ਸੀ। ਇਹਨਾਂ ਦੋਹਾਂ ਦਾ ਆਪਸ ਵਿਚ ਝਗੜਾ ਰਹਿੰਦਾ ਸੀ। ਵੈਰਾਗੀ ਨੇ ਆਪਣਾ ਪੰਥ ਇਕੱਠਾ ਕੀਤਾ ਤੇ ਸੰਨਿਆਸੀ ਨੇ ਅਪਣਾ ਪੰਥ ਇਕੱਠਾ ਕੀਤਾ। ਇਨ੍ਹਾਂ ਦੀ ਆਪਸ ਵਿਚ ਬਹੁਤ ਭਾਰੀ ਲੜਾਈ ਹੋਈ। ਅਖ਼ੀਰ ਵੈਰਾਗੀ ਤਾਂਬਰ ਕਲਾ ਕੋਲ ਗਿਆ ਤੇ ਆਖਿਆ, ਸਾਨੂੰ ਸੰਨਿਆਸੀਆਂ ਨੇ ਬਹੁਤ ਤੰਗ ਕੀਤਾ ਹੈ। ਜਦ ਰਾਣੀ ਨੇ ਸੁਣਿਆ ਤਾਂ ਰਾਣੀ ਨੇ ਦੱਤਾ ਤ੍ਰੇਅ ਨੂੰ ਬੁਲਾਇਆ। ਦੱਤਾ ਤ੍ਰੇਅ ਨੂੰ ਸੰਨਿਆਸੀ ਮੰਨਦੇ ਸਨ। ਵੈਰਾਗੀ ਰਾਮਾਨੰਦ ਨੂੰ ਮੰਨਦੇ ਸਨ।

ਇਸ ਚਰਿੱਤ੍ਰ ਵਿਚ ਸੰਨਿਆਸੀਆਂ ਤੇ ਵੈਰਾਗੀਆਂ ਦੀ ਜੰਗ ਹੋਈ ਵਿਖਾਈ ਗਈ ਹੈ।

*ਸੰਨਯਾਸੀ ਦੱਤਾ ਤ੍ਰੈ ਮਾਨੈ॥ ਰਾਮਾਨੰਦ ਬੈਰਾਗ ਪ੍ਰਮਾਨੈ॥*

## ੧੫੯ਵਾਂ ਚਰਿੱਤ੍ਰ : ਰਾਣੀ ਬੀਰ ਕਲਾ

ਰਾਜਾ ਸਿੰਘ ਨਾਮੀ ਇਕ ਰਾਜਾ ਸੀ। ਉਸ ਦੀ ਰਾਣੀ ਦਾ ਨਾਮ ਬੀਰ ਕਲਾ ਸੀ। ਉਹ ਰਾਣੀ ਰਾਜੇ ਨਾਲ ਬਹੁਤ ਪਿਆਰ ਕਰਦੀ ਸੀ। ਰਾਜਾ ਦੂਸਰੀਆਂ ਰਾਣੀਆਂ ਕੋਲ ਨਹੀਂ ਸੀ ਜਾਂਦਾ। ਉਹ ਬਹੁਤ ਦੁੱਖ ਪਾਉਂਦੀਆਂ ਸਨ। ਇਕ ਸਖੀ ਨੇ ਦੂਸਰੀਆਂ ਰਾਣੀਆਂ ਨੂੰ ਆਖਿਆ, ਮੇਰੀ ਗੱਲ ਸੁਣੋ। ਜੇ ਮੈਂ ਰਾਣੀ ਤੇ ਰਾਜੇ ਦਾ ਵਿਛੋੜਾ ਪਾ ਦਿੱਤਾ ਤਾਂ ਮੈਨੂੰ ਕੀ ਮਿਲੂਗਾ ? ਰਾਜਾ ਬੀਰ ਕਲਾ ਨੂੰ ਮੂੰਹ ਨਹੀਂ ਵਿਖਾਊਗਾ, ਇਹ ਕਹਿ ਕੇ ਚਲੀ ਗਈ। ਹੁਣ ਚਰਿੱਤ੍ਰ ਕਰਨ ਲੱਗੀ। ਰਾਜਾ ਤੇ ਬੀਰ ਕਲਾ ਵਿਚ ਫ਼ਰਕ ਪਾ ਦਿੱਤਾ।

*ਵਾ ਸੌ ਪ੍ਰੀਤ ਰੀਤਿ ਉਪਜਾਈ॥ ਬੀਰਕਲਾ ਚਿਤ ਤੇ ਬਿਸਰਾਈ॥*

## ੧੬੦ਵਾਂ ਚਰਿੱਤ੍ਰ : ਦਾਸੀ ਕ੍ਰਿਸ਼ਨ ਕਲਾ

ਬਲਵੰਤ ਸਿੰਘ ਤਰੇਹੁਤ ਦਾ ਇਕ ਰਾਜਾ ਸੀ। ਉਸ ਦੇ ਮਹਿਲਾਂ ਵਿਚ 60 ਰਾਣੀਆਂ ਰਹਿੰਦੀਆਂ ਸਨ। ਉਹ ਸਾਰੀਆਂ ਨਾਲ ਪ੍ਰੇਮ ਕਰਦਾ ਸੀ। ਇਕ ਰੁਕਮ ਕਲਾ ਰਾਣੀ ਸੀ। ਉਹ ਦਾਸੀ ਨੂੰ ਭੇਜ ਕੇ ਰਾਜੇ ਨੂੰ ਸੱਦ ਲੈਂਦੀ। ਇਕ ਦਿਨ ਕ੍ਰਿਸ਼ਨ ਕਲਾ ਦਾਸੀ ਆਪ ਹੀ ਰਾਜੇ ਨਾਲ ਪ੍ਰੇਮ ਪਾ ਬੈਠੀ ਤਾਂ ਰੁਕਮ ਕਲਾ ਪ੍ਰਸ਼ਨ ਕਰਦੀ ਹੈ। ਕ੍ਰਿਸ਼ਨ ਕਲਾ ਉੱਤਰ ਦਿੰਦੀ ਹੈ। ਇਹ ਚਰਿੱਤ੍ਰ ਕਰਨ ਕਰਕੇ ਰੁਕਮ ਕਲਾ ਚੁੱਪ ਹੋ ਗਈ ਤੇ ਰਾਣੀ ਸਮਝ ਨਹੀਂ ਸਕੀ।

*ਸੁਨਿ ਬਚ ਰਾਨੀ ਚੁਪ ਰਹੀ, ਜਾਕੇ ਰੂਪ ਅਪਾਰ॥*
*ਛਲ ਕੌ ਛਿਦ੍ਰ ਨ ਕਿਛੁ ਲਖ੍ਯੋ, ਇਮ ਛਲਗੀ ਬਰ ਨਾਰਿ॥*

(ਸ੍ਰੀ ਦਸਮ ਗ੍ਰੰਥ, ਅੰਗ ੧੦੪੯)

## ੧੬੧ਵਾਂ ਚਰਿੱਤ੍ਰ : ਸ਼ੰਮਸ਼ ਢੋਲਾ

ਬੀਰਸੈਨ ਨਾਮ ਦਾ ਇਕ ਰਾਜਾ ਸੀ। ਕਈ ਦੇਸ਼ਾਂ ਦੇ ਰਾਜੇ ਉਸ ਦਾ ਸਤਿਕਾਰ ਕਰਦੇ ਸਨ। ਕੁਰਕੁਸ਼ੇਤਰ ਜਦ ਗ੍ਰਹਿਣ ਲੱਗਾ ਤਾਂ ਇਸ਼ਨਾਨ ਕਰਨ ਗਿਆ ਤੇ ਨਾਲ ਗਰਭਵਤੀ ਸਵਰਨ ਮਤੀ ਵੀ ਨਾਲ ਗਈ। ਉਥੇ ਰਾਣੀਆਂ ਨੇ ਬ੍ਰਾਹਮਣਾਂ ਨੂੰ ਦਾਨ ਦਿੱਤਾ। ਉਥੇ ਮਾਰਵਾੜ ਦਾ ਰਾਜਾ ਸੂਰਸੈਨ ਆਪਣੀਆਂ ਇਸਤ੍ਰੀਆਂ ਨੂੰ ਨਾਲ ਲਿਆਇਆ ਸੀ। ਉਸ ਦੀ ਵੀਰਕਲਾ ਇਕ ਰਾਣੀ ਜੋ ਬਹੁਤ ਸੋਹਣੀ ਸੀ। ਦੋਵੇਂ ਰਾਜੇ ਮਿਲੇ ਤੇ ਰਾਣੀਆਂ ਮਿਲੀਆਂ ਤੇ ਕਿਹਾ ਜੇ ਵਿਧਾਤਾ ਨੇ ਸਾਨੂੰ ਪੁੱਤਰ ਬਖ਼ਸ਼ੇ ਤਾਂ ਫਿਰ ਏਥੇ ਆਵਾਂਗੇ। ਜੇ ਇਕ ਮੁੰਡਾ ਤੇ ਦੂਜੀ ਕੁੜੀ ਹੋਈ ਤਾਂ ਫਿਰ ਆਪਸ ਵਿਚ ਮੰਗਣੀ ਕਰ ਦਿਆਂਗੇ। ਇਕ ਰਾਜੇ ਦੇ ਘਰ ਲੜਕੀ ਹੋਈ ਤੇ ਦੂਜੇ ਰਾਜੇ ਦੇ ਘਰ ਲੜਕਾ ਹੋਇਆ ਤਾਂ ਲੜਕੇ ਦਾ ਨਾਮ ਢੋਲਾ ਰੱਖਿਆ ਤੇ ਲੜਕੀ ਦਾ ਨਾਮ ਸ਼ੰਮਸ਼ ਰੱਖਿਆ। ਢੋਲਾ ਜਦੋਂ ਜਵਾਨ ਹੋਇਆ ਤਾਂ ਉਸ ਨੂੰ ਯਾਦ ਆਇਆ ਕਿ ਮੇਰਾ ਨਿੱਕੇ ਹੁੰਦਿਆਂ ਵਿਆਹ ਹੋਇਆ ਸੀ। ਉਸ ਨੇ ਆਪਣੇ ਸਰੀਰ ਨੂੰ ਸ਼ਿੰਗਾਰਿਆ ਤੇ ਫ਼ੌਜਾਂ ਨਾਲ ਲੈ ਕੇ ਸੂਰਸੈਨ ਦੇ ਸ਼ਹਿਰ ਵੱਲ ਚੱਲ ਪਿਆ। ਜਦੋਂ ਰਾਜੇ ਸੂਰਸੈਨ ਨੇ ਸੁਣਿਆ ਕਿ ਵੀਰਸੈਨ ਰਾਜੇ ਦਾ ਪੁੱਤਰ ਆ ਗਿਆ ਹੈ, ਤਾਂ ਅੱਗੋਂ ਰਾਜੇ ਨੇ ਹਰ ਪ੍ਰਕਾਰ ਦਾ ਸਵਾਗਤ ਕੀਤਾ। ਸ਼ਹਿਜ਼ਾਦੀ ਸ਼ੰਮਸ਼ ਨੇ ਸੁਣਿਆ ਕਿ ਢੋਲਾ ਮੇਰੇ ਸ਼ਹਿਰ ਆ ਗਿਆ ਹੈ ਤੇ ਬਹੁਤ ਖ਼ੁਸ਼ ਹੋਈ।

*ਲੈ ਮੁਕਲਾਵੋ ਅਤਿ ਸੁਖ ਪਾਯੋ॥ ਨਰਵਰ ਗੜ੍ਹ ਕੀ ਓਰ ਸਿਧਾਯੋ॥*
*ਸੁਨਿ ਢੋਲਨ ਵੇ ਬੈਨ, ਨਰਵਗਹਿ ਤਜਿ ਗਯੋ॥ ਦ੍ਵਾਦਸ ਬਰਖ ਪ੍ਰਮਾਨ ਬਸਤ ਬਨ ਮੈਂ ਭਯੋ॥*

## ੧੬੨ਵਾਂ ਚਰਿੱਤ੍ਰ : ਤੁੰਦ ਕਲਾ

ਤਪੀਸ਼ਾ ਦੇਸ਼ ਵਿਚ ਅੱਠ ਚੋਰ ਇਸਤ੍ਰੀਆਂ ਰਹਿੰਦੀਆਂ ਸਨ। ਚਿਤਰਮਤੀ ਉਹਨਾਂ ਦੀ ਸਰਦਾਰਨੀ ਸੀ ਜੋ ਦਿਨ ਰਾਤ ਰਾਹੀਆਂ ਨੂੰ ਲੁੱਟਦੀਆਂ ਸਨ। ਉਹ ਵਾਹਿਗੁਰੂ ਦੇ ਅਨੇਕ ਨਾਮ ਉਚਾਰ ਕੇ ਲੋਕਾਂ ਨੂੰ ਲੁੱਟਦੀਆਂ ਸਨ। ਨਾਰਾਇਣ ਨਰ ਆਦਮੀ ਨੂੰ ਆਖਦੀਆਂ ਸਨ ਕਿ ਪੈਸੇ ਵਾਲੇ ਵਿਅਕਤੀ ਨੂੰ ਬਿੰਦਰਾਬਨ ਲੈ ਜਾ ਭਾਵ ਸੀ ਜੰਗਲ ਵਿਚ ਲਿਜਾ ਕੇ ਮਾਰ ਦਿਉ। ਉਥੇ ਇਕ ਤੁੰਦ ਕਲਾ ਨਾਮ ਦੀ ਇਸਤ੍ਰੀ ਆਈ, ਉਸ ਨੂੰ ਫਾਂਸੀ ਦੇਣ ਲੱਗੀਆਂ। ਉਸ ਨੇ ਆਖਿਆ, ਮੇਰੀ ਗੱਲ ਸੁਣੋ, ਮੈਨੂੰ ਤੁਸੀਂ ਧਨ ਪਿੱਛੇ ਮਾਰਨ ਲੱਗੀਆਂ ਹੋ, ਤੁਹਾਡੇ ਹੱਥ ਇਕੱਲਾ ਮੇਰਾ ਧਨ ਹੀ ਆਵੇਗਾ। ਮੈਨੂੰ ਮਾਰੋ ਨਾ, ਮੇਰੇ ਨਾਲ ਇਕਰਾਰਨਾਮਾ ਕਿਉਂ ਨਹੀਂ ਲਿਖਾ ਲੈਂਦੀਆਂ ? ਚੋਰ

ਇਸਤ੍ਰੀਆਂ ਮੰਨ ਗਈਆਂ। ਇਕਰਾਰਨਾਮਾ ਲਿਖਾ ਕੇ ਜਦੋਂ ਕਾਜ਼ੀ ਕੋਲ ਗਈਆਂ ਤੇ ਕਾਜ਼ੀ ਨੇ ਚਾਂਦਨੀ ਚੌਕ ਵਿਚ ਮਰਵਾ ਦਿੱਤੀਆਂ। ਇਹ ਚਰਿੱਤ੍ਰ ਤੁੰਦ ਕਲਾ ਨੇ ਜੰਗਲ ਵਿਚ ਖੇਡਿਆ ਸੀ, ਇਸਤ੍ਰੀਆਂ ਨੂੰ ਮਰਵਾ ਦਿੱਤਾ ਅਤੇ ਆਪਣਾ ਘਰ ਤੇ ਧਨ ਬਚਾਅ ਲਿਆ।

*ਤੁੰਦਕਲਾ ਤਬ ਬਨ ਬਿਖੈ, ਐਸੋ ਚਰਿਤ ਬਨਾਇ॥*
*ਪ੍ਰਾਨ ਰਾਖਿ ਧਨ ਰਾਖਯੋ, ਉਨ ਇਸਤ੍ਰਿਨਿ ਕੋ ਘਾਇ॥ ੧੩॥*

## ੧੬੩ਵਾਂ ਚਰਿੱਤ੍ਰ : ਰਾਣੀ ਵਿਜੈ ਕੁਮਾਰੀ

ਗਵਾਲੀਅਰ ਕਿਲ੍ਹੇ ਵਿਚ ਭਦਰਸੈਨ ਨਾਮੀ ਰਾਜਾ ਰਹਿੰਦਾ ਸੀ। ਉਸ ਦੀ ਸੁੰਦਰ ਇਸਤ੍ਰੀ ਸੀ। ਰਾਜਾ ਭਦਰਸੈਨ ਸ਼ਿਕਾਰ ਖੇਡਣ ਗਿਆ ਤੇ ਮੌਤ ਦਾ ਸ਼ਿਕਾਰ ਹੋ ਗਿਆ। ਰਾਣੀ ਨੂੰ ਜਦੋਂ ਪਤਾ ਲੱਗਾ ਕਿ ਰਾਜਾ ਮਰ ਗਿਆ ਹੈ ਤੇ ਪੁੱਤਰ ਮੇਰਾ ਬਹੁਤ ਛੋਟਾ ਹੈ। ਕੋਈ ਚਰਿੱਤ੍ਰ ਖੇਡਣਾ ਚਾਹੀਦਾ ਹੈ, ਜਿਸ ਨਾਲ ਵੈਰੀ ਮਾਰਿਆ ਜਾਵੇ। ਰਾਣੀ ਨੇ ਚਰਿੱਤ੍ਰ ਕਰਕੇ ਪਹਿਲਾਂ ਵੈਰੀ ਮਾਰੇ, ਫਿਰ ਪੁੱਤਰ ਨੂੰ ਰਾਜ ਗੱਦੀ 'ਤੇ ਬਿਠਾਇਆ।

*ਸਭ ਸੁਰਾ ਪ੍ਰਥਮੈ ਹਨੇ, ਬਹੁਰਿ ਨ੍ਰਿਪਤਿ ਕੌ ਕੂਟਿ॥*
*ਜੋ ਲਸ਼ਕਰ ਬਾਕੀ ਬਚਯੋ, ਸੋ ਸਭ ਲੀਨੋ ਲੂਟਿ॥ ੧੨॥*

## ੧੬੪ਵਾਂ ਚਰਿੱਤ੍ਰ : ਉਦੈਪੁਰੀ ਬੇਗਮ

ਉਦੈਪੁਰ ਦੀ ਬੇਗਮ ਬਾਦਸ਼ਾਹ ਨੂੰ ਜਾਨ ਤੋਂ ਪਿਆਰੀ ਸੀ। ਬਾਦਸ਼ਾਹ ਬੇਗਮ ਤੋਂ ਬਹੁਤ ਡਰਦਾ ਸੀ। ਹੋਰ ਕਿਸੇ ਨੂੰ ਵੇਖਦਾ ਵੀ ਨਹੀਂ ਸੀ। ਇਕ ਦਿਨ ਸੋਲ੍ਹਾਂ ਸਹੇਲੀਆਂ ਲੈ ਕੇ ਬੇਗਮ ਬਾਗ਼ ਵਿਚ ਗਈ। ਉਥੇ ਇਕ ਆਦਮੀ ਨੂੰ ਵੇਖਿਆ। ਜਦੋਂ ਆਦਮੀ ਦੀ ਇਸਤ੍ਰੀ ਨੂੰ ਪਤਾ ਲੱਗਾ ਤਾਂ ਉਹ ਬਾਦਸ਼ਾਹ ਕੋਲ ਗਈ। ਉਦੈਪੁਰ ਦੀ ਬੇਗਮ ਵੀ ਉਸ ਨੂੰ ਨਾਲ ਲੈ ਕੇ ਚਲੀ ਗਈ। ਜਦੋਂ ਪੁਕਾਰ ਲਾਈ ਤਾਂ ਬਾਦਸ਼ਾਹ ਨੇ ਪੁੱਛਿਆ ਕਿ ਇਹ ਕਾਹਦਾ ਰੌਲਾ ਪੈਂਦਾ ਹੈ ? ਉਦੈਪੁਰੀ ਬੇਗਮ ਨੇ ਉੱਤਰ ਦਿੱਤਾ, ਇਹ ਇਸਤ੍ਰੀ ਸਤੀ ਹੋਣਾ ਚਾਹੁੰਦੀ ਹੈ ਤੇ ਇਸ ਦਾ ਆਦਮੀ ਸਤੀ ਨਹੀਂ ਹੋਣ ਦਿੰਦਾ। ਬਾਦਸ਼ਾਹ ਨੇ ਆਖਿਆ, ਇਸ ਨੂੰ ਰੋਕੋ। ਬੇਗਮ ਨੇ ਉਸ ਨਾਲ ਅਨੇਕਾਂ ਬੰਦੇ ਨਾਲ ਭੇਜ ਦਿੱਤੇ ਤੇ ਕਿਹਾ, ਇਸ ਨੂੰ ਜ਼ਬਰਦਸਤੀ ਸਾੜ ਦਿਉ। ਲੋਕਾਂ ਨੂੰ ਆਖਣ ਦੀ ਦੇਰ ਸੀ ਕਿ ਲੋਕਾਂ ਨੇ ਫੜ ਕੇ ਸਾੜ ਦਿੱਤੀ।

*ਸ਼ਾਹਿਜਹਾਂ ਤਬ ਬਚਨ ਉਚਾਰੇ॥*
*ਕਵਨ ਕਰਤ ਇਹ ਸ਼ੋਰ ਦੁਆਰੇ॥ ੧੫॥*
*ਉਦੈਪੁਰੀ ਤਬ ਯੌਂ ਕਹਯੋ, ਸਮੁਝਿ ਚਿੱਤ ਕੈ ਮਾਂਹਿ॥*
*ਸਤੀ ਭਯੋ ਚਾਹਤ ਤ੍ਰਿਯਾ, ਹੋਨ ਦੇਤ ਇਹ ਨਾਹਿ॥ ੧੬॥*

## ੧੬੫ਵਾਂ ਚਰਿੱਤ੍ਰ : ਭਿਸਤ ਕਲਾ

ਇਕ ਰਾਜਾ ਬਚਿਤਰ ਸਿੰਘ ਸੀ, ਜਿਸ ਕੋਲ ਬਹੁਤ ਧਨ ਸੀ। ਦਿਜਬਰ ਸਿੰਘ ਨਾਮੀ ਇਕ ਬ੍ਰਾਹਮਣ ਸੀ, ਜਿਸ ਦੀ ਇਸਤ੍ਰੀ ਦਾ ਨਾਮ ਭਿਸਤ ਕਲਾ ਸੀ ਤੇ ਉਸ ਦੇ ਘਰ ਸੱਤ ਪੁੱਤਰ ਸਨ, ਜਿਹੜੇ ਗੁਣਾਂ ਕਰਕੇ ਕਵੀ ਸਨ। ਉਥੇ ਇਕ ਮਸ਼ਹੂਰ ਮੰਦਰ ਭਵਾਨੀ ਦਾ ਸੀ। ਇਕ ਦਿਨ ਅਕਾਸ਼ਬਾਣੀ ਹੋਈ। ਉਹ ਅਕਾਸ਼ਬਾਣੀ ਦਿਜਬਰ ਬ੍ਰਾਹਮਣ ਨੇ ਆਪਣੇ ਕੰਨਾਂ ਨਾਲ ਸੁਣ ਲਈ ਕਿ ਦਿਨ ਚੜ੍ਹਨ ਸਾਰ ਰਾਜੇ ਨੇ ਮਰ ਜਾਣਾ ਹੈ। ਕੋਈ ਬਚਾਅ ਨਹੀਂ ਸਕਦਾ। ਇਕ ਉਪਾਅ ਹੈ, ਜੇ ਕੋਈ ਆਪਣੇ ਸੱਤ ਪੁੱਤਰ ਬਲੀ ਚੜ੍ਹਾ ਦੇਵੇ ਤਾਂ ਬਚ ਸਕਦਾ ਹੈ। ਬ੍ਰਾਹਮਣ ਘਰ ਆਇਆ, ਆਪਣੀ ਇਸਤ੍ਰੀ ਨੂੰ ਸਾਰੀ ਗੱਲ ਦੱਸੀ।

*ਸਾਤ ਪੁਤ ਮੁਏ ਜਿਯਰਾਏ॥ ਅਪਨੀ ਦੇਹ ਸਹਿਤ ਪਤਿ ਪਾਏ॥*
*ਨ੍ਰਿਪ ਕੀ ਬਡੀ ਆਰਬਲ ਹੋਈ॥ ਐਸੋ ਕਰਤ ਚਰਿੱਤ੍ਰ ਨ ਕੋਈ॥ ੧੯॥*

## ੧੬੬ਵਾਂ ਚਰਿੱਤ੍ਰ : ਰਾਣੀ ਜੋਬਨ ਕਲਾ

ਸੁਕ੍ਰਿਤ ਸਿੰਘ, ਸੂਰਤ ਨਗਰ ਦਾ ਇਕ ਸੂਰਬੀਰ ਰਾਜਾ ਸੀ, ਜਿਸ ਦੀ ਰਾਣੀ ਜੋਬਨ ਕਲਾ ਸੀ। ਉਸ ਦੇ ਘਰ ਇਕ ਪੁੱਤਰ ਹੋਇਆ। ਉਸ ਨੇ ਚੁੱਕ ਕੇ ਸਮੁੰਦਰ ਵਿਚ ਸੁੱਟ ਕੇ ਆਖਿਆ, ਲਗੜਬੱਗਾ ਚੁੱਕ ਕੇ ਲੈ ਗਿਆ। ਰਾਜੇ ਨੂੰ ਬਹੁਤ ਦੁੱਖ ਹੋਇਆ। ਰਾਣੀ ਨੇ ਇਕ ਸੁੰਦਰ ਆਦਮੀ ਵੇਖਿਆ ਤੇ ਉਸ ਨੂੰ ਬੁਲਾ ਲਿਆ। ਇਥੇ ਹੁਣ ਇਸਤ੍ਰੀ ਚਰਿੱਤ੍ਰ ਖੇਡਣ ਲੱਗੀ ਹੈ। ਆਦਮੀ ਨੂੰ ਸਿਖਾਅ ਦਿੱਤਾ ਕਿ ਤੂੰ ਇਹ ਆਖੀਂ, ਯੋਗੀ ਬੱਚਾ ਚੁੱਕ ਕੇ ਲੈ ਗਿਆ ਸੀ। ਸੋਹਣਾ ਹੋਣ ਕਰਕੇ ਬੱਚਾ ਮਾਰਿਆ ਨਹੀਂ, ਮੈਂ ਹੀ ਬਾਲਕ ਹਾਂ, ਜਿਸ ਨੂੰ ਜੋਗੀ ਨੇ ਭੇਸ ਬਦਲ ਕੇ ਚੁਕਿਆ ਸੀ, ਹੁਣ ਮੈਨੂੰ ਪਤਾ ਨਹੀਂ ਮੈਂ ਕਿਸ ਦਾ ਪੁੱਤਰ ਹਾਂ, ਕਿਹੜਾ ਮੇਰਾ ਪਿੰਡ ਹੈ ਤੇ ਨਾ ਮੈਨੂੰ ਮਾਂ ਪਿਉ ਦਾ ਪਤਾ ਹੈ। ਰਾਜੇ ਨੂੰ ਰਾਣੀ ਨੇ ਆਖਿਆ, ਤੇਰਾ ਪੁੱਤਰ ਲੱਭ ਲਿਆ ਹੈ ਜਿਹੜਾ ਲਗੜਬੱਗਾ ਚੁੱਕ ਕੇ ਲੈ ਗਿਆ ਸੀ। ਰਾਜੇ ਨੂੰ ਲੜਕਾ ਦਸੱਦਾ ਹੈ ਕਿ ਮੈਨੂੰ ਤਾਂ ਜਿਵੇਂ ਜੋਗੀ ਨੇ ਦੱਸਿਆ ਹੈ, ਉਹੀ ਕੁਝ ਆਪ ਜੀ ਨੂੰ ਦੱਸਣ ਲੱਗਾ ਹਾਂ। ਜੋਗੀ ਨੇ ਆਖਿਆ, ਮੈਂ ਲਗੜਬੱਗੇ ਦਾ ਰੂਪ ਧਾਰਿਆ ਸੀ ਤੇ ਤੂੰ ਸੁੱਤਾ ਪਿਆ ਸੀ। ਮੈਂ ਤੈਨੂੰ ਚੁੱਕ ਕੇ ਤੁਰ ਪਿਆ ਸੀ। ਰਾਜੇ ਨੇ ਪੁੱਤਰ ਬਣਾ ਕੇ ਗਲ ਨੂੰ ਲਾ ਲਿਆ ਤੇ ਮੂੰਹ ਚੁੰਮਿਆ। ਰਾਣੀ ਦਿਨੇ ਪੁੱਤਰ-ਪੁੱਤਰ ਕਰਿਆ ਕਰੇ ਅਤੇ ਰਾਤ ਨੂੰ ਪਤੀ ਸਮਝੇ।

*ਆਠੋਂ ਜਾਮ ਧਾਮ ਤਿਹ ਰਾਖੈ॥ ਪੂਤ ਪੂਤ ਮੁਖ ਤੇ ਤਿਹ ਭਾਖੈ॥*
*ਕਾਮ ਕੇਲ ਨਿਸਿ ਭਈ ਕਮਾਵੈ॥ ਮੂਰਖ ਰਾਵ ਭੇਦ ਨਹਿ ਪਾਵੈ॥ ੨੨॥*

## ੧੬੭ਵਾਂ ਚਰਿੱਤ੍ਰ : ਰਾਣੀ ਸ਼ਾਹ ਪਰੀ

ਬਾਂਸ ਬਰੇਲੀ ਦਾ ਇਕ ਧਨਰਾਇ ਨਾਮੀ ਰਾਜਾ ਸੀ। ਉਹ ਬਹੁਤ ਬਹਾਦਰ ਸੀ। ਉਸ ਦੀ ਇਸਤ੍ਰੀ ਸ਼ਾਹ ਪਰੀ ਸਾਰਿਆਂ ਦਾ ਬਹੁਤ ਸਤਿਕਾਰ ਕਰਦੀ ਸੀ। ਇਕ ਦਿਨ ਇਕ ਵੇਸਵਾ ਰਾਜੇ ਦੇ ਮਹਿਲਾਂ ਵਿਚ ਆਈ। ਉਸ ਨੇ ਰਾਜੇ ਨਾਲ ਪ੍ਰੇਮ ਪਾ ਲਿਆ ਤਾਂ ਰਾਣੀ ਨੇ ਰਾਜੇ ਦੇ ਭਰਾ ਕੋਲੋਂ ਜ਼ਹਿਰ ਮੰਗਾਈ ਤੇ ਭੋਜਨ ਵਿਚ ਪਾ ਦਿੱਤੀ ਤੇ ਪਲ ਵਿਚ ਹੀ ਸਾਰੇ ਮਾਰ ਦਿੱਤੇ। ਆਪ ਰਾਜ ਸੰਭਾਲ ਲਿਆ। ਜਿਸ ਨੇ ਹੱਥ ਚੁੱਕਿਆ, ਉਸ ਨੂੰ ਮਾਰ ਦਿੱਤਾ। ਜਿਹੜਾ ਸ਼ਰਨ ਵਿਚ ਆਇਆ, ਉਸ ਨੂੰ ਰੱਖਿਆ।

*ਇਹ ਚਰਿੱਤ੍ਰ ਸੌ ਚੰਚਲਾ, ਨਿਜੁ ਨਾਯਕ ਕੌ ਮਾਰਿ॥*
*ਰਾਜ ਜਾਰ ਕੌ ਲੈ ਦਿਯੋ, ਐਸੇ ਖੇਲਿ ਖਿਲਾਰਿ॥ ੧੨॥*

## ੧੬੮ਵਾਂ ਚਰਿੱਤ੍ਰ : ਰਾਣੀ ਜੋਤ ਮਤੀ

ਪੱਛਮ ਵਿਚ ਰਣਮੰਡਲ ਸਿੰਘ ਨਾਮੀ ਰਾਜਾ ਸੀ। ਉਸ ਦੀ ਰਾਣੀ ਦਾ ਨਾਮ ਜੋਤ ਮਤੀ ਸੀ। ਇਕ ਵੇਸਵਾ ਨੂੰ ਵੇਖ ਕੇ ਰਾਜਾ ਉਸ 'ਤੇ ਮੋਹਿਤ ਹੋ ਗਿਆ। ਰਾਣੀ ਵੇਖ ਕੇ ਬਹੁਤ ਦੁਖੀ ਹੋਈ। ਜਦੋਂ ਹੋਰ ਵੇਸਵਾਵਾਂ ਨੂੰ ਪਤਾ ਲੱਗਾ ਤਾਂ ਸਾਰੀਆਂ ਵੇਸਵਾਵਾਂ ਆ ਕੇ ਰਾਜੇ ਦੀ ਨਗਰੀ ਦੀ ਸੋਭਾ ਵਧਾਉਣ ਲੱਗੀਆਂ। ਰਾਣੀ ਜੋਤ ਮਤੀ ਚੁੱਪ ਰਹੀ। ਰਾਣੀ ਜੋਤ ਮਤੀ ਨੇ ਸਾਰੀਆਂ ਵੇਸਵਾਵਾਂ ਨੂੰ ਮਾਰਨ ਦਾ ਢੰਗ ਸੋਚਿਆ ਤੇ ਆਪ ਚਰਿੱਤ੍ਰ ਕਰਨ ਲੱਗੀ।

ਰਾਣੀ ਨੇ ਮਲਾਹ ਨੂੰ ਧਨ ਦੇ ਕੇ ਆਖਿਆ, ਜਿੱਥੇ ਪਾਣੀ ਡੂੰਘਾ ਹੋਵੇ, ਉਥੇ ਇਹਨਾਂ ਸਾਰੀਆਂ ਵੇਸਵਾਵਾਂ ਨੂੰ ਛੱਡ ਦੇਵੀਂ। ਜਦੋਂ ਬੇੜੀ ਡੂੰਘੇ ਪਾਣੀ ਵਿਚ ਗਈ ਤਾਂ ਮਲਾਹ ਨੇ ਡੋਬ ਦਿੱਤੀਆਂ। ਸਾਰੀਆਂ ਵੇਸਵਾਵਾਂ ਮਾਰੀਆਂ ਤੇ ਨਾਲ ਉਹਨਾਂ ਦੇ ਬੰਦਿਆਂ ਨੂੰ ਵੀ ਮਾਰਿਆ।

*ਬੂਡਿ ਮਰੀ ਬੇਸ੍ਯਾ ਸਕਲ, ਕੋਊ ਨ ਸਕਯੋ ਨਿਕਾਰ॥ ੨੫॥*

## ੧੬੯ਵਾਂ ਚਰਿੱਤ੍ਰ : ਅਹੀਰਨ ਸ਼ਾਹ ਪਰੀ

ਬ੍ਰਿਜ ਦੇਸ਼ ਵਿਚ ਇਕ ਅਹੀਰਨ ਰਹਿੰਦੀ ਸੀ, ਜਿਸ ਨੂੰ ਲੋਕ ਸ਼ਾਹ ਪਰੀ ਕਹਿੰਦੇ ਸਨ। ਉਥੇ ਰੰਗੀ ਰਾਮ ਅਹੀਰ ਰਹਿੰਦਾ ਸੀ। ਅਹੀਰਨ ਦਾ ਉਸ ਨਾਲ ਪ੍ਰੇਮ ਸੀ।

*ਰੰਗੀ ਰਾਮ ਅਹੀਰਿਕ ਤਹਾਂ॥ ਲਗੀ ਲਗਨ ਤ੍ਰਿਯਾ ਕੀ ਉਹਾਂ॥*

## ੧੭੦ਵਾਂ ਚਰਿਤ੍ਰ : ਰਾਣੀ ਬੀਰ ਕਲਾ

ਇਕ ਸਰਬ ਸਿੰਘ ਰਾਜਾ ਸੀ ਤੇ ਬੀਰ ਕਲਾ ਉਸ ਦੀ ਰਾਣੀ ਸੀ। ਉਹ ਰਾਣੀ ਰਾਵਤ ਸਿੰਘ ਨਾਮੀ ਆਦਮੀ ਨਾਲ ਪ੍ਰੇਮ ਕਰਦੀ ਸੀ। ਇਕ ਦਿਨ ਰਾਣੀ ਦੀ ਦਾਸੀ ਆਈ, ਜਿਸ

ਨੂੰ ਵੇਖ ਕੇ ਰਾਵਤ ਸਿੰਘ ਲਲਚਾਅ ਗਿਆ ਤੇ ਰਾਣੀ ਨੂੰ ਭੁੱਲ ਗਿਆ। ਰਾਣੀ ਨੂੰ ਬਹੁਤ ਦੁੱਖ ਹੋਇਆ। ਰਾਣੀ ਨੇ ਰਾਜੇ ਨੂੰ, ਦਾਸੀ ਤੇ ਰਾਵਤ ਸਿੰਘ ਬਾਰੇ ਖ਼ਬਰ ਕਰ ਦਿੱਤੀ। ਰਾਜੇ ਨੇ ਹੱਥ ਵਿਚ ਤਲਵਾਰ ਫੜ ਲਈ ਤੇ ਦੋਵਾਂ ਨੂੰ ਵੇਖਿਆ ਤੇ ਖ਼ਤਮ ਕਰ ਦਿੱਤਾ। ਰਾਜਾ ਮੂਰਖ ਸਮਝ ਨਾ ਸਕਿਆ।

*ਇਹ ਚਰਿੱਤ੍ਰ ਕੈ ਚੰਚਲਾ, ਰਾਜਾ ਸੌ ਛਲ ਕੀਨ॥*
*ਜਾਰ ਤਵਨ ਚੇਰੀ ਸਹਿਤ, ਪਠੈ ਧਾਮ ਜਮ ਦੀਨ॥ ੧੨॥*

## ੧੭੧ਵਾਂ ਚਰਿੱਤ੍ਰ : ਸਾਹਿਬ ਦੇਵੀ

ਕੰਚਨ ਸਿੰਘ ਨਾਮ ਦਾ ਰਾਜਾ ਸੀ। ਉਸ ਦੀ ਇਸਤ੍ਰੀ ਸਾਹਿਬ ਦੇਵ ਵਿਭਚਾਰਨ ਸੀ। ਉਹ ਕਲਹਿਣੀ ਇਸਤ੍ਰੀ ਸੀ। ਇਸ ਨੇ ਆਪਣੇ ਪਤੀ ਕੰਚਨ ਸਿੰਘ ਨੂੰ ਧੋਖਾ ਦਿੱਤਾ।

## ੧੭੨ਵਾਂ ਚਰਿੱਤ੍ਰ : ਗੀਤ ਕਲਾ

ਐਡੇ ਰਾਇ ਇਕ ਭੱਟ ਸੀ, ਜਿਸ ਦੀ ਇਸਤ੍ਰੀ ਦਾ ਨਾਮ ਗੀਤਾ ਕਲਾ ਸੀ। ਇਸ ਨੇ ਆਪਣੇ ਪਤੀ ਨੂੰ ਉਸ ਦਾ ਇਲਾਜ ਕਰਨ ਦੇ ਬਹਾਨੇ, ਆਪਣੇ ਮਿੱਤਰ ਬੀਰਮ ਦੇਵ ਨੂੰ ਘਰ ਸੱਦ ਕੇ ਕੁਕਰਮ ਕੀਤਾ ਅਤੇ ਆਪਣੇ ਪਤੀ ਨੂੰ ਧੋਖਾ ਦਿੱਤਾ।

## ੧੭੩ਵਾਂ ਚਰਿੱਤ੍ਰ : ਸੰਗੀਤ ਕਲਾ

ਨਿਰੰਜਨ ਰਾਏ ਚੋਪੜਾ, ਜਿਸ ਦੀ ਇਸਤ੍ਰੀ ਸੰਗੀਤ ਕਲਾ ਸੀ। ਬਹਿਲੋਲਪੁਰ ਨਾਮੀ ਸ਼ਹਿਰ ਵਿਚ ਬਹਿਲੋਲ ਖ਼ਾਂ ਰਹਿੰਦਾ ਸੀ। ਬਹਿਲੋਲ ਖ਼ਾਂ ਨੇ ਸੰਗੀਤ ਕਲਾ ਨੂੰ ਵੇਖਿਆ ਤਾਂ ਇਸ ਦਾ ਮਨ ਡੋਲ ਗਿਆ। ਸੰਗੀਤ ਕਲਾ ਨੇ ਆਪਣੇ ਪਤੀ ਨਿਰੰਜਨ ਰਾਇ ਚੋਪੜਾ ਨੂੰ ਚਰਿੱਤ੍ਰ ਕਰਕੇ ਛਲਿਆ।

## ੧੭੪ਵਾਂ ਚਰਿੱਤ੍ਰ : ਸੁਰਤਾ ਦੇਵੀ

ਮੋਕਲਗੜ੍ਹ ਵਿਚ ਮੋਕਲ ਨਾਮੀ ਇਕ ਵੱਡਾ ਰਾਜਾ ਸੀ। ਉਸ ਦੇ ਮਾਤਾ ਪਿਤਾ ਪੱਛਮ ਵੱਲ ਰਹਿੰਦੇ ਸਨ। ਉਹਨਾਂ ਦਾ ਬਹੁਤ ਪ੍ਰਤਾਪ ਸੀ। ਉਹਨਾਂ ਦੀ ਸੁਰਤਾ ਦੇਵੀ ਇਕ ਲੜਕੀ ਸੀ ਜੋ ਬਹੁਤ ਸੁੰਦਰ ਸੀ। ਉਸ ਨੇ ਆਪਣਾ ਸੁਅੰਬਰ ਰਚਿਆ। ਸਾਰੇ ਰਾਜੇ ਬੁਲਾਏ ਤੇ ਆਖਿਆ, ਜਿਹੜਾ ਲਕੜੀ ਦੇ ਘੋੜੇ 'ਤੇ ਆਵੇਗਾ, ਉਹ ਮੇਰੀ ਰਾਜਕੁਮਾਰੀ ਨਾਲ ਵਿਆਹ ਕਰੇਗਾ। ਸ਼ਰਤ ਹੈ ਕਿ ਸੌ ਗੰਢਾਂ ਵਾਲਾ ਬਲਸ਼ਾਲੀ ਭਾਲਾ ਫੜੇ, ਉਹ ਲੱਕੜ ਦੇ ਘੋੜੇ 'ਤੇ ਅਸਵਾਰ ਹੋਵੇ, ਹੱਥਾਂ ਤੋਂ ਬਗੈਰ ਇਕ ਵੱਡੀ ਸਾਰੀ ਲੀਕ ਖਿੱਚੇ, ਉਹ ਆਦਮੀ ਮੇਰੇ ਨਾਲ ਵਿਆਹ ਕਰੇ। ਜਿੱਥੇ ਪੋਰੋ

ਸ਼ਾਹ ਰਹਿੰਦਾ ਸੀ, ਉਥੇ ਵੀ ਖ਼ਬਰ ਪਹੁੰਚ ਗਈ। ਰਾਜੇ ਨੇ ਰਾਣੀ ਕੋਲ ਗੱਲ ਕੀਤੀ। ਉਸ ਨੇ ਹੌਸਲਾ ਦਿੱਤਾ। ਰਾਣੀ ਨੇ ਆਖਿਆ, ਮੈਂ ਉਸ ਦਾ ਘੁਮੰਡ ਤੋੜਦੀ ਹਾਂ। ਇਕ ਨਹਿਰ ਪੁਟਾਈ, ਕੁਮਾਰੀ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕੀਤੀਆਂ ਅਤੇ ਰਾਣੀ ਨੇ ਕੁਮਾਰੀ ਨੂੰ ਜਿੱਤ ਕੇ ਰਾਜੇ ਦੇ ਪੇਸ਼ ਕੀਤਾ।

## ੧੭੫ਵਾਂ ਚਰਿੱਤ੍ਰ : ਚਪਲ ਕਲਾ

ਗ਼ਜ਼ਨੀ ਦਾ ਇਕ ਵੱਡਾ ਰਾਜਾ ਗਜਨਦੇਵ ਸੀ। ਉਸ ਦਾ ਕਿਲ੍ਹਾ ਬਹੁਤ ਵੱਡਾ ਅਤੇ ਦੁਰਗਮ ਸੀ। ਚਪਲ ਕਲਾ ਉਸ ਦੀ ਰਾਜਕੁਮਾਰੀ ਸੀ। ਜੋਬਨ ਖ਼ਾਂ ਆਇਆ ਤੇ ਸੂਰਮਿਆਂ ਨੂੰ ਨਾਲ ਲੈ ਕੇ ਕਿਲ੍ਹਾ ਤੋੜਨ ਲੱਗਾ, ਪਰ ਤੋੜਿਆ ਨਾ ਗਿਆ। ਫਿਰ ਬਲਵੰਤ ਖ਼ਾਂ ਨੇ ਫ਼ੌਜਾਂ ਲੈ ਕੇ ਚੜ੍ਹਾਈ ਕੀਤੀ। ਉਹ ਜੰਗ ਵਿਚ ਮਾਰਿਆ ਗਿਆ ਤੇ ਉਸ ਦੇ ਪੁੱਤਰ ਜੋਬਨ ਖ਼ਾਂ ਨੇ ਗਜਨਦੇਵ ਰਾਜੇ ਨੂੰ ਮਾਰ ਕੇ ਉਸ ਦੀ ਰਾਜਕੁਮਾਰੀ ਚਪਲ ਕਲਾ ਨਾਲ ਵਿਆਹ ਕੀਤਾ ਦਰਸਾਇਆ ਹੈ।

## ੧੭੬ਵਾਂ ਚਰਿੱਤ੍ਰ : ਬੀਰਮਤੀ

ਜਗਬਦਨ ਇਕ ਵੱਡਾ ਸ਼ਾਹ ਸੀ। ਉਸ ਦੀ ਇਕ ਇਸਤ੍ਰੀ ਸੀ, ਜਿਸ ਦਾ ਨਾਮ ਬੀਰਮਤੀ ਸੀ। ਉਸ ਦਾ ਪਤੀ ਸ਼ਾਹ ਵਲਾਇਤ ਗਿਆ ਸੀ। ਉਹ ਉਸ ਨੂੰ ਚਿੱਠੀਆਂ ਪਾ ਕੇ ਥੱਕ ਗਈ। ਉਸ ਨੇ ਆਪਣੇ ਪਤੀ ਨੂੰ ਦੇਖਿਆਂ ਬਹੁਤ ਚਿਰ ਹੋ ਗਿਆ ਸੀ। ਇਕ ਚੰਦਰਭਾਨ ਜੱਟ ਸੀ, ਉਹ ਲੁੱਟਣ ਲਈ ਆਇਆ ਤੇ ਸਭ ਕੁਝ ਲੁੱਟ ਕੇ ਲੈ ਗਿਆ। ਬੀਰਮਤੀ ਨੇ ਮਰਦਾਵੇਂ ਕੱਪੜੇ ਪਾ ਲਏ ਤੇ ਘੋੜੇ ਉੱਪਰ ਚੜ੍ਹ ਕੇ, ਹੱਥ ਵਿਚ ਤਲਵਾਰ ਫੜ ਲਈ, ਘੋੜਾ ਭਜਾਇਆ ਤੇ ਨਾਲ ਰਲ ਗਈ। ਉਸ ਨੇ ਚੰਦਰਭਾਨ ਨੂੰ ਲਲਕਾਰਾ ਮਾਰਿਆ ਤੇ ਆਖਿਆ, ਜਿੰਨਾ ਧਨ ਲੁੱਟਿਆ ਹੈ, ਦਿਉ ਜਾਂ ਸ਼ਸਤ੍ਰ ਸੰਭਾਲੋ। ਬੀਰਮਤੀ ਨੇ ਚੰਦਰਭਾਨ ਨੂੰ ਜਿੱਤਿਆ ਤੇ ਸਾਰਾ ਧਨ ਵਾਪਸ ਲਿਆਂਦਾ ਤੇ ਉਸ ਜਗ੍ਹਾ ਚੱਲੀ ਗਈ ਜਿੱਥੇ ਉਸ ਦਾ ਪਤੀ ਰਹਿੰਦਾ ਸੀ। ਆਪਣੇ ਪਤੀ ਨੂੰ ਮਿਲੀ ਅਤੇ ਉਸ ਨੂੰ ਆਪਣੇ ਦੇਸ਼ ਲੈ ਆਈ।

## ੧੭੭ਵਾਂ ਚਰਿੱਤ੍ਰ : ਮੈਨ ਲਤਾ

ਇਕ ਇਸਤ੍ਰੀ ਮੈਨ ਲਤਾ ਸੀ, ਜਿਹੜੀ ਸ਼ਾਹੂਕਾਰ ਦੀ ਪੁੱਤਰੀ ਸੀ। ਮੈਨ ਲਤਾ ਸ਼ਸਤ੍ਰ ਵਿਦਿਆ ਵਿਚ ਨਿਪੁੰਨ ਸੀ। ਮੈਨ ਲਤਾ ਨੇ ਇਕ ਸਮੁੰਦਰੀ ਜਹਾਜ਼ ਤਿਆਰ ਕੀਤਾ ਤੇ ਉਸ ਵਿਚ ਖਾਣ ਪੀਣ ਵਾਲੀ ਸਾਰੀ ਸਮਗੱਰੀ ਰੱਖੀ ਅਤੇ ਨਾਲ ਆਪਣੀਆਂ ਪੰਜਾਹ ਸਹੇਲੀਆਂ ਲੈ ਕੇ ਸਮੁੰਦਰ ਵਿਚ ਚੱਲ ਪਈ। ਉਸ ਨੇ ਪਾਣੀ ਵਿਚੋਂ ਹੀਰੇ ਮੋਤੀ ਅਤੇ ਹੋਰ ਕੀਮਤੀ ਸਾਮਾਨ ਪ੍ਰਾਪਤ ਕੀਤਾ।

## ੧੭੮ਵਾਂ ਚਰਿੱਤ੍ਰ : ਸੁਮੇਰ ਦੇਵੀ

ਸੁਮੇਰ ਦੇਵੀ ਇਕ ਇਸਤ੍ਰੀ ਸੀ। ਉਸ ਦੀ ਇਕ ਲੜਕੀ ਸੀ, ਜਿਸ ਦਾ ਨਾਮ ਜੋਤਮਤੀ ਸੀ। ਸੁਮੇਰ ਦੇਵੀ ਨੇ ਆਪਣੀ ਲੜਕੀ ਨੂੰ ਨਾਲ ਲੈ ਕੇ ਆਪਣੀ ਸੌਂਕਣ ਨੂੰ ਮਾਰਨ ਵਾਸਤੇ ਚਰਿੱਤ੍ਰ ਕੀਤਾ ਦੱਸਿਆ ਹੈ।

## ੧੭੯ਵਾਂ ਚਰਿੱਤ੍ਰ : ਕਾਮਵਤੀ

ਇਕ ਸ਼ਾਹ ਦੀ ਇਸਤ੍ਰੀ, ਜੋ ਪੱਛਮ ਵਿਚ ਰਹਿੰਦੀ ਸੀ। ਉਸ ਨੂੰ ਸਾਰੇ ਕਾਮਵਤੀ ਕਹਿੰਦੇ ਸਨ। ਉਸ ਦਾ ਪਤੀ ਪ੍ਰਦੇਸ ਗਿਆ ਸੀ। ਉਸ ਨੂੰ ਬਹੁਤ ਸਾਲ ਬੀਤ ਗਏ। ਇਸਤ੍ਰੀ ਆਪਣੇ ਪਤੀ ਦੀ ਝਾਕ ਛੱਡ ਕੇ ਵੇਸਵਾ ਦਾ ਕੰਮ ਕਰਨ ਲੱਗ ਗਈ, ਪਰ ਜਦ ਪਤੀ ਵਾਪਸ ਆਇਆ ਤਾਂ ਚਰਿੱਤ੍ਰ ਕਰਕੇ ਉਸ ਨੂੰ ਬੁੱਧੂ ਬਣਾਇਆ।

## ੧੮੦ਵਾਂ ਚਰਿੱਤ੍ਰ : ਨੈਨੋਤਮਾ

ਨੈਨੋਤਮਾ ਨਾਮੀ ਇਕ ਇਸਤ੍ਰੀ ਸ਼ਸਤ੍ਰ ਵਿੱਦਿਆ ਵਿਚ ਨਿਪੁੰਨ ਸੀ। ਉਸ ਦਾ ਪਤੀ ਪ੍ਰਦੇਸ ਗਿਆ ਸੀ ਤੇ ਉਸ ਦੀ ਸੱਸ ਅੰਨ੍ਹੀ ਸੀ। ਘਰ ਵਿਚ ਨੈਨੋਤਮਾ ਇਕੱਲੀ ਰਹਿੰਦੀ ਸੀ। ਇਸ ਚਰਿੱਤ੍ਰ ਵਿਚ ਨੈਨੋਤਮਾ ਦਾ ਆਚਰਨਹੀਨ ਹੋ ਕੇ ਦੁੱਖ ਭਰੀ ਜੀਵਨ-ਗਾਥਾ ਦਾ ਵਰਨਣ ਕੀਤਾ ਗਿਆ ਹੈ।

## ੧੮੧ਵਾਂ ਚਰਿੱਤ੍ਰ : ਨਿਸ਼ੀ ਪ੍ਰਭਾ

ਨਿਸ਼ੀ ਪ੍ਰਭਾ ਇਕ ਰਾਜੇ ਦੀ ਰਾਣੀ ਸੀ, ਜੋ ਕਿ ਪਰਾਏ ਪੁਰਸ਼ ਸਵਰਗ ਸਿੰਘ ਨੂੰ ਬਹੁਤ ਪਿਆਰ ਕਰਦੀ ਸੀ। ਨਿਸ਼ੀ ਪ੍ਰਭਾ ਦੀ ਸੌਂਕਣ ਨੂੰ ਪਤਾ ਲੱਗ ਗਿਆ। ਉਹ ਰਾਜੇ ਨੂੰ ਜਾ ਕੇ ਮਿਲੀ ਤੇ ਸਾਰਾ ਭੇਦ ਦੱਸ ਦਿੱਤਾ। ਰਾਜਾ ਇਹ ਸੁਣ ਕੇ ਹੱਥ ਵਿਚ ਤਲਵਾਰ ਫੜ ਕੇ ਤੁਰ ਪਿਆ। ਰਾਣੀ ਨੇ ਅੱਗੇ ਵੱਧ ਕੇ ਰਾਜੇ ਦਾ ਸਤਿਕਾਰ ਕੀਤਾ ਤੇ ਆਖਿਆ ਕਿ ਮੈਂ ਤਾਂ ਆਪਣੇ ਧਰਮ ਦੇ ਭਰਾ ਦੇ ਘਰ ਗਈ ਸੀ। ਮੈਂ ਵੀ ਤੇਰੀ ਇਸਤ੍ਰੀ ਹਾਂ, ਮੇਰਾ ਭਲਾ ਕੀ ਘੱਟ ਗਿਆ। ਤੁਸੀਂ ਸੌਂਕਣਾਂ ਦੀ ਗੱਲ ਸੁਣ ਕੇ ਮੇਰੇ 'ਤੇ ਸ਼ੱਕ ਕਰਦੇ ਹੋ। ਸੌਂਕਣ ਦੀ ਤਾਂ ਹਮੇਸ਼ਾ ਲੜਾਈ ਹੀ ਰਹਿੰਦੀ ਹੈ।

## ੧੮੨ਵਾਂ ਚਰਿੱਤ੍ਰ : ਭਾਨ ਕਲਾ

ਇਕ ਇਸਤ੍ਰੀ ਭਾਨ ਕਲਾ ਸੀ। ਉਸ ਦੀ ਸੌਂਕਣ ਬਹੁਤ ਸੁੰਦਰ ਸੀ। ਭਾਨ ਕਲਾ ਨੇ ਕਈ ਸਾਲ ਆਪਣੇ ਪਤੀ ਨਾਲ ਕੱਢੇ। ਇਕ ਦਿਨ ਰਾਜੇ ਨੂੰ ਸੌਂਕਣ ਨਾਲ ਸੁੱਤਿਆਂ ਪਿਆ ਦੇਖਿਆ ਤਾਂ ਉਸ ਨੇ ਦੋਹਾਂ ਦੇ ਤਲਵਾਰ ਨਾਲ ਸਿਰ ਵੱਢ ਦਿੱਤੇ ਤੇ ਉਹ ਤਲਵਾਰ ਨੂੰ ਸਾਫ਼ ਕਰਕੇ ਘਰ

ਆ ਕੇ ਬੇਫ਼ਿਕਰ ਹੋ ਕੇ ਸੌਂ ਗਈ। ਸਵੇਰੇ ਉੱਠ ਕੇ ਚੀਕਣ ਲੱਗੀ। ਰਾਣੀ ਨੇ ਮੰਤਰੀ ਨੂੰ ਆਖਿਆ, ਮੈਨੂੰ ਰਾਜੇ ਦੇ ਨਾਲ ਸਾੜ ਦਿਉ ਤੇ ਮੇਰੇ ਪੁੱਤਰ ਨੂੰ ਰਾਜ ਦੇ ਦਿਉ। ਮੰਤਰੀ ਨੇ ਆਖਿਆ, ਰਾਣੀ ! ਤੂੰ ਸੜਨ ਦਾ ਸੰਕਲਪ ਨਾ ਕਰ। ਤੇਰੇ ਪੁੱਤਰ ਨੂੰ ਰਾਜ ਦੇ ਦੇਂਦੇ ਹਾਂ। ਇਸ ਚਰਿੱਤ੍ਰ ਵਿਚ ਰਾਣੀ ਨੇ ਸੌਂਕਣ ਤੇ ਰਾਜੇ ਨੂੰ ਮਾਰ ਕੇ, ਪੁੱਤਰ ਨੂੰ ਰਾਜ ਦਿਵਾ ਦਿੱਤਾ। ਮੰਤਰੀਆਂ ਦੇ ਆਖੇ ਲੱਗ ਗਈ ਤੇ ਘਰ ਆ ਗਈ।

## ੧੮੩ਵਾਂ ਚਰਿੱਤ੍ਰ : ਰਿਤਰਾਜ ਪ੍ਰਭਾ

ਬਟਾਲਾ ਸ਼ਹਿਰ ਵਿਚ ਮੈਂਗਲ ਖ਼ਾਂ ਨਾਮ ਦਾ ਪਠਾਣ ਰਹਿੰਦਾ ਸੀ। ਉਹ ਸਾਰੀ ਦਿਹਾੜੀ ਸ਼ਰਾਬ ਪੀਂਦਾ ਰਹਿੰਦਾ ਸੀ। ਇਸ ਨੇ ਸ਼ਰਾਬ ਦੇ ਨਸ਼ੇ ਵਿਚ ਮਸਤ ਹੋ ਕੇ ਆਪਣੀ ਪੁੱਤਰੀ ਨੂੰ ਰਿਤਰਾਜ ਪ੍ਰਭਾ ਸਮਝ ਕੇ ਮੂੰਹ ਕਾਲਾ ਕਰਨ ਰੂਪੀ ਪਾਪ ਕਰਮ ਕੀਤਾ।

ਦਸਮੇਸ਼ ਗੁਰੂ ਜੀ ਨੇ ਦੱਸਿਆ ਹੈ ਕਿ ਸ਼ਰਾਬ ਐਸੀ ਭੈੜੀ ਹੈ :

*ਏਕ ਮਦੀ ਦੂਜੈ ਤਰੁਨਿ, ਤੀਜੇ ਅਤਿ ਧਨ ਧਾਮ॥*
*ਪਾਪ ਕਰੇ ਬਿਨ ਕਜੌਂ ਬਚੈ, ਬਚੈ ਬਚਾਵੈ ਰਾਮ॥ ੧੯॥*

## ੧੮੪ਵਾਂ ਚਰਿੱਤ੍ਰ : ਦਰੋਪਤੀ

ਪਾਂਡਵਾਂ ਦੇ ਪੁੱਤਰ ਪੰਜੇ ਹੀ ਬਹੁਤ ਬਹਾਦਰ ਸੂਰਮੇ ਸਨ। ਅਰਜਨ, ਭੀਮਸੈਨ, ਜੁਧਿਸ਼ਟਰ, ਨੁਕਲ, ਸਹਿਦੇਵ ਵਰਗਾ ਹੋਰ ਕੋਈ ਬਹਾਦਰ ਸੂਰਮਾ ਨਹੀਂ ਸੀ। ਬਾਰ੍ਹਾਂ ਸਾਲ ਦਾ ਬਨਵਾਸ ਜੰਗਲ ਵਿਚ ਬਿਤਾਇਆ ਤੇ ਬਨਵਾਸ ਦੇ ਆਖ਼ਰੀ ਸਾਲ ਵਿਚ ਰਾਜੇ ਵਿਰਾਟ ਦੇ ਰਾਜ ਵਿਚ ਗਏ। ਉਥੇ ਕ੍ਰੀਚਕ ਨੇ ਜਦੋਂ ਦਰੋਪਤੀ ਦੇਖੀ ਤਾਂ ਗ਼ਸ਼ ਖਾ ਕੇ ਧਰਤੀ 'ਤੇ ਡਿੱਗ ਪਿਆ। ਕ੍ਰੀਚਕ ਨੇ ਆਪਣੀ ਭੈਣ ਨਾਲ ਦਰੋਪਤੀ ਨੂੰ ਮਿਲਾਉਣ ਦੀ ਗੱਲ ਕੀਤੀ। ਰਾਣੀ ਨੇ ਸੁਨੇਹਾ ਭੇਜਿਆ ਅਤੇ ਦਰੋਪਤੀ ਦੇ ਆਉਣ 'ਤੇ ਕ੍ਰੀਚਕ ਨੇ ਦਰੋਪਦੀ ਦਾ ਹੱਥ ਫੜ ਲਿਆ। ਦਰੋਪਤੀ ਆਪਣੀ ਸ਼ਕਤੀ ਨਾਲ ਹੱਥ ਛੁਡਾ ਕੇ ਭੱਜੀ। ਜਦ ਕ੍ਰੀਚਕ ਉਥੇ ਪਹੁੰਚਿਆ ਜਿੱਥੇ ਰਾਜਾ ਬਿਰਾਜਮਾਨ ਸੀ ਤੇ ਉਥੇ ਦਰੋਪਤੀ ਨੂੰ ਲੱਤਾਂ ਦੀ ਮਾਰ ਕੀਤੀ, ਜਿਸ ਨੂੰ ਪੰਜ ਪਾਂਡਵ ਵੇਖ ਰਹੇ ਸਨ। ਜਦ ਭੀਮ ਗ਼ੁੱਸੇ ਵਿਚ ਆਇਆ ਤੇ ਜੁਧਿਸ਼ਟਰ ਨੇ ਰੋਕਿਆ ਤਾਂ ਦਰੋਪਤੀ ਨੂੰ ਕੋਲ ਸੱਦਿਆ ਤੇ ਸਮਝਾਇਆ ਅਤੇ ਕ੍ਰੀਚਕ ਨੂੰ ਕਹਿ ਕੇ ਬੁਲਾਇਆ। ਦਰੋਪਤੀ ਚਤਰ ਤਾਂ ਬਹੁਤ ਸੀ, ਪਰ ਪਤੀ ਨੇ ਉਸ ਨੂੰ ਚੰਗੀ ਤਰ੍ਹਾਂ ਸਮਝਾਇਆ। ਉਹ ਇਕ ਚਰਿੱਤ੍ਰ ਕਰਨ ਲੱਗੀ। ਦਰਪੋਤੀ ਨੇ ਕ੍ਰੀਚਕ ਨੂੰ ਆਖਿਆ ਕਿ ਤੂੰ ਰਾਤ ਨੂੰ ਰਸੋਈ ਵਿਚ ਆਵੀਂ। ਰਸੋਈ ਵਿਚ ਭੀਮ ਨੂੰ ਬਿਠਾ ਦਿੱਤਾ। ਅੱਧੀ ਰਾਤ ਹੋਈ ਤਾਂ ਕ੍ਰੀਚਕ ਰਸੋਈ ਵਿਚ ਆਇਆ ਤਾਂ ਭੀਮਸੈਨ ਨੇ ਫੜ ਲਿਆ ਤੇ ਟੁਕੜੇ ਟੁਕੜੇ ਕਰ ਦਿੱਤੇ। ਸਵੇਰ ਹੋਈ ਤਾਂ ਹੋਰ ਕ੍ਰੀਚਕਾਂ ਨੂੰ ਗ਼ੁੱਸਾ ਆਇਆ ਤੇ ਦਰੋਪਤੀ ਦੇ ਕੇਸ ਫੜ ਲਏ ਅਤੇ ਆਖਿਆ, ਜਿੱਥੇ ਸਾਡਾ ਭਰਾ ਗਿਆ, ਤੈਨੂੰ ਉਥੇ ਭੇਜਾਂਗੇ ਤੇ ਅੱਗ ਵਿਚ ਸੁੱਟਣ ਲੱਗੇ।

ਜਦੋਂ ਭੀਮ ਨੂੰ ਪਤਾ ਲੱਗਾ ਤਾਂ ਭੀਮ ਤਾੜ ਦਾ ਦਰੱਖ਼ਤ ਪੁੱਟ ਲਿਆਇਆ। ਕ੍ਰੀਚਕਾਂ ਨੂੰ ਬੜੀ ਮਾਰ ਮਾਰੀ, ਵਾਲਾਂ ਤੋਂ ਫੜ ਫੜ ਚਿਖਾ ਵਿਚ ਮਾਰੇ। ਪੰਜ ਹਜ਼ਾਰ ਕ੍ਰੀਚਕਾਂ ਨੂੰ ਮਾਰਿਆ ਤੇ ਦਰੋਪਤੀ ਨੂੰ ਬਚਾਇਆ।

## ੧੯੫ਵਾਂ ਚਰਿੱਤ੍ਰ : ਰਣਗੰਗ ਕੁਮਾਰੀ

ਅਕਬਰ ਬਾਦਸ਼ਾਹ ਦੇ ਜੁੱਤੀਆਂ ਦੀ ਮਾਰ ਪੈਂਦੀ ਵਿਖਾਈ, ਕਿਉਂਕਿ ਅਕਬਰਾਬਾਦ ਵਿਚ ਇਕ ਬਾਣੀਏ ਦੀ ਇਸਤ੍ਰੀ ਸੀ। ਅਕਬਰ ਇਕ ਦਿਨ ਸ਼ਿਕਾਰ ਖੇਡਣ ਆ ਗਿਆ। ਅਕਬਰ ਨੇ ਦਾਸੀ ਨੂੰ ਭੇਜ ਕੇ ਰਣਗੰਗ ਕੁਮਾਰੀ ਨੂੰ ਘਰ ਬੁਲਾ ਲਿਆ। ਰਣਗੰਗ ਕੁਮਾਰੀ ਨੇ ਉਸ ਨੂੰ ਆਖਿਆ, ਪਿਆਰੇ ਪਿਸ਼ਾਬ ਕਰ ਆਵਾਂ, ਆਖ ਕੇ ਚੱਲੀ ਗਈ ਤੇ ਬਾਹਰੋਂ ਜਿੰਦਰਾ ਲਾ ਗਈ। ਆਪਣੇ ਪਤੀ ਨੂੰ ਸੱਦ ਲਿਆਈ ਤੇ ਸਾਰੀ ਗੱਲ ਦੱਸੀ। ਬਾਣੀਏ ਨੇ ਆਪਣੀ ਜੁੱਤੀ ਲਾਹ ਲਈ ਤੇ ਲੱਗ ਪਿਆ ਸਿਰ ਵਿਚ ਠੋਕਣ, ਰਾਜੇ ਦੀ ਬਣਾ ਦਿੱਤੀ ਹਨੇਰੀ। ਸਵੇਰ ਹੋਈ ਤਾਂ ਬਾਣੀਆ ਕਾਜ਼ੀ ਕੋਤਵਾਲ ਨੂੰ ਕਹਿਣ ਲੱਗਾ, ਤੂੰ ਸਾਡੇ ਨਾਲ ਚੱਲ ਤੇ ਚੋਰਾਂ ਦੇ ਸਰਦਾਰ ਨੂੰ ਵੇਖ। ਕਾਜ਼ੀ ਨੇ ਅੱਗੇ ਆ ਕੇ ਵੇਖਿਆ ਤਾਂ ਅੱਗੇ ਬਾਦਸ਼ਾਹ ਨੀਵੀਂ ਪਾਈ ਬੈਠਾ ਸੀ।

## ੧੯੬ਵਾਂ ਚਰਿੱਤ੍ਰ : ਅਚਲ ਕਲਾ

ਦਿਆਲਪੁਰ ਪਿੰਡ ਵਿਚ ਅਚਲ ਕਲਾ ਇਸਤ੍ਰੀ ਰਹਿੰਦੀ ਸੀ। ਸੂਰਜ ਛਿਪਿਆ ਤਾਂ ਡਾਕੂ ਤਲਵਾਰ ਲੈ ਕੇ ਉਸ ਦੇ ਸਿਰ 'ਤੇ ਆ ਕੇ ਖੜ ਗਏ। ਕਹਿਣ ਲੱਗੇ, ਧਨ ਦੱਸ ਦੇ ਨਹੀਂ ਤਾਂ ਤੈਨੂੰ ਮਾਰ ਦਿੰਦੇ ਹਾਂ। ਅਚਲ ਕਲਾ ਨੇ ਕਿਹਾ, ਮੈਨੂੰ ਛੱਡ ਦਿਉ, ਮੈਂ ਤੁਹਾਨੂੰ ਧਨ ਦੇ ਦਿੰਦੀ ਹਾਂ। ਡਾਕੂਆਂ ਨੂੰ ਉਥੇ ਖਿਲਾਰ ਦਿੱਤਾ, ਜਿੱਥੇ ਬਰੂਦ ਪਿਆ ਸੀ। ਆਪ ਦੂਜੀ ਥਾਂ ਜਾ ਕੇ ਤੀਰ ਮਾਰਿਆ ਤੇ ਅੱਗ ਲੱਗ ਗਈ। ਸਾਰੇ ਡਾਕੂ ਮਾਰੇ ਗਏ। ਇਸਤ੍ਰੀ ਨੇ ਚਰਿੱਤ੍ਰ ਕਰਕੇ ਡਾਕੂ ਮਾਰ ਦਿੱਤੇ।

## ੧੯੭ਵਾਂ ਚਰਿੱਤ੍ਰ : ਕਾਮਕਲਾ

ਕਾਮਕਲਾ ਨਾਮ ਦੀ ਇਕ ਇਸਤ੍ਰੀ ਸੀ। ਉਹ ਸ਼ਸਤ੍ਰ ਵਿਦਿਆ ਵਿਚ ਬਹੁਤ ਨਿਪੁੰਨ ਸੀ। ਉਸ ਦਾ ਪੁੱਤਰ ਆਖੇ ਨਹੀਂ ਸੀ ਲੱਗਦਾ, ਇਸ ਕਰਕੇ ਉਸ ਨਾਲ ਗੁੱਸੇ ਰਹਿੰਦੀ ਸੀ। ਮਾੜੇ ਕੰਮ ਕਰਦਾ ਸੀ ਤੇ ਸਾਰੀ ਦਿਹਾੜੀ ਸ਼ਰਾਬ ਪੀਂਦਾ ਰਹਿੰਦਾ ਸੀ। ਦੂਸਰਾ ਭਰਾ ਆਗਿਆਕਾਰੀ ਸੀ। ਉਸ ਦੇ ਮਾਤਾ ਪਿਤਾ ਉਸ ਨੂੰ ਬਹੁਤ ਚੰਗਾ ਸਮਝਦੇ ਸਨ। ਜੂਆ ਆਦਿ ਮਾੜੇ ਕੰਮ ਨਹੀਂ ਸੀ ਕਰਦਾ। ਕਾਮਕਲਾ ਸ਼ਰਾਬੀ ਪੁੱਤਰ ਨੂੰ ਮਾਰਨਾ ਚਾਹੁੰਦੀ ਸੀ। ਇਕ ਦਿਨ ਸ਼ਰਾਬੀ ਪੁੱਤਰ ਘਰ ਆਇਆ। ਸੁੱਤਾ ਪਿਆ ਵੇਖ ਕੇ ਘਾਹ ਕੱਖ ਉਸ ਉੱਪਰ ਪਾ ਕੇ ਅੱਗ ਲਾ ਕੇ ਸਾੜ ਦਿੱਤਾ। ਪਹਿਲਾਂ ਆਪ ਅੱਗ ਲਾਈ, ਫਿਰ ਭੱਜੀ ਪਾਣੀ ਲੈਣ ਨੂੰ, ਭੱਜਣਾ ਕੀ ਸੀ, ਉਸ ਨੇ ਤਾਂ ਚਰਿੱਤ੍ਰ ਕੀਤਾ ਸੀ। ਕੋਈ ਮੂਰਖ ਅਸਲੀ ਗੱਲ ਨਾ ਸਮਝ ਸਕਿਆ।

## ੧੮੮ਵਾਂ ਚਰਿੱਤ੍ਰ : ਕੰਚਨ ਪ੍ਰਭਾ

ਕੰਚਨ ਪ੍ਰਭਾ ਇਕ ਜੱਟ ਦੀ ਇਸਤ੍ਰੀ ਸੀ। ਪਹਿਲਾ ਵਿਆਹ ਕੀਤਾ ਇਕ ਆਦਮੀ ਨਾਲ, ਉਸ ਨੂੰ ਚੰਗਾ ਨਾ ਲੱਗਾ। ਉਸ ਨੂੰ ਉਸ ਨੇ ਮਾਰ ਦਿੱਤਾ। ਪਹਿਲਾਂ ਚਾਰ ਮਾਰੇ ਤੇ ਫਿਰ ਹੋਰ ਤਿੰਨ ਮਾਰੇ, ਫਿਰ ਅੱਠਵੇਂ ਨਾਲ ਪ੍ਰੇਮ ਕੀਤਾ, ਉਹ ਵੀ ਮਾਰ ਦਿੱਤਾ। ਸੰਸਾਰ ਵਿਚ ਦੁਹਾਈ ਪਾ ਦਿੱਤੀ ਕਿ ਮੈਂ ਪਤੀ ਨਾਲ ਸੜ ਜਾਵਾਂਗੀ, ਲੱਗੀ ਚਰਿੱਤ੍ਰ ਕਰਨ। ਉਸ ਨੇ ਲਾਲ ਕੱਪੜੇ ਪਾ ਕੇ ਪਾਨਾਂ ਦਾ ਬੀੜਾ ਚੁਕਿਆ ਤੇ ਲੱਗ ਪਈ ਉੱਚੀ-ਉੱਚੀ ਚੀਕਾਂ ਮਾਰਨ ਤੇ ਲੋਕਾਂ ਨੂੰ ਸੁਣਾਉਣ। ਸੱਤਾਂ ਪਤੀਆਂ ਨੂੰ ਮਾਰ ਕੇ ਅੱਠਵੇਂ ਨਾਲ ਚਿਖਾ ਵਿਚ ਸੜ ਗਈ। ਅੱਠਵੇਂ ਦੇ ਗਲ ਲੱਗ ਕੇ ਸਾਜ ਵਜਾਉਂਦੀ ਹੋਈ ਸਤੀ ਹੋ ਗਈ।

## ੧੮੯ਵਾਂ ਚਰਿੱਤ੍ਰ : ਭੂਪ ਕਲਾ

ਇਕ ਸ਼ਾਹ ਸੀ। ਉਸ ਦੀ ਇਕ ਪੁੱਤਰੀ ਸੀ, ਜਿਸ ਦਾ ਨਾਮ ਭੂਪ ਕਲਾ ਸੀ। ਉਸ ਕੋਲ ਧਨ ਦੌਲਤ ਬਹੁਤ ਸੀ ਅਤੇ ਅਨੇਕਾਂ ਦਾਸੀਆਂ ਸਨ। ਮਿਸ਼ਰੀ ਦੀ ਡਲੀ ਨੂੰ ਹੀਰਾ ਦੱਸ ਕੇ ਸ਼ਾਹਜਹਾਨ ਦੇ ਪਾਸ ਡੱਬੀ ਵਿਚ ਬੰਦ ਕਰਕੇ ਲੈ ਗਈ। ਸ਼ਾਹਜਹਾਨ ਨੇ ਕੁਝ ਨਾ ਵੇਖਿਆ ਤੇ ਹੀਰਾ ਮੰਨ ਕੇ 30 ਹਜ਼ਾਰ ਰੁਪਏ ਦੇ ਦਿੱਤੇ। ਇਸ ਤਰ੍ਹਾਂ ਬਾਦਸ਼ਾਹ ਨੂੰ ਠੱਗਿਆ।

## ੧੯੦ਵਾਂ ਚਰਿੱਤ੍ਰ : ਨਿਸਰਾਜ ਪ੍ਰਭਾ

ਇਕ ਦਿਨ ਬਾਗ਼ ਵਿਚ ਕੁਝ ਇਸਤ੍ਰੀਆਂ ਗਈਆਂ ਤੇ ਲੱਗ ਪਈਆਂ ਆਪਸ ਵਿਚ ਗੱਲਾਂ ਕਰਨ। ਨਿਸਰਾਜ ਪ੍ਰਭਾ ਨੇ ਉਠ ਕੇ ਕਿਹਾ, ਮੈਂ ਆਪਣੇ ਰਾਜੇ ਤੋਂ ਪਾਣੀ ਭਰਾਵਾਂਗੀ। ਤੁਸੀਂ ਸਾਰੀਆਂ ਮੈਥੋਂ ਸ਼ਰਤ ਹਾਰ ਜਾਉਗੀਆਂ। ਨਿਸਰਾਜ ਪ੍ਰਭਾ ਨੇ ਚਰਿੱਤ੍ਰ ਕਰਕੇ ਰਾਜੇ ਤੋਂ ਪਾਣੀ ਭਰਾ ਕੇ ਵਿਖਾਇਆ।

## ੧੯੧ਵਾਂ ਚਰਿੱਤ੍ਰ : ਪ੍ਰਬੀਨ ਰਾਇ

ਲਾਹੌਰ ਵਿਚ ਇਕ ਇਸਤ੍ਰੀ ਸੀ, ਲੋਕ ਉਸ ਨੂੰ ਪ੍ਰਬੀਨ ਰਾਇ ਕਹਿੰਦੇ ਸਨ। ਇਕ ਮੁਗ਼ਲ ਤਾਸ਼ਬੇਗ ਨੇ ਫਫੇਕੁਟਣੀ ਰਾਹੀਂ ਇਸ ਪ੍ਰਬੀਨ ਰਾਇ ਨੂੰ ਘਰ ਸੱਦ ਕੇ ਇਸ ਦਾ ਧਰਮ ਭ੍ਰਿਸ਼ਟ ਕਰਨਾ ਚਾਹਿਆ, ਪਰ ਇਸ ਨੇ ਇਕ ਚਰਿੱਤ੍ਰ ਖੇਡ ਕੇ ਦੋਵਾਂ ਨੂੰ ਸਾੜ ਕੇ ਆਪਣਾ ਧਰਮ ਬਚਾਅ ਲਿਆ।

## ੧੯੨ਵਾਂ ਚਰਿੱਤ੍ਰ : ਗਾਨ ਕਲਾ

ਤੇਜਾ ਸਿੰਘ ਨਾਮ ਦਾ ਇਕ ਰਾਜਾ ਸੀ। ਉਸ ਦੀ ਇਕ ਸੁੰਦਰ ਦਾਸੀ ਸੀ। ਉਸ ਦਾ ਨਾਮ

ਗਾਨ ਕਲਾ ਸੀ। ਰਾਜੇ ਨੇ ਦਾਸੀ ਤੋਂ ਰਾਣੀ ਬਣਾ ਲਈ, ਪਰ ਉਸ ਦਾਸੀ ਦਾ ਪ੍ਰੇਮ ਕਿਸੇ ਹੋਰ ਗ਼ਰੀਬ ਮਨੁੱਖ ਨਾਲ ਸੀ। ਉਸ ਮਨੁੱਖ ਨੇ ਇਸ ਨੂੰ ਨਦੀ ਵਿਚ ਸੁੱਟ ਦਿੱਤਾ। ਰਾਜਾ ਜਦੋਂ ਸ਼ਿਕਾਰ ਕਰਨ ਗਿਆ ਸੀ ਤਾਂ ਉਸ ਨੇ ਨਦੀ ਵਿਚੋਂ ਕੱਢ ਲਈ, ਪਰ ਪੇਟ ਵਿਚ ਪਾਣੀ ਭਰਨ ਕਰ ਕੇ ਮਰ ਗਈ।

## ੧੯੩ਵਾਂ ਚਰਿੱਤ੍ਰ : ਤਿਰਦਸ ਕਲਾ

ਤਿਰਦਸ ਕਲਾ ਇਕ ਇਸਤ੍ਰੀ ਸੀ, ਜੋ ਚੋਰਾਂ ਤੋਂ ਚੋਰੀ ਕਰਵਾਉਂਦੀ ਸੀ। ਉਹ ਨਾ ਕਿਤੇ ਜਾਂਦੀ ਸੀ ਤੇ ਨਾ ਆਉਂਦੀ ਸੀ। ਉਥੇ ਇਕ ਸ਼ਾਹੂਕਾਰ ਸੀ। ਤਿਰਦਸ ਕਲਾ ਸ਼ਾਹ ਦੇ ਘਰ ਹਿੰਗ ਲਾ ਕੇ ਆ ਗਈ। ਰਾਤ ਨੂੰ ਚੋਰ ਪਾ ਦਿੱਤੇ, ਉਧਰ ਆਪ ਜਾ ਕੇ ਸ਼ਾਹ ਨੂੰ ਦੱਸਿਆ ਕਿ ਤੈਨੂੰ ਚੋਰ ਪੈ ਗਏ ਹਨ। ਸ਼ਾਹ ਨੇ ਝੱਟ ਰੌਲਾ ਪਾ ਦਿੱਤਾ। ਤਿਰਦਸ ਕਲਾ ਨੇ ਚਰਿੱਤ੍ਰ ਖੇਡ ਕੇ ਨਾਲੇ ਚੋਰ ਵੀ ਪਾ ਦਿੱਤੇ, ਨਾਲੇ ਸ਼ਾਹ ਨੂੰ ਵੀ ਦੱਸ ਦਿੱਤਾ।

## ੧੯੪ਵਾਂ ਚਰਿੱਤ੍ਰ : ਪ੍ਰਦੇਸਨ

ਦੇਵਰਾਨ ਨਾਮੀ ਇਕ ਹਜ਼ੂਰ ਦਾ ਰਾਜਾ ਸੀ। ਉਸ ਦਾ ਪ੍ਰਦੇਸਨ ਨਾਲ ਪਿਆਰ ਪੈ ਗਿਆ। ਰਾਜਾ ਉਸ ਪ੍ਰਦੇਸਨ ਦੇ ਘਰ ਆ ਗਿਆ। ਪ੍ਰਦੇਸਨ ਨੇ ਦੇਖਿਆ ਕਿ ਮੇਰੇ ਘਰ ਆਇਆ ਹੈ। ਉਸ ਨੇ ਆਪਣੇ ਪਤੀ ਨੂੰ ਦੱਸ ਦਿੱਤਾ ਕਿ ਰਾਜਾ ਆਇਆ ਹੈ। ਉਸ ਦੇ ਪਤੀ ਨੇ ਰਾਜੇ ਨੂੰ ਫੜ ਕੇ ਇਕ ਖੱਡੇ ਵਿਚ ਸੁੱਟ ਦਿੱਤਾ ਤੇ ਲੱਗ ਗਿਆ ਜੁੱਤੀਆਂ ਮਾਰਨ। ਪ੍ਰਦੇਸਨ ਨੇ ਪਹਿਲਾਂ ਰਾਜੇ ਨੂੰ ਘਰ ਸੱਦਿਆ। ਜਦੋਂ ਗੱਲ ਨਾ ਬਣੀ ਤਾਂ ਪਤੀ ਨੂੰ ਦੱਸ ਕੇ ਜੁੱਤੀਆਂ ਪੁਆਈਆਂ।

## ੧੯੫ਵਾਂ ਚਰਿੱਤ੍ਰ : ਮਾਨਮਤੀ ਤੇ ਬਿਪਨ ਪ੍ਰਭਾ

ਇਕ ਰਾਜਾ ਜਸਵੰਤ ਸਿੰਘ ਸੀ। ਉਸ ਦੀਆਂ ਦੋ ਰਾਣੀਆਂ ਸਨ। ਇਕ ਮਾਨਮਤੀ ਸੀ ਤੇ ਦੂਜੀ ਬਿਪਨ ਪ੍ਰਭਾ ਸੀ। ਔਰੰਗਜ਼ੇਬ ਨੇ ਜਸਵੰਤ ਸਿੰਘ ਨੂੰ ਬੁਲਾਇਆ। ਜਸਵੰਤ ਸਿੰਘ ਜਹਾਨਾਬਾਦ ਛੱਡ ਕੇ ਚੱਲ ਪਿਆ। ਜਸਵੰਤ ਸਿੰਘ ਸਿਹਤ ਖ਼ਰਾਬ ਹੋਣ ਕਰਕੇ ਸਵਰਗਪੁਰੀ ਨੂੰ ਚਾਲੇ ਪਾ ਗਿਆ। ਬਾਦਸ਼ਾਹ ਨੇ ਦੁਰਗਾਸ਼ਾਹ ਨੂੰ ਕਿਹਾ, ਰਾਣੀਆਂ ਮੈਨੂੰ ਦੇ ਦੇ ਅਤੇ ਜਸਵੰਤ ਸਿੰਘ ਦਾ ਰਾਜ ਤੂੰ ਸੰਭਾਲ ਲੈ। ਲੜਾਈ ਆਪਸ ਵਿਚ ਬਹੁਤ ਹੋਈ। ਸੂਰਮਿਆਂ ਨੇ ਜੰਗੀ ਮੈਦਾਨ ਇਕ ਪਲ ਨਹੀਂ ਛੱਡਿਆ। ਰਘੁਨਾਥ ਰਾਜੇ ਨੇ ਅਖ਼ੀਰ ਨੂੰ ਸਰੀਰ ਛੱਡ ਦਿੱਤਾ ਤੇ ਵੱਡੀ ਰਾਣੀ ਨੂੰ ਜੋਧਪੁਰ ਭੇਜ ਦਿੱਤਾ।

## ੧੯੬ਵਾਂ ਚਰਿੱਤ੍ਰ : ਪ੍ਰੀਤਮ ਕਲਾ

ਚੰਦ੍ਰਪੁਰੀ ਸ਼ਹਿਰ ਵਿਚ ਇਕ ਇਸਤ੍ਰੀ ਰਹਿੰਦੀ ਸੀ, ਜਿਸ ਦਾ ਨਾਮ ਪ੍ਰੀਤਮ ਕਲਾ ਸੀ। ਉਹ ਗੁਣਵਾਨ ਇਸਤ੍ਰੀ ਸੀ। ਉਸ ਨੇ ਇਕ ਪੁਰਖ ਅੰਜਨ ਰਾਇ ਨੂੰ ਵੇਖਿਆ ਤੇ ਉਸ ਨੂੰ ਘਰ ਬੁਲਾਇਆ। ਮੂਰਖ ਰਾਜੇ ਨੂੰ ਚਰਿੱਤ੍ਰ ਕਰਕੇ ਛਲਿਆ। ਰਾਜਾ ਭੇਦ ਤੇ ਅਭੇਦ ਨਾ ਸਮਝ ਸਕਿਆ।

## ੧੯੭ਵਾਂ ਚਰਿੱਤ੍ਰ : ਰਣਰੰਗ ਮਤੀ

ਰਣਰੰਗਮਤੀ ਨਾਮੀ ਇਕ ਇਸਤ੍ਰੀ ਸੀ। ਉਸ ਨੇ ਇਕ ਬਹੁਤ ਵੱਡਾ ਕਿਲ੍ਹਾ ਵੇਖਿਆ। ਉਸ ਨੂੰ ਕਬਜ਼ੇ ਵਿਚ ਲੈਣਾ ਚਾਹਿਆ। ਉਸ ਨੇ ਡੋਲੇ ਸਜਾਏ ਤੇ ਉਹਨਾਂ ਵਿਚ ਪੰਜ ਸੌ ਆਦਮੀ ਬਿਠਾ ਦਿੱਤੇ। ਉਨ੍ਹਾਂ ਕ੍ਰਿਪਾਨਾਂ ਖਿੱਚ ਲਈਆਂ। ਉਥੇ ਕਿਲ੍ਹੇ ਵਿਚ ਰਹਿਣ ਵਾਲਿਆਂ ਦੀ ਭਾਅ ਦੀ ਬਣ ਗਈ ਤੇ ਭੱਜ ਗਏ। ਰਣਰੰਗ ਮਤੀ ਨੇ ਆਪਣਾ ਰਾਜ ਕਾਇਮ ਕੀਤਾ ਤੇ ਕਿਲ੍ਹੇ 'ਤੇ ਕਬਜ਼ਾ ਕੀਤਾ।

## ੧੯੮ਵਾਂ ਚਰਿੱਤ੍ਰ : ਸੰਖ ਕੁਮਾਰੀ

ਇਕ ਸੰਖ ਕੁਮਾਰੀ ਨਾਮ ਦੀ ਇਸਤ੍ਰੀ ਸੀ ਜੋ ਰਾਜੇ ਪਾਸ ਰਹਿੰਦੀ ਸੀ। ਇਕ ਦਿਨ ਰਾਜੇ ਨੇ ਦਾਸੀ ਭੇਜ ਕੇ ਆਪਣੇ ਪਾਸ ਬੁਲਾਈ ਤਾਂ ਇਸ ਦੇ ਪਤੀ ਨੂੰ ਬੁੱਧੂ ਬਣਾਇਆ ਤੇ ਇਸ ਨੇ ਚਰਿੱਤ੍ਰ ਕੀਤਾ, ਜਿਸ ਦਾ ਜ਼ਿਕਰ ਇਸ ਤਰ੍ਹਾਂ ਹੈ :

*ਆਨਿ ਮਿਲਾਯੋ ਨ੍ਰਿਪਤਿ ਸੌ ਸਕ੍ਯੋ ਨ ਜੜ੍ਹ ਕਛੁ ਚੀਨ॥ ੪॥*

## ੧੯੯ਵਾਂ ਚਰਿੱਤ੍ਰ : ਰਾਣੀ ਪਦਮਨੀ

ਰਾਜਾ ਰਤਨਸੈਨ ਚਿਤੌੜਗੜ੍ਹ ਵਿਚ ਰਹਿੰਦਾ ਸੀ। ਰਾਜਾ ਰਤਨਸੈਨ ਨੂੰ ਛਲ ਕਰਕੇ ਸੰਗਲਾਦੀਪ ਦੇ ਰਾਜੇ ਨੇ ਫੜ ਲਿਆ ਤੇ ਕਿਹਾ, ਜਾਂ ਪਦਮਨੀ ਮੈਨੂੰ ਦੇਣਾ ਕਰ, ਨਹੀਂ ਤਾਂ ਮਾਰ ਦੇਵਾਂਗਾ।

*ਜਬ ਰਾਨਾ ਛਲ ਸੌ ਗਹ੍ਯੋ, ਕਹ੍ਯੋ ਹਨਤ ਹੈ ਤੋਹਿ॥*
*ਨਾਤਰ ਅਪਨੀ ਪਦੁਮਿਨੀ, ਆਨਿ ਦੀਜਿਯੈ ਮੋਹਿ॥ ੧੬॥*

## ੨੦੦ਵਾਂ ਚਰਿੱਤ੍ਰ : ਰਾਣੀ ਓਗਿੰਦਰ ਪ੍ਰਭਾ

ਦੁਰਗੱਤ ਨਾਮੀ ਇਕ ਰਾਜਾ ਸੀ, ਜਿਹੜਾ ਦੇਗ ਤੇਗ਼ ਦਾ ਧਨੀ ਸੀ। ਇਸ ਦੀ ਰਾਣੀ ਦਾ ਨਾਮ ਓਗਿੰਦਰ ਸੀ। ਦੂਸਰੀ ਇਸ ਦੀ ਇਸਤ੍ਰੀ ਵਿਸ਼ਵਨਾਥ ਪ੍ਰਭਾ ਸੀ, ਜਿਸ ਨਾਲ ਇਹ

ਜ਼ਿਆਦਾ ਪ੍ਰੀਤ ਰੱਖਦਾ ਸੀ। ਦੁਰਗੱਤ ਰਾਜੇ ਉੱਤੇ ਕਿਸੇ ਦੁਸ਼ਮਨ ਨੇ ਚੜ੍ਹਾਈ ਕੀਤੀ। ਰਾਜਾ ਵੀ ਸੈਨਾ ਲੈ ਕੇ ਆ ਪਹੁੰਚਿਆ। ਦੋਹਾਂ ਫ਼ੌਜਾਂ ਦੇ ਭੇੜ ਭਿੜ ਗਏ। ਸੈਨਾ ਦਾ ਬਹੁਤ ਨੁਕਸਾਨ ਹੋਇਆ। ਦੁਰਗੱਤ ਰਾਜੇ ਦੇ ਸੂਰਮੇ ਮੈਦਾਨ ਛੱਡ ਕੇ ਭੱਜਣ ਲੱਗੇ। ਉਹਨਾਂ ਨੇ ਆ ਕੇ ਕਿਹਾ ਕਿ ਰਾਜਾ ਮਾਰਿਆ ਗਿਆ ਹੈ। ਵਿਸ਼ਵਨਾਥ ਪ੍ਰਭਾ ਸੁਣ ਕੇ ਹੈਰਾਨ ਰਹਿ ਗਈ। ਓਗਿੰਦਰ ਪ੍ਰਭਾ ਸਤੀ ਹੋਣ ਲਈ ਤਿਆਰ ਹੋ ਗਈ। ਵਿਸ਼ਵਨਾਥ ਪ੍ਰਭਾ ਸੜਨ ਤੋਂ ਡਰ ਗਈ ਤੇ ਰਾਜਾ ਵੈਰੀਆਂ ਨੂੰ ਮਾਰ ਕੇ ਘਰ ਆਇਆ ਤੇ ਸਤੀ ਦੀ ਗੱਲ ਸੁਣ ਕੇ ਦੰਗ ਰਹਿ ਗਿਆ। ਓਗਿੰਦਰ ਦੀ ਜਦੋਂ ਰਾਜੇ ਨੇ ਗੱਲ ਸੁਣੀ ਤੇ ਰਾਜੇ ਨੇ ਘੋੜਾ ਭਜਾਇਆ ਤੇ ਉਥੇ ਪਹੁੰਚ ਗਿਆ, ਜਿੱਥੇ ਚਿਖਾ ਬਲਦੀ ਸੀ। ਉਥੋਂ ਚਿਖਾ ਵਿਚੋਂ ਇਸਤ੍ਰੀ ਕੱਢ ਕੇ ਆਪਣੇ ਰਾਜ 'ਤੇ ਬਿਰਾਜਮਾਨ ਹੋਇਆ। ਜਿਹੜੀ ਮਰਦੀ ਸੀ, ਉਹ ਜੀਅ ਪਈ। ਰਾਜੇ ਨੇ ਓਗਿੰਦਰ ਪ੍ਰਭਾ ਨਾਲ ਬਹੁਤ ਪਿਆਰ ਕੀਤਾ ਤੇ ਦੂਸਰੀ ਨੂੰ ਇਕਦਮ ਛੱਡ ਦਿੱਤਾ।

## ੨੦੧ਵਾਂ ਚਰਿੱਤ੍ਰ : ਯੂਸਫ਼ ਜੁਲੀਖਾਂ

ਰੂਮ ਸ਼ਹਿਰ ਦੇ ਬਾਦਸ਼ਾਹ ਦੀ ਪੁੱਤਰੀ ਦਾ ਨਾਮ ਜਲੀਖਾਂ ਸੀ। ਮਿਸਰ ਦੇਸ਼ ਦੇ ਰਾਜੇ ਦਾ ਇਕ ਪੁੱਤਰ ਸੀ, ਉਸ ਦਾ ਨਾਮ ਯੂਸਫ਼ ਖ਼ਾਂ ਸੀ। ਯੂਸਫ਼ ਦੇ ਸੋਹਣੇ ਸਰੀਰ ਨੂੰ ਵੇਖ ਕੇ ਭਰਾਵਾਂ ਨੇ ਈਰਖਾ ਕੀਤੀ ਤੇ ਮਨ ਵਿਚ ਵਿਉਂਤ ਬਣਾਈ ਕਿ ਯੂਸਫ਼ ਖ਼ਾਂ ਨੂੰ ਕਿਵੇਂ ਮਾਰੀਏ। ਅਗਲੇ ਦਿਨ ਯੂਸਫ ਨੂੰ ਸ਼ਿਕਾਰ ਖੇਡਣ ਲੈ ਗਏ। ਗਰਮੀ ਦੀ ਰੁੱਤ ਸੀ। ਯੂਸਫ ਨੂੰ ਤ੍ਰੇਹ ਲੱਗੀ ਤੇ ਇਕ ਖੂਹ ਵੇਖਿਆ। ਯੂਸਫ ਪਾਣੀ ਪੀਣ ਲਈ ਖੂਹ 'ਤੇ ਗਿਆ, ਪਿੱਛੋਂ ਭਰਾਵਾਂ ਨੇ ਚੁੱਕ ਕੇ ਖੂਹ ਵਿਚ ਸੁੱਟ ਦਿੱਤਾ ਤੇ ਘਰ ਆ ਕੇ ਆਖਿਆ, ਯੂਸਫ ਨੂੰ ਸ਼ੇਰ ਖਾ ਗਿਆ ਹੈ। ਇਕ ਸੌਦਾਗਰ ਆਇਆ ਤੇ ਉਸ ਨੇ ਖੂਹ ਵਿਚ ਯੂਸਫ਼ ਨੂੰ ਵੇਖਿਆ ਤੇ ਉਸ ਨੂੰ ਬਾਹਰ ਕੱਢਿਆ। ਸੌਦਾਗਰ ਯੂਸਫ਼ ਨੂੰ ਰੂਮ ਸ਼ਹਿਰ ਦੇ ਰਾਜੇ ਪਾਸ ਵੇਚਣ ਲਈ ਗਿਆ। ਜੁਲੀਖਾਂ ਨੇ ਜਦੋਂ ਯੂਸਫ਼ ਨੂੰ ਵੇਖਿਆ ਤਾਂ ਕਿਸੇ ਢੰਗ ਨਾਲ ਉਸ ਤੋਂ ਮੁੱਲ ਲੈ ਲਿਆ। ਜੁਲੀਖਾਂ ਨੇ ਉਸ ਨੂੰ ਛਲਿਆ ਤੇ ਉਸ ਨਾਲ ਵਿਆਹ ਕਰ ਲਿਆ।

## ੨੦੨ਵਾਂ ਚਰਿੱਤ੍ਰ : ਚਪਲ ਕਲਾ

ਉਗਰਸੈਨ ਕਾਸਕਾਰ ਦਾ ਰਾਜਾ ਸੀ। ਉਸ ਕੋਲ ਬਹੁਤ ਧਨ ਸੀ। ਉਸ ਦੀ ਇਕ ਪੁੱਤਰੀ ਸੀ, ਜਿਸ ਦਾ ਨਾਮ ਚਪਲ ਕਲਾ ਸੀ। ਇਸ ਚਪਲ ਕਲਾ ਦਾ ਐਂਠੀ ਸਿੰਘ ਨਾਲ ਪ੍ਰੇਮ ਸੀ। ਚਪਲ ਕਲਾ ਦੇ ਪਤੀ ਨੇ ਐਂਠੀ ਸਿੰਘ ਨੂੰ ਮਾਰ ਦਿੱਤਾ ਤਾਂ ਪਾਪਣ ਚਪਲ ਕਲਾ ਨੇ ਆਪਣੇ ਪਤੀ ਨੂੰ ਵੱਢ ਸੁੱਟਿਆ ਤੇ ਰੌਲਾ ਪਾ ਕੇ ਕਹਿ ਦਿੱਤਾ, ਜੰਗਲ 'ਚ ਗਿਆ ਸੀ। ਇਸ ਤਰ੍ਹਾਂ ਚਰਿੱਤ੍ਰ ਕਰਕੇ ਲੋਕਾਂ ਦੀ ਨਜ਼ਰ ਵਿਚ ਘੱਟਾ ਪਾ ਦਿੱਤਾ।

## ੨੦੩ਵਾਂ ਚਰਿੱਤ੍ਰ : ਨਰਕਾਸੁਰ

ਨਰਕਾਸੁਰ ਨਾਮੀ ਗੁਹਾਟੀ ਦਾ ਇਕ ਰਾਜਾ ਬਹੁਤ ਮੰਦਕਰਮੀ ਸੀ। ਦੂਜਿਆਂ ਰਾਜਿਆਂ ਨੂੰ ਜਿੱਤ ਕੇ ਉਹਨਾਂ ਦੀਆਂ ਧੀਆਂ ਨੂੰ ਆਪਣੇ ਵੱਸ ਕਰ ਲੈਂਦਾ ਸੀ। ਉਸ ਨੇ ਜੱਗ ਕਰਨਾ ਸੀ। ਉਸ ਨੇ ਲੱਖਾਂ ਰਾਜੇ ਕੈਦੀ ਬਣਾਏ। ਨਰਕਾਸੁਰ ਰਾਜੇ ਦੇ ਕਿਲ੍ਹੇ ਦੀਆਂ ਕੰਧਾਂ ਲੋਹਾ, ਤਾਂਬਾ, ਸੋਨਾ, ਚਾਂਦੀ ਤੇ ਅੱਠ ਧਾਂਤਾਂ ਦੀਆਂ ਬਣਾਈਆਂ ਸਨ। ਜਿਹੜਾ ਰਾਜਾ ਹੱਥ ਆਉਂਦਾ, ਉਸ ਨੂੰ ਮਾਰ ਦਿੰਦਾ ਤੇ ਉਸ ਦੀ ਧੀ ਖੋਹ ਲੈਂਦਾ। ਇਸ ਨੇ ਨਰਮੇਧ ਯੱਗ ਕੀਤਾ। ਇਸ ਦੀ ਰਾਣੀ ਨੇ ਆਖਿਆ, ਦਵਾਰਕਾ ਵਿਚ ਉਗਰਸੈਨ ਰਾਜਾ ਹੈ, ਉਸ ਨੂੰ ਜਿੱਤ ਲਵੋਗੇ ਤਾਂ ਯੱਗ ਪੂਰਾ ਹੋਵੇਗਾ। ਰਾਣੀ ਨੇ ਇਕ ਚਿੱਠੀ ਦਵਾਰਕਾ ਵਿਚ ਭੇਜੀ। ਜਦੋਂ ਚਿੱਠੀ ਕ੍ਰਿਸ਼ਨ ਨੇ ਪੜ੍ਹੀ ਤਾਂ ਕ੍ਰਿਸ਼ਨ ਚੱਲ ਪਿਆ ਯੁੱਧ ਲਈ। ਬਹੁਤ ਭਾਰੀ ਲੜਾਈ ਹੋਈ। ਕ੍ਰਿਸ਼ਨ ਨੇ ਸਾਰਾ ਕਿਲ੍ਹਾ ਤੋੜ ਦਿੱਤਾ ਤੇ ਉਥੇ ਪਹੁੰਚ ਗਿਆ ਜਿਥੇ ਨਰਕਾਸੁਰ ਸੀ। ਲੜਾਈ ਵਿਚ ਨਰਕਾਸੁਰ ਮਾਰਿਆ ਗਿਆ ਤੇ ਰਾਜੇ ਛੁਡਾਏ।

## ੨੦੪ਵਾਂ ਚਰਿੱਤ੍ਰ : ਰਾਣੀ ਕੈਲਾਸ਼ ਮਤੀ

ਕੈਲਾਸ਼ ਮਤੀ ਇਕ ਸੁੰਦਰ ਰਾਣੀ ਸੀ। ਉਸ ਨੇ ਜਗਤ ਨਰੇਸ਼ ਤੋਂ ਜੁੱਧ ਕਲਾ ਦੀ ਸਿੱਖਿਆ ਲਈ ਸੀ। ਉਸ ਦੇ ਪਤੀ ਦਾ ਨਾਮ ਵੀਰ ਸਿੰਘ ਸੀ। ਇਹ ਦੁਸ਼ਮਨਾਂ ਨਾਲ ਬੜੀ ਟੱਕਰ ਲੈਂਦਾ ਸੀ। ਸਾਰਾ ਸਾਮਾਨ ਖੋਹ ਲੈਂਦਾ ਸੀ। ਲੁੱਟੇ ਹੋਏ ਰਾਜਿਆਂ ਨੇ ਸ਼ਾਹਜਹਾਨ ਪਾਸ ਜਾ ਕੇ ਸ਼ਿਕਾਇਤ ਕੀਤੀ। ਸ਼ਾਹਜਹਾਨ ਨੇ ਆਪਣੀ ਫ਼ੌਜ ਭੇਜ ਦਿੱਤੀ। ਦੋਹਾਂ ਪਾਸਿਆਂ ਤੋਂ ਬਹੁਤ ਲੜਾਈ ਹੋਈ। ਅਖ਼ੀਰ ਨੂੰ ਸ਼ਾਹਜਹਾਨ ਦੀ ਸੈਨਾ ਸਾਰੀ ਤਬਾਹ ਕਰ ਦਿੱਤੀ।

## ੨੦੫ਵਾਂ ਚਰਿੱਤ੍ਰ : ਵਿਜੈ ਕੁਮਾਰੀ

ਗੁਜਰਾਤ ਵਿਚ ਇਕ ਰਾਜਾ ਸੀ। ਉਸ ਦੀ ਇਸਤ੍ਰੀ ਵਿਜੈ ਕੁਮਾਰੀ ਸੀ। ਉਥੇ ਇਕ ਖੱਤਰੀ ਰਹਿੰਦਾ ਸੀ, ਜਿਸ ਦਾ ਪ੍ਰੇਮ ਵਿਜੈ ਕੁਮਾਰੀ ਨਾਲ ਸੀ। ਰਾਣੀ ਨੇ ਪ੍ਰੇਮੀ ਨੂੰ ਖੁੱਡ ਵਿਚ ਸੁੱਟ ਦਿੱਤਾ ਤੇ ਉੱਤੇ ਭਗਵੇ ਕੱਪੜੇ ਰੱਖ ਦਿੱਤੇ ਅਤੇ ਆਪ ਜੋਗੀ ਦਾ ਭੇਸ ਧਾਰ ਕੇ ਉਸ ਫੱਟੇ ਉੱਪਰ ਬੈਠ ਗਈ। ਰਾਜਾ ਉਸ ਨੂੰ ਮੱਥਾ ਟੇਕਣ ਆਇਆ ਤੇ ਰਾਣੀ ਜੋ ਜੋਗੀ ਬਣੀ ਸੀ, ਉਸ ਨੇ ਦੂਜੇ ਪਾਸੇ ਮੂੰਹ ਕਰ ਲਿਆ। ਰਾਜਾ ਹੈਰਾਨ ਰਹਿ ਗਿਆ। ਰਾਜੇ ਨੇ ਅਨੇਕ ਯਤਨ ਕੀਤੇ, ਪਰ ਪਛਾਣ ਨਾ ਸਕਿਆ।

## ੨੦੬ਵਾਂ ਚਰਿੱਤ੍ਰ : ਰਾਣੀ ਇਸ਼ਕ ਮਤੀ

ਸੁਘਰਾਵਤੀ ਸ਼ਹਿਰ ਦਾ ਬਿਸੇਸਵਰ ਰਾਜਾ ਸੀ। ਉਸ ਦੀ ਇਸਤ੍ਰੀ ਦਾ ਨਾਮ ਇਸ਼ਕਮਤੀ

ਸੀ। ਇਹ ਸ਼ਾਹੂਕਾਰ ਦੇ ਪੁੱਤਰ ਨਾਲ ਪ੍ਰੇਮ ਕਰਦੀ ਸੀ। ਪਹਿਰੇਦਾਰਾਂ ਨੇ ਵੇਖ ਲਈ ਸੀ, ਪਰ ਪਹਿਰੇਦਾਰ ਲੋਭ ਵਿਚ ਆਏ ਤੇ ਰਾਜੇ ਨੂੰ ਨਾ ਦੱਸਿਆ। ਮਿੱਤਰ ਸਮੇਤ ਰਾਣੀ ਨੂੰ ਸਾਰਿਆਂ ਨੇ ਛੱਡ ਦਿੱਤਾ ਤੇ ਧਨ ਦੇ ਲੋਭ ਵਿਚ ਆ ਕੇ ਟਾਲ ਦਿੱਤਾ।

## ੨੦੭ਵਾਂ ਚਰਿੱਤ੍ਰ : ਮੁਸ਼ਕ ਮਤੀ

ਇਕ ਰਾਜੇ ਦਾ ਨਾਮ ਵੀਰ ਦੱਤ ਸੀ ਅਤੇ ਉਹ ਇੰਦਰਪੁਰ ਨਗਰ ਵਿਚ ਰਹਿੰਦਾ ਸੀ। ਉਸ ਦੀ ਇਸਤ੍ਰੀ ਦਾ ਨਾਮ ਮੁਸ਼ਕਮਤੀ ਸੀ। ਉਸ ਦੀ ਇਕ ਬੇਟੀ ਸੀ। ਉਸ ਦਾ ਨਾਮ ਕਾਮਕਲਾ ਸੀ। ਉਹ ਨਗਰ ਵਿਚ ਰਹਿੰਦੀ ਸੀ। ਉਹ ਜਿਸ ਨੂੰ ਜੀਅ ਕਰੇ, ਮਾਰ ਦਿੰਦੀ ਸੀ। ਅਕਬਰ ਬਾਦਸ਼ਾਹ ਤੋਂ ਵੀ ਨਹੀਂ ਡਰਦੀ ਸੀ। ਸੌਦਾਗਰਾਂ ਨੂੰ ਲੁੱਟ ਲੈਂਦੀ ਸੀ। ਅਕਬਰ ਨੇ ਸੈਨਾ ਭੇਜ ਕੇ ਕੋਚ ਬਿਹਾਰ ਦੇ ਲਾਗੇ ਜੰਗੀ ਨਗਾਰੇ ਵਜਾਏ। ਉਨ੍ਹਾਂ ਨੇ ਰਾਜੇ ਨੂੰ ਇਕ ਚਿੱਠੀ ਲਿਖ ਕੇ ਭੇਜੀ ਜਾਂ ਤਾਂ ਸਾਡੇ ਪੈਰ ਫੜ ਲਓ ਜਾਂ ਭੱਜ ਜਾਉ। ਰਾਜਾ ਧੀਰਜ ਨਾ ਕਰ ਸਕਿਆ ਤੇ ਭੱਜ ਗਿਆ। ਮੁਸ਼ਕਮਤੀ ਨੂੰ ਪਤਾ ਲੱਗਾ ਤਾਂ ਉਸ ਨੇ ਦੁੰਦਭੀ ਵਾਜਾ ਵਜਾ ਦਿੱਤਾ। ਜੰਗ ਬਹੁਤ ਭਾਰੀ ਹੋਇਆ। ਜਾਨੀ ਮਾਲੀ ਨੁਕਸਾਨ ਬਹੁਤ ਹੋਇਆ। ਇਸਤ੍ਰੀ ਨੇ ਚਰਿੱਤ੍ਰ ਕਰਕੇ ਦੇਸ਼ ਬਚਾਅ ਲਿਆ ਤੇ ਜੈਨ ਖ਼ਾਂ ਨੂੰ ਸੂਰਮਿਆਂ ਸਮੇਤ ਭਜਾ ਦਿੱਤਾ ਸੀ।

## ੨੦੮ਵਾਂ ਚਰਿੱਤ੍ਰ : ਅਚਪਲ ਦੇਵੀ

ਇਕ ਰਾਜੇ ਦੀ ਪੁੱਤਰੀ ਸੀ। ਉਸ ਦਾ ਨਾਮ ਅਚਪਲ ਦੇਵੀ ਸੀ। ਇਕ ਰਾਜੇ ਨਾਲ ਵਿਆਹੀ ਹੋਈ ਸੀ, ਪਰ ਔਲਾਦ ਤੋਂ ਹੀਣੀ ਸੀ। ਜਤਨ ਬਹੁਤ ਕੀਤੇ, ਪਰ ਔਲਾਦ ਨਾ ਹੋਈ। ਰਾਜਾ ਬੁੱਢਾ ਹੋ ਗਿਆ। ਰਾਣੀ ਜਵਾਨ ਸੀ। ਅਖ਼ੀਰ ਨੂੰ ਰਾਜਾ ਸਵਰਗਪੁਰੀ ਨੂੰ ਚਲਾ ਗਿਆ। ਰਾਜ ਨਸ਼ਟ ਹੋਣ ਦੇ ਡਰ ਤੋਂ ਰਾਣੀ ਨੇ ਇਕ ਪ੍ਰੇਮੀ ਨੂੰ ਆਪਣਾ ਭਰਾ ਬਣਾ ਕੇ ਉਸ ਨੂੰ ਰਾਜ ਗੱਦੀ 'ਤੇ ਬਿਠਾ ਦਿੱਤਾ ਤੇ ਰਾਜ ਚਲਾਇਆ। ਸੈਨਾ ਨੂੰ ਹੁਕਮ ਕੀਤਾ ਕਿ ਮੇਰਾ ਭਰਾ ਰਾਜ ਕਰੇਗਾ। ਚਰਿੱਤ੍ਰ ਕਰਕੇ ਮਿੱਤਰ ਨੂੰ ਰਾਜ ਗੱਦੀ 'ਤੇ ਬਿਠਾਇਆ।

## ੨੦੯ਵਾਂ ਚਰਿੱਤ੍ਰ : ਰਾਜਾ ਭਰਥਰੀ

ਭਰਥਰੀ ਰਾਜਾ ਨਗਰੀ ਦਾ ਚਤਰ ਰਾਜਾ ਸੀ। ਉਹ ਚੌਦਾਂ ਵਿਦਿਆ ਵਿਚ ਨਿਪੁੰਨ ਸੀ ਤੇ ਬਹੁਤ ਸੂਰਬੀਰ ਸੀ। ਇਸ ਦੀਆਂ ਭਾਨਮਤੀ ਤੇ ਪਿੰਗਲਾ ਦੇਵੀ ਦੋ ਰਾਣੀਆਂ ਸਨ। ਪਿੰਗਲਾ ਦੇਵੀ ਰਾਣੀ ਉਸ ਨੂੰ ਪ੍ਰਾਣਾਂ ਤੋਂ ਪਿਆਰੀ ਸੀ। ਇਕ ਦਿਨ ਰਾਜਾ ਸ਼ਿਕਾਰ ਖੇਡਣ ਗਿਆ। ਮਹਿਲਾਂ ਵਿਚ ਨੌਕਰਾਂ ਨੇ ਆ ਕੇ ਦੱਸਿਆ ਕਿ ਰਾਜੇ ਨੂੰ ਸ਼ੇਰ ਖਾ ਗਿਆ ਹੈ। ਰਾਜੇ ਦੀ ਰਾਣੀ ਭਾਨਮਤੀ ਸਤੀ ਹੋਣ ਲਈ ਤਿਆਰ ਹੋ ਗਈ ਤੇ ਪਿੰਗਲਾ ਦੇਵੀ ਨੇ ਜਦੋਂ ਸੁਣਿਆ ਤੇ ਪ੍ਰਾਣ ਛੱਡ ਦਿੱਤੇ। ਜਦੋਂ ਰਾਜਾ ਘਰ ਆਇਆ ਤੇ ਵੇਖਿਆ ਕਿ ਪਿੰਗਲਾ ਦੇਵੀ ਮਰ ਗਈ ਹੈ। ਰਾਜਾ

ਵੇਖ ਕੇ ਬਹੁਤ ਦੁਖੀ ਹੋਇਆ। ਵਿਜੋਗ ਵਿਚ ਰਾਜਾ ਭਰਥਰੀ ਆਪ ਚਿਖਾ ਬਣਾ ਕੇ ਪਿੰਗਲਾ ਦੇਵੀ ਨਾਲ ਸੜਨ ਲਈ ਤਿਆਰ ਹੋ ਗਿਆ। ਉਥੇ ਜੋਗੀ ਗੋਰਖ ਨਾਥ ਆ ਗਿਆ। ਉਸ ਨੇ ਸੰਖ ਵਜਾਇਆ ਤੇ ਪਿੰਗਲਾ ਦੇ ਅਨੇਕ ਰੂਪ ਬਣਾ ਦਿੱਤੇ। ਰਾਜੇ ਨੂੰ ਆਖਿਆ, ਆਪਣੀ ਪਿੰਗਲਾ ਦੇਵੀ ਪਛਾਣ ਲੈ। ਭਰਥਰੀ ਵੇਖ ਕੇ ਹੈਰਾਨ ਹੋ ਗਿਆ ਕਿ ਮੈਂ ਕਿਹੜੀ ਰੱਖਾਂ। ਇਹ ਕਹਿ ਕੇ ਗੋਰਖ ਨਾਥ ਚਲਾ ਗਿਆ। ਜਿੰਨਾ ਚਿਰ ਪਿੰਗਲਾ ਦੇਵੀ ਜਿਉਂਦੀ ਰਹੀ, ਓਨਾ ਚਿਰ ਭਰਥਰੀ ਰਿਹਾ। ਜਦੋਂ ਪਿੰਗਲਾ ਦੇਵੀ ਮਰ ਗਈ ਤਾਂ ਉਸ ਤੋਂ ਬਾਅਦ ਰਾਜਾ ਭਰਥਰੀ ਜੰਗਲਾਂ ਵਿਚ ਚਲਾ ਗਿਆ ਤੇ ਜੋਗੀ ਬਣ ਗਿਆ।

## ੨੧੦ਵਾਂ ਚਰਿੱਤ੍ਰ : ਰਾਣੀ ਚੰਚਲ ਕੁਮਾਰੀ

ਸਰਸ ਸਿੰਘ ਨਾਮੀ ਇਕ ਰਾਜਾ ਸੀ, ਜਿਸ ਤੋਂ ਸਾਰੇ ਰਾਜੇ ਡਰਦੇ ਸਨ। ਉਸ ਦੀ ਰਾਣੀ ਦਾ ਨਾਮ ਚੰਚਲ ਕੁਮਾਰੀ ਸੀ। ਰਾਜੇ ਦਾ ਇਕ ਨੌਕਰ ਸੀ। ਨੌਕਰ ਨੂੰ ਵੇਖ ਕੇ ਰਾਣੀ ਡੋਲ ਗਈ ਤੇ ਉਸ ਨੂੰ ਕੋਲ ਬੁਲਾਇਆ। ਨੌਕਰ ਨੇ ਚੰਚਲ ਕੁਮਾਰੀ ਦੀ ਗੱਲ ਨਾ ਮੰਨੀ। ਰਾਣੀ ਨੇ ਨੌਕਰ ਨੂੰ ਫਾਹੇ ਲਾ ਕੇ ਖੂਹ ਵਿਚ ਸੁੱਟ ਦਿੱਤਾ। ਰਾਜੇ ਨੇ ਜਦੋਂ ਪਤਾ ਕੀਤਾ ਤਾਂ ਰਾਜਾ ਕੋਲ ਆਇਆ ਤੇ ਕਹਿਣ ਲੱਗਾ, ਇਸ ਦੀ ਉਮਰ ਇਤਨੀ ਲਿਖੀ ਸੀ ਇਸ ਲਈ ਖੂਹ ਵਿਚ ਡਿੱਗ ਕੇ ਮਰ ਗਿਆ ਹੈ।

## ੨੧੧ਵਾਂ ਚਰਿੱਤ੍ਰ : ਤੜਤਾਕ੍ਰਿਤ ਪ੍ਰਭਾ

ਨੇਪਾਲ ਦੇਸ਼ ਵਿਚ ਰੁਦਰ ਸਿੰਘ ਨਾਮੀ ਰਾਜਾ ਰਾਜ ਕਰਦਾ ਸੀ। ਉਸ ਕੋਲ ਬਹੁਤ ਧਨ ਸੀ। ਉਸ ਦੀ ਇਸਤ੍ਰੀ ਦਾ ਨਾਮ ਅਰਕੁਤਮ ਪ੍ਰਭਾ ਸੀ। ਉਸ ਦੀ ਲੜਕੀ ਸੀ, ਜਿਸ ਦਾ ਨਾਮ ਤੜਤਾਕ੍ਰਿਤ ਪ੍ਰਭਾ ਸੀ। ਉਸ ਨੇ ਇਕ ਜਵਾਨ ਨੂੰ ਦੇਖਿਆ, ਮਨ ਵਿਚ ਇਹ ਧਾਰ ਲਿਆ ਕਿ ਵਿਆਹ ਇਸ ਨਾਲ ਹੀ ਕਰਾਵਾਂਗੀ, ਨਹੀਂ ਤਾਂ ਮਰ ਜਾਵਾਂਗੀ। ਇਹ ਸੋਚ ਕੇ ਉਸ ਨੇ ਚਰਿੱਤ੍ਰ ਕੀਤਾ ਤੇ ਉਹ ਧਰਤੀ 'ਤੇ ਡਿੱਗ ਪਈ ਤੇ ਰਾਜੇ ਨੇ ਬਾਹੋਂ ਫੜ ਕੇ ਉਠਾਈ। ਰਾਜੇ ਨੇ ਕਿਹਾ, ਜਿਸ ਨੂੰ ਤੂੰ ਦੇਖਿਆ ਹੈ, ਉਹ ਦੱਸ। ਪਹਿਲਾਂ ਤਾਂ ਉਹ ਚੁੱਪ ਰਹੀ, ਫਿਰ ਹੌਲੀ-ਹੌਲੀ ਛੈਲ ਕੁਮਾਰ ਦਾ ਨਾਮ ਲਿਆ। ਤੜਤਾਕ੍ਰਿਤ ਪ੍ਰਭਾ ਨੇ ਛੈਲ ਕੁਮਾਰ ਨਾਲ ਵਿਆਹ ਕਰ ਲਿਆ।

## ੨੧੨ਵਾਂ ਚਰਿੱਤ੍ਰ : ਸੁਕਮਾਰ ਮਤੀ

ਬੁਖਾਰਾ ਸ਼ਹਿਰ ਵਿਚ ਇਕ ਮੁਚਕੰਦ ਨਾਮੀ ਰਾਜਾ ਸੀ। ਉਸ ਦੀ ਇਸਤ੍ਰੀ ਦਾ ਨਾਮ ਹੁਸਨਜਹਾਂ ਸੀ। ਉਸ ਦੀ ਪੁੱਤਰੀ ਦਾ ਨਾਮ ਸੁਕਮਾਰ ਮਤੀ ਸੀ। ਉਸ ਦਾ ਇਕ ਪੁੱਤਰ ਸੀ, ਜਿਸ ਦਾ ਨਾਮ ਸ਼ੁਭਕਰਣ ਸੀ, ਉਹ ਬੜਾ ਜੋਧਾ ਸੀ। ਇਹ ਭੈਣ ਭਰਾ ਦੋਵੇਂ ਜਵਾਨ ਹੋਏ ਅਤੇ

ਰਾਜਾ ਮਰ ਗਿਆ ਤੇ ਹੁਸਨਜਹਾਂ ਵਿਧਵਾ ਹੋ ਗਈ। ਮੰਤਰੀਆਂ ਨੇ ਆਖਿਆ, ਤੇਰਾ ਪੁੱਤਰ ਜਵਾਨ ਹੋ ਗਿਆ ਹੈ, ਆਪਣੇ ਪੁੱਤਰ ਦਾ ਮੂੰਹ ਵੇਖ ਕੇ ਜ਼ਿੰਦਗੀ ਬਤੀਤ ਕਰ। ਉਸ ਦੀ ਭੈਣ ਸੁਕਮਾਰ ਮਤੀ ਸੀ ਜੋ ਭਰਾ ਦਾ ਰੂਪ ਵੇਖ ਕੇ ਡੋਲ ਗਈ। ਇਸ ਨੇ ਇਕ ਚਰਿੱਤ੍ਰ ਕਰਕੇ ਸ਼ੁਭਕਰਣ ਕੁਮਾਰ ਦਾ ਧਰਮ ਭ੍ਰਿਸ਼ਟ ਕੀਤਾ।

## ੨੧੩ਵਾਂ ਚਰਿੱਤ੍ਰ : ਮ੍ਰਿਗ ਨੈਣੀ

ਬੁੰਦੇਲ ਖੰਡ ਦੇ ਰਾਜੇ ਦਾ ਨਾਮ ਰੁਦਰਕੇਤ ਸੀ, ਜਿਹੜਾ ਸ਼ਿਵਜੀ ਦੀ ਪੂਜਾ ਕਰਦਾ ਸੀ। ਉਸ ਦੀ ਰਾਣੀ ਦਾ ਨਾਮ ਕਿਰਤ ਮਤੀ ਸੀ। ਮ੍ਰਿਗ ਨੈਣੀ ਉਸ ਦੀ ਪੁੱਤਰੀ ਸੀ। ਮ੍ਰਿਗ ਨੈਣੀ ਨੇ ਇੰਕਰਕੇਤ ਨਾਮੀ ਖੱਤਰੀ ਨੂੰ ਵੇਖਿਆ ਤੇ ਉਸ ਦਾ ਮਨ ਅਚਲ ਹੋ ਗਿਆ। ਉਪਰੋਂ ਰਾਜਾ ਆ ਗਿਆ। ਮ੍ਰਿਗ ਨੈਣੀ ਨੇ ਸਖੀ ਨੂੰ ਆਖਿਆ, ਰਾਜੇ ਨੂੰ ਆਖ ਕਿ ਅਜੇ ਦੋ ਘੜੀਆਂ ਬਾਹਰ ਹੀ ਰੁਕੇ, ਮੈਂ ਪੂਜਾ ਕਰ ਰਹੀ ਹਾਂ। ਰਾਜਾ ਬਹੁਤ ਖ਼ੁਸ਼ ਹੋਇਆ ਕਿ ਮੇਰੀ ਕੁਮਾਰੀ ਪੂਜਾ ਕਰਦੀ ਹੈ। ਰਾਜਾ ਬਾਹਰ ਖੜਾ ਰਿਹਾ। ਕੁਮਾਰੀ ਨੇ ਮਿੱਤਰ ਨੂੰ ਆਖਿਆ, ਪਿਤਾ ਦੇ ਵੇਖਦੇ-ਵੇਖਦੇ ਮੈਂ ਤੈਨੂੰ ਆਪਣਾ ਪਤੀ ਬਣਾ ਲੈਂਦੀ ਹਾਂ। ਕੁਮਾਰੀ ਨੇ ਰਾਜੇ ਨਾਲ ਚਰਿੱਤ੍ਰ ਖੇਡਿਆ ਕਿ ਮੈਨੂੰ ਸ਼ਿਵਜੀ ਨੇ ਪਤੀ ਦਿੱਤਾ ਹੈ, ਮੈਂ ਤੈਨੂੰ ਵਿਖਾਉਂਦੀ ਹਾਂ। ਰਾਜੇ ਦਾ ਹੱਥ ਫੜ ਕੇ ਮੰਦਰ ਲੈ ਗਈ। ਰਾਜਾ ਵੇਖ ਕੇ ਬੜਾ ਖ਼ੁਸ਼ ਹੋਇਆ।

## ੨੧੪ਵਾਂ ਚਰਿੱਤ੍ਰ : ਗੁਲਜ਼ਾਰ ਮਤੀ

ਇਕ ਚਾਂਦਾ ਨਾਮੀ ਸ਼ਹਿਰ ਸੀ। ਉਥੇ ਵਿਸ਼ਨੂੰ ਕੇਤ ਨਾਮੀ ਰਾਜਾ ਰਾਜ ਕਰਦਾ ਸੀ। ਉਹ ਬੜਾ ਸੱਚਾ ਸੁੱਚਾ, ਕਰਮ ਧਰਮ ਤੇ ਤਲਵਾਰ ਦਾ ਧਨੀ ਸੀ। ਬੁੰਦੇਲ ਮਤੀ ਉਸ ਦੀ ਰਾਣੀ ਸੀ। ਉਸ ਦੀ ਇਕ ਲੜਕੀ ਗੁਲਜ਼ਾਰ ਮਤੀ ਸੀ। ਗੁਲਜ਼ਾਰ ਮਤੀ ਨੇ ਇਕ ਲੜਕਾ ਦੇਖਿਆ ਤੇ ਉਸ ਨੂੰ ਘਰ ਸੱਦਿਆ ਤੇ ਆਖਿਆ, ਤੂੰ ਮੈਨੂੰ ਹੋਰ ਕਿਤੇ ਲੈ ਚੱਲ। ਸਾਰੀ ਧਨ ਦੌਲਤ ਦੀ ਤਿਆਰੀ ਕਰ ਲਈ। ਘਰ ਵਿਚ ਆਪਣੇ ਮਾਂ-ਪਿਉ ਨੂੰ ਆਖਿਆ, ਮੈਂ ਤੀਰਥ 'ਤੇ ਇਸ਼ਨਾਨ ਕਰਨ ਜਾ ਰਹੀ ਹਾਂ, ਜੇ ਜਿਉਂਦੀ ਰਹੀ ਤਾਂ ਆ ਕੇ ਮਿਲਾਂਗੀ, ਜੇ ਮਰ ਗਈ ਤਾਂ ਰੱਬ ਰਾਜ਼ੀ। ਕਾਫ਼ੀ ਸਮਾਂ ਬੀਤ ਗਿਆ। ਧਨ ਦੌਲਤ ਖ਼ਤਮ ਹੋ ਗਈ ਤੇ ਭੁੱਖੀ ਮਰਦੀ ਆਪਣੇ ਮਿੱਤਰ ਨੂੰ ਛੱਡ ਕੇ ਮੁੜ ਆਈ। ਪਿਤਾ ਨੂੰ ਮੱਥਾ ਟੇਕਿਆ ਤੇ ਕਿਹਾ, ਜਿਹੜਾ ਮੈਂ ਤੀਰਥ 'ਤੇ ਪੁੰਨ ਦਾਨ ਕੀਤਾ, ਉਹ ਮੈਥੋਂ ਲੈ ਲਵੋ ਤੇ ਮੈਨੂੰ ਅਸੀਸ ਦਿਉ। ਮਾਂ ਪਿਉ ਬਹੁਤ ਖ਼ੁਸ਼ ਹੋਏ।

## ੨੧੫ਵਾਂ ਚਰਿੱਤ੍ਰ : ਤਰੁਣ ਕੁਮਾਰੀ

ਸੰਭਾ ਨਾਮੀ ਦੱਖਣ ਦਾ ਇਕ ਰਾਜਾ ਸੀ। ਉਹ ਬੜਾ ਸੂਰਬੀਰ ਸੀ। ਔਰੰਗਜ਼ੇਬ ਵੀ ਉਸ ਕੋਲੋਂ ਸੂਰਮੇ ਲਿਆ ਕਰਦਾ ਸੀ। ਸੁੰਭਪੁਰ ਨਗਰ ਵਿਚ ਸੰਭਾ ਰਾਜਾ ਰਾਜ ਕਰਦਾ ਸੀ। ਉਸ ਕੋਲ

ਕਲਸ ਨਾਮੀ ਕਵੀ ਰਹਿੰਦਾ ਸੀ। ਉਸ ਦੀ ਪੁੱਤਰੀ ਪਰੀ ਸਮਾਨ ਸੀ। ਸੰਭਾ ਨੇ ਜਦੋਂ ਉਸ ਲੜਕੀ ਦਾ ਸਰੀਰ ਵੇਖਿਆ ਤਾਂ ਡੋਲ ਗਿਆ। ਸੰਭਾ ਨੇ ਦਾਸੀ ਨੂੰ ਸੱਦਿਆ ਤੇ ਆਖਿਆ, ਮੇਲ ਕਰਾ। ਕੁਮਾਰੀ ਨੇ ਸੋਚਿਆ, ਇਹ ਰਾਜਾ ਹੈ, ਮੈਂ ਬ੍ਰਾਹਮਣੀ ਹਾਂ, ਮੇਰਾ ਧਰਮ ਭ੍ਰਿਸ਼ਟ ਹੁੰਦਾ ਹੈ। ਜੇ ਨਾ ਗਈ ਤਾਂ ਰਾਜਾ ਬਦੋ-ਬਦੀ ਲੈ ਜਾਵੇਗਾ। ਪਾਪੀ ਨੂੰ ਮਾਰ ਦੇਣਾ ਹੀ ਚੰਗਾ ਹੈ। ਕੁਮਾਰੀ ਨੇ ਦਾਸੀ ਨੂੰ ਆਖਿਆ, ਮੈਂ ਸਵੇਰੇ ਪੂਜਾ ਕਰਨ ਜਾਂਦੀ ਹਾਂ, ਉਥੇ ਮੇਰੇ ਨਾਲ ਰਾਜੇ ਨੂੰ ਮਿਲਾ ਦੇ। ਸਵੇਰ ਹੋਈ, ਪੂਜਾ ਨੂੰ ਗਈ। ਰਾਜੇ ਨੂੰ ਉਸ ਪਾਸੇ ਬੁਲਾਇਆ, ਜਿਸ ਪਾਸੇ ਹੋਰ ਕੋਈ ਨਹੀਂ ਸੀ। ਕੁਮਾਰੀ ਨੇ ਹੱਥ ਵਿਚ ਤਲਵਾਰ ਫੜੀ ਤੇ ਰਾਜੇ ਦਾ ਗਲਾ ਵੱਢ ਕੇ ਪਰ੍ਹੇ ਰੱਖ ਦਿੱਤਾ।

## ੨੧੬ਵਾਂ ਚਰਿੱਤ੍ਰ : ਰਾਣੀ ਕਟਾਛ ਕੁਮਾਰੀ

ਸੰਘਣੇ ਜੰਗਲ ਵਿਚ ਇਕ ਪਾਪੀ ਜੋਗੀ ਰਹਿੰਦਾ ਸੀ ਜੋ ਹਰ ਰੋਜ਼ ਇਕ ਆਦਮੀ ਭੁੰਨ ਕੇ ਖਾਂਦਾ ਸੀ। ਉਸ ਕੋਲੋਂ ਲੋਕ ਬਹੁਤ ਡਰਦੇ ਸਨ। ਉਥੋਂ ਦੀ ਇਕ ਕਟਾਛ ਕੁਮਾਰੀ ਰਾਣੀ ਸੀ। ਉਹ ਬਹੁਤ ਸੁੰਦਰ ਸੀ ਤੇ ਸ਼ਸਤ੍ਰ ਚਲਾਣ ਵਿਚ ਨਿਪੁੰਨ ਸੀ। ਉਸ ਦਾ ਪਤੀ ਜੋਗੀ ਕੋਲੋਂ ਬਹੁਤ ਡਰਦਾ ਸੀ। ਰਾਜੇ ਨੇ ਰਾਣੀ ਨੂੰ ਆਖਿਆ, ਕਿਉਂ ਨਾ ਜੋਗੀ ਨੂੰ ਮਾਰਿਆ ਜਾਵੇ ਤੇ ਪਰਜਾ ਨੂੰ ਸੁਖੀ ਕੀਤਾ ਜਾਵੇ। ਰਾਣੀ ਨੇ ਆਪਣੇ ਸਰੀਰ ਨੂੰ ਸ਼ਿੰਗਾਰਿਆ ਤੇ ਸਾਰੀ ਸਮਗੱਰੀ ਲਾ ਲਈ। ਅੱਧੀ ਰਾਤ ਜੋਗੀ ਦੇ ਪਾਸ ਗਈ। ਜੋਗੀ ਨੂੰ ਪਹਿਲਾਂ ਸ਼ਰਾਬ ਪਿਆਈ, ਖਾਣਾ ਖੁਆਇਆ। ਜੋਗੀ ਬੜਾ ਖ਼ੁਸ਼ ਹੋਇਆ ਤੇ ਰਾਣੀ ਦੀ ਬਾਂਹ ਫੜ ਲਈ। ਸ਼ਰਾਬੀ ਹੋਣ ਕਾਰਨ ਰਾਣੀ ਨੇ ਉਸ ਨੂੰ ਫੜ ਕੇ ਗਰਮ ਤੇਲ ਦੇ ਕੜਾਹੇ ਵਿਚ ਸੁੱਟ ਦਿੱਤਾ ਤੇ ਜਿਉਂਦੇ ਨੂੰ ਭੁੰਨ ਦਿੱਤਾ। ਰਾਣੀ ਨੇ ਆਪਣੇ ਆਪ ਨੂੰ ਬਚਾਅ ਕੇ ਜੋਗੀ ਨੂੰ ਮਾਰ ਦਿੱਤਾ ਤੇ ਪਰਜਾ ਨੂੰ ਸੁਖੀ ਕੀਤਾ।

## ੨੧੭ਵਾਂ ਚਰਿੱਤ੍ਰ : ਸ਼ਾਹ ਸਿਕੰਦਰ

ਫੈਲਕੂਲ ਬਾਦਸ਼ਾਹ ਦਾ ਇਕ ਸੂਰਬੀਰ ਪੁੱਤਰ ਸੀ, ਜਿਸ ਦਾ ਨਾਮ ਸਿਕੰਦਰ ਸੀ। ਉਹ ਬਹੁਤ ਸੋਹਣਾ ਸੀ। ਉਸ ਦਾ ਜੰਗਰ ਰਾਜੇ ਨਾਲ ਯੁੱਧ ਹੋਇਆ। ਉਸ ਨੂੰ ਜਿੱਤ ਕੇ ਆਪਣਾ ਨਾਮ ਸ਼ਾਹ ਸਿਕੰਦਰ ਰੱਖਿਆ। ਦਾਰਾ ਸ਼ਾਹ ਨੂੰ ਮਾਰਿਆ। ਹਿੰਦੁਸਤਾਨ 'ਤੇ ਚੜ੍ਹ ਕੇ ਆਇਆ। ਕਨੌਜ ਦੇ ਐਸ਼ਪ੍ਰਸਤ ਰਾਜੇ ਨੂੰ ਜਿੱਤਿਆ। ਰੂਮੀ ਕੰਨਿਆ ਨਾਲ ਵਿਆਹ ਕੀਤਾ। ਕਨੌਜ ਦੇ ਰਾਜੇ ਦੀ ਕੁਮਾਰੀ ਨਾਲ ਵਿਆਹ ਕੀਤਾ ਤੇ ਬਾਅਦ ਵਿਚ ਬੰਗਾਲ ਦੇਸ਼ ਗਿਆ। ਚਾਰੇ ਦਿਸ਼ਾਵਾਂ ਜਿੱਤੀਆਂ ਤੇ ਸਮੁੰਦਰ ਨੂੰ ਜਿੱਤਣਾ ਚਾਹਿਆ। ਜੰਗ ਕਰਦਾ-ਕਰਦਾ ਉਥੇ ਪਹੁੰਚ ਗਿਆ, ਜਿੱਥੇ ਅੰਮ੍ਰਿਤ ਦਾ ਕੁੰਡ ਸੀ ਤੇ ਮਗਰਮੱਛ ਤੇ ਮੱਛੀਆਂ ਤਰ ਰਹੀਆਂ ਸੀ।

ਦੇਵਤਿਆਂ ਨੇ ਇੰਦਰ ਦੇਵਤਾ ਨੂੰ ਦੱਸਿਆ ਕਿ ਸਿਕੰਦਰ ਨੇ ਅੰਮ੍ਰਿਤ ਦਾ ਕੁੰਡ ਭਾਲ ਲਿਆ ਹੈ। ਜੇ ਇਸ ਨੇ ਅੰਮ੍ਰਿਤ ਪੀ ਲਿਆ ਤਾਂ ਇਹ ਚੌਦਾਂ ਭਵਨਾਂ ਵਿਚ ਰਾਜ ਕਰੂਗਾ ਤੇ ਕੋਈ ਇਸ

ਨੂੰ ਨਹੀਂ ਮਾਰ ਸਕੇਗਾ। ਇੰਦਰ ਨੇ ਇਕ ਰੰਭਾ ਨਾਮ ਦੀ ਪਰੀ ਭੇਜੀ। ਉਸ ਨੇ ਗਿਰਝ ਦਾ ਰੂਪ ਧਾਰਿਆ, ਜਿਸ ਦੇ ਸਰੀਰ 'ਤੇ ਕੋਈ ਖੰਭ ਨਹੀਂ ਸੀ। ਜਿਹੜਾ ਉਸ ਨੂੰ ਵੇਖਦਾ ਮੁਸ਼ਕ ਮਾਰਦਾ ਸੀ। ਜਦ ਸਿਕੰਦਰ ਅੰਮ੍ਰਿਤ ਪੀਣ ਲੱਗਾ ਤਾਂ ਕੋਲ ਬੈਠਾ ਪੰਛੀ ਵੇਖ ਕੇ ਹੱਸ ਪਿਆ। ਸਿਕੰਦਰ ਨੇ ਆਖਿਆ, ਭਰਾਵਾ, ਤੂੰ ਮੈਨੂੰ ਵੇਖ ਕੇ ਕਿਉਂ ਹੱਸਿਆ ਹੈਂ ? ਮੇਰੇ ਮਨ ਦਾ ਭਰਮ ਦੂਰ ਕਰ। ਪੰਛੀ ਨੇ ਆਖਿਆ, ਜਦੋਂ ਦਾ ਮੈਂ ਇਹ ਕਨੀਰ ਪਾਣੀ ਪੀਤਾ ਹੈ, ਮੇਰਾ ਕੋਈ ਖੰਭ ਨਹੀਂ ਰਿਹਾ। ਮੈਂ ਬਹੁਤ ਦੁਖੀ ਹਾਂ। ਮੈਂ ਸਰੀਰ ਤਿਆਗਣਾ ਹੈ, ਪਰ ਮਰਿਆ ਵੀ ਨਹੀਂ ਜਾਂਦਾ।

*ਪੱਛ ਏਕ ਤਨ ਨ ਰਹਿਯੋ, ਰਕਤ ਨ ਰਹਯੋ ਸਰੀਰ॥*
*ਤਨ ਨ ਛੁਟਤ ਦੁਖ ਸੌਂ ਜਿਯਤ, ਜਬ ਤੇ ਪਿਯੋ ਕੁਨੀਰ॥ ੫੦॥*

ਜਦੋਂ ਇਸ ਨੇ ਸਿੰਕਦਰ ਨੂੰ ਆਖਿਆ, ਪਾਣੀ ਪੀ ਲੈ, ਲੰਮੀ ਉਮਰ ਹੋਵੇਗੀ ਤਾਂ ਸਿਕੰਦਰ ਡਰ ਗਿਆ ਤੇ ਅੰਮ੍ਰਿਤ ਨਾ ਪੀਤਾ।

## ੨੧੮ਵਾਂ ਚਰਿੱਤ੍ਰ : ਰਾਣੀ ਦਿਨਕੇਤ ਮਤੀ

ਮਸਹਦ ਦਾ ਰਾਜਾ ਚੰਦਰਕੇਤ ਇਕ ਵੱਡਾ ਰਾਜਾ ਸੀ। ਉਸ ਪਾਸ ਬੜੇ-ਬੜੇ ਸੂਰਮੇ ਰਹਿੰਦੇ ਸਨ। ਉਸ ਦੇ ਦੋ ਪੁੱਤਰ ਹੋਏ— ਇਕ ਸ਼ਸ਼ੀਧੁਜ, ਦੂਜਾ ਰਵੀਕੇਤ। ਉਸ ਦੀ ਇਸਤ੍ਰੀ ਦਿਨਕੇਤ ਮਤੀ ਸੀ। ਰਾਜੇ ਦੀ ਇਕ ਹੋਰ ਇਸਤ੍ਰੀ ਸੀ, ਉਸ ਦਾ ਨਾਮ ਰਸਰੰਗਮਤੀ ਸੀ। ਰਾਜਾ ਉਸ ਦੇ ਵੱਸ ਹੋ ਗਿਆ ਤੇ ਪਹਿਲੀ ਰਾਣੀ ਨੂੰ ਭੁੱਲ ਗਿਆ। ਆਪਸ ਵਿਚ ਸੌਂਕਣਾਂ ਸੌਂਕਣਾਂ ਦਾ ਕਲੇਸ਼ ਪੈ ਗਿਆ। ਉਸ ਨੇ ਮਨ ਵਿਚ ਸੋਚਿਆ ਕਿ ਰਾਜੇ ਨੂੰ ਚਰਿੱਤ੍ਰ ਕਰਕੇ ਮਾਰ ਕੇ ਆਪਣੇ ਪੁੱਤਰ ਨੂੰ ਰਾਜ ਗੱਦੀ ਦਿੱਤੀ ਜਾਵੇ। ਉਸ ਨੇ ਸੁੱਤੇ ਪਏ ਰਾਜੇ ਨੂੰ ਫੜ ਲਿਆ ਤੇ ਕਮਰੇ ਵਿਚ ਬੰਦ ਕਰ ਦਿੱਤਾ। ਰਸਰੰਗ ਮਤੀ ਨੂੰ ਵੀ ਮਾਰ ਦਿੱਤਾ ਅਤੇ ਸਾਰਿਆਂ ਸਾਹਮਣੇ ਦੱਸ ਦਿੱਤਾ ਕਿ ਰਾਜੇ ਦੇ ਦਰਦ ਹੋਣ ਕਰਕੇ ਰਾਜਾ ਮਰ ਗਿਆ। ਪ੍ਰਮਾਤਮਾ ਨੇ ਮੈਨੂੰ ਅਨਾਥ ਬਣਾ ਦਿੱਤਾ। ਪਹਿਲਾਂ ਇਸ ਦਾ ਸਸਕਾਰ ਕੀਤਾ ਜਾਵੇ ਤੇ ਬਾਅਦ ਵਿਚ ਸ਼ਸ਼ੀਧੁਜ ਨੂੰ ਰਾਜਾ ਬਣਾਇਆ ਜਾਵੇ। ਕਿਸੇ ਨੇ ਨਹੀਂ ਸੋਚਿਆ ਕਿ ਅਸਲੀ ਭੇਦ ਕੀ ਹੈ। ਸ਼ਸ਼ੀਧੁਜ ਨੂੰ ਰਾਜ ਛੱਤਰ ਦੇ ਦਿੱਤਾ। ਰਾਣੀ ਨੇ ਇਹ ਚਰਿੱਤ੍ਰ ਕਰਕੇ ਪਹਿਲਾਂ ਰਾਜਾ ਮਾਰਿਆ, ਫਿਰ ਸੌਂਕਣ ਨੂੰ ਮਾਰਿਆ ਤੇ ਸ਼ਸ਼ੀਧੁਜ ਪੁੱਤਰ ਨੂੰ ਰਾਜ ਦਿੱਤਾ।

## ੨੧੯ਵਾਂ ਚਰਿੱਤ੍ਰ : ਚਪਲਾਂ ਮਤੀ

ਸੁਲਤਾਨ ਦੇ ਇਕ ਪੀਰ ਦਾ ਨਾਮ ਸਰਫਦੀਨ ਸੀ। ਉਹ ਖੁੰਟਾਗੜ੍ਹ ਦੇ ਨੇੜੇ ਬਾਦਰ ਨਾਮੀ ਪਿੰਡ ਵਿਚ ਰਹਿੰਦਾ ਸੀ। ਸਰਫਦੀਨ ਆਪਣੇ ਕੋਲ ਇਕ ਚੇਲੇ ਦੀ ਪੁੱਤਰੀ ਲਿਆਇਆ ਸੀ, ਉਸ ਦਾ ਨਾਮ ਚਪਲਾਂ ਮਤੀ ਸੀ। ਪੀਰ ਮਰ ਗਿਆ। ਬਾਅਦ ਵਿਚ ਚਪਲਾਂ ਮਤੀ ਇਕੱਲੀ

ਰਹਿ ਗਈ। ਉਸ ਇਸਤ੍ਰੀ ਨੇ ਬਾਅਦ ਵਿਚ ਖੁਸ਼ਹਾਲ ਰਾਇ ਨਾਲ ਪ੍ਰੇਮ ਕਰ ਲਿਆ। ਲੋਕਾਂ ਨੂੰ ਸੁਣਾ ਕੇ ਕਿਹਾ ਕਿ ਰਾਤ ਨੂੰ ਮੇਰੇ ਪਾਸ ਪੀਰ ਜੀ ਆਉਂਦੇ ਹਨ ਤੇ ਮੈਂ ਬੇਨਤੀ ਕਰਕੇ ਉਨ੍ਹਾਂ ਕੋਲੋਂ ਪੁੱਤਰ ਮੰਗ ਲਿਆ। ਕਈ ਦਿਨਾਂ ਬਾਅਦ ਇਸਤ੍ਰੀ ਦੇ ਪੇਟੋਂ ਲੜਕਾ ਪੈਦਾ ਹੋਇਆ। ਪੀਰ ਦਾ ਕਹਿਆ ਮੰਨ ਕੇ ਲੋਕਾਂ ਨੇ ਸੱਚ ਸਮਝ ਲਿਆ।

## ੨੨੦ਵਾਂ ਚਰਿੱਤ੍ਰ : ਮਲਕਾ ਰੋਸ਼ਨਜਹਾਂ

ਆਸਫ਼ ਖ਼ਾਂ ਉਮਰਾਨ ਦੇ ਕੋਲ ਅੱਠ ਸੌ ਜ਼ਨਾਨੀਆਂ ਸਨ। ਉਸ ਕੋਲ ਬਹੁਤ ਸੁਖ ਸੀ, ਉਹ ਪ੍ਰੇਮ ਸਾਰੀਆਂ ਨਾਲ ਕਰਦਾ ਸੀ, ਪਰ ਰੋਸ਼ਨਜਹਾਂ ਉਸ ਦੀ ਬਹੁਤ ਸੋਹਣੀ ਇਸਤ੍ਰੀ ਸੀ। ਬਾਦਸ਼ਾਹ ਦਾ ਇਕ ਲੜਕਾ ਸੀ, ਜੋ ਬਹੁਤ ਸੋਹਣਾ ਸੀ, ਜਿਸ ਦਾ ਨਾਮ ਮੋਤੀ ਲਾਲ ਸੀ। ਰੋਸ਼ਨਜਹਾਂ ਨੇ ਮੋਤੀ ਲਾਲ ਨੂੰ ਪਿਆਰ ਕਰਨਾ ਚਾਹਿਆ। ਰੋਸ਼ਨਜਹਾਂ ਨੇ ਚਰਿੱਤ੍ਰ ਕਰਕੇ ਮੋਤੀ ਲਾਲ ਨੂੰ ਪ੍ਰਾਪਤ ਕੀਤਾ ਹੈ। ਇਸ ਦੇ ਚਰਿੱਤ੍ਰ ਨੂੰ ਆਸਫ਼ ਖ਼ਾਂ ਸਮਝ ਨਹੀਂ ਸਕਿਆ।

## ੨੨੧ਵਾਂ ਚਰਿੱਤ੍ਰ : ਮ੍ਰਿਗਰਾਜ ਮਤੀ

ਸੰਮਨ ਖ਼ਾਂ ਪਠਾਣ ਬਹਾਦਰੀ ਵਿਚ ਸਾਰਿਆਂ ਦਾ ਸਿਰਤਾਜ ਸੀ। ਉਸ ਦੇ ਘਰ ਵਿਚ ਇਕ ਇਸਤ੍ਰੀ, ਮ੍ਰਿਗਰਾਜ ਮਤੀ ਸੀ ਜੋ ਰਾਜੇ ਦੇ ਦਿਲ ਵਿਚ ਵਸਦੀ ਸੀ। ਉਸ ਪਠਾਣ ਦਾ ਪੁੱਤਰ ਸਾਯਦੀ ਖ਼ਾਂ ਸੀ। ਇਸ ਮ੍ਰਿਗਰਾਜ ਮਤੀ ਪਾਪਣ ਨੇ ਪਠਾਣ ਦੇ ਪੁੱਤਰ ਸਾਯਦੀ ਖ਼ਾਂ ਨਾਲ ਪਹਿਲਾਂ ਮੂੰਹ ਕਾਲਾ ਕੀਤਾ, ਫਿਰ ਉਸ ਨੂੰ ਮਾਰ ਕੇ ਰਿੰਨ੍ਹ ਕੇ ਸਾਰਿਆਂ ਨੂੰ ਖੁਆਇਆ।

## ੨੨੨ਵਾਂ ਚਰਿੱਤ੍ਰ : ਰਾਣੀ ਭੋਗ ਮਤੀ

ਇਕ ਵਾਰ ਅਕਬਰ ਕਾਬਲ ਗਿਆ। ਉਸ ਨੇ ਇਕ ਬਾਗ਼ ਵੇਖਿਆ ਤੇ ਆਰਾਮ ਕੀਤਾ। ਉਸ ਦੀਆਂ ਅੱਖਾਂ ਠੰਡੀਆਂ ਹੋਈਆਂ ਤੇ ਦਿਮਾਗ਼ ਰੋਸ਼ਨ ਹੋਇਆ। ਉਸ ਦੀ ਇਕ ਰਾਣੀ ਸੀ, ਜਿਸ ਦਾ ਨਾਮ ਭੋਗਮਤੀ ਸੀ। ਗੁਲਮਿਹਰ ਨਾਮੀ ਇਕ ਸ਼ਾਹ ਦਾ ਪੁੱਤਰ ਸੀ। ਭੋਗ ਮਤੀ ਨੇ ਗੁਲਮਿਹਰ ਨੂੰ ਮਿੱਤਰ ਬਣਾ ਲਿਆ। ਭੋਗ ਮਤੀ ਨੇ ਸੋਚਿਆ ਕਿ ਹੁਣ ਮੈਂ ਮਿੱਤਰ ਨਾਲ ਰਿਹਾ ਕਰਾਂ। ਉਸ ਨੇ ਚਰਿੱਤ੍ਰ ਕਰਕੇ ਅਕਬਰ ਦੇ ਘਰੋਂ ਨਿਕਲ ਜਾਣਾ ਚਾਹਿਆ। ਉਸ ਨੇ ਆਪਣੇ ਮਿੱਤਰ ਨੂੰ ਸਮਝਾਇਆ ਕਿ ਮੈਂ ਇਕ ਚਰਿੱਤ੍ਰ ਕਰਕੇ ਉਥੋਂ ਨਿਕਲ ਕੇ ਤੁਹਾਡੇ ਘਰ ਆ ਜਾਵਾਂਗੀ। ਮਿੱਤਰ ਨੇ ਕਿਹਾ, ਤੂੰ ਕਿਵੇਂ ਆਵੇਂਗੀ ? ਜੇ ਅਕਬਰ ਨੂੰ ਪਤਾ ਲੱਗ ਗਿਆ ਤਾਂ ਆਪਾਂ ਦੋਹਾਂ ਨੂੰ ਮਾਰ ਦੇਵੇਗਾ। ਰਾਣੀ ਨੇ ਕਿਹਾ, ਅਕਬਰ ਕੀ ਹੈ, ਮੈਂ ਤਾਂ ਉਸ ਦੇ ਸਿਰ ਵਿਚ ਜੁੱਤੀਆਂ ਮਾਰ ਕੇ ਚਰਿੱਤ੍ਰ ਕਰਕੇ ਤੈਨੂੰ ਮਿਲਾਂਗੀ।

## ੨੨੩ਵਾਂ ਚਰਿੱਤ੍ਰ : ਰਾਣੀ ਛੱਤਰ ਮਤੀ

ਰਾਧਾਵਤੀ ਇਕ ਸ਼ਹਿਰ ਸੀ। ਕਰੁਰਕੇਤ ਉਥੋਂ ਦਾ ਰਾਜਾ ਸੀ। ਇਸ ਦੀ ਰਾਣੀ ਦਾ ਨਾਮ ਛੱਤਰ ਮਤੀ ਸੀ। ਉਥੋਂ ਦਾ ਇਕ ਸ਼ਾਹ ਸੀ। ਉਸ ਦੇ ਪੁੱਤਰ ਦਾ ਨਾਮ ਹੀਰਾ ਮਨੀ ਸੀ। ਛੱਤਰ ਮਤੀ ਨੇ ਉਸ ਨੂੰ ਵੇਖਿਆ ਤੇ ਮੋਹਿਤ ਹੋ ਗਈ, ਪਰ ਮੂਰਖ ਹੀਰਾ ਮਨੀ ਨਾ ਮੰਨਿਆ। ਰਾਣੀ ਨੇ ਬਥੇਰਾ ਸਮਝਾਇਆ, ਪਰ ਉਹ ਨਾਂਹ ਹੀ ਕਰੀ ਜਾਵੇ। ਰਾਣੀ ਕ੍ਰੋਧਵਾਨ ਹੋ ਗਈ। ਰਾਣੀ ਨੇ ਕ੍ਰਿਪਾਨ ਮਾਰ ਕੇ ਉਸ ਦਾ ਸਿਰ ਧੜ ਤੋਂ ਅਲੱਗ ਕਰ ਦਿੱਤਾ।

## ੨੨੪ਵਾਂ ਚਰਿੱਤ੍ਰ : ਰਾਣੀ ਤ੍ਰਿਪਰਾਰ ਕਲਾ

ਬਿਸਨਕੇਤ, ਜੂਨਾਗੜ੍ਹ ਦਾ ਰਾਜਾ ਸੀ। ਤ੍ਰਿਪਰਾਰ ਕਲਾ ਉਸ ਦੀ ਰਾਣੀ ਸੀ। ਨਵਲ ਕੁਮਾਰ ਰਾਜੇ ਦਾ ਪੁੱਤਰ ਸੀ। ਇਸ ਚਰਿੱਤ੍ਰ ਵਿਚ ਪਾਪਣ ਰਾਣੀ ਤ੍ਰਿਪਰਾਰ ਕਲਾ ਦਾ ਨਵਲ ਕੁਮਾਰ ਨਾਲ ਰਹਿਣ ਦਾ ਕੁਕਰਮ ਦੱਸਿਆ ਹੈ।

## ੨੨੫ਵਾਂ ਚਰਿੱਤ੍ਰ : ਰਾਜਕੁਮਾਰੀ ਚਖਚਾਰ ਮਤੀ

ਬਨਾਰਸ ਸ਼ਹਿਰ ਦਾ ਇਕ ਰਾਜਾ ਸੀ, ਜਿਸ ਦਾ ਨਾਮ ਬਿਮਲ ਸੈਨ ਸੀ। ਰਾਜੇ ਦਾ ਇਕ ਪੁੱਤਰ ਸੀ। ਚਖਚਾਰ ਮਤੀ ਰਾਜੇ ਦੀ ਪੁੱਤਰੀ ਸੀ। ਰਾਜੇ ਦੇ ਪੁੱਤਰ ਨਾਲ ਸ਼ਾਦੀ ਕਰਨ ਲਈ ਛਲ ਕਰਕੇ ਆਪਣੇ ਬਾਪ ਰਾਜੇ ਨੂੰ ਸਹਿਮਤ ਕਰ ਲਿਆ।

## ੨੨੬ਵਾਂ ਚਰਿੱਤ੍ਰ : ਰੁਸਤਮ ਦੇਵੀ

ਇਕ ਮਾਲਕੋਸਪੁਰ ਨਾਮ ਪਿੰਡ ਸੀ ਜਿੱਥੇ ਮਾਨ ਸ਼ਾਹ ਨਾਮੀ ਇਕ ਚੌਧਰੀ ਰਹਿੰਦਾ ਸੀ। ਰੁਸਤਮ ਦੇਵੀ ਇਸ ਦੀ ਸੁੰਦਰ ਇਸਤ੍ਰੀ ਸੀ। ਉਸ ਦਾ ਪਤੀ ਸ਼ਾਹਜਹਾਨ ਦੀ ਨੌਕਰੀ ਕਰਦਾ ਸੀ। ਚੌਧਰੀ ਨਸ਼ਾ ਵਰਤਦਾ ਸੀ ਅਤੇ ਅੱਠੇ ਪਹਿਰ ਘੁੰਮਦਾ ਫਿਰਦਾ ਸੀ। ਲੋਕ ਉਸ ਨੂੰ ਵੇਖ ਕੇ ਹੱਸਦੇ ਸਨ। ਨਸ਼ਾ ਖਾਣ ਵਾਲੇ ਆਦਮੀ ਦੀ ਅਕਲ ਮਾਰੀ ਹੁੰਦੀ ਹੈ। ਮਾਨ ਸ਼ਾਹ ਨੇ ਇਕ ਚਰਿੱਤ੍ਰ ਕਰਕੇ ਧਨ ਚੁਰਾ ਲੈਣਾ ਚਾਹਿਆ। ਪਹਿਲਾਂ ਬਾਦਸ਼ਾਹ ਦਾ ਧਨ ਲੈ ਗਿਆ ਤੇ ਫਿਰ ਹੋਰ ਕਿਸੇ ਦਾ ਧਨ ਲੈ ਗਿਆ। ਬਾਅਦ ਵਿਚ ਆਪਣੀ ਇਸਤ੍ਰੀ ਨੂੰ ਸਾਧੂ ਦਾ ਭੇਸ ਧਾਰਨ ਕਰਾ ਕੇ ਕਚਹਿਰੀ ਭੇਜ ਦਿੱਤਾ। ਘੜਿਆਂ ਵਿਚ ਠੀਕਰੀਆਂ ਭਰ ਦਿੱਤੀਆਂ ਸਨ ਮੋਹਰਾਂ ਦੀ ਥਾਂ।

## ੨੨੭ਵਾਂ ਚਰਿੱਤ੍ਰ : ਰਾਣੀ ਮਨਮਾਲ ਮਤੀ

ਮਾਲਵਾ ਦੇਸ਼ ਵਿਚ ਇਕ ਮਦਨ ਸੈਨ ਨਾਮੀ ਰਾਜਾ ਰਾਜ ਕਰਦਾ ਸੀ। ਉਸ ਦੀ ਇਸਤ੍ਰੀ ਮਨਮਾਲ ਮਤੀ ਸੀ, ਜਿਸ ਨੇ ਆਪਣੇ ਪਤੀ ਨੂੰ ਵੱਸ ਕੀਤਾ ਹੋਇਆ ਸੀ ਤੇ ਤਰ੍ਹਾਂ-ਤਰ੍ਹਾਂ ਦੇ

ਚਰਿੱਤ੍ਰ ਕਰਕੇ ਰਾਜੇ ਨੂੰ ਧੋਖੇ 'ਚ ਰੱਖਦੀ ਸੀ ਅਤੇ ਮੰਦਕਰਮ ਕਰਦੀ ਸੀ।

## ੨੨੮ਵਾਂ ਚਰਿੱਤ੍ਰ : ਰਾਣੀ ਬੀਰਜ ਮਤੀ

ਇਕ ਰਾਜਾ ਸੀ। ਉਸ ਦਾ ਨਾਮ ਬੀਰਜ ਸੈਨ ਸੀ। ਉਸ ਦੀ ਇਸਤ੍ਰੀ ਦਾ ਨਾਮ ਬੀਰਜ ਮਤੀ ਸੀ। ਇਕ ਸ਼ਾਹ ਦੀ ਪੁੱਤਰੀ ਨੇ ਚਰਿੱਤ੍ਰ ਕਰਕੇ ਰਾਜੇ ਨੂੰ ਆਪਣੇ ਜਾਲ 'ਚ ਫਸਾ ਲਿਆ।

## ੨੨੯ਵਾਂ ਚਰਿੱਤ੍ਰ : ਬੁੱਧ ਮਤੀ

ਇਕ ਖੱਤਰਾਣੀ ਸੀ, ਉਸ ਨੂੰ ਲੋਕ ਬੁੱਧ ਮਤੀ ਕਹਿੰਦੇ ਸਨ। ਜਦੋਂ ਉਹ ਬੁੱਢੀ ਹੋ ਗਈ ਤਾਂ ਉਸ ਨੇ ਇਕ ਚਰਿੱਤ੍ਰ ਖੇਡਿਆ। ਬੁੱਢੀ ਨੇ ਦੋ ਸੰਦੂਕ ਜੁੱਤੀਆਂ ਦੇ ਭਰ ਦਿੱਤੇ ਤੇ ਪੁੱਤਰਾਂ, ਪੋਤਰਿਆਂ ਨੂੰ ਕਹਿ ਦਿੱਤਾ ਕਿ ਇਹਨਾਂ ਵਿਚ ਮੋਹਰਾਂ ਹਨ। ਹੁਣ ਸਾਰੇ ਭੱਜੇ ਫਿਰਨ ਬੁੱਢੀ ਦੇ ਆਲੇ ਦੁਆਲੇ। ਬੱਸ ਬੁੱਢੀ ਅੱਜ ਕੱਲ 'ਚ ਮਰ ਜਾਊਗੀ ਤੇ ਪਿੱਛੋਂ ਮੋਹਰਾਂ ਸਾਡੀਆਂ ਹੋ ਜਾਣਗੀਆਂ। ਸਾਰਾ ਪਰਿਵਾਰ ਬੁੱਢੀ ਕੋਲ ਬੈਠਿਆ ਕਰੇ। ਬੁੱਢੀ ਨੇ ਕਿਹਾ, ਜਿੰਨਾ ਚਿਰ ਮੈਂ ਜਿਉਂਦੀ ਹਾਂ, ਇਹ ਮੋਹਰਾਂ ਮੇਰੀਆਂ ਹਨ ਤੇ ਬਾਅਦ ਵਿਚ ਤੁਸੀਂ ਵੰਡ ਲੈਣਾ। ਬੁੱਢੀ ਬੀਮਾਰ ਹੋ ਗਈ ਤੇ ਉਹ ਕਾਜ਼ੀ ਕੋਤਵਾਲ ਕੋਲ ਚੱਲੀ ਗਈ ਤੇ ਆਖਿਆ, ਜਿਹੜਾ ਮੇਰਾ ਕਰਮ ਧਰਮ ਕਰੂਗਾ, ਇਹ ਮੋਹਰਾਂ ਮੇਰੇ ਬਾਅਦ ਉਸ ਨੂੰ ਦੇ ਦੇਣੀਆਂ। ਕੁਝ ਦਿਨਾਂ ਬਾਅਦ ਬੁੱਢੀ ਮਰ ਗਈ। ਉਸ ਦੀਆਂ ਕੁੜੀਆਂ ਮੁੰਡੇ ਮਾਰਨ ਲੱਗੇ ਕੱਛਾਂ। ਵੱਡਾ ਆਖੇ, ਮੈਂ ਕਰੂੰਗਾਂ, ਛੋਟਾ ਆਖੇ ਮੈਂ ਕਰੂੰਗਾ। ਮਾਈ ਮਰੀ 'ਤੇ ਚੰਗੇ ਪੈਸੇ ਲਾ ਦਿੱਤੇ। ਬਾਅਦ ਵਿਚ ਸੰਦੂਕ ਖੋਲ੍ਹਿਆ ਤੇ ਨਿਕਲੀਆਂ ਜੁੱਤੀਆਂ। ਬਸ, ਮੁੰਡਿਆਂ ਕੁੜੀਆਂ ਦੇ ਮੂੰਹ 'ਤੇ ਸਿਕਰੀ ਆ ਗਈ। ਬੁੱਢੀ ਨੇ 90 ਸਾਲ ਦੀ ਹੋ ਕੇ ਚਰਿੱਤ੍ਰ ਕੀਤਾ।

*ਜਬ ਵਹੁ ਤ੍ਰਿਯ ਰੋਗਨੀ ਭਈ॥ ਕਾਜੀ ਕੁਟਵਾਰਹਿ ਕਹਿ ਗਈ॥*
*ਕਰਮ ਧਰਮ ਜੋ ਪ੍ਰਥਮ ਕਰੈਹੈ॥ ਸੋ ਸੁਤ ਬਹੁਰ ਖਜਾਨੋ ਲੈਹਿ॥ ੬॥*
*ਇਹ ਚਰਿੱਤ੍ਰ ਤ੍ਰਿਯ ਸੇਵ ਕਰਾਈ॥ ਸੁਤਨ ਦਰਬੁ ਕੌ ਲੋਭ ਦਿਖਾਈ॥*

(ਸ੍ਰੀ ਦਸਮ ਗ੍ਰੰਥ, ਅੰਗ ੧੧੪੧)

## ੨੩੦ਵਾਂ ਚਰਿੱਤ੍ਰ : ਮਦਨ ਮਤੀ

ਮਰਗਜਪੁਰ ਨਾਮੀ ਇਕ ਪਿੰਡ ਸੀ। ਉਥੇ ਮਦਨ ਸ਼ਾਹ ਸ਼ਾਹੂਕਾਰ ਰਹਿੰਦਾ ਸੀ। ਉਸ ਦੀ ਇਕ ਇਸਤ੍ਰੀ ਸੀ, ਜਿਸ ਦਾ ਨਾਮ ਮਦਨ ਮਤੀ ਸੀ। ਇਸ ਨੇ ਚਰਿੱਤ੍ਰ ਕਰਕੇ ਆਪਣੇ ਪਤੀ ਸ਼ਾਹੂਕਾਰ ਨੂੰ ਛਲਿਆ।

## ੨੩੧ਵਾਂ ਚਰਿੱਤ੍ਰ : ਮੈਨ ਕਲਾ

ਮਾਲਵ ਨਾਮੀ ਇਕ ਪੇਂਡੂ ਮੂਰਖ ਸੀ। ਉਸ ਦੀ ਇਸਤ੍ਰੀ ਦਾ ਨਾਮ ਮੈਨ ਕਲਾ ਸੀ। ਮੈਨ ਕਲਾ ਨੇ ਆਪਣੇ ਪਤੀ ਨੂੰ ਮਾਰ ਕੇ, ਚਰਿੱਤ੍ਰ ਕਰਕੇ, ਲੋਕਾਂ ਵਿਚ ਸੱਚੀ ਬਣ ਕੇ, ਫਿਰ ਇਕ ਫ਼ੌਜਦਾਰ ਦੇ ਘਰ ਵੱਸ ਗਈ।

## ੨੩੨ਵਾਂ ਚਰਿੱਤ੍ਰ : ਬਡਿਆਛ ਮਤੀ

ਮੁਲਤਾਨ ਵਿਚ ਛੱਤਰ ਨਾਮੀ ਇਕ ਰਾਜਾ ਸੀ। ਉਹ ਬੁੱਢਾ ਹੋ ਗਿਆ ਸੀ। ਉਸ ਦੇ ਘਰ ਕੋਈ ਪੁੱਤਰ ਨਹੀਂ ਸੀ। ਉਸ ਨੇ ਇਕ ਹੋਰ ਇਸਤ੍ਰੀ ਨਾਲ ਵਿਆਹ ਕਰਵਾਇਆ, ਜਿਸ ਦਾ ਨਾਮ ਬਡਿਆਛ ਮਤੀ ਸੀ। ਉਹ ਇਸਤ੍ਰੀ ਜਵਾਨ ਸੀ ਤੇ ਉਸ ਨੇ ਚਰਿੱਤ੍ਰ ਕਰਕੇ ਰਾਜੇ ਨੂੰ ਛਲਿਆ।

## ੨੩੩ਵਾਂ ਚਰਿੱਤ੍ਰ : ਵਲਿੱਖਣ ਮਤੀ

ਵਲਿੱਖਣ ਸਿੰਘ ਨਾਮ ਦਾ ਇਕ ਰਾਜਾ ਸੀ। ਉਸ ਦੀ ਇਸਤ੍ਰੀ ਦਾ ਨਾਮ ਵਲਿੱਖਣ ਮਤੀ ਸੀ। ਇਕ ਹੋਰ ਬ੍ਰਿਖਭਾਨ ਕਲਾ ਨਾਮ ਦੀ ਇਕ ਇਸਤ੍ਰੀ ਸੀ। ਰਾਜੇ ਨੇ ਉਸ ਨਾਲ ਵਿਆਹ ਕਰ ਲਿਆ ਤੇ ਦੂਸਰੀ ਵੱਲ ਵੇਖਦਾ ਵੀ ਨਹੀਂ ਸੀ। ਜਿਹੜੀ ਪਹਿਲੀ ਵਲਿੱਖਣ ਮਤੀ ਸੀ, ਉਹ ਬਹੁਤ ਦੁਖੀ ਹੋਈ। ਉਸ ਨੇ ਸੋਚਿਆ ਕਿ ਮੈਂ ਦੋਵਾਂ ਨੂੰ ਮਾਰ ਦੇਵਾਂ ਤੇ ਆਪਣੇ ਪੁੱਤਰ ਨੂੰ ਰਾਜ ਦੇ ਦੇਵਾਂ। ਉਸ ਨੇ ਰਾਜੇ ਦੇ ਭੋਜਨ ਵਿਚ ਮਕੜੀ ਪਾ ਦਿੱਤੀ ਤੇ ਰਾਜਾ ਤੜਫ ਤੜਫ ਕੇ ਮਰ ਗਿਆ। ਉਸ ਨੇ ਸੌਂਕਣ ਨੂੰ ਫੜ ਕੇ ਸਾਰਿਆਂ ਦੇ ਸਾਹਮਣੇ ਆਖਿਆ, ਇਹ ਇਸ ਦੀ ਕਰਤੂਤ ਹੈ। ਫਿਰ ਇਸ ਨੇ ਸੌਂਕਣ ਦਾ ਨੱਕ ਵੱਢ ਕੇ ਮਾਰਿਆ।

## ੨੩੪ਵਾਂ ਚਰਿੱਤ੍ਰ ਨਿਰਪਤ ਕਲਾ

ਟੰਕਟੋਡਾ ਸ਼ਹਿਰ ਵਿਚ ਨਿਰਪਤ ਕਲਾ ਨਾਮੀ ਇਕ ਇਸਤ੍ਰੀ ਰਹਿੰਦੀ ਸੀ। ਨਿਰਪਬਰ ਸੈਨ ਉਥੋਂ ਦਾ ਰਾਜਾ ਸੀ। ਐਡੇ ਰਾਇ ਇਕ ਭੱਟ ਸੀ, ਇਸ ਦਾ ਇਕ ਪੁੱਤਰ ਸੀ ਜੋ ਕਿ ਬਹੁਤ ਸੋਹਣਾ ਸੀ। ਨਿਰਪਤ ਕਲਾ ਇਸਤ੍ਰੀ ਨੇ ਆਪ ਸੱਚੀ ਬਣ ਕੇ ਇਸ ਨੂੰ ਰਾਜੇ ਕੋਲੋਂ ਮਰਵਾ ਦਿੱਤਾ।

## ੨੩੫ਵਾਂ ਚਰਿੱਤ੍ਰ : ਰਾਣੀ ਅਛਲ ਮਤੀ

ਇਕ ਰਾਜਾ ਸੀ। ਉਸ ਦਾ ਨਾਮ ਕਰਮ ਸਿੰਘ ਸੀ। ਉਸ ਦੀ ਇਸਤ੍ਰੀ ਦਾ ਨਾਮ ਅਛਲ ਮਤੀ ਸੀ। ਸ਼ਾਹ ਬਜਰਕੇਤ ਦਾ ਇਕ ਪੁੱਤਰ ਸੁਕੁਮਾਰ ਸੀ, ਜੋ ਵਿੱਦਿਆ ਬਹੁਤ ਪੜ੍ਹਿਆ ਸੀ। ਸ਼ਾਹ ਦੇ ਪੁੱਤਰ ਨੂੰ ਵੇਖ ਕੇ ਅਛਲ ਮਤੀ ਦਾ ਮਨ ਵਸ ਵਿਚ ਨਾ ਰਿਹਾ। ਕਿਸੇ ਨੇ ਰਾਜੇ ਕਰਮ

ਸਿੰਘ ਨੂੰ ਦੱਸ ਦਿੱਤਾ ਕਿ ਤੇਰੀ ਰਾਣੀ ਅਛਲ ਮਤੀ ਕਿਸੇ ਆਦਮੀ ਨਾਲ ਹੈ। ਜਦੋਂ ਰਾਜਾ ਆਇਆ ਤਾਂ ਰਾਣੀ ਨੇ ਪਾਗ਼ਲ ਬਣ ਕੇ ਰਾਜੇ ਦੀ ਪੱਗ ਲਾਹ ਲਈ ਤੇ ਚਲਾ ਕੇ ਮਾਰੀ। ਰਾਜਾ ਜਦੋਂ ਭੱਜ ਕੇ ਪੱਗ ਨੂੰ ਫੜਨ ਲੱਗਾ ਤਾਂ ਰਾਣੀ ਨੇ ਚਲਾਕੀ ਨਾਲ ਆਪਣੇ ਯਾਰ ਨੂੰ ਭਜਾ ਦਿੱਤਾ।

## ੨੩੬ਵਾਂ ਚਰਿੱਤ੍ਰ : ਵਲਿੱਖਣ ਮਤੀ

ਤਿੱਬਤ ਦਾ ਇਕ ਸੁੱਲਛਣ ਰਾਏ ਰਾਜਾ ਸੀ ਜੋ ਕਵਿਤਾ ਵਿਚ ਬਹੁਤ ਮਾਹਿਰ ਸੀ। ਨਿਪ੍ਰਰਾਜ ਕਲਾ ਉਸ ਦੀ ਇਸਤ੍ਰੀ ਸੀ। ਵਲਿੱਖਣ ਮਤੀ ਇਕ ਵੇਸਵਾ ਸੀ ਜੋ ਉਸ ਸ਼ਹਿਰ ਵਿਚ ਰਹਿੰਦੀ ਸੀ। ਉਸ ਨੇ ਚਰਿੱਤ੍ਰ ਕਰਕੇ ਰਾਜੇ ਨੂੰ ਆਪਣੇ ਵੱਸ ਵਿਚ ਕਰ ਲਿਆ ਸੀ।

## ੨੩੭ਵਾਂ ਚਰਿੱਤ੍ਰ : ਭੋਗ ਮਤੀ

ਬਹਾਦਰਸ਼ਾਹ ਨਾਮ ਦਾ ਇਕ ਰਾਜਾ ਸੀ ਜੋ ਦੁਸ਼ਮਨਾਂ ਨੂੰ ਦੰਡ ਦੇਂਦਾ ਸੀ। ਇਕ ਦਿਨ ਰਾਜੇ ਬਹਾਦਰਸ਼ਾਹ ਨੇ ਫ਼ੈਸਲਾ ਕੀਤਾ ਕਿ ਸ੍ਰੀਨਗਰ ਨੂੰ ਜਿੱਤਿਆ ਜਾਵੇ। ਉਥੇ ਇਕ ਭੋਗ ਮਤੀ ਨਾਮ ਦੀ ਵੇਸਵਾ ਰਹਿੰਦੀ ਸੀ। ਰਾਜੇ ਨੇ ਉਸ ਵੇਸਵਾ ਦੀ ਮਦਦ ਲਈ। ਵੇਸਵਾ ਨੇ ਰਾਜੇ ਨੂੰ ਕਿਹਾ, ਮੈਂ ਸ੍ਰੀਨਗਰ ਦੇ ਰਾਜੇ ਨੂੰ ਪ੍ਰੇਮ ਦੀ ਡੋਰ ਪਾ ਕੇ ਦੂਨ ਵਿਚ ਲੈ ਜਾਊਂਗੀ, ਤੁਸੀਂ ਫ਼ੌਜ ਲੈ ਕੇ ਚੜ੍ਹਾਈ ਕਰ ਦਿਉ। ਫਿਰ ਸ੍ਰੀਨਗਰ ਨੂੰ ਲੁੱਟ ਪੁੱਟ ਲੈਣਾ। ਵੇਸਵਾ ਰਾਜੇ ਨਾਲ ਗੱਲ ਕਰਕੇ ਸ੍ਰੀਨਗਰ ਆ ਗਈ। ਸ੍ਰੀਨਗਰ ਦਾ ਰਾਜਾ ਮੇਦਨੀ ਸ਼ਾਹ ਸੀ। ਪਹਿਲਾਂ ਉਸ ਨਾਲ ਪ੍ਰੇਮ ਪਾ ਕੇ ਉਸ ਨੂੰ ਵੱਸ ਵਿਚ ਕੀਤਾ। ਰਾਜਾ ਮੇਦਨੀ ਸ਼ਾਹ ਪੂਰੀ ਤਰ੍ਹਾਂ ਵੱਸ ਵਿਚ ਹੋ ਗਿਆ ਤਾਂ ਵੇਸਵਾ ਰਾਜੇ ਨੂੰ ਨਾਲ ਲੈ ਕੇ ਦੂਨ ਨੂੰ ਚੱਲ ਪਈ। ਉਧਰ ਰਾਜਾ ਬਹਾਦਰ ਸ਼ਾਹ ਸੈਨਾ ਇਕੱਠੀ ਕਰਕੇ ਸ੍ਰੀਨਗਰ ਨੂੰ ਲੁੱਟ ਕੇ ਲੈ ਗਿਆ। ਰਾਜਾ ਮੇਦਨੀ ਸ਼ਾਹ ਸ਼ਰਾਬ ਨਾਲ ਬੇਹੋਸ਼ ਸੀ। ਉਸ ਨੂੰ ਕੋਈ ਪਤਾ ਨਹੀਂ ਸੀ। ਜਦ ਨਸ਼ਾ ਉਤਰਿਆ ਤੇ ਫਿਰ ਹੋਸ਼ ਵਿਚ ਆਇਆ ਤਾਂ ਕਚੀਚੀਆਂ ਲੈਂਦਾ ਰਹਿ ਗਿਆ। ਵੇਸਵਾ ਨੇ ਚਰਿੱਤ੍ਰ ਕਰਕੇ ਵੈਰੀ ਨੂੰ ਹਾਰ ਦਿੱਤੀ ਤੇ ਮਿੱਤਰ ਰਾਜੇ ਨੂੰ ਜਿਤਾ ਦਿੱਤਾ।

## ੨੩੮ਵਾਂ ਚਰਿੱਤ੍ਰ : ਛਟਛੈਲ ਕੁਮਾਰੀ

ਬੀਰਜ ਕੇਤ ਇਕ ਸਮਝਦਾਰ ਰਾਜਾ ਸੀ। ਉਸ ਦੀ ਇਸਤ੍ਰੀ ਛਟਛੈਲ ਕੁਮਾਰੀ ਸੀ। ਉਸ ਨੇ ਰਾਜੇ ਨੂੰ ਹਰ ਪੱਖੋਂ ਵੱਸ ਵਿਚ ਕੀਤਾ ਸੀ। ਇਕ ਦਿਨ ਰਾਣੀ, ਦਾਸੀਆਂ ਸਮੇਤ ਰਾਜੇ ਨਾਲ ਸ਼ਿਕਾਰ ਖੇਡਣ ਗਈ। ਰਾਜੇ ਨੇ ਕਿਹਾ, ਜਿਹਦੇ ਅੱਗੋਂ ਸ਼ਿਕਾਰ ਨਿਕਲੇ, ਉਹੀ ਸ਼ਿਕਾਰ ਮਾਰੇ। ਰਾਣੀ ਦੇ ਅੱਗੋਂ ਹਿਰਨ ਨਿਕਲਿਆ ਤੇ ਰਾਣੀ ਨੇ ਘੋੜਾ ਭਜਾਇਆ। ਅੱਗੇ ਇਕ ਰਾਜੇ ਦਾ ਲੜਕਾ ਹਿਰਨ ਵੇਖਣ ਦੌੜ ਪਿਆ। ਰਾਜੇ ਦੇ ਲੜਕੇ ਨੇ ਹਿਰਨ ਨੂੰ ਤੀਰ ਮਾਰਿਆ। ਉਥੋਂ ਇਕ ਸ਼ੇਰ ਨਿਕਲਿਆ ਤੇ ਰਾਣੀ ਡਰ ਗਈ। ਰਾਜੇ ਦੇ ਲੜਕੇ ਨੇ ਤੀਰ ਮਾਰ ਕੇ ਸ਼ੇਰ ਵੀ ਮਾਰ ਦਿੱਤਾ। ਇਹ ਬਹਾਦਰੀ ਵੇਖ ਕੇ ਛਟਛੈਲ ਕੁਮਾਰੀ ਉਸ ਦੀ ਰਾਣੀ ਬਣ ਗਈ।

## ੨੩੯ਵਾਂ ਚਰਿੱਤ੍ਰ : ਬੀਰ ਮਤੀ

ਸਿਰੋਜ਼ ਨਾਮੀ ਸ਼ਹਿਰ ਵਿਚ ਇਕ ਰਾਜਾ ਰਹਿੰਦਾ ਸੀ। ਉਸ ਦੇ ਚਾਰ ਪੁੱਤਰ ਸਨ ਜੋ ਕਿ ਬੜੇ ਸੂਰਬੀਰ ਯੋਧੇ ਸਨ। ਰਾਜੇ ਨੇ ਦੂਜਾ ਵਿਆਹ ਬੀਰ ਮਤੀ ਨਾਲ ਕਰਾ ਲਿਆ ਤੇ ਉਸ ਬੀਰ ਮਤੀ ਦੇ ਇਕ ਲੜਕਾ ਹੋ ਗਿਆ। ਉਸ ਦਾ ਨਾਮ ਬਿਆਘਰ ਕੇਤ ਰੱਖਿਆ। ਹੁਣ ਰਾਣੀ ਨੂੰ ਚਿੰਤਾ ਹੋਣ ਲੱਗੀ ਕਿ ਰਾਜ ਮੇਰੇ ਪੁੱਤਰ ਨੂੰ ਮਿਲੇ। ਜੇ ਇਹ ਰਾਜੇ ਦੇ ਚਾਰੇ ਪੁੱਤਰ ਮਾਰ ਦਿੱਤੇ ਜਾਣ, ਫਿਰ ਮੇਰੇ ਪੁੱਤਰ ਨੂੰ ਰਾਜ ਮਿਲ ਸਕਦਾ ਹੈ। ਪਹਿਲਾਂ ਵੱਡਾ ਲੜਕਾ ਸੱਦ ਕੇ ਮਾਰਿਆ। ਇਸੇ ਤਰ੍ਹਾਂ ਚਾਰੇ ਪੁੱਤਰ ਮਾਰ ਦਿੱਤੇ ਤੇ ਰਾਜੇ ਨੂੰ ਬੁਲਾਇਆ ਤੇ ਰੋਂਦੀ ਹੋਈ ਬੇਨਤੀ ਕਰਨ ਲੱਗ ਪਈ ਕਿ ਰਾਜਾ, ਇਹ ਆਪਸ ਵਿਚ ਰਾਜ ਗੱਦੀ ਪਿੱਛੇ ਲੜ ਕੇ ਮਰ ਗਏ ਹਨ। ਰਾਜਾ ਪੁੱਤਰ-ਪੁੱਤਰ ਕਹਿ ਕੇ ਰੋ ਪਿਆ। ਮੂਰਖ ਰਾਜਾ ਭੇਦ ਨਾ ਸਮਝ ਸਕਿਆ।

## ੨੪੦ਵਾਂ ਚਰਿੱਤ੍ਰ : ਰੁਚੀਰਾਜ ਕੁਮਾਰੀ

ਕਲਿੰਜਰ ਦੇਸ਼ ਦੇ ਨੇੜੇ ਇਕ ਵਲਿਖਣ ਸੈਨ ਨਾਮੀ ਰਾਜਾ ਰਾਜ ਕਰਦਾ ਸੀ। ਉਸ ਦੀ ਰਾਣੀ ਦਾ ਨਾਮ ਰੁਚੀਰਾਜ ਕੁਮਾਰੀ ਸੀ। ਉਸ ਰਾਜੇ ਦੀਆਂ ਸੱਤ ਹੋਰ ਰਾਣੀਆਂ ਸਨ। ਰੁਚੀਰਾਜ ਕੁਮਾਰੀ ਸੌਂਕਣਾ ਨੂੰ ਦੇਖ ਕੇ ਮਨ ਵਿਚ ਬਹੁਤ ਦੁੱਖ ਪਾਇਆ ਕਰੇ। ਇਕ ਦਿਨ ਸੋਚਣ ਲੱਗੀ ਕਿ ਇਹਨਾਂ ਸੱਤਾਂ ਰਾਣੀਆਂ ਦਾ ਨਾਸ਼ ਕੀਤਾ ਜਾਵੇ। ਪਹਿਲਾਂ ਤਾਂ ਸਾਰੀਆਂ ਸੌਂਕਣਾਂ ਨਾਲ ਪਿਆਰ ਪਾਇਆ, ਫੇਰ ਛਲ ਕਰਕੇ ਸਾਰੀਆਂ ਨੂੰ ਇਕ ਕਮਰੇ ਵਿਚ ਬੰਦ ਕਰਕੇ, ਅੱਗ ਲਾ ਕੇ ਸਾਰੀਆਂ ਨੂੰ ਸਾੜ ਕੇ ਭਸਮ ਕਰ ਦਿੱਤਾ।

## ੨੪੧ਵਾਂ ਚਰਿੱਤ੍ਰ : ਰਾਣੀ ਬਿਰਹਾ ਮੰਜਰੀ

ਕਿਲਮਾਖਨ ਇਕ ਦੇਸ਼ ਦਾ ਰਾਜਾ ਸੀ। ਉਸ ਦੀ ਇਸਤ੍ਰੀ ਦਾ ਨਾਮ ਬਿਰਹਾ ਮੰਜਰੀ ਸੀ। ਸੁਭਟ ਕੇਤ ਇਕ ਨਵੇਕਲਾ ਸੂਰਮਾ ਸੀ। ਬਿਰਹਾ ਮੰਜਰੀ ਨੇ ਰਾਜੇ ਨੂੰ ਮਾਰ ਕੇ ਸੁਭਟ ਕੇਤ ਸੂਰਮੇ ਨੂੰ ਆਪਣਾ ਪਤੀ ਬਣਾ ਲਿਆ।

## ੨੪੨ਵਾਂ ਚਰਿੱਤ੍ਰ : ਛਬਿਮਾਨ ਮੰਜਰੀ

ਦੱਖਣ ਵਿਚ ਸੁਭਟਾਵਤੀ ਨਾਮੀ ਇਕ ਨਗਰ ਸੀ। ਉਥੋਂ ਦਾ ਰਾਜਾ ਛਤਰ ਕੇਤ ਸੀ। ਇਸ ਦੀ ਰਾਣੀ ਰੂਪ ਮੰਜਰੀ ਸੀ ਜੋ ਸੰਸਾਰ ਵਿਚ ਮੰਨੀ ਜਾਂਦੀ ਸੀ। ਰਾਜਾ ਵੀ ਸੰਸਾਰ ਵਿਚ ਮੰਨਿਆ ਜਾਂਦਾ ਸੀ। ਛਬਿਮਾਨ ਮੰਜਰੀ ਇਕ ਸ਼ਾਹ ਦੀ ਇਸਤ੍ਰੀ ਸੀ। ਇਸ ਪਾਪਣ ਨੇ ਰਾਜੇ ਦੇ ਪਿੱਛੇ ਲੱਗ ਕੇ ਆਪਣੇ ਪਤੀ ਨੂੰ ਮਾਰ ਦਿੱਤਾ ਸੀ।

## ੨੪੩ਵਾਂ ਚਰਿੱਤ੍ਰ : ਚਿਤਰ ਮੰਜਰੀ

ਸੁਘਰਵਤੀ ਨਾਮੀ ਇਕ ਸ਼ਹਿਰ ਸੀ, ਜਿਸ ਦਾ ਰਾਜਾ ਸੁਘਰ ਸੈਨ ਸੀ। ਉਸ ਦੀ ਰਾਣੀ ਦਾ ਨਾਮ ਚਿਤਰ ਮੰਜਰੀ ਸੀ। ਚਿਤਰ ਮੰਜਰੀ ਦੀਆਂ ਚਾਰ ਸੌਂਕਣਾਂ ਸਨ ਤੇ ਇਹਨਾਂ ਦਾ ਇਕ ਪੁੱਤਰ ਸੀ। ਚਿਤਰ ਮੰਜਰੀ ਦਾ ਕੋਈ ਪੁੱਤਰ ਨਹੀਂ ਸੀ। ਸੌਂਕਣ ਦੇ ਪੁੱਤਰ ਨੂੰ ਐਸ਼ ਵਿਚ ਰਹਿੰਦਾ ਵੇਖ ਕੇ ਚਿਤਰ ਮੰਜਰੀ ਸੜਿਆ ਕਰੇ। ਸੌਂਕਣ ਦਾ ਪੁੱਤਰ ਘਰ ਆਇਆ ਤੇ ਉਸ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ। ਰਾਜੇ ਦੇ ਕੋਲ ਜਾ ਕੇ ਕਿਹਾ ਕਿ ਭਾਨ ਛਟਾ ਨੇ ਜ਼ਹਿਰ ਦਿੱਤਾ ਹੈ। ਰਾਜੇ ਨੇ ਸੱਚ ਝੂਠ ਨਹੀਂ ਵੇਖਿਆ ਤੇ ਭਾਨ ਛਟਾ ਨੂੰ ਕੇਸਾਂ ਤੋਂ ਫੜ ਲਿਆ ਤੇ ਉਸ ਵਿਚਾਰੀ ਨੂੰ ਮਾਰ ਦਿੱਤਾ। ਰਾਜਾ ਚਿਤਰ ਮੰਜਰੀ ਨਾਲ ਪਿਆਰ ਜ਼ਿਆਦਾ ਕਰਨ ਲੱਗ ਪਿਆ ਤੇ ਦੂਜੀਆਂ ਨੂੰ ਭੁਲਾ ਦਿੱਤਾ।

## ੨੪੪ਵਾਂ ਚਰਿੱਤ੍ਰ : ਨਾਗਰ ਮਤੀ

ਪਦਮ ਸਿੰਘ ਨਾਮੀ ਇਕ ਬੜਾ ਸਮਝਦਾਰ ਰਾਜਾ ਸੀ। ਬਿਕਰਮ ਕੁਮਾਰੀ ਉਸ ਦੀ ਇਸਤ੍ਰੀ ਸੀ। ਸੁਭਕਰਨ ਇਕ ਉਹਨਾਂ ਦਾ ਪੁੱਤਰ ਸੀ। ਉਸ ਸ਼ਹਿਰ ਵਿਚ ਬ੍ਰਿਖ ਧੁਜ ਨਾਮ ਦਾ ਸ਼ਾਹ ਰਹਿੰਦਾ ਸੀ, ਉਸ ਦੀ ਪੁੱਤਰੀ ਨਾਗਰ ਮਤੀ ਸੀ। ਉਸ ਨੇ ਇਕ ਚਰਿੱਤ੍ਰ ਕੀਤਾ ਅਤੇ ਆਪਣੇ ਮਾਂ ਪਿਉ ਨੂੰ ਮਾਰ ਦਿੱਤਾ। ਭਗਵੇ ਕੱਪੜੇ ਪਾ ਕੇ ਰਾਜੇ ਕੋਲ ਚੱਲੀ ਗਈ। ਉਸ ਦੇ ਪੁੱਤਰ ਬਾਰੇ ਕਹਿਣ ਲੱਗੀ, ਹੇ ਰਾਜਨ ! ਤੇਰੇ ਪੁੱਤਰ ਨੇ ਮੇਰੀ ਸੁੰਦਰਤਾ 'ਤੇ ਮੋਹਿਤ ਹੋ ਕੇ, ਮੇਰੇ ਮਾਂ-ਪਿਉ ਨੂੰ ਬੰਨ੍ਹ ਕੇ ਮਾਰ ਦਿੱਤਾ ਹੈ। ਉਨ੍ਹਾਂ ਦੇ ਟੋਟੇ-ਟੋਟੇ ਕਰਕੇ ਟੋਆ ਪੁੱਟ ਕੇ ਦੱਬ ਦਿੱਤਾ ਹੈ। ਜਾ ਕੇ ਵੇਖ ਲਵੋ, ਜੇ ਸੱਚ ਨਿਕਲ ਆਇਆ ਤਾਂ ਉਸ ਨੂੰ ਮਾਰ ਦਿਉ, ਜੇ ਝੂਠ ਹੋਇਆ ਤਾਂ ਮੈਨੂੰ ਮਾਰ ਦੇਣਾ। ਜਦੋਂ ਵੇਖਿਆ ਤਾਂ ਰਾਜਾ ਹੈਰਾਨ ਹੋ ਗਿਆ। ਰਾਜੇ ਨੇ ਪੁੱਛਿਆ ਹੀ ਨਹੀਂ ਅਤੇ ਪੁੱਤਰ ਦਾ ਸਿਰ ਵੱਢ ਦਿੱਤਾ। ਇਸ ਇਸਤ੍ਰੀ ਨੇ ਪਹਿਲਾਂ ਮਾਂ ਮਾਰੀ, ਫਿਰ ਪਿਉ ਮਾਰਿਆ ਤੇ ਮੂਰਖ ਰਾਜੇ ਨੂੰ ਛਲਿਆ। ਰਾਜੇ ਨੇ ਅਸਲੀ ਗੱਲ ਨਾ ਸਮਝੀ।

## ੨੪੫ਵਾਂ ਚਰਿੱਤ੍ਰ : ਰਸ ਤਿਲਕ ਮੰਜਰੀ

ਇਕ ਰਾਜਾ ਸੀ, ਜਿਸ ਦਾ ਨਾਮ ਰੂਪ ਸੈਨ ਸੀ। ਉਸ ਦੀ ਇਸਤ੍ਰੀ ਦਾ ਨਾਮ ਤਿਲਕ ਮੰਜਰੀ ਸੀ। ਰਾਜਾ ਬਹੁਤ ਨਸ਼ਾ ਕਰਦਾ ਸੀ, ਜਿਸ ਦਾ ਜ਼ਿਕਰ ਇਸ ਚਰਿਤ੍ਰ ਵਿਚ ਇਸ ਤਰ੍ਹਾਂ ਆਇਆ ਹੈ :

***ਪੋਸਤ ਭਾਂਗ ਅਫੀਮ ਚੜ੍ਹਾਵੈ॥ ਪਯਾਲੇ ਪੀ ਪਚਾਸਇਕ ਜਾਵੈ॥***

(ਸ੍ਰੀ ਦਸਮ ਗ੍ਰੰਥ, ਅੰਗ ੧੧੫੯)

ਐਸੇ ਨਸ਼ੇ ਕਰਨ ਵਾਲਾ ਮਨੁੱਖ ਸਾਰੇ ਪਾਪ ਕਰਮ ਕਰਦਾ ਹੈ।

## ੨੪੬ਵਾਂ ਚਰਿੱਤ੍ਰ : ਸਵਰਨ ਮੰਜਰੀ

ਪੂਰਬ ਵਾਲੇ ਪਾਸੇ ਤਿਲਕ ਨਾਮੀ ਇਕ ਰਾਜਾ ਸੀ। ਉਸ ਦੀ ਇਸਤ੍ਰੀ ਦਾ ਨਾਮ ਭਾਨ ਮੰਜਰੀ ਸੀ। ਉਸ ਦੇ ਪੁੱਤਰ ਦਾ ਨਾਮ ਚਿਤਰਵਰਨ ਸੀ। ਉਥੋਂ ਦਾ ਇਕ ਛੇਮਕਰਨ ਨਾਮੀ ਸ਼ਾਹ ਸੀ। ਉਸ ਦੀ ਪੁੱਤਰੀ ਦਾ ਨਾਮ ਸਵਰਨ ਮੰਜਰੀ ਸੀ। ਸਵਰਨ ਮੰਜਰੀ ਨੇ ਇਕ ਰਾਜਕੁਮਾਰ ਨੂੰ ਵੇਖਿਆ। ਆਪਣੀ ਸਖੀ ਨੂੰ ਕਿਹਾ ਕਿ ਤੂੰ ਰਾਜਕੁਮਾਰ ਨੂੰ ਕਹਿ ਕਿ ਮੈਨੂੰ ਉਹ ਆਪਣੀ ਰਾਣੀ ਬਣਾ ਲਵੇ। ਰਾਜਕੁਮਾਰ ਨੇ ਸਖੀ ਨੂੰ ਜਵਾਬ ਦਿੱਤਾ ਕਿ ਬਾਦਸ਼ਾਹ ਸ਼ੇਰ ਸ਼ਾਹ ਦੇ ਕੋਲ ਦੋ ਘੋੜੇ ਹਨ। ਇਕ ਦਾ ਨਾਮ ਰਾਹੂ ਹੈ ਤੇ ਦੂਸਰੇ ਦਾ ਨਾਮ ਸੁਰਾਹੂ ਹੈ, ਜੇ ਸਵਰਨ ਮੰਜਰੀ ਇਹ ਦੋਵੇਂ ਘੋੜੇ ਮੈਨੂੰ ਲਿਆ ਦੇਵੇ ਤਾਂ ਫਿਰ ਮੇਰੀ ਪਤਨੀ ਰਾਣੀ ਬਣ ਸਕੇਗੀ।

ਸ਼ਾਹ ਦੀ ਪੁੱਤਰੀ ਨੇ ਭੰਗੀ ਦੀ ਪੁੱਤਰੀ ਦਾ ਵੇਸ ਧਾਰਨ ਕੀਤਾ। ਹੱਥ ਵਿਚ ਝਾੜੂ ਫੜਿਆ ਤੇ ਪਹੁੰਚ ਗਈ ਸ਼ੇਰ ਸ਼ਾਹ ਦੇ ਮਹਿਲ ਵਿਚ ਜਿੱਥੇ ਰਾਹੂ ਤੇ ਸੁਰਾਹੂ ਦੋਵੇਂ ਘੋੜੇ ਬੰਨ੍ਹੇ ਹੋਏ ਸਨ। ਉਥੇ ਹਵਾ ਵੀ ਪੁੱਛ ਕੇ ਜਾਂਦੀ ਸੀ। ਇਸਤ੍ਰੀ ਨੇ ਭੇਸ ਬਦਲ ਕੇ ਅੱਧੀ ਰਾਤ ਨੂੰ ਜਾ ਕੇ ਘੋੜਾ ਖੋਲ੍ਹਿਆ। ਘੋੜੇ ਦੀ ਅਗਾੜੀ ਤੇ ਪਛਾੜੀ ਖੋਲ੍ਹੀ, ਕਾਠੀ ਪਾਈ, ਝਰੋਖੇ ਤੋਂ ਬਾਹਰ ਕੱਢਿਆ ਤੇ ਆਪਣੀ ਜਾਨ ਦੀ ਪ੍ਰਵਾਹ ਨਾ ਕੀਤੀ। ਘੋੜੇ ਦੀ ਛਾਲ ਦਰਿਆ ਵਿਚ ਮਰਵਾਈ ਤੇ ਘੋੜਾ ਰਾਹੂ ਨਾਮੀ ਚੁਰਾ ਲਿਆ। ਰਾਜੇ ਦਾ ਘੋੜਾ ਚੁਰਾਇਆ ਗਿਆ, ਸਾਰੇ ਹੈਰਾਨ ਹੋ ਗਏ। ਸਵੇਰੇ ਰਾਜੇ ਨੇ ਢੰਡੋਰਾ ਫਿਰਾ ਦਿੱਤਾ, ਜਿਸ ਨੇ ਘੋੜਾ ਚੁਰਾਇਆ ਹੈ, ਉਸ ਨੂੰ ਧਨ ਦਿੱਤਾ ਜਾਏਗਾ। ਇਸਤ੍ਰੀ ਨੇ ਆਦਮੀ ਦਾ ਸਰੂਪ ਧਾਰ ਲਿਆ ਤੇ ਅੱਗੇ ਖੜੀ ਹੋ ਗਈ ਕਿ ਘੋੜਾ ਮੈਂ ਖੋਲ੍ਹਿਆ ਹੈ। ਬਾਦਸ਼ਾਹ ਬਹੁਤ ਖ਼ੁਸ਼ ਹੋਇਆ, ਗ਼ੁੱਸਾ ਨਾ ਕੀਤਾ। ਉਸ ਰੱਖੀ ਹੋਈ ਸ਼ਰਤ ਮੁਤਾਬਿਕ ਰਾਜੇ ਨੇ ਉਸ ਇਸਤ੍ਰੀ ਨੂੰ ਧਨ ਦੇ ਦਿੱਤਾ। ਰਾਜੇ ਨੇ ਕਿਹਾ, ਹੁਣ ਦੱਸ ਘੋੜਾ ਕਿਵੇਂ ਚੁਰਾਇਆ ? ਉਥੇ ਉਹ ਮੋਹਰਾਂ ਰੱਖ ਕੇ ਕਿੱਲ ਲੈ ਆਈ। ਪਹਿਰੇਦਾਰ ਜਦੋਂ ਘੜਿਆਲ ਵਜਾਉਂਦੇ ਸਨ, ਉਦੋਂ ਕਿੱਲ ਠੋਕਣ ਲੱਗ ਪੈਂਦੀ। ਰਾਤ ਪਈ ਇਸਤ੍ਰੀ ਪਹੁੰਚ ਗਈ। ਘੋੜਾ ਖੋਲ੍ਹਿਆ, ਛਾਲ ਮਾਰ ਕੇ ਚੜ੍ਹ ਗਈ। ਘੋੜੇ ਨੂੰ ਅੱਡੀ ਮਾਰੀ, ਘੋੜੇ ਨੂੰ ਕੰਧ ਟਪਾ ਕੇ ਭਜਾ ਕੇ ਲੈ ਗਈ। ਸ਼ੇਰਸ਼ਾਹ ਮੁਸਕਰਾਇਆ। ਦੋਵੇਂ ਘੋੜੇ ਲੈ ਕੇ ਆਪਣੇ ਮਿੱਤਰ ਨੂੰ ਦੇ ਦਿੱਤੇ। ਸ਼ੇਰ ਸ਼ਾਹ ਰਾਜਾ ਉਸ ਦੇ ਚਰਿੱਤ੍ਰ ਨੂੰ ਸਮਝ ਨਾ ਸਕਿਆ।

## ੨੪੭ਵਾਂ ਚਰਿੱਤ੍ਰ : ਜਸਤਿਲਕ ਮੰਜਰੀ

ਬੀਰ ਤਿਲਕ ਵਿਲਖਣ ਰਾਜਾ ਸੀ। ਉਸ ਦੀ ਰਾਣੀ ਪੁਸ਼ਪ ਮੰਜਰੀ ਸੀ। ਸੁਰਤਾਨ ਸਿੰਘ ਉਨ੍ਹਾਂ ਦਾ ਪੁੱਤਰ ਸੀ। ਜਦੋਂ ਜੁਆਨ ਹੋਇਆ ਤਾਂ ਵਿਆਹ ਰਚਿਆ। ਕਸ਼ਮੀਰ ਵਿਚ ਇਕ ਰਾਜਾ ਸੀ। ਉਸ ਦੀ ਪੁੱਤਰੀ ਬਹੁਤ ਸੁੰਦਰ ਸੀ। ਉਸ ਰਾਜੇ ਨੇ ਬ੍ਰਾਹਮਣਾਂ ਨੂੰ ਸੱਦਿਆ ਤੇ ਰਾਜੇ ਬੀਰ ਤਿਲਕ ਦੇ ਪੁੱਤਰ ਸੁਰਤਾਨ ਸਿੰਘ ਨਾਲ ਆਪਣੀ ਪੁੱਤਰੀ ਦੀ ਮੰਗਣੀ ਕਰ ਦਿੱਤੀ। ਵਿਆਹ ਦੀਆਂ ਰਸਮਾਂ ਕੀਤੀਆਂ, ਲੜਕੇ ਵਾਲਿਆਂ ਨੇ ਵੀ ਸਾਰੀਆਂ ਰਸਮਾਂ ਕੀਤੀਆਂ। ਲਾੜਾ ਬਰਾਤ

ਲੈ ਕੇ ਕਸ਼ਮੀਰ ਪਹੁੰਚ ਗਿਆ ਤੇ ਵਿਆਹ ਦੀ ਰਸਮ ਕੀਤੀ। ਵਿਆਹ ਹੋ ਗਿਆ, ਪਰ ਰਾਜਕੁਮਾਰੀ ਦਾ ਇਕ ਸ਼ਾਹ ਦੇ ਪੁੱਤਰ ਨਾਲ ਪ੍ਰੇਮ ਸੀ। ਰਾਜਕੁਮਾਰੀ ਨੇ ਇਕ ਦਾਈ ਦੀ ਲੜਕੀ ਸੱਦੀ ਤੇ ਉਸ ਨੂੰ ਆਪਣੀ ਥਾਂ 'ਤੇ ਪਾਲਕੀ ਵਿਚ ਬਿਠਾ ਦਿੱਤਾ। ਸੂਰਜ ਡੁੱਬ ਗਿਆ। ਬਰਾਤੀ ਤਾਰਿਆਂ ਦਾ ਅੰਦਾਜ਼ਾ ਲਾ ਕੇ ਚੱਲ ਪਏ। ਰਾਜੇ ਦੇ ਪੁੱਤਰ ਨੇ ਭੇਦ ਨਾ ਸਮਝਿਆ। ਉਹ ਕੋਈ ਹੋਰ ਇਸਤ੍ਰੀ ਆਪਣੇ ਘਰ ਲੈ ਆਇਆ। ਦਾਈ ਬਹੁਤ ਖ਼ੁਸ਼ ਹੋਈ ਕਿ ਮੇਰੀ ਧੀ ਰਾਣੀ ਬਣ ਗਈ ਹੈ। ਰਾਜਕੁਮਾਰੀ ਸ਼ਾਹ ਦੇ ਪੁੱਤਰ ਨਾਲ ਖ਼ੁਸ਼ ਹੋ ਕੇ ਰਹਿਣ ਲੱਗੀ ਤੇ ਦਾਈ ਦੀ ਪੁੱਤਰੀ, ਪਾਲਕੀ ਵਿਚ ਬਿਠਾ ਕੇ ਰਾਜੇ ਦੇ ਪੁੱਤਰ ਨਾਲ ਭੇਜ ਦਿੱਤੀ।

## ੨੪੮ਵਾਂ ਚਰਿੱਤ੍ਰ : ਸ਼ਾਹ ਦੀ ਪੁੱਤਰੀ

ਇਕ ਚਿਤਰਥ ਨਾਮੀ ਰਾਜਾ ਸੀ ਜੋ ਬਹੁਤ ਮਸ਼ਹੂਰ ਸੀ। ਉਸ ਦੀ ਰਾਣੀ ਚਿਤਰ ਮੰਜਰੀ ਸੀ। ਉਸ ਦੇ ਚਾਰ ਪੁੱਤਰ ਸਨ—ਚਿਤਰਕੇਤ, ਬਚਿਤਰ ਧੁਜ, ਸਮੀ ਧੁਜ ਅਤੇ ਰਵੀ ਧੁਜ। ਉਸ ਸ਼ਹਿਰ ਵਿਚ ਇਕ ਨਵਲ ਨਾਮੀ ਸ਼ਾਹ ਰਹਿੰਦਾ ਸੀ। ਉਸ ਦੀ ਇਕ ਪੁੱਤਰੀ ਬਹੁਤ ਸੁੰਦਰ ਸੀ। ਰਾਜੇ ਦੇ ਚਾਰੇ ਪੁੱਤਰ ਉਸ ਲੜਕੀ ਉੱਤੇ ਮੋਹਿਤ ਹੋ ਗਏ। ਸ਼ਾਹ ਦੀ ਪੁੱਤਰੀ ਨੇ ਚਰਿੱਤ੍ਰ ਕਰਕੇ ਇਕੱਲੇ-ਇਕੱਲੇ ਨੂੰ ਸੱਦ ਕੇ ਸੰਦੂਕ ਵਿਚ ਬੰਦ ਕਰਾ ਕੇ, ਦਰਿਆ ਵਿਚ ਡੋਬ ਕੇ ਮਾਰ ਦਿੱਤੇ।

## ੨੪੯ਵਾਂ ਚਰਿੱਤ੍ਰ : ਵਲਿੱਖਣ ਮੰਜਰੀ

ਇਕ ਰਾਜਾ ਸੁਲੱਖਣ ਸੈਨ ਸੀ। ਵਲਿੱਖਣ ਮੰਜਰੀ ਉਸ ਦੀ ਸੁੰਦਰ ਇਸਤ੍ਰੀ ਸੀ। ਇਸ ਪਾਪਣ ਨੇ ਇਕ ਸ਼ਾਹ ਦੇ ਪੁੱਤਰ ਬਿਹਨਕੇਤ ਨੂੰ ਮਰਵਾ ਦਿੱਤਾ, ਕਿਉਂਕਿ ਉਸ ਨੇ ਆਪਣਾ ਧਰਮ ਨਹੀਂ ਛੱਡਿਆ। ਇਹ ਰਾਣੀ ਵਲਿੱਖਣ ਮੰਜਰੀ ਉਸ ਨੂੰ ਆਪਣਾ ਪਤੀ ਬਣਾਉਣਾ ਚਾਹੁੰਦੀ ਸੀ।

## ੨੫੦ਵਾਂ ਚਰਿੱਤ੍ਰ : ਭੁਜੰਗ ਮਤੀ

ਅਜੀਤ ਸਿੰਘ ਨਾਮ ਦਾ ਇਕ ਰਾਜਾ ਸੀ। ਉਸ ਦੀ ਇਸਤ੍ਰੀ ਦਾ ਨਾਮ ਅਜੀਤ ਮੰਜਰੀ ਸੀ। ਭੁਜੰਗ ਮਤੀ ਉਸ ਦੀ ਪੁੱਤਰੀ ਸੀ। ਉਥੇ ਇਕ ਸ਼ਾਹ ਦਾ ਪੁੱਤਰ ਰਹਿੰਦਾ ਸੀ। ਭੁਜੰਗ ਮਤੀ ਨੇ ਚਰਿੱਤ੍ਰ ਕਰ ਕੇ ਆਪਣੇ ਬਾਪ ਰਾਜੇ ਨੂੰ ਧੋਖਾ ਦਿੱਤਾ ਅਤੇ ਸ਼ਾਹ ਦੇ ਪੁੱਤਰ ਨੂੰ ਆਪਣਾ ਪਤੀ ਬਣਾਇਆ।

## ੨੫੧ਵਾਂ ਚਰਿੱਤ੍ਰ : ਜਲਜਾਛ

ਬਿਕਟ ਕਰਣ ਇਕ ਸ੍ਰੇਸ਼ਟ ਰਾਜਾ ਸੀ। ਉਸ ਦੀ ਰਾਣੀ ਦਾ ਨਾਮ ਮਕਰਾਛ ਕੁਮਾਰੀ ਸੀ। ਜਲਜਾਛ ਨਾਮੀ ਉਸ ਦੀ ਪੁੱਤਰੀ ਸੀ। ਕਲਪ ਬ੍ਰਿਛ ਧੁਜ ਇਕ ਰਾਜਾ ਸੀ ਜੋ ਬਹੁਤ ਸੋਹਣਾ

ਸੀ। ਰਾਜਕੁਮਾਰੀ ਇਕ ਦਿਨ ਬਾਗ਼ ਵਿਚ ਗਈ ਤੇ ਨਾਲ ਪੰਜਾਹ ਸਖੀਆਂ ਸਨ। ਕਲਪ ਬ੍ਰਿਛ ਧੁਜ ਨੂੰ ਵੇਖ ਕੇ ਲਲਚਾ ਗਈ। ਚਰਿੱਤ੍ਰ ਕਰਕੇ ਜਲਜਾਛ ਕੁਮਾਰੀ ਨੇ ਕਲਪ ਬ੍ਰਿਛ ਧੁਜ ਰਾਜੇ ਨੂੰ ਇਕ ਸਾਲ ਬੰਦ ਕਰਕੇ ਆਪਣੇ ਪਾਸ ਰੱਖਿਆ।

## ੨੫੨ਵਾਂ ਚਰਿੱਤ੍ਰ : ਸੁਖਮਤੀ

ਹੰਸ ਧੁਜਾ ਇਕ ਰਾਜਾ ਸੀ ਤੇ ਉਸ ਦੀ ਇਕ ਪੁੱਤਰੀ ਸੀ, ਜਿਸ ਦਾ ਨਾਮ ਸੁਖਮਤੀ ਸੀ। ਉਹ ਬਹੁਤ ਗਿਆਨਵਾਨ ਸੀ। ਨਾਗਰ ਕੁਮਾਰ ਇਕ ਰਾਜਾ ਸੀ। ਇਸ ਸੁਖਮਤੀ ਨੇ ਚਰਿੱਤ੍ਰ ਖੇਡ ਕੇ ਨਾਗਰ ਕੁਮਾਰ ਰਾਜੇ ਨੂੰ ਪਤੀ ਬਣਾਇਆ।

***ਮਨ ਭਾਵਤ ਪਾਵਤ ਪਤਿ ਭਈ॥ ਇਹ ਛਲ ਸੌ ਪਿਤੁ ਕਹ ਛਲਿ ਗਈ॥***

## ੨੫੩ਵਾਂ ਚਰਿੱਤ੍ਰ : ਜੀਓਮਤੀ

ਇਕ ਖੱਤਰਾਣੀ ਇਸਤ੍ਰੀ ਰਹਿੰਦੀ ਸੀ। ਲੋਕ ਉਸ ਨੂੰ ਜੀਓਮਤੀ ਕਹਿੰਦੇ ਸਨ। ਮਾਨਕ ਚੰਦ ਨਾਲ ਉਸ ਨੇ ਵਿਆਹ ਕਰਾਇਆ ਸੀ। ਜੀਓ ਮਤੀ ਨੇ ਆਪਣੀ ਨਨਾਣ ਨਾਲ ਸ਼ਰਤ ਲਾ ਕੇ ਆਪਣੇ ਪਤੀ ਨੂੰ ਬੁੱਧੂ ਬਣਾਇਆ।

***ਇਹ ਚਰਿਤ੍ਰ ਕਰਿ ਦ੍ਰਿਗਨ ਦਿਖਾਯੋ॥ ਇਹ ਛਲ ਸੌ ਵਹਿ ਤ੍ਰਿਯ ਭਹਕਾਯੋ॥੨੭॥***

## ੨੫੪ਵਾਂ ਚਰਿੱਤ੍ਰ : ਬਿਸ਼ਨ ਮਤੀ

ਇਕ ਪਾਤਰ ਕਲਾ ਨਾਮ ਦੀ ਵੇਸਵਾ ਸੀ। ਉਥੇ ਬਿਸ਼ਨ ਕੇਤ ਰਾਜਾ ਰਹਿੰਦਾ ਸੀ। ਉਸ ਦੀ ਘਰਵਾਲੀ ਦਾ ਨਾਮ ਬਿਸ਼ਨ ਮਤੀ ਸੀ। ਬਿਸ਼ਨ ਕੇਤ ਵੇਸਵਾ ਕੋਲ ਜਾਂਦਾ ਸੀ। ਬਿਸ਼ਨ ਮਤੀ ਨੇ ਵੇਸਵਾ ਨੂੰ ਧਨ ਦੇ ਕੇ, ਪਹਿਲਾਂ ਰਾਜਾ ਮਰਵਾ ਦਿੱਤਾ, ਫੇਰ ਆਪ ਵੇਸਵਾ ਨੂੰ ਮਾਰ ਕੇ ਰਾਜ ਆਪਣੇ ਪੁੱਤਰ ਨੂੰ ਦੇ ਦਿੱਤਾ।

## ੨੫੫ਵਾਂ ਚਰਿੱਤ੍ਰ : ਲਾਹੌਰ ਮਤੀ

ਗੁਜਰਾਤ ਵਿਚ ਬਹੁਤ ਸਾਰੀਆਂ ਜਾਤੀਆਂ ਦੇ ਲੋਕ ਰਹਿੰਦੇ ਸਨ। ਉਥੇ ਲਾਹੌਰ ਮਤੀ ਨਾਮ ਦੀ ਇਕ ਖੱਤਰਾਣੀ ਰਹਿੰਦੀ ਸੀ ਤੇ ਉਹ ਬਹੁਤ ਚਤਰ ਸੀ। ਇਸ ਵਿਭਚਾਰਨ ਲਾਹੌਰ ਮਤੀ ਨੇ ਆਪਣੇ ਘਰਵਾਲੇ ਨੂੰ ਬੁੱਧੂ ਬਣਾਇਆ ਇਸ ਚਰਿੱਤ੍ਰ ਵਿਚ ਦੱਸਿਆ ਹੈ।

## ੨੫੬ਵਾਂ ਚਰਿੱਤ੍ਰ : ਸੱਤ ਕੁਮਾਰੀਆਂ

ਇਕ ਰਾਜਾ ਜਿਸ ਦਾ ਨਾਮ ਅਘਟ ਸਿੰਘ ਸੀ। ਉਸ ਦੀ ਰਾਣੀ ਦਾ ਨਾਮ ਚਿਤਰ ਮੰਜਰੀ

ਸੀ। ਅਘਟ ਸਿੰਘ ਜੋ ਸ਼ਿਕਾਰ ਖੇਡਣ ਦਾ ਬੜਾ ਸ਼ੌਕੀਨ ਸੀ, ਇਕ ਦਿਨ ਸ਼ਿਕਾਰ ਖੇਡਣ ਗਿਆ ਰਾਜਾ ਉਥੇ ਪਹੁੰਚਿਆ, ਜਿਥੇ ਜੰਗਲ ਵਿਚ ਇਸ ਨੂੰ ਸੱਤ ਕੁਮਾਰੀਆਂ ਨੇ ਛਲਿਆ।

*ਇਹ ਛਲ ਸੌ ਰਾਜਾ ਛਲਾ, ਸਪਤ ਕੁਅਰਿ ਤਿਹ ਠੌਰ॥*

## ੨੫੭ਵਾਂ ਚਰਿੱਤ੍ਰ : ਅਲਿਗੁੰਜ ਮਤੀ

ਪੁਸ਼ਪਾਵਤੀ ਨਗਰ ਦਾ ਨੀਲਕੇਤ ਰਾਜਾ ਸੀ। ਬਚਿੱਤਰ ਮੰਜਰੀ ਉਸ ਦੀ ਰਾਣੀ ਸੀ ਤੇ ਅਲਿਗੁੰਜ ਮਤੀ ਉਸ ਦੀ ਪੁੱਤਰੀ ਸੀ। ਮਣੀ ਤਿਲਕ ਕੁਮਾਰ ਇਕ ਰਾਜਾ ਸੀ, ਉਸ ਦਾ ਰਾਜ ਭਾਗ ਬੜਾ ਵਿਸ਼ਾਲ ਸੀ। ਇਸ ਰਾਜੇ ਨੇ ਅਲਿਗੁੰਜ ਮਤੀ ਨੂੰ ਪਾਉਣ ਲਈ ਸਾਧੂ ਦਾ ਰੂਪ ਧਾਰਨ ਕੀਤਾ ਦੱਸਿਆ ਹੈ।

*ਰਾਜ ਸਾਜ ਸਭ ਤਯਾਗਿ ਕਰਿ, ਭੇਖ ਅਤਿਥ ਬਨਾਇ॥*
*ਤਵਨਿ ਝਰੋਖਾ ਕੇ ਤਰੇ, ਬੈਠ੍ਯੋ ਧੂੰਆਂ ਲਾਇ॥ ੨੨॥*

## ੨੫੮ਵਾਂ ਚਰਿੱਤ੍ਰ : ਹੰਸ ਮਤੀ

ਹੰਸ ਧੁਜ ਇਕ ਰਾਜਾ ਸੀ। ਕੇਸਤੋਮਾ ਨਾਮੀ ਉਸ ਦੀ ਇਸਤ੍ਰੀ ਸੀ। ਇਹਨਾਂ ਦੇ ਘਰ ਹੰਸ ਮਤੀ ਨਾਮ ਦੀ ਇਕ ਪੁੱਤਰੀ ਸੀ। ਇਸ ਹੰਸ ਮਤੀ ਪਾਪਣ ਨੇ ਇਕ ਰਾਜਕੁਮਾਰ ਨੂੰ ਮਾੜੇ ਕਰਮ ਲਈ ਕਿਹਾ, ਤਾਂ ਉਸ ਨੇ ਕਿਹਾ :

*ਜਬ ਤੇ ਕ੍ਰਿਪਾਨੰਦ ਮੁਹਿ ਜਾਯੋ॥ ਇਹੈ ਮਿਸ੍ਰ ਉਪਦੇਸ਼ ਬਤਾਯੋ॥ ੧੧॥*
*ਦੋਹਰਾ : ਪਰ ਨਾਰੀ ਕੀ ਸੇਜ ਪਰ, ਭੂਲਿ ਨ ਦੀਜਹੁ ਪਾਇ॥*

(ਸ੍ਰੀ ਦਸਮ ਗ੍ਰੰਥ, ਅੰਗ ੧੧੮੩)

ਇਸ ਪਾਪਣ ਨੇ ਰਾਜਕੁਮਾਰ ਦਾ ਸਿਰ ਕੱਟ ਸੁੱਟਿਆ ਅਤੇ ਚੰਗਾ ਉਪਦੇਸ਼ ਦੇਣ ਵਾਲੇ ਬ੍ਰਾਹਮਣ ਨੂੰ ਵੀ ਆਪਣੇ ਬਾਪ ਤੋਂ ਫਾਂਸੀ ਦਿਵਾ ਕੇ ਮਰਵਾ ਦਿੱਤਾ।

## ੨੫੯ਵਾਂ ਚਰਿੱਤ੍ਰ : ਮ੍ਰਿਗਰਾਜ ਕਲਾ

ਇਕ ਰਾਜਾ ਸ਼ਿਵ ਧੁਜ ਸੀ ਤੇ ਮ੍ਰਿਗਰਾਜ ਕਲਾ ਉਸ ਰਾਜੇ ਦੀ ਇਸਤ੍ਰੀ ਸੀ। ਉਸ ਦੇ ਘਰ ਦੋ ਪੁੱਤਰ ਪੈਦਾ ਹੋਏ ਤਾਂ ਪਹਿਲੇ ਦਾ ਨਾਮ ਬ੍ਰਿਖਕੇਤ ਤੇ ਦੂਜੇ ਦਾ ਨਾਮ ਬਿਆਘਰਕੇਤ ਰੱਖਿਆ ਸੀ। ਮ੍ਰਿਗਰਾਜ ਕਲਾ ਪਾਪਣ ਨੇ ਮੰਦ ਵਾਸ਼ਨਾ ਆਪਣੇ ਛੋਟੇ ਪੁੱਤਰ ਪ੍ਰਤੀ ਮਨ ਵਿਚ ਧਾਰ ਕੇ, ਆਪਣੇ ਪਤੀ ਰਾਜੇ ਨੂੰ ਤੇ ਵੱਡੇ ਪੁੱਤਰ ਨੂੰ ਮਾਰ ਕੇ ਫੇਰ ਛੋਟੇ ਪੁੱਤਰ ਨੂੰ ਰਾਜ ਦੇ ਕੇ ਆਪਣੀ ਇੱਛਾ ਪੂਰੀ ਕੀਤੀ।

## ੨੬੦ਵਾਂ ਚਰਿੱਤ੍ਰ : ਕਛਰਾਜ ਮਤੀ

ਮਤਸਕਰਣ ਰਾਜਾ ਸੀ ਤੇ ਉਸ ਦੀ ਕਛਰਾਜ ਮਤੀ ਇਸਤ੍ਰੀ ਸੀ। ਰਾਜਾ ਸ਼ਿਵਜੀ ਦਾ ਉਪਾਸ਼ਕ ਸੀ। ਰਾਣੀ ਸ਼ਿਵ ਉਪਾਸ਼ਨਾ ਦੇ ਬਹਾਨੇ ਨਾਲ ਘਰੋਂ ਚੱਲੀ ਗਈ।

## ੨੬੧ਵਾਂ ਚਰਿੱਤ੍ਰ : ਮਾਸ਼ੂਕ ਮਤੀ

ਅਹਿਧੁਜ ਇਕ ਮਹਾਨ ਰਾਜਾ ਸੀ। ਉਸ ਦੀ ਰਾਣੀ ਮਾਸ਼ੂਕ ਮਤੀ ਸੀ। ਉਸ ਦੇ ਘਰ ਪੁੱਤਰ ਨਹੀਂ ਸੀ। ਉਹ ਹਰ ਵੇਲੇ ਚਿੰਤਾ ਵਿਚ ਰਹਿੰਦੀ ਸੀ। ਇਸ ਪਾਪਣ ਮਾਸ਼ੂਕ ਮਤੀ ਨੇ ਪੁੱਤਰ ਦੀ ਇੱਛਾ ਕਰਦਿਆਂ, ਇਕ ਮਨੁੱਖ ਨੂੰ ਮਾਰ ਕੇ ਉਸ ਥੱਲੇ ਇਸ਼ਨਾਨ ਕੀਤਾ ਤੇ ਰਾਜੇ ਨੂੰ ਕਿਹਾ ਕਿ ਮੈਂ ਪੁੱਤਰ ਦੀ ਪ੍ਰਾਪਤੀ ਲਈ ਇਹ ਕੁਝ ਕੀਤਾ ਹੈ।

## ੨੬੨ਵਾਂ : ਮਾਸ਼ੂਕ ਮਤੀ

ਇੰਦਰ ਧਵਜ ਇਕ ਮਹਾਨ ਰਾਜਾ ਸੀ। ਇਸ ਦੀ ਰਾਣੀ ਦਾ ਨਾਮ ਕਿਲਮਾਕ ਮਤੀ ਸੀ। ਉਸ ਦੀ ਇਕ ਪੁੱਤਰੀ ਸੀ, ਜਿਸ ਦਾ ਨਾਮ ਮਾਸ਼ੂਕ ਮਤੀ ਸੀ। ਮਾਸ਼ੂਕ ਮਤੀ ਨੇ ਇਕ ਆਦਮੀ, ਜਿਸ ਨੂੰ ਕੀਲ ਕੇ ਆਪਣਾ ਪਤੀ ਬਣਾ ਲਿਆ ਹੈ, ਪਰ ਉਸ ਦਾ ਬਾਪ ਪੁੱਤਰ ਦੇ ਵਿਛੋੜੇ ਵਿਚ ਫ਼ਕੀਰ ਬਣ ਗਿਆ ਦੱਸਿਆ ਹੈ।

## ੨੬੩ਵਾਂ ਚਰਿੱਤ੍ਰ : ਨਾਗਰ ਮਤੀ

ਅਜੈ ਚੰਦਰ ਨਾਮ ਦਾ ਇਕ ਰਾਜਾ ਸੀ। ਉਸ ਦੀ ਰਾਣੀ ਦਾ ਨਾਮ ਨਾਗਰ ਮਤੀ ਸੀ। ਰਾਜੇ ਦਾ ਇਕ ਭਰਾ ਸੀ, ਜਿਸ ਦਾ ਨਾਮ ਯੁੱਧਕਰਨ ਸੀ। ਇਸ ਨੂੰ ਨਾਗਰ ਮਤੀ ਨੇ ਮਰਵਾ ਦਿੱਤਾ ਸੀ।

*ਦੋਹਰਾ॥ ਇਹ ਛਲ ਸੌ ਰਾਜਾ ਛਲਾ, ਜੁੱਧਕਰਨ ਕੌ ਘਾਇ॥*
*ਤ੍ਰਿਯ ਚਰਿੱਤ੍ਰ ਕੌ ਮੂੜ ਕਛੁ, ਭੇਵ ਸਕਾ ਨਹਿ ਪਾਇ॥ ੧੭॥*

## ੨੬੪ਵਾਂ ਚਰਿੱਤ੍ਰ : ਬਿਰਹਾ ਕੁਮਾਰੀ

ਇਕ ਰਾਜਾ ਵਲਿਖਣ ਸੈਨ ਸੀ ਅਤੇ ਉਸ ਦੀ ਇਸਤ੍ਰੀ ਦਾ ਨਾਮ ਸੁਲੱਖਣ ਮਤੀ ਸੀ। ਉਸ ਦੀ ਇਕ ਪੁੱਤਰੀ ਸੀ, ਜਿਸ ਦਾ ਨਾਮ ਬਿਰਹਾ ਕੁਮਾਰੀ ਸੀ। ਬਿਰਹਾ ਕੁਮਾਰੀ ਨੇ ਪਰੀਆਂ ਰਾਹੀਂ ਦਲੀਪ ਸਿੰਘ ਨੂੰ ਆਪਣੇ ਪਾਸ ਮੰਗਾ ਕੇ ਆਪਣਾ ਪਤੀ ਬਣਾਇਆ।

## ੨੬੫ਵਾਂ ਚਰਿੱਤ੍ਰ : ਪ੍ਰਕਿਤ ਮਤੀ

ਇਕ ਚਿਤਰ ਨਾਥ ਨਾਮੀ ਰਾਜਾ ਸੀ ਤੇ ਉਸ ਦੀ ਪਟਰਾਣੀ ਪ੍ਰਕਿਤ ਮਤੀ ਸੀ। ਚਿਤਰ ਕੋਚ ਨਾਮੀ ਇਕ ਹੋਰ ਰਾਜਾ ਸੀ ਜੋ ਢਾਕਾ ਸ਼ਹਿਰ ਵਿਚ ਰਹਿੰਦਾ ਸੀ। ਪ੍ਰਕਿਤ ਮਤੀ ਰਾਣੀ ਨੇ ਛਲ ਕਰ ਕੇ ਆਪਣੇ ਯਾਰ ਚਿਤਰ ਕੋਚ ਰਾਜਕੁਮਾਰ ਨੂੰ ਚਿਤਰ ਨਾਥ ਰਾਜੇ ਤੋਂ ਬਚਾਅ ਲਿਆ।

## ੨੬੬ਵਾਂ ਚਰਿੱਤ੍ਰ : ਰਣਖੰਭ ਕਲਾ

ਸੁਮਤ ਸੈਨ ਇਕ ਮਹਾਨ ਰਾਜਾ ਸੀ, ਜਿਸ ਦੀ ਘਰਵਾਲੀ ਧਰਮ ਮਤੀ ਨਾਮੀ ਰਾਣੀ ਸੀ ਅਤੇ ਰਣਖੰਭ ਕਲਾ ਇਸ ਦੀ ਪੁੱਤਰੀ ਸੀ। ਇਸ ਦੇ ਚਾਰ ਭਰਾ ਸਨ। ਚਾਰੇ ਹੀ ਸੂਰਬੀਰ ਜੋਧੇ, ਸ਼ਾਸਤ੍ਰ ਵਿਦਿਆ ਵਿਚ ਨਿਪੁੰਨ ਸਨ ਅਤੇ ਦੁਸ਼ਮਣਾਂ ਦਾ ਮਲੀਆਮੇਟ ਕਰਨ ਵਾਲੇ ਸਨ। ਇਹ ਚਾਰੇ— ਦੁਲ ਧੁਜ, ਨਾਹਰ ਧੁਜ, ਸਿੰਘ ਕੇਤ ਅਤੇ ਹਰੀ ਕੇਤ ਨਾਮੀ ਭਰਾ ਸਨ। ਇਨ੍ਹਾਂ ਦੇ ਪਿਤਾ ਨੇ ਪੜ੍ਹਾਈ ਵਾਸਤੇ ਇਕ ਬ੍ਰਾਹਮਣ ਨੂੰ ਬੁਲਾਇਆ, ਜੋ ਕਿ ਸਾਰੀ ਵਿੱਦਿਆ ਦਾ ਜਾਣੂੰ ਸੀ। ਉਸ ਨੂੰ ਬਹੁਤ ਧਨ ਦੌਲਤ ਦਿੱਤਾ ਤੇ ਆਖਿਆ, ਮੇਰੇ ਬੱਚਿਆਂ ਨੂੰ ਵਿਦਿਆ ਪੜ੍ਹਾਉ। ਚਾਰੇ ਭਰਾ ਤੇ ਪੰਜਵੀਂ ਭੈਣ, ਪਾਂਧੇ ਨੂੰ ਗੁਰੂ ਮੰਨ ਕੇ ਸਿਰ ਝੁਕਾਉਂਦੇ ਸਨ ਤੇ ਵਿੱਦਿਆ ਪੜ੍ਹਦੇ ਸਨ। ਇਕ ਦਿਨ ਕੁਮਾਰੀ ਪਹਿਲਾਂ ਚੱਲੀ ਗਈ ਤੇ ਪਾਂਧੇ ਨੂੰ ਸਿਰ ਝੁਕਾਇਆ। ਉਸ ਸਮੇਂ ਬ੍ਰਾਹਮਣ ਸਾਲਗ ਰਾਮ ਠਾਕਰ ਦੀ ਪੂਜਾ ਕਰ ਰਿਹਾ ਸੀ। ਇਸ ਨੇ ਪੰਡਿਤ ਨੂੰ ਸੁਆਲ ਕੀਤਾ, ਤੁਸੀਂ ਪੱਥਰ ਦੀ ਪੂਜਾ ਕਿਉਂ ਕਰਦੇ ਹੋ ? ਕਿਉਂ ਸਿਰ ਝੁਕਾਉਂਦੇ ਹੋ ਅਤੇ ਇਸ ਅੱਗੇ ਕਿਉਂ ਹੱਥ ਜੋੜਦੇ ਹੋ ? ਬ੍ਰਾਹਮਣ ਨੇ ਕਿਹਾ, ਇਹ ਪੱਥਰ ਨਹੀਂ, ਸਾਲਗ ਰਾਮ ਹੈ। ਇਸ ਨੂੰ ਵੱਡੇ-ਵੱਡੇ ਰਾਜੇ ਮੱਥਾ ਟੇਕਦੇ ਹਨ। ਰਣਖੰਭ ਕਲਾ ਨੇ ਕਿਹਾ, ਉਹ ਲੋਕ ਮੂਰਖ ਹਨ, ਜਿਹੜੇ ਮੂਰਤੀ ਦੀ ਪੂਜਾ ਕਰਦੇ ਹਨ। ਤੁਸੀਂ ਵਾਹਿਗੁਰੂ ਦੀ ਪੂਜਾ ਕਰੋ, ਉਹ ਪਰਮੇਸ਼ਰ ਸਾਰਿਆਂ ਵਿਚ ਵੱਸਦਾ ਹੈ।

***ਬਿਜੈ ਛੰਦ॥***

*ਕਾਗਜ਼ ਦੀਪ ਸਭੈ ਕਰਿਕੈ, ਅਰ ਸਾਤ ਸਮੁਦ੍ਰਨ ਕੀ ਮਸ ਕੈਯੈ॥*
*ਕਾਟਿ ਬਨਾਸਪਤੀ ਸਿਗਰੀ, ਲਿਖਬੇ ਹੂਕੌ ਲੇਖਨ ਕਾਰ ਬਨੈਯੈ॥*
*ਸਾਰਸ੍ਵਤੀ ਬਕਤਾ ਕਰਿਕੈ, ਸਭ ਜੀਵਨ ਤੇ ਜੁਗ ਸਾਠਿ ਲਿਖੈਯੈ॥*
*ਜੋ ਪ੍ਰਭੁ ਪਾਯਤੁ ਹੈ ਨਹਿ ਕੈਸਿਹੂ, ਸੋ ਜੜ ਪਾਹਨ ਮੈ ਠਹਰੈਯੈ॥*

ਯਥਾ :

*ਮਾਟੀ ਕੌ ਸੀਸ ਨਿਵਾਵਤ ਹੈ ਜੜ, ਯਾਤੇ ਕਹੇ ਤੁਹਿ ਕਾ ਸਿਧਿ ਐਹੈ॥*
*ਜੌਨ ਰਿਝਾਇ ਲਯੋ ਜਗ ਕੌ, ਤਵ ਚਾਵਰ ਡਾਰਤ ਰੀਝਿ ਨ ਜੈਹੈ॥*

*ਧੂਪ ਜਗਾਇਕੈ ਸੰਖ ਬਜਾਇ, ਸੁ ਫੂਲਨ ਕੀ ਬਰਖਾ ਬਰਖੈ ਹੈ॥*
*ਅੰਤ ਉਪਾਇ ਕੈ ਹਾਰਿ ਹੈਂ ਰੇ ਪਸੁ, ਪਾਹਨ ਮੈ ਪਰਮੇਸ੍ਰ ਨ ਪੈਹੈ॥ ੫੬॥*

(ਸ੍ਰੀ ਦਸਮ ਗ੍ਰੰਥ, ਅੰਗ ੧੨੦੪)

ਮੂਰਖ ਪੰਡਿਤਾ ! ਤੂੰ ਪੱਥਰ ਦੀ ਪੂਜਾ ਕਰਦਾ ਹੈਂ। ਤੂੰ ਰਾਜਕੁਮਾਰਾਂ ਨੂੰ ਵਿਦਿਆ ਪੜ੍ਹਾ, ਮੈਂ ਤੇਰੀ ਵਿੱਦਿਆ ਤੋਂ ਐਵੇਂ ਚੰਗੀ ਹਾਂ। ਜੇ ਤੁਹਾਡੇ ਮੰਤਰਾਂ ਤੰਤਰਾਂ ਵਿਚ ਸ਼ਕਤੀ ਹੁੰਦੀ ਤਾਂ ਤੁਸੀਂ ਰਾਜੇ ਨਾ ਬਣ ਜਾਂਦੇ। ਤੁਸੀਂ ਮੰਗਦੇ ਫਿਰਦੇ ਹੋ। ਪੰਡਿਤ ਗ਼ੁੱਸੇ ਵਿਚ ਆ ਕੇ ਕੁਮਾਰੀ ਨੂੰ ਫਿਟਕਾਰਨ ਲੱਗਾ। ਆਪਸ ਵਿਚ ਦੋਵਾਂ ਦਾ ਝਗੜਾ ਹੋ ਗਿਆ। ਰਾਜਕੁਮਾਰੀ ਨੇ ਕਿਹਾ, ਰਾਮ ਚੰਦਰ, ਕ੍ਰਿਸ਼ਨ, ਬ੍ਰਹਮਾ, ਵਿਸ਼ਨੂੰ, ਸ਼ਿਵਜੀ, ਸੂਰਜ, ਚੰਦ੍ਰਮਾ ਇਹ ਤਾਂ ਸਾਰੇ ਅਕਾਲ ਪੁਰਖ ਦਾ ਪਾਣੀ ਭਰਦੇ ਹਨ। ਵਕਤ ਵਕਤ ਨਾਲ ਆਏ ਹਨ ਤੇ ਕਾਲ ਨੇ ਸਭ ਨੂੰ ਮਾਰ ਦਿੱਤਾ ਹੈ। ਰਾਜਕੁਮਾਰੀ ਨੇ ਕਿਹਾ, ਜਿਹੜਾ ਇਕ ਰਾਕਸ਼ਨੀ ਦੇ ਸਰਾਪ ਨਾਲ ਪੱਥਰ ਬਣਿਆ ਹੈ, ਉਸ ਨੂੰ ਪ੍ਰਮੇਸ਼ਰ ਕਹਿੰਦਾ ਹੈਂ, ਤੈਨੂੰ ਸ਼ਰਮ ਨਹੀਂ ਆਉਂਦੀ। ਪੰਡਿਤ ਖਲੋ ਕੇ ਬੁੜ-ਬੁੜ ਕਰਦਾ ਰਿਹਾ। ਪੰਡਿਤ ਨੇ ਰਾਜਕੁਮਾਰੀ ਨੂੰ ਕਿਹਾ, ਮੈਂ ਤੈਨੂੰ ਰਾਜੇ ਪਾਸ ਜਾ ਕੇ ਬੰਨ੍ਹ ਕੇ ਮਰਵਾਊਂਗਾ। ਰਾਜਕੁਮਾਰੀ ਨੇ ਪੰਡਿਤ ਨੂੰ ਫੜ ਕੇ ਨਦੀ ਵਿਚ ਸੁੱਟ ਕੇ ਗੋਤੇ ਲਵਾਏ ਅਤੇ ਚੰਗੀ ਤਰ੍ਹਾਂ ਪਵਿੱਤ੍ਰ ਕੀਤਾ। ਰਾਜਕੁਮਾਰੀ ਨੇ ਕਿਹਾ, ਮੈਂ ਰਾਜੇ ਪਾਸ ਜਾਂਦੀ ਹਾਂ ਤੇ ਮੈਂ ਕਹਾਂਗੀ ਕਿ ਮੈਨੂੰ ਪੰਡਿਤ ਨੇ ਹੱਥ ਪਾਇਆ ਹੈ ਤੇ ਮੈਂ ਤੇਰੇ ਦੋਵੇਂ ਹੱਥ ਵਢਾਊਂਗੀ। ਇਹ ਗੱਲ ਸੁਣ ਕੇ ਪੰਡਿਤ ਡਰ ਗਿਆ ਤੇ ਪੈਰੀ ਪੈ ਗਿਆ। ਪੰਡਿਤ ਕਹਿਣ ਲੱਗਾ, ਜੋ ਕੁਝ ਤੂੰ ਕਹੇਂਗੀ, ਮੈਂ ਉਹੀ ਕਰੂੰਗਾ। ਪੰਡਿਤ ਨੇ ਕਿਹਾ, ਹੁਣ ਮੈਂ ਪੱਥਰ ਦੀ ਪੂਜਾ ਨਹੀਂ ਕਰੂੰਗਾ ਅਤੇ ਅਕਾਲ ਪੁਰਖ ਪ੍ਰਮਾਤਮਾ ਦੀ ਸੇਵਾ ਕਰੂੰਗਾ। ਪੱਥਰ ਨਦੀ ਵਿਚ ਰੋੜ ਦਿੱਤਾ। ਕਿਸੇ ਦੇ ਕੰਨੀਂ ਗੱਲ ਭੋਰਾ ਜਿੰਨੀ ਨਾ ਪਈ। ਰਾਜਕੁਮਾਰੀ ਨੇ ਇਹ ਛਲ ਕਰਕੇ ਉਸ ਪੰਡਿਤ ਨੂੰ ਛਲਿਆ ਤੇ ਅਕਾਲ ਪੁਰਖ ਦੀ ਪੂਜਾ ਕਰਵਾਈ। ਪੰਡਿਤ ਨੂੰ ਅਕਾਲ ਪੁਰਖ ਦਾ ਉਪਾਸ਼ਕ ਬਣਾਇਆ।

## ੨੬੭ਵਾਂ ਚਰਿੱਤ੍ਰ : ਤੁਰਕ ਇਸਤ੍ਰੀ

ਰੂਪਸੈਨ ਇਕ ਬਲਵਾਨ ਤੇ ਵਿਲੱਖਣ ਰੂਪ ਵਾਲਾ ਰਾਜਾ ਸੀ। ਉਸ ਦੀ ਇਸਤ੍ਰੀ ਦਾ ਨਾਮ ਸਕਲ ਮਤੀ ਸੀ। ਉਥੇ ਇਕ ਕਾਜ਼ੀ ਦੀ ਘਰਵਾਲੀ ਸੀ। ਕਾਜ਼ੀ ਦੀ ਘਰਵਾਲੀ ਰਾਜੇ 'ਤੇ ਮੋਹਿਤ ਹੋ ਗਈ। ਰਾਜਾ ਉਸ ਇਸਤ੍ਰੀ ਨੂੰ ਕਹਿਣ ਲੱਗਾ, ਪਹਿਲਾਂ ਤੂੰ ਆਪਣੇ ਘਰਵਾਲੇ ਕਾਜ਼ੀ ਨੂੰ ਮਾਰ ਕੇ ਆ। ਇਸਤ੍ਰੀ ਨੇ ਉਸੇ ਵੇਲੇ ਕਾਜ਼ੀ ਦਾ ਗਲ ਕੱਟ ਕੇ ਰਾਜੇ ਪਾਸ ਲੈ ਗਈ। ਰਾਜਾ ਕਹਿੰਦਾ ਹੈ, ਤੂੰ ਪਾਪਣ ਹੈਂ। ਜੇ ਤੂੰ ਆਪਣਾ ਪਤੀ ਮਾਰ ਸਕਦੀ ਹੈਂ ਤਾਂ ਮੈਨੂੰ ਕਦ ਬਖ਼ਸ਼ੇਂਗੀ ? ਇਥੋਂ ਚੱਲੀ ਜਾਹ। ਜਿਹੜੀ ਇਸਤ੍ਰੀ ਮੇਰੇ ਪਿੱਛੇ ਲੱਗ ਕੇ ਆਪਣਾ ਪਤੀ ਮਾਰ ਸਕਦੀ ਹੈ, ਉਹ ਇਸਤ੍ਰੀ ਨਹੀਂ। ਇਸ ਤਰ੍ਹਾਂ ਦੀਆਂ ਗੱਲਾਂ ਰਾਜੇ ਤੋਂ ਸੁਣ ਕੇ ਕਾਜ਼ੀ ਦਾ ਸਿਰ ਉਥੇ ਸੁੱਟ ਆਈ।

ਚਰਿੱਤ੍ਰ ਕੀਤਾ ਤੇ ਹੁਣ ਰਾਜੇ ਦੀ ਸ਼ਾਮਤ ਆਈ ਅਤੇ ਘਰ ਜਾ ਕੇ ਲੋਕਾਂ ਨੂੰ ਉੱਚੀ-ਉੱਚੀ ਰੌਲਾ ਪਾ ਕੇ ਦੱਸਣ ਲੱਗੀ। ਦਿਨ ਚੜ੍ਹਿਆ ਤਾਂ ਕਾਜ਼ੀ, ਮੁੱਲ੍ਹਾਂ ਆਦਿ ਸਾਰਿਆਂ ਨੂੰ ਆਪਣੇ ਪਤੀ ਕਾਜ਼ੀ ਦੀ ਲਾਸ਼ ਵਿਖਾਈ। ਤੁਰ ਪਈ ਉਧਰ, ਜਿਧਰ ਲਹੂ ਡਿੱਗਦਾ ਜਾਂਦਾ ਸੀ। ਖੜੇ ਹੋ ਗਏ ਸਾਰੇ, ਜਿਥੇ ਕਾਜ਼ੀ ਦਾ ਸਿਰ ਸੁੱਟਿਆ ਸੀ। ਸਾਰਿਆਂ ਨੇ ਵੇਖਿਆ ਉਥੇ ਸਿਰ ਪਿਆ ਸੀ। ਮੁੱਲ੍ਹਾਂ ਕਾਜ਼ੀ ਆਖਣ ਲੱਗੇ, ਰਾਜੇ ਨੇ ਸਿਰ ਵੱਢਿਆ ਹੈ। ਬਾਦਸ਼ਾਹ ਜਹਾਂਗੀਰ ਨੂੰ ਸਾਰੀ ਗੱਲ ਦੱਸੀ। ਰਾਜੇ ਨੂੰ ਫੜ ਕੇ, ਉਸ ਇਸਤ੍ਰੀ ਦੇ ਹਵਾਲੇ ਕਰ ਦਿੱਤਾ। ਉਹ ਰਾਜੇ ਨੂੰ ਮਾਰਨ ਵਾਸਤੇ ਲੈ ਗਈ ਅਤੇ ਰਾਜੇ ਤੋਂ ਈਨ ਮਨਾ ਕੇ ਉਸ ਦੇ ਘਰ ਉਸ ਦੀ ਪਤਨੀ ਬਣ ਕੇ ਰਹੀ। ਅਸਲ ਭੇਦ ਕੋਈ ਨਾ ਸਮਝ ਸਕਿਆ।

## ੨੬੮ਵਾਂ ਚਰਿੱਤ੍ਰ : ਚੰਪਕਲਾ

ਇਕ ਰਾਜਾ ਚੰਪਤ ਰਾਇ ਸੀ। ਉਸ ਦੀ ਇਸਤ੍ਰੀ ਦਾ ਨਾਮ ਚੰਪਾਵਤੀ ਸੀ ਅਤੇ ਇਕ ਉਹਨਾਂ ਦੀ ਪੁੱਤਰੀ ਸੀ, ਜਿਸ ਦਾ ਨਾਮ ਚੰਪਕਲਾ ਸੀ। ਚੰਪਕਲਾ ਨੇ ਆਪਣੇ ਬਾਪ ਨੂੰ ਚਰਿੱਤ੍ਰ ਕਰਕੇ ਛਲਿਆ।

## ੨੬੯ਵਾਂ ਚਰਿੱਤ੍ਰ : ਝਖਕੇਤ ਮਤੀ

ਇਕ ਰਾਜਾ ਮੀਨਕੇਤ ਸੀ ਤੇ ਉਸ ਦੀ ਰਾਣੀ ਦਾ ਨਾਮ ਮਿਤਰ ਮਤੀ ਸੀ। ਉਸ ਦੀ ਪੁੱਤਰੀ ਦਾ ਨਾਮ ਝਖਕੇਤ ਮਤੀ ਸੀ। ਝਖਕੇਤ ਮਤੀ ਚਰਿੱਤ੍ਰ ਖੇਡ ਕੇ, ਇਕ ਸ਼ਾਹ ਦੇ ਪੁੱਤਰ ਨਾਲ ਚੱਲੀ ਗਈ।

## ੨੭੦ਵਾਂ ਚਰਿੱਤ੍ਰ : ਪੂਰਬ ਦੇਵੀ

ਇਕ ਰਾਣੀ ਜਿਸ ਦਾ ਨਾਮ ਪੂਰਬ ਦੇਵੀ ਸੀ ਤੇ ਰਾਜੇ ਦਾ ਨਾਮ ਪੂਰਬ ਸੈਨ ਸੀ। ਉਥੇ ਇਕ ਸ਼ਾਹ ਦਾ ਪੁੱਤਰ ਰਹਿੰਦਾ ਸੀ। ਪੂਰਬ ਦੇਵੀ ਨੇ ਰਾਜੇ ਨੂੰ ਮੂਰਖ ਬਣਾ ਕੇ ਸ਼ਾਹ ਦੇ ਪੁੱਤਰ ਨੂੰ ਖੁਸਰਾ ਦੱਸ ਕੇ ਆਪਣੇ ਘਰ ਰੱਖ ਲਿਆ।

## ੨੭੧ਵਾਂ ਚਰਿੱਤ੍ਰ : ਬਿਲਾਸ ਮਤੀ

ਸਮਰਸੈਨ ਰਾਜਾ ਸੀ ਤੇ ਉਸ ਦੀ ਇਸਤ੍ਰੀ ਦਾ ਨਾਮ ਬਿਲਾਸ ਮਤੀ ਸੀ। ਬਿਲਾਸ ਮਤੀ ਨੇ ਇਕ ਸੰਨਿਆਸੀ ਨੌਜੁਆਨ ਨੂੰ ਯਾਰ ਬਣਾ ਕੇ ਘਰ ਰੱਖਣਾ ਕੀਤਾ।

*ਤਿਹ ਇਕ ਛੈਲ ਪੁਰੀ ਸੰਨਜਾਸੀ॥ ਤਿਹ ਪੁਰ ਮੱਦ੍ਰ ਦੇਸ ਕੌ ਬਾਸੀ॥*

## ੨੭੨ਵਾਂ ਚਰਿੱਤ੍ਰ : ਸੁਗੰਧ ਮਤੀ

ਸੁਗੰਧ ਸੈਨ ਰਾਜਾ ਜਿਹੜਾ ਗੰਧਾਗਰ ਪਰਬਤ 'ਤੇ ਰਹਿੰਦਾ ਸੀ, ਉਸ ਦੀ ਰਾਣੀ ਦਾ ਨਾਮ ਸੁਗੰਧ ਮਤੀ ਸੀ। ਇਕ ਬੀਰਕਰਨ ਨਾਮੀ ਮਸ਼ਹੂਰ ਸ਼ਾਹ ਸੀ। ਸੁਗੰਧ ਮਤੀ ਅਤੇ ਬੀਰਕਰਨ ਸ਼ਾਹ ਨੇ ਰਲ ਕੇ, ਚਰਿੱਤ੍ਰ ਖੇਡ ਕੇ ਰਾਜੇ ਨੂੰ ਛਲਿਆ। ਬੀਰਕਰਨ ਸ਼ਾਹ ਨੇ ਬ੍ਰਾਹਮਣ ਦਾ ਰੂਪ ਧਾਰ ਕੇ, ਰਾਜੇ ਪਾਸੋਂ ਰਾਣੀ ਦਾਨ ਕਰਾ ਕੇ ਲੈ ਲਈ।

## ੨੭੩ਵਾਂ ਚਰਿੱਤ੍ਰ ਸੁਕ੍ਰਿਤ ਮੰਜਰੀ

ਸੁਕ੍ਰਿਤ ਸੈਨ ਇਕ ਰਾਜਾ ਸੀ ਤੇ ਸੁਕ੍ਰਿਤ ਮੰਜਰੀ ਉਸ ਦੀ ਇਸਤ੍ਰੀ ਸੀ। ਇਸ ਪਾਪਣ ਨੇ ਆਪਣੀ ਹਵਸ ਪੂਰੀ ਕਰਨ ਲਈ ਦੋ ਨੌਜੁਆਨਾਂ ਨੂੰ ਮਾਰ ਦਿੱਤਾ।

## ੨੭੪ਵਾਂ ਚਰਿੱਤ੍ਰ : ਦਾਸੀ

ਅੰਬਸਟ ਦੇਸ਼ ਦਾ ਰਾਜਾ ਸੀ ਤੇ ਉਸ ਦੀ ਘਰਵਾਲੀ ਪਦਮਨੀ ਸੀ। ਉਸ ਦੇ ਘਰ ਇਕ ਨੌਕਰ ਸੀ ਜੋ ਬਹੁਤ ਕਾਲਾ ਸੀ ਤੇ ਇਕ ਮੂਰਖ ਪਾਪਣ ਦਾਸੀ ਸੀ। ਇਸ ਪਾਪਣ ਦਾਸੀ ਨੇ ਇਸ ਨੌਕਰ ਨੂੰ ਮਾਰ ਕੇ ਸਾੜ ਦਿੱਤਾ।

## ੨੭੫ਵਾਂ ਚਰਿੱਤ੍ਰ : ਹਬਸ਼ ਮਤੀ

ਇਕ ਰਾਜਾ ਹਬਸ਼ ਰਾਇ ਸੀ ਤੇ ਉਸ ਦੀ ਰਾਣੀ ਹਬਸ਼ ਮਤੀ ਸੀ। ਉਥੇ ਇਕ ਹਾਸ਼ਿਮ ਖ਼ਾਨ ਪਠਾਨ ਰਹਿੰਦਾ ਸੀ। ਹਬਸ਼ ਮਤੀ ਨੇ ਹਾਸ਼ਿਮ ਖ਼ਾਨ ਪਠਾਨ ਨੂੰ ਮਛੰਦਰ ਨਾਥ ਜੋਗੀ ਦੱਸ ਕੇ ਰਾਜੇ ਪਾਸੋਂ ਸੇਵਾ ਕਰਵਾਈ।

## ੨੭੬ਵਾਂ ਚਰਿੱਤ੍ਰ : ਰੁਦਰ ਮਤੀ

ਇਕ ਰਾਜੇ ਦਾ ਨਾਮ ਸ਼ੰਕਰ ਸੈਨ ਸੀ। ਉਸ ਦੀ ਇਸਤ੍ਰੀ ਬਹੁਤ ਸੁੰਦਰ ਸੀ। ਉਸ ਦੀ ਪੁੱਤਰੀ ਦਾ ਨਾਮ ਰੁਦਰ ਮਤੀ ਸੀ। ਉਥੇ ਛਬੀਲਾ ਦਾਸ ਨਾਮ ਦਾ ਖੱਤਰੀ ਰਹਿੰਦਾ ਸੀ। ਰੁਦਰ ਮਤੀ ਨੇ ਇਕ ਦਵਾਈ ਛਬੀਲਾ ਦਾਸ ਦੇ ਮੂੰਹ 'ਤੇ ਲਾ ਕੇ, ਉਸ ਦੇ ਵਾਲ ਸਾਫ਼ ਕਰਕੇ ਅਤੇ ਉਸ ਨੂੰ ਲੜਕੀ ਬਣਾ ਕੇ ਆਪਣੇ ਘਰ ਵਿਚ ਰੱਖ ਲਿਆ। ਇਸ ਤਰ੍ਹਾਂ ਆਪਣੇ ਬਾਪ ਰਾਜੇ ਨੂੰ ਛਲਿਆ।

## ੨੭੭ਵਾਂ ਚਰਿੱਤ੍ਰ : ਸੌਂਕਣ

ਮੁਰਾਦਾਬਾਦ ਸ਼ਹਿਰ ਵਿਚ ਇਕ ਮੁਗ਼ਲ ਦੀਆਂ ਦੋ ਇਸਤ੍ਰੀਆਂ ਸਨ। ਮੁਗ਼ਲ ਇਕ

ਇਸਤ੍ਰੀ ਨੂੰ ਪਿਆਰ ਕਰਦਾ ਸੀ ਤੇ ਦੂਜੀ ਨੂੰ ਨਹੀਂ ਸੀ ਕਰਦਾ। ਦੂਜੀ ਨੇ ਸੌਂਕਣ ਨੂੰ ਗਲ ਵਿਚ ਫਾਂਸੀ ਪਾ ਕੇ ਮਾਰ ਦਿੱਤਾ। ਉਥੇ ਇਕ ਮਰਦ ਖੜਾ ਕਰ ਦਿੱਤਾ ਤੇ ਮੁਗ਼ਲ ਨੂੰ ਆਖਿਆ, ਤੇਰੀ ਇਸਤ੍ਰੀ ਮਰਦ ਬਣ ਗਈ ਹੈ। ਇਹੋ ਜੇਹੀ ਗੱਲ ਕਦੇ ਨਹੀਂ ਹੋਈ। ਉਹ ਮੂਰਖ ਵੇਖਣ ਗਿਆ ਤੇ ਹੈਰਾਨ ਹੋ ਗਿਆ। ਅੱਲ੍ਹਾ ਨੂੰ ਆਖੇ, ਹੇ ਖ਼ੁਦਾ ! ਇਹ ਕੀ ਕੀਤਾ। ਇਸਤ੍ਰੀ ਤੋਂ ਮਰਦ ਬਣਾ ਦਿੱਤਾ ਹੈ। ਇਹ ਮੇਰੀ ਇਸਤ੍ਰੀ ਮੈਨੂੰ ਬੜੀ ਪਿਆਰੀ ਸੀ। ਇਸ ਨੂੰ ਤੂੰ ਪੁਰਖ ਬਣਾ ਦਿੱਤਾ ਹੈ। ਮੈਂ ਦੂਸਰੀ ਇਸਤ੍ਰੀ ਇਸ ਨੂੰ ਦੇ ਦੇਂਦਾ ਹਾਂ। ਇਹ ਭੇਤ ਕਿਸੇ ਨੂੰ ਨਾ ਲੱਗਿਆ ਅਤੇ ਮੂਰਖ ਮੁਗ਼ਲ ਸਮਝ ਨਾ ਸਕਿਆ ਤੇ ਇਸਤ੍ਰੀ ਦੇ ਚਰਿੱਤ੍ਰ ਨਾਲ ਛਲਿਆ ਗਿਆ।

## ੨੭੮ਵਾਂ ਚਰਿੱਤ੍ਰ : ਰੋਸ਼ਨ ਆਰਾ

ਜਹਾਨਾਬਾਦ ਵਿਚ ਸ਼ਾਹਜਹਾਨ ਬਾਦਸ਼ਾਹ ਰਾਜ ਕਰਦਾ ਸੀ। ਉਸ ਦੀ ਪੁੱਤਰੀ ਦਾ ਨਾਮ ਰੋਸ਼ਨ ਆਰਾ ਸੀ। ਸ਼ਾਹਜਹਾਨ ਮਰ ਗਿਆ ਅਤੇ ਔਰੰਗਜ਼ੇਬ ਬਾਦਸ਼ਾਹ ਬਣ ਗਿਆ। ਰੋਸ਼ਨ ਆਰਾ ਦਾ ਪੀਰ ਸੈਫਦੀਨ ਨਾਲ ਪਿਆਰ ਪੈ ਗਿਆ। ਉਹ ਉਸ ਨੂੰ ਆਪਣਾ ਗੁਰੂ ਉਪਰੋਂ-ਉਪਰੋਂ ਮੰਨਦੀ ਸੀ ਅਤੇ ਅੰਦਰੋਂ ਅੰਦਰੀਂ ਪਤੀ ਸਮਝਦੀ ਸੀ। ਔਰੰਗਜ਼ੇਬ ਨੇ ਵੀ ਉਸ ਦੇ ਭੇਤ ਨੂੰ ਨਹੀਂ ਸੀ ਸਮਝਿਆ। ਰੋਸ਼ਨ ਆਰਾ ਨੇ ਕਿਹਾ, ਮੈਂ ਉਸ ਪੀਰ ਦੀ ਮੁਰੀਦ ਹੋ ਚੁੱਕੀ ਹਾਂ। ਇਕ ਦਿਨ ਪੀਰ ਨਾ ਆਇਆ। ਰੋਸ਼ਨ ਆਰਾ ਨੂੰ ਬਹੁਤ ਚਿੰਤਾ ਲੱਗੀ। ਉਹ ਊਠ 'ਤੇ ਚੜ੍ਹ ਕੇ ਉਸ ਦੇ ਮਗਰ ਚੱਲੀ ਗਈ। ਉਸ ਪਾਸ ਬਹੁਤ ਦਿਨ ਰਹੀ। ਫਿਰ ਉਹ ਦਿੱਲੀ ਆ ਗਈ। ਉਸ ਨੇ ਆ ਕੇ ਕਿਹਾ, ਮੈਂ ਬਿਲਕੁਲ ਠੀਕ ਹੋ ਗਈ ਹਾਂ। ਪੀਰ ਨੇ ਮੇਰੇ 'ਤੇ ਕਿਰਪਾ ਕਰ ਦਿੱਤੀ ਹੈ, ਪਰ ਉਸ ਦਾ ਭੇਦ ਕੋਈ ਵੀ ਨਹੀਂ ਸਮਝ ਸਕਿਆ।

## ੨੭੯ਵਾਂ ਚਰਿੱਤ੍ਰ : ਪ੍ਰੇਮ ਮੰਜਰੀ

ਪ੍ਰੇਮ ਸੈਨ ਰਾਜਾ ਸੀ ਤੇ ਉਸ ਦੀ ਇਕ ਇਸਤ੍ਰੀ ਸੀ, ਜਿਸ ਦਾ ਨਾਮ ਪ੍ਰੇਮ ਮੰਜਰੀ ਸੀ। ਪ੍ਰੇਮ ਮੰਜਰੀ ਨੇ ਛਲ ਕਰਕੇ ਰਾਜੇ ਦੀਆਂ ਅੱਖਾਂ 'ਤੇ ਕੱਪੜਾ ਬੰਨ੍ਹ ਕੇ ਅਤੇ ਆਪ ਮਨਮਰਜ਼ੀ ਕਰਦੀ ਰਹੀ।

## ੨੮੦ਵਾਂ ਚਰਿੱਤ੍ਰ : ਜੁਗਰਾਜ ਮੰਜਰੀ

ਬਿਸ਼ਨ ਚੰਦ ਇਕ ਫਿਰੰਗੀ ਰਾਜਾ ਸੀ। ਉਸ ਦੀ ਰਾਣੀ ਦਾ ਨਾਮ ਜੁਗਰਾਜ ਮੰਜਰੀ ਸੀ। ਉਥੇ ਸੁੰਕਿਰਤ ਨਾਥ ਜੋਗੀ ਸੀ। ਜੁਗਰਾਜ ਮੰਜਰੀ ਨੇ ਉਸ ਜੋਗੀ ਨੂੰ ਬੁਲਾਇਆ। ਉਸ ਨੇ ਇਕ ਚਰਿੱਤ੍ਰ ਕੀਤਾ। ਉਸ ਨੇ ਸੋਚਿਆ, ਰਾਜੇ ਨੂੰ ਮਾਰ ਦਿੱਤਾ ਜਾਵੇ ਅਤੇ ਜੋਗੀ ਨੂੰ ਰਾਜ ਦੇ ਦਿੱਤਾ ਜਾਵੇ। ਉਸ ਨੇ ਰਾਜੇ ਨੂੰ ਸੁੱਤਾ ਪਿਆ ਵੇਖ ਕੇ ਮਾਰ ਦਿੱਤਾ। ਟੋਆ ਪੁੱਟ ਕੇ ਜ਼ਮੀਨ ਵਿਚ ਦੱਬ ਦਿੱਤਾ ਅਤੇ ਕਹਿਣ ਲੱਗੀ, ਰਾਜੇ ਨੇ ਆਪਣਾ ਰਾਜ ਜੋਗੀ ਨੂੰ ਦੇ ਦਿੱਤਾ ਹੈ। ਰਾਜਾ ਜੋਗੀ ਬਣ

ਕੇ ਚਲਾ ਗਿਆ ਹੈ। ਮੈਂ ਵੀ ਆਪਣਾ ਰਾਜ ਜੋਗੀ ਨੂੰ ਦੇਵਾਂਗੀ ਤੇ ਆਪਣੇ ਪਤੀ ਮਗਰ ਜਾਵਾਂਗੀ ਤਾਂ ਸਾਰੀ ਪਰਜਾ ਸੱਚ ਸਮਝਣ ਲੱਗੀ।

## ੨੮੧ਵਾਂ ਚਰਿੱਤ੍ਰ : ਰਾਣੀ ਬਿਜੈ ਮਤੀ

ਇਕ ਰਾਜੇ ਦਾ ਨਾਮ ਬਿਜੈ ਸੈਨ ਸੀ ਅਤੇ ਉਸ ਦੀ ਰਾਣੀ ਬਿਜੈ ਮਤੀ ਸੀ। ਰਾਜੇ ਦੀ ਦੂਸਰੀ ਰਾਣੀ ਦਾ ਨਾਮ ਅਜੈ ਮਤੀ ਸੀ। ਰਾਜਾ ਉਸ ਦੇ ਹੱਥ ਚੜ੍ਹਿਆ ਹੋਇਆ ਸੀ। ਉਸ ਦੇ ਘਰ ਇਕ ਲੜਕਾ ਸੀ। ਉਸ ਦਾ ਨਾਮ ਸੁਲਤਾਨ ਸੈਨ ਸੀ। ਅਜੈ ਮਤੀ ਰਾਣੀ ਬਹੁਤ ਸੋਹਣੀ ਸੀ, ਜਿਸ ਕਾਰਨ ਰਾਜੇ ਦਾ ਦਿਲ ਮੋਹ ਲੈਂਦੀ ਸੀ। ਰਾਜਾ ਇਸ ਰਾਣੀ ਨਾਲ ਹੀ ਪਿਆਰ ਕਰਦਾ ਸੀ। ਦੂਸਰੀ ਰਾਣੀ ਨੇ ਤੰਗ ਆ ਕੇ ਚਰਿੱਤ੍ਰ ਕਰਕੇ ਰਾਜੇ ਨੂੰ ਮਰਵਾ ਦਿੱਤਾ।

## ੨੮੨ਵਾਂ ਚਰਿੱਤ੍ਰ : ਅਮਰ ਕਲਾ

ਅਮੀਕਰਨ ਨਾਮੀ ਇਕ ਰਾਜਾ ਸੀ ਅਤੇ ਉਸ ਦੀ ਇਸਤ੍ਰੀ ਦਾ ਨਾਮ ਅਮਰ ਕਲਾ ਸੀ। ਦੂਜੀ ਰਾਣੀ ਅਸੁਰ ਕਲਾ ਸੀ। ਰਾਜਾ ਅਸੁਰ ਕਲਾ ਨਾਲ ਪਿਆਰ ਕਰਦਾ ਸੀ। ਪਹਿਲੀ ਰਾਣੀ ਅਮਰ ਕਲਾ ਮਨ ਵਿਚ ਗ਼ੁੱਸਾ ਕਰਦੀ ਸੀ। ਇਸ ਨੇ ਅਸੁਰ ਕਲਾ ਨੂੰ ਮਰਵਾ ਦਿੱਤਾ।

## ੨੮੩ਵਾਂ ਚਰਿੱਤ੍ਰ : ਕਿੰਨਰ ਮਤੀ

ਪਾਊਲ ਸ਼ਹਿਰ ਦਾ ਇਕ ਰਾਜਾ ਸੀ। ਉਸ ਦੀ ਰਾਣੀ ਕਿੰਨਰ ਮਤੀ ਸੀ। ਬਿਕਰਮ ਸਿੰਘ ਇਕ ਸ਼ਾਹ ਦਾ ਪੁੱਤਰ ਸੀ। ਕਿੰਨਰ ਮਤੀ ਰਾਜੇ ਨੂੰ ਧੋਖਾ ਦੇ ਕੇ ਇਸ ਬਿਕਰਮ ਸਿੰਘ ਨਾਲ ਚੱਲੀ ਗਈ।

## ੨੮੪ਵਾਂ ਚਰਿੱਤ੍ਰ : ਦੱਖਣ ਦੇਵੀ

ਦੱਖਣ ਦੇਸ਼ ਵਿਚ ਦੱਖਣ ਸੈਨ ਰਾਜਾ ਰਹਿੰਦਾ ਸੀ। ਦੱਖਣ ਦੇਵੀ ਇਸ ਦੀ ਰਾਣੀ ਸੀ। ਰਾਣੀ ਦਾ ਇਕ ਨੌਕਰ ਨਾਲ ਪ੍ਰੇਮ ਸੀ, ਜਿਸ ਤੋਂ ਤੰਗ ਆ ਕੇ ਰਾਜਾ ਰਾਜ ਤਿਆਗ ਕੇ ਸਾਧ ਬਣ ਗਿਆ।

## ੨੮੫ਵਾਂ ਚਰਿਤ੍ਰ : ਸਮਤ ਮਤੀ

ਪਰਜਾ ਸੈਨ ਨਾਮੀ ਇਕ ਰਾਜਾ ਸੀ, ਜਿਸ ਦੇ ਘਰ ਪਰਜਾ ਪਾਲਨੀ ਸੁੰਦਰ ਔਰਤ ਸੀ। ਪਰਜਾ ਸੈਨ ਔਰਤ ਦੇ ਆਖੇ ਲੱਗਦਾ ਸੀ। ਉਸ ਦੇ ਕੋਲ ਸੁਧਾ ਸੈਨ ਨਾਮੀ ਇਕ ਨੌਕਰ ਸੀ। ਇਕ ਸਮਤ ਮਤੀ ਸ਼ਾਹ ਦੀ ਪੁੱਤਰੀ ਸੀ। ਇਸ ਨੇ ਸੁਧਾ ਸੈਨ ਨੂੰ ਚਰਿੱਤ੍ਰ ਕਰਕੇ ਛਲਿਆ ਹੈ।

## ੨੮੬ਵਾਂ ਚਰਿੱਤ੍ਰ : ਬਿਖਿਆ

ਬਾਰਣੀ ਦਿਸ਼ਾ ਵਿਚ ਇਕ ਰਾਜਾ ਰਹਿੰਦਾ ਸੀ। ਬਿਖਿਆ ਨਾਮ ਦੀ ਉਸ ਦੀ ਪੁੱਤਰੀ ਸੀ। ਉਥੇ ਇਕ ਵੱਡਾ ਛੱਤਰਧਾਰੀ ਰਾਜਾ ਪ੍ਰਭਾ ਸੈਨ ਬਾਗ਼ ਵਿਚ ਆਇਆ। ਉਸ ਨੇ ਆਪਣੇ ਸੂਰਬੀਰਾਂ ਨਾਲ ਬਾਗ਼ ਵਿਚ ਆਰਾਮ ਕੀਤਾ। ਉਥੇ ਬਾਗ਼ ਵਿਚ ਬਿਖਿਆ ਨਾਮ ਦੀ ਰਾਜਕੁਮਾਰੀ ਆਈ। ਰਾਜਕੁਮਾਰੀ ਨੇ ਕਿਹਾ, ਮੈਂ ਵਿਆਹ ਇਸ ਨਾਲ ਹੀ ਕਰਾਉਣਾ ਹੈ, ਨਹੀਂ ਤਾਂ ਰਾਜਧਾਨੀ ਛੱਡ ਕੇ ਹੋਰ ਕਿਤੇ ਚਲੀ ਜਾਵਾਂਗੀ। ਉਥੇ ਇਕ ਪੱਤਰ ਲਿਖਿਆ ਪਿਆ ਹੋਇਆ ਵੇਖਿਆ ਤੇ ਸੋਚੀਂ ਪੈ ਗਈ, ਪਰ ਇਸ ਪੱਤਰ ਵਿਚ ਇਸ ਨੂੰ ਬਿਖ ਦੇਣ ਲਈ ਰਾਜਕੁਮਾਰੀ ਦੇ ਬਾਪ ਨੂੰ ਲਿਖਿਆ ਸੀ ਕਿ ਤੇਰੇ ਪਾਸ ਇਹ ਰਾਜਕੁਮਾਰ ਆ ਰਿਹਾ ਹੈ, ਇਸ ਨੂੰ ਬਿਖ ਦੇ ਦੇਣੀ ਭਾਵ ਜ਼ਹਿਰ ਦੇ ਕੇ ਮਾਰ ਦੇਣਾ। ਇਹ ਰਾਜਕੁਮਾਰ ਦੇ ਵਿਰੋਧੀ ਨੇ ਲਿਖਿਆ ਸੀ। ਜਦ ਰਾਜਕੁਮਾਰੀ ਨੇ ਪੜ੍ਹਿਆ ਤਾਂ ਉਸ ਨੇ ਆਪਣੀਆਂ ਅੱਖਾਂ ਤੋਂ ਸੁਰਮਾ ਕੱਢ ਕੇ, ਬਿਖ ਸ਼ਬਦ 'ਤੇ ਬਿਖਿਆ ਬਣਾ ਦਿੱਤਾ। ਜਦ ਉਹ ਕੰਨਿਆ ਜਾਣ ਲੱਗੀ ਤਾਂ ਰਾਜਾ ਜਾਗ ਪਿਆ। ਉਹ ਪੱਤਰ ਪ੍ਰੇਮ ਪੂਰਵਕ ਫੜ ਕੇ ਉਸ ਨੇ ਉਹ ਪੱਤਰ ਬਿਖਿਆ ਦੇ ਪਿਤਾ ਨੂੰ ਦੇ ਦਿੱਤਾ। ਜਿਸ ਨੂੰ ਉਸ ਦੇ ਪਿਤਾ ਨੇ ਮਿੱਤਰ ਦਾ ਲਿਖਿਆ ਹੋਇਆ ਪੱਤਰ ਜਾਣ ਕੇ ਰਾਜਕੁਮਾਰੀ ਉਸ ਨੂੰ ਦੇ ਦਿੱਤੀ। ਪ੍ਰਭਾ ਸੈਨ ਨੇ ਕਿਹਾ, ਇਸ ਇਸਤ੍ਰੀ ਨੇ ਬਹੁਤ ਚੰਗਾ ਉਪਾਅ ਕੀਤਾ ਹੈ। ਰਾਜੇ ਨੂੰ ਭੇਤ ਦਾ ਕੋਈ ਭੋਰਾ ਜਿੰਨਾ ਵੀ ਪਤਾ ਨਾ ਲੱਗਾ ਅਤੇ ਰਾਜਾ ਪ੍ਰਭਾ ਸੈਨ ਉਸ ਨੂੰ ਵਿਆਹ ਕੇ ਲੈ ਗਿਆ।

## ੨੮੭ਵਾਂ ਚਰਿੱਤ੍ਰ : ਮਰੀਅਮ

ਘਾਟਮਪੁਰ ਸ਼ਹਿਰ ਵਿਚ ਇਕ ਭੈਣ ਨੇ ਆਪਣੇ ਸਕੇ ਭਰਾ ਨਾਲ ਚਰਿੱਤ੍ਰ ਕੀਤਾ। ਭਰਾ ਵਪਾਰ ਵਾਸਤੇ ਬਾਹਰ ਗਿਆ ਸੀ। ਉਹ ਰਾਤ ਰਹਿਣ ਵਾਸਤੇ ਆਪਣੀ ਭੈਣ ਦੇ ਘਰ ਰਹਿ ਪਿਆ। ਭੈਣ ਉਸ ਨੂੰ ਗਲ ਲੱਗ ਕੇ ਮਿਲੀ। ਭਰਾ ਨੇ ਆਪਣੀ ਭੈਣ ਕੋਲੋਂ ਕੁਝ ਨਾ ਲੁਕਾਇਆ ਤੇ ਉਸ ਨੇ ਜਿੰਨਾ ਧਨ ਕਮਾਇਆ ਸੀ, ਸਾਰਾ ਆਪਣੀ ਭੈਣ ਨੂੰ ਵਿਖਾ ਦਿੱਤਾ। ਉਸ ਦੀ ਭੈਣ ਦਾ ਨਾਮ ਮਰੀਅਮ ਸੀ। ਭਰਾ ਦਾ ਧਨ ਵੇਖਿਆ ਤੇ ਉਸ ਨੇ ਭਰਾ ਨੂੰ ਮਾਰ ਦਿੱਤਾ।

## ੨੮੮ਵਾਂ ਚਰਿੱਤ੍ਰ : ਛੈਲ ਦੇਵੀ

ਰਾਜਦੇਵ ਛੱਤਰਪਤੀ ਰਾਜਾ ਸੀ। ਛੈਲ ਦੇਵੀ ਉਸ ਦੀ ਪੁੱਤਰੀ ਸੀ, ਜੋ ਕਿ ਵਿਦਿਆ ਵਿਚ ਨਿਪੁੰਨ ਸੀ। ਅਜੀਤ ਸੈਨ ਉਥੇ ਇਕ ਆਦਮੀ ਰਹਿੰਦਾ ਸੀ। ਰਾਣੀ ਨੇ ਉਸ ਨੂੰ ਵੇਖਿਆ ਤੇ ਆਪਣੀ ਪੁੱਤਰੀ ਨੂੰ ਆਖਿਆ, ਜੇ ਇਹ ਆਦਮੀ ਕਿਸੇ ਰਾਜੇ ਦੇ ਘਰ ਜਨਮਿਆ ਹੁੰਦਾ ਤਾਂ ਤੇਰਾ ਵਿਆਹ ਇਸ ਦੇ ਨਾਲ ਕਰ ਦੇਣਾ ਸੀ। ਲੜਕੀ ਨੇ ਜਦੋਂ ਵੇਖਿਆ ਤਾਂ ਉਸ ਨੂੰ ਆਪਣਾ ਪਤੀ ਮੰਨ ਲਿਆ। ਚਰਿੱਤ੍ਰ ਕਰਕੇ ਉਸ ਨੂੰ ਪ੍ਰਾਪਤ ਕੀਤਾ ਹੈ।

## ੨੮੯ਵਾਂ ਚਰਿਤ੍ਰ : ਦੱਖਣ ਦੇਵੀ

ਬਗ਼ਦਾਦ ਦਾ ਦੱਖਣ ਸੈਨ ਰਾਜਾ ਸੀ ਅਤੇ ਉਸ ਦੀ ਇਸਤ੍ਰੀ ਦੱਖਣ ਦੇਵੀ ਸੀ। ਉਥੇ ਕਾਮਲਕੇਤ ਨਾਮੀ ਧਨੀ ਰਹਿੰਦਾ ਸੀ। ਦੱਖਣ ਦੇਵੀ ਨੇ ਚਰਿੱਤ੍ਰ ਕਰਕੇ ਕਾਮਲਕੇਤ ਨੂੰ ਅੱਠ ਸਾਲ ਆਪਣੇ ਘਰ ਰੱਖਿਆ ਹੈ।

## ੨੯੦ਵਾਂ ਚਰਿੱਤ੍ਰ : ਪੂਰਬ ਦੇਵੀ

ਇਕ ਰਾਜਾ ਪੂਰਬ ਸੈਨ ਸੀ ਅਤੇ ਉਸ ਦੀ ਇਸਤ੍ਰੀ ਦਾ ਨਾਮ ਪੂਰਬ ਦੇਵੀ ਸੀ। ਉਥੇ ਰੂਪ ਸੈਨ ਖੱਤਰੀ ਰਹਿੰਦਾ ਸੀ। ਪੂਰਬ ਦੇਵੀ ਨੇ ਰਾਜੇ ਨਾਲ ਛਲ ਕੀਤਾ।

*ਪਿਰੁ ਛੋਡਿਆ ਘਰ ਆਪਣਾ ਪਰ ਪੁਰਖੈ ਨਾਲਿ ਪਿਆਰੁ॥* (ਅੰਗ ੮੯)

## ੨੯੧ਵਾਂ ਚਰਿੱਤ੍ਰ : ਪੱਛਮ ਦੇਵੀ

ਪੱਛਮਾਵਤੀ ਨਗਰ ਵਿਚ ਇਕ ਪੱਛਮ ਸੈਨ ਨਾਮੀ ਰਾਜਾ ਰਾਜ ਕਰਦਾ ਸੀ ਅਤੇ ਉਸ ਦੀ ਰਾਣੀ ਦਾ ਨਾਮ ਪੱਛਮ ਦੇਵੀ ਸੀ। ਉਥੇ ਦਿਲਵਾਲੀ ਰਾਇ ਇਕ ਆਦਮੀ ਰਹਿੰਦਾ ਸੀ। ਰਾਣੀ ਰਾਜ ਛੱਡ ਕੇ ਉਸ ਨਾਲ ਚੱਲੀ ਗਈ ਅਤੇ ਚਰਿੱਤ੍ਰ ਕਰਕੇ ਰਾਜੇ ਨੂੰ ਕਿਹਾ, ਇਸ ਨੂੰ ਜੰਗਲ ਵਿਚ ਸ਼ੇਰ ਖਾ ਗਿਆ ਹੈ।

## ੨੯੨ਵਾਂ ਚਰਿੱਤ੍ਰ : ਉੱਤਰ ਮਤੀ

ਉੱਤਰ ਸਿੰਘ ਨਾਮ ਦਾ ਇਕ ਰਾਜਾ ਸੀ। ਉਸ ਦੀ ਰਾਣੀ ਦਾ ਨਾਮ ਉੱਤਰ ਮਤੀ ਸੀ। ਉਥੇ ਇਕ ਲੋਹਾਰੀ ਰਾਇ ਆਦਮੀ ਸੀ। ਰਾਣੀ ਨੇ ਚਰਿੱਤ੍ਰ ਕਰਕੇ ਅੱਧਾ ਰਾਜ ਇਸ ਨੂੰ ਰਾਜੇ ਪਾਸੋਂ ਦਿਵਾ ਕੇ ਆਪਣੇ ਪਾਸ ਰੱਖ ਲਿਆ।

## ੨੯੩ਵਾਂ ਚਰਿੱਤ੍ਰ : ਰਾਜ ਦੇਵੀ

ਰਾਜਪੁਰੀ ਨਗਰੀ ਵਿਚ ਇਕ ਸੈਨ ਨਾਮ ਦਾ ਰਾਜਾ ਸੀ। ਉਸ ਦੀ ਘਰਵਾਲੀ ਰਾਜ ਦੇਵੀ ਸੀ। ਰਾਜਾ ਰਾਣੀ ਦੋਵੇਂ ਮੰਦਕਰਮੀ ਸਨ। ਰਾਜਾ ਵੇਸਵਾ ਗਾਮੀ ਸੀ।

## ੨੯੪ਵਾਂ ਚਰਿੱਤ੍ਰ : ਅਨਦਾ ਵਤੀ

ਰਾਜਾ ਆਨਦ ਸੈਨ ਸੀ ਅਤੇ ਉਸ ਦੀ ਘਰਵਾਲੀ ਅਨਦਾ ਵਤੀ ਸੀ। ਇਸ ਦੇ ਮਿੱਤਰ ਨੇ ਚਰਿੱਤ੍ਰ ਖੇਡ ਕੇ, ਸਾਧ ਬਣ ਕੇ ਰਾਜ-ਮਹਿਲਾਂ ਵਿਚ ਰਹਿਣ ਲੱਗ ਪਈ।

## ੨੯੫ਵਾਂ ਚਰਿੱਤ੍ਰ : ਚੰਚਲ ਦੇਵੀ

ਚੰਚਲ ਸੈਨ ਇਕ ਰਾਜਾ ਸੀ ਅਤੇ ਚੰਚਲ ਦੇਵੀ ਉਸ ਦੀ ਇਸਤ੍ਰੀ ਸੀ। ਇਨ੍ਹਾਂ ਦਾ ਵੀਹ ਸਾਲ ਦਾ ਇਕ ਪੁੱਤਰ ਮਰ ਗਿਆ। ਚੰਚਲ ਦੇਵੀ ਨੇ ਇਕ ਨੌਜੁਆਨ ਨੂੰ ਆਪਣਾ ਪੁੱਤਰ ਬਣਾ ਕੇ ਆਪਣੇ ਪਾਸ ਰੱਖ ਲਿਆ।

## ੨੯੬ਵਾਂ ਚਰਿੱਤ੍ਰ : ਮੰਗਲਾ ਦੇਵੀ

ਬੰਗ ਦੇਸ਼ ਦੇ ਰਾਜੇ ਦਾ ਨਾਮ ਬੰਗਸ ਸੈਨ ਸੀ। ਬੰਗਸ ਦੇਵੀ ਉਸ ਦੀ ਰਾਣੀ ਸੀ। ਉਥੇ ਇਕ ਮੰਗਲਾ ਦੇਵੀ ਇਸਤ੍ਰੀ ਸੀ। ਇਸ ਨੇ ਇਕ ਵਪਾਰੀ ਨੂੰ ਭਰਾ ਬਣਾ ਕੇ, ਪਹਿਲਾਂ ਘਰ ਰੱਖਿਆ, ਫਿਰ ਪਾਪਣ ਨੇ ਉਸ ਦੇ ਟੋਟੇ-ਟੋਟੇ ਕਰ ਕੇ ਮਾਰ ਦਿੱਤਾ ਅਤੇ ਉਸ ਦਾ ਧਨ ਆਦਿ ਸਾਰਾ ਕੋਲ ਰੱਖ ਲਿਆ।

## ੨੯੭ਵਾਂ ਚਰਿੱਤ੍ਰ : ਸਕੁਚ ਮਤੀ

ਬਿਜੈ ਸੂਰ ਨਗਰ ਵਿਚ ਇਕ ਖੱਤਰੀ ਰਹਿੰਦਾ ਸੀ ਅਤੇ ਉਸ ਨੂੰ ਸਾਰੇ ਸਿੰਧ ਪਾਲ ਕਹਿੰਦੇ ਸਨ। ਸ਼ਮਸ ਦੀਨ ਦਿੱਲੀ ਦਾ ਬਾਦਸ਼ਾਹ ਸੀ। ਉਸ ਦੇ ਘਰ ਲਛਮਣ ਸੈਨ ਸ਼ੁੱਭ ਬੁੱਧੀ ਵਾਲਾ ਅਤੇ ਬਜਰ ਸੈਨ ਭੈੜੀ ਬੁੱਧੀ ਵਾਲਾ ਦੋ ਪੁੱਤਰ ਪੈਦਾ ਹੋਏ। ਇਸ ਰਾਜੇ ਦੀ ਇਕ ਪੁੱਤਰੀ ਸਕੁਚ ਮਤੀ ਸੀ। ਸ਼ਮਸ ਦੀਨ ਤੋਂ ਲੋਕ ਡਰਦੇ ਸਨ। ਇਸ ਬਾਦਸ਼ਾਹ ਨੇ ਸਿੰਧ ਪਾਲ ਨੂੰ ਬੁਲਾਇਆ ਅਤੇ ਆਖਿਆ, ਮੈਨੂੰ ਆਪਣੀ ਪੁੱਤਰੀ ਦੇ। ਸਿੰਧ ਪਾਲ ਨੇ ਲੜਕੀ ਦੇਣੋਂ ਨਾਂਹ ਕਰ ਦਿੱਤੀ। ਆਖਿਆ, ਅਸੀਂ ਪਠਾਣਾਂ ਨੂੰ ਪੁੱਤਰੀ ਨਹੀਂ ਦੇਣੀ, ਖੱਤਰੀਆਂ ਨੂੰ ਲਾਜ ਲੱਗਦੀ ਹੈ। ਅੱਜ ਤੱਕ ਪਠਾਣਾਂ ਦੇ ਘਰ ਖੱਤਰੀਆਂ ਦੀ ਕੋਈ ਪੁੱਤਰੀ ਨਹੀਂ ਗਈ। ਲੜਾਈ ਦਾ ਸਾਮਾਨ ਸ਼ੁਰੂ ਹੋ ਗਿਆ। ਸਿੰਧ ਪਾਲ ਦੀ ਲੜਕੀ ਨੇ ਕਿਹਾ, ਪਿਤਾ ਜੀ, ਮੇਰੀ ਇਕ ਗੱਲ ਮੰਨੋ, ਸ਼ਮਸ ਦੀਨ ਨੂੰ ਇਥੇ ਸੱਦੋ ਤੇ ਉਸ ਨੂੰ ਫੜ ਕੇ ਮਾਰ ਦਿਓ। ਫੇਰ ਦੁਸ਼ਮਨ ਨਾਲ ਯੁੱਧ ਕਰਨਾ। ਰਾਜ ਪੁੱਤਰੀ ਆਪ ਹੀ ਆਖਦੀ ਹੈ, ਪਿਤਾ ਜੀ, ਮੈਨੂੰ ਪਠਾਣਾਂ ਦੇ ਮੱਥੇ ਨਹੀਂ ਲਾਉਣਾ। ਕੱਲ ਸਵੇਰ ਤੱਕ ਯੁੱਧ ਕਰੋ।

ਉਧਰ ਬਾਦਸ਼ਾਹ ਵਿਆਹ ਦੀ ਪੂਰੀ ਤਿਆਰੀ ਕਰਕੇ ਸਿੰਧ ਪਾਲ ਦੇ ਘਰ ਆ ਗਿਆ। ਕੰਨਿਆ ਨੇ ਕਿਹਾ, ਜਦੋਂ ਦੁਸ਼ਮਣ ਘਰ ਆ ਜਾਵੇ ਤਾਂ ਉਸ ਨੂੰ ਮਾਰੋ ਨਾ। ਜਦ ਉਹ ਘਰ ਤੋਂ ਜਾਵੇ, ਉਦੋਂ ਮਾਰ ਦਿਉ। ਸਿੰਧ ਪਾਲ ਨੇ ਆਪਣੇ ਪੁੱਤਰ ਲਛਮਣ ਨੂੰ ਇਸਤ੍ਰੀ ਵਾਲਾ ਭੇਸ ਪੁਆ ਕੇ ਡੋਲੀ ਵਿਚ ਬਿਠਾ ਦਿੱਤਾ। ਉਸ ਨਾਲ ਸੱਤ ਨੌਜੁਆਨਾਂ ਨੂੰ ਇਸਤ੍ਰੀਆਂ ਵਾਲੇ ਭੇਸ ਵਿਚ ਤੋਰ ਦਿੱਤਾ। ਡੋਲੀ ਘਰ ਤੋਂ ਨਿਕਲੀ ਤੇ ਮੰਦਰ ਵਿਚ ਆਈ। ਬਾਦਸ਼ਾਹ ਨੇ ਬੜੇ ਪਿਆਰ ਨਾਲ ਆਪਣਾ ਹੱਥ ਇਸਤ੍ਰੀ ਬਣੇ ਲਛਮਣ ਵੱਲ ਵਧਾਇਆ ਤੇ ਲਛਮਣ ਨੇ ਕਟਾਰ ਕੱਢ ਕੇ ਮਾਰ ਦਿੱਤਾ। ਖੱਤਰੀਆਂ ਤੇ ਪਠਾਣਾਂ ਦੀ ਬਹੁਤ ਭਾਰੀ ਲੜਾਈ ਹੋਈ। ਲੜਾਈ ਐਸੀ ਹੋਈ ਕਿ ਇਹੋ

ਜਿਹੀ ਲੜਾਈ ਮਹਾਭਾਰਤ ਦੇ ਯੁੱਧ ਵਿਚ ਵੀ ਨਹੀਂ ਹੋਈ ਸੀ। ਸਿੰਧ ਪਾਲ ਨੇ ਜੰਗ ਜਿੱਤਿਆ। ਸਿੰਧ ਪਾਲ ਨੇ ਆਪਣੀ ਲੜਕੀ ਦਾ ਵਿਆਹ ਆਸਾਮ ਦੇ ਰਾਜੇ ਨਾਲ ਕੀਤਾ।

## ੨੯੮ਵਾਂ ਚਰਿੱਤ੍ਰ : ਝਿਲਮਿਲ ਦੇਵੀ

ਇਕ ਸ਼ਾਹ ਦੀ ਪੁੱਤਰੀ ਬਹੁਤ ਗੁਣਵਾਨ ਤੇ ਰੂਪਵਾਨ ਸੀ। ਉਸ ਦਾ ਨਾਮ ਝਿਲਮਿਲ ਦੇਵੀ ਸੀ। ਉਥੇ ਰੂਪਕੇਤ ਰਾਜਾ ਰਹਿੰਦਾ ਸੀ। ਉਸ ਦਾ ਇਕ ਖ਼ੂਬਸੂਰਤ ਪੁੱਤਰ ਸੀ। ਝਿਲਮਿਲ ਦੇਵੀ ਨੇ ਉਸ ਨੂੰ ਦੇਖਿਆ। ਝਿਲਿਮਿਲ ਦੇਵੀ ਰਾਜਕੁਮਾਰ ਨਾਲ ਸ਼ਿਕਾਰ ਖੇਡਣ ਗਈ ਤਾਂ ਉਥੋਂ ਇਕ ਸ਼ੇਰ ਨਿਕਲਿਆ ਤੇ ਰਾਜਕੁਮਾਰ ਦੇਖ ਕੇ ਡਰ ਗਿਆ। ਸ਼ਾਹ ਦੀ ਪੁੱਤਰੀ ਨੇ ਹੌਸਲਾ ਦਿੱਤਾ। ਉਸ ਲੜਕੀ ਨੇ ਨਿਸ਼ਾਨਾ ਲਾਇਆ, ਜੋ ਸ਼ੇਰ ਦੇ ਵਜਾ ਤੇ ਸ਼ੇਰ ਮਰ ਗਿਆ। ਰਾਜ ਪੁੱਤਰ ਬਹੁਤ ਖ਼ੁਸ਼ ਹੋਇਆ ਤੇ ਆਖਿਆ, ਮੰਗ ਕੀ ਮੰਗਣਾ ਹੈ ? ਲੜਕੀ ਨੇ ਸਾਰੀ ਗੱਲ ਦੱਸੀ ਕਿ ਮੈਂ ਇਕ ਸ਼ਾਹ ਦੀ ਪੁੱਤਰੀ ਹਾਂ, ਮੇਰਾ ਤੇਰੇ ਨਾਲ ਪ੍ਰੇਮ ਪੈ ਗਿਆ ਹੈ ਤਾਂ ਮੈਂ ਇਹ ਭੇਸ ਧਾਰਨ ਕੀਤਾ ਹੈ। ਹੁਣ ਤੁਸੀਂ ਮੇਰੇ ਨਾਲ ਵਿਆਹ ਕਰੋ।

## ੨੯੯ਵਾਂ ਚਰਿੱਤ੍ਰ : ਅਛਲ ਦੇਵੀ

ਚੰਦਰਚੂੜ ਇਕ ਰਾਜਾ ਸੀ ਅਤੇ ਉਸ ਦੀ ਰਾਣੀ ਅਮਿਤ ਪ੍ਰਭਾ ਸੀ। ਉਥੋਂ ਦਾ ਇਕ ਸ਼ਾਹ ਸੀ, ਜੋ ਬਹੁਤ ਧਨੀ ਆਦਮੀ ਸੀ। ਉਸ ਦੇ ਘਰ ਅਛਲ ਦੇਵੀ ਉਸ ਦੀ ਪੁੱਤਰੀ ਸੀ। ਚੰਦਰਚੂੜ ਰਾਜੇ ਦਾ ਇਕ ਪੁੱਤਰ ਸੀ। ਉਸ ਲੜਕੀ ਦੀ ਲਗਨ ਉਸ ਨਾਲ ਲੱਗ ਗਈ। ਅਛਲ ਦੇਵੀ ਨੇ ਖ਼ੁਦ ਦਾਸੀ ਨੂੰ ਭੇਜਿਆ ਤੇ ਸੁਨੇਹਾ ਦਿੱਤਾ। ਅੱਗੋਂ ਲੜਕੇ ਨੇ ਕਿਹਾ, ਮੇਰਾ ਸੁਨੇਹਾ ਲੜਕੀ ਨੂੰ ਦੇ ਦੇਵੀਂ ਅਤੇ ਕਹਿਣਾ, ਸਮੁੰਦਰੋਂ ਪਾਰ ਸੰਗਲਾ ਦੀਪ ਵਿਚ ਅਵਧੂਤ ਰਾਜਾ ਰਹਿੰਦਾ ਹੈ ਅਤੇ ਅਵਧੂਤ ਮਤੀ ਉਸ ਦੀ ਪੁੱਤਰੀ ਹੈ, ਪਹਿਲਾਂ ਮੈਨੂੰ ਉਸ ਨਾਲ ਮਿਲਾ ਦੇ, ਬਾਅਦ ਵਿਚ ਮੇਰੇ ਨਾਲ ਵਿਆਹ ਕਰਨ ਦੀ ਸੋਚੀਂ। ਤਾਂ ਉਹ ਲੜਕੀ ਰਾਮੇਸ਼ਵਰ ਜਾ ਪਹੁੰਚੀ। ਅੱਗੇ ਜਾਣ ਲਈ ਪ੍ਰਬੰਧ ਬਣਾਉਣ ਲੱਗੀ। ਉਹ ਜਹਾਜ਼ 'ਤੇ ਚੜ੍ਹ ਕੇ ਸੰਗਲਾ ਦੀਪ ਪਹੁੰਚ ਗਈ। ਉਸ ਨੇ ਰਾਜੇ ਦੇ ਮਹਿਲਾਂ ਦਾ ਪਤਾ ਲਗਾ ਕੇ ਉਸ ਨੇ ਪੁਰਸ਼ਾਂ ਵਾਲੇ ਕੱਪੜੇ ਪਾ ਲਏ। ਅਵਧੂਤ ਮਤੀ ਨੇ ਜਦੋਂ ਦੇਖਿਆ ਤਾਂ ਉਸ ਨੇ ਕਿਹਾ, ਇਹ ਕਿਸ ਦੇਸ਼ ਦਾ ਰਾਜਾ ਹੈ। ਰਾਜਕੁਮਾਰ ਬਣੀ ਉਸ ਇਸਤ੍ਰੀ ਨੇ ਢੰਗ ਨਾਲ ਲਿਆ ਕੇ ਰਾਜੇ ਨੂੰ ਦੇ ਦਿੱਤੀ ਤੇ ਆਪ ਵੀ ਰਾਜਕੁਮਾਰ ਦੀ ਰਾਣੀ ਬਣੀ।

## ੩੦੦ਵਾਂ ਚਰਿੱਤ੍ਰ : ਸਿਆਣੀ ਸਖੀ

ਸਾਰਕੇਤ ਇਕ ਮਹਾਨ ਰਾਜਾ ਸੀ। ਉਸ ਦੀ ਰਾਣੀ ਸਾਰ ਦੇਵੀ ਸੀ। ਆਪਸ ਵਿਚ ਦੋਹਾਂ ਦੀ ਪ੍ਰੀਤੀ ਸੀ। ਕਾਲ ਸਿਰ 'ਤੇ ਆ ਗਿਆ ਤੇ ਰਾਣੀ ਮਰ ਗਈ। ਰਾਜਾ ਬਹੁਤ ਉਦਾਸ ਹੋ ਗਿਆ।

ਰਾਜੇ ਦੀਆਂ ਦੂਸਰੀਆਂ ਇਸਤ੍ਰੀਆਂ ਬਹੁਤ ਉਦਾਸ ਹੋਈਆਂ। ਇਕ ਸਖੀ ਨੇ ਚਰਿੱਤ੍ਰ ਖੇਡ ਕੇ ਰਾਜੇ ਦੇ ਮਨ ਵਿਚੋਂ ਮਰੀ ਹੋਈ ਰਾਣੀ ਦਾ ਮੋਹ ਦੂਰ ਕੀਤਾ।

## ੩੦੧ਵਾਂ ਚਰਿੱਤ੍ਰ : ਇਸ਼ਟ ਮਤੀ

ਇਕ ਰਾਜੇ ਦਾ ਨਾਮ ਇੱਛ ਸੈਨ ਸੀ। ਉਸ ਦੀ ਰਾਣੀ ਇਸ਼ਟ ਮਤੀ ਸੀ ਅਤੇ ਇਸ਼ਟ ਦੇਵਕਾ ਉਸ ਦੀ ਪੁੱਤਰੀ ਸੀ। ਰਾਣੀ ਇਸ਼ਟ ਮਤੀ ਨੇ ਚਰਿੱਤ੍ਰ ਖੇਡ ਕੇ ਆਪਣੇ ਪਾਪ ਕਰਮ 'ਤੇ ਪਰਦਾ ਪਾਇਆ ਹੈ।

## ੩੦੨ਵਾਂ ਚਰਿੱਤ੍ਰ : ਛੱਤਰ ਦੇਵੀ

ਸੋਰਠ ਸੈਨ ਇਕ ਬਲਵਾਨ, ਤੇਜਵਾਨ ਛੱਤਰਧਾਰੀ ਰਾਜਾ ਸੀ ਅਤੇ ਉਸ ਦੀ ਘਰਵਾਲੀ ਸੋਰਠ ਦੇਵੀ ਸੀ। ਛੱਤਰ ਸੈਨ ਇਕ ਸ਼ਾਹ ਸੀ। ਉਸ ਦੀ ਪੁੱਤਰੀ ਛੱਤਰ ਦੇਵੀ ਕਰਕੇ ਜਾਣੀ ਜਾਂਦੀ ਸੀ। ਇਸ ਪਾਪਣ ਨੇ ਪਹਿਲਾਂ ਆਪਣਾ ਘਰਵਾਲਾ ਮਾਰਿਆ ਅਤੇ ਫੇਰ ਅਭਰਨ ਸੈਨ ਨੂੰ ਮਾਰ ਦਿੱਤਾ।

## ੩੦੩ਵਾਂ ਚਰਿੱਤ੍ਰ : ਅਭਰਨ ਦੇਵੀ

ਅਭਰਨ ਸਿੰਘ ਇਕ ਰਾਜਾ ਸੀ। ਉਸ ਦੀ ਰਾਣੀ ਦਾ ਨਾਮ ਅਭਰਨ ਦੇਵੀ ਸੀ। ਰਾਜੇ ਨੇ ਅਭਰਨ ਦੇਵੀ ਨੂੰ ਪਰ-ਪੁਰਖ ਨਾਲ ਪ੍ਰੇਮ ਕਰਦੀ ਨੂੰ ਵੇਖ ਕੇ ਮਨੋਂ ਵਿਸਾਰ ਦਿੱਤਾ ਅਤੇ ਉਸ ਪੁਰਖ ਨੂੰ ਰਾਜੇ ਨੇ ਮਾਰ ਦਿੱਤਾ। ਰਾਣੀ ਨੇ ਚਰਿੱਤ੍ਰ ਖੇਡ ਕੇ ਸੰਨਿਆਸਣ ਬਣ ਕੇ ਫੇਰ ਰਾਜੇ ਨੂੰ ਪ੍ਰਾਪਤ ਕੀਤਾ ਹੈ।

## ੩੦੪ਵਾਂ ਚਰਿੱਤ੍ਰ : ਵਿਦਿਆ ਮਤੀ

ਬਿਧੀ ਸੈਨ ਇਕ ਸੂਰਬੀਰ ਰਾਜਾ ਸੀ ਅਤੇ ਵਿਦਿਆ ਮਤੀ ਉਸ ਦੀ ਪੁੱਤਰੀ ਸੀ। ਇਸ ਨੇ ਚਰਿੱਤ੍ਰ ਰਚ ਕੇ ਰਾਜੇ ਦੀ ਨਜ਼ਰ ਵਿਚ ਸੱਚੀ ਬਣ ਗਈ ਤੇ ਜਿਸ ਬੰਦੇ ਨੇ ਇਸ ਬਾਰੇ ਰਾਜੇ ਨੂੰ ਦੱਸਿਆ ਸੀ, ਰਾਜੇ ਨੇ ਉਸ ਨੂੰ ਮਾਰ ਦਿੱਤਾ।

## ੩੦੫ਵਾਂ ਚਰਿਤ੍ਰ : ਤ੍ਰਿਪੁਰ ਮਤੀ

ਤ੍ਰਿਪਲਪਾਲ ਨਾਮ ਦਾ ਇਕ ਰਾਜਾ ਸੀ। ਉਸ ਦੀ ਰਾਣੀ ਦਾ ਨਾਮ ਤ੍ਰਿਪਰ ਮਤੀ ਸੀ। ਫੁੱਲਮਤੀ ਉਸ ਦੀ ਸੌਂਕਣ ਸੀ ਜੋ ਅੱਖਾਂ ਵਿਚ ਰੜਕਦੀ ਸੀ। ਮਨ ਵਿਚ ਈਰਖਾ ਰੱਖਦੀ ਸੀ, ਪਰ ਮੂੰਹੋਂ ਕੁਝ ਨਹੀਂ ਸੀ ਬੋਲਦੀ। ਰਾਜੇ ਨੂੰ ਚਰਿੱਤ੍ਰ ਕਰਕੇ ਕਿਸੇ ਇਸਤ੍ਰੀ ਨੇ ਕਿਹਾ ਕਿ ਰਾਜਨ ! ਤੂੰ ਤਾਂ ਹੀ ਬਚ ਸਕਦਾ ਹੈਂ, ਜੇਕਰ ਤੂੰ ਦੋਵੇਂ ਰਾਣੀਆਂ ਦਾਨ ਵਿਚ ਦੇ ਦੇਵੇਂ ਤਾਂ ਰਾਜੇ ਨੇ ਉਸੇ

ਤਗ੍ਹਾਂ ਕੀਤਾ।

## ੩੦੬ਵਾਂ ਚਰਿੱਤ੍ਰ : ਦੁਦੰਬ ਦੇਵੀ

ਇਕ ਰਾਜਾ ਧੁੰਧਪਾਲ ਸੀ ਅਤੇ ਉਸ ਦੇ ਘਰਵਾਲੀ ਦੁਦੰਬ ਦੇਵੀ ਉਸ ਦੀ ਰਾਣੀ ਸੀ। ਉਥੇ ਇਕ ਸੁਲੱਖਣ ਰਾਇ ਖੱਤਰੀ ਰਹਿੰਦਾ ਸੀ। ਰਾਣੀ ਨੇ ਚਰਿੱਤ੍ਰ ਕਰਕੇ ਰਾਜੇ ਨੂੰ ਬੁੱਧੂ ਬਣਾਇਆ ਤੇ ਇਸ ਸੁਲੱਖਣ ਰਾਇ ਨੂੰ ਬਚਾਇਆ ਹੈ।

## ੩੦੭ਵਾਂ ਚਰਿੱਤ੍ਰ : ਸੁਘਨਾ ਮਤੀ

ਭੈਰੋਪਾਲ ਇਕ ਰਾਜਾ ਸੀ ਤੇ ਉਸ ਦੀ ਰਾਣੀ ਦਾ ਨਾਮ ਚਪਲਾ ਮਤੀ ਸੀ। ਗੁਆਂਢ ਦੇਸ਼ ਵਿਚ ਇਕ ਅਦਰਪਾਲ ਰਾਜਾ ਰਾਜ ਕਰਦਾ ਸੀ। ਉਸ ਦੀ ਪੁੱਤਰੀ ਸੁਘਨਾ ਮਤੀ ਸੀ। ਇਕ ਦਿਨ ਰਾਜਾ ਸੈਨਾ ਨਾਲ ਸ਼ਿਕਾਰ ਖੇਡਣ ਗਿਆ ਤੇ ਉਸ ਦੇ ਅੱਗੋਂ ਹਿਰਨ ਨਿਕਲਿਆ। ਰਾਜੇ ਨੇ ਉਸ ਨੂੰ ਮਾਰ ਦਿੱਤਾ ਤੇ ਫਿਰ ਅੱਗੋਂ ਸੂਰ ਨਿਕਲਿਆ ਤਾਂ ਉਸ ਦੇ ਮਗਰ ਘੋੜਾ ਬਹੁਤ ਤੇਜ਼ ਭਜਾਇਆ। ਰਾਜਾ ਦੂਸਰੇ ਦੇਸ਼ ਪਹੁੰਚ ਗਿਆ ਤੇ ਇਥੇ ਸੁਘਨਾ ਮਤੀ ਰਾਜੇ ਨੂੰ ਮਿਲੀ ਅਤੇ ਚਰਿੱਤ੍ਰ ਰਚ ਕੇ ਆਪਣੇ ਬਾਪ ਰਾਜੇ ਨੂੰ ਛਲਿਆ।

## ੩੦੮ਵਾਂ ਚਰਿੱਤ੍ਰ : ਫੁੱਟ ਬੇਸਰੀ ਦੇਵੀ

ਇਕ ਰਾਜਾ ਸੀ ਜਿਸ ਦਾ ਨਾਮ ਬ੍ਰਿਧਕੇਤ ਸੀ। ਉਸ ਦੀ ਰਾਣੀ ਫੁੱਟ ਬੇਸਰੀ ਦੇਵੀ ਸੀ। ਇਹ ਰਾਣੀ ਬਿਭਚਾਰਨ ਸੀ, ਇਸ ਨੇ ਚਰਿੱਤ੍ਰ ਕਰਕੇ ਰਾਜੇ ਨੂੰ ਧੋਖਾ ਦਿੱਤਾ।

## ੩੦੯ਵਾਂ ਚਰਿੱਤ੍ਰ : ਅਪੂਰਬ ਦੇਵੀ

ਕਰਨਾਟਕ ਸੈਨ ਰਾਜਾ ਸੀ ਤੇ ਉਸ ਦੀ ਰਾਣੀ ਕਰਨਾਟਕ ਮਤੀ ਸੀ। ਉਥੇ ਇਕ ਸ਼ਾਹ ਰਹਿੰਦਾ ਸੀ। ਸ਼ਾਹ ਦੀ ਇਕ ਪੁੱਤਰੀ ਸੀ। ਇਸ ਸ਼ਾਹ ਦੀ ਪੁੱਤਰੀ ਪਾਪਣ ਆਪਣਾ ਘਰਵਾਲਾ ਮਾਰ ਕੇ ਕਿਸੇ ਦੇ ਘਰ ਵਸ ਗਈ।

## ੩੧੦ਵਾਂ ਚਰਿੱਤ੍ਰ : ਰਸਤਿਲਕ ਦੇਵੀ

ਗੋਰ ਸੈਨ ਇਕ ਰਾਜਾ ਸੀ। ਉਸ ਦੀ ਰਾਣੀ ਰਸਤਿਲਕ ਦੇਵੀ ਸੀ। ਇਸ ਪਾਪਣ ਨੇ ਆਪਣੇ ਮਿੱਤਰ ਤੋਂ ਰਾਜੇ ਨੂੰ ਮਰਵਾ ਦਿੱਤਾ।

## ੩੧੧ਵਾਂ ਚਰਿੱਤ੍ਰ : ਕੁਅਰਿ ਸ਼ਾਹ ਦੀ ਪੁੱਤਰੀ

ਇਕ ਬਿਰਹਸੈਨ ਰਾਜਾ ਸੀ ਅਤੇ ਬਿਰਹ ਮੰਜਰੀ ਉਸ ਦੀ ਰਾਣੀ ਸੀ। ਇਹਨਾਂ ਦੇ ਘਰ

ਇਕ ਸ਼ਹਿਜ਼ਾਦਾ ਹੋਇਆ। ਜਦ ਜੁਆਨ ਹੋ ਗਿਆ ਤਾਂ ਇਕ ਸ਼ਾਹ ਦੀ ਪੁੱਤਰੀ ਜੋ ਕੁਅਰਿ ਨਾਮ ਕਰਕੇ ਜਾਣੀ ਜਾਂਦੀ ਸੀ, ਉਸ ਨੇ ਚਰਿੱਤ੍ਰ ਰਚ ਕੇ ਇਸ ਸ਼ਹਿਜ਼ਾਦੇ ਨੂੰ ਪ੍ਰਾਪਤ ਕੀਤਾ ਹੈ।

## ੩੧੨ਵਾਂ ਚਰਿੱਤ੍ਰ : ਜੱਟ ਦੀ ਇਸਤ੍ਰੀ

ਜੋਗ ਸੈਨ ਰਾਜਾ ਬੜਾ ਸੂਰਮਾ ਸੀ। ਉਸ ਦੀ ਰਾਣੀ ਸਨਿਆਸ ਮਤੀ ਸੀ। ਉਹ ਬਹੁਤ ਚਤਰ ਸੀ। ਲੰਮੇ ਸਮੇਂ ਪਿੱਛੋਂ ਉਸ ਦੇ ਘਰ ਪੁੱਤਰ ਹੋਇਆ। ਜਦ ਇਹ ਜੁਆਨ ਹੋਇਆ ਤਾਂ ਇਕ ਜੱਟ ਦੀ ਇਸਤ੍ਰੀ ਨੇ ਜੋਗੀ ਦਾ ਭੇਸ ਧਾਰ ਕੇ ਚਰਿੱਤ੍ਰ ਕਰਕੇ ਇਸ ਨੂੰ ਛਲਿਆ।

## ੩੧੩ਵਾਂ ਚਰਿੱਤ੍ਰ : ਨੈਣ

ਸਵਰਨ ਸੈਨ ਇਕ ਰਾਜਾ ਸੀ ਤੇ ਉਸ ਦੀਆਂ ਅੱਠ ਸੌ ਰਾਣੀਆਂ ਸਨ। ਬਿਸਵਮਤੀ ਉਸ ਦੀ ਇਕ ਰਾਣੀ ਸੀ। ਰਾਜੇ ਨੇ ਇਕ ਨੈਣ ਨੂੰ ਵੇਖਿਆ ਤੇ ਉਸ ਨੂੰ ਫੜ ਕੇ ਘਰ ਲੈ ਆਇਆ। ਉਸ ਨੂੰ ਆਪਣੀ ਰਾਣੀ ਬਣਾਇਆ। ਇਸ ਨੈਣ ਨੇ ਨੱਕ ਕਿਸੇ ਹੋਰ ਤੋਂ ਕਟਾਇਆ ਤੇ ਚਰਿੱਤ੍ਰ ਕਰਕੇ ਰਾਜੇ ਦੇ ਜ਼ੁੰਮੇ ਲਾਇਆ।

## ੩੧੪ਵਾਂ ਚਰਿੱਤ੍ਰ : ਸੁਕਮਾਰ ਦੇਵੀ

ਦੱਖਣ ਦੇਸ਼ ਵਿਚ ਦੱਖਣ ਸੈਨ ਰਾਜਾ ਰਾਜ ਕਰਦਾ ਸੀ। ਉਸ ਦੇ ਘਰ ਸੁਦੱਖਣ ਦੇਵੀ ਨਾਮ ਦੀ ਸੁੰਦਰ ਰਾਣੀ ਸੀ। ਉਥੇ ਇਕ ਸ਼ਾਹ ਦੀ ਪੁੱਤਰੀ ਸੀ, ਜਿਸ ਦਾ ਨਾਮ ਸੁਕਮਾਰ ਦੇਵੀ ਸੀ। ਇਸ ਨੇ ਚਰਿੱਤ੍ਰ ਕਰਕੇ ਰਾਜੇ ਦੀ ਰਾਣੀ ਬਣਨਾ ਕੀਤਾ ਹੈ।

## ੩੧੫ਵਾਂ ਚਰਿੱਤ੍ਰ : ਪੱਛਮ ਦੇਵੀ

ਗੰਗਾ ਦੇ ਕੰਢੇ ਇਟਾਵਾ ਸ਼ਹਿਰ ਵਿਚ ਪੱਛਮ ਪਾਲ ਨਾਮੀ ਇਕ ਰਾਜਾ ਰਾਜ ਕਰਦਾ ਸੀ ਅਤੇ ਪੱਛਮ ਦੇਵੀ ਉਸ ਦੀ ਰਾਣੀ ਸੀ। ਰਾਣੀ ਚਰਿੱਤ੍ਰ ਕਰਕੇ ਕਿਸੇ ਤਰਖਾਣ ਨਾਲ ਚੱਲੀ ਗਈ ਤੇ ਰਾਜੇ ਨੂੰ ਕਿਹਾ ਕਿ ਰਾਣੀ ਮਰ ਗਈ ਹੈ।

## ੩੧੬ਵਾਂ ਚਰਿੱਤ੍ਰ : ਬੰਗ ਦੇਵੀ

ਇਕ ਬੰਗਾਲੀ ਸੈਨ ਰਾਜਾ ਸੀ ਤੇ ਉਸ ਦੀ ਰਾਣੀ ਬੰਗਾਲ ਮਤੀ ਸੀ। ਉਸ ਦੇ ਘਰ ਬੰਗ ਦੇਵੀ ਨਾਮ ਦੀ ਪੁੱਤਰੀ ਸੀ। ਬੰਗ ਦੇਵੀ ਸੁਛੱਬ ਰਾਇ ਨਾਲ ਚੱਲੀ ਗਈ ਅਤੇ ਦਾਸੀਆਂ ਨਾਲ ਮਿਲ ਕੇ ਰਾਜੇ ਤੇ ਰਾਣੀ ਨੂੰ ਕਿਹਾ ਕਿ ਉਹ ਮਰ ਗਈ ਹੈ। ਚਰਿੱਤ੍ਰ ਕਰਕੇ ਉਸ ਦੇ ਥਾਂ ਬੱਕਰੀ ਚਿਖਾ ਵਿਚ ਸਾੜ ਦਿੱਤੀ।

## ੩੧੭ਵਾਂ ਚਰਿੱਤ੍ਰ : ਪੁਸ਼ਪ ਪ੍ਰਭਾ

ਮੰਤਰੀ ਨੇ ਇਕ ਕਥਾ ਸੁਣਾਈ— ਗੌੜ, ਬੰਗਾਲ ਦੇਸ਼ ਦਾ ਰਾਜਾ ਸੀ। ਉਸ ਦੀ ਰਾਣੀ ਦਾ ਨਾਮ ਸੁਮਨ ਪ੍ਰਭਾ ਸੀ। ਉਹਨਾਂ ਦੀ ਪੁੱਤਰੀ ਪੁਸ਼ਪ ਪ੍ਰਭਾ ਸੀ। ਇਸ ਨੇ ਸੁਯੰਬਰ ਰਚ ਕੇ ਇਕ ਸ਼ਾਹ ਦੇ ਪੁੱਤਰ ਨੂੰ ਆਪਣਾ ਪਤੀ ਬਣਾਇਆ।

## ੩੧੮ਵਾਂ ਚਰਿੱਤ੍ਰ : ਮਰਗਜ ਦੇਵੀ

ਮਰਗਜ ਸੈਨ ਇਕ ਸ੍ਰੇਸ਼ਟ ਰਾਜਾ ਸੀ। ਉਸ ਦੀ ਰਾਣੀ ਦਾ ਨਾਮ ਮਰਗਜ ਦੇਵੀ ਸੀ। ਇਹ ਰਾਜਾ ਬਹੁਤ ਬਲਵਾਨ ਸੀ। ਸਾਧੂ, ਸੰਤਾਂ ਵਾਸਤੇ ਦੇਵਤਾ ਸੀ ਅਤੇ ਭੈੜਿਆਂ ਬੰਦਿਆਂ ਵਾਸਤੇ ਮੌਤ ਸੀ। ਮੰਦ ਕਰਮਣ ਰਾਣੀ ਨੇ ਐਸੇ ਧਰਮੀ ਰਾਜੇ ਨੂੰ ਨਹੀਂ ਬਖ਼ਸ਼ਿਆ।

## ੩੧੯ਵਾਂ ਚਰਿੱਤ੍ਰ : ਮੁਨੀਰਾਜ ਮਤੀ

ਇਕ ਮੰਤਰੀ ਨੇ ਕਿਹਾ, ਮੈਂ ਤੁਹਾਨੂੰ ਕਥਾ ਸੁਣਾਉਂਦਾ ਹਾਂ। ਜਦੋਂ ਦੇਵਤਿਆਂ ਨੇ ਸਮੁੰਦਰ ਨੂੰ ਰਿੜਕਿਆ ਸੀ ਤਾਂ ਉਥੇ ਇਕ ਸੁਬਰਤ ਨਾਮ ਦਾ ਮੁਨੀ ਰਹਿੰਦਾ ਸੀ। ਮੁਨੀਰਾਜ ਮਤੀ ਉਸ ਦੀ ਇਸਤ੍ਰੀ ਸੀ। ਜਦੋਂ ਦੇਵਤੇ ਸਮੁੰਦਰ ਨੂੰ ਰਿੜਕਣ ਲੱਗੇ ਤਾਂ ਸਾਗਰ ਰਿੜਕਿਆ ਨਾ ਜਾਵੇ ਤਾਂ ਉਹ ਬਹੁਤ ਦੁਖੀ ਹੋਏ। ਤਦ ਉਸ ਇਸਤ੍ਰੀ ਨੇ ਕਿਹਾ, ਮੇਰੀ ਗੱਲ ਸੁਣੋ, ਜੇ ਬ੍ਰਹਮਾ ਸਿਰ 'ਤੇ ਘੜਾ ਚੁੱਕ ਕੇ ਮੇਰਾ ਪਾਣੀ ਭਰੇ ਅਤੇ ਮੇਰੇ ਚਰਨਾਂ ਦੀ ਮੈਲ ਸਾਫ਼ ਕਰੇ ਤਾਂ ਤੁਹਾਡੇ ਲੋਕਾਂ ਦਾ ਮਨੋਰਥ ਪੂਰਾ ਹੋਵੇਗਾ। ਬ੍ਰਹਮਾ ਨੇ ਵਿਆਕੁਲ ਹੋਏ ਨੇ ਸਿਰ 'ਤੇ ਘੜਾ ਚੁੱਕ ਕੇ ਪਾਣੀ ਭਰਿਆ। ਇਹਨਾਂ ਇਸਤ੍ਰੀਆਂ ਦਾ ਚਰਿੱਤ੍ਰ ਵੇਖੋ ਕਿ ਕਿਸ ਤਰ੍ਹਾਂ ਬ੍ਰਹਮੇ ਨੂੰ ਚਰਿੱਤ੍ਰ ਵਿਖਾ ਦਿੱਤਾ।

## ੩੨੦ਵਾਂ ਚਰਿੱਤ੍ਰ : ਰੁਕਮਣੀ

ਜਦੋਂ ਧਰਤੀ ਪਾਪਾਂ ਦੇ ਨਾਲ ਦੱਬੀ ਗਈ ਤਾਂ ਉਹ ਬਹੁਤ ਦੁਖੀ ਹੋਈ। ਧਰਤੀ ਬ੍ਰਹਮਾ ਦੇ ਕੋਲ ਗਈ ਅਤੇ ਆਪਣਾ ਦੁੱਖ ਦੱਸਿਆ। ਬ੍ਰਹਮਾ ਨੇ ਵਿਸ਼ਨੂੰ ਜੀ ਦੀ ਸੇਵਾ ਲਾਈ। ਸੰਸਾਰ ਵਿਚ ਕ੍ਰਿਸ਼ਨ ਜੀ ਪੈਦਾ ਹੋਏ। ਕੰਸ, ਮੁਰ ਦੈਂਤ ਦਾ ਅਵਤਾਰ ਸੀ। ਇਸ ਦੀ ਪਿਛਲੀ ਦੁਸ਼ਮਣੀ ਕ੍ਰਿਸ਼ਨ ਜੀ ਨਾਲ ਸੀ। ਕੰਸ ਨੇ ਕ੍ਰਿਸ਼ਨ ਜੀ ਨੂੰ ਮਾਰਨ ਵਾਸਤੇ ਦੈਂਤਾਂ ਨੂੰ ਉਸ ਦੇ ਕੋਲ ਭੇਜਿਆ। ਪਹਿਲਾਂ ਕ੍ਰਿਸ਼ਨ ਨੇ ਪੂਤਨਾ ਨੂੰ ਮਾਰਿਆ, ਫਿਰ ਛਕਟਾਸੁਰ, ਬਕਾਸੁਰ, ਬ੍ਰਿਖਭਾਸੁਰ ਸਾਰੇ ਮਾਰੇ ਗਏ। ਅੱਗੇ ਰੁਕਮਣੀ ਹੁਣ ਕ੍ਰਿਸ਼ਨ ਜੀ ਨਾਲ ਕਿਵੇਂ ਛਲ ਕਰਕੇ ਵਿਆਹ ਕਰਾਉਂਦੀ ਹੈ, ਸੁਣੋ— ਇਸ ਨੇ ਬ੍ਰਾਹਮਣ ਨੂੰ ਭੇਜਿਆ ਚਿੱਠੀ ਦੇ ਕੇ ਕ੍ਰਿਸ਼ਨ ਵੱਲ ਕਿ ਮੇਰਾ ਵਿਆਹ ਸ਼ਿਸ਼ਪਾਲ ਨਾਲ ਬੰਨ੍ਹਿਆ ਗਿਆ ਹੈ। ਚਿੱਠੀ ਪੜ੍ਹ ਕੇ ਕ੍ਰਿਸ਼ਨ ਜੀ ਚੱਲ ਪਏ। ਉਸੇ ਵਕਤ ਸ਼ਿਸ਼ਪਾਲ ਵੀ

ਆ ਗਿਆ। ਚਿੱਠੀ ਵਿਚ ਰੁਕਮਣੀ ਨੇ ਕ੍ਰਿਸ਼ਨ ਜੀ ਨੂੰ ਆਖਿਆ, ਮੈਂ ਕੁੰਦਨਪੁਰ ਦੇ ਕੋਲ ਮੰਦਰ ਵਿਚ ਪੂਜਾ ਕਰਨ ਆਵਾਂਗੀ ਤੇ ਉਥੇ ਖੜੀ ਹੋਵਾਂਗੀ, ਤੁਸੀਂ ਮੈਨੂੰ ਬਾਂਹ ਤੋਂ ਫੜ ਕੇ ਰੱਥ ਵਿਚ ਚੜ੍ਹਾ ਲੈਣਾ ਤੇ ਵੈਰੀ ਨੂੰ ਵੀ ਮਾਰ ਦੇਣਾ। ਜਰਾਸਿੰਧ ਸਮੇਤ ਸਾਰੇ ਸੂਰਮੇਂ ਸ਼ਸਤ੍ਰ ਲੈ ਕੇ ਜੰਗ ਦੇ ਮੈਦਾਨ ਵਿਚ ਆ ਗਏ। ਜਾਨੀ ਮਾਲੀ ਬਹੁਤ ਨੁਕਸਾਨ ਹੋਇਆ। ਰੁਕਮਣੀ ਦਾ ਇਕ ਭਰਾ ਸੀ, ਉਹ ਵੀ ਜੰਗ ਕਰਨ ਆਇਆ, ਪਰ ਉਸ ਨੂੰ ਫੜ ਕੇ ਉਸ ਦਾ ਸਿਰ, ਮੂੰਹ ਮੁੰਨ ਕੇ ਰੱਥ ਨਾਲ ਬੰਨ੍ਹ ਲਿਆ। ਕ੍ਰਿਸ਼ਨ ਨੇ ਰੁਕਮਣੀ ਦਾ ਭਰਾ ਸਮਝ ਕੇ ਛੱਡ ਦਿੱਤਾ। ਉਹ ਸ਼ਰਮਸਾਰ ਹੋ ਕੇ ਚਲਾ ਗਿਆ। ਚਰਿੱਤ੍ਰ ਕਰ ਕੇ ਰੁਕਮਣੀ ਨੇ ਕ੍ਰਿਸ਼ਨ ਨਾਲ ਵਿਆਹ ਕਰਾ ਲਿਆ।

## ੩੨੧ਵਾਂ ਚਰਿੱਤ੍ਰ : ਦੇਵਜਾਨੀ

ਸ਼ੁਕਰਾਚਾਰੀਆ ਦੈਂਤਾਂ ਦਾ ਗੁਰੂ ਸੀ। ਦੇਵਜਾਨੀ ਨਾਮੀ ਉਸ ਦੀ ਪੁੱਤਰੀ ਸੀ। ਕਚ, ਦੇਵਤਿਆਂ ਦਾ ਪ੍ਰੋਹਿਤ ਮੰਨਿਆ ਜਾਂਦਾ ਸੀ। ਸ਼ੁਕਰਾਚਾਰੀਆ ਆਇਆ ਇਸ ਪਾਸ। ਕਚ ਨੂੰ ਸੰਜੀਵਨੀ ਮੰਤ੍ਰ ਸਿੱਖਣ ਵਾਸਤੇ ਦੇਵਤਿਆਂ ਨੇ ਭੇਜਿਆ। ਦੈਂਤਾਂ ਨੂੰ ਪਤਾ ਲੱਗਾ ਤਾਂ ਕਚ ਨੂੰ ਮਾਰ ਕੇ ਦਰਿਆ ਵਿਚ ਸੁੱਟ ਦਿੱਤਾ। ਕਚ ਨੂੰ ਇਸ ਦੇ ਪਿਤਾ ਨੇ ਫਿਰ ਜੀਉਂਦਾ ਕਰ ਦਿੱਤਾ ਤੇ ਘਰ ਵਾਪਸ ਆ ਗਿਆ। ਦੇਵਜਾਨੀ ਨੇ ਚਰਿੱਤ੍ਰ ਕਰਕੇ ਛਲਿਆ।

## ੩੨੨ਵਾਂ ਚਰਿੱਤ੍ਰ : ਮਕਰਾਛ ਮਤੀ

ਮੰਤਰੀ ਕਹਿੰਦਾ ਹੈ ਕਿ ਇਕ ਕਥਾ ਮੈਂ ਸੁਣਾਉਂਦਾ ਹਾਂ। ਛਜਕਰਨ ਦੇਸ਼ ਵਿਚ ਇਕ ਸੁਛਬਕੇਤ ਰਾਜਾ ਰਹਿੰਦਾ ਸੀ। ਅਚਰਜ ਦੇਵੀ ਉਸ ਦੀ ਰਾਣੀ ਸੀ। ਮਕਰਾਛ ਮਤੀ ਉਹਨਾਂ ਦੀ ਪੁੱਤਰੀ ਸੀ। ਇਕ ਛਲੀਆ ਜੋਗੀ ਬੜਾ ਬਿਭਚਾਰੀ ਸੀ। ਰਾਜੇ ਨੇ ਇਸ ਨੂੰ ਵੇਖਿਆ ਤੇ ਘਰ ਸੱਦਿਆ ਤੇ ਰਾਜਕੁਮਾਰੀ ਨੇ ਰਾਜੇ ਨੂੰ ਅੰਨ੍ਹਾ ਕਰ ਦਿੱਤਾ।

## ੩੨੩ਵਾਂ ਚਰਿੱਤ੍ਰ : ਭੱਦਰ ਸੈਨ

ਭੱਦਰ ਸੈਨ ਰਾਜਾ ਸੀ। ਕੁਮਦਨੀ ਦੇਵੀ ਉਸ ਦੀ ਇਸਤ੍ਰੀ ਸੀ। ਉਸ ਦੇ ਘਰ ਪਰਮੁੱਦ ਸੈਨ ਨਾਮ ਦਾ ਪੁੱਤਰ ਸੀ। ਉਥੇ ਇਕ ਸ਼ਾਹ ਦੀ ਪੁੱਤਰੀ ਸੀ। ਇਸ ਨੇ ਰਾਜਕੁਮਾਰ ਨੂੰ ਵੇਖਿਆ। ਇਸ ਨੇ ਇਕ ਦਾਸੀ ਨੂੰ ਰਾਜਕੁਮਾਰ ਪਾਸ ਭੇਜਿਆ। ਰਾਜਕੁਮਾਰ ਨੇ ਸ਼ਾਹ ਦੀ ਪੁੱਤਰੀ ਨੂੰ ਉੱਤਰ ਦਿੱਤਾ—ਇਥੇ ਦੋ ਮੁਸਲਮਾਨ ਹਨ, ਮੇਰਾ ਉਹਨਾਂ ਨਾਲ ਝਗੜਾ ਹੋ ਗਿਆ ਹੈ। ਪਹਿਲਾਂ ਮੈਂ ਇਨ੍ਹਾਂ ਨੂੰ ਮਾਰ ਦੇਵਾਂ, ਫਿਰ ਤੇਰੇ ਨਾਲ ਮੈਂ ਸ਼ਾਦੀ ਕਰਾਂਗਾ। ਇਸ ਸ਼ਾਹ ਦੀ ਪੁੱਤਰੀ ਇਹ ਸੁਣ ਕੇ, ਤੁਰਕੀ ਬਾਣਾ ਪਾ ਕੇ ਤੇ ਹੱਥ ਵਿਚ ਤਲਵਾਰ ਲੈ ਕੇ ਉਥੇ ਪਹੁੰਚੀ, ਜਿਥੇ ਨਮਾਜ਼ੀ ਨਮਾਜ਼ ਪੜ੍ਹਦੇ ਸਨ। ਜਦ ਸਾਰੇ ਨਮਾਜ਼ ਪੜ੍ਹ ਕੇ ਹਟੇ ਤੇ ਸਿਜਦਾ ਕਰਨ ਲੱਗੇ ਤਾਂ ਮੌਕਾ ਤਾੜ ਕੇ ਉਨ੍ਹਾਂ ਦੋ ਮੁਸਲਮਾਨਾਂ ਦੇ ਸਿਰ ਸ਼ਾਹ ਦੀ ਪੁੱਤਰੀ ਨੇ ਵੱਢ ਦਿੱਤੇ। ਕਿਸੇ ਨੇ ਭੇਦ ਨਾ ਪਾਇਆ। ਦੋਹਾਂ

ਖ਼ੁਦਾ ਦੇ ਪਿਆਰਿਆਂ ਨੂੰ ਮਾਰ ਕੇ ਆਪਣੇ ਯਾਰ ਨਾਲ ਵਿਆਹ ਕਰਵਾ ਲਿਆ।

## ੩੨੪ਵਾਂ ਚਰਿੱਤ੍ਰ : ਅਪਰਸ ਮਤੀ

ਸੂਰਤ ਸੈਨ ਨਾਮ ਦਾ ਇਕ ਰਾਜਾ ਸੀ। ਅਛਰ ਦੇਵੀ ਉਸ ਦੀ ਰਾਣੀ ਸੀ। ਅਪਰਸ ਮਤੀ ਉਸ ਦੀ ਪੁੱਤਰੀ ਸੀ। ਇਸ ਨੇ ਚਰਿੱਤ੍ਰ ਕਰਕੇ ਇਕ ਸ਼ਾਹ ਦੇ ਪੁੱਤਰ ਨਾਲ ਸੁਯੰਬਰ ਰਚ ਕੇ ਸ਼ਾਦੀ ਕੀਤੀ ਹੈ।

**੩੨੫ਵਾਂ ਚਰਿੱਤ੍ਰ** ਨਹੀਂ ਲਿਖਿਆ ਮਿਲਦਾ। ਇਹ ਹਜ਼ੂਰ ਦੀ ਆਪਣੀ ਮੌਜ ਹੈ।

## ੩੨੬ਵਾਂ ਚਰਿੱਤ੍ਰ : ਸੁਲਤਾਨ ਕੁਮਾਰੀ

ਸੁਲਤਾਨ ਸੈਨ ਇਕ ਰਾਜਾ ਸੀ। ਉਸ ਦੀ ਰਾਣੀ ਸੁਲਤਾਨ ਦੇਵੀ ਸੀ। ਉਹਨਾਂ ਦੇ ਘਰ ਵਿਚ ਇਕ ਪੁੱਤਰੀ ਸੀ। ਉਸ ਦਾ ਨਾਮ ਸੁਲਤਾਨ ਕੁਮਾਰੀ ਸੀ। ਇਸ ਪਾਪਣ ਨੇ ਛਲ ਕਰਕੇ ਆਪਣਾ ਪਤੀ ਮਾਰ ਦਿੱਤਾ ਅਤੇ ਚਰਿੱਤ੍ਰ ਕਰਕੇ ਕਿਹਾ ਕਿ ਸ਼ਿਵਜੀ ਨੇ ਮੇਰਾ ਪਤੀ ਜਿਉਂਦਾ ਕਰ ਦਿੱਤਾ ਹੈ, ਇਹ ਕਹਿ ਕੇ ਹੋਰ ਪੁਰਖ ਨੂੰ ਆਪਣਾ ਪਤੀ ਬਣਾਇਆ।

## ੩੨੭ਵਾਂ ਚਰਿੱਤ੍ਰ : ਸੁਕਚ ਮਤੀ

ਗਹਿਰਵਾਰ ਇਕ ਮਹਾਨ ਰਾਜਾ ਸੀ ਅਤੇ ਉਸ ਦੀ ਰਾਣੀ ਦਾ ਨਾਮ ਗੂੜਮਤੀ ਸੀ। ਉਥੇ ਇਕ ਭਗਵਾਨ ਨਾਮ ਦਾ ਸ਼ਾਹ ਰਹਿੰਦਾ ਸੀ। ਉਸ ਦੀ ਸੁਕਚਮਤੀ ਪੁੱਤਰੀ ਸੀ। ਇਸ ਨੇ ਇਕ ਵਪਾਰੀ ਨੂੰ ਠਗਿਆ।

## ੩੨੮ਵਾਂ ਚਰਿੱਤ੍ਰ : ਅਚਲ ਮਤੀ

ਅਚਲਾਵਤੀ ਨਗਰ ਵਿਚ ਅਚਲ ਸੈਨ ਰਾਜਾ ਰਾਜ ਕਰਦਾ ਸੀ। ਉਸ ਰਾਜੇ ਦੀ ਰਾਣੀ ਦਾ ਨਾਮ ਅਚਲ ਦੇਵੀ ਸੀ। ਅਚਲ ਮਤੀ ਉਸ ਦੀ ਦੂਸਰੀ ਰਾਣੀ ਸੀ। ਦੂਸਰੀ ਰਾਣੀ ਨੇ ਚਰਿੱਤ੍ਰ ਕੀਤਾ।

## ੩੨੯ਵਾਂ ਚਰਿੱਤ੍ਰ : ਪੀਰ ਕੁਤਬ ਸ਼ਾਹ

ਰਾਜਾ ਥੰਭਕਰਨ ਸਾਧੂ ਸੰਤਾਂ ਦਾ ਮਿੱਤਰ ਸੀ ਅਤੇ ਦੁਸ਼ਟਾਂ ਦਾ ਵੈਰੀ ਸੀ। ਉਸ ਦੇ ਘਰ ਇਕ ਬਹੁਤ ਚੰਗਾ ਕੁੱਤਾ ਸੀ, ਜਿਹੜਾ ਕਿ ਬਹੁਤ ਸੁੰਦਰ ਸੀ ਅਤੇ ਸ਼ੇਰ ਜੈਸਾ ਤਕੜਾ ਸੀ। ਇਕ ਦਿਨ ਉਹ ਕੁੱਤਾ ਰਾਜੇ ਨੇ ਪੱਥਰ ਮਾਰ ਕੇ ਮਾਰ ਦਿੱਤਾ। ਰਾਣੀ ਨੇ ਰਾਜੇ 'ਤੇ ਦੋਸ਼ ਲਾਇਆ ਕੁੱਤੇ ਮਾਰੇ ਜਾਣ ਦਾ। ਰਾਜੇ ਨੇ ਕਿਹਾ, ਇਹੋ ਜਿਹੇ ਕੁੱਤੇ ਸਾਡੇ ਕੋਲ ਹਜ਼ਾਰਾਂ ਹਨ। ਤੂੰ ਇਸ ਨੂੰ ਪੀਰ

ਮੰਨੀ ਬੈਠੀ ਹੈਂ। ਲੱਗਦਾ ਹੈ ਕਿ ਇਸ ਦੀ ਤੂੰ ਪੂਜਾ ਕਰੇਂਗੀ। ਰਾਣੀ ਨੇ ਕਿਹਾ, ਠੀਕ ਹੈ, ਮੈਂ ਲੋਕਾਂ ਪਾਸੋਂ ਇਸ ਦੀ ਪੂਜਾ ਕਰਾਊਂਗੀ ਤੇ ਵੱਡੇ-ਵੱਡੇ ਲੋਕ ਇਸ ਨੂੰ ਮੱਥਾ ਟੇਕਣਗੇ। ਉਸ ਰਾਣੀ ਨੇ ਉਸ ਦਾ ਨਾਮ ਕੁਤਬਸ਼ਾਹ ਰੱਖ ਦਿੱਤਾ ਅਤੇ ਜ਼ਮੀਨ ਪੁੱਟ ਕੇ ਕੁੱਤੇ ਨੂੰ ਦੱਬ ਦਿੱਤਾ। ਉਥੇ ਉਸ ਦੀ ਕਬਰ ਬਣਾਈ। ਪੀਰ ਦੀ ਕਬਰ ਤੋਂ ਵੱਧ ਸੁੰਦਰ। ਉਹ ਰਾਣੀ ਇਕ ਦਿਨ ਖ਼ੁਦ ਆਪ ਕਬਰ 'ਤੇ ਗਈ ਅਤੇ ਪ੍ਰਸ਼ਾਦ ਚੜ੍ਹਾਇਆ। ਉਸ ਨੇ ਕਿਹਾ ਕਿ ਮੈਨੂੰ ਰਾਤੀ ਸੁਪਨੇ ਵਿਚ ਪੀਰ ਜੀ ਨੇ ਦਰਸ਼ਨ ਦਿੱਤੇ ਤੇ ਮੇਰੀ ਮੁਰਾਦ ਪੂਰੀ ਹੋਈ ਹੈ। ਪੀਰ ਨੇ ਮੈਨੂੰ ਜਗਾਇਆ ਅਤੇ ਆਪਣੀ ਕਬਰ ਮੈਨੂੰ ਖ਼ੁਦ ਵਿਖਾਈ। ਜਦ ਲੋਕਾਂ ਨੇ ਸੁਣਿਆ ਤਾਂ ਸਾਰੇ ਲੋਕ ਉਥੇ ਜਾਣ ਲੱਗੇ। ਪ੍ਰਸ਼ਾਦ ਅਨੇਕ ਪ੍ਰਕਾਰ ਦੇ ਚੜ੍ਹਾਇਆ ਕਰਨ। ਕੁਤਬਸ਼ਾਹ ਦੀ ਕਬਰ ਨੂੰ ਚੁੰਮ ਕੇ ਜਾਇਆ ਕਰਨ। ਉਥੇ ਕਾਜ਼ੀ, ਸੱਯਦ ਅਤੇ ਸ਼ੇਖ ਆਦਿ ਇਸ ਕਬਰ ਨੂੰ ਚੁੰਮ ਕੇ ਜਾਂਦੇ ਸਨ। ਇਸ ਪ੍ਰਕਾਰ ਉਸ ਇਸਤ੍ਰੀ ਨੇ ਆਪਣੇ ਕੁੱਤੇ ਲਈ ਚਰਿੱਤ੍ਰ ਖੇਡਿਆ ਸੀ ਅਤੇ ਲੋਕ ਕੁਤਬਸ਼ਾਹ ਦੇ ਨਾਂ 'ਤੇ ਯਾਤਰਾ ਕਰਨ ਜਾਂਦੇ ਸਨ।

## ੩੩੦ਵਾਂ ਚਰਿੱਤ੍ਰ : ਝੀਊਰੀ

ਬਿਜੈਵਤੀ ਨਗਰ ਵਿਚ ਬ੍ਰਿਭਰਮ ਸੈਨ ਨਾਮ ਦਾ ਇਕ ਰਾਜਾ ਰਾਜ ਕਰਦਾ ਸੀ। ਉਸ ਦੀ ਇਸਤ੍ਰੀ ਦਾ ਨਾਮ ਬਿਆਘਰ ਮਤੀ ਸੀ। ਉਥੇ ਇਕ ਝੀਊਰੀ ਰਹਿੰਦੀ ਸੀ, ਜਿਹੜੀ ਰਾਜੇ ਦੇ ਦਰਵਾਜ਼ੇ 'ਤੇ ਪਾਣੀ ਢੋਇਆ ਕਰਦੀ ਸੀ। ਇਕ ਦਿਨ ਇਸ ਨੇ ਸੋਨੇ ਦੇ ਗਹਿਣੇ ਚਰਿੱਤ੍ਰ ਕਰਕੇ ਚੋਰੀ ਕੀਤੇ ਹਨ।

## ੩੩੧ਵਾਂ ਚਰਿੱਤ੍ਰ : ਬਿਰਹਾ ਮਤੀ

ਬਿਰਹਾ ਸੈਨ ਰਾਜਾ ਸੀ ਤੇ ਉਸ ਦੇ ਘਰ ਬਿਰਹਾ ਦੇਵੀ ਰਾਣੀ ਸੀ। ਉਸ ਦੀ ਪੁੱਤਰੀ ਦਾ ਨਾਮ ਇਸ਼ਕ ਮਤੀ ਸੀ। ਉਥੇ ਇਕ ਕੰਚਨ ਸੈਨ ਨਾਮੀ ਦੈਂਤ ਰਹਿੰਦਾ ਸੀ, ਜਿਹੜਾ ਬਹੁਤ ਬਲਵਾਨ ਸੀ। ਉਹ ਅੱਧੀ ਰਾਤ ਨੂੰ ਆ ਕੇ ਆਦਮੀ ਨੂੰ ਮਾਰ ਕੇ ਖਾ ਜਾਂਦਾ ਸੀ। ਸਿਆਣੇ ਆਦਮੀਆਂ ਨੇ ਮਿਲ ਕੇ ਸਲਾਹ ਕੀਤੀ। ਉਸ ਨਗਰ ਵਿਚ ਇਕ ਵੇਸਵਾ ਰਹਿੰਦੀ ਸੀ। ਉਹ ਵੇਸਵਾ ਰਾਜੇ ਕੋਲ ਗਈ ਤੇ ਰਾਜੇ ਨੂੰ ਕਿਹਾ, ਮੈਨੂੰ ਆਪਣੇ ਘਰ ਵਸਾ ਲਵੇਂਗਾ ਤਾਂ ਮੈਂ ਦੈਂਤ ਨੂੰ ਮਾਰ ਦੇਵਾਂਗੀ। ਰਾਜਾ ਮੰਨ ਗਿਆ ਤੇ ਆਖਿਆ, ਮੈਂ ਤੇਰੇ ਨਾਲ ਵਿਆਹ ਕਰਵਾਵਾਂਗਾ। ਚਰਿੱਤ੍ਰ ਨਾਲ ਉਸ ਵੇਸਵਾ ਨੇ ਦੈਂਤ ਨੂੰ ਮਾਰ ਕੇ ਰਾਜੇ ਨਾਲ ਵਿਆਹ ਕਰਾ ਲਿਆ ਤੇ ਸਾਰੀ ਨਗਰੀ ਸੁਖੀ ਵਸਣ ਲੱਗੀ।

## ੩੩੨ਵਾਂ ਚਰਿੱਤ੍ਰ : ਵਲੰਦੇਜ ਦੇਵੀ

ਵਲੰਦੇਜ ਦੇਸ਼ ਦਾ ਇਕ ਰਾਜਾ ਸੀ ਤੇ ਉਸ ਦੀ ਰਾਣੀ ਦਾ ਨਾਮ ਵਲੰਦੇਜ ਦੇਵੀ ਸੀ।

ਉਸ ਰਾਜੇ ਨਾਲ ਫ਼ਰੰਗੀਆਂ ਦਾ ਬਾਦਸ਼ਾਹ ਗ਼ੁੱਸੇ ਹੋਇਆ ਅਤੇ ਫ਼ੌਜ ਚੜ੍ਹਾ ਕੇ ਲੈ ਆਇਆ। ਵਲੰਦੇਜ ਦੇਵੀ ਦੇ ਪਤੀ ਨੇ ਡਰ ਕਰਕੇ ਪ੍ਰਾਣ ਦੇ ਦਿੱਤੇ। ਰਾਣੀ ਨੇ ਆਪਣੇ ਮਰੇ ਪਤੀ ਨੂੰ ਵੇਖਿਆ ਤੇ ਆਪਣੀ ਸੈਨਾ ਨਾਲ ਸਲਾਹ ਕੀਤੀ। ਲੱਕੜ ਦੀਆਂ ਲੱਖਾਂ ਮੂਰਤੀਆਂ ਬਣਾ ਲਈਆਂ। ਗੋਲੀਆਂ ਨਾਲ ਭਰ ਦਿੱਤੀਆਂ ਤੇ ਹੱਥਾਂ ਵਿਚ ਬੰਦੂਕਾਂ ਫੜਾ ਦਿੱਤੀਆਂ। ਤੋਪਾਂ ਲੈ ਕੇ ਦੁਸ਼ਮਨ ਜਦੋਂ ਨੇੜੇ ਆਏ ਤਾਂ ਇਕ ਦਮ ਅੱਗ ਲਾ ਦਿੱਤੀ। ਜਦੋਂ ਇਕੋ ਵਾਰ ਬਰੂਦ ਨਾਲ ਬੰਦੂਕਾਂ ਚੱਲੀਆਂ ਤਾਂ ਫ਼ੌਜਾਂ ਦਾ ਬਹੁਤ ਨੁਕਸਾਨ ਹੋਇਆ। ਦੋਵਾਂ ਪਾਸਿਓਂ ਗੋਲੀਆਂ ਚੱਲੀਆਂ। ਇਸ ਇਸਤ੍ਰੀ ਨੇ ਚਰਿੱਤ੍ਰ ਕਰਕੇ ਹਜ਼ਾਰਾਂ ਕਟਕ ਫ਼ੌਜ ਮਾਰ ਦਿੱਤੀ। ਰਾਜੇ ਸਮੇਤ ਸਾਰੇ ਸੂਰਮੇ ਮਾਰ ਦਿੱਤੇ।

## ੩੩੩ਵਾਂ ਚਰਿੱਤ੍ਰ : ਪ੍ਰੀਤ ਕਲਾ

ਭੇਹਰਾ ਸ਼ਹਿਰ ਦਾ ਇਕ ਚੰਗਾ ਰਾਜਾ ਸੀ ਤੇ ਉਸ ਦਾ ਨਾਮ ਕਾਮ ਸੈਨ ਸੀ। ਉਸ ਦੀ ਇਸਤ੍ਰੀ ਕਾਮਾਵਤੀ ਸੀ। ਉਸ ਦੇ ਤਬੇਲੇ ਵਿਚ ਕਾਫੀ ਘੋੜੇ ਤੇ ਘੋੜੀਆਂ ਸਨ। ਇਕ ਘੋੜੀ ਨੇ ਵਛੇਰਾ ਦਿੱਤਾ। ਵਛੇਰਾ ਬੜਾ ਸੁੰਦਰ ਸੀ। ਉਥੇ ਇਕ ਸ਼ਾਹ ਰਹਿੰਦਾ ਸੀ। ਉਸ ਦੀ ਇਸਤ੍ਰੀ ਰੂਪ ਕੁਮਾਰੀ ਸੀ ਤੇ ਉਸ ਦੀ ਇਕ ਪੁੱਤਰੀ ਸੀ, ਜਿਸ ਦਾ ਨਾਮ ਪ੍ਰੀਤ ਕਲਾ ਸੀ। ਉਸ ਨੇ ਚੌਧਰੀ ਦੇ ਲੜਕੇ ਨੂੰ ਛਲ ਕੇ ਭੋਜਨ ਤੇ ਸ਼ਰਾਬ ਪਿਆਈ ਤੇ ਲੜਕੇ ਨੇ ਕਿਹਾ, ਜਿਹੜਾ ਰਾਜੇ ਦਾ ਨਵਾਂ ਸੁੰਦਰ ਵਛੇਰਾ ਹੈ, ਪਹਿਲਾਂ ਉਹ ਮੈਨੂੰ ਲਿਆ ਦੇ। ਇਸਤ੍ਰੀ ਨੇ ਸਾਰੇ ਪਹਿਰੇਦਾਰ ਮਾਰੇ ਤੇ ਵਛੇਰਾ ਖੋਲ੍ਹ ਕੇ ਲੈ ਗਈ। ਸ਼ਹਿਰ ਵਿਚ ਰੌਲਾ ਪੈ ਗਿਆ। ਰਾਜੇ ਨੇ ਆਪਣੇ ਬੰਦੇ ਮਗਰ ਲਾਏ, ਪਰ ਲੜਕੀ ਨੂੰ ਫੜ ਨਾ ਸਕੇ। ਜਿਹੜੇ ਬੰਦੇ ਮਗਰ ਲੱਗੇ ਸਨ, ਲੜਕੀ ਨੇ ਉਨ੍ਹਾਂ ਨੂੰ ਮਾਰ ਦਿੱਤਾ। ਵਛੇਰਾ ਦਰਿਆ ਵਿਚ ਤੈਰਾ ਦਿੱਤਾ। ਪਹੁੰਚ ਗਈ ਆਪਣੇ ਮਿੱਤਰ ਕੋਲ ਅਤੇ ਮਿੱਤਰ ਨੂੰ ਵਛੇਰਾ ਦੇ ਦਿੱਤਾ।

## ੩੩੪ਵਾਂ ਚਰ੍ਰਿੱਤ : ਸ਼ਾਹ ਦੀ ਪੁੱਤਰੀ

ਮੰਤਰੀ ਨੇ ਕਿਹਾ, ਹੇ ਰਾਜਨ ! ਇਕ ਇਸਤ੍ਰੀ ਦਾ ਚਰਿੱਤ੍ਰ ਤੁਹਾਨੂੰ ਹੋਰ ਸੁਣਾਉਂਦਾ ਹਾਂ। ਪੱਛਮ ਵਾਲੇ ਪਾਸੇ ਹੰਸ ਮਾਲਤੀ ਇਕ ਪਿੰਡ ਮਸ਼ਹੂਰ ਹੈ। ਉਥੋਂ ਦਾ ਰਾਜਾ ਹੰਸ ਸੈਨ ਤੇ ਰਾਣੀ ਹੰਸ ਪ੍ਰਭਾ ਸੀ। ਏਥੇ ਇਕ ਸ਼ਾਹ ਦੀ ਪੁੱਤਰੀ ਸੀ ਤੇ ਇਸ ਨੇ ਆਪਣੇ ਪਤੀ ਨੂੰ ਕੁੱਟ ਮਾਰ ਕੇ ਕਾਜ਼ੀ ਤੇ ਕੋਤਵਾਲ ਦੇ ਹਵਾਲੇ ਕਰ ਦਿੱਤਾ।

## ੩੩੫ਵਾਂ ਚਰਿੱਤ੍ਰ : ਪਿੰਗਲ ਦੇਵੀ

ਦੱਖਣ ਵਿਚ ਇਕ ਰਾਜਾ ਰਾਜਸੈਨ ਰਹਿੰਦਾ ਸੀ ਤੇ ਉਸ ਦੇ ਘਰ ਇਸਤ੍ਰੀ ਰਾਜਮਤੀ ਸੀ। ਉਥੇ ਇਕ ਸ਼ਾਹ ਦੀ ਪੁੱਤਰੀ ਸੀ, ਜਿਸ ਦਾ ਨਾਮ ਪਿੰਗਲ ਦੇਵੀ ਸੀ। ਇਸ ਨੇ ਆਪਣੇ ਪਤੀ

ਨੂੰ ਧੋਖਾ ਦੇ ਕੇ ਰਾਜੇ ਪਾਸ ਚਲੀ ਗਈ।

## ੩੩੬ਵਾਂ ਚਰਿੱਤ੍ਰ : ਦਿਮਾਗ਼ ਰੋਸ਼ਨ

ਸਿਰੋਹੀ ਸ਼ਹਿਰ ਵਿਚ ਇਕ ਬਿਕਰਕਰਨ ਰਾਜਾ ਰਹਿੰਦਾ ਸੀ। ਰਾਜਾ ਸਾਰਿਆਂ ਦਾ ਪ੍ਰੇਮੀ ਤੇ ਮਹਾਂ ਬੁੱਧੀ, ਸੂਰਮਾ, ਰਥਵਾਹੀ ਸੀ। ਅਬਲਾ ਦੇਵੀ ਉਸ ਦੀ ਰਾਣੀ ਸੀ। ਉਨ੍ਹਾਂ ਦੇ ਘਰ ਬੀਰਮ ਦੇਵ ਪੁੱਤਰ ਪੈਦਾ ਹੋਇਆ। ਉਹ ਬੜਾ ਪ੍ਰਤਾਪ ਵਾਲਾ ਸੀ। ਬੀਰਮ ਦੇਵ ਬਾਦਸ਼ਾਹ ਅਲਾਉਦੀਨ ਦੇ ਪਾਸ ਨੌਕਰੀ ਕਰਨ ਆਇਆ। ਉਸ ਬਾਦਸ਼ਾਹ ਦੀ ਇਸਤ੍ਰੀ ਦਾ ਨਾਮ ਫੂਲਮਤੀ ਸੀ। ਉਸ ਦੀ ਇਕ ਲੜਕੀ ਸੀ, ਜਿਸ ਦਾ ਨਾਮ ਦਿਮਾਗ਼ ਰੋਸ਼ਨ ਸੀ। ਦਿਮਾਗ਼ ਰੋਸ਼ਨ ਨੇ ਬਾਦਸ਼ਾਹ ਨੂੰ ਕਿਹਾ, ਬੀਰਮ ਦੇਵ ਨਾਲ ਮੇਰਾ ਵਿਆਹ ਕਰ ਦਿਓ। ਬਾਦਸ਼ਾਹ ਨੇ ਕਿਹਾ, ਪਹਿਲਾਂ ਉਸ ਨੂੰ ਮੁਸਲਮਾਨ ਬਣਾ ਲੈ, ਫਿਰ ਉਸ ਨਾਲ ਨਿਕਾਹ ਕਰਾ ਲਈਂ। ਬਾਦਸ਼ਾਹ ਨੇ ਵਜ਼ੀਰ ਨੂੰ ਭੇਜਿਆ ਤੇ ਕਿਹਾ, ਬੀਰਮ ਦੇਵ ਨੂੰ ਕਹੋ, ਪਹਿਲਾਂ ਮੁਸਲਮਾਨ ਬਣ ਜਾਵੇ, ਫਿਰ ਮੇਰੀ ਸ਼ਹਿਜ਼ਾਦੀ ਨਾਲ ਵਿਆਹ ਕਰ ਲੈ। ਬੀਰਮ ਦੇਵ ਨਾ ਮੰਨਿਆ ਤੇ ਆਪਣੇ ਦੇਸ਼ ਚੱਲਿਆ ਗਿਆ। ਬਾਦਸ਼ਾਹ ਨੇ ਸੈਨਾ ਨੂੰ ਹੁਕਮ ਕੀਤਾ ਕਿ ਬੀਰਮ ਦੇਵ ਨੂੰ ਫੜ ਕੇ ਲਿਆਉ। ਜਦ ਬੀਰਮ ਦੇਵ ਨੂੰ ਪਤਾ ਲੱਗਾ ਤਾਂ ਪਰਤ ਕੇ ਲੜਾਈ ਕੀਤੀ।

## ੩੩੭ਵਾਂ ਚਰਿੱਤ੍ਰ : ਰੰਗਝੜ ਦੇਵੀ

ਰਾਜ ਸੈਨ ਇਕ ਰਾਜਾ ਸੀ। ਉਸ ਦੀ ਰਾਣੀ ਦਾ ਨਾਮ ਰਾਜ ਦੇਵੀ ਸੀ ਅਤੇ ਉਸ ਦੀ ਪੁੱਤਰੀ ਦਾ ਨਾਮ ਰੰਗਝੜ ਸੀ। ਰੰਗਝੜ ਦੇਵੀ ਨੇ ਮਰਦਾਵੇਂ ਕੱਪੜੇ ਪਾ ਕੇ ਵਿਲਾਸਵਤੀ ਨਗਰ ਵਿਚ ਪਹੁੰਚ ਗਈ। ਉਥੇ ਲੱਗ ਪਈ ਜੂਆ ਖੇਡਣ। ਸਾਰੇ ਰਾਜੇ ਜੂਏ ਵਿਚ ਜਿੱਤ ਲਏ। ਇਕ ਰਾਜੇ ਨੂੰ ਆਪਣਾ ਪਤੀ ਬਣਾ ਲਿਆ ਅਤੇ ਉਸ ਦੇ ਘਰ ਵੱਸਣ ਲੱਗ ਪਈ।

*ਦੋਹਰਾ : ਚੰਚਲਾਨ ਕੇ ਚਰਿਤ ਕੋ, ਸਕਤ ਨਾ ਕੋਈ ਬਿਚਾਰ॥*
*ਬ੍ਰਹਮ ਬਿਸ਼ਨ ਸ਼ਿਵ ਖਟ ਬਦਨ, ਜਲ ਸਿਰਜੀ ਕਰਤਾਰ॥ ੧੨॥*

## ੩੩੮ਵਾਂ ਚਰਿੱਤ੍ਰ : ਪਰਜ ਮਤੀ

ਜਮਲ ਸੈਨ ਇਕ ਬਲਵਾਨ ਰਾਜਾ ਸੀ, ਜੋ ਬਹੁਤ ਸੂਰਬੀਰ ਤੇ ਅਕਲਮੰਦ ਸੀ। ਸੋਰਠ ਦੇਵੀ ਉਸ ਦੀ ਰਾਣੀ ਸੀ ਜੋ ਕਿ ਦਾਨੀ ਸੀ ਅਤੇ ਉਸ ਦੀ ਪੁੱਤਰੀ ਦਾ ਨਾਮ ਪਰਜ ਮਤੀ ਸੀ। ਬਿਸਹਰ ਦਾ ਰਾਜਾ ਇਕ ਦਿਨ ਜਮਲ ਸੈਨ ਦੇ ਕੋਲ ਆਇਆ। ਪਰਜ ਮਤੀ ਨੇ ਚਰਿੱਤ੍ਰ ਕਰਕੇ ਉਸ ਰਾਜੇ ਨਾਲ ਵਿਆਹ ਕੀਤਾ ਤੇ ਸਾਰੇ ਲੋਕ ਵੇਖਦੇ ਹੀ ਰਹਿ ਗਏ।

## ੩੩੯ਵਾਂ ਚਰਿੱਤ੍ਰ : ਬਿਭਾਸ ਵਤੀ

ਬਿਭਾਸ ਵਤੀ ਨਗਰ ਵਿਚ ਇਕ ਵਿਭਾਸਕਰਨ ਨਾਮੀ ਰਾਜਾ ਸੀ ਤੇ ਬਿਵਾਸ ਮਤੀ ਉਸ ਦੀ ਰਾਣੀ ਸੀ। ਉਸ ਦੀ ਇਕ ਸੌਂਕਣ ਸੀ ਜੋ ਬਹੁਤ ਸੁੰਦਰ ਸੀ। ਉਥੇ ਇਕ ਬੈਰਾਗੀ ਆਇਆ, ਜਿਸ ਦਾ ਨਾਮ ਸਿਆਮ ਦਾਸ ਸੀ। ਇਹ ਬੈਰਾਗੀ ਸਾਧ ਬਿਭਚਾਰੀ ਸੀ।

## ੩੪੦ਵਾਂ ਚਰਿੱਤ੍ਰ : ਰਤਨ ਮਤੀ

ਇਕ ਸੁੰਦਰ ਨਗਰੀ ਸੀ, ਜਿਵੇਂ ਵਿਸ਼ਕਰਮਾ ਨੇ ਬਣਾਈ ਹੋਵੇ। ਇਸ ਨਗਰੀ ਦਾ ਨਾਮ ਇਲੋਰਾ ਸੀ। ਉਥੋਂ ਦਾ ਭਦਰ ਨਾਮ ਦਾ ਰਾਜਾ ਸੀ ਤੇ ਰਤਨ ਮਤੀ ਉਸ ਦੀ ਰਾਣੀ ਸੀ ਜੋ ਬਹੁਤ ਕਰੂਪ ਸੀ। ਰਾਜਾ ਡਰਦਾ ਉਸ ਕੋਲ ਨਹੀਂ ਸੀ ਜਾਂਦਾ। ਦੂਸਰੀਆਂ ਰਾਣੀਆਂ ਦੇ ਮਹਿਲਾਂ ਵਿਚ ਰਹਿੰਦਾ ਸੀ। ਰਾਣੀ ਬੜੀ ਦੁਖੀ ਹੋਈ ਤਾਂ ਰਾਣੀ ਨੇ ਸ਼ਿਵਜੀ ਦਾ ਭੇਸ ਧਾਰਨ ਕੀਤਾ ਅਤੇ ਆਪਣੇ ਅੰਗਾਂ ਨੂੰ ਸੁਆਹ ਲਾਈ। ਜਿੱਥੇ ਰਾਜਾ ਪੂਜਾ ਕਰਦਾ ਸੀ, ਉਥੇ ਸ਼ਿਵਜੀ ਦਾ ਭੇਸ ਧਾਰ ਕੇ ਖੜੋ ਗਈ। ਜਦੋਂ ਰਾਜੇ ਨੇ ਅੱਖਾਂ ਖੋਲ੍ਹੀਆਂ ਤਾਂ ਅੱਗੇ ਸ਼ਿਵਜੀ ਨੂੰ ਖੜੇ ਵੇਖ ਕੇ ਉਸ ਦੇ ਪੈਰੀਂ ਪਿਆ ਤੇ ਕਹਿਣ ਲੱਗਾ, ਮੇਰੇ ਭਾਗ ਬਹੁਤ ਚੰਗੇ ਹਨ ਕਿ ਮੈਂ ਅੱਜ ਆਪ ਦੇ ਦਰਸ਼ਨ ਕੀਤੇ ਹਨ। ਮੂਰਖ ਰਾਜੇ ਨੇ ਇਸ ਨੂੰ ਸ਼ਿਵਜੀ ਮੰਨ ਲਿਆ। ਸ਼ਿਵਜੀ ਬਣੀ ਇਸਤ੍ਰੀ ਨੇ ਕਿਹਾ, ਤੁਸੀਂ ਵਰਦਾਨ ਮੰਗੋ, ਮੈਂ ਤੁਹਾਨੂੰ ਵਰ ਦੇਵਾਂਗਾ। ਤੁਸੀਂ ਮੇਰੀ ਬਹੁਤ ਸੇਵਾ ਕੀਤੀ ਹੈ। ਇਸਤ੍ਰੀ ਦੇ ਬਚਨ ਸੁਣ ਕੇ ਰਾਜਾ ਪੈਰੀਂ ਪੈ ਗਿਆ, ਪਰ ਮੂਰਖ ਅਸਲ ਗੱਲ ਸਮਝ ਨਾ ਸਕਿਆ ਤੇ ਨਾ ਉਸ ਦੇ ਚਰਿੱਤ੍ਰ ਨੂੰ ਜਾਣ ਸਕਿਆ।

## ੩੪੧ਵਾਂ ਚਰਿੱਤ੍ਰ : ਮਥਰਾ

ਇਕ ਮਥਰਾ ਨਾਮੀ ਇਸਤ੍ਰੀ ਸੀ। ਰਾਮਦਾਸ ਨਾਮ ਦਾ ਇਕ ਵਿਅਕਤੀ ਉਸ ਕੋਲ ਆਇਆ ਤੇ ਕਹਿਣ ਲੱਗਾ, ਤੂੰ ਮੇਰੀ ਪਤਨੀ ਬਣ ਜਾ ਤਾਂ ਮਥਰਾ ਉਸ ਦੇ ਘਰ ਗਈ ਤੇ ਕਿਹਾ, ਰਾਜਾ ਹਰੀਚੰਦ ਹੋਇਆ ਹੈ, ਉਹ ਵੀ ਅਕਾਲ ਦੇ ਵੱਸ ਹੋ ਗਿਆ। ਰਾਜਾ ਮਾਨਧਾਤਾ ਹੋਇਆ, ਉਸ ਨੂੰ ਵੀ ਕਾਲ ਨੇ ਗ੍ਰਸਿਆ ਹੈ, ਜਿਹੜਾ ਜ਼ਮੀਨ 'ਤੇ ਪੈਦਾ ਹੋਇਆ ਹੈ, ਉਸ ਨੇ ਇਕ ਦਿਨ ਮਰਨਾ ਹੀ ਮਰਨਾ ਹੈ। ਇਕ ਪ੍ਰਮਾਤਮਾ ਵਾਹਿਗੁਰੂ ਹੀ ਹੈ ਜੋ ਮਰਨ ਵਿਚ ਨਹੀਂ ਆਉਂਦਾ, ਬਾਕੀ ਸਾਰੇ ਨਾਸ਼ਵੰਤ ਹਨ। ਦੁਨੀਆਂ ਵਿਚ ਉਹ ਹੀ ਅਮਰ ਹੈ, ਜਿਹੜਾ ਪੁੰਨ ਦਾਨ ਕਰਦਾ ਹੈ।

## ੩੪੨ਵਾਂ ਚਰਿੱਤ੍ਰ : ਅਪੱਛਰਾ ਦੇਵੀ

ਸੁਕ੍ਰਿਤਾਵਤੀ ਨਗਰੀ ਵਿਚ ਸੁਕ੍ਰਿਤ ਸੈਨ ਰਾਜਾ ਰਹਿੰਦਾ ਸੀ ਜੋ ਸ਼ੁੱਭ ਗੁਣਾਂ ਦੀ ਖਾਨ ਸੀ

ਅਤੇ ਸ਼ੁਭਲੱਛਣ ਦੇਵੀ ਉਸ ਦੀ ਰਾਣੀ ਸੀ ਤੇ ਅਪੱਛਰਾ ਦੇਵੀ ਉਸ ਦੀ ਪੁੱਤਰੀ ਸੀ। ਇਸ ਨੇ ਚਰਿੱਤ੍ਰ ਕਰਕੇ ਸੌਦਾਗਰ ਦੇ ਪੁੱਤਰ ਨਾਲ ਸ਼ਾਦੀ ਕੀਤੀ ਹੈ।

## ੩੪੩ਵਾਂ ਚਰਿੱਤ੍ਰ : ਬਰੰਗਨਾ ਦੇਵੀ

ਬ੍ਰਿਜਰਾਜ ਸੈਨ ਰਾਜਾ ਸੀ। ਬ੍ਰਿਜਰਾਜ ਮਤੀ ਉਸ ਦੀ ਰਾਣੀ ਸੀ ਅਤੇ ਬਰੰਗਨਾ ਦੇਵੀ ਉਸ ਦੀ ਪੁੱਤਰੀ ਸੀ। ਬਰੰਗਨਾ ਦੇਵੀ ਜਦੋਂ ਜਵਾਨ ਹੋਈ ਤਾਂ ਇਸ ਨੇ ਚਰਿੱਤ੍ਰ ਖੇਡਿਆ ਤੇ ਰਾਜੇ ਨੂੰ ਆਖਿਆ, ਹੇ ਪਿਤਾ ਜੀ ! ਮੈਨੂੰ ਸ਼ਿਵਾਂ ਨੇ ਸਰਾਪ ਦਿੱਤਾ ਹੈ ਤਾਂ ਮੈਂ ਤੁਹਾਡੇ ਘਰ ਜਨਮ ਲਿਆ ਹੈ, ਪਰ ਜਦੋਂ ਸਰਾਪ ਦੀ ਮਿਆਦ ਪੂਰੀ ਹੋ ਜਾਵੇਗੀ ਤਾਂ ਮੈਂ ਦੁਬਾਰਾ ਸੁਰਲੋਕ ਪਹੁੰਚ ਜਾਵਾਂਗੀ। ਇਕ ਦਿਨ ਬਰੰਗਨਾ ਦੇਵੀ ਨੇ ਚਿੱਠੀ ਆਪਣੇ ਹੱਥ ਨਾਲ ਲਿਖੀ। ਚਿੱਠੀ ਵਿਚ ਲਿਖਿਆ ਸੀ— ਸ਼ਿਵਾਂ ਦਾ ਸਰਾਪ ਪੂਰਾ ਹੋਇਆ ਹੈ ਤੇ ਤੁਹਾਡੀ ਪੁੱਤਰੀ ਸੁਰਲੋਕ ਚੱਲੀ ਗਈ ਹੈ। ਜੋ ਧਨ ਮੇਰੇ ਘਰ ਵਿਚ ਪਿਆ ਹੈ, ਉਹ ਸਾਰਾ ਬ੍ਰਾਹਮਣਾਂ ਨੂੰ ਵੰਡ ਦਿਉ। ਉਸ ਨੇ ਆਪਣੇ ਮਿੱਤਰ ਨੂੰ ਬ੍ਰਾਹਮਣ ਬਣਾ ਲਿਆ ਤੇ ਸਾਰਾ ਧਨ ਛਲ ਨਾਲ ਕਢਵਾ ਲਿਆ। ਇਸ ਚਰਿੱਤ੍ਰ ਨਾਲ ਉਹ ਮਿੱਤਰ ਨਾਲ ਚੱਲੀ ਗਈ ਅਤੇ ਮਿੱਤਰ ਨੂੰ ਗ਼ਰੀਬ ਤੋਂ ਅਮੀਰ ਬਣਾ ਦਿੱਤਾ।

## ੩੪੪ਵਾਂ ਚਰਿੱਤ੍ਰ : ਸੋਰਠ ਦੇਵੀ ਤੇ ਪਰਜ ਦੇਵੀ

ਦਿਜਬਰ ਸੈਨ ਇਕ ਰਾਜਾ ਸੀ। ਉਸ ਦੀ ਰਾਣੀ ਸੁਮੇਰ ਮਤੀ ਸੀ ਅਤੇ ਸੋਰਠ ਦੇਵੀ ਉਸ ਦੀ ਪੁੱਤਰੀ ਸੀ। ਪਰਜ ਦੇਵੀ ਇਕ ਹੋਰ ਇਸ ਦੀ ਪੁੱਤਰੀ ਸੀ। ਜਦ ਦੋਵਾਂ 'ਤੇ ਜੁਆਨੀ ਆਈ ਤਾਂ ਇਕ ਹੋਰ ਰਾਜਾ ਸੀ, ਜਿਸ ਦਾ ਨਾਮ ਉਜ ਸੈਨ ਸੀ। ਜਦ ਇਹ ਰਾਜਾ ਸ਼ਿਕਾਰ ਖੇਡਣ ਨਿਕਲਿਆ ਤਾਂ ਇਸ ਨੇ ਕਈ ਹਿਰਨ ਤੇ ਰਿੱਛ ਮਾਰੇ। ਇਕ ਪਾਸਿਓਂ ਹਿਰਨ ਅਤੇ ਦੂਜੇ ਪਾਸਿਓਂ ਬਾਰਾਂਸਿੰਗਾ ਨਿਕਲਿਆ ਤਾਂ ਰਾਜੇ ਨੇ ਹਿਰਨ ਦੇ ਮਗਰ ਘੋੜਾ ਭਜਾਇਆ ਤੇ ਦੂਰ ਨਿਕਲ ਗਿਆ। ਰਾਜਾ ਸੋਰਠ ਦੇਸ਼ ਵਿਚ ਜਾ ਪਹੁੰਚਿਆ, ਜਿੱਥੇ ਰਾਜਕੁਮਾਰੀਆਂ ਰਹਿੰਦੀਆਂ ਸਨ। ਰਾਜੇ ਨੇ ਤੀਰ ਮਾਰਿਆ ਤੇ ਹਿਰਨ ਉਥੇ ਹੀ ਡਿੱਗ ਪਿਆ। ਦੋਹਾਂ ਰਾਜਕੁਮਾਰੀਆਂ ਨੇ ਵੇਖਿਆ ਤੇ ਮਨ ਵਿਚ ਸੋਚਿਆ, ਪਿਤਾ ਤੋਂ ਬੈਗਰ ਪੁੱਛਿਆਂ ਹੀ ਇਸ ਨਾਲ ਵਿਆਹ ਕਰਵਾ ਲਵਾਂਗੀਆਂ।

## ੩੪੫ਵਾਂ ਚਰਿੱਤ੍ਰ : ਰਸਰੰਗ ਮਤੀ

ਹਰਦਵਾਰ ਦਾ ਇਕ ਰਾਜਾ ਸੀ, ਜਿਹੜਾ ਸ਼ਕਤੀਸ਼ਾਲੀ ਅਤੇ ਸੁੰਦਰ ਸੀ। ਰਸਰੰਗ ਮਤੀ ਉਸ ਦੀ ਪੁੱਤਰੀ ਸੀ। ਪੁੱਤਰੀ ਜਦੋਂ ਜਵਾਨ ਹੋ ਗਈ ਤਦ ਉਸ ਦੇ ਪਿਤਾ ਨੇ ਰੂਪ ਸੈਨ ਰਾਜੇ ਨਾਲ ਵਿਆਹ ਦਿੱਤੀ। ਉਹ ਸ੍ਰੀਨਗਰ ਵਿਚ ਰਹਿਣ ਲੱਗੇ। ਇਸ ਰਸਰੰਗ ਮਤੀ ਨੇ ਚੰਡਾਲ ਤੋਂ ਰਾਜਾਕੁਮਾਰ ਨੂੰ ਮਰਵਾ ਦਿੱਤਾ ਤੇ ਉਸ ਚੰਡਾਲ ਨੂੰ ਰਾਜਾ ਬਣਾ ਕੇ, ਚਰਿੱਤ੍ਰ ਖੇਡ ਕੇ ਪਤੀ ਬਣਾ

ਲਿਆ।

## ੩੪੬ਵਾਂ ਚਰਿੱਤ੍ਰ : ਅੰਗਨਾ ਦੇਵੀ

ਗੁਜਰਾਤ ਵਿਚ ਅਮਰ ਸਿੰਘ ਨਾਮ ਦਾ ਇਕ ਰਾਜਾ ਰਹਿੰਦਾ ਸੀ ਅਤੇ ਉਸ ਦੀ ਰਾਣੀ ਦਾ ਨਾਮ ਅੰਗਨਾ ਦੇਵੀ ਸੀ, ਪਰ ਰਾਜਾ ਪੀਰ ਨੂੰ ਮੰਨਦਾ ਸੀ ਤੇ ਮੂਰਖ ਰਾਜਾ ਭਲੇ ਬੁਰੇ ਦੀ ਪਹਿਚਾਣ ਨਹੀਂ ਸੀ ਕਰਦਾ। ਉਥੇ ਸਵਰਨ ਸਿੰਘ ਇਕ ਖੱਤਰੀ ਆਇਆ। ਖੱਤਰੀ ਬਹੁਤ ਸੁੰਦਰ ਸੀ ਤੇ ਅੰਗਨਾ ਦੇਵੀ ਚਰਿੱਤ੍ਰ ਕਰਕੇ ਉਸ ਨਾਲ ਚੱਲੀ ਗਈ ਦੱਸੀ ਹੈ।

## ੩੪੭ਵਾਂ ਚਰਿੱਤ੍ਰ : ਗਜਗਾਹ ਮਤੀ

ਮੰਤਰੀ ਕਹਿੰਦਾ ਹੈ, ਸੁਣੋ ਰਾਜਨ, ਤੁਹਾਨੂੰ ਇਕ ਕਥਾ ਸੁਣਾਉਂਦਾ ਹਾਂ ਕਿ ਕਿਸ ਤਰ੍ਹਾਂ ਇਸਤ੍ਰੀ ਨੇ ਚਰਿੱਤ੍ਰ ਕੀਤਾ। ਉਸ ਸੁੰਦਰੀ ਨੇ ਚਲਾਕੀ ਕਰਕੇ ਦਿਨ ਵੇਲੇ ਹੀ ਸਭ ਨੂੰ ਠੱਗ ਲਿਆ। ਇਸ਼ਕਾ ਵਤੀ ਨਗਰ ਵਿਚ ਕ੍ਰਿਸ਼ਨ ਸੈਨ ਰਾਜਾ ਰਹਿੰਦਾ ਸੀ। ਗਜਗਾਹ ਮਤੀ ਉਸ ਦੀ ਰਾਣੀ ਸੀ। ਰਣਦੂਲ ਸੈਨ ਇਕ ਹੋਰ ਰਾਜਾ ਸੀ। ਰਣਦੂਲ ਰਾਜਾ ਸ਼ਿਕਾਰ ਖੇਡਣ ਗਿਆ। ਰਿੱਛ, ਮਿਰਗ ਮਾਰੇ ਤੇ ਸ਼ਿਕਾਰ ਖੇਡਦਾ ਹੋਇਆ ਇਸ਼ਕਾਵਤੀ ਨਗਰ ਦੇ ਨੇੜੇ ਆ ਗਿਆ। ਵੇਖ ਕੇ ਮਨ ਪ੍ਰਸੰਨ ਹੋਇਆ। ਉਹ ਸੋਚਣ ਲੱਗਾ ਕਿ ਜੇ ਰਾਜੇ ਦੀ ਨਗਰੀ ਇੰਨੀ ਸੋਹਣੀ ਹੈ ਤਾਂ ਰਾਜੇ ਦੀ ਰਾਣੀ ਕਿੰਨੀ ਕੁ ਸੋਹਣੀ ਹੋਵੇਗੀ। ਉਸ ਨੂੰ ਵੇਖ ਕੇ ਹੀ ਜਾਵਾਂਗਾ। ਰਾਜਾ ਫ਼ਕੀਰ ਬਣ ਕੇ, ਸਰੀਰ 'ਤੇ ਸੁਆਹ ਮੱਲ ਕੇ ਅਤੇ ਰਾਜੇ ਦੇ ਦਰਵਾਜ਼ੇ ਦੇ ਅੱਗੇ ਬੈਠ ਗਿਆ। ਲੰਮਾ ਸਮਾਂ ਉਥੇ ਬੈਠਾ ਰਿਹਾ, ਪਰ ਰਾਣੀ ਦੇ ਦਰਸ਼ਨ ਨਾ ਹੋ ਸਕੇ। ਰਾਣੀ ਨੇ ਉਸ ਦੇ ਪ੍ਰਤੀਬਿੰਬ ਨੂੰ ਵੇਖਿਆ। ਰਾਣੀ ਨੇ ਸੁਰੰਗ ਬਣਾਉਣ ਵਾਲੇ ਨੂੰ ਬੁਲਾਇਆ ਤੇ ਉਸ ਨੂੰ ਧਨ ਦਿੱਤਾ। ਆਪਣੇ ਘਰ ਵਿਚ ਸੁਰੰਗ ਬਣਵਾਈ ਤੇ ਸੁਰੰਗ ਕੱਢਣ ਦਾ ਕਿਸੇ ਨੂੰ ਪਤਾ ਨਾ ਲੱਗ ਸਕਿਆ।

## ੩੪੮ਵਾਂ ਚਰਿੱਤ੍ਰ : ਲਛਮਣੀ

ਉੱਤਰ ਦਿਸ਼ਾ ਵੱਲ ਇਕ ਰਾਜਾ ਰਹਿੰਦਾ ਸੀ ਤੇ ਉਸ ਦੀ ਰਾਣੀ ਦਾ ਨਾਮ ਮੀਤ ਮਤੀ ਸੀ ਅਤੇ ਲਛਮਣੀ ਉਸ ਦੀ ਦਾਸੀ ਸੀ। ਇਹ ਦਾਸੀ ਗੁਪਤ ਤਨਖ਼ਾਹ ਲੈਂਦੀ ਸੀ ਤੇ ਰਾਜੇ ਨੂੰ ਚੰਗੀਆਂ ਬੁਰੀਆਂ ਸਾਰੀਆਂ ਗੱਲਾਂ ਦੱਸਦੀ ਸੀ। ਰਾਣੀ ਉਸ ਨੂੰ ਆਪਣੀ ਸਮਝਦੀ ਸੀ, ਪਰ ਮੂਰਖ ਰਾਣੀ ਇਹ ਨਹੀਂ ਸੀ ਜਾਣਦੀ ਕਿ ਇਹ ਰਾਜੇ ਦੀ ਜਸੂਸ ਹੈ। ਜਿਹੜੀ ਕੋਈ ਗੱਲ ਕੰਨਾਂ ਵਿਚ ਪੈਂਦੀ, ਉਹ ਲਿਖ ਕੇ ਰਾਜੇ ਨੂੰ ਦੱਸ ਦਿੰਦੀ। ਇਸ ਦਾਸੀ ਨੂੰ ਕਿਸੇ ਹੋਰ ਇਸਤ੍ਰੀ ਨੇ ਠੱਗ ਲਿਆ ਸੀ।

## ੩੪੯ਵਾਂ ਚਰਿੱਤ੍ਰ : ਗੋਰਾ ਦੇਵੀ

ਗੋਰੀ ਪਾਲ ਇਕ ਰਾਜਾ ਸੀ, ਜਿਸ ਦੀ ਈਨ ਸਾਰੇ ਮੰਨਦੇ ਸਨ ਤੇ ਉਸ ਦੀ ਰਾਣੀ ਦਾ ਨਾਮ ਗੋਰਾ ਦੇਵੀ ਸੀ। ਉਸ ਨਗਰ ਦਾ ਨਾਮ ਗੋਰਾਵਤੀ ਸੀ। ਇਸ ਗੋਰਾ ਦੇਵੀ ਨੇ ਚਰਿੱਤ੍ਰ ਕਰਕੇ ਰਾਜੇ ਨੂੰ ਮੂਰਖ ਬਣਾਇਆ।

## ੩੫੦ਵਾਂ ਚਰਿੱਤ੍ਰ : ਉਗਰ ਦੇਵੀ

ਮੰਤਰੀ ਕਹਿੰਦਾ ਹੈ—ਹੇ ਰਾਜਨ ! ਤੁਹਾਨੂੰ ਮੈਂ ਇਕ ਹੋਰ ਕਥਾ ਸੁਣਾਉਂਦਾ ਹਾਂ। ਤੁਹਾਡੇ ਭਰਮ ਨੂੰ ਦੂਰ ਕਰਦਾ ਹਾਂ। ਉਗਰ ਦੱਤ ਨਾਮ ਦਾ ਇਕ ਰਾਜਾ ਸੀ ਤੇ ਉਗਰ ਦੇਵੀ ਉਸ ਦੀ ਪੁੱਤਰੀ ਸੀ। ਇਸ ਪਾਪਣ ਨੇ ਮਾਂ-ਬਾਪ ਨੂੰ ਮਾਰ ਕੇ ਆਪ ਰਾਜ ਸੰਭਾਲ ਲਿਆ।

## ੩੫੧ਵਾਂ ਚਰਿੱਤ੍ਰ : ਨਵਜੋਬਨ ਦੇਵੀ

ਰਾਜਾ ਸੁਜਾਨ ਸਿੰਘ ਸੀ ਤੇ ਨਵਜੋਬਨ ਦੇਵੀ ਉਸ ਦੀ ਰਾਣੀ ਸੀ। ਰਾਣੀ ਨੇ ਰਾਜੇ ਨੂੰ ਮਾਰ ਕੇ ਆਪਣਾ ਹੋਰ ਖਸਮ ਬਣਾ ਲਿਆ ਸੀ।

## ੩੫੨ਵਾਂ ਚਰਿੱਤ੍ਰ : ਬਸਤਰ ਮਤੀ

ਬਸਤਰ ਸੈਨ ਇਕ ਰਾਜਾ ਸੀ ਤੇ ਬਸਤਰ ਦੇਵੀ ਉਸ ਦੀ ਰਾਣੀ ਸੀ। ਉਥੇ ਇਕ ਵਿਅਕਤੀ ਅਵਲ ਚੰਦ ਰਹਿੰਦਾ ਸੀ। ਉਸ ਨੂੰ ਇਕ ਦਿਨ ਰਾਣੀ ਨੇ ਗਾਉਂਦਾ ਸੁਣਿਆ। ਰਾਣੀ ਨੇ ਆਪਣਾ ਮਨ, ਧਨ ਉਸ ਦੇ ਹੱਥ ਵਿਚ ਵੇਚ ਦਿੱਤਾ। ਪ੍ਰੇਮੀ ਨੂੰ ਭਗਵੇ ਕੱਪੜੇ ਪੁਆਏ ਤੇ ਆਪ ਵੀ ਭਗਵੇ ਕੱਪੜੇ ਪਾ ਕੇ ਉਸ ਦੇ ਨਾਲ ਚੱਲੀ ਗਈ। ਕਿਸੇ ਪਹਿਰੇਦਾਰ ਨੇ ਰੋਕਿਆ ਨਹੀਂ, ਸਮਝਿਆ ਕੋਈ ਜੋਗੀ ਹੈ। ਜਦੋਂ ਬਹੁਤ ਦੂਰ ਚੱਲੇ ਗਏ ਤਾਂ ਫਿਰ ਰਾਜੇ ਨੂੰ ਪਤਾ ਲੱਗਾ।

## ੩੫੩ਵਾਂ ਚਰਿੱਤ੍ਰ : ਜੇਬਤੁਲ ਨਿਸਾ

ਇਸ਼ਕ ਤੰਬੋਲ ਨਗਰ ਵਿਚ ਇਕ ਰਾਜਾ ਰਹਿੰਦਾ ਸੀ। ਉਸ ਦੀ ਰਾਣੀ ਦਾ ਨਾਮ ਇਸ਼ਕ ਦੇਵੀ ਸੀ। ਉਥੇ ਇਕ ਕਾਜ਼ੀ ਰਹਿੰਦਾ ਸੀ ਤੇ ਉਸ ਦਾ ਨਾਮ ਆਰਫ ਦੀਨ ਸੀ। ਜੇਬਤੁਲ ਨਿਸਾ ਉਸ ਦੀ ਪੁੱਤਰੀ ਸੀ। ਜੇਬਤੁਲ ਨਿਸਾ ਨੇ ਇਕ ਦਿਨ ਗੁਲਜ਼ਾਰ ਰਾਇ ਨਾਮ ਦੇ ਇਕ ਆਦਮੀ ਨੂੰ ਵੇਖਿਆ ਤੇ ਉਸ ਨੂੰ ਆਪਣਾ ਮਿੱਤਰ ਬਣਾ ਲਿਆ। ਉਸ ਨੇ ਆਪਣੇ ਮਿੱਤਰ ਨੂੰ ਸਾਰਾ ਕੁਝ ਸਮਝਾ ਦਿੱਤਾ। ਮਿੱਤਰ ਨੇ ਸਰੀਰ 'ਤੇ ਕੇਸ ਸਾਫ਼ ਕਰਨ ਵਾਲਾ ਤੇਲ ਲਾ ਕੇ ਕੇਸ ਸਾਫ਼ ਕਰ ਲਏ ਅਤੇ ਇਕ ਔਰਤ ਦੀ ਨਿਆਈਂ ਬਣ ਗਿਆ। ਇਸਤ੍ਰੀ ਦਾ ਰੂਪ ਧਾਰ ਕੇ ਅਦਾਲਤ ਵਿਚ ਜਾ ਖਲੋਤਾ ਅਤੇ ਕਹਿਣ ਲੱਗਾ, ਮੇਰਾ ਦਿਲ ਕਾਜ਼ੀ ਦੇ ਪੁੱਤਰ ਨੇ ਚੁਰਾ ਲਿਆ ਹੈ। ਮੈਂ ਉਸ ਨੂੰ

ਆਪਣਾ ਪਤੀ ਬਣਾਉਣਾ ਚਾਹੁੰਦੀ ਹਾਂ। ਕਾਜ਼ੀ ਨੇ ਕਿਤਾਬ ਖੋਲ੍ਹੀ ਤੇ ਕਿਹਾ, ਜਿਹੜੀ ਇਸਤ੍ਰੀ ਖ਼ੁਸ਼ ਹੈ, ਨਿਕਾਹ (ਵਿਆਹ) ਕਰਨਾ ਚਾਹੁੰਦੀ ਹੈ, ਉਸ ਨੂੰ ਕੋਈ ਕਾਜ਼ੀ ਨਹੀਂ ਰੋਕ ਸਕਦਾ।

## ੩੫੪ਵਾਂ ਚਰਿੱਤ੍ਰ : ਰਣਝੂਮਕ ਦੇਵੀ

ਦੱਖਣ ਵਾਲੇ ਪਾਸੇ ਬਿਸ਼ਨਾਵਤੀ ਇਕ ਨਗਰ ਹੈ ਤੇ ਉਥੋਂ ਦੇ ਰਾਜੇ ਦਾ ਨਾਮ ਬਿਸ਼ਨ ਚੰਦ ਸੀ। ਉਥੇ ਉਗਰ ਸਿੰਘ ਨਾਮੀ ਸ਼ਾਹ ਰਹਿੰਦਾ ਸੀ। ਉਸ ਦੀ ਪੁੱਤਰੀ ਰਣਝੂਮਕ ਦੇਵੀ ਸੀ। ਉਹ ਸ਼ੁਭਕਰਣ ਆਦਮੀ ਨਾਲ ਵਿਆਹੀ ਸੀ। ਰਾਜੇ ਨੇ ਉਸ ਲੜਕੀ ਨੂੰ ਵੇਖਿਆ ਤੇ ਮੋਹਿਤ ਹੋ ਗਿਆ। ਰਾਜੇ ਨੇ ਬਹੁਤ ਜ਼ੋਰ ਲਾਇਆ, ਪਰ ਲੜਕੀ ਹੱਥ ਨਾ ਆਈ ਤੇ ਰਾਜਾ ਗ਼ੁੱਸੇ ਵਿਚ ਆ ਕੇ ਲੋਹਾ ਲਾਖਾ ਹੋ ਗਿਆ। ਰਾਜਾ ਕਹਿਣ ਲੱਗਾ, ਇਸ ਔਰਤ ਦੀ ਹਿੰਮਤ ਵੇਖੋ, ਰਾਜਾ ਛੱਡ ਕੇ ਇਸ ਨੇ ਹੋਰ ਕਿਸੇ ਨਾਲ ਵਿਆਹ ਕਰਾਇਆ ਹੈ। ਰਾਜੇ ਨੇ ਸੇਵਕਾਂ ਨੂੰ ਭੇਜਿਆ ਅਤੇ ਰਾਜੇ ਦੇ ਸੇਵਕਾਂ ਨੇ ਔਰਤ ਦੇ ਘਰ ਨੂੰ ਘੇਰਾ ਪਾਇਆ। ਉਸ ਦੇ ਪਤੀ ਨੂੰ ਮਾਰ ਦਿੱਤਾ ਤੇ ਔਰਤ ਭੱਜ ਗਈ। ਔਰਤ ਨੇ ਸੋਚਿਆ ਕਿ ਆਪਣੇ ਪਤੀ ਦੀ ਮੌਤ ਦਾ ਬਦਲਾ ਲੈ ਲਿਆ ਜਾਵੇ। ਉਸ ਨੇ ਇਕ ਪੱਤਰ ਰਾਜੇ ਨੂੰ ਲਿਖਿਆ ਕਿ ਜੇ ਮੈਨੂੰ ਰਾਣੀ ਬਣਾਉਣਾ ਚਾਹੁੰਦਾ ਹੈਂ ਤਾਂ ਮੈਂ ਤੇਰੇ ਨਾਲ ਵਿਆਹ ਕਰਵਾ ਲਵਾਂਗੀ। ਮੂਰਖ ਰਾਜਾ ਮੰਨ ਗਿਆ ਤੇ ਵਿਆਹ ਕਰਵਾ ਲਿਆ। ਆਪਣੇ ਘਰ ਲੈ ਆਇਆ। ਆਪਣਾ ਭਰਮ ਦੂਰ ਕੀਤਾ। ਕਾਮਾਤੁਰ ਹੋ ਕੇ ਹੱਥ ਵਧਾਇਆ, ਇਸਤ੍ਰੀ ਨੇ ਤਲਵਾਰ ਨਾਲ ਰਾਜੇ ਨੂੰ ਮਾਰ ਦਿੱਤਾ। ਉਸ ਦੀ ਚਤੁਰਾਈ ਵੇਖੋ, ਆਪਣੇ ਪਤੀ ਦੇ ਨਾਲ ਚਿਖਾ ਵਿਚ ਸੜ ਕੇ ਮਰ ਗਈ। ਆਪਣੇ ਪਤੀ ਦਾ ਬਦਲਾ ਲਿਆ। ਲੋਕਾਂ ਨੂੰ ਚਰਿੱਤ੍ਰ ਵਿਖਾਇਆ ਤੇ ਪਤੀ ਨਾਲ ਸਤੀ ਹੋ ਕੇ ਸੜ ਗਈ।

## ੩੫੫ਵਾਂ ਚਰਿੱਤ੍ਰ : ਸਿੰਧਲਾ ਦੇਵੀ

ਪੂਰਬ ਵਿਚ ਇਕ ਰਾਧਾ ਨਗਰੀ ਹੈ ਤੇ ਰੁਕਮ ਸੈਨ ਉਥੋਂ ਦਾ ਰਾਜਾ ਸੀ। ਦਿਲਗਾਹ ਉਸ ਦੀ ਇਸਤ੍ਰੀ ਸੀ। ਸਿੰਧਲਾ ਦੇਵੀ ਇਸ ਦੀ ਪੁੱਤਰੀ ਸੀ। ਇਹ ਵਿਆਹੀ ਵੀ ਸੀ, ਪਰ ਫੇਰ ਵੀ ਆਪਣੇ ਪਤੀ ਨੂੰ ਛੱਡ ਕੇ ਭੁਜਬਲ ਸਿੰਘ ਰਾਜੇ ਦੇ ਨਾਲ ਜਾ ਵੱਸੀ।

## ੩੫੬ਵਾਂ ਚਰਿੱਤ੍ਰ : ਬਿਲਾਸ ਦੇਵੀ

ਭੁਜੰਗ ਧੁਰਾ ਇਕ ਰਾਜਾ ਸੀ, ਜੋ ਬ੍ਰਾਹਮਣਾਂ ਨੂੰ ਬਹੁਤ ਮੰਨਦਾ ਸੀ। ਉਸ ਰਾਜੇ ਦੀ ਰਾਣੀ ਦਾ ਨਾਮ ਬਿਮਲ ਵਤੀ ਸੀ। ਉਸ ਦੀ ਪੁੱਤਰੀ ਬਿਲਾਸ ਦੇਵੀ ਸੀ। ਇਸ ਨੇ ਚਰਿੱਤ੍ਰ ਰਚ ਕੇ ਇਕ ਸਿਪਾਹੀ ਨਾਲ ਸ਼ਾਦੀ ਕਰਵਾਈ ਸੀ।

## ੩੫੭ਵਾਂ ਚਰਿੱਤ੍ਰ : ਦਲਥੰਭਨ ਦੇਵੀ

ਸੁਨਾਰ ਨਾਮ ਦੇ ਸ਼ਹਿਰ ਵਿਚ ਰਾਜਾ ਸਬਲ ਸਿੰਘ ਰਹਿੰਦਾ ਸੀ ਤੇ ਉਸ ਦੀ ਰਾਣੀ ਦਲਥੰਭਨ ਦੇਵੀ ਸੀ। ਉਥੇ ਇਕ ਜੋਗੀ ਆਇਆ ਜੋ ਬਹੁਤ ਸੁੰਦਰ ਸੀ। ਇਸ ਜੋਗੀ ਨੇ ਜੰਤਰਾਂ ਮੰਤਰਾਂ ਤੇ ਕਰਾਮਾਤਾਂ ਦਾ ਡਰ ਦੇ ਕੇ ਅਤੇ ਚਰਿੱਤ੍ਰ ਕਰਕੇ ਰਾਜੇ ਦੀ ਰਾਣੀ ਦਲਥੰਭਨ ਦੇਵੀ ਨੂੰ ਲੈ ਗਿਆ।

## ੩੫੮ਵਾਂ ਚਰਿੱਤ੍ਰ : ਖੰਜਣ ਦੇਵੀ

ਇਕ ਧੁੱਜ ਸਿੰਘ ਨਾਮ ਦਾ ਰਾਜਾ ਸੀ ਤੇ ਉਸ ਦੀ ਰਾਣੀ ਦਾ ਨਾਮ ਅੰਜਨ ਦੇਵੀ ਸੀ ਅਤੇ ਉਸ ਦੀ ਪੁੱਤਰੀ ਦਾ ਨਾਮ ਖੰਜਣ ਦੇਵੀ ਸੀ। ਉਥੇ ਇਕ ਪ੍ਰਚੰਡ ਸਿੰਘ ਨਾਮ ਦਾ ਸੌਦਾਗਰ ਆਇਆ। ਖੰਜਣ ਦੇਵੀ ਨੇ ਚਰਿੱਤ੍ਰ ਕਰਕੇ ਇਸ ਸੌਦਾਗਰ ਨੂੰ ਪ੍ਰਾਪਤ ਕੀਤਾ।

## ੩੫੯ਵਾਂ ਚਰਿੱਤ੍ਰ : ਸੁੰਦਰ ਦੇਵੀ

ਸੁੰਦਰ ਸਿੰਘ ਰਾਜਾ ਸੀ ਤੇ ਰਾਜੇ ਦੀ ਰਾਣੀ ਦਾ ਨਾਮ ਸੁੰਦਰ ਦੇਵੀ ਸੀ। ਇਕ ਉਥੇ ਧਨੀ ਦਾ ਪੁੱਤਰ ਸੀ, ਜਿਹੜਾ ਬਹੁਤ ਸੋਹਣਾ ਸੀ। ਰਾਣੀ ਨੇ ਚਰਿੱਤ੍ਰ ਰਚ ਕੇ ਰਾਜੇ ਦੀਆਂ ਅੱਖਾਂ ਵਿਚ ਧੂੰਆਂ ਪਾ ਕੇ ਮਿੱਤਰ ਨਾਲ ਪ੍ਰੇਮ ਨਿਭਾਇਆ।

## ੩੬੦ਵਾਂ ਚਰਿੱਤ੍ਰ : ਮਨਮੋਹਨ ਦੇਵੀ

ਪੂਰਬ ਦੇਸ਼ ਵਿਚ ਪ੍ਰਾਚੀਨ ਨਗਰੀ ਸੀ ਤੇ ਉਸ ਨਗਰੀ ਦਾ ਰਾਜਾ ਸ਼ਿਵ ਪ੍ਰਸ਼ਾਦ ਸੀ, ਜੋ ਸ਼ਿਵਜੀ ਦੀ ਭਗਤੀ ਵਿਚ ਲੱਗਿਆ ਰਹਿੰਦਾ ਸੀ। ਉਸ ਦੀ ਇਸਤ੍ਰੀ ਦਾ ਨਾਮ ਭਵਨ ਦੇਵੀ ਸੀ। ਉਸ ਦੀ ਪੁੱਤਰੀ ਦਾ ਨਾਮ ਮਨਮੋਹਨ ਦੇਵੀ ਸੀ। ਉਥੇ ਇਕ ਸ਼ਾਹ ਮਦਾਰ ਪੀਰ ਬੜਾ ਮਸ਼ਹੂਰ ਸੀ, ਜਿਸ ਨੂੰ ਸਾਰੇ ਰਾਜੇ ਤੇ ਦੂਸਰੇ ਲੋਕ ਪੂਜਦੇ ਸਨ। ਇਕ ਦਿਨ ਰਾਜਾ ਉਸ ਸਥਾਨ 'ਤੇ ਗਿਆ, ਨਾਲ ਪਤਨੀ ਤੇ ਪੁੱਤਰੀ ਸੀ। ਰਾਜਕੁਮਾਰੀ ਨੇ ਇਕ ਆਦਮੀ ਵੇਖਿਆ ਤੇ ਉਸ ਨੂੰ ਪਾਉਣ ਵਾਸਤੇ ਇਸ ਤਰ੍ਹਾਂ ਚਰਿੱਤ੍ਰ ਕੀਤਾ— ਰਾਜੇ ਨੇ ਜੋ ਪੀਰ 'ਤੇ ਚੜ੍ਹਾਉਣ ਵਾਸਤੇ ਚੂਰਨ ਬਣਾਇਆ ਸੀ, ਉਸ ਵਿਚ ਰਾਜਕੁਮਾਰੀ ਨੇ ਜ਼ਹਿਰ ਮਿਲਾ ਦਿੱਤੀ ਤੇ ਸਾਰੇ ਮਰ ਗਏ ਬਗੈਰ ਹਥਿਆਰਾਂ ਤੋਂ। ਰਾਜਕੁਮਾਰੀ ਆਪਣੇ ਯਾਰ ਨੂੰ ਨਾਲ ਲੈ ਕੇ ਨਿਕਲ ਗਈ।

## ੩੬੧ਵਾਂ ਚਰਿੱਤ੍ਰ : ਝਮਝੁਮਕ ਦੇਵੀ

ਮੰਤਰੀ ਕਹਿੰਦਾ ਹੈ ਕਿ ਇਕ ਹੋਰ ਪ੍ਰਸੰਗ ਸੁਣੋ, ਕਿਵੇਂ ਪੁੱਤਰੀ ਨੇ ਆਪਣੇ ਪਿਤਾ ਨਾਲ ਚਰਿੱਤ੍ਰ ਕੀਤਾ। ਪਰਬਲ ਸਿੰਘ ਇਕ ਬਲਵਾਨ ਰਾਜਾ ਸੀ, ਜਿਸ ਦੇ ਨਾਮ ਤੋਂ ਸਾਰੇ ਲੋਕ ਡਰਦੇ

ਸਨ। ਝਮਝੁਮਕ ਦੇਵੀ ਉਸ ਦੀ ਪੁੱਤਰੀ ਸੀ। ਉਥੇ ਖੱਤਰੀ ਪੁੱਤਰ ਰਹਿੰਦਾ ਸੀ। ਉਸ ਦਾ ਨਾਮ ਸੁੱਘਰ ਸੈਨ ਸੀ। ਰਾਜਾ ਜਗਨਨਾਥ ਪੁਰੀ ਗਿਆ। ਨਾਲ ਸਾਰਾ ਪਰਿਵਾਰ ਸੀ। ਜਗਨਨਾਥ ਵੇਖਿਆ ਤੇ ਬੋਲਿਆ, ਮੇਰੇ ਸਾਰੇ ਪਿਛਲੇ ਪਾਪ ਨਵਿਰਤ ਹੋ ਗਏ ਜਗਨਨਾਥ ਦੇ ਦਰਸ਼ਨ ਪਾ ਕੇ। ਆਪਣੇ ਹੱਥਾਂ ਨਾਲ ਚਰਨ ਪਰਸੇ। ਰਾਜੇ ਦੀ ਪੁੱਤਰੀ ਵੀ ਆ ਗਈ। ਉਸ ਨੇ ਪਿਤਾ ਨੂੰ ਸੁਣਾ ਕੇ ਕਿਹਾ ਕਿ ਮੈਂ ਰਾਤ ਮੰਦਰ ਵਿਚ ਸੌਵਾਂਗੀ। ਭਗਵਾਨ ਮੈਨੂੰ ਜਿਸ ਨਾਲ ਕਹਿਣਗੇ, ਮੈਂ ਉਸ ਨਾਲ ਵਿਆਹ ਕਰਾਂਗੀ। ਸਵੇਰੇ ਜਦ ਉਹ ਸੁੱਤੀ ਉਠੀ ਤਾਂ ਉਸ ਨੇ ਪਿਤਾ ਨੂੰ ਕਿਹਾ, ਭਗਵਾਨ ਜਗਨਨਾਥ ਨੇ ਮੈਨੂੰ ਸੁੱਘਰ ਸੈਨ ਖੱਤਰੀ ਨਾਲ ਵਿਆਹ ਕਰਨ ਲਈ ਕਿਹਾ ਹੈ। ਰਾਜੇ ਨੇ ਕਿਹਾ, ਜੇ ਤੈਨੂੰ ਭਗਵਾਨ ਜਗਨਨਾਥ ਨੇ ਕਿਹਾ ਹੈ ਤਾਂ ਮੈਂ ਕਿਵੇਂ ਬਚਨ ਨਾ ਮੰਨਾਂ। ਮੂਰਖ ਰਾਜਾ ਕੁਝ ਭੇਦ ਨਾ ਸਮਝ ਸਕਿਆ। ਇਸ ਚਰਿੱਤ੍ਰ ਨਾਲ ਰਾਜਾ ਠੱਗਿਆ ਗਿਆ। ਉਧਰੋਂ ਸੁੱਘਰ ਸੈਨ ਰਾਜਕੁਮਾਰੀ ਨੂੰ ਲੈ ਕੇ ਚਲਦਾ ਬਣਿਆ।

## ੩੯੨ਵਾਂ ਚਰਿੱਤ੍ਰ : ਗਜ ਗਾਮਨੀ ਦੇਵੀ

ਹੇ ਰਾਜਨ ! ਤੁਹਾਨੂੰ ਇਕ ਹੋਰ ਪੁਰਾਤਨ ਕਥਾ ਸੁਣਾਉਂਦਾ ਹਾਂ। ਮਹੇਸ਼ਵਰ ਸਿੰਘ ਰਾਜਾ ਸੀ, ਜਿਸ ਨੂੰ ਅਨੇਕਾਂ ਰਾਜੇ ਟੈਕਸ ਭਰਦੇ ਸਨ ਤੇ ਮਹੇਸ਼ਵਰ ਵਤੀ ਇਸ ਦੀ ਨਗਰੀ ਸੀ। ਉਸ ਰਾਜੇ ਦੀ ਪੁੱਤਰੀ ਦਾ ਨਾਮ ਗਜ ਗਾਮਨੀ ਦੇਵੀ ਸੀ। ਇਹ ਗਾਜੀ ਰਾਇ ਨਾਲ ਚੱਲੀ ਗਈ। ਇਸ ਨੇ ਐਸਾ ਚਰਿੱਤ੍ਰ ਕੀਤਾ ਜੋ ਕਿਸੇ ਨੂੰ ਪਤਾ ਨਹੀਂ ਲੱਗਿਆ।

## ੩੯੩ਵਾਂ ਚਰਿੱਤ੍ਰ : ਗੁੱਲੋ

ਮੰਤਰੀ ਕਹਿੰਦਾ ਹੈ, ਹੇ ਰਾਜਨ ! ਇਕ ਕਥਾ ਹੋਰ ਸੁਣੋ, ਇਕ ਨਾਰੀ ਨੇ ਚਰਿੱਤ੍ਰ ਕਿਵੇਂ ਖੇਡਿਆ। ਗੁੱਲੋ ਨਾਮ ਦੀ ਖੱਤਰਾਣੀ ਸੀ ਤੇ ਇਹ ਜੈਨ ਮੱਲ ਖੱਤਰੀ ਨਾਲ ਵਿਆਹੀ ਸੀ। ਇਸ ਦੀ ਔਰਤ ਦਾ ਕਿਸੇ ਹੋਰ ਬੰਦੇ ਨਾਲ ਪਿਆਰ ਪੈ ਗਿਆ। ਇਹ ਔਰਤ ਫ਼ਕੀਰੀ ਲਿਬਾਸ ਧਾਰ ਕੇ ਅਤੇ ਉਸ ਆਦਮੀ ਨੂੰ ਵੀ ਫ਼ਕੀਰ ਬਣਾ ਕੇ ਉਸ ਨਾਲ ਚੱਲੀ ਗਈ।

## ੩੯੪ਵਾਂ ਚਰਿੱਤ੍ਰ : ਪੰਜਾਬ ਦੇਵੀ

ਇਕ ਮਹੇਸ਼ਵਰ ਨਾਮ ਦਾ ਰਾਜਾ ਸੀ ਤੇ ਉਸ ਦੀ ਰਾਣੀ ਦਾ ਨਾਮ ਬਿਮਲ ਮਤੀ ਸੀ। ਪੰਜਾਬ ਦੇਵੀ ਉਸ ਦੀ ਪੁੱਤਰੀ ਸੀ। ਇਸ ਦੀ ਮੰਗਣੀ ਰਾਜਕੁਮਾਰ ਨਾਲ ਕਰ ਦਿੱਤੀ। ਪਰ ਜਦ ਰਾਜਕੁਮਾਰ ਵਿਆਹੁਣ ਆਇਆ ਤਾਂ ਰਾਜਕੁਮਾਰੀ ਕਹਿੰਦੀ ਹੈ, ਮੈਂ ਤਾਂ ਵਿਆਹ ਸ਼ਾਹ ਦੇ ਪੁੱਤਰ ਨਾਲ ਕਰਾਉਣਾ ਹੈ, ਨਹੀਂ ਤਾਂ ਮੈਂ ਜ਼ਹਿਰ ਖਾ ਕੇ ਮਰ ਜਾਣਾ ਹੈ। ਰਾਣੀ ਨੂੰ ਆਪਣੀ ਪੁੱਤਰੀ ਨਾਲ ਬਹੁਤ ਪਿਆਰ ਸੀ। ਉਸ ਨੇ ਜਿਵੇਂ ਕਿਹਾ, ਉਸ ਤਰ੍ਹਾਂ ਕਰ ਲਿਆ। ਜਿਹੜਾ ਰਾਜਾ ਵਿਆਹੁਣ ਆਇਆ ਸੀ, ਉਸ ਨਾਲ ਇਕ ਦਾਸੀ ਤੋਰ ਦਿੱਤੀ, ਜਿਸ ਨੂੰ ਮੂਰਖ,

ਰਾਜਕੁਮਾਰੀ ਸਮਝ ਬੈਠਾ ਸੀ। ਸ਼ਾਹ ਦੇ ਪੁੱਤਰ ਨੂੰ ਰਾਜਕੁਮਾਰੀ ਦੇ ਦਿੱਤੀ।

## ੩੬੫ਵਾਂ ਚਰਿੱਤ੍ਰ : ਮਹਿਤਾਬ ਪ੍ਰਭਾ

ਗਨਪਤੀ ਸਿੰਘ ਇਕ ਮਹਾਨ ਰਾਜਾ ਸੀ ਤੇ ਮਹਿਤਾਬ ਪ੍ਰਭਾ ਉਸ ਦੀ ਰਾਣੀ ਸੀ। ਉਥੇ ਇਕ ਮੋਹਕਮ ਸਿੰਘ ਨਾਮ ਦਾ ਖੱਤਰੀ ਸੀ। ਰਾਣੀ ਨੇ ਚਰਿੱਤ੍ਰ ਕਰਕੇ ਰਾਜੇ ਨੂੰ ਬੁੱਧੂ ਬਣਾਇਆ ਹੈ।

## ੩੬੬ਵਾਂ ਚਰਿੱਤ੍ਰ : ਚਿਤ ਚੋਪਮਤੀ

ਨਿਰਪਬਰ ਸਿੰਘ ਇਕ ਰਾਜਾ ਸੀ, ਕਿਲਕੰਚਿਤ ਦੇਵੀ ਉਸ ਦੀ ਰਾਣੀ ਸੀ ਅਤੇ ਚਿਤ ਚੋਪਮਤੀ ਇਸ ਦੀ ਪੁੱਤਰੀ ਸੀ। ਇਸ ਨੇ ਚਰਿੱਤ੍ਰ ਕਰਕੇ ਰਾਜਕੁਮਾਰ ਅਟਕ ਸਿੰਘ ਨਾਲ ਪ੍ਰੇਮ ਕੀਤਾ ਅਤੇ ਆਪਣੇ ਮਾਂ-ਬਾਪ ਨੂੰ ਬੁੱਧੂ ਬਣਾਇਆ।

## ੩੬੭ਵਾਂ ਚਰਿੱਤ੍ਰ : ਨਾਭ ਮਤੀ

ਛਿਤਪਤ ਰਾਜਾ ਸੀ। ਉਸ ਦੀ ਰਾਣੀ ਦਾ ਨਾਮ ਅਬਲਾ ਦੇਵੀ ਸੀ ਅਤੇ ਉਸ ਦੀ ਪੁੱਤਰੀ ਦਾ ਨਾਮ ਨਾਭ ਮਤੀ ਸੀ। ਬੀਰਕਰਨ ਨਾਮ ਦਾ ਇਕ ਹੋਰ ਰਾਜਾ ਸੀ। ਐਠੀ ਰਾਇ ਉਸ ਦਾ ਪੁੱਤਰ ਸੀ। ਨਾਭ ਮਤੀ ਨੇ ਚਰਿੱਤ੍ਰ ਕਰਕੇ ਇਸ ਨੂੰ ਆਪਣਾ ਪਤੀ ਬਣਾਇਆ।

## ੩੬੮ਵਾਂ ਚਰਿੱਤ੍ਰ : ਮੂਰਖ ਮਤੀ

ਅੱਧਾਵਤੀ ਨਗਰ ਵਿਚ ਇਕ ਬਿਦਾਦ ਸੈਨ ਰਾਜਾ ਸੀ ਤੇ ਉਸ ਦੀ ਰਾਣੀ ਦਾ ਨਾਮ ਮੂਰਖ ਮਤੀ ਸੀ। ਚਾਰ ਇਸਤ੍ਰੀਆਂ ਨੇ ਚਰਿੱਤ੍ਰ ਕਰ ਕੇ ਰਾਜੇ ਨੂੰ ਸੂਲੀ 'ਤੇ ਚੜ੍ਹਾ ਕੇ ਮਾਰ ਦਿੱਤਾ।

## ੩੬੯ਵਾਂ ਚਰਿੱਤ੍ਰ : ਚਖਚਾਰ ਮਤੀ

ਕਨੌਜ ਦੇ ਕਿਲ੍ਹੇ ਵਿਚ ਅਭੈ ਸਿੰਘ ਰਾਜਾ ਰਹਿੰਦਾ ਸੀ ਤੇ ਉਸ ਦੀ ਰਾਣੀ ਦਾ ਨਾਮ ਚਖਚਾਰ ਮਤੀ ਸੀ। ਇਸ ਨੇ ਚਰਿੱਤ੍ਰ ਕਰਕੇ ਰਾਜੇ ਨੂੰ ਬੁੱਧੂ ਬਣਾਇਆ ਅਤੇ ਆਪ "ਪਰ ਪੁਰਖੈ ਨਾਲ ਪਿਆਰ" ਪਾਇਆ।

## ੩੭੦ਵਾਂ ਚਰਿੱਤ੍ਰ : ਚੰਚਲ ਦੇਵੀ

ਮੰਤਰੀ ਕਹਿੰਦਾ ਹੈ, ਇਕ ਕਹਾਣੀ ਤੁਹਾਨੂੰ ਹੋਰ ਸੁਣਾਉਂਦਾ ਹਾਂ। ਗਨਪਤ ਸਿੰਘ ਰਾਜਾ ਸੀ ਤੇ ਰਾਜੇ ਦੀ ਰਾਣੀ ਦਾ ਨਾਮ ਚੰਚਲ ਦੇਵੀ ਸੀ। ਰਾਜਾ ਦੂਜੀਆਂ ਰਾਣੀਆਂ ਕੋਲ ਜਾਂਦਾ ਸੀ, ਪਰ ਇਸ ਰਾਣੀ ਨੂੰ ਮੂੰਹ ਨਹੀਂ ਸੀ ਵਿਖਾਉਂਦਾ। ਇਸ ਗੱਲੋਂ ਰਾਣੀ ਬੜੀ ਦੁਖੀ ਹੋਈ ਤੇ

ਆਪਣੇ ਪਤੀ ਨੂੰ ਮਾਰਨ ਦੀ ਕੋਸ਼ਿਸ਼ ਕੀਤੀ। ਰਾਣੀ ਨੇ ਚਰਿੱਤ੍ਰ ਕਰਕੇ ਰਾਜੇ ਨੂੰ ਪਾਥੀਆਂ ਵਿਚ ਸਾੜ ਕੇ ਮਾਰ ਦਿੱਤਾ।

## ੩੭੧ਵਾਂ ਚਰਿੱਤ੍ਰ : ਅਬਦਾਲ ਮਤੀ

ਬਿਆਘਰ ਕੇਤ ਇਕ ਰਾਜਾ ਸੀ ਤੇ ਉਸ ਦੀ ਰਾਣੀ ਦਾ ਨਾਮ ਅਬਦਾਲ ਮਤੀ ਸੀ। ਇਕ ਉਥੇ ਸ਼ਾਹ ਦਾ ਪੁੱਤਰ ਸੀ ਅਤੇ ਉਸ ਦਾ ਨਾਮ ਜਸਤਿਲਕ ਸਿੰਘ ਸੀ। ਰਾਣੀ ਇਸ ਨੂੰ ਹੀ ਆਪਣਾ ਪਤੀ ਸਮਝਦੀ ਸੀ।

## ੩੭੨ਵਾਂ ਚਰਿੱਤ੍ਰ : ਕੰਚਨ ਦੇਵੀ

ਅਛਲ ਸੈਨ ਇਕ ਮਹਾਨ ਰਾਜਾ ਸੀ ਤੇ ਉਸ ਦੀ ਇਸਤ੍ਰੀ ਦਾ ਨਾਮ ਕੰਚਨ ਦੇਵੀ ਸੀ। ਰਾਜਾ ਕੰਚਨਪੁਰ ਦੇਸ਼ 'ਤੇ ਰਾਜ ਕਰਦਾ ਸੀ। ਉਥੇ ਪ੍ਰਭਾਕਰ ਸੈਨ ਇਕ ਸ਼ਾਹ ਸੀ। ਰਾਣੀ ਨੇ ਚਰਿੱਤ੍ਰ ਕਰਕੇ ਇਸ ਨੂੰ ਪਿਛਲੇ ਜਨਮ ਦਾ ਭਰਾ ਦੱਸ ਕੇ ਰਾਜੇ ਨੂੰ ਬੁੱਧੂ ਬਣਾਇਆ ਸੀ।

## ੩੭੩ਵਾਂ ਚਰਿੱਤ੍ਰ : ਛਬਮਤੀ

ਮੰਤਰੀ ਕਹਿੰਦਾ ਹੈ, ਹੇ ਰਾਜਨ ! ਇਕ ਹੋਰ ਕਹਾਣੀ ਸੁਣ। ਇਕ ਰਾਣੀ ਨੇ ਰਾਜੇ ਨਾਲ ਚਰਿੱਤ੍ਰ ਕੀਤਾ। ਜਲਜ ਸੈਨ ਇਕ ਰਾਜਾ ਸੀ, ਜਿਸ ਦੀ ਰਾਣੀ ਦਾ ਨਾਮ ਛਬਮਤੀ ਸੀ, ਪਰ ਰਾਣੀ ਨਾਲ ਰਾਜਾ ਪਿਆਰ ਨਹੀਂ ਸੀ ਕਰਦਾ, ਇਸ ਕਰਕੇ ਰਾਣੀ ਦੁਖੀ ਸੀ। ਰਾਣੀ ਨੇ ਵੈਦ ਦਾ ਭੇਸ ਧਾਰਿਆ ਤੇ ਰਾਜੇ ਦੇ ਘਰ ਚਲੀ ਗਈ। ਰਾਜੇ ਨੂੰ ਕਿਹਾ, ਤੈਨੂੰ ਅਸਾਧ ਰੋਗ ਹੈ, ਤੂੰ ਮੈਨੂੰ ਸੱਦ ਕੇ ਇਲਾਜ ਕਰਵਾ, ਤੇਰਾ ਭੱਜਣ ਲੱਗਿਆਂ ਸਾਹ ਚੜ੍ਹਦਾ ਹੈ ਅਤੇ ਸੂਰਜ ਵੱਲ ਦੇਖਣ ਕਾਰਨ ਧੁੰਧਲਾ ਦਿੱਸਦਾ ਹੈ। ਰਾਜਾ ਮੰਨ ਗਿਆ। ਮੂਰਖ ਰਾਜਾ ਭੇਦ ਨੂੰ ਸਮਝ ਨਹੀਂ ਸਕਿਆ। ਰਾਣੀ ਜੋ ਵੈਦ ਬਣੀ ਹੋਈ ਸੀ, ਉਸ ਨੂੰ ਬੁਲਾਇਆ ਤੇ ਉਸ ਨੇ ਦਵਾਈ ਵਿਚ ਜ਼ਹਿਰ ਦੇ ਦਿੱਤਾ ਅਤੇ ਰਾਜੇ ਨੂੰ ਮਾਰ ਦਿੱਤਾ।

## ੩੭੪ਵਾਂ ਚਰਿੱਤ੍ਰ : ਹਿੰਗਲ ਦੇਵੀ

ਦੌਲਤਾਬਾਦ ਸ਼ਹਿਰ ਵਿਚ ਬਿਕਟ ਸਿੰਘ ਨਾਮੀ ਇਕ ਰਾਜਾ ਰਹਿੰਦਾ ਸੀ। ਭਾਨ ਮੰਜਰੀ ਉਸ ਦੀ ਰਾਣੀ ਸੀ ਅਤੇ ਉਥੇ ਇਕ ਸ਼ਾਹ ਰਹਿੰਦਾ ਸੀ। ਉਸ ਦਾ ਨਾਮ ਭੀਮ ਸੈਨ ਸੀ। ਉਸ ਦੀ ਇਸਤ੍ਰੀ ਦਾ ਨਾਮ ਅਫਤਾਬ ਦੇਵੀ ਸੀ। ਉਸ ਔਰਤ ਨੇ ਸੋਚਿਆ ਕਿ ਮੈਂ ਭਵਾਨੀ ਬਣ ਜਾਵਾਂ। ਉਹ ਸੁੱਤੀ ਪਈ ਬੁੜਬੜਾਈ ਤੇ ਉੱਠੀ। ਕਹਿਣ ਲੱਗੀ, ਮੈਨੂੰ ਸੁਪਨੇ ਵਿਚ ਭਵਾਨੀ ਦੇਵੀ ਨੇ ਦਰਸ਼ਨ ਦਿੱਤੇ ਹਨ। ਇਹ ਸੁਣ ਕੇ ਲੋਕ ਪੈਰੀਂ ਪੈ ਗਏ ਤੇ ਵਰਦਾਨ ਮੰਗਣ ਲੱਗੇ। ਉਹ ਸਾਰਿਆਂ ਦੀ ਮਾਂ ਬਣ ਕੇ ਬਹਿ ਗਈ। ਇਹ ਖ਼ਬਰ ਰਾਜੇ ਕੋਲ ਪਹੁੰਚ ਗਈ। ਰਾਜੇ ਨੂੰ

ਦੱਸਿਆ ਗਿਆ ਕਿ ਸ਼ਹਿਰ ਵਿਚ ਹਿੰਗਲਾ ਦੇਵੀ ਹੈ। ਉਹ ਜਗਤ ਦੀ ਮਾਤਾ ਭਵਾਨੀ ਕਹਾਉਂਦੀ ਹੈ।

ਕਾਜ਼ੀ, ਮੌਲਾਣੇ, ਜੋਗੀ ਤੇ ਬ੍ਰਾਹਮਣਾਂ ਦੀ ਪੂਜਾ ਘੱਟ ਗਈ। ਇਸਤ੍ਰੀ ਦੀ ਮਹਿਮਾ ਵੱਧ ਗਈ। ਕਈ ਪੁਜਾਰੀ ਲੋਕ ਉਸ ਇਸਤ੍ਰੀ ਨੂੰ ਫੜ ਕੇ ਰਾਜੇ ਦੇ ਕੋਲ ਲੈ ਗਏ। ਲੋਕਾਂ ਨੇ ਕਿਹਾ, ਪਹਿਲਾਂ ਤੂੰ ਆਪਣੀ ਸ਼ਕਤੀ ਵਿਖਾ, ਫਿਰ ਤੂੰ ਆਪਣਾ ਨਾਮ ਭਵਾਨੀ ਰਖਾਈਂ। ਇਸਤ੍ਰੀ ਨੇ ਕਿਹਾ, ਮੇਰੀ ਗੱਲ ਸੁਣੋ, ਜਿੰਨੇ ਪੁਜਾਰੀ ਲੋਕ ਹਨ, ਪਹਿਲਾਂ ਆਪਣੀ ਸ਼ਕਤੀ ਵਿਖਾਉਣ, ਫਿਰ ਮੈਂ ਆਪਣੀ ਸ਼ਕਤੀ ਵਿਖਾਉਂਗੀ। ਫਿਰ ਸਾਰੀ ਸਭਾ ਬੈਠ ਗਈ। ਰਾਜੇ ਨੇ ਸਾਰਿਆਂ ਨੂੰ ਆਖਿਆ, ਆਪੋ ਆਪਣੀ ਸ਼ਕਤੀ ਵਿਖਾਉ, ਨਹੀਂ ਤਾਂ ਸਾਰੇ ਮਾਰੇ ਜਾਉਗੇ। ਪਰ ਉਹਨਾਂ ਵਿਚ ਕਰਾਮਾਤੀ ਕੋਈ ਨਹੀਂ ਸੀ। ਉਨ੍ਹਾਂ ਨੂੰ ਸੱਤ-ਸੱਤ ਕੋਟਲੇ ਮਾਰੇ ਤੇ ਆਖਿਆ, ਜਾਂ ਕਰਾਮਾਤ ਵਿਖਾਉ ਨਹੀਂ ਤਾਂ ਇਸਤ੍ਰੀ ਦੇ ਪੈਰੀ ਪਵੋ। ਰਾਜੇ ਨੇ ਕਿਹਾ, ਖ਼ੁਦਾ ਦਾ ਘਰ ਸਾਨੂੰ ਵਿਖਾਉ, ਨਹੀਂ ਤਾਂ ਸ਼ੇਖ਼ਾਂ ਦੇ ਸਿਰ ਮੁੰਨ ਦਿਉ। ਪੰਡਤੋ, ਤੁਹਾਨੂੰ ਨਹੀਂ ਛੱਡਾਂਗਾ, ਜਿੰਨਾ ਚਿਰ ਕਰਾਮਾਤ ਨਹੀਂ ਵਿਖਾਉਂਦੇ, ਤੁਹਾਡੇ ਠਾਕਰ ਚੁੱਕ ਕੇ ਨਦੀ ਵਿਚ ਸੁੱਟ ਦੇਵਾਂਗਾ। ਕਿਸੇ ਨੇ ਕਰਾਮਾਤ ਨਾ ਵਿਖਾਈ। ਇਸਤ੍ਰੀ ਹੱਸ ਪਈ ਤੇ ਕਹਿਣ ਲੱਗੀ, ਸਭ ਤੋਂ ਪਹਿਲੀ ਸ਼ਕਤੀ ਤਲਵਾਰ ਹੈ, ਜਿਸ ਦਾ ਤੇਜ ਪ੍ਰਤਾਪ ਤੇ ਭੈਅ ਸਾਰੇ ਸੰਸਾਰ ਵਿਚ ਮੰਨਿਆ ਜਾਂਦਾ ਹੈ। ਦੂਸਰੀ ਕਰਾਮਾਤ ਕਾਲ ਹੈ, ਜਿਸ ਦਾ ਚੱਕਰ ਚੌਦਾਂ ਲੋਕਾਂ ਵਿਚ ਚਲਦਾ ਹੈ। ਆਦਮੀ ਕਾਲ ਵਿਚ ਪੈਦਾ ਹੁੰਦਾ ਹੈ ਅਤੇ ਕਾਲ ਵਿਚ ਮਰ ਜਾਂਦਾ ਹੈ। ਤੀਸਰੀ ਕਰਾਮਾਤ ਜ਼ਬਾਨ ਹੈ, ਜਿਸ ਨਾਲ ਬੋਲੀ ਤੋਂ ਪਤਾ ਲੱਗ ਜਾਂਦਾ ਹੈ। ਹਰ ਇਕ ਆਦਮੀ ਦੀ ਭਲੇ-ਬੁਰੇ ਦੀ ਪਹਿਚਾਣ ਆ ਜਾਂਦੀ ਹੈ। ਇਨ੍ਹਾਂ ਵਿਚ ਕਿਸੇ ਕੋਲ ਕਰਾਮਾਤ ਨਹੀਂ, ਇਨ੍ਹਾਂ ਨੇ ਤਾਂ ਲੋਕ-ਵਿਖਾਵਾ ਕਰਕੇ ਮਾਇਆ ਇਕੱਠੀ ਕਰਨ ਦਾ ਢੰਗ ਬਣਾਇਆ ਹੈ। ਤਦੇ ਤਾਂ ਘਰ ਘਰ ਮੰਗਦੇ ਫਿਰਦੇ ਹਨ। ਇਨ੍ਹਾਂ ਸਾਰਿਆਂ ਨੂੰ ਪਹਿਲਾਂ ਮਾਰ ਦਿਉ ਤੇ ਫਿਰ ਮੈਨੂੰ ਕੁਝ ਕਹੋ। ਮੈਂ ਤੁਹਾਨੂੰ ਸਾਰੀ ਗੱਲ ਦੱਸ ਦਿੱਤੀ ਹੈ। ਹੁਣ ਤੁਹਾਡੀ ਮਰਜ਼ੀ ਹੈ ਮਾਰੋ ਜਾਂ ਛੱਡੋ। ਰਾਜਾ ਇਸਤ੍ਰੀ ਦੀਆਂ ਗੱਲਾਂ ਸੁਣ ਕੇ ਬਹੁਤ ਖ਼ੁਸ਼ ਹੋਇਆ ਤੇ ਧਨ ਦਾਨ ਕੀਤਾ। ਉਹ ਇਸਤ੍ਰੀ ਜਗਤ ਦੀ ਮਾਤਾ ਕਹਾਈ।

## ੩੭੫ਵਾਂ ਚਰਿੱਤ੍ਰ : ਮਹਿਤਾਬ ਮਤੀ

ਬੀਜਾਪੁਰ ਸ਼ਹਿਰ ਵਿਚ ਏਦਲ ਸ਼ਾਹ ਨਾਮ ਦਾ ਇਕ ਆਦਮੀ ਰਹਿੰਦਾ ਸੀ ਤੇ ਮਹਿਤਾਬ ਮਤੀ ਉਸ ਦੀ ਪੁੱਤਰੀ ਸੀ। ਇਸ ਨੇ ਚਰਿੱਤ੍ਰ ਕਰਕੇ ਇਕ ਸ਼ਾਹ ਦੇ ਪੁੱਤਰ ਧੂਮਰਕੇਤ ਨੂੰ ਘਰ ਲਿਆਂਦਾ ਅਤੇ ਰਾਜੇ ਨੇ ਇਸ ਨੂੰ ਸੱਚੀ ਮੰਨ ਕੇ, ਜੋ ਸੱਚ ਕਹਿਣ ਵਾਲੀ ਦਾਸੀ ਸੀ, ਉਸ ਨੂੰ ਮਾਰ ਦਿੱਤਾ।

## ੩੭੬ਵਾਂ ਚਰਿੱਤ੍ਰ : ਜਗਜੋਬਨ ਦੇਵੀ

ਇਸ਼ਕ ਤੰਬੋਲ ਸ਼ਹਿਰ ਵਿਚ ਇਸ਼ਕ ਤੰਬੋਲ ਰਾਜਾ ਰਹਿੰਦਾ ਸੀ ਤੇ ਸ਼ਿੰਗਾਰ ਮਤੀ ਉਸ ਦੀ ਇਸਤ੍ਰੀ ਸੀ। ਜਗਜੋਬਨ ਦੇਵੀ ਉਸ ਦੀ ਪੁੱਤਰੀ ਸੀ। ਉਥੇ ਇਕ ਸਰਾਫ ਨਾਮ ਦਾ ਇਕ ਲੜਕਾ ਸੀ। ਇਸ ਨੇ ਜਗਜੋਬਨ ਦੇਵੀ ਨੂੰ ਪ੍ਰਾਪਤ ਕੀਤਾ। ਸ਼ਹਿਜ਼ਾਦੀ ਨੇ ਚਰਿੱਤ੍ਰ ਕਰਕੇ ਰਾਜੇ ਦੇ ਅੱਖੀਂ ਘੱਟਾ ਪਾਇਆ।

## ੩੭੭ਵਾਂ ਚਰਿੱਤ੍ਰ : ਪ੍ਰਬੀਨ ਦੇਵੀ

ਹੈਦਰਾਬਾਦ ਵਿਚ ਇਕ ਹਰਜਛਕੇਤ ਰਾਜਾ ਸੀ। ਉਸ ਦੀ ਇਸਤ੍ਰੀ ਦਾ ਨਾਮ ਮਦਪਤ ਮਤੀ ਸੀ ਅਤੇ ਪ੍ਰਬੀਨ ਦੇਵੀ ਉਹਨਾਂ ਦੀ ਪੁੱਤਰੀ ਸੀ। ਉਥੇ ਇਕ ਨਿਹਚਲ ਸਿੰਘ ਖੱਤਰੀ ਰਹਿੰਦਾ ਸੀ। ਉਹ ਬੜਾ ਸੂਰਬੀਰ ਸ਼ਸਤ੍ਰਧਾਰੀ ਸੀ। ਜਦੋਂ ਪ੍ਰਬੀਨ ਦੇਵੀ ਨੇ ਵੇਖਿਆ ਤਾਂ ਇਸ ਨੇ ਚਰਿੱਤ੍ਰ ਕਰਕੇ ਉਸ ਨੂੰ ਪਾ ਲਿਆ।

## ੩੭੮ਵਾਂ ਚਰਿੱਤ੍ਰ : ਸੁਹਾਗ ਦੇਵੀ

ਤ੍ਰਿਬੰਕ ਮਹਾਂਰੁਦਰ ਵਿਚ ਇਕ ਤ੍ਰਿਬੰਕ ਰਾਜਾ ਰਹਿੰਦਾ ਸੀ। ਉਸ ਦੀ ਰਾਣੀ ਰਸਰੀਤ ਮਤੀ ਸੀ ਅਤੇ ਸੁਹਾਗ ਦੇਵੀ ਉਸ ਦੀ ਪੁੱਤਰੀ ਸੀ। ਇਕ ਦਿਨ ਰਾਜਕੁਮਾਰੀ ਵੀਹ-ਤੀਹ ਸਖੀਆਂ ਨੂੰ ਨਾਲ ਲੈ ਕੇ ਬਾਗ਼ ਨੂੰ ਚਲੀ ਤਾਂ ਰਾਹ ਵਿਚ ਇਕ ਆਦਮੀ ਨੂੰ ਵੇਖਿਆ, ਜਿਸ ਦਾ ਨਾਮ ਸ਼ੇਰ ਸਿੰਘ ਸੀ। ਉਹ ਸ਼ੇਰ ਸਿੰਘ 'ਤੇ ਮੋਹਿਤ ਹੋ ਗਈ। ਕੁਮਾਰੀ ਨੇ ਇਕ ਚਰਿੱਤ੍ਰ ਕੀਤਾ— ਸ਼ੇਰ ਸਿੰਘ ਦੇ ਮੂੰਹ ਨੂੰ ਤੇਲ ਲਾ ਕੇ, ਉਸ ਦੀਆਂ ਦਾੜ੍ਹੀ ਮੁੱਛਾਂ ਲਾਹ ਦਿੱਤੀਆਂ ਤੇ ਇਸਤ੍ਰੀਆਂ ਵਾਲੇ ਕੱਪੜੇ ਪੁਆ ਦਿੱਤੇ ਤੇ ਘਰ ਵਿਚ ਆਪਣੇ ਪਾਸ ਰੱਖਿਆ, ਪਰ ਇਕ ਦਿਨ ਉਸ ਨੂੰ ਇਕ ਹੱਥ ਵਿਚ ਝਾੜੂ ਫੜਾ ਦਿੱਤਾ, ਦੂਜੇ ਹੱਥ ਵਿਚ ਮੋਹਰਾਂ ਵਾਲਾ ਟੋਕਰਾ ਫੜਾ ਦਿੱਤਾ ਅਤੇ ਉਸ ਨੂੰ ਭੰਗਣ ਦੱਸ ਕੇ ਰਾਜੇ ਦੇ ਸਾਹਮਣੇ ਕੱਢ ਦਿੱਤਾ। ਮੂਰਖ ਰਾਜਾ ਸਮਝ ਨਾ ਸਕਿਆ।

## ੩੭੯ਵਾਂ ਚਰਿੱਤ੍ਰ : ਮ੍ਰਿਦਹਾਸ ਮਤੀ

ਤ੍ਰਿਹਾਟਕ ਸੈਨ ਇਕ ਰਾਜਾ ਸੀ। ਉਸ ਦੇ ਨਗਰ ਦਾ ਨਾਮ ਤਿਹਾੜ ਸੀ ਅਤੇ ਉਸ ਨੂੰ ਤ੍ਰਿਹਾਟਕਪੁਰੀ ਕਹਿੰਦੇ ਸਨ। ਉਸ ਦੀ ਰਾਣੀ ਦਾ ਨਾਮ ਮਹਿਬੂਬ ਸੀ। ਉਸ ਦੀ ਦੂਸਰੀ ਰਾਣੀ ਮ੍ਰਿਦਰਾਸ ਮਤੀ ਸੀ। ਰਾਜਾ ਮਹਿਬੂਬ ਮਤੀ ਨੂੰ ਜ਼ਿਆਦਾ ਪਿਆਰ ਕਰਦਾ ਸੀ। ਪਹਿਲੀ ਇਸਤ੍ਰੀ ਦੇ ਪੇਟੋਂ ਪੁੱਤਰ ਹੋਇਆ। ਦੂਸਰੀ ਨੇ ਇਸ ਦੀ ਮਾਂ ਮਹਿਬੂਬ ਮਤੀ ਨੂੰ ਮਾਰ ਕੇ ਪੁੱਤਰ ਨੂੰ ਆਪਣਾ ਬਣਾ ਲਿਆ ਸੀ।

## ੩੮੦ਵਾਂ ਚਰਿੱਤ੍ਰ : ਸੁਪ੍ਰਭਾ ਦੇਵੀ

ਇਕ ਰਾਜਾ ਸੀ ਤੇ ਮਿਦ੍ਰਲਾ ਦੇਵੀ ਰਾਜੇ ਦੀ ਰਾਣੀ ਸੀ। ਸੁਪ੍ਰਭਾ ਦੇਵੀ ਉਸ ਦੀ ਪੁੱਤਰੀ ਸੀ ਜੋ ਪਰੀ ਪਦਮਨੀ ਮੰਨੀ ਜਾਂਦੀ ਸੀ। ਹਾਟਕਪੁਰ ਨਗਰ ਦੱਖਣ ਵਾਲੇ ਪਾਸੇ ਸੀ। ਉਥੋਂ ਦਾ ਰਾਜਾ ਰਾਜ ਕਰਦਾ ਸੀ। ਉਸ ਨਗਰ ਵਿਚ ਸ਼ਾਹ ਦਾ ਪੁੱਤਰ ਰਹਿੰਦਾ ਸੀ। ਇਸ ਪਿੱਛੇ ਸੁਪ੍ਰਭਾ ਦੇਵੀ ਨੇ ਆਪਣਾ ਪਤੀ ਮਾਰ ਦਿੱਤਾ।

## ੩੮੧ਵਾਂ ਚਰਿੱਤ੍ਰ : ਚਰਿਤਰ ਮਤੀ

ਚਰਿੱਤ੍ਰ ਸੈਨ ਇਕ ਰਾਜਾ ਸੀ ਤੇ ਉਸ ਦੀ ਰਾਣੀ ਦਾ ਨਾਮ ਚਰਿੱਤਰ ਮਤੀ ਸੀ। ਇਹ ਤਿੰਨਾਂ ਲੋਕਾਂ ਵਿਚ ਮਸ਼ਹੂਰ ਸੀ। ਗੋਪੀ ਰਾਏ ਇਕ ਸ਼ਾਹ ਦਾ ਪੁੱਤਰ ਸੀ। ਚਰਿਤਰ ਮਤੀ ਨੇ ਚਰਿੱਤ੍ਰ ਕਰਕੇ ਰਾਜੇ ਦੇ ਅੱਖੀਂ ਘੱਟਾ ਪਾਇਆ ਅਤੇ ਗੋਪੀ ਰਾਏ ਨੂੰ ਛੁਪਾ ਕੇ ਰੱਖ ਲਿਆ।

## ੩੮੨ਵਾਂ ਚਰਿੱਤ੍ਰ : ਖਾਦਮਾ ਬਾਨੋ

ਖਾਦਮਾ ਬਾਨੋ ਨੇ ਚਰਿੱਤ੍ਰ ਕੀਤਾ। ਮੁਲਤਾਨ ਵਿਚ ਇਕ ਪੀਰ ਰਹਿੰਦਾ ਸੀ। ਉਸ ਦਾ ਨਾਮ ਰੋਸ਼ਨ ਕਦਰ ਸੀ। ਖਾਦਮਾ ਬਾਨੋ ਨੇ ਪੀਰ ਦੀ ਘਰਵਾਲੀ ਦੇ ਅੱਖੀਂ ਘੱਟਾ ਪਾਇਆ।

## ੩੮੩ਵਾਂ ਚਰਿੱਤ੍ਰ : ਮਨਨੀਲ ਮਤੀ

ਬਿਸ਼ਨ ਧੁਜ ਇਕ ਰਾਜਾ ਸੀ ਤੇ ਮਨਨੀਲ ਮਤੀ ਉਸ ਦੀ ਰਾਣੀ ਸੀ। ਉਥੇ ਇਕ ਅਛਲੀ ਰਾਇ ਇਕ ਖੱਤਰੀ ਰਹਿੰਦਾ ਸੀ। ਮਨਨੀਲ ਮਤੀ ਪਾਪਣ ਨੇ ਆਪਣੇ ਰਾਜੇ ਨੂੰ ਮਾਰ ਦਿੱਤਾ।

## ੩੮੪ਵਾਂ ਚਰਿੱਤ੍ਰ : ਕੋਕਿਲਾ ਮਤੀ

ਝਾਰਖੰਡ ਪ੍ਰਦੇਸ਼ ਵਿਚ ਇਕ ਕੋਕਿਲ ਸੈਨ ਰਾਜਾ ਸੀ ਤੇ ਉਸ ਦੀ ਰਾਣੀ ਕੋਕਿਲਾ ਮਤੀ ਸੀ। ਉਥੇ ਬਦਲੀ ਰਾਮ ਨਾਮੀ ਇਕ ਸ਼ਾਹ ਦਾ ਪੁੱਤਰ ਰਹਿੰਦਾ ਸੀ। ਇਸ ਦਾ ਇਸ ਨਾਲ ਪ੍ਰੇਮ ਸੀ। ਰਾਜੇ ਨੂੰ ਪਤਾ ਲੱਗ ਗਿਆ ਤਾਂ ਰਾਣੀ ਨੇ ਚਰਿੱਤ੍ਰ ਕੀਤਾ।

*ਅੜਿੱਲ: ਜੋ ਪਰ ਨਰ ਕਹ ਪਿਯ ਬਿਨੁ, ਨਾਰਿ ਨਿਹਾਰਈ॥*
*ਮਹਾਂ ਨਰਕ ਮਹਿ ਤਾਹਿ, ਬਿਧਾਤਾ ਡਾਰਈ॥*
*ਨਿਜੁ ਪਤ ਸੁੰਦਰ ਛਾਡਿ, ਨ ਤੁਮਹਿ ਨਿਹਾਰਿਹੋ॥*
*ਹੇ ਨਿਜ ਕੁਲ ਕੀ ਤਜਿ ਕਾਨਿ, ਨ ਧਰ ਮਹਿ ਟਾਰਿਹੌ॥ ੧॥*

## ੩੮੫ਵਾਂ ਚਰਿੱਤ੍ਰ : ਸ਼ਾਹ ਦੀ ਇਸਤ੍ਰੀ

ਸਦਾ ਸਿੰਘ ਇਕ ਮਹਾਨ ਰਾਜਾ ਸੀ ਅਤੇ ਸੁਲੰਕ ਦੇਵੀ ਉਸ ਦੀ ਰਾਣੀ ਸੀ। ਉਥੇ ਇਕ ਸ਼ਾਹ ਰਹਿੰਦਾ ਸੀ ਜੋ ਬਹੁਤ ਧਨ ਵਾਲਾ ਸੀ। ਉਥੇ ਇਕ ਇਸਤ੍ਰੀ ਬਹੁਤ ਚਤਰ ਸੀ। ਇਸਤ੍ਰੀ ਨੇ ਉਸ ਸ਼ਾਹ ਨੂੰ ਵੇਖਿਆ ਤੇ ਬਹੁਤ ਪਿਆਰ ਨਾਲ ਬੁਲਾਇਆ। ਉਸ ਨੂੰ ਕਹਿਣ ਲੱਗੀ, ਤੇਰਾ ਧਨ ਤਾਂ ਮਾਂ ਪੁੱਤਰ ਹੀ ਖਾ ਜਾਣਗੇ। ਤੈਨੂੰ ਇਕ ਦਮੜੀ ਨਹੀਂ ਦੇਣਗੇ। ਇਸ ਕਰਕੇ ਤੁਸੀਂ ਧਨ ਕਿਸੇ ਕੋਲ ਰੱਖ ਕੇ ਉਸ ਪਾਸੋਂ ਰਸੀਦ ਲੈ ਲਵੋ। ਮਾਂ ਪੁੱਤਰ ਨੂੰ ਪਤਾ ਨਾ ਲੱਗੇ। ਜਦੋਂ ਮਰਜ਼ੀ ਉਸ ਕੋਲੋਂ ਧਨ ਵਾਪਸ ਲੈ ਲੈਣਾ।

## ੩੮੬ਵਾਂ ਚਰਿੱਤ੍ਰ : ਰਾਜਕੁਮਾਰੀ

ਚਿਤਰਕੇਤ ਰਾਜਾ ਸੀ। ਉਸ ਦੇ ਪੁੱਤਰ ਦਾ ਨਾਮ ਬਚਿੱਤਰ ਰੱਥ ਸੀ ਤੇ ਉੱਤਮ ਦੇਵੀ ਉਸ ਦੀ ਰਾਣੀ ਸੀ। ਇਨ੍ਹਾਂ ਦੀ ਇਕ ਰਾਜਕੁਮਾਰੀ ਸੀ। ਬਾਨੀ ਰਾਇ ਉਥੋਂ ਦਾ ਇਕ ਸ਼ਾਹ ਸੀ। ਉਸ ਦੇ ਪੁੱਤਰ ਦਾ ਨਾਮ ਗੁਲਜ਼ਾਰ ਰਾਇ ਸੀ। ਰਾਜਕੁਮਾਰੀ ਨੇ ਚਰਿੱਤ੍ਰ ਕਰਕੇ ਆਪਣੇ ਮਾਂ-ਪਿਉ ਨੂੰ ਮਾਰ ਕੇ, ਆਪਣੀ ਪਰਜਾ ਨੂੰ ਕਹਿ ਦਿੱਤਾ ਕਿ ਉਸ ਦਾ ਰਾਜ ਸਥਿਰ ਹੋ ਗਿਆ ਹੈ। ਇਸ ਨੇ ਮਿੱਤਰ ਨਾਲ ਵਿਆਹ ਕਰਕੇ, ਰਾਜੇ ਦਾ ਛੱਤਰ ਯਾਰ ਦੇ ਸਿਰ 'ਤੇ ਝੁਲਾਇਆ।

*ਦੋਹਰਾ : ਤਾਤ ਮਾਤ ਇਹ ਭਾਂਤਿ ਹਨ, ਦਿਯੋ ਮਿਤ੍ਰ ਕੌ ਰਾਜ॥*

*ਸਕਤ ਨ ਕੋਈ ਪਛਾਨਿ ਕਰਿ, ਚੰਚਲਾਨ ਕੇ ਕਾਜ॥੧੧॥*

## ੩੮੭ਵਾਂ ਚਰਿੱਤ੍ਰ : ਦਿਨ ਦੀਪਕ ਦੇਵੀ

ਬੀਰਕੇਤ ਇਕ ਰਾਜਾ ਸੀ। ਬੀਰਪੁਰੀ ਨਗਰੀ ਵਿਚ ਰਹਿੰਦਾ ਸੀ ਤੇ ਉਸ ਦੀ ਰਾਣੀ ਦਾ ਨਾਮ ਦਿਨ ਦੀਪਕ ਦੇਵੀ ਸੀ। ਗੁਮਾਨੀ ਰਾਇ ਇਕ ਖੱਤਰੀ ਸੀ। ਰਾਣੀ ਨੇ ਖੱਤਰੀ ਨੂੰ ਮਾਰ ਕੇ, ਆਪਣਾ ਪਾਪ ਕਰਮ ਛੁਪਾਇਆ ਹੈ।

## ੩੮੮ਵਾਂ ਚਰਿੱਤ੍ਰ : ਜਗਮੋਹਨ ਦੇਵੀ

ਮਾਰਵਾੜ, ਮਾਰੂਥਲ ਰਾਜਸਥਾਨ ਵਿਚ ਇਕ ਰਾਜਾ ਰਹਿੰਦਾ ਸੀ ਤੇ ਉਸ ਦਾ ਨਾਮ ਚੰਦਰ ਸੈਨ ਸੀ। ਜਗਮੋਹਨ ਦੇਵੀ ਉਸ ਦੀ ਰਾਣੀ ਸੀ। ਰਾਣੀ ਨੇ ਚਰਿੱਤ੍ਰ ਕਰਕੇ ਰਾਜੇ ਨਾਲ ਛਲ ਕੀਤਾ।

## ੩੮੯ਵਾਂ ਚਰਿੱਤ੍ਰ : ਮਦ ਮੋਕਲ ਦੇਵੀ

ਨਰਿੰਦਰ ਸਿੰਘ ਇਕ ਚੰਗਾ ਰਾਜਾ ਸੀ। ਉਹ ਨਿਰਪਰਬਵਤੀ ਨਗਰ ਵਿਚ ਰਹਿੰਦਾ ਸੀ। ਮਦ ਮੋਕਲ ਦੇਵੀ ਉਸ ਦੀ ਰਾਣੀ ਸੀ। ਰਾਜਾ ਦਿਨ ਰਾਤ ਜੋਗੀਆਂ ਨੂੰ ਸੱਦ ਕੇ ਯੋਗ ਅਭਿਆਸ

ਕਰਿਆ ਕਰੇ। ਜੋਗੀਆਂ ਨੂੰ ਰੌਲਾ ਪਾਉਂਦਿਆਂ ਵੇਖ ਕੇ ਰਾਣੀ ਬਹੁਤ ਗੁੱਸੇ ਹੋਈ। ਉਸ ਨੇ ਸੋਚਿਆ ਕਿ ਕਿਸੇ ਢੰਗ ਨਾਲ ਜੋਗੀਆਂ ਸਮੇਤ ਰਾਜੇ ਨੂੰ ਮਾਰ ਦਿਆਂਗੀ ਅਤੇ ਆਪਣੇ ਮਿੱਤਰ ਨੂੰ ਰਾਜ ਦੇ ਦੇਵਾਂਗੀ। ਜਦ ਰਾਜਾ ਰਾਤ ਨੂੰ ਘਰ ਆਇਆ ਤਾਂ ਜੋਗੀਆਂ ਨੂੰ ਸੱਦਿਆ। ਜੋਗੀ ਆਉਂਦੇ ਗਏ ਤੇ ਰਾਣੀ ਮਾਰੀ ਗਈ। ਰਾਜੇ ਸਮੇਤ ਸਾਰੇ ਮਾਰ ਦਿੱਤੇ।

## ੩੯੦ਵਾਂ ਚਰਿੱਤ੍ਰ : ਮਕਰਧੁਜ ਦੇਵੀ

ਸੁਬਾਹ ਸੈਨ ਰਾਜਾ ਸੀ ਤੇ ਉਹ ਬਹੁਤ ਗੁਣਵਾਨ ਤੇ ਸੁੰਦਰ ਸੀ। ਉਸ ਦੀ ਰਾਣੀ ਮਕਰਧੁਜ ਸੀ। ਰਾਣੀ ਨੇ ਦਿੱਲੀ ਦੇ ਬਾਦਸ਼ਾਹ ਨੂੰ ਵੇਖਿਆ ਤੇ ਉਸ ਨੂੰ ਚਿੱਠੀ ਲਿਖ ਕੇ ਭੇਜੀ ਕਿ ਤੁਸੀਂ ਇਸ ਜਗ੍ਹਾ ਖ਼ੁਦ ਚੜ੍ਹਾਈ ਕਰ ਕੇ ਆਉ ਤੇ ਮੈਨੂੰ ਜਿੱਤ ਕੇ ਲੈ ਜਾਉ। ਅਕਬਰ ਬਾਦਸ਼ਾਹ ਨੇ ਜਦੋਂ ਸੁਣਿਆ ਤਾਂ ਚੜ੍ਹਾਈ ਕਰ ਕੇ ਆ ਗਿਆ। ਰਾਣੀ ਆਪਣੇ ਪਤੀ ਰਾਜੇ ਨੂੰ ਕਹਿੰਦੀ ਹੈ ਕਿ ਤੁਸੀਂ ਇਥੋਂ ਭੱਜ ਕੇ ਨਹੀਂ ਜਾਣਾ, ਸਾਹਮਣੇ ਹੋ ਕੇ ਲੜਨਾ ਹੈ। ਮੈਂ ਤੁਹਾਡਾ ਸਾਥ ਨਹੀਂ ਛੱਡਾਂਗੀ ਤੇ ਤੁਹਾਡੇ ਨਾਲ ਮੈਂ ਸੜਾਂਗੀ। ਉਧਰ ਰਾਜੇ ਨੇ ਬਾਦਸ਼ਾਹ ਨੂੰ ਸੱਦਿਆ ਲੜਾਈ ਵਾਸਤੇ। ਲੜਾਈ ਵਿਚ ਰਾਜਾ ਮਾਰਿਆ ਗਿਆ ਤੇ ਬਾਦਸ਼ਾਹ ਨੇ ਰਾਣੀ ਨੂੰ ਬੰਨ੍ਹ ਲਿਆ। ਇਸ ਤਰ੍ਹਾਂ ਚਰਿੱਤ੍ਰ ਕਰਕੇ ਮਿੱਤਰ ਦੇ ਘਰ ਚੱਲੀ ਗਈ।

## ੩੯੧ਵਾਂ ਚਰਿੱਤ੍ਰ : ਗੌਹਰਾ ਰਾਇ

ਬਾਹਲੀਕ ਸੁਨਿਯਤ ਰਾਜਾ ਸੀ ਤੇ ਗੌਹਰਾ ਰਾਇ ਨਾਮੀ ਉਸ ਦੀ ਪੁੱਤਰੀ ਸੀ। ਉਥੇ ਇਕ ਸ਼ਾਹ ਦਾ ਪੁੱਤਰ ਸੀ। ਗੌਹਰਾ ਰਾਇ ਨੇ ਚਰਿੱਤ੍ਰ ਕਰਕੇ ਇਸ ਨੂੰ ਪ੍ਰਾਪਤ ਕੀਤਾ ਹੈ।

## ੩੯੨ਵਾਂ ਚਰਿੱਤ੍ਰ : ਖਾਤਿਮਾ ਬਾਨੋ

ਅਫਕਨ ਸ਼ੇਰ ਰਾਜਾ ਸੀ ਜਿਹੜਾ ਬਹੁਤ ਸੁੰਦਰ ਸੀ ਤੇ ਪੀਰ ਮੁਹੰਮਦ ਉਥੋਂ ਦਾ ਇਕ ਕਾਜ਼ੀ ਸੀ, ਜਿਸ ਦਾ ਸਰੀਰ ਬੇ-ਸ਼ਕਲਾ ਸੀ। ਉਹ ਦੀ ਨਾਰੀ ਦਾ ਨਾਮ ਖਾਤਮਾ ਬਾਨੋ ਸੀ। ਇਸ ਦੀ ਨਾਰੀ ਨੇ ਸੋਚਿਆ ਕਿ ਕਾਜ਼ੀ ਨੂੰ ਕਿਸੇ ਢੰਗ ਨਾਲ ਮਾਰ ਦੇਵਾਂ। ਉਸ ਨਗਰ ਵਿਚ ਇਕ ਸ਼ਾਹ ਦਾ ਪੁੱਤਰ ਆਇਆ। ਕਾਜ਼ੀ ਦੀ ਇਸਤ੍ਰੀ ਨੇ ਮਨ ਵਿਚ ਸੋਚਿਆ ਕਿ ਮੈਂ ਇਸ ਨਾਲ ਵਿਆਹ ਕਰਵਾ ਲਵਾਂ। ਇਸ ਨੇ ਕਾਜ਼ੀ ਨੂੰ ਮਾਰ ਕੇ ਆਪਣੀ ਇੱਛਾ ਪੂਰੀ ਕੀਤੀ।

## ੩੯੩ਵਾਂ ਚਰਿੱਤ੍ਰ : ਸੰਦਲ ਦੇਵੀ

ਧਰਮ ਸੈਨ ਇਕ ਰਾਜਾ ਸੀ ਤੇ ਉਸ ਦੀ ਇਸਤ੍ਰੀ ਦਾ ਨਾਮ ਚੰਚਲ ਦੇਵੀ ਸੀ। ਸੰਦਲ ਦੇਵੀ ਉਸ ਦੀ ਪੁੱਤਰੀ ਸੀ। ਸੰਦਲ ਦੇਵੀ ਨੇ ਚਰਿੱਤ੍ਰ ਕਰਕੇ ਰਾਜਕੁਮਾਰ ਨੂੰ ਪ੍ਰਾਪਤ ਕੀਤਾ।

## ੩੯੪ਵਾਂ ਚਰਿੱਤ੍ਰ : ਚੰਪ ਦੇਵੀ

ਅਛਲਾਪੁਰ ਵਿਚ ਇਕ ਰਾਜਾ ਰਹਿੰਦਾ ਸੀ ਤੇ ਉਸ ਦਾ ਨਾਮ ਅਛਲ ਸੈਨ ਸੀ। ਉਥੇ ਸੁਧਰਮੀ ਰਾਇ ਇਕ ਸ਼ਾਹ ਸੀ। ਚੰਪਾ ਦੇਵੀ ਸ਼ਾਹ ਦੀ ਪੁੱਤਰੀ ਸੀ। ਇਸ ਨੇ ਚਰਿੱਤ੍ਰ ਕਰਕੇ ਮਰਦਾਂ ਵਾਲੇ ਕੱਪੜੇ ਪਾ ਕੇ ਸੁਛੱਬ ਰਾਇ ਵਿਅਕਤੀ ਨੂੰ ਮਿਲਿਆ।

## ੩੯੫ਵਾਂ ਚਰਿੱਤ੍ਰ : ਅਲਕੇਸ ਮਤੀ

ਦੇਵ ਛਤਰ ਇਕ ਰਾਜਾ ਸੀ ਤੇ ਅਲਕੇਸ ਮਤੀ ਉਸ ਦੀ ਪੁੱਤਰੀ ਸੀ। ਜੁਲਫ ਰਾਇ ਖੱਤਰੀ ਸੀ। ਅਲਕੇਸ ਮਤੀ ਨੇ ਉਸ ਖੱਤਰੀ ਨੂੰ ਵੇਖਿਆ ਤੇ ਕਿਹਾ, ਇਸ ਨਾਲ ਮੈਂ ਵਿਆਹ ਕਰਨਾ ਹੈ। ਇਸ ਨੇ ਚਰਿੱਤ੍ਰ ਕਰਕੇ ਖੱਤਰੀ ਨਾਲ ਵਿਆਹ ਕੀਤਾ ਹੈ।

*ਦੋਹਰਾ : ਜਿਹ ਬਿਧਿ ਤੇ ਮਥਿ ਨੀਰਧਹਿ, ਲਛਮੀ ਬਰੀ ਮੁਰਾਰਿ॥*

*ਤੈਸਹਿ ਮਥਿ ਗੰਗਾ ਬਰਾ, ਯਾਕਹ ਰਾਜ ਕੁਮਾਰਿ॥੧੯॥*

## ੩੯੬ਵਾਂ ਚਰਿੱਤ੍ਰ : ਜੁਲਫ਼ ਦੇਵੀ

ਸਰਬ ਸਿੰਘ ਰਾਜਾ ਸਿੰਧਪੁਰ ਕਿਲ੍ਹੇ ਵਿਚ ਰਹਿ ਕੇ ਉਥੋਂ ਦਾ ਰਾਜ ਕਰਦਾ ਸੀ ਅਤੇ ਦਲਥੰਭ ਨਾਮੀ ਇਕ ਸਿਆਣਾ ਚਤਰ ਉਸ ਦਾ ਪੁੱਤਰ ਸੀ। ਦੁਸ਼ਟ ਸਿੰਘ ਉਸ ਦਾ ਭਰਾ ਸੀ। ਜੁਲਫ ਦੇਵੀ ਇਕ ਸ਼ਾਹ ਦੀ ਪੁੱਤਰੀ ਸੀ। ਉਸ ਨੇ ਜਦ ਰਾਜ-ਪੁੱਤਰ ਨੂੰ ਵੇਖਿਆ ਤਾਂ ਚਰਿੱਤ੍ਰ ਕਰਕੇ ਇਸ ਨਾਲ ਜੁਲਫ ਦੇਵੀ ਨੇ ਵਿਆਹ ਕਰਵਾਇਆ।

*ਚੌਪਈ : ਰਾਜ ਕੁਆਰ ਇਹ ਛਲ ਸੌ ਪਾਯੋ॥ ਭੇਦ ਅਭੇਦ ਨਾ ਕਿਸੀ ਬਤਾਯੋ॥*

## ੩੯੭ਵਾਂ ਚਰਿੱਤ੍ਰ : ਚਪਲਾ ਦੇਵੀ

ਪ੍ਰਿਥੀ ਸਿੰਘ ਇਕ ਰਾਜਾ ਸੀ ਤੇ ਉਸ ਦੀ ਲਾਲ ਮਤੀ ਨਾਮੀ ਇਕ ਰਾਣੀ ਸੀ। ਮੇਦਨੀ ਸਿੰਘ ਨਾਮੀ ਉਸ ਦਾ ਪੁੱਤਰ ਸੀ। ਚਪਲਾ ਦੇਵੀ ਸ਼ਾਹ ਦੀ ਪੁੱਤਰੀ ਸੀ। ਇਸ ਨੇ ਚਰਿੱਤ੍ਰ ਕਰਕੇ ਰਾਜਕੁਮਾਰ ਤੋਂ ਬਚਾਅ ਕੀਤਾ।

## ੩੯੮ਵਾਂ ਚਰਿੱਤ੍ਰ : ਸਾਗਰ ਦੇਵੀ

ਇਕ ਸਾਗਰ ਸੈਨ ਰਾਜਾ ਸੀ ਤੇ ਸਾਗਰ ਦੇਵੀ ਇਸ ਦੀ ਪੁੱਤਰੀ ਸੀ। ਇਸ ਨੇ ਰਾਜਨੀ ਰਾਇ ਨਾਲ ਵਿਆਹ ਕਰਨ ਵਾਸਤੇ ਆਪਣੇ ਮਾਂ-ਬਾਪ ਮਾਰ ਦਿੱਤੇ ਸਨ।

## ੩੯੯ਵਾਂ ਚਰਿੱਤ੍ਰ : ਅਲਕ੍ਰਿਤ ਦੇਵੀ

ਪਲਵਲ ਨਾਮ ਦਾ ਇਕ ਰਾਜਾ ਸੀ ਤੇ ਤੜ੍ਹਤਾ ਦੇਵੀ ਉਸ ਦੀ ਰਾਣੀ ਸੀ। ਅਲਕ੍ਰਿਤ ਦੇਵੀ ਉਸ ਦੀ ਪੁੱਤਰੀ ਸੀ। ਉਥੇ ਸੌਦਾਗਰ ਆਇਆ। ਅਲਕ੍ਰਿਤ ਦੇਵੀ ਨੇ ਆਪਣੇ ਪਤੀ ਨੂੰ ਮਾਰ ਕੇ ਚਰਿੱਤ੍ਰ ਕਰਕੇ ਇਸ ਨੂੰ ਪ੍ਰਾਪਤ ਕੀਤਾ।

## ੪੦੦ਵਾਂ ਚਰਿੱਤ੍ਰ : ਭੂਖਨ ਦੇਵੀ

ਆਦਮਪੁਰ ਵਿਚ ਇਕ ਰਾਜਾ ਰਹਿੰਦਾ ਸੀ। ਅਲਕ੍ਰਿੰਤ ਦੇਵੀ ਉਸ ਦੀ ਰਾਣੀ ਸੀ। ਭੂਖਨ ਦੇਵੀ ਉਸ ਦੀ ਪੁੱਤਰੀ ਸੀ। ਉਸ ਦਾ ਪਤੀ ਸੀ ਜੋ ਬਹੁਤ ਭੈੜੀ ਸ਼ਕਲ ਵਾਲਾ ਸੀ। ਰਾਜਕੁਮਾਰੀ ਨੇ ਮੁਲਤਾਨੀ ਰਾਇ ਖੱਤਰੀ ਨੂੰ ਵੇਖਿਆ ਤੇ ਉਸ 'ਤੇ ਮੋਹਿਤ ਹੋ ਗਈ। ਰਾਜਕੁਮਾਰੀ ਆਪਣੇ ਪਤੀ ਨੂੰ ਸ਼ਿਵਜੀ ਦੇ ਮੰਦਰ ਲੈ ਕੇ ਗਈ ਤੇ ਉਸ ਦਾ ਸਿਰ ਵੱਢ ਦਿੱਤਾ। ਲੋਕਾਂ ਨੂੰ ਕਿਹਾ, ਮੇਰੇ ਪਤੀ ਨੇ ਸੁੰਦਰ ਹੋਣ ਵਾਸਤੇ ਸ਼ਿਵਜੀ ਨੂੰ ਸਿਰ ਭੇਟ ਕਰ ਦਿੱਤਾ ਹੈ। ਸ਼ਿਵਜੀ ਨੇ ਕ੍ਰਿਪਾ ਕੀਤੀ ਤੇ ਮੇਰੇ ਪਤੀ ਦਾ ਸਰੀਰ ਸੁੰਦਰ ਬਣਾ ਦਿੱਤਾ। ਪਤੀ ਦਾ ਮੁਰਦਾ ਸਰੀਰ ਦੱਬ ਦਿੱਤਾ ਅਤੇ ਮਿੱਤਰ ਨੂੰ ਪਤੀ ਕਹਿ ਕੇ ਨਾਲ ਲੈ ਆਈ।

## ੪੦੧ਵਾਂ ਚਰਿੱਤ੍ਰ : ਮਹਾਂ ਕੁਮਾਰੀ

ਸੂਰਜ ਕਿਰਨ ਨਾਮੀ ਇਕ ਰਾਜਾ ਸੀ ਤੇ ਉਸ ਦੀ ਪੁੱਤਰੀ ਦਾ ਨਾਮ ਮਹਾਂ ਕੁਮਾਰੀ ਸੀ। ਉਥੇ ਇਕ ਸ਼ਾਹ ਦਾ ਪੁੱਤਰ ਰਹਿੰਦਾ ਸੀ। ਉਸ ਦਾ ਨਾਮ ਚੰਦਰ ਸੈਨ ਸੀ। ਮਹਾਂ ਕੁਮਾਰੀ ਉਸ ਦੀ ਸੂਰਤ ਵੇਖ ਕੇ ਮੋਹਿਤ ਹੋ ਗਈ। ਇਸ ਪਾਪਣ ਨੇ ਇਕ ਬ੍ਰਾਹਮਣ ਨੂੰ ਮਾਰ ਕੇ ਇਸ ਨੂੰ ਆਪਣਾ ਪਤੀ ਬਣਾਇਆ।

## ੪੦੨ਵਾਂ ਚਰਿੱਤ੍ਰ : ਬਸੰਤ ਕੁਮਾਰੀ

ਕਾਰੂੰ ਬਾਦਸ਼ਾਹ ਸੀ ਜਿਸ ਦਾ ਬਹੁਤ ਪ੍ਰਤਾਪ ਸੀ ਤੇ ਉਸ ਕੋਲ ਚਾਲੀ ਗੰਜ ਭੰਡਾਰ ਭਰੇ ਸਨ। ਉਸ ਨਗਰ ਵਿਚ ਸ਼ਾਹ ਦੀ ਪੁੱਤਰੀ ਸੀ। ਇਸ ਦਾ ਨਾਮ ਬਸੰਤ ਕੁਮਾਰੀ ਸੀ। ਇਸ ਨੇ ਆਪਣੀ ਸਖੀ ਦੇ ਰਾਹੀਂ ਬਾਦਸ਼ਾਹ ਨੂੰ ਸੁਨੇਹਾ ਭੇਜਿਆ ਕਿ ਮੈਨੂੰ ਵੀ ਆਪਣੀ ਇਸਤ੍ਰੀ ਬਣਾ ਕੇ ਆਪਣੇ ਘਰ ਰੱਖ ਲਵੋ। ਸਖੀ ਨੇ ਬਾਦਸ਼ਾਹ ਕਾਰੂੰ ਨੂੰ ਬਹੁਤ ਕਿਹਾ, ਪਰ ਉਹ ਨਾ ਮੰਨਿਆ। ਬਸੰਤ ਕੁਮਾਰੀ ਬਹੁਤ ਗ਼ੁੱਸੇ ਵਿਚ ਆਈ। ਉਸ ਨੇ ਇਕ ਸੁਰੰਗ ਪੁਟਵਾਈ ਆਪਣੇ ਘਰ ਤੋਂ ਲੈ ਕੇ ਬਾਦਸ਼ਾਹ ਦੇ ਘਰ ਤੱਕ। ਕੁਮਾਰੀ ਨੇ ਧਨ ਦੇ ਚਾਲੀ ਗੰਜ ਸਾਰੇ ਚੁਰਾ ਲਏ। ਮੂਰਖ ਬਾਦਸ਼ਾਹ ਨੂੰ ਕੁਝ ਪਤਾ ਨਾ ਲੱਗਾ ਕਿ ਧਨ ਕਿੱਥੇ ਗਿਆ। ਜਦ ਖ਼ਜ਼ਾਨਾ ਖੋਲ੍ਹਿਆ ਤੇ ਵੇਖਿਆ ਤਾਂ ਖ਼ਜ਼ਾਨਾ ਨਹੀਂ ਸੀ। ਦੁਖੀ ਹੋਏ ਬਾਦਸ਼ਾਹ ਨੇ ਸਾਰੇ ਲੋਕ ਬੁਲਾਏ ਤੇ ਕਿਹਾ ਮੈਥੋਂ ਕੋਈ ਪਾਪ ਹੋ ਗਿਆ

ਹੈ, ਜਿਸ ਕਰਕੇ ਮੇਰਾ ਸਾਰਾ ਧਨ ਚੁਰਾਇਆ ਗਿਆ ਹੈ। ਲੋਕਾਂ ਨੇ ਕਿਹਾ, ਰਾਜਨ ! ਤੂੰ ਪੁੰਨ ਨਹੀਂ ਕੀਤਾ। ਇਸ ਕਰਕੇ ਤੇਰਾ ਸਾਰਾ ਧਨ ਚੁਰਾਇਆ ਗਿਆ। ਜੁਹਾਂਕ ਬਾਦਸ਼ਾਹ ਨੂੰ ਸਾਰਾ ਪਤਾ ਲੱਗਾ ਤਾਂ ਉਹ ਆਪਣੀ ਬੇਅੰਤ ਸੈਨਾ ਲੈ ਕੇ ਚੱਲ ਪਿਆ। ਉਸ ਦੀ ਬਾਦਸ਼ਾਹੀ ਖੋਹ ਲਈ ਤੇ ਬਸੰਤ ਕੁਮਾਰੀ ਨਾਲ ਵਿਆਹ ਕਰਾ ਲਿਆ। ਇਸ ਚਰਿੱਤ੍ਰ ਨਾਲ ਉਸ ਇਸਤ੍ਰੀ ਨੇ ਸਾਰਾ ਧਨ ਚੁਰਾ ਲਿਆ। ਇਸ ਵਿਧੀ ਨਾਲ ਕਾਰੂੰ ਨੂੰ ਮਾਰਿਆ ਤੇ ਜੁਹਾਂਕ ਬਾਦਸ਼ਾਹ ਨੂੰ ਆਪਣਾ ਪਤੀ ਬਣਾਇਆ। ਲੋਕ ਅਸਲੀ ਗੱਲ ਸਮਝ ਨਹੀਂ ਸਕੇ।

## ੪੦੩ਵਾਂ ਚਰਿੱਤ੍ਰ : ਸਦਾ ਕੁਮਾਰੀ

ਚਿੰਜੀ ਸ਼ਹਿਰ ਵਿਚ ਚਿੰਗਸ ਸੈਨ ਰਾਜਾ ਸੀ ਤੇ ਗੈਹਰ ਮਤੀ ਉਸ ਦੀ ਰਾਣੀ ਸੀ। ਬਲਵੰਤ ਸਿੰਘ ਇਕ ਸ਼ਾਹ ਸੀ। ਉਸ ਦੀ ਪੁੱਤਰੀ ਦਾ ਨਾਮ ਸਦਾ ਕੁਮਾਰੀ ਸੀ। ਸਦਾ ਕੁਮਾਰੀ ਨੇ ਜਦੋਂ ਰਾਜੇ ਨੂੰ ਵੇਖਿਆ ਤਾਂ ਉਹ ਮੋਹਿਤ ਹੋ ਗਈ। ਸਦਾ ਕੁਮਾਰੀ ਨੇ ਸਾਰੇ ਹਾਵ ਭਾਵ ਕੀਤੇ, ਪਰ ਮੂਰਖ ਰਾਜਾ ਨਾ ਮੰਨਿਆ। ਸ਼ਾਹ ਦੀ ਪੁੱਤਰੀ ਗ਼ੁੱਸੇ ਵਿਚ ਆ ਗਈ। ਸਖੀਆਂ ਨੂੰ ਇਸ਼ਾਰਾ ਕੀਤਾ ਅਤੇ ਉਹਨੇ ਰਾਜੇ ਨੂੰ ਬਾਂਹ ਤੋਂ ਫੜ ਲਿਆ। ਰਾਜੇ ਦੀ ਪੱਗ ਲਾਹ ਦਿੱਤੀ। ਬਸ ਫਿਰ ਰਾਜੇ ਦੀ ਜੁੱਤੀਆਂ ਮਾਰ-ਮਾਰ ਕੇ ਹਨੇਰੀ ਲਿਆ ਦਿੱਤੀ। ਛੁਡਾਉਣ ਵਾਲਾ ਕੋਈ ਨਹੀਂ ਸੀ। ਸ਼ਰਮ ਦੇ ਮਾਰੇ ਨੇ ਹਾਏ ਵੀ ਨਹੀਂ ਕੀਤੀ ਕਿ ਕੋਈ ਸਿਆਣ ਨਾ ਲਵੇ।

## ੪੦੪ਵਾਂ ਚਰਿੱਤ੍ਰ : ਸ਼ਿਵ ਦੇਵੀ

ਰਾਇ ਸਿੰਘ ਰਾਜਾ ਸੀ ਤੇ ਸ਼ਿਵ ਦੇਵੀ ਇਕ ਸਿਆਣੀ ਇਸਤ੍ਰੀ ਸੀ। ਰਾਜਾ ਖ਼ੁਦ ਚਰਿੱਤ੍ਰ ਲਿਖਦਾ ਹੁੰਦਾ ਸੀ ਤੇ ਇਸਤ੍ਰੀਆਂ ਨੂੰ ਸੁਣਾਉਂਦਾ ਸੀ। ਸ਼ਿਵ ਦੇਵੀ ਨੇ ਜਦੋਂ ਸੁਣਿਆ ਤੇ ਹੱਸ ਕੇ ਕਿਹਾ, ਮੈਂ ਵੀ ਇਕ ਚਰਿੱਤ੍ਰ ਕਰਾਂਗੀ। ਇਸ ਨੇ ਚਰਿੱਤ੍ਰ ਕੀਤਾ।

## ੪੦੫ਵਾਂ ਚਰਿੱਤ੍ਰ : ਸ੍ਰੀ ਅਸੁਧਜ

ਇਕ ਸੱਤਸੰਧ ਰਾਜਾ ਸੀ, ਜੋ ਸਤਜੁਗ ਵਿਚ ਹੋਇਆ ਹੈ। ਉਸ ਨੇ ਸਾਰਿਆਂ ਦੈਂਤਾਂ ਨੂੰ ਮਾਰ ਦਿੱਤਾ ਤੇ ਬਹੁਤ ਸਾਲ ਰਾਜ ਕੀਤਾ। ਉਸ ਤੋਂ ਬਾਅਦ ਦੀਰਘ ਦਾੜ੍ਹ ਨਾਮੀ ਦੈਂਤ ਪੈਦਾ ਹੋਇਆ। ਉਸ ਨੇ ਦਸ ਹਜ਼ਾਰ ਖੂਹਣੀ ਸੈਨਾ ਲੈ ਕੇ ਰਾਜੇ 'ਤੇ ਚੜ੍ਹਾਈ ਕੀਤੀ। ਅੱਗੋਂ ਦੇਵਤੇ ਵੀ ਦਸ ਹਜ਼ਾਰ ਖੂਹਣੀ ਸੈਨਾ ਲੈ ਕੇ ਮੁਕਾਬਲਾ ਕਰਨ ਚੱਲ ਪਏ। ਦੋਹਾਂ ਪਾਸਿਓਂ ਲੜਾਈ ਸ਼ੁਰੂ ਹੋ ਗਈ। ਹਾਥੀ, ਘੋੜੇ, ਰੱਥ, ਪੈਦਲ ਸੈਨਾ ਸਾਰੀ ਮਿਲਾ ਕੇ ੨੧੮੭੦੧ (ਦੋ ਲੱਖ ਅਠਾਰਾਂ ਹਜ਼ਾਰ ਸੱਤ ਸੌ ਇਕ) ਖੂਹਣੀ ਸੈਨਾ ਸੀ। ਜੰਗ ਭਿਆਨਕ ਹੋਇਆ, ਲਹੂ ਦੀ ਵੈਤਰਣੀ ਨਦੀ ਚੱਲੀ। ਇਹ ਨਦੀ ਜਮਲੋਕ ਦੇ ਉਤੋਂ ਦੀ ਵਹਿੰਦੀ ਹੈ। ਇਸ ਦੀ ਉੱਤਪਤੀ ਸਤੀ ਦੇ ਵਿਜੋਗ ਵਿਚ ਰੋਂਦੇ ਹੋਏ, ਸ਼ਿਵਜੀ ਦੇ ਹੰਝੂਆਂ ਤੋਂ ਹੋਈ ਲਿਖੀ ਗਈ ਹੈ। ਇਕ ਪਾਸੇ

ਦੇਵਤਿਆਂ ਦਾ ਰਾਜਾ ਸੱਤਸੰਧ ਚੱਲ ਪਿਆ ਤੇ ਦੂਸਰੇ ਪਾਸੇ ਦੀਰਘ ਦੈਂਤ ਗ਼ੁੱਸੇ ਵਿਚ ਆ ਗਿਆ। ਦੋਵੇਂ ਰਾਜੇ ਬੜੇ ਕ੍ਰੋਧ ਨਾਲ ਭਰ ਗਏ। ਐਨੀ ਲੜਾਈ ਹੋਈ ਪਰ ਕੋਈ ਵੀ ਨਾ ਹਾਰਿਆ।

*ਇਹ ਬਿਧਿ ਭਯੋ ਜਬੈ ਸੰਗ੍ਰਾਮਾ॥ ਨਿਕਸੀ ਦਿਨ ਦੂਲਹ ਹ੍ਵੈ ਬਾਮਾ॥*
*ਸਿੰਘ ਬਾਹਨੀ ਧੁਜਾ ਬਿਰਾਜੈ॥ ਜਾਹਿ ਬਿਲੋਕ ਦੈਂਤ ਦਲ ਭਾਜੈ॥ ੩੩੧॥*
*ਮਹਾਂ ਕਾਲ ਪੁਨਿ ਜੀਯ ਮੈਂ ਕੋਪਾ॥ ਧਨੁਖ ਟੰਕੋਰਿ ਬਹੁਰਿ ਰਨ ਰੋਪਾ॥*

ਯਥਾ :—

*ਪੁਨਿ ਰਾਛਸ ਕਾ ਕਾਟਾ ਸੀਸਾ॥ ਸ੍ਰੀ ਅਸਿਕੇਤ ਜਗਤ ਕੇ ਈਸਾ॥*
*ਪੁਹਪਨ ਬ੍ਰਿਸਟਿ ਗਗਨ ਤੇਂ ਭਈ॥ ਸਭਹਿਨ ਆਨਿ ਬਧਾਈ ਦਈ॥ ੩੭੫॥*
*ਧੰਨਜ ਧੰਨਜ ਲੋਗਨ ਕੇ ਰਾਜਾ॥ ਦੁਸ਼ਟਨ ਦਾਹ ਗਰੀਬ ਨਿਵਾਜਾ॥*

ਸਿੱਖ ਰਹਿਤ ਮਰਯਾਦਾ ਦੇ ਪੰਨਾ 29 ਅਨੁਸਾਰ ਅੰਮ੍ਰਿਤ ਤਿਆਰ ਕਰਨ ਸਮੇਂ ਪੜ੍ਹੇ ਜਾਣ ਵਾਲੀ ਇਹ ਚੌਥੀ ਬਾਣੀ ਹੈ ਅਤੇ ਨਿਤਨੇਮ ਵਿਚ ਵੀ ਇਹ ਬਾਣੀ ਪੜ੍ਹੀ ਜਾਂਦੀ ਹੈ।

ਕਬਯੋ ਬਾਚ ਬੇਨਤੀ॥ ਚੌਪਈ॥

*ਹਮਰੀ ਕਰੋ ਹਾਥ ਦੈ ਰੱਛਾ॥* ਤੋਂ ਚੌਪਈ ਸਾਹਿਬ ਸ਼ੁਰੂ ਹੋ ਕੇ :

*ਸੰਬਤ ਸੱਤ੍ਰਹ ਸਹਸ ਭਣਿੱਜੈ॥ ਅਰਧ ਸਹਸ ਫੁਨਿ ਤੀਨਿ ਕਹਿੱਜੈ॥*
*ਭਾਦ੍ਰਵ ਸੁਦੀ ਅਸ਼ਟਮੀ ਰਵਿ ਵਾਰਾ॥ ਤੀਰ ਸਤੁੱਦ੍ਰਵ ਗ੍ਰੰਥ ਸੁਧਾਰਾ॥ ੪੦੫॥*

(ਸ੍ਰੀ ਦਸਮ ਗ੍ਰੰਥ, ਅੰਗ ੧੩੮੮)

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਅਨੁਸਾਰ ਗੁਰੂ ਸਾਹਿਬ ਜੀ ਇਹ ਜਾਣਦੇ ਸਨ ਕਿ ਜੰਗਾਂ ਵਿਚ ਆਚਰਨ ਵੀ ਨੀਵੀਂ ਪੱਧਰ ਨੂੰ ਛੂਹ ਜਾਂਦਾ ਹੈ, ਇਸ ਲਈ ਉਹ ਐਸੀਆਂ ਕਥਾਵਾਂ ਵੀ ਨਾਲ-ਨਾਲ ਲਿਖ ਰਹੇ ਸਨ, ਜਿਸ ਨਾਲ ਆਚਰਨ ਉਸਾਰੀ ਹੁੰਦੀ ਰਹੇ। (ਪੁਸਤਕ ਪੁਰਖ ਭਗਵੰਤ ਪੰਨਾ 83 ਤੇ 84 ਅੰਦਰ) ਅਤੇ ਇਸ ਸਬੰਧ ਵਿਚ ਦਾਸ ਦੀ ਲਿਖੀ ਪੁਸਤਕ ਸ੍ਰੀ ਦਸਮ ਗ੍ਰੰਥ ਬੋਧ ਭਾਗ ਪਹਿਲਾ ਪੰਨਾ 42 ਤੋਂ ਅੱਗੇ ਪੜ੍ਹੋ ਜੀ। ਸਿੱਖਾਂ ਦੀ ਭਗਤ ਮਾਲਾ ਵਿਚ ਸ਼ਹੀਦ ਭਾਈ ਮਨੀ ਸਿੰਘ ਜੀ ਲਿਖਦੇ ਹਨ ਕਿ ਚਰਿੱਤ੍ਰ ਇਸ ਵਾਸਤੇ ਲਿਖੇ ਹਨ ਕਿ ਇਸਤ੍ਰੀਆਂ ਦੇ ਭੋਗਾਂ ਵਿਚ ਮਨ ਨਹੀਂ ਬੰਨ੍ਹਣਾ (ਸਾਖੀ 128 ਪੰਨਾ 264)। ਰਤਨ ਸਿੰਘ ਜੱਗੀ ਜੀ ਲਿਖਦੇ ਹਨ ਕਿ ਸਿੱਖ ਭਾਈਚਾਰੇ ਨੂੰ ਕੁਮਾਰਗ ਉੱਤੇ ਕਦਮ ਵਧਾਉਣ ਤੋਂ ਸੁਚੇਤ ਕਰਨਾ। (ਸਿੱਖ ਪੰਥ ਵਿਸ਼ਵ ਕੋਸ਼ ਭਾਗ ਦੂਜਾ ਪੰਨਾ 936) ਚਰਿਤ੍ਰਾਂ ਵਿਚ 211 ਰਾਜਿਆਂ ਦੇ ਨਾਮ ਹਨ, ਚੰਗੇ ਜੀਵਨ ਵਾਲੇ ਥੋੜ੍ਹੇ ਸਨ ਪਰ ਵਿਕਾਰਾਂ ਵਿਚ ਖਚਤ ਬਹੁਤੇ ਸਨ। 145 ਰਾਣੀਆਂ ਦੇ ਨਾਮ ਆਏ ਹਨ, ਪਰ 15 ਰਾਣੀਆਂ ਦਾ ਸੂਰਮਤਾਈ ਦੱਸੀ ਹੈ ਅਤੇ 21 ਹੋਰ ਇਸਤ੍ਰੀਆਂ ਦੀ ਸੂਰਮਤਾਈ ਦੱਸੀ ਹੈ। ਕ੍ਰਿਸ਼ਨ ਰਾਧਾ, ਹੀਰ ਰਾਂਝਾ ਆਦਿਕ 25 ਚਰਿਤ੍ਰਾਂ 'ਚ ਤੇ ਜੋਗੀਆਂ ਨਾਲ ਸਬੰਧਤ 17 ਚਰਿੱਤ੍ਰ

ਤੇ ਕਾਜ਼ੀ ਮੁਲਾ ਪੀਰਾਂ ਨਾਲ ਸਬੰਧਤ 12 ਚਰਿਤ੍ਰ ਅਤੇ ਪਖੰਡੀ ਸਾਧਾ ਸੰਤਾਂ ਬ੍ਰਾਹਮਣਾਂ ਤੇ ਪੂਜਾਰੀਆਂ ਨਾਲ ਸਬੰਧਿਤ 11 ਚਰਿਤ੍ਰ ਹਨ।

ਇਥੇ ਚਰਿੱਤ੍ਰ ਸਾਰੇ ਸੰਪੂਰਨ ਹੋਏ ਹਨ।

ਜ਼ਫ਼ਰਨਾਮਾ ੧੩੮੯ ਤੋਂ ੧੪੨੮ ਅੰਗ ਤੱਕ ਜ਼ਫ਼ਰਨਾਮਾ ਬਾਰ੍ਹਵੀਂ ਹਕਾਯਤ ਤੱਕ ਅੰਕਿਤ ਹੈ।

*ੴ ਹੁਕਮ ਸੱਤਿ॥ ਸ੍ਰੀ ਵਾਹਗੁਰੂ ਜੀ ਕੀ ਫਤਹ॥*

*ਜ਼ਫ਼ਰਨਾਮਹ ਸ੍ਰੀ ਮੁਖਵਾਕ ਪਾਤਿਸ਼ਾਹੀ ੧੦॥*

*ਕਮਾਲੇ ਕਰਾਮਾਤ ਕਾਇਮ ਕਰੀਮ॥ ਰਜ਼ਾ ਬਖ਼ਸ਼ ਰਾਜ਼ਿਕ ਰਿਹਾਕੁਨ ਰਹੀਮ॥੧॥*

(ਸ੍ਰੀ ਦਸਮ ਗ੍ਰੰਥ, ਅੰਗ ੧੩੮੯)

ਇਸ ਪਹਿਲੀ ਪਉੜੀ ਤੋਂ ਜ਼ਫ਼ਰਨਾਮਾ ਸ਼ੁਰੂ ਹੋ ਕੇ ਅਖ਼ੀਰਲੀ ਹਿਕਾਇਤ ਦੀ ਸਮਾਪਤੀ ਦੀ ਪਉੜੀ ਇਥੇ ਸਮਾਪਤ ਹੁੰਦੀ ਹੈ :

*ਲਬਾ ਲਬ ਬਕੁਨ ਦਮ ਬਦੱਮ ਨੋਸ਼ ਕੁਨ॥*

*ਗ਼ਮੇ ਹਰ ਦੁ ਆਲਮ ਫ਼ਰਾਮੋਸ਼ ਕੁਨ॥ ੨੧॥*

(ਸ੍ਰੀ ਦਸਮ ਗ੍ਰੰਥ, ਅੰਗ ੧੪੨੮)

ਇਸ ਸਬੰਧ ਵਿਚ ਪੜ੍ਹੋ ਦਾਸ ਦੀ ਲਿਖੀ ਪੁਸਤਕ (ਸ੍ਰੀ ਦਸਮ ਗ੍ਰੰਥ ਬੋਧ ਭਾਗ ਪਹਿਲਾ ਪੰਨਾ 170 'ਤੇ)

ਇਸ ਤੋਂ ਅੱਗੇ ਕੁਝ ਸਰੂਪਾਂ ਵਿਚ ਅਸਫੋਟਕ ਕਬਿੱਤ ਸਵੈਯੇ ਅਤੇ 'ਲੱਖੀ ਜੰਗਲ ਖ਼ਾਲਸਾ ਮੁਖਵਾਕ ਪਾ: ੧੦ ਸਿਰਲੇਖ ਹੇਠ ਦਰਜ ਹੈ ਤੇ ਨਾਲ ਹੀ ਅਖ਼ੀਰ ਵਿਚ ਸ੍ਰੀ ਮੁਖਵਾਕ ਪਾ: ੧੦ ਸਿਰਲੇਖ ਹੇਠ ਸਿੱਖੀ ਰਹਿਤ ਦੇ ਸੰਬੰਧ ਵਿਚ ਇਹ ਸ਼ਬਦ ਦਰਜ ਹੈ :

*ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥*

*ਸ੍ਰੀ ਮੁਖਵਾਕ ਪਾਤਿਸ਼ਾਹੀ ੧੦॥*

*ਨਿਸ਼ਾਨੇ ਸਿਖੀ ਈਂ ਹਰੂਫ ਪੰਜ ਕਾਫ॥ ਹਰਗਿਜ਼ ਨ ਬਾਸ਼ਦ ਈਂ ਪੰਜ ਮੁਆਫ਼॥ ੧॥*

*ਕੜਾ ਕਾਰਦੋ ਕੱਛ ਕੰਘਾ ਬਿਦਾਂ॥ ਬਿਲਾ ਕੇਸ ਹੇਚ ਅਸਤ ਜੁਮਲਹ ਨਿਸ਼ਾਂ॥ ੨॥*

*ਹਰਫ ਹਾਇ ਕਾਤ ਅਸਤ ਈਂ ਪੰਜ ਕਾਫ਼॥ ਬਿ ਦਾਨੰਦ ਬਾਵਰ ਨ ਗੋਯਮ ਖਿਲਾਫ਼॥ ੩॥*

*ਹੁੱਕਾ ਹਜਾਮਤ ਹਲਾਲੋਂ ਹਰਾਮ॥ ਬਾਚੀਜ਼ੇ ਹਿਨਾਂ ਕਰਦ ਰੂ ਸਜਾਹ ਫ਼ਾਮ॥ ੪॥ ੧॥*

(ਇਸ ਸਬੰਧ ਵਿਚ ਗੁਰਬਾਣੀ ਪਾਠ ਦਰਸ਼ਨ ਪੜ੍ਹੋ ਪੰਨਾ ੬੧-੬੨)

ਨੋਟ :– ਦਸਮ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦੋ ਤਰ੍ਹਾਂ ਦੇ ਹਨ। ਇਕ ਸਰੂਪ ਦੀ ਸਮਾਪਤੀ ਹਿਕਾਇਤਾਂ 'ਤੇ ਹੁੰਦੀ ਹੈ ਅਤੇ ਦੂਸਰੇ ਸਰੂਪ ਦੀ ਸਮਾਪਤੀ *ਨਿਸ਼ਾਨੇ ਸਿੱਖੀ ਹਰੂਫਈ ਪੰਜ ਅਸਤ ਕਾਫ॥'* ਦੀ ਅਖ਼ੀਰਲੀ ਪੰਗਤੀ :

*ਹੁਕਾ ਹਜਾਮਤ ਹਲਾਲੋਂ ਹਰਾਮ॥*
*ਬਾਚੀਸ਼ੇ ਹਿਨਾਂ ਕਰਦ ਰੁ ਸਿਯਾ ਫ਼ਾਮ॥ ੪॥*

'ਤੇ ਸਮਾਪਤੀ ਹੁੰਦੀ ਹੈ।

*"ਵੀਹ ਪੁਸਤਕ ਫਿਰ ਕਰਿ ਇਕ ਠੌਰੈ।*
*ਵੀਹ ਮਨੀ ਸਿੰਘ ਬਾਂਧੀ ਗੌਰੈ॥ ੭੯॥..*
*ਤਾਂਕਾ ਭੋਗ ਹਕਾਯਤ ਪਰ ਹੈ।*
*ਜਾਨਤ ਸਿਖ ਗੁਰੂ ਕੇ ਬਰ ਹੈ।*
*ਯਾਂਤੇ ਦੀਪ ਸਿੰਘ ਸਹੀਦੈ।*
*ਦੁਤੀ ਬੀੜ ਪੁਨ ਰਚੀ ਮਹੀਦੈ।*
*ਅਠਾਰਾਂ ਸੌ ਚਾਰ ਮਝਾਰੇ।*
*ਅੰਤ ਕਬਿੱਤ ਸਵੱਟਕ ਧਾਰੇ॥ ੮੨॥*

(ਸ੍ਰੀ ਗੁਰੂ ਪੰਥ ਪ੍ਰਕਾਸ਼ ਪੂਰਬਾਰਧ ਬਿਸਰਾਮ ੬੮)

ਤੀਸਰੀ ਬੀੜ ਦੇ ਸੰਪਾਦਕ ਭਾਈ ਸੁੱਖਾ ਸਿੰਘ ਜੀ ਪਟਨਾ ਸਾਹਿਬ ਵਾਲੇ ਦੱਸੇ ਗਏ ਹਨ। ਸਿੱਖ ਰਹਿਤ ਮਰਯਾਦਾ ਦੇ ਪੰਨਾ 9 ਅਤੇ 10 ਅਨੁਸਾਰ ਗੁਰਸਿੱਖਾਂ ਦੀਆਂ ਨਿਤਨੇਮ ਸਮੇਂ ਪੜ੍ਹਨ ਵਾਲੀਆਂ ਬਾਣੀਆਂ ਦਸਮ ਗ੍ਰੰਥ ਵਿਚ ਇਸ ਪ੍ਰਕਾਰ ਹਨ, ਜਾਪੁ ਸਾਹਿਬ ਦਸਮ ਗ੍ਰੰਥ ਦੀ ਪਹਿਲੀ ਬਾਣੀ ਹੈ ਤੇ ੧੦ ਸਵੱਈਏ (ਸ੍ਰਾਵਗ ਸੁਧ ਵਾਲੇ) ਅਕਾਲ ਉਸਤਤਿ ਵਿਚ ਹਨ, ਚੌਪਈ ਸਾਹਿਬ ਚਰਿੱਤ੍ਰਾਂ ਦੇ ਅਖੀਰ ਵਿਚ ਦਸਮ ਗ੍ਰੰਥ ਸਾਹਿਬ ਦੇ ਅੰਗ 1388 'ਤੇ ਅੰਕਿਤ ਹੈ ਅਤੇ ਸਵੱਈਆ (ਪਾਂਇ ਜਹੇ ਜਬ ਤੇ ਤੁਮਰੇ) ਅਤੇ ਦੋਹਰਾ (ਸਗਲ ਦੁਆਰ ਕਉ ਛਾਡਿ ਕੈ) ਵਾਲਾ ਰਾਮਾ ਅਵਤਾਰ ਵਿਚ ਦਸਮ ਗ੍ਰੰਥ ਦੇ ਅੰਗ 254 'ਤੇ ਅੰਕਿਤ ਹੈ ਤੇ ਅਰਦਾਸ ਦੀ ਪਹਿਲੀ ਪਉੜੀ 119 ਅੰਗ 'ਤੇ ਅੰਕਿਤ ਹੈ, ਜੋ ਚੰਡੀ ਦੀ ਵਾਰ ਦੇ ਸ਼ੁਰੂ ਵਿਚ ਹੈ।

❑